Microeconomic Theory

DECO401

LOVELY
PROFESSIONAL
UNIVERSITY

LOVELY PROFESSIONAL UNIVERSITY

ਵਿਅਸ਼ਟੀ ਅਰਥਸ਼ਾਸਤਰ ਦੇ ਸਿਧਾਂਤ
MICROECONOMIC THEORY

Copyright © 2015 Laxmi Publications (P) Ltd.
All rights reserved

Produced & Printed by
LAXMI PUBLICATIONS (P) LTD.
113, Golden House, Daryaganj,
New Delhi-110002
for
Lovely Professional University
Phagwara

DLP-7838-348-MICRO ECONO THEO-PUNJABI
Typeset at : M2W Media, Delhi

C –
Printed at :

ਇਕਾਈ (Units)	ਵਿਸ਼ਾ-ਵਸਤੂ (CONTENTS)	ਪੱਨਾਂ ਨੱਬਰ (Page No.)

1.	ਵਿਅਸ਼ਟੀ ਅਰਥ ਸ਼ਾਸਤਰ ਦੀ ਪ੍ਰਸਤਾਵਨਾ (Introduction to Micro Economics)	1
2.	ਸੰਤੁਲਨ ਦੀ ਧਾਰਨਾ (The Concept of Equilibrium)	13
3.	ਉਪਭੋਗਤਾ ਸਿਧਾਂਤ-ਗਣਨਾਵਾਚਕ ਉਪਯੋਗਤਾ ਵਿਸ਼ਲੇਸ਼ਣ (Consumer Theory—Cardinal Utility Analysis)	27
4.	ਕ੍ਰਮਵਾਚਕ ਉਪਯੋਗਿਕ ਸਿਧਾਂਤ : ਤਟਸਥਤਾ ਜਾਂ ਅਨਾਧਿਮਾਨ ਵਕ੍ਰ ਦ੍ਰਿਸ਼ਟੀਕੋਣ (Ordinal Utility Theory : Indifference Curve Approach)	49
5.	ਮੰਗ ਦਾ ਪ੍ਰਗਟਾਵਾ (ਉਦਘਾਟਨ) ਅਧਿਮਾਨ ਸਿਧਾਂਤ (The Revealed Preference Theory of Demand)	100
6.	ਮੰਗ ਅਤੇ ਮੰਗ ਦੀ ਲੋਚ ਦੇ ਸਿਧਾਂਤ (Theory of Demand and Elasticity of Demand)	113
7.	ਮੰਗ ਸਿਧਾਂਤ ਵਿੱਚ ਨੂਤਨ ਵਿਕਾਸ (Recent Developments in Demand Theory)	155
8.	ਉਤਪਾਦਨ ਫਲਨ ਅਤੇ ਉਤਪਾਦਨ ਦੇ ਨਿਯਮ (Production Function and Law of Production)	177
9.	ਲਾਗਤਾਂ ਅਤੇ ਆਗਮ ਦੇ ਸਿਧਾਂਤ (Theory of Costs and Revenue)	201
10.	ਸਮ-ਉਤਪਾਦ ਵਕ੍ਰ (Isoquant Curve)	237
11.	ਆਮਦਨ ਜਾਂ ਆਗਮ ਦੀਆਂ ਧਾਰਨਾਵਾਂ (Concepts of Revenue)	261
12.	ਪੂਰਨ ਪ੍ਰਤੀਯੋਗਤਾ ਦੇ ਅਧੀਨ ਕੀਮਤ-ਨਿਰਧਾਰਣ (Pricing Under Perfect Competition)	278
13.	ਏਕਾਧਿਕਾਰੀ ਫਰਮ ਦਾ ਸਿਧਾਂਤ (Theory of Monopoly Firm)	290
14.	ਏਕਾਧਿਕਾਰੀ ਪ੍ਰਤੀਯੋਗਤਾ ਦਾ ਸਿਧਾਂਤ (Theory of Monopolistic Competition)	312
15.	ਘੱਟ ਅਧਿਕਾਰ ਦੇ ਸਿਧਾਂਤ (Theory of Oligopoly)	325
16.	ਦੂਹਰਾ ਅਧਿਕਾਰ ਅਤੇ ਘੱਟ ਅਧਿਕਾਰ : ਕੂਰਨੋ ਮਾਡਲ ਅਤੇ ਕਿੰਕਿਤ ਮੰਗ ਵਕ੍ਰ (Duopoly and Oligopoly : Cournot Model and Kinked Demand Curve)	333
17.	ਬੇਨ ਦਾ ਸੀਮਾ ਕੀਮਤ ਨਿਰਧਾਰਣ ਸਿਧਾਂਤ (Bain's Limit Pricing Theory)	343
18.	ਪੂਰੀ ਲਾਗਤ ਕੀਮਤ ਨਿਰਧਾਰਣ ਅਤੇ ਲਾਭ ਜ਼ਿਆਦਾ ਕਰਨ ਦਾ ਸਿਧਾਂਤ (Profit Maximisation and Full Cost Pricing Theories)	352
19.	ਫਰਮ ਦੇ ਵਿਵਹਾਰ-ਸਬੰਧੀ ਅਤੇ ਪ੍ਰਬੰਧਕੀ ਸਿਧਾਂਤ (Behavioural and Managerial Theories of the Firm)	363
20.	ਵੰਡ ਦੇ ਸਮਸ਼ਟੀਗਤ ਆਰਥਿਕ ਸਿਧਾਂਤ (Macro Economic Theories of Distribution)	377
21.	ਰਿਕਾਰਡੋ, ਮਾਰਕਸ ਅਤੇ ਵੈਲਕੀ ਦਾ ਸਮਸ਼ਟੀਗਤ ਸਿਧਾਂਤ (Macro Theories of Recardo, Marx and Kailki)	383
22.	ਪਰੇਟੀਅਨ ਇਸ਼ਟਤਮ ਦੀਆਂ ਸੀਮਾਂਤ ਦਸ਼ਾਵਾਂ (Marginal Conditions of Paretian Optimum)	389
23.	ਬਾਜ਼ਾਰ ਅਸਫਲਤਾ : ਅਰਥ ਅਤੇ ਸਰੋਤ (Market Failure : Meaning and Sources)	400
24.	ਪੀਗੂ ਦਾ ਕਲਿਆਣ ਅਰਥ ਸ਼ਾਸਤਰ ਅਤੇ ਬਹਿਰਭਾਵ (Pigovian Welfare Economics and Externalities)	415
25.	ਸਮਾਜ ਕਲਿਆਣ ਫਲਨ (The Social Welfare Function)	427
26.	ਸਧਾਰਣ ਸੰਤੁਲਨ ਸਿਧਾਂਤ (General Equilibrium Theory)	432
27.	ਉਤਪਾਦਨ ਬਨਾਮ ਉਪਭੋਗ (Production Versus Consumption)	448
28.	ਖਤਰਾ ਅਤੇ ਅਨਿਸ਼ਚਿਤਤਾ ਦਾ ਅਰਥ ਸ਼ਾਸਤਰ (Economics of Risk and Uncertainty)	452
29.	ਬੀਮਾ ਚੋਣ ਅਤੇ ਖਤਰਾ (Insurance Choice and Risk)	465
30.	ਸੂਚਨਾ ਦਾ ਅਰਥ ਸ਼ਾਸਤਰ (Economics of Information)	480

ਪਾਠਕ੍ਰਮ
(SYLLABUS)

ਵਿਅਸ਼ਟੀ ਅਰਥਸ਼ਾਸਤਰ ਦੇ ਸਿਧਾਂਤ
(Microeconomic Theory)

ਉਦੇਸ਼

- ਇਸ ਵਿਸ਼ੇ ਦਾ ਮੂਲ ਉਦੇਸ਼ ਵਿਸ਼ੇਸ਼ ਅਰਥ ਸ਼ਾਸਤਰ ਦੇ ਸਿਧਾਂਤ ਦੀ ਅਧਾਰਭੂਤ ਰਚਨਾ ਨਾਲ ਵਿਦਿਆਰਥੀਆਂ ਨੂੰ ਜਾਣੂ ਕਰਾਉਣਾ ਹੈ। ਇਹ ਕੋਰਸ ਵਿਦਿਆਰਥੀਆਂ ਨੂੰ ਠੀਕ ਉਪਕਰਨਾਂ ਦਾ ਇਸਤੇਮਾਲ ਕਰਦੇ ਹੋਏ ਸਮੱਸਿਆ ਵਿਸ਼ਲੇਸ਼ਣ ਦੇ ਯੋਗ ਬਣਾਏਗਾ ਅਤੇ ਇਸ ਦਾ ਅਧਿਐਨ ਵਿਅਸ਼ਟੀ ਅਰਥ ਸ਼ਾਸਤਰ ਦੇ ਵਿਕਾਸ ਦੇ ਸਬੰਧ ਵਿੱਚ ਪ੍ਰਬੰਧਕੀ ਫੈਸਲਾ ਲੈਣ ਵਿੱਚ ਵਿਦਿਆਰਥੀਆਂ ਨੂੰ ਯੋਗ ਬਣਾਏਗਾ।

Objectives

- The objective of this course is to acquaint students with the basic structure of Microeconomic Theory. The course will enable students to analyse problems in the key areas using appropriate tools. This will equip the students to take managerial decision in context of microeconomic developments.

Sr. No.	Topic
1	Introduction to Microeconomics, Partial vs. General Equilibrium analysis, Cardinal Utility theory, Ordinal Utility Analysis, Revealed Preference theory
2	Indifference curve analysis, Theory of Demand and elasticity of demand, Recent Developments in theory of Demand
3	**Producer Behaviour:** Theory of Production, Theory of Cost and Revenue, Production Economics, Traditional and Modern theories of costs: Derivation of Cost functions from Production functions
4	**Price and Output Determination – I:** Perfect Competition, **Price and Output Determination – II** Imperfect Competition- Monopoly, Monopolistic Competition
5	**Theories of Oligopoly**: Definition and nature, Cournot Model , Kinked Demand Curve
6	Bain's Limit Pricing theory, Marginalism and Average Cost Pricing theory, Baumol's Sales Maximization hypothesis.
7	**Distribution:** Classical Theories: Ricardo, Marxian, Macro Theories: Ricardian, Marxian, Kalecki's theories
8	**Welfare Economics:** Pareto Optimality conditions in Production, Consumption and Exchange, Market Failure due to externalities in Production, Pigou's solution to taxes and services, Social Welfare Function
9	**General Equilibrium:** Partial and General Equilibrium Approaches, Production without Consumption
10	**Economics of Uncertainty:** Choice in Uncertain Situations, Insurance Choice and Risk, Economics of Information

ਨੋਟ

ਇਕਾਈ–1: ਵਿਅਸ਼ਟੀ ਅਰਥ ਸ਼ਾਸਤਰ ਦੀ ਪ੍ਰਸਤਾਵਨਾ (Introduction to Micro Economics)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

1.1 ਵਿਅਸ਼ਟੀ ਅਰਥ ਸ਼ਾਸਤਰ (Micro Economics)

1.2 ਸਮਸ਼ਟੀ ਅਰਥ ਸ਼ਾਸਤਰ (Macro Economics)

1.3 ਵਿਅਸ਼ਟੀ ਅਰਥਸ਼ਾਸਤਰ ਅਤੇ ਸਮਸ਼ਟੀ ਅਰਥ ਸ਼ਾਸਤਰ ਵਿੱਚ ਫਰਕ (Distinction Between Micro Economics and Macro Economics)

1.4 ਦੋਨਾਂ ਮਾਰਗਾਂ ਦੇ ਪ੍ਰਸਪਰ ਸਬੰਧ ਅਤੇ ਸਮਾਕਲਨ ਦੀਆਂ ਸਮੱਸਿਆਵਾਂ (Problems of Interrelation and Integration of the Two Approaches)

1.5 ਸਾਰਾਂਸ਼ (Summary)

1.6 ਸ਼ਬਦਕੋਸ਼ (Keywords)

1.7 ਅਭਿਆਸਪ੍ਰਸ਼ਨ (Review Questions)

1.8 ਸਬੰਧਿਤ ਪੁਸਤਕਾਂ (Further Readings)

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਵਿਅਸ਼ਟੀ ਅਰਥ ਸ਼ਾਸਤਰ ਜਾਨਣ ਸਬੰਧੀ।
- ਸਮਿੱਸ਼ਟੀ ਅਰਥ ਸ਼ਾਸਤਰ ਜਾਨਣ ਸਬੰਧੀ।
- ਵਿਸ਼ੇਸ਼ ਅਰਥ ਸ਼ਾਸਤਰ ਦਾ ਮਹੱਤਵ ਜਾਨਣ ਸਬੰਧੀ
- ਸਮਿੱਸ਼ਟੀ ਅਤੇ ਵਿਸ਼ੇਸ਼ ਦੇ ਸਮਾਕਲਨ ਦੀਆਂ ਸਮੱਸਿਆਵਾਂ ਜਾਨਣ ਸਬੰਧੀ।

ਪ੍ਰਸਤਾਵਨਾ (Introduction)

ਵਿਅਸ਼ਟੀ ਅਰਥ ਸ਼ਾਸਤਰ ਅਤੇ ਸਮਿੱਸ਼ਟੀ ਅਰਥ ਸ਼ਾਸਤਰ ਆਰਥਿਕ ਸਮੱਸਿਆਵਾਂ ਅਤੇ ਵਿਸ਼ਲੇਸ਼ਣ ਦੇ ਦੋ ਰਾਸਤੇ ਹਨ। ਪਹਿਲੇ ਦਾ ਸਬੰਧ ਵਿਅਕਤੀਗਤ ਆਰਥਿਕ ਇਕਾਈਆਂ ਦੇ ਅਧਿਐਨ ਨਾਲ ਹੈ, ਜਦੋਂ ਕਿ ਦੂਸਰੇ ਦਾ ਸਾਰੀ ਅਰਥ ਵਿਵਸਥਾ ਦੇ ਅਧਿਐਨ ਨਾਲ। ਰੇਗਨਰ ਫਰਿਸ਼ (Ragner Frisch) ਪਹਿਲਾ ਵਿਅਕਤੀ ਸੀ ਜਿਸ ਨੇ 1933 ਵਿੱਚ ਅਰਥ ਸ਼ਾਸਤਰ ਵਿੱਚ ਵਿਅਸ਼ਟੀ ਅਤੇ ਸਮਿੱਸ਼ਟੀ ਸ਼ਬਦਾਂ ਦਾ ਇਸਤੇਮਾਲ ਕੀਤਾ ਸੀ।

ਉਦਾਹਰਣ ਵਿਅਸ਼ਟੀ ਅਰਥ ਸ਼ਾਸਤਰ ਵਿੱਚ ਅਸੀਂ ਵਿਅਕਤੀਗਤ ਪਰਿਵਾਰਾਂ, ਵਿਅਕਤੀਗਤ ਫਰਮਾਂ ਅਤੇ ਵਿਅਕਤੀਗਤ ਉਦਯੋਗਾਂ ਦੇ ਇਕ–ਦੂਸਰੇ ਦੇ ਨਾਲ ਪ੍ਰਸਪਰ ਸਬੰਧ ਦਾ ਅਧਿਐਨ ਕਰਦੇ ਹਨ।

ਨੋਟ

1.1 ਵਿਅਸ਼ਟੀ ਅਰਥ ਸ਼ਾਸਤਰ (Micro Economics)

ਇਸ ਦਾ ਅਰਥ (Its' Meaning)

ਵਿਅਕਤੀਆਂ ਅਤੇ ਵਿਅਕਤੀਆਂ ਦੇ ਛੋਟੇ ਗਰੁੱਪਾਂ ਦੀ ਆਰਥਿਕ ਕਿਰਿਆਵਾਂ ਦਾ ਅਧਿਐਨ ਅਰਥ ਸ਼ਾਸਤਰ ਹੈ। ਪ੍ਰੋਫੈਸਰ **ਬੋਲਡਿੰਗ** (Boulding) ਦੇ ਅਨੁਸਾਰ, ''ਇਸ ਵਿੱਚ ਵਿਸ਼ੇਸ਼ ਫਰਮਾਂ, ਵਿਸ਼ੇਸ਼ ਪਰਿਵਾਰਾਂ, ਵਿਅਕਤੀਗਤ ਕੀਮਤਾਂ, ਮਜ਼ਦੂਰੀ, ਆਮਦਨ, ਵਿਅਕਤੀਗਤ ਉਦਯੋਗਾਂ ਅਤੇ ਵਿਸ਼ੇਸ਼ ਵਸਤੂਆਂ ਦਾ ਅਧਿਐਨ'' ਸ਼ਾਮਿਲ ਹੈ। ਕੀਮਤ ਨਿਰਧਾਰਣ ਦੇ ਵਿਸ਼ਲੇਸ਼ਣ ਅਤੇ ਵਿਸ਼ੇਸ਼ ਪ੍ਰਯੋਗਾਂ ਵਿੱਚ ਸਾਧਨਾਂ ਦੇ ਵੰਡ ਨਾਲ ਇਹ ਆਪਣਾ ਸਬੰਧ ਰੱਖਦਾ ਹੈ। ਵਿਅਸ਼ਟੀ ਅਰਥ ਸ਼ਾਸਤਰ ਦੇ ਖੇਤਰਾਂ ਵਿੱਚੋਂ ਕੁਝ ਇਹ ਹਨ-ਫਰਮ ਜਾਂ ਉਦਯੋਗ ਦੇ ਸੰਤੁਲਨ ਉਤਪਾਦਨ ਦਾ ਨਿਰਧਾਰਣ, ਇਕ ਵਿਸ਼ੇਸ਼ ਤਰ੍ਹਾਂ ਦੀ ਮਿਹਨਤ ਦੀ ਮਜ਼ਦੂਰੀ ਦਰ, ਅਤੇ ਚਾਵਲ, ਚਾਹ ਜਾਂ ਕਾਰ ਵਰਗੀ ਕਿਸੇ ਵਿਸ਼ੇਸ਼ ਵਸਤੂ ਦੀ ਕੀਮਤ ਦਾ ਨਿਰਧਾਰਣ। ਏਕਲੇ (Ackley) ਦੇ ਅਨੁਸਾਰ, ''ਵਿਅਸ਼ਟੀ ਅਰਥ ਸ਼ਾਸਤਰ ਉਦਯੋਗਾਂ, ਵਸਤੂਆਂ ਅਤੇ ਫਰਮਾਂ ਵਿੱਚ ਕੁਲ ਉਤਪਾਦਨ ਦੀ ਵੰਡ ਅਤੇ ਪ੍ਰਤੀਯੋਗੀ ਗਰੁੱਪਾਂ ਦੇ ਵਿੱਚ ਸਾਧਨਾਂ ਦੇ ਵੰਡ ਨਾਲ ਸਬੰਧ ਰੱਖਦਾ ਹੈ। ਇਸ ਦੀ ਰੁਚੀ ਵਿਸ਼ੇਸ਼ ਵਸਤੂਆਂ ਅਤੇ ਸੇਵਾਵਾਂ ਦੀ ਸਪੇਕਸ਼ਿਤ ਕੀਮਤਾਂ ਨਾਲ ਹੈ।''

ਆਲ ਵਿੱਚ ਜਿਵੇਂ ਕਿ ਮਾਰਿਸ ਡੱਬ (Maurice Dobb) ਨੇ ਕਿਹਾ ਹੈ ਕਿ ਵਿਅਸ਼ਟੀ ਅਰਥ ਸ਼ਾਸਤਰ ਅਰਥ ਵਿਵਸਥਾ ਦਾ ਸੂਖਮ (Microscopic) ਅਧਿਐਨ ਹੈ। ਇਹ ਇਕ ਤਰ੍ਹਾਂ ਨਾਲ ਸੂਖਮਦਰਸ਼ਕ (Microscope) ਨਾਲ ਅਰਥਵਿਵਸਥਾ ਨੂੰ ਦੇਖਣ ਦੇ ਬਰਾਬਰ ਹੈ ਤਾਂ ਕਿ ਵਿਅਕਤੀਗਤ ਵਸਤੂਆਂ ਦੀਆਂ ਮਾਰਕੀਟਾਂ ਅਤੇ ਵਿਅਕਤੀਗਤ ਉਪਭੋਗਤਾਵਾਂ ਅਤੇ ਉਤਪਾਦਕਾਂ ਦੀ ਕਿਰਿਆਸ਼ੀਲਤਾ ਨੂੰ ਜਾਣਿਆ ਜਾ ਸਕਦਾ ਹੈ। ਦੂਸਰੇ ਸ਼ਬਦਾਂ ਵਿੱਚ ਵਿਅਸ਼ਟੀ ਅਰਥ ਸ਼ਾਸਤਰ ਵਿੱਚ ਸਾਨੂੰ ਵਿਅਕਤੀਗਤ ਪਰਿਵਾਰਾਂ, ਵਿਅਕਤੀਗਤ ਫਰਮਾਂ ਅਤੇ ਵਿਅਕਤੀਗਤ ਉਦਯੋਗਾਂ ਦੇ ਇਕ-ਦੂਸਰੇ ਦੇ ਨਾਲ ਪ੍ਰਸਪਰ ਸਬੰਧ ਦਾ ਅਧਿਐਨ ਕਰਦੇ ਹਨ। ਇਸ ਦ੍ਰਿਸ਼ਟੀਕੋਣ ਨਾਲ ਵਿਅਸ਼ਟੀ ਅਰਥ ਸ਼ਾਸਤਰ ਸਮੂਹਾਂ (aggregates) ਦਾ ਅਧਿਐਨ ਹੈ।

ਇਸ ਦਾ ਖੇਤਰ (Its Scope)

''ਕੀਮਤ ਅਤੇ ਮੂਲ ਸਿਧਾਂਤ, ਪਰਿਵਾਰ, ਫਰਮ ਅਤੇ ਉਦਯੋਗ ਦਾ ਸਿਧਾਂਤ, ਜ਼ਿਆਦਾਤਰ ਉਤਪਾਦਨ ਅਤੇ ਕਲਿਆਣ ਸਿਧਾਂਤ ਵਿਅਸ਼ਟੀ ਅਰਥ ਸ਼ਾਸਤਰ ਦੀਆਂ ਕਿਸਮਾਂ ਹਨ।'' ਵਿਅਸ਼ਟੀ ਅਰਥ ਸ਼ਾਸਤਰ ਇਹ ਅਧਿਐਨ ਕਰਦਾ ਹੈ ਕਿ -(1) ਵਿਸ਼ੇਸ਼ ਵਸਤੂਆਂ ਅਤੇ ਸੇਵਾਵਾਂ ਦੇ ਉਤਪਾਦਨ ਵਿੱਚ ਸਾਧਨਾਂ ਦਾ ਵੰਡ ਕਿਸ ਤਰ੍ਹਾਂ ਹੁੰਦਾ ਹੈ। (2) ਇਨ੍ਹਾਂ ਵਸਤੂਆਂ ਅਤੇ ਸੇਵਾਵਾਂ ਦਾ ਲੋਕਾਂ ਵਿੱਚ ਕਿਹੋ ਜਿਹੀ ਵੰਡ ਕੀਤੀ ਜਾਂਦੀ ਹੈ, ਅਤੇ (3) ਉਹ ਕਿੰਨੀ ਦਖਸ਼ਤਾ ਦੇ ਨਾਲ ਵੰਡ ਕੀਤੇ ਜਾਂਦੇ ਹਨ। ਇਕ ਵਸਤੂ ਦੀ ਕੀਮਤ ਦੇ ਨਿਰਧਾਰਣ ਦੀਆਂ ਸਥਿਤੀਆਂ ਦਾ ਅਧਿਐਨ ਕਰਦੇ ਸਮੇਂ, ਵਿਅਸ਼ਟੀ ਅਰਥ ਸ਼ਾਸਤਰ ਸਾਧਨਾਂ ਦੀ ਕੁੱਲ ਮਾਤਰਾ ਦਿੱਤੀ ਹੋਈ ਮਾਨਤਾ ਹੈ ਅਤੇ ਉਸ ਵਸਤੂ ਤੋਂ ਉਤਪਾਦਨ ਦੇ ਲਈ ਉਨ੍ਹਾਂ ਸਾਧਨਾਂ ਦੀ ਵੰਡ ਦੀ ਵਿਆਖਿਆ ਕਰਨ ਦਾ ਯਤਨ ਕਰਦਾ ਹੈ। ਇਕ ਵਿਸ਼ੇਸ਼ ਵਸਤੂ ਦੇ ਲਈ ਸਾਧਨਾਂ ਦੀ ਵੰਡ, ਹੋਰ ਵਸਤੂਆਂ ਦੀਆਂ ਕੀਮਤਾ ਅਤੇ ਉਨ੍ਹਾਂ ਦਾ ਉਤਪਾਦਨ ਕਰਨ ਵਾਲੇ ਸਾਧਨਾਂ ਦੀਆਂ ਕੀਮਤਾਂ 'ਤੇ ਨਿਰਭਰ ਕਰਦਾ ਹੈ। ਦੂਸਰੇ ਸ਼ਬਦਾਂ ਵਿੱਚ ਸਾਧਨਾਂ ਦੀ ਵੰਡ ਹੀ ਇਹ ਨਿਰਧਾਰਿਤ ਕਰਦੀ ਹੈ ਕਿ ਕੀ ਉਤਪਾਦਿਤ ਕੀਤਾ ਜਾਵੇ, ਕਿਹੋ ਜਿਹਾ ਉਤਪਾਦਿਤ ਕੀਤਾ ਜਾਵੇ ਅਤੇ ਕਿੰਨਾ ਉਤਪਾਦਨ ਕੀਤਾ ਜਾਵੇ ਅਤੇ ਇਹ ਨਿਸ਼ਚਿਤ ਵਸਤੂਆਂ ਅਤੇ ਸੇਵਾਵਾਂ ਦੀ ਸਾਪੇਖਿਕ ਕੀਮਤਾਂ 'ਤੇ ਨਿਰਭਰ ਕਰਦਾ ਹੈ। ਇਸ ਤਰ੍ਹਾਂ ''ਵਿਅਸ਼ਟੀ ਅਰਥ ਸ਼ਾਸਤਰ ਕੀਮਤ ਸਿਧਾਂਤ ਦਾ ਅਧਿਐਨ ਹੈ।'' ਇਕ ਵਿਸ਼ੇਸ਼ ਵਸਤੂ ਜਿਵੇਂ ਚਾਵਲ, ਚਾਹ, ਦੁੱਧ, ਪੱਖੇ, ਸਕੂਟਰ ਆਦਿ ਦੀ ਕੀਮਤ ਕਿਵੇਂ ਨਿਰਧਾਰਿਤ ਹੁੰਦੀ ਹੈ, ਇਕ ਵਿਸ਼ੇਸ਼ ਤਰ੍ਹਾਂ ਦੀ ਮਿਹਨਤ ਦੀ ਮਜ਼ਦੂਰੀ, ਇਕ ਵਿਸ਼ੇਸ਼ ਤਰ੍ਹਾਂ ਦੇ ਪੂੰਜੀ ਪਦਾਰਥ 'ਤੇ ਵਿਆਜ , ਇਕ ਵਿਸ਼ੇਸ਼ ਭੂਮੀ 'ਤੇ ਲਗਾਨ ਅਤੇ ਇਕ ਵਿਸ਼ੇਸ਼ ਉਦਮੀ ਦੇ ਲਾਭ ਕਿਸੇ ਨਿਰਧਾਰਿਤ ਹੁੰਦੇ ਹਨ ਅਤੇ ਕਿੰਨੀ ਕੁਸ਼ਲਤਾ ਦੇ ਨਾਲ ਵੱਖ-ਵੱਖ ਸਾਧਨਾਂ ਦੀ ਵੰਡ ਵਿਅਕਤੀਗਤ ਉਪਭੋਗਤਾਵਾਂ ਅਤੇ ਉਤਪਾਦਕਾਂ ਵਿੱਚ ਕੀਤਾ ਜਾਂਦਾ ਹੈ?ਅਸੀਂ ਸੰਖੇਪ ਵਿੱਚ ਇਨ੍ਹਾਂ ਸਮੱਸਿਆਵਾਂ ਦਾ ਅਧਿਐਨ ਕਰਾਂਗੇ।

ਵਿਅਸ਼ਟੀ ਅਰਥ ਸ਼ਾਸਤਰ ਵਿੱਚ ਕੀਮਤ ਨਿਰਧਾਰਣ ਦੇ ਵਿਸ਼ਲੇਸ਼ਣ ਅਤੇ ਸਾਧਨਾਂ ਦੀ ਵੰਡ ਦਾ ਅਧਿਐਨ ਤਿੰਨ ਵੱਖ-ਵੱਖ ਸਥਿਤੀਆਂ ਵਿੱਚ ਕੀਤਾ ਜਾਂਦਾ ਹੈ। (i) ਵਿਅਕਤੀਗਤ ਉਪਭੋਗਤਾਵਾਂ ਅਤੇ ਉਤਪਾਦਕਾਂ ਦਾ ਸੰਤੁਲਨ, (ii) ਇੱਕ ਇਕੱਲੀ ਮਾਰਕੇਟ ਦਾ ਸੰਤੁਲਨ, ਅਤੇ (iii) ਸਾਰੀਆਂ ਮਾਰਕੀਟਾਂ ਦਾ ਇਕੱਠਾ ਸੰਤੁਲਨ। ਵਿਅਕਤੀਗਤ ਉਪਭੋਗਤਾ ਅਤੇ ਉਤਪਾਦਨ ਉਨ੍ਹਾਂ ਵਸਤੂਆਂ ਦੀਆਂ ਕੀਮਤਾਂ ਨੂੰ ਪ੍ਰਭਾਵਿਤ ਨਹੀਂ ਕਰ ਸਕਦੇ ਜਿਨ੍ਹਾਂ ਨੂੰ ਉਹ ਖਰੀਦਦਾ ਹੈ ਜਿਸ ਨਾਲ ਉਸ ਦਾ ਤੁਸ਼ਿਟਗੁਣ ਜ਼ਿਆਦਾ ਹੋ ਜਾਵੇ। ਇਕ ਵਿਅਕਤੀਗਤ ਉਤਪਾਦਕ ਦੇ ਲਈ ਲਾਗਤ (input) ਅਤੇ (output) ਕੀਮਤਾਂ ਦੀਆ ਹੋਈਆਂ ਹੁੰਦੀਆਂ ਹਨ ਅਤੇ ਵਸਤੂ ਦੀ ਉਂਨੀ ਹੀ ਮਾਤਰਾ ਦਾ ਉਤਪਾਦਨ ਕਰਦਾ ਹੈ ਜਿਸ ਨਾਲ ਉਸ ਦੇ ਲਾਭ ਜ਼ਿਆਦਾ ਹੋ ਜਾਣ। ਮਾਰਕੀਟ ਵਿੱਚ, ਕੀਮਤ ਅਤੇ ਖਰੀਦੀਆਂ ਅਤੇ ਵੇਚੀਆਂ ਗਈਆਂ ਮਾਤਰਾਵਾਂ ਨੂੰ ਖਰੀਦਣ ਵਾਲੇ ਅਤੇ ਵੇਚਣ ਵਾਲਿਆਂ ਦੇ ਕੰਮ ਨਿਰਧਾਰਿਤ ਕਰਦੇ ਹਨ। ਵਿਅਕਤੀਗਤ ਮੰਗ ਅਤੇ ਪੂਰਤੀ ਵਕ੍ਰਾਂ ਨਾਲ ਕੁੱਲ ਮੰਗ ਅਤੇ ਪੂਰਤੀ ਵਕ੍ਰ ਬਣਾਏ ਜਾਂਦੇ ਹਨ। ਕੁੱਲ ਮੰਗ ਅਤੇ ਪੂਰਤੀ ਵਕ੍ਰਾਂ ਦੀ ਸਮਾਨਤਾ ਕੀਤਮ ਅਤੇ ਮਾਰਕੀਟ ਵਿੱਚ ਖਰੀਦੀ ਅਤੇ ਵੇਚੀ ਗਈ ਮਾਤਰਾ ਨੂੰ ਨਿਰਧਾਰਿਤ ਕਰਦੀ ਹੈ। ਇਹ ਗੱਲ

ਵਸਤੂ ਅਤੇ ਸਾਧਨ ਦੋਨੋਂ ਹੀ ਮਾਰਕੀਟ 'ਤੇ ਲਾਗੂ ਹੁੰਦੀ ਹੈ। ਪੂਰਨ ਪ੍ਰਤੀਯੋਗੀ ਮਾਰਕੀਟ ਦੀਆਂ ਕੁਝ ਮਾਨਤਾਵਾਂ ਨੂੰ ਸ਼ਿਥਿਲ ਕਰਕੇ ਏਕਾਧਿਕਾਰ, ਘੱਟ ਅਧਿਕਾਰ ਅਤੇ ਏਕਾਧਿਕਾਰਾਤਮਕ ਪ੍ਰਤੀਯੋਗੀ ਮਾਰਕੀਟ ਤੱਕ ਇਸ ਵਿਸ਼ਲੇਸ਼ਣ ਦਾ ਵਿਸਥਾਰ ਹੁੰਦਾ ਹੈ।

ਨੋਟ

ਨੋਟਸ ਵਿਅਸ਼ਟੀ ਅਰਥ ਸ਼ਾਸਤਰ ਅਰਥ ਵਿਵਸਥਾ ਦਾ ਸੂਖਮ ਅਧਿਐਨ ਹੈ।

ਅੰਤ ਵਿੱਚ ਵੱਖ-ਵੱਖ ਮਾਰਕੀਟਾਂ ਦੇ ਆਪਸੀ ਸਬੰਧਾਂ ਨੂੰ ਲਿਆ ਜਾਂਦਾ ਹੈ ਤਾਂ ਕਿ ਸਾਰੀਆਂ ਕੀਮਤਾਂ ਇਕੱਠੀਆਂ ਨਿਰਧਾਰਿਤ ਕੀਤੀਆਂ ਜਾ ਸਕਣ। ਜਦ ਕਿ ਇਹ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਵਿਅਸ਼ਟੀ 'ਅੰਸ਼ਿਕ ਸੰਤੁਲਨ ਵਿਸ਼ਲੇਸ਼ਣ' (Partial equilibrium analysis) ਨਾਲ ਸਬੰਧਿਤ ਹੈ ਜੋ ਕਿ ਇਕ ਵਿਅਕਤੀ, ਇਕ ਫਰਮ, ਇਕ ਉਦਯੋਗ ਦੇ ਸਮੂਹ ਦੀ ਸੰਤੁਲਨ ਸਥਿਤੀ ਦਾ ਅਧਿਐਨ ਹੈ, ਤਾਂ ਵੀ ਇਹ ਅਰਥ ਵਿਵਸਥਾ ਵਿੱਚ ਉਨ੍ਹਾਂ ਦੇ ਪ੍ਰਸਪਰ ਸਬੰਧਾਂ ਅਤੇ ਪ੍ਰਸਪਰ ਨਿਰਭਰਤਾਵਾਂ ਦਾ ਅਧਿਐਨ ਹੈ ਜੋ ਕਿ 'ਸਧਾਰਣ ਸੰਤੁਲਨ ਵਿਸ਼ਲੇਸ਼ਣ' (general equilibrium analysis) ਦੇ ਅਧੀਨ ਆਉਂਦਾ ਹੈ ਅਤੇ ਵਿਅਸ਼ਟੀ ਅਰਥ ਸ਼ਾਸਤਰ ਵਿਅਕਤੀਗਤ ਉਪਭੋਗਤਾਵਾਂ, ਫਰਮਾਂ ਅਤੇ ਉਦਯੋਗਾਂ ਨਾਲ ਸਬੰਧਿਤ ਵਸਤੂ ਕੀਮਤਾਂ, ਸਾਧਨ ਕੀਮਤਾਂ, ਉਨ੍ਹਾਂ ਦੀਆਂ ਮੰਗਾਂ ਅਤੇ ਪੂਰਤੀਆਂ ਅਤੇ ਲਾਗਤਾਂ ਦੀਆਂ ਪ੍ਰਸਪਰ ਨਿਰਭਰਤਾਵਾਂ ਦਾ ਅਧਿਐਨ ਹੈ।

ਪਹਿਲਾ, ਇਕ ਉਪਭੋਗਤਾ ਮਾਰਕਿਟ ਹੈ ਜਿਸ ਵਿੱਚ ਹਰੇਕ ਵਸਤੂ ਦੀ ਮੰਗੀ ਗਈ ਮਾਤਰਾ ਕੇਵਲ ਉਸ ਦੀ ਆਪਣੀ ਸੰਖਿਆ 'ਤੇ ਹੀ ਨਿਰਭਰ ਨਹੀਂ ਕਰਦੀ ਹੈ ਬਲਕਿ ਉਪਲੱਬਧ ਹਰੇਕ ਹੋਰ ਵਸਤੂ ਦੀ ਕੀਮਤ 'ਤੇ ਨਿਰਭਰ ਕਰਦੀ ਹੈ। ਇਸ ਮਾਰਕੀਟ ਵਿੱਚ ਵਸਤੂਆਂ ਨੂੰ ਖਰੀਦਣ ਦੇ ਲਈ ਉਪਭੋਗਤਾ ਉਤਪਾਦਕਾਂ ਨੂੰ ਮਿਲਦੇ ਹਨ ਜਿਸ ਵਿੱਚ ਉਪਭੋਗਤਾ ਖਰੀਦੇ ਹਨ ਅਤੇ ਉਤਪਾਦਕ ਵਸਤੂਆਂ ਨੂੰ ਬੇਚਦੇ ਹਨ। ਵੱਖ-ਵੱਖ ਵਸਤੂਆਂ ਦੇ ਲਈ ਉਪਭੋਗਤਾਵਾਂ ਦੀ ਮੰਗ ਉਨ੍ਹਾਂ ਦੀਆਂ ਕੀਮਤਾਂ ਅਤੇ ਜੋ ਸੇਵਾਵਾਂ ਉਹ ਪ੍ਰਦਾਨ ਕਰਦੇ ਹਨ ਉਨ੍ਹਾਂ ਦੀਆਂ ਕੀਮਤਾਂ 'ਤੇ ਨਿਰਭਰ ਕਰਦੀ ਹੈ। ਦੂਸਰੇ ਸ਼ਬਦਾਂ ਵਿੱਚ, ਇਕ ਉਪਭੋਗਤਾ ਆਪਣੀ ਉਤਪਾਦਕਤਾ ਆਪਣੀ ਉਤਪਾਦਕ ਸੇਵਾਵਾਂ ਨੂੰ ਵੇਚ ਕੇ ਆਮਦਨ ਅਰਜਿਤ ਕਰਦਾ ਹੈ ਅਤੇ ਇਸ ਨਾਲ ਵਸਤੂਆਂ ਦੇ ਲਈ ਮੰਗ ਪੈਦਾ ਕਰਦਾ ਹੈ। ਜਿਸ ਕੀਮਤ 'ਤੇ ਵਸਤੂ ਵਿਕਦੀ ਹੈ ਉਹ ਉਸ ਦੀ ਉਤਪਾਦਨ ਲਾਗਤਾਂ 'ਤੇ ਨਿਰਭਰ ਕਰਦੀ ਹੈ। ਅੱਗੇ ਉਤਪਾਦਨ ਲਾਗਤਾਂ ਵੱਖ-ਵੱਖ ਉਤਪਾਦਨ ਸੇਵਾਵਾਂ, ਜੋ ਵਸਤੂ ਨੂੰ ਬਣਾਉਣ ਦੇ ਲਈ ਲਗਾਈਆਂ ਜਾਂਦੀਆਂ ਹਨ, ਉਨ੍ਹਾਂ ਦੀਆਂ ਮਾਤਰਾਵਾਂ ਅਤੇ ਉਨ੍ਹਾਂ ਦੀ ਨੂੰ ਦਿੱਤੇ ਗਏ ਮਿਹਨਤਾਨੇ 'ਤੇ ਨਿਰਭਰ ਕਰਦੀ ਹੈ। ਇਸ ਤਰ੍ਹਾਂ ਮਾਰਕੀਟ ਵਿੱਚ ਵਸਤੂਆਂ ਦੀ ਪੂਰਤੀ ਫਰਮਾਂ ਦੀ ਲਾਗਤਾਂ ਅਤੇ ਉਨ੍ਹਾਂ ਵੱਲੋਂ ਵੱਖ-ਵੱਖ ਉਤਪਾਦਕ ਸੇਵਾਵਾਂ ਦੀਆਂ ਮਾਤਰਾਵਾਂ ਉਨ੍ਹਾਂ ਦੀਆਂ ਕੀਮਤਾਂ 'ਤੇ ਨਿਰਭਰ ਕਰਦੀ ਹੈ।

ਦੂਸਰੇ, ਇਕ ਉਤਪਾਦਕਾਂ ਦੀ ਮਾਰਕੀਟ ਜਾਂ ਸਾਧਨ ਮਾਰਕੀਟ ਹੈ। ਇਸ ਮਾਰਕੀਟ ਵਿੱਚ, ਉਤਪਾਦਨ ਦੇ ਸਾਧਨਾਂ ਦੀ ਮੰਗ ਉਤਪਾਦਕਾਂ ਨਾਲ ਆਉਂਦੀ ਹੈ ਅਤੇ ਪੂਰਤੀ ਉਪਭੋਗਤਾਵਾਂ ਨਾਲ। ਇਕ ਵਸਤੂ ਦਾ ਉਤਪਾਦਨ ਕਰਨ ਦੇ ਲਈ ਇਸਤੇਮਾਲ ਕੀਤੇ ਗਏ ਸਾਧਨ ਦੀ ਮਾਤਰਾ ਉਸ ਦੀ ਕੀਮਤ ਅਤੇ ਹੋਰ ਸਾਧਨਾਂ ਦੀਆਂ ਕੀਮਤਾਂ ਅਤੇ ਵਸਤੂਆਂ ਦੀਆਂ ਕੀਮਤਾਂ ਦੇ ਸਬੰਧਾਂ 'ਤੇ ਨਿਰਭਰ ਕਰਦੀ ਹੈ। ਇੱਥੇ ਉਤਪਾਦਕ ਮਜ਼ਦੂਰਾਂ, ਪੂੰਜੀਪਤੀਆਂ ਅਤੇ ਹੋਰ ਸਾਧਨ ਮਾਲਕਾਂ ਨੂੰ ਮਿਲਦੇ ਹਨ। ਇਸ ਮਾਰਕੀਟ ਵਿੱਚ ਮੁਦਰਾ ਆਮਦਨ ਸਾਧਨ ਮਾਲਕਾਂ ਵੱਲੋਂ ਅਰਜਿਤ ਕੀਤੀ ਜਾਂਦੀ ਹੈ, ਜੋ ਸਾਧਨਾਂ ਦੇ ਮਾਲਕ ਹੁੰਦੇ ਹਨ ਅਤੇ ਉਨ੍ਹਾਂ ਨੂੰ ਵੇਚਦੇ ਹਨ। ਉਹ ਜ਼ਿਆਦਾਤਰ ਉਪਭੋਗਤਾ ਹੁੰਦੇ ਹਨ। ਇਸ ਤਰ੍ਹਾਂ ਵਿਅਸ਼ਟੀ ਅਰਥ ਸ਼ਾਸਤਰ ਉਪਭੋਗਤਾਵਾਂ, ਉਤਪਾਦਕਾਂ ਅਤੇ ਸਾਧਨ ਮਾਲਕਾਂ ਦੇ ਪ੍ਰਸਪਰ ਸਬੰਧਾਂ ਦਾ ਅਧਿਐਨ ਹੈ। ਇਸ ਪ੍ਰਣਾਲੀ ਵਿੱਚ ਸਾਰੀਆਂ ਕੀਮਤਾਂ ਇਕ ਦੂਸਰੇ ਦੇ ਸਾਪੇਖ ਹਨ। ਕਿਸੇ ਇਕ ਕੀਮਤ ਵਿੱਚ ਪਰਿਵਰਤਨ ਨਾਲ ਹਲਚਲ ਹੋ ਜਾਂਦੀ ਹੈ ਜੋ ਵਸਤੂ ਸਾਧਨ ਮਾਰਕੀਟਾਂ ਦੋਨੋਂ 'ਤੇ ਪ੍ਰਭਾਵ ਪਾਉਂਦੀ ਹੈ। ਕੀਮਤਾਂ ਨਾਲ ਸਾਧਨ ਅਤੇ ਵਸਤੂ ਮਾਰਕੀਟਾਂ ਦੇ ਵਿੱਚ ਪ੍ਰਸਪਰ ਸਬੰਧਾਂ ਦੇ ਚਿੱਤਰ 1.1 ਵਿੱਚ ਦਰਸਾਇਆ ਗਿਆ ਹੈ। ਇਸ ਤਰ੍ਹਾਂ ਵਿਅਸ਼ਟੀ ਅਰਥ ਸ਼ਾਸਤਰ ਵਸਤੂ ਕੀਮਤਾਂ, ਸਾਧਨ ਕੀਮਤਾਂ, ਉਨ੍ਹਾਂ ਦੀਆਂ ਮੰਗਾਂ, ਪੂਰਤੀਆਂ ਅਤੇ ਲਾਗਤਾਂ ਦੀਆਂ ਪ੍ਰਸਪਰ ਨਿਰਭਰਤਾਵਾਂ ਦਾ ਅਧਿਐਨ ਹੈ ਜਿਨ੍ਹਾਂ ਦਾ ਸਬੰਧ ਵਿਅਕਤੀਗਤ ਉਪਭੋਗਤਾਵਾ, ਫਰਮਾਂ ਅਤੇ ਉਦਯੋਗਾਂ ਦੇ ਨਾਲ ਹੈ।

ਇਸ ਦੇ ਇਲਾਵਾ, ਵਿਅਸ਼ਟੀ ਅਰਥਸ਼ਾਸਤਰ ਇਹ ਵੀ ਅਧਿਐਨ ਕਰਦਾ ਹੈ ਕਿ ਅਰਥ ਵਿਵਸਥਾ ਵਿੱਚ ਕਿੰਨੀ ਦਖਸ਼ਤਾ (efficiency) ਦੇ ਨਾਲ ਵੱਖ-ਵੱਖ ਸੰਸਾਧਨਾਂ ਦਾ ਵਿਅਕਤੀਗਤ ਉਪਭੋਗਤਾਵਾਂ ਅਤੇ ਉਤਪਾਦਕਾਂ ਵਿੱਚ ਵੰਡ ਹੁੰਦੀ ਹੈ। ਸਾਧਨਾਂ ਦੀ ਵੰਡ ਦੀ ਦਖਸ਼ਤਾ **ਕਲਿਆਣ ਅਰਥ ਸ਼ਾਸਤਰ** ਦੇ ਅਧਿਐਨ ਨਾਲ ਸਬੰਧਿਤ ਹੈ। ਇਸ ਵਿੱਚ ਉਪਭੋਗ ਵਿੱਚ ਦਖਸ਼ਤਾ, ਉਤਪਾਦਨ ਵਿੱਚ ਦਖਸ਼ਤਾ ਅਤੇ ਉਪਭੋਗ ਅਤੇ ਉਤਪਾਦਨ ਵਿੱਚ ਪੂਰਨ ਦਖਸ਼ਤਾ ਦਾ ਅਧਿਐਨ ਸ਼ਾਮਿਲ ਹੁੰਦਾ ਹੈ। ਉਪਭੋਗ ਅਤੇ ਉਤਪਾਦਨ ਦਖਸ਼ਤਾਵਾਂ ਦਾ ਸਬੰਧ ਵਿਅਕਤੀਗਤ ਕਲਿਆਣ ਨਾਲ ਹੁੰਦਾ ਹੈ ਅਤੇ ਪੂਰਨ ਦਖਸ਼ਤਾ ਦਾ ਸਮਾਜਿਕ ਕਲਿਆਣ ਨਾਲ। ਇਕ ਵਿਅਕਤੀਗਤ ਉਪਭੋਗਤਾ ਦਾ ਕਲਿਆਣ ਜ਼ਿਆਦਾਤਰ ਉਦੋਂ ਹੁੰਦਾ ਹੈ ਜਦੋਂ ਸਾਧਨਾਂ ਦੇ ਕਿਸੇ ਵੀ ਪੁਨਰ ਵੰਡ ਨਾਲ ਉਹ ਕਿਸੇ ਹੋਰ ਵਿਅਕਤੀ ਦੀ ਸਥਿਤੀ ਖਰਾਬ ਕੀਤੇ ਬਿਨਾਂ ਬਿਹਤਰ ਹੋ ਜਾਵੇ। ਇਕ ਵਿਅਕਤੀਗਤ ਉਤਪਾਦਨ ਵਿੱਚ ਦਖਸ਼ਤਾ ਉਦੋਂ

ਨੋਟ

ਪ੍ਰਾਪਤ ਕਰਦਾ ਹੈ ਜਦੋਂ ਕਿਸੇ ਇਕ ਵਸਤੂ ਦੇ ਉਤਪਾਦਨ ਵਿੱਚ ਸਾਧਨਾਂ ਦੇ ਕਿਸੇ ਵੀ ਪੁਨਰ ਵੰਡ ਨਾਲ ਉਹ ਕਿਸੇ ਹੋਰ ਵਸਤੂ ਦੇ ਉਤਪਾਦਨ ਨੂੰ ਘੱਟ ਕੀਤੇ ਬਿਨਾਂ ਇਸ ਵਸਤੂ ਦੇ ਉਤਪਾਦਨ ਨੂੰ ਵਧਾਉਣ ਵਿੱਚ ਸਮਰੱਥ ਹੁੰਦਾ ਹੈ। ਪੂਰਨ ਦਖਸ਼ਤਾ (overall efficiency) ਜੋ ਸਮਾਜਿਕ ਕਲਿਆਣ ਜਾਂ ਪਰੇਟੋ ਇਸ਼ਟਤਮਤਾ (pareto optimality) ਵੀ ਕਹਾਉਂਦੀ ਹੈ, ਸਮਾਜ ਦੀ ਆਰਥਿਕ ਦਖਸ਼ਤਾ ਦੇ ਪੂਰਨ ਸੁਧਾਰ ਨਾਲ ਸਬੰਧਿਤ ਹੁੰਦੀ ਹੈ, ਜਿਸ ਨਾਲ ਸਮਾਜਿਕ ਕਲਿਆਣ ਵੱਧਦਾ ਹੈ ਜਦੋਂ ਸਾਧਨਾਂ ਦੇ ਪੁਨਰ ਵੰਡ ਨਾਲ ਕਿਸੇ ਵੀ ਵਿਅਕਤੀ ਦੀ ਸਥਿਤੀ ਖਰਾਬ ਕੀਤੇ ਬਿਨਾ ਸਾਰਾ ਸਮਾਜ ਬਿਹਤਰ ਸਥਿਤੀ ਵਿੱਚ ਹੋ ਜਾਂਦਾ ਹੈ। ਦਖਸ਼ਤਾ ਦੇ ਇਸ ਪੱਧਰ 'ਤੇ ਸਾਧਨਾਂ ਦੀ ਕੋਈ ਵੀ ਪੁਨਰ ਵੰਡ ਹੋਣ 'ਤੇ ਕੇਵਲ ਪੂਰਨ ਆਰਥਿਕ ਦਖਸ਼ਤਾ (inefficiency) ਹੀ ਨਹੀਂ ਹੋਵੇਗੀ ਬਲਕਿ ਵਿਅਕਤੀਗਤ ਉਪਭੋਗਤਾਵਾਂ ਅਤੇ ਉਤਪਾਦਕਤਾਵਾਂ ਦੀ ਅਦਖ਼ਸ਼ਤਾਵਾਂ ਵੀ ਪੈਦਾ ਹੋਣਗੀਆਂ। ਇਸ ਤਰ੍ਹਾਂ ਵਿਅਸ਼ਟੀ ਅਰਥ ਸ਼ਾਸਤਰ ਕਲਿਆਣਕਾਰੀ ਸਿਧਾਂਤ ਦਾ ਵਿਅਕਤੀਗਤ ਅਤੇ ਸਮੂਹਿਕ ਦ੍ਰਿਸ਼ਟੀਕੋਣ ਨਾਲ ਅਧਿਐਨ ਕਰਦਾ ਹੈ।



ਚਿੱਤਰ 1.1

ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਵਿਅਸ਼ਟੀ ਅਰਥ ਸ਼ਾਸਤਰ ਵਿੱਚ ਕੀਮਤ ਸਿਧਾਂਤ, ਵਿਅਕਤੀਗਤ ਪਰਿਵਾਰ, ਫਰਮ ਅਤੇ ਉਦਯੋਗ ਦਾ ਸਿਧਾਂਤ, ਉਤਪਾਦਨ ਸਿਧਾਂਤ ਅਤੇ ਕਲਿਆਣ ਸਿਧਾਂਤ ਦਾ ਅਧਿਐਨ ਸ਼ਾਮਿਲ ਹੈ।

ਵਿਅਸ਼ਟੀ ਅਰਥਸ਼ਾਸਤਰ ਦਾ ਮਹੱਤਵ (Importance of Microeconomics)

ਵਿਅਸ਼ਟੀ ਅਰਥ ਸ਼ਾਸਤਰ ਆਰਥਿਕ ਵਿਸ਼ਲੇਸ਼ਣ ਦੀ ਇਕ ਮਹੱਤਵਪੂਰਨ ਵਿਧੀ ਹੈ ਜਿਸ ਨੂੰ ਕੇਂਜ ਨੇ ਮਨੁੱਖ ਦੇ ਵਿਚਾਰ ਦੇ ਉਪਕਰਨ ਦਾ ਜ਼ਰੂਰੀ ਹਿੱਸਾ (a necessary part of one's apparatus of thought) ਮੰਨਿਆ ਹੈ। ਇਸ ਦੇ ਸਿਧਾਂਤਕ ਅਤੇ ਵਿਵਹਾਰਿਕ ਦੋਨੋਂ ਹੀ ਮਹੱਤਵ ਹਨ।

1. **ਅਰਥ ਵਿਵਸਥਾ ਦੇ ਕੰਮ ਕਰਨ ਨੂੰ ਸਮਝਣਾ (To understand the working of the economy)**- ਵਿਅਸ਼ਟੀ ਅਰਥ ਸ਼ਾਸਤਰ ਇਕ ਮੁਕਤ ਬਾਜ਼ਾਰ ਅਰਥ ਵਿਵਸਥਾ ਦੇ ਕੰਮ ਕਰਨ ਦੇ ਸਮਝਣ ਦੇ ਲਈ ਬਹੁਤ ਮਹੱਤਵਪੂਰਨ ਹੈ। ਅਜਿਹੀ ਅਰਥ ਵਿਵਸਥਾ ਵਿੱਚ ਆਰਥਿਕ ਪ੍ਰਣਾਲੀ ਦਾ ਨਿਯੋਜਨ ਅਤੇ ਵਿਚਾਰ ਕਰਨ ਦੇ ਲਈ ਕੋਈ ਵੀ ਸੰਸਥਾ ਨਹੀਂ ਹੁੰਦੀ ਹੈ। ਅਜਿਹੇ ਫੈਸਲੇ ਕਿ ਉਤਪਾਦਨ ਕਿਸ ਤਰ੍ਹਾਂ ਕੀਤਾ ਜਾਵੇ, ਕੀ ਉਤਪਾਦਨ ਕੀਤਾ ਜਾਵੇ, ਕਿਸ ਦੇ ਲਈ ਉਤਪਾਦਨ ਕੀਤਾ ਜਾਵੇ, ਕਿਸ ਤਰ੍ਹਾਂ ਵੰਡ ਕੀਤੀ ਜਾਵੇ ਅਤੇ ਕੀ ਉਪਭੋਗ ਕੀਤਾ ਜਾਵੇ, ਸਾਰੇ ਬਿਨਾਂ ਕਿਸੇ

ਬ੍ਰਹਮ ਸ਼ਕਤੀ ਦੇ ਉਤਪਾਦਕਾਂ ਅਤੇ ਉਪਭੋਗਤਾਵਾਂ ਵੱਲੋਂ ਲਏ ਜਾਂਦੇ ਹਨ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਇਕ ਕੇਂਦਰੀ ਆਯੋਜਿਤ ਅਰਥ ਵਿਵਸਥਾ ਵਿੱਚ ਆਯੋਜਿਤ ਪ੍ਰਾਧਿਕਾਰੀ ਇਕ ਮੁਕਤ ਉਦਮ ਅਰਥਵਿਵਸਥਾ ਦੇ ਅਹਿਸਾਸ ਵਿੱਚ ਅਰਥ ਵਿਵਸਥਾ ਦੇ ਕੁਸ਼ਲ ਕੰਮ ਕਰਨ ਨੂੰ ਪ੍ਰਾਪਤ ਨਹੀਂ ਕਰ ਸਕਦੇ। ਜਿਵੇਂ ਕਿ **ਲਰਨਰ** ਨੇ ਕਿਹਾ ਹੈ, "ਵਿਅਸ਼ਟੀ ਅਰਥ ਵਿਵਸਥਾ ਸਾਨੂੰ ਇਹ ਸਿਖਾਉਂਦਾ ਹੈ ਕਿ ਅਰਥ ਵਿਵਸਥਾ ਦਾ ਪੂਰਨਰੂਪੇਣ "ਸਿੱਧਾ' ਕੰਮ ਕਰਨਾ ਅਸੰਭਵ ਹੈ-ਆਧੁਨਿਕ ਅਰਥਵਿਵਸਥਾ ਇੰਨੀ ਮੁਸ਼ਕਿਲ ਹੈ ਕਿ ਕੋਈ ਵੀ ਕੇਂਦਰੀ ਆਯੋਜਿਤ ਸੰਸਥਾ ਸਾਰੀ ਸੂਚਨਾ ਪ੍ਰਾਪਤ ਨਹੀਂ ਕਰ ਸਕਦੀ ਅਤੇ ਇਸ ਦੇ ਕੁਸ਼ਲ ਕੰਮ ਕਰਨ ਦੇ ਲਈ ਸਾਰੇ ਜ਼ਰੂਰੀ ਨਿਰਦੇਸ਼ ਨਹੀਂ ਦੇ ਸਕਦੀ।"

ਨੋਟ

2. **ਆਰਥਿਕ ਨੀਤੀਆਂ ਦੇ ਲਈ ਉਪਕਰਣ ਪ੍ਰਦਾਨ ਕਰਨਾ (To provide tools for economic)**- ਵਿਅਸ਼ਟੀ ਅਰਥ ਵਿਵਸਥਾ ਰਾਜ ਦੀਆਂ ਆਰਥਿਕ ਨੀਤੀਆਂ ਦਾ ਮੁਲਾਂਕਣ ਕਰਨ ਦੇ ਲਈ ਵਿਸ਼ਲੇਸ਼ਾਤਮਕ ਉਪਕਰਨ ਪ੍ਰਦਾਨ ਕਰਦਾ ਹੈ। ਕੀਮਤ ਜਾਂ ਮੁੱਲ ਪ੍ਰਣਾਲੀ ਇਕ ਉਪਕਰਨ ਹੈ ਜੋ ਇਸ ਕੰਮ ਵਿੱਚ ਸਹਾਇਤਾ ਦਿੰਦੀ ਹੈ। ਇਕ ਮਿਸ਼ਰਿਤ ਅਰਥ ਵਿਵਸਥਾ ਵਿੱਚ ਰਾਜ ਕੋਈ ਸਰਵਜਨਿਕ ਉਪਯੋਗੀ ਸੇਵਾਵਾਂ ਜਿਵੇਂ ਡਾਕ, ਰੇਲਾਂ, ਪਾਣੀ, ਬਿਜਲੀ ਆਦਿ ਦਾ ਸੰਚਾਲਨ ਕਰਦਾ ਹੈ। ਇਨ੍ਹਾਂ ਸਥਿਤੀਆਂ ਵਿੱਚ ਕੇਂਦਰੀ, ਰਾਜ ਅਤੇ ਸਥਾਨਕ ਸਰਕਾਰਾਂ ਲਾਭ-ਹਾਨੀ ਦੇ ਅਧਾਰ 'ਤੇ ਕੀਮਤਾਂ ਨਿਯਤ ਨਹੀਂ ਕਰਦੀਆਂ ਹਨ। ਅੱਗੇ ਇਹ ਕੀਮਤਾਂ ਹੋਰ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਇੱਥੇ ਸਰਵਜਨਿਕ ਉਧਮ ਵੀ ਹੁੰਦੇ ਹਨ ਜਿਨ੍ਹਾਂ ਦਾ ਸੰਚਾਲਣ ਕੀਮਤ-ਲਾਭ ਨੀਤੀ 'ਤੇ ਹੁੰਦੇ ਹਨ। ਇਨ੍ਹਾਂ ਨਾਲ ਬਣਾਈਆਂ ਵਸਤੂਆਂ ਦੀਆਂ ਕੀਮਤਾਂ ਅਰਥ ਵਿਵਸਥਾ ਦੇ ਨਿੱਜੀ ਖੇਤਰ ਵਿੱਚ ਵੱਖ-ਵੱਖ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਕੁਝ ਸਰਵਜਨਿਕ ਉਦਮ ਨਿੱਜੀ ਉਦਮਾਂ ਦੇ ਪ੍ਰਤੀਯੋਗੀ ਹੁੰਦੇ ਹਨ ਜਿਸ ਨਾਲ ਉਨ੍ਹਾਂ ਦੀ ਕੀਮਤ ਨੀਤੀਆਂ ਕੀਮਤ ਪ੍ਰਣਾਲੀ 'ਤੇ ਨਿਰਧਾਰਿਤ ਹੁੰਦੀਆਂ ਹਨ। ਉਹ ਨਿੱਜੀ ਖੇਤਰ ਤੋਂ ਜ਼ਿਆਦਾ ਕੀਮਤਾਂ ਨਹੀਂ ਲੈ ਸਕਦੇ ਹਨ। ਅਰਥ ਸ਼ਾਸਤਰ ਸਰਕਾਰ ਨੂੰ ਸਹੀ ਕੀਮਤ ਨੀਤੀਆਂ ਬਣਾਉਣ ਅਤੇ ਉਨ੍ਹਾਂ ਦਾ ਠੀਕ ਢੰਗ ਨਾਲ ਮੁਲਾਂਕਣ ਕਰਨ ਵਿੱਚ ਸਹਾਇਤਾ ਕਰਦਾ ਹੈ।

3. **ਸਾਧਨਾਂ ਦੀ ਕੁਸ਼ਲ ਨਿਯੁਕਤੀ ਵਿੱਚ ਸਹਾਇਕ (Helpful in the efficient employment of resources)**- ਕੀਮਤ ਸਿਧਾਂਤ ਦਾ ਸਬੰਧ ਦੁਰਲਭ ਸਾਧਨਾਂ ਦੇ ਕੁਸ਼ਲ ਮਿਤ ਖਰਚ (economizing) ਨਾਲ ਹੈ। ਆਧੁਨਿਕ ਸਰਕਾਰਾਂ ਨੂੰ ਜਿਸ ਮੁੱਖ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਹੈ ਉਹ ਪ੍ਰਤੀਯੋਗੀ ਸਾਧਿਆ ਵਿੱਚ ਸਾਧਨਾਂ ਦੀ ਵੰਡ ਦੀ ਹੈ। ਇਸ ਵਿਚਾਰ ਨਾਲ, ਵਿਅਸ਼ਟੀ ਅਰਥ ਸ਼ਾਸਤਰ ਦਾ ਸਰਕਾਰ ਵੱਲੋਂ ਪ੍ਰਯੋਗ ਸਾਧਨਾਂ ਦੀ ਕੁਸ਼ਲ ਨਿਯੁਕਤੀ ਅਤੇ ਸਥਿਰਤਾ ਦੇ ਨਾਲ ਵਿਕਾਸ ਪ੍ਰਾਪਤੀ ਦੇ ਲਈ ਹੁੰਦਾ ਹੈ।

4. **ਕਾਰੋਬਾਰ ਕੰਮ ਪਾਲਕ ਨੂੰ ਸਹਾਇਤਾ (Help to the business executive)**-ਵਿਅਸ਼ਟੀ ਅਰਥ ਸ਼ਾਸਤਰ ਕਾਰੋਬਾਰ ਨੂੰ ਵਰਤਮਾਨ ਸਾਧਨਾਂ ਤੋਂ ਜ਼ਿਆਦਾ ਉਤਪਾਦਨ ਪ੍ਰਾਪਤ ਕਰਨ ਵਿੱਚ ਸਹਾਇਕ ਹੁੰਦਾ ਹੈ। ਉਹ ਇਸੇ ਦੀ ਸਹਾਇਤਾ ਨਾਲ ਉਪਭੋਗਤਾ ਮੰਗ ਨੂੰ ਜਾਨਣ ਅਤੇ ਆਪਣੀ ਵਸਤੂ ਦੀਆਂ ਲਾਗਤਾਂ ਦਾ ਆਗਣਨ ਕਰਨ ਵਿੱਚ ਸਮਰੱਥ ਹੁੰਦਾ ਹੈ।

5. **ਕਰਾਧਾਨ ਦੀਆਂ ਸਮੱਸਿਆਵਾਂ ਸਮਝਣ ਵਿੱਚ ਸਹਾਇਕ (Helpful in understanding the problems of taxation)**- ਵਿਅਸ਼ਟੀ ਅਰਥ ਸ਼ਾਸਤਰ ਕਰਾਧਾਨ ਦੀਆਂ ਕੁਝ ਸਮੱਸਿਆਵਾਂ ਨੂੰ ਸਮਝਣ ਵਿੱਚ ਸਹਾਇਕ ਹੁੰਦਾ ਹੈ। ਇਹ ਇਕ ਕਰ ਦੇ ਕਲਿਆਣਕਾਰੀ ਨਤੀਜੇ ਦੀ ਵਿਆਖਿਆ ਕਰਨ ਵਿੱਚ ਇਸਤੇਮਾਲ ਕੀਤਾ ਜਾਂਦਾ ਹੈ। ਇਹ ਕਰ ਸਾਧਨਾਂ ਦੇ ਆਪਣੇ ਇਸ਼ਟਤਮ ਪੱਧਰ ਨਾਲ ਪੁਨਰ ਵੰਡ ਵੱਲ ਲੈ ਜਾਂਦਾ ਹੈ। ਵਿਅਸ਼ਟੀ ਅਰਥ ਸ਼ਾਸਤਰ ਇਹ ਸਮਝਣ ਵਿੱਚ ਸਹਾਇਤਾ ਕਰਦਾ ਹੈ ਕਿ ਇਕ ਆਮਦਨ-ਕਰ ਸਮਾਜਿਕ ਕਲਿਆਣ ਦੀ ਕਮੀ ਕਰਦਾ ਹੈ ਜਾਂ ਇਕ ਉਤਪਾਦਨ ਕਰ ਜਾਂ ਵਿਕਰੀ ਕਰ। ਆਮਦਨ-ਕਰ ਦੇ ਮੁਕਾਬਲੇ ਉਤਪਾਦਨ ਕਰ ਜਾਂ ਵਿਕਰੀ ਕਰ ਸਮਾਜਿਕ ਕਲਿਆਣ ਵਿੱਚ ਕਮੀ ਲਿਆਉਂਦਾ ਹੈ। ਵਿਅਸ਼ਟੀ ਅਰਥਸ਼ਾਸਤਰ ਵਿਸ਼ਲੇਸ਼ਣ, ਵਿਕਰੇਤਾਵਾਂ ਅਤੇ ਉਪਭੋਗਤਾਵਾਂ ਵਿੱਚ ਵਸਤੂ-ਕਰ (ਉਤਪਾਦਨ-ਕਰ ਜਾਂ ਵਿਕਰੀ ਕਰ) ਦੇ ਕਰਾਪਾਤ ਦੀ ਵੰਡ ਦਾ ਵੀ ਅਧਿਐਨ ਕਰਦਾ ਹੈ।

6. **ਅੰਤਰਰਾਸ਼ਟਰੀ ਵਪਾਰ ਦੀਆਂ ਸਮੱਸਿਆਵਾਂ ਸਮਝਣ ਵਿੱਚ ਸਹਾਇਕ (Helpful in understanding the problems of International trade)**- ਅੰਤਰਰਾਸ਼ਟਰੀ ਵਪਾਰ ਦੇ ਖੇਤਰ ਵਿੱਚ ਇਸ ਦਾ ਇਸਤੇਮਾਲ ਅੰਤਰਰਾਸ਼ਟਰੀ ਵਪਾਰ ਨਾਲ ਲਾਭ, ਭੁਗਤਾਨ-ਬਾਕੀ ਦੇ ਅਸੰਤੁਲਨ ਅਤੇ ਵਿਦੇਸ਼ੀ ਵੀਨਿਯਮ ਦਰ ਦੇ ਨਿਰਧਾਰਣ ਵਿੱਚ ਕੀਤਾ ਜਾਂਦਾ ਹੈ। ਇਕ ਦੂਸਰੇ ਦੀਆਂ ਵਸਤੂਆਂ ਦੇ ਪ੍ਰਤੀ ਮੰਗ ਦੀ ਸਾਪੇਖਿਕ ਲੋਚਾਂ ਅੰਤਰਰਾਸ਼ਟਰੀ ਵਪਾਰ ਨਾਲ ਲਾਭ ਨੂੰ ਨਿਰਧਾਰਿਤ ਕਰਦੀਆਂ ਹਨ। ਭੁਗਤਾਨ-ਬਾਕੀ ਵਿੱਚ ਅਸੰਤੁਲਨ, ਵਿਦੇਸ਼ੀ ਮੁਦਰਾ ਦੀ ਮੰਗ ਦੀ ਪੂਰਤੀ ਵਿੱਚ ਅਸਮਾਨਤਾ ਹੁੰਦੀ ਹੈ। ਇਕ ਮੁਕਤ ਬਾਜ਼ਾਰ ਵਿੱਚ ਕਰੰਸੀ ਦੀ ਕਮੀ ਵੀਨਿਯਮ ਦਰ ਵਿਦੇਸ਼ੀ ਮੁਦਰਾ ਦੀ ਮੰਗ ਅਤੇ ਪੂਰਤੀ ਨਾਲ ਨਿਰਧਾਰਿਤ ਹੁੰਦੀ ਹੈ।

ਨੋਟ

7. **ਆਰਥਿਕ ਕਲਿਆਣ ਦੀਆਂ ਸ਼ਰਤਾਂ ਦਾ ਨਿਰੀਖਣ ਕਰਨਾ (To examine the conditions of economic welfare)**- ਵਿਅਸ਼ਟੀ ਅਰਥ ਸ਼ਾਸਤਰ ਦਾ ਇਸਤੇਮਾਲ ਆਰਥਿਕ ਕਲਿਆਣ ਦੀਆਂ ਸ਼ਰਤਾਂ ਦਾ ਨਿਰੀਖਣ ਕਰਨ ਦੇ ਲਈ ਕੀਤਾ ਜਾ ਸਕਦਾ ਹੈ, ''ਅਰਥ ਵਿਅਕਤੀਪਰਕ (Subjective) ਸੰਤੁਸ਼ਟੀਆਂ ਦਾ ਨਿਰੀਖਣ ਕਰਨਾ ਜਿਨ੍ਹਾਂ ਨੂੰ ਵਿਅਕਤੀ, ਵਸਤੂਆਂ ਅਤੇ ਸੇਵਾਵਾਂ ਅਤੇ ਆਰਾਮ ਦਾ ਆਨੰਦ ਲੈ ਕੇ ਪ੍ਰਾਪਤ ਕਰਦੇ ਹਨ।'' ਇਹ ਕਲਿਆਣਕਾਰੀ ਅਰਥ ਸ਼ਾਸਤਰ ਦਾ ਅਧਿਐਨ ਸ਼ਾਮਿਲ ਕਰਦਾ ਹੈ ਜੋ ਕਿ ਇਕ ਆਦਰਸ਼ ਅਰਥ ਸ਼ਾਸਤਰ ਨੂੰ ਪ੍ਰੀਭਾਸ਼ਿਤ ਕਰਦਾ ਹੈ।'' ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਲਿਆਣ ਅਰਥ ਸ਼ਾਸਤਰ ਦਾ ਸਬੰਧ ਸਮਾਜਿਕ ਕਲਿਆਣ ਨੂੰ ਵਧਾਉਣਾ ਨਾਲ ਹੈ। ਇਹ ਕੇਵਲ ਪੂਰਨ ਪ੍ਰਤੀਯੋਗਿਤਾ ਵਿੱਚ ਹੀ ਸੰਭਵ ਹੈ ਪਰ ਏਕਾਧਿਕਾਰ, ਘੱਟ-ਅਧਿਕਾਰ ਜਾਂ ਏਕਾਧਿਕਾਰਾਤਮਕ ਪ੍ਰਤੀਯੋਗਿਤਾ ਵਿੱਚ ਹਮੇਸ਼ਾ ਸਾਧਨਾਂ ਦੀ ਵੰਡ ਹੁੰਦੀ ਹੈ ਅਤੇ ਪ੍ਰਾਪਤ ਉਤਪਾਦਨ ਹਮੇਸ਼ਾ ਤੋਂ ਘੱਟ ਹੁੰਦਾ ਹੈ ਅਤੇ ਸਾਧਨਾਂ ਦਾ ਕਾਫੀ ਉਪ ਖਰਚ ਹੁੰਦਾ ਹੈ। ਵਿਅਸ਼ਟੀ ਅਰਥ ਸ਼ਾਸਤਰ ਜ਼ਿਆਦਾਤਰ ਸਮਾਜਿਕ ਕਲਿਆਣ ਲਿਆਉਣ ਦੇ ਲਈ ਖਰਚਾਂ ਨੂੰ ਦੂਰ ਕਰਨ ਲਈ ਕਈ ਤਰੀਕਿਆਂ ਦਾ ਸੁਝਾਅ ਦੇਣ ਵਿੱਚ ਸਹਾਇਤਾ ਕਰਦਾ ਹੈ। ਜਿਵੇਂ ਕਿ ਪ੍ਰੋ. (iv) **ਪੂਲਰਨਰ** ਨੇ ਠੀਕ ਕਿਹਾ ਹੈ, ''ਅਸੀਂ ਵਿਅਸ਼ਟੀ ਅਰਥਸ਼ਾਸਤਰ ਵਿੱਚ ਜ਼ਿਆਦਾਤਰ ਅਪਖਰਚ ਨੂੰ ਦੂਰ ਕਰਨ ਜਾਂ ਖਤਮ ਕਰਨ ਨਾਲ ਸਬੰਧਿਤ ਹੁੰਦੇ ਹਨ ਜਾਂ ਇਸ ਨਾਲ ਕਿ ਅਕੁਸ਼ਲਤਾ ਪੈਦਾ ਹੋਣ ਨਾਲ ਉਤਪਾਦਨ ਦਾ ਸੰਗਠਨ ਕੁਸ਼ਲਤਾ ਸੰਭਵ ਤਰੀਕੇ ਨਾਲ ਨਹੀਂ ਕੀਤਾ ਗਿਆ...ਵਿਅਸ਼ਟੀ ਅਰਥ ਸ਼ਾਸਤਰ ਸਿਧਾਂਤ ਦਖਸ਼ਤਾ ਦੀਆਂ ਸ਼ਰਤਾਂ ਨੂੰ ਦੱਸਦਾ ਹੈ (ਭਾਵ ਸਾਰੀਆਂ ਤਰ੍ਹਾਂ ਦੀਆਂ ਕੁਸ਼ਲਤਾਵਾਂ ਨੂੰ ਖਤਮ ਕਰਨ ਦੇ ਲਈ) ਅਤੇ ਇਹ ਸੁਝਾਅ ਦਿੰਦਾ ਹੈ ਕਿ ਇਨ੍ਹਾਂ ਸ਼ਰਤਾਂ ਨੂੰ ਕਿਸ ਤਰ੍ਹਾਂ ਪੂਰਾ ਕੀਤਾ ਜਾਵੇ। ਇਹ ਸ਼ਰਤਾਂ 'ਪੈਰੇਟੋ-ਇਸ਼ਟਤਮ' ਸ਼ਰਤ ਕਹਾਉਂਦੀਆਂ ਹਨ) ਜਨਸੰਖਿਆ ਦਾ ਰਹਿਣ-ਸਹਿਣ ਦਾ ਪੱਧਰ ਉਚਾ ਕਰਨ ਵਿੱਚ ਸਭ ਤੋਂ ਜ਼ਿਆਦਾ ਸਹਾਇਕ ਹੋ ਸਕਦੀਆਂ ਹਨ।''

8. **ਪੂਰਵ ਕਥਨ ਦਾ ਅਧਾਰ (The basis for prediction)**-**ਬਿਲਾਸ** ਦੇ ਅਨੁਸਾਰ, ਵਿਅਸ਼ਟੀ ਅਰਥਸ਼ਾਤਰ ਸਿਧਾਂਤ ਪੂਰਵ ਕਥਨ ਦੇ ਅਧਾਰ ਦੇ ਤੌਰ 'ਤੇ ਇਸਤੇਮਾਲ ਹੋ ਸਕਦਾ ਹੈ। ਇਸ ਦਾ ਇਹ ਅਰਥ ਨਹੀਂ ਕਿ ਇਹ ਸਾਨੂੰ ਭਵਿੱਖ ਨੂੰ ਦੱਸਣ ਵਿੱਚ ਸਮਰੱਥਾ ਦੇਵੇਗਾ। ਵਰੰਚ ਇਹ ਅਧਿਕਾਰੀ ਨੂੰ ਪ੍ਰਤੀਬੰਧ (conditional) ਪੂਰਵ ਕਥਨ ਕਰਨ ਵਿੱਚ ਸਮਰੱਥ ਦੇਵੇਗਾ। ਇਨ੍ਹਾਂ ਸ਼ਰਤਾਂ ਦੀਆਂ ਹੇਠ ਲਿਖੀਆਂ ਕਿਸਮਾਂ ਹਨ-ਜੇਕਰ ਕੁਝ ਹੁੰਦਾ ਹੈ ਤਾਂ ਇਕ ਨਿਸ਼ਚਿਤ ਨਤੀਜਿਆਂ ਦੇ ਸਮੂਹ ਪਾਏ ਜਾਣਗੇ...ਉਦਾਹਰਣ ਦੇ ਤੌਰ 'ਤੇ ਅਸੀਂ ਵਸਤੂਆਂ ਅਤੇ ਮਜ਼ਦੂਰੀਆਂ ਨੂੰ ਪ੍ਰਭਾਵਿਤ ਕਰ ਰਹੀਆਂ ਸਰਕਾਰੀ ਨੀਤੀਆਂ ਦਾ ਅਧਿਐਨ ਕਰਨ ਵਿੱਚ ਸਮਰੱਥ ਹਾਂ ਅਤੇ ਦੇਖੋ ਕਿ ਇਹ ਨੀਤੀਆਂ ਸਾਧਨਾਂ ਦੀ ਵੰਡ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ। **ਵਿਅਸ਼ਟੀ ਅਰਥ ਸ਼ਾਸਤਰ** ਸਿਧਾਂਤ ਸਾਨੂੰ ਇੱਥੇ ਪ੍ਰਤੀਬੰਧ ਪੂਰਵ ਕਥਨ ਕਰਨ ਵਿੱਚ ਸਮਰਥਨ ਦੇਵੇਗਾ।''

9. **ਅਸਲੀ ਆਰਥਿਕ ਤੱਤਾਂ ਦੇ ਲਈ ਮਾਡਲਾਂ ਦਾ ਨਿਰਮਾਣ ਅਤੇ ਇਸਤੇਮਾਲ (Construction and use of models for actual economic phenomena)**- ਵਿਅਸ਼ਟੀ ਅਰਥਸ਼ਾਸਤਰ ਅਸਲੀ ਆਰਥਿਕ ਤੱਤਾਂ ਨੂੰ ਸਮਝਣ ਦੇ ਲਈ ਮਾਡਲਾਂ ਨੂੰ ਦੱਸਣਾ ਅਤੇ ਇਸਤੇਮਾਲ ਕਰਦਾ ਹੈ। ਜਿਵੇਂ ਕਿ **ਬਿਲਾਸ** ਨੇ ਕਿਹਾ, ''ਵਿਅਸ਼ਟੀ ਅਰਥ ਸ਼ਾਸਤਰ ਦਾ ਸਿਧਾਂਤਕ ਰਸਤਾ ਅਮੂਰਤ ਮਾਡਲਾਂ ਦੇ ਇਸਤੇਮਾਲ ਕਰਨ ਦਾ ਯਤਨ ਇਹ ਦੇਖਣ ਲਈ ਕਰਦਾ ਹੈ ਕਿ ਕੀਮਤਾਂ ਕਿਸ ਤਰ੍ਹਾਂ ਨਿਰਧਾਰਿਤ ਹੁੰਦੀਆਂ ਹਨ ਅਤੇ ਸਾਧਨਾਂ ਦਾ ਵੱਖ-ਵੱਖ ਉਪਯੋਗ ਵਿੱਚ ਵੰਡ ਕਿਸ ਤਰ੍ਹਾਂ ਹੁੰਦੀ ਹੈ। ਸਿਧਾਂਤ ਨੂੰ ਉਪਯੋਗ ਕਰਨ ਵਾਲੇ ਅਧਿਕਾਰੀ ਨੂੰ ਇਹ ਨਿਰਧਾਰਣ ਕਰਨ ਦੇ ਲਈ ਸਮਰਥਨ ਦੇਣਾ ਚਾਹੀਦਾ ਹੈ ਕਿ ਕਿਹੜਾ ਤੱਥ ਵਿਸ਼ੇਸ਼ ਤੌਰ 'ਤੇ ਅਧਿਐਨ ਕੀਤੀ ਜਾਣ ਵਾਲੀ ਸਮੱਸਿਆ ਦੇ ਪ੍ਰਸੰਗਿਕ ਹਨ।'' **ਲਰਨਰ** ਇਸ ਦੀ ਜ਼ਿਆਦਾ ਸਪੱਸ਼ਟ ਕਰਦੇ ਹੋਏ ਕਹਿੰਦਾ ਹੈ, ''ਵਿਅਸ਼ਟੀ ਅਰਥ ਸ਼ਾਸਤਰ ਇਹ ਸਮਝਣ ਦੀ ਸੁਵਿਧਾ ਦਿੰਦਾ ਹੈ ਕਿ ਬੁਰੀ ਤਰ੍ਹਾਂ ਨਾਲ ਮੁਸ਼ਕਿਲ ਤਹਿਸ-ਨਹਿਸ ਤੱਥਾਂ ਦੇ ਲਈ ਵਿਵਹਾਰ ਦੇ ਮਾਡਲ ਬਣਾ ਕੇ ਜੋ ਕਾਫੀ ਹੱਦ ਤੱਕ ਅਸਲੀ ਘਟਨਾਵਾਂ ਦੇ ਬਰਾਬਰ ਹਨ। ਉਨ੍ਹਾਂ ਦੇ ਸਮਝਣ ਵਿੱਚ ਸਹਾਇਕ ਹੋਵੇਗਾ। ਇਸੇ ਸਮੇਂ ਇਹ ਮਾਡਲ ਅਰਥ ਸ਼ਾਸਤਰੀਆਂ ਨੂੰ ਉਚ ਕੋਟੀ ਤੱਕ ਵਿਆਖਿਆ ਕਰਨ ਦਾ ਸਮਰਥਨ ਦਿੰਦੇ ਹਨ ਜਿੱਥੇ ਤੱਕ ਕਿ ਅਸਲੀ ਘਟਨਾ ਨਿਸ਼ਚਿਤ ਆਦਰਸ਼ ਰਚਨਾਵਾਂ ਵਿੱਚ ਵਿਕਸਿਤ ਹੁੰਦੀਆਂ ਹਨ ਜੋ ਪੂਰਨ ਤੌਰ 'ਤੇ ਵਿਅਕਤੀਗਤ ਅਤੇ ਸਮਾਜਿਕ ਉਦੇਸ਼ਾਂ ਨੂੰ ਪੂਰਾ ਕਰਨਗੇ। ਇਸ ਤਰ੍ਹਾਂ ਉਹ ਕੇਵਲ ਅਸਲੀ ਆਰਥਿਕ ਸਥਿਤੀ ਦਾ ਹੀ ਵਰਨਣ ਕਰਨ ਵਿੱਚ ਸਹਾਇਕ ਨਹੀਂ ਹੁੰਦੇ, ਪ੍ਰੰਤੂ ਨੀਤੀਆਂ ਵੀ ਸੁਝਾਉਂਦੀਆਂ ਹਨ ਜੋ ਕਿ ਬਹੁਤ ਸਫਲਤਾ ਅਤੇ ਬਹੁਤ ਦਖਸ਼ਤਾ ਦੇ ਨਾਲ ਇਛੁੱਕ ਨਤੀਜਿਆਂ ਨੂੰ ਲਿਆਏਗੀ ਅਤੇ ਅਜਿਹੀਆਂ ਨੀਤੀਆਂ ਅਤੇ ਹੋਰ ਘਟਨਾਵਾਂ ਦੇ ਨਤੀਜਿਆਂ ਦੀ ਵੀ ਭਵਿੱਖਵਾਣੀ ਕਰਨਗੇ।'' ਇਸ ਤਰ੍ਹਾ ਇਹ ਸਮੱਸਿਆ ਸੁਲਝਾਉਣ ਦੀ ਇਕ ਚੰਗੀ ਵਿਧੀ ਹੈ।

ਵਿਅਸ਼ਟੀ ਅਰਥ ਸ਼ਾਸਤਰ ਦੀਆਂ ਹੱਦਾਂ (Limitations of Micro-economics)- ਇਸ ਦੇ ਮਹੱਤਵ ਦੇ ਬਾਵਜੂਦ ਅਰਥ ਸ਼ਾਸਤਰ ਦੀਆਂ ਕੁਝ ਹੱਦਾਂ ਹਨ, ਜਿਨ੍ਹਾਂ ਦੀ ਹੇਠ ਲਿਖੇ ਅਨੁਸਾਰ ਵਿਆਖਿਆ ਕੀਤੀ ਗਈ ਹੈ-

1. ਇਹ ਅਰਥਵਿਵਸਥਾ ਵਿੱਚ ਪੂਰੇ ਰੋਜ਼ਗਾਰ ਦੀ **ਅਸਲੀ ਮਾਨਤਾ 'ਤੇ ਅਧਾਰਿਤ ਨਹੀਂ ਹੈ। ਕੇਂਜ** ਦੇ ਅਨੁਸਾਰ ਪੂਰੇ ਰੋਜ਼ਗਾਰ ਨੂੰ ਮੰਨਣਾ ਇਹ ਮੰਨ ਲੈਣ ਦੇ ਬਰਾਬਰ ਹੈ ਕਿ ਸਾਡੇ ਸਾਹਮਣੇ ਕਠਿਨਾਈਆਂ ਹਨ ਕਿ ਨਹੀਂ। ਅਸਲੀ ਸੰਸਾਰ ਵਿੱਚ ਪੂਰੇ

ਰੋਜ਼ਗਾਰ ਨਿਯਮ ਨਹੀਂ, ਬਲਕਿ ਅਪਵਾਦ ਹੈ। ਇਸ ਤਰ੍ਹਾਂ, ਅਰਥ ਸ਼ਾਸਤਰ ਆਰਥਿਕ ਵਿਸ਼ਲੇਸ਼ਣ ਦੀ ਇਕ ਅਸਲੀ ਵਿਧੀ ਹੈ। **ਨੋਟ**

2. ਵਿਅਸ਼ਟੀ ਅਰਥ ਸ਼ਾਸਤਰ ਅਬਾਧ (laissez faire) ਨੀਤੀ ਦੀ ਮਾਨਤਾ 'ਤੇ ਅਧਾਰਿਤ ਹੈ। ਪਰ ਇਹ ਨੀਤੀ ਹੁਣ ਬਿਲਕੁਲ ਇਸਤੇਮਾਲ ਨਹੀਂ ਕੀਤੀ ਜਾਂਦੀ ਹੈ। ਇਹ 1930 ਦੇ ਦਹਾਕੇ ਦੀ ਮਹਾਨ ਮੰਦੀ ਦੇ ਨਾਲ ਖਤਮ ਹੋ ਗਈ ਸੀ। ਇਸ ਕਾਰਨ ਵਿਅਸ਼ਟੀ ਅਰਥ ਸ਼ਾਸਤਰ ਦਾ ਅਧਿਐਨ **ਅਸਲੀ ਨਹੀਂ ਬਣ ਜਾਂਦਾ ਹੈ**।
3. ਵਿਅਸ਼ਟੀ ਅਰਥਸ਼ਾਸਤਰ ਅੰਸ਼ਾਂ ਦੇ ਅਧਿਐਨ ਨਾਲ ਸਬੰਧਿਤ ਹੈ ਅਤੇ ਸਾਰਿਆਂ ਦੇ ਮੁਕਾਬਲੇ ਕਰਦਾ ਹੈ। ਜਿਵੇਂ ਕਿ **ਬੋਲਡਿੰਗ** ਨੇ ਪ੍ਰਗਟ ਕੀਤਾ ਹੈ, "ਆਰਥਿਕ ਪ੍ਰਣਾਲੀ ਜਿਵੇਂ ਤੱਥਾਂ ਦੇ ਇਕ ਵੱਡੇ ਅਤੇ ਸੰਸਾਰ ਦੀ ਵਿਆਖਿਆ ਵਿਅਕਤੀਗਤ ਇਕਾਈਆਂ ਦੇ ਰੂਪ ਵਿੱਚ ਕਰਨਾ ਅਸੰਭਵ ਹੈ" ਅਤੇ ਵਿਅਸ਼ਟੀ ਦਾ ਅਧਿਐਨ ਅਰਥ ਵਿਵਸਥਾ ਦੀ ਇਕ ਅਸਪੱਸ਼ਟ ਅਤੇ ਅਪੂਰਨ ਤਸਵੀਰ ਪ੍ਰਦਾਨ ਕਰਦਾ ਹੈ।
4. ਕਈ ਆਰਥਿਕ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਨ ਵਿੱਚ ਵਿਅਸ਼ਟੀ ਅਰਥ ਸ਼ਾਸਤਰ ਹੀ ਨਹੀਂ, ਬਲਕਿ ਮੁਸ਼ਕਿਲ ਵੀ ਹੈ। ਇਹ ਜ਼ਰੂਰੀ ਨਹੀਂ ਕਿ ਜੋ ਨਿਯਮ ਇਕ ਵਿਸ਼ੇਸ਼ ਪਰਿਵਾਰ, ਫਰਮ ਜਾਂ ਉਦਯੋਗ ਦੇ ਲਈ ਸੱਚ ਹਨ ਉਹ ਸਾਰੀ ਅਰਥ ਵਿਵਸਥਾ 'ਤੇ ਵੀ ਠੀਕ-ਠੀਕ ਲਾਗੂ ਹੋਵੇ।

ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)-

1. ਵਿਅਸ਼ਟੀ ਅਰਥ ਸ਼ਾਸਤਰ ਆਰਥਿਕ.....ਦੀ ਇਕ ਮਹੱਤਵਪੂਰਨ ਵਿਧੀ ਹੈ।
2. ਵਿਅਸ਼ਟੀ ਅਰਥ ਸ਼ਾਸਤਰ .....ਦੀਆਂ ਸਮੱਸਿਆਵਾਂ ਨੂੰ ਸਮਝਣ ਵਿੱਚ ਸਹਾਇਕ ਹੋ ਗਏ।
3. 'ਵਿਅਸ਼ਟੀ' ਸ਼ਬਦ ਗ੍ਰੀਕ ਸ਼ਬਦ .....ਤੋਂ ਲਿਆ ਗਿਆ ਹੈ।

1.2 ਸਮਸ਼ਟੀ ਅਰਥਸ਼ਾਸਤਰ (Macro Economics)

ਇਸ ਦਾ ਅਰਥ (Its Meaning)

ਸਮਿੱਸ਼ਟੀ ਅਰਥਸ਼ਾਸਤਰ ਸਮੂਹਾਂ (aggregates) ਜਾਂ ਸਾਰੀ ਅਰਥ ਵਿਵਸਥਾ ਨਾਲ ਸਬੰਧ ਰੱਖਣ ਵਾਲੀਆਂ ਔਸਤਾਂ ਦਾ ਅਧਿਐਨ ਹੈ ਜਿਵੇਂ ਕਿ ਕੁੱਲ ਰੋਜ਼ਗਾਰ, ਬੇਰੋਜ਼ਗਾਰੀ, ਰਾਸ਼ਟਰੀ ਆਮਦਨ, ਰਾਸ਼ਟਰੀ ਉਤਪਾਦਨ, ਕੁੱਲ ਨਿਵੇਸ਼, ਕੁੱਲ ਉਪਭੋਗ, ਕੁੱਲ ਬਚਤ, ਕੁੱਲ ਪੂਰਤੀ, ਕੁੱਲ ਮੰਗ ਅਤੇ ਸਧਾਰਣ ਕੀਮਤ ਪੱਧਰ, ਮਜ਼ਦੂਰੀ ਪੱਧਰ, ਵਿਆਜ ਦਰਾਂ ਅਤੇ ਲਾਗਤ ਢਾਂਚਾ। ਦੂਸਰੇ ਸ਼ਬਦਾਂ ਵਿੱਚ ਇਹ ਸਮੂਹਿਕ ਅਰਥ ਸ਼ਾਸਤਰ ਜੋ ਵੱਖ-ਵੱਖ ਸਮੂਹਾਂ ਦੇ ਆਪਸੀ ਸਬੰਧਾਂ, ਉਨ੍ਹਾਂ ਦੇ ਨਿਰਧਾਰਣ ਅਤੇ ਉਨ੍ਹਾਂ ਵਿੱਚ ਹੋਣ ਵਾਲੇ ਉਤਾਰ-ਚੜ੍ਹਾਅ ਦੀ ਜਾਂਚ ਕਰਦਾ ਹੈ। ਇਸ ਤਰ੍ਹਾਂ, **ਏਕਲੇ** ਦੇ ਅਨੁਸਾਰ, "ਸਮਿੱਸ਼ਟੀ ਅਰਥ ਸ਼ਾਸਤਰ ਆਰਥਿਕ ਘਟਨਾਵਾਂ ਨਾਲ ਬਿਹਤਰ ਰੂਪ ਨਾਲ ਵਿਵਹਾਰ ਕਰਦਾ ਹੈ। ਇਹ ਆਰਥਿਕ ਜੀਵਨ ਦੇ ਕੁੱਲ ਆਯਾਮਾਂ ਨਾਲ ਸਬੰਧ ਰੱਖਦਾ ਹੈ। ਇਹ ਆਰਥਿਕ ਅਨੁਭਵ ਦੇ 'ਹਾਥੀ' ਦੇ ਵਿਅਕਤੀਗਤ ਅੰਗਾਂ ਦੇ ਕੰਮ ਕਰਨ, ਹੱਡੀਆਂ ਦੇ ਜੋੜਾਂ ਅਤੇ ਆਯਾਮਾਂ ਨੂੰ ਦੇਖਣ ਦੀ ਬਜਾਏ, ਉਸ ਦੇ ਕੁੱਲ ਸਬੂਤ ਅਤੇ ਅਕਾਰ ਅਤੇ ਕੰਮ ਕਰਨ ਨੂੰ ਦੇਖਣਾ ਹੈ। ਇਹ ਉਨ੍ਹਾ ਦਰੱਖਤਾਂ ਤੋਂ ਸੁਤੰਤਰ ਰਹਿ ਕੇ, ਜੰਗਲ ਦੀ ਪ੍ਰਕਿਰਤੀ ਦਾ ਅਧਿਐਨ ਕਰਦਾ ਹੈ ਜਿਸ ਨੇ ਕਿ ਉਹ (ਜੰਗਲ) ਬਣਿਆ ਹੈ।"

ਸਮਿੱਸ਼ਟੀ ਅਰਥਸ਼ਾਸਤਰ ਨੂੰ "ਆਮਦਨ ਅਤੇ ਰੋਜ਼ਗਾਰ ਦਾ ਸਿਧਾਂਤ' ਜਾਂ ਕੇਵਲ 'ਆਮਦਨ ਵਿਸ਼ਲੇਸ਼ਣ' ਵੀ ਕਹਿੰਦੇ ਹਨ। ਬੇਰੋਜ਼ਗਾਰੀ, ਆਰਥਿਕ ਉਤਾਰ-ਚੜ੍ਹਾਅ, ਮੁਦਰਾਸਫੀਤੀ, ਅਪਸਫੀਤੀ, ਅਸਥਿਰਤਾ, ਗਤੀਹੀਣਤਾ, ਅੰਤਰਰਾਸ਼ਟਰੀ ਵਪਾਰ ਅਤੇ ਆਰਥਿਕ ਵਿਕਾਸ ਦੀਆਂ ਸਮੱਸਿਆਵਾਂ ਨਾਲ ਇਸ ਦਾ ਸਬੰਧ ਹੈ। ਇਹ ਬੇਰੋਜ਼ਗਾਰੀ ਦੇ ਕਾਰਨਾਂ ਅਤੇ ਰੋਜ਼ਗਾਰ ਦੇ ਵੱਖ-ਵੱਖ ਨਿਰਧਾਰਕਾਂ ਦਾ ਅਧਿਐਨ ਕਰਦਾ ਹੈ। ਵਪਾਰ ਚੱਕਰਾਂ ਦੇ ਖੇਤਰ ਵਿੱਚ, ਇਹ ਕੁੱਲ ਉਤਪਾਦਨ, ਕੁੱਲ ਆਮਦਨ ਅਤੇ ਕੁੱਲ ਰੋਜ਼ਗਾਰ 'ਤੇ ਪੈਣ ਵਾਲੇ ਨਿਵੇਸ਼ਾਂ ਦੇ ਪ੍ਰਭਾਵਾਂ ਨਾਲ ਆਪਣਾ ਸਬੰਧ ਰੱਖਦਾ ਹੈ। ਮੈਦ੍ਰਿਕ ਖੇਤਰ ਵਿੱਚ ਇਹ ਸਧਾਰਣ ਕੀਮਤ ਪੱਧਰ 'ਤੇ ਮੁਦਰਾ ਦੀ ਕੁੱਲ ਮਾਤਰਾ ਦੇ ਪ੍ਰਭਾਵ ਦਾ ਅਧਿਐਨ ਕਰਦਾ ਹੇ। ਅੰਤਰਰਾਸ਼ਟਰੀ ਵਪਾਰ ਵਿੱਚ ਭੁਗਤਾਨ-ਬਾਕੀ ਅਤੇ ਵਿਦੇਸ਼ੀ ਸਹਾਇਤਾ ਦੀਆਂ ਸਮੱਸਿਆਵਾਂ ਸਮਿੱਸ਼ਟੀ ਆਰਥਿਕ ਵਿਸ਼ਲੇਸ਼ਣ ਦੇ ਖੇਤਰ ਵਿੱਚ ਆਉਂਦੀਆਂ ਹਨ। ਇਨ੍ਹਾਂ ਸਾਰਿਆਂ ਤੋਂ ਵੱਧ ਕੇ, ਸਮਿੱਸ਼ਟੀ ਸਿਧਾਂਤ ਇਕ ਦੇਸ਼ ਦੀ ਕੁੱਲ ਆਮਦਨ ਦੇ ਨਿਰਧਾਰਣ ਦੀਆਂ ਸਮੱਸਿਆਵਾਂ ਅਤੇ ਉਸ ਦੇ ਉਤਾਰ-ਚੜ੍ਹਾਅ ਦੇ ਕਾਰਨਾਂ 'ਤੇ ਵਿਚਾਰ ਕਰਦਾ ਹੈ। ਅੰਤਿਮ ਇਹ ਉਨ੍ਹਾਂ ਕਾਰਨਾਂ ਦਾ ਅਧਿਐਨ ਕਰਦਾ ਹੈ ਜੋ ਵਿਕਾਸ ਵਿੱਚ ਰੁਕਾਵਟ ਪਾਉਂਦੇ ਹਨ ਅਤੇ ਉਨ੍ਹਾਂ ਦਾ ਜੋ ਅਰਥ ਵਿਵਸਥਾ ਨੂੰ ਆਰਥਿਕ ਵਿਕਾਸ ਦੇ ਰਸਤੇ 'ਤੇ ਲਿਆਉਂਦੇ ਹਨ।

ਨੋਟ

ਸਾਵਧਾਨੀ ਕਈ ਆਰਥਿਕ ਸਮੱਸਿਆਵਾਂ ਦੇ ਵਿਸ਼ਲੇਸ਼ਣ ਵਿੱਚ ਵਿਅਸ਼ਟੀ ਅਸਮਰਥ ਹੀ ਨਹੀਂ, ਬਲਕਿ ਮੁਸ਼ਕਿਲ ਵੀ ਹੈ।

1.3 ਵਿਅਸ਼ਟੀ ਅਰਥਸ਼ਾਸਤਰ ਅਤੇ ਸਮਸ਼ਟੀ ਅਰਥ ਸ਼ਾਸਤਰ ਵਿੱਚ ਫਰਕ (Distinction between Micro Economics and Macro Economics)

ਵਿਅਸ਼ਟੀ ਅਰਥਸ਼ਾਸਤਰ ਅਤੇ ਸਮਿੱਸ਼ਟੀ ਅਰਥ ਸ਼ਾਸਤਰ ਵਿੱਚ ਹੇਠ ਲਿਖੇ ਫਰਕ ਕੀਤੇ ਜਾ ਸਕਦੇ ਹਨ–

'ਵਿਅਸ਼ਟੀ' ਸ਼ਬਦ ਗ੍ਰੀਕ ਸ਼ਬਦ 'micros' ਨਾਲ ਲਿਆ ਗਿਆ ਹੈ ਜਿਸ ਦਾ ਅਰਥ ਹੈ 'ਛੋਟਾ'। ਵਿਅਸ਼ਟੀ ਅਰਥ ਸ਼ਾਸਤਰ ਵਿਅਕਤੀਆਂ ਅਤੇ ਵਿਅਕਤੀਆਂ ਦੇ ਛੋਟੇ ਗਰੁੱਪਾਂ ਦਾ ਅਧਿਐਨ ਹੈ। ਇਹ ਵਿਸ਼ੇਸ਼ ਪਰਿਵਾਰਾਂ, ਵਿਸ਼ੇਸ਼ ਫਰਮਾਂ, ਵਿਸ਼ੇਸ਼ ਉਦਯੋਗਾਂ, ਵਿਸ਼ੇਸ਼ ਵਸਤੂਆਂ ਅਤੇ ਵਿਅਕਤੀਗਤ ਕੀਮਤਾਂ ਦਾ ਅਧਿਐਨ ਹੈ। 'ਸਮਿੱਸ਼ਟੀ' ਸ਼ਬਦ ਵੀ ਇਕ ਗ੍ਰੀਕ ਸ਼ਬੰਦ 'macros' ਤੋਂ ਲਿਆ ਗਿਆ , ਜਿਸ ਦਾ ਅਰਥ ਹੈ 'ਵੱਡਾ। ਇਹ ''ਇਨ੍ਹਾਂ ਮਾਤਰਾਵਾਂ ਦੇ ਸਮੂਹਾਂ ਨਾਲ ਸਬੰਧਿਤ ਹੈ ਨਾ ਕਿ ਵਿਅਕਤੀਗਤ ਆਮਦਨ ਬਲਕਿ ਰਾਸ਼ਟਰੀ ਆਮਦਨ ਨਾਲ, ਵਿਅਕਤੀਗਤ ਕੀਮਤਾਂ ਨਾਲ ਨਹੀਂ ਪਰ ਸਧਾਰਣ ਕੀਮਤ ਪੱਧਰਾਂ ਨਾਲ, ਵਿਅਕਤੀਗਤ ਉਤਪਾਦਨ ਨਾਲ ਨਹੀਂ ਬਲਕਿ ਰਾਸ਼ਟਰੀ ਉਤਪਾਦਨ ਨਾਲ।''

ਕੀ ਤੁਸੀਂ ਜਾਣਦੇ ਹੋ 'ਵਿਅਸ਼ਟੀ' ਸ਼ਬਦ ਦੀ ਉਤਪਤੀ ਗ੍ਰੀਕ ਸ਼ਬਦ 'micros' ਅਤੇ 'ਸਮਿੱਸ਼ਟੀ' ਸ਼ਬਦ ਦੀ ਉਤਪਤੀ ਗ੍ਰੀਕ ਸ਼ਬਦ 'macros' ਤੋਂ ਹੋਈ ਹੈ।

ਵਿਅਸ਼ਟੀ ਅਰਥ ਸ਼ਾਸਤਰ ਦਾ ਮੰਗ ਵੱਲ ਉਦੇਸ਼ ਉਪਯੋਗਤਾ ਨੂੰ ਜ਼ਿਆਦਾ ਕਰਨਾ ਹੈ ਜਦੋਂ ਕਿ ਪੂਰਤੀ ਵੱਲ ਨਿਊਨਤਮ ਲਾਗਤ 'ਤੇ ਲਾਭਾਂ ਨੂੰ ਜ਼ਿਆਦਾ ਕਰਨਾ ਹੈ। ਦੂਸਰੇ ਪਾਸੇ ਸਮਿੱਸ਼ਟੀ ਅਰਥ ਸ਼ਾਸਤਰ ਦੇ ਮੁੱਖ ਉਦੇਸ਼ ਪੂਰਨ ਰੋਜ਼ਗਾਰ, ਕੀਮਤ ਸਥਿਰਤਾ, ਆਰਥਿਕ ਵਾਧਾ ਅਤੇ ਅਨੁਕੂਲਨ ਭੁਗਤਾਨ ਸੰਤੁਲਨ ਹਨ।

ਵਿਅਸ਼ਟੀ ਅਰਥਸ਼ਾਸਤਰ ਦਾ ਅਧਾਰ ਕੀਮਤ ਤੰਤਰ ਹੈ ਜੋ ਮੰਗ ਅਤੇ ਪੂਰਤੀ ਦੀਆਂ ਸ਼ਕਤੀਆਂ ਦੀ ਸਹਾਇਤਾ ਨਾਲ ਕੰਮ ਕਰਦਾ ਹੈ। ਇਹ ਸ਼ਕਤੀਆਂ ਮਾਰਕੀਟ ਵਿੱਚ ਸੰਤੁਲਨ ਕੀਮਤ ਨਿਰਧਾਰਿਤ ਕਰਨ ਵਿੱਚ ਸਹਾਇਕ ਹੁੰਦੀਆਂ ਹਨ। ਦੂਸਰੇ ਪਾਸੇ ਸਮਿੱਸ਼ਟੀ ਅਰਥ ਸ਼ਾਸਤਰ ਦੇ ਅਧਾਰ ਰਾਸ਼ਟਰੀ ਆਮਦਨ, ਉਤਪਾਦਨ ਰੋਜ਼ਗਾਰ ਅਤੇ ਸਧਾਰਣ ਕੀਮਤ ਪੱਧਰ ਹਨ ਜੋ ਕੁੱਲ ਮੰਗ ਅਤੇ ਕੁੱਲ ਪੂਰਤੀ ਨਾਲ ਨਿਰਧਾਰਿਤ ਹੁੰਦੇ ਹਨ।

ਵਿਅਸ਼ਟੀ ਅਰਥ ਸ਼ਾਸਤਰ ਉਨ੍ਹਾਂ ਮਾਨਤਾਵਾਂ 'ਤੇ ਅਧਾਰਿਤ ਹੈ, ਜਿਨ੍ਹਾਂ ਦਾ ਸਬੰਧ ਵਿਅਕਤੀਆਂ ਦੇ ਵਿਵੇਕੀ ਵਿਵਹਾਰ ਨਾਲ ਹੈ। ਫਿਰ ਇਸ ਵਿੱਚ 'ਹੋਰ ਗੱਲਾਂ ਬਰਾਬਰ ਰਹਿਣ' ਦਾ ਇਸਤੇਮਾਲ ਵੱਖ-ਵੱਖ ਆਰਥਿਕ ਨਿਯਮਾਂ ਦੀ ਵਿਆਖਿਆ ਕਰਨ ਲਈ ਕੀਤਾ ਜਾਂਦਾ ਹੈ। ਦੂਸਰੇ ਪਾਸੇ ਸਮਿਸ਼ਟ ਅਰਥ ਸਮਿੱਸ਼ਟੀ ਅਰਥਸ਼ਾਸਤਰ ਦੀਆਂ ਮਾਨਤਾਵਾਂ ਅਰਥ ਵਿਵਸਥਾ ਦੇ ਉਤਪਾਦਨ ਦੀ ਕੁੱਲ ਮਾਤਰਾ, ਕਿਸ ਹੱਦ ਤੱਕ ਇਸ ਦੇ ਸਾਧਨ ਨਿਯੋਜਿਤ ਹਨ, ਰਾਸ਼ਟਰੀ ਆਮਦਨ ਦਾ ਅਕਾਰ ਅਤੇ ਸਧਾਰਣ ਜੀਵਨ ਪੱਧਰ, ਜਿਵੇਂ ਚਰਾਂ 'ਤੇ ਅਧਾਰਿਤ ਹੈ।

ਸਵੈ ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions)-

4. ਸਾਧਨਾਂ ਦੀ ਵੰਡ ਅਤੇ ਦਕਸ਼ਤਾ.....ਅਰਥ ਸ਼ਾਸਤਰ ਦੇ ਅਧਿਐਨ ਨਾਲ ਸਬੰਧਿਤ ਹੈ।
   (ਅ) ਕਲਿਆਣ (ਬ) ਸਮਿੱਸ਼ਟੀ (ਸ) ਵਿਅਸ਼ਟੀ (ਦ) ਸਮਾਜਿਕ
5. ਉਤਪਾਦਨ ਦੇ ਸਾਧਨਾਂ ਦੀ ਮੰਗ..... ਤੋਂ ਆਉਂਦੀ ਹੈ।
   (ਅ) ਉਪਭੋਗਤਾਵਾਂ (ਬ) ਉਤਪਾਦਕਾਂ (ਸ) ਕੀਮਤਾਂ (ਦ) ਮਾਲਕਾਂ

ਨੋਟ

6. ਕੀਮਤ ਸਿਧਾਂਤ ਦਾ ਸਬੰਧ ਦੁਰਲੱਭ ਸਾਧਨਾਂ ਦੇ ਕੁਸ਼ਲ ..... ਨਾਲ ਹੈ।

(ਅ) ਸਾਧਿਆਂ (ਬ) ਵੰਡ (ਸ) ਨਿੱਤ ਖਰਚ (ਦ) ਨਿਯੁਕਤੀ

7. ਅਸਲੀ ਸੰਸਾਰ ਵਿੱਚ ਪੂਰਨ ਰੋਜ਼ਗਾਰ ਨਿਯਮ, ਬਲਕਿ ..... ਹੈ।

(ਅ) ਅਸਲੀ (ਬ) ਅੱਪਵਾਦ (ਸ) ਰੋਜ਼ਗਾਰ (ਦ) ਵਿਸ਼ਲੇਸ਼ਣ

8. ਵਿਅਸ਼ਟੀ ਅਰਥ ਸ਼ਾਸਤਰ ਆਰਥਿਕ ਵਿਸ਼ਲੇਸ਼ਣ ਦੀ ਇਕ ..... ਵਿਧੀ ਹੈ।

(ਅ) ਅਸਲੀ (ਬ) ਪੂਰਨ (ਸ) ਅੱਪਵਾਦ (ਦ) ਸਫਲ

ਵਿਅਸ਼ਟੀ ਅਰਥ ਸ਼ਾਸਤਰ ਅੰਸ਼ਿਕ ਸੰਤੁਲਨ ਵਿਸ਼ਲੇਸ਼ਣ 'ਤੇ ਅਧਾਰਿਤ ਹੈ ਜੋ ਇਕ ਵਿਅਕਤੀ, ਇਕ ਫਰਮ, ਇਕ ਉਦਯੋਗ ਅਤੇ ਇਕ ਸਾਧਨ ਦੀਆਂ ਸੰਤੁਲਨ ਸ਼ਰਤਾਂ ਦੀ ਵਿਆਖਿਆ ਕਰਨ ਵਿੱਚ ਸਹਾਇਕ ਹੁੰਦਾ ਹੈ। ਦੂਸਰੇ ਪਾਸੇ ਸਮਿੱਸ਼ਟੀ ਅਰਥ ਸ਼ਾਸਤਰ ਸਧਾਰਣ ਸੰਤੁਲਨ ਵਿਸ਼ਲੇਸ਼ਣ 'ਤੇ ਅਧਾਰਿਤ ਹੈ ਜੋ ਇਕ ਆਰਥਿਕ ਪ੍ਰਣਾਲੀ ਦੇ ਕੰਮ ਕਰਨ ਨੂੰ ਸਮਝਣ ਲਈ ਅਨੇਕਾਂ ਆਰਥਿਕ ਚਰਾਂ ਅਤੇ ਉਸ ਦੇ ਪ੍ਰਸਪਰ ਸਬੰਧਾਂ ਤੇ ਪ੍ਰਸਪਰ ਨਿਰਭਰਤਾਵਾਂ ਦਾ ਵਿਸਥਾਰਪੂਰਵਕ ਅਧਿਐਨ ਹੈ।

ਵਿਅਸ਼ਟੀ ਅਰਥ ਸ਼ਾਸਤਰ ਵਿੱਚ ਸੰਤੁਲਨ ਸ਼ਰਤਾਂ ਦਾ ਅਧਿਐਨ ਇਕ ਵਿਸ਼ੇਸ਼ ਸਮੇਂ ਵਿੱਚ ਕੀਤਾ ਜਾਂਦਾ ਹੈ। ਇਹ ਸਮੇਂ ਤੱਤ ਦੀ ਵਿਆਖਿਆ ਨਹੀਂ ਕਰਦਾ। ਇਸ ਲਈ ਵਿਅਸ਼ਟੀ ਅਰਥ ਸ਼ਾਸਤਰ ਸਥੈਤਿਕ ਵਿਸ਼ਲੇਸ਼ਣ ਹੈ। ਦੂਸਰੇ ਪਾਸੇ ਸਮਿੱਸ਼ਟੀ ਅਰਥ ਸ਼ਾਸਤਰ ਸਮੇਂ ਬਾਅਦ ਦੇ ਸਮੇਂ (Time Lags), ਪਰਿਵਰਤਨ ਦੀਆਂ ਦਰਾਂ ਅਤੇ ਚਰਾਂ ਦੇ ਵਿਗਤ ਅਤੇ ਪ੍ਰਤੀਸ਼ਤ ਮੁੱਲਾਂ 'ਤੇ ਅਧਾਰਿਤ ਹੈ। ਇਸ ਤਰ੍ਹਾਂ ਇਹ ਗਤਿਆਤਮਕ ਵਿਸ਼ਲੇਸ਼ਣ ਨਾਲ ਸਬੰਧਿਤ ਹੈ।

ਵਿਅਸ਼ਟੀ ਅਰਥ ਸ਼ਾਸਤਰ ਵਿਸਥਾਰਪੂਰਵਕ ਰੇਂਜ ਦੀਆਂ ਸਥਿਤੀਆਂ, ਸਮੱਸਿਆਵਾਂ, ਵਸਤੂਆਂ, ਮਾਰਕੀਟਾਂ ਅਤੇ ਸੰਗਠਨ ਦੀਆਂ ਕਿਸਮਾਂ 'ਤੇ ਜ਼ਿਆਦਾਤਰ ਸਧਾਰਣਤਾ ਅਤੇ ਵਿਵਹਾਰਤਾ ਨਾਲ ਯੁਕਤ ਹੈ। ਇਹ ਧਾਰਨਾਵਾਂ ਅਤੇ ਪ੍ਰਣਾਲੀ-ਵਿਗਿਆਨ (Methodology) 'ਤੇ ਜ਼ੋਰ ਦਿੰਦਾ ਹੈ, ਜਿਨ੍ਹਾਂ ਦਾ ਸਮੱਸਿਆ ਹੱਲ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਹੈ। ਇਸ ਦੀ ਤੁਲਨਾ ਵਿੱਚ ਸਮਿੱਸ਼ਟੀ ਅਰਥ ਸ਼ਾਸਤਰ ਇਕ ਅਰਥ ਵਿਵਸਥਾ ਦੇ ਵਿਵਹਾਰਿਕ ਗਿਆਨ ਦਾ ਪਤਾ ਲੱਗਦਾ ਹੈ, ਜਿਸ ਵਿੱਚ ਸਮਿੱਸ਼ਟੀ ਆਰਥਿਕ ਸਮੱਸਿਆਵਾਂ ਇਸ ਦੇ ਮੁਕਾਬਲੇ ਘੱਟ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਵਿਸ਼ੇਸ਼ ਹੱਲ ਵੀ।

ਵਿਅਸ਼ਟੀ ਅਰਥ ਸ਼ਾਸਤਰ ਅਤੇ ਸਮਿੱਸ਼ਟੀ ਅਰਥ ਸ਼ਾਸਤਰ ਦੋਵਾਂ ਵਿੱਚ ਸਮੂਹਾਂ (Aggregates) ਦਾ ਅਧਿਐਨ ਸ਼ਾਮਿਲ ਹੈ ਪਰ ਵਿਅਸ਼ਟੀ ਅਰਥ ਸ਼ਾਸਤਰ ਵਿੱਚ ਸਮੂਹ ਸਮਿੱਸ਼ਟੀ ਅਰਥ ਸ਼ਾਸਤਰ 'ਚ ਸਮੂਹਾਂ ਤੋਂ ਵੱਖ ਹੈ। ਵਿਅਸ਼ਟੀ ਅਰਥ ਸ਼ਾਸਤਰ ਵਿੱਚ ਵਿਅਕਤੀਗਤ ਪਰਿਵਾਰਾਂ, ਵਿਅਕਤੀਗਤ ਫਰਮਾਂ ਅਤੇ ਵਿਅਕਤੀਗਤ ਉਦਯੋਗਾਂ ਦੇ ਇਕ-ਦੂਸਰੇ ਨਾਲ ਪ੍ਰਸਪਰ ਸਹਿਮਤੀ (Aggregation) ਨਾਲ ਸਬੰਧ ਰੱਖਦੇ ਹਨ। "ਉਦਾਹਰਣ ਦੇ ਤੌਰ 'ਤੇ 'ਉਦਯੋਗ' ਦੀ ਧਾਰਨਾ ਅਨੇਕਾਂ ਫਰਮਾਂ ਜਾਂ ਵਸਤੂਆਂ ਦਾ ਜੋੜ ਕਰਦੀ ਹੈ। ਜੁੱਤੀਆਂ ਲਈ ਉਪਭੋਗਤਾ ਮੰਗ ਕਈ ਪਰਿਵਾਰਾਂ ਦੀਆਂ ਮੰਗਾਂ ਦਾ ਜੋੜ ਹੁੰਦੀ ਹੈ ਅਤੇ ਜੁੱਤੀਆਂ ਦੀ ਪੂਰਤੀ ਕਈ ਫਰਮਾਂ ਦੇ ਉਤਪਾਦਨ ਦਾ ਜੋੜ ਹੈ। ਕਿਸੇ ਇਕ ਇਲਾਕੇ ਜਾਂ ਉਦਯੋਗ ਵਿੱਚ ਮਜ਼ਦੂਰ ਦੀ ਮੰਗ ਅਤੇ ਪੂਰਤੀ ਸਪੱਸ਼ਟ ਤੌਰ 'ਤੇ ਸਮੂਹਿਕ ਧਾਰਨਾਵਾਂ ਹਨ।" ਪਰ ਵਿਅਸ਼ਟੀ ਅਰਥ ਸ਼ਾਸਤਰ ਵਿੱਚ ਸਮੂਹਾਂ ਦਾ ਅਧਿਐਨ ਸਮਿੱਸ਼ਟੀ ਅਰਥ ਸ਼ਾਸਤਰ ਤੋਂ ਵੱਖ ਹੁੰਦਾ ਹੈ। ਸਮਿੱਸ਼ਟੀ ਅਰਥ ਸ਼ਾਸਤਰ ਵਿੱਚ ਸਮੂਹਾਂ ਦੇ ਇਸਤੇਮਾਲਾਂ ਦਾ ਸਬੰਧ "ਸਾਰੀ ਅਰਥ ਵਿਵਸਥਾ ਦੇ ਜੋੜ" ਨਾਲ ਹੁੰਦਾ ਹੈ, ਜਦ ਕਿ ਵਿਅਸ਼ਟੀ ਅਰਥ ਸ਼ਾਸਤਰ ਵਿੱਚ ਇਹ ਅਰਥ ਵਿਵਸਥਾ ਦੇ ਨਾਲ ਸਬੰਧਿਤ ਨਹੀਂ ਹੁੰਦੇ ਪਰ ਵਿਅਕਤੀਗਤ ਪਰਿਵਾਰਾਂ, ਫਰਮਾਂ ਅਤੇ ਉਦਯੋਗਾਂ ਨਾਲ ਹੁੰਦੇ ਹਨ।

ਟਾਸਕ ਵਿਅਸ਼ਟੀ ਅਤੇ ਸਮਿੱਸ਼ਟੀ ਅਰਥ ਸ਼ਾਸਤਰ ਦੀਆਂ ਆਰਥਿਕ ਕਿਰਿਆਵਾਂ 'ਤੇ ਆਪਣੇ ਵਿਚਾਰ ਪ੍ਰਗਟ ਕਰੋ।

1.4 ਦੋਨਾਂ ਮਾਰਗਾਂ ਦੇ ਪ੍ਰਸਪਰ ਸਬੰਧ ਅਤੇ ਸਮਾਕਲਨ ਦੀਆਂ ਸਮੱਸਿਆਵਾਂ (Problems of Interrelation and Integration of the Two Approaches)

ਵਿਅਸ਼ਟੀ ਅਤੇ ਸਮਿੱਸ਼ਟੀ ਅਰਥ ਸ਼ਾਸਤਰ ਦੀ ਇਹ ਸਧਾਰਣ ਵੰਡ ਦ੍ਰਿੜ ਨਹੀਂ ਹੈ, ਕਿਉਂਕਿ ਸਾਰੇ ਅੰਸ਼ਾਂ ਨੂੰ ਪ੍ਰਭਾਵਿਤ ਕਰਦੇ ਹਨ।

ਨੋਟ

ਵਿਅਸ਼ਟੀ ਅਰਥ ਸ਼ਾਸਤਰ ਦੀ ਸਮਿੱਸ਼ਟੀ ਅਰਥ ਸ਼ਾਸਤਰ 'ਤੇ ਨਿਰਭਰਤਾ (Dependence of Micro-Economics on Macro-Economics)- ਉਦਾਹਰਣ ਦੇ ਤੌਰ 'ਤੇ ਸਮਿੱਸ਼ਟੀ ਅਰਥ ਸ਼ਾਸਤਰ 'ਤੇ ਵਿਅਸ਼ਟੀ ਅਰਥ ਸ਼ਾਸਤਰ ਦੀ ਨਿਰਭਰਤਾ ਨੂੰ ਲਓ। ਜਦੋਂ ਸਮ੍ਰਿਧੀ (Prosperity) ਦੇ ਸਮੇਂ ਵਿੱਚ ਕੁੱਲ ਮੰਗ ਵੱਧਦੀ ਹੈ ਤਾਂ ਵਿਅਕਤੀਗਤ ਵਸਤੂਆਂ ਦੀ ਮੰਗ ਵੀ ਵੱਧ ਜਾਂਦੀ ਹੈ, ਜਦ ਵਿਆਜ਼ ਦੀ ਦਰ ਵਿੱਚ ਕਮੀ ਹੋਣ ਨਾਲ ਮੰਗ ਵਿੱਚ ਇਹ ਵਾਧਾ ਹੋਇਆ ਹੈ ਤਾਂ ਵੱਖ-ਵੱਖ ਤਰ੍ਹਾਂ ਦੀਆਂ ਪੂਜੀ ਵਸਤੂਆਂ ਦੀ ਮੰਗ ਵੱਧ ਜਾਵੇਗੀ। ਇਸ ਦਾ ਨਤੀਜਾ ਇਹ ਹੋਵੇਗਾ ਕਿ ਪੂੰਜੀ ਵਸਤੂ ਉਦਯੋਗ ਦੇ ਲਈ ਜ਼ਰੂਰੀ ਵਿਸ਼ੇਸ਼ ਤਰ੍ਹਾਂ ਦੀ ਮਿਹਨਤ ਲਈ ਮੰਗ ਵਿੱਚ ਵਾਧਾ ਹੋ ਜਾਵੇਗਾ। ਜੇਕਰ ਅਜਿਹੀ ਮਿਹਨਤ ਦੀ ਪੂਰਤੀ ਘੱਟ ਲੋਚਦਾਰ ਹੋਵੇ ਤਾਂ ਉਸ ਦੀ ਮਜ਼ਦੂਰੀ ਦੀਆਂ ਦਰਾਂ ਵੱਧ ਜਾਣਦੀਆਂ। ਪੂੰਜੀ ਵਸਤੂਆਂ ਦੀ ਵਧੀ ਹੋਈ ਮੰਗ ਦੇ ਨਤੀਜੇ ਵਜੋਂ ਲਾਭਾਂ ਵਿੱਚ ਵਾਧੇ ਕਾਰਨ ਹੀ ਮਜ਼ਦੂਰੀ ਦਰ ਵੱਧ ਸਕਦੀ ਹੈ। ਇਸੇ ਤਰ੍ਹਾਂ ਸਮਿੱਸ਼ਟੀ ਆਰਥਿਕ ਪਰਿਵਰਤਨ ਵਿਅਸ਼ਟੀ ਆਰਥਿਕ ਚਰਾਂ ਦੇ ਮੁੱਲਾਂ ਵਿੱਚ ਪਰਿਵਰਤਨ ਕਰ ਦਿੰਦਾ ਹੈ ਅਤੇ ਵਸਤੂਆਂ ਲਈ ਮੰਗ ਵਿੱਚ, ਵਿਸ਼ੇਸ਼ ਉਦਯੋਗਾਂ ਦੀਆਂ ਮਜ਼ਦੂਰੀ ਦਰਾਂ ਵਿੱਚ, ਵਿਸ਼ੇਸ਼ ਫਰਮਾਂ ਅਤੇ ਉਦਯੋਗਾਂ ਦੇ ਲਾਭਾਂ ਵਿੱਚ ਅਤੇ ਵਰਕਰਾਂ ਦੇ ਵੱਖ-ਵੱਖ ਵਰਗਾਂ ਦੀ ਰੋਜ਼ਗਾਰ ਦੀ ਸਥਿਤੀ ਵਿੱਚ ਪਰਿਵਰਤਨ ਹੋ ਜਾਂਦਾ ਹੈ। ਇਸੇ ਤਰ੍ਹਾਂ ਅਰਥ ਸ਼ਾਸਤਰ ਵਿੱਚ, ਆਮਦਨ, ਉਤਪਾਦਨ, ਰੋਜ਼ਗਾਰ, ਲਾਗਤਾਂ ਆਦਿ ਦਾ ਕੁੱਲ ਆਕਾਰ ਵਿਅਕਤੀ ਉਦਯੋਗਾਂ ਅਤੇ ਫਰਮਾਂ ਦੀ ਵਿਅਕਤੀਗਤ ਆਮਦਨ, ਉਤਪਾਦਨ, ਰੋਜ਼ਗਾਰ ਅਤੇ ਲਾਗਤਾਂ ਦੀ ਰਚਨਾ ਨੂੰ ਪ੍ਰਭਾਵਿਤ ਕਰਦਾ ਹੈ। ਇਕ ਹੋਰ ਉਦਾਹਰਣ ਲਓ, ਜਦੋਂ ਮੰਦੀ ਦੇ ਸਮੇਂ ਵਿੱਚ ਕੁੱਲ ਉਤਪਾਦਨ ਡਿੱਗ ਜਾਂਦਾ ਹੈ ਤਾਂ ਉਪਭੋਗਤਾ ਵਸਤੂਆਂ ਦੇ ਮੁਕਾਬਲੇ ਪੂੰਜੀ ਵਸਤੂਆਂ ਦਾ ਉਤਪਾਦਨ ਜ਼ਿਆਦਾ ਡਿੱਗਦਾ ਹੈ, ਇਸ ਲਈ ਉਪਭੋਗਤਾ ਵਸਤੂ ਉਦਯੋਗਾਂ ਦੇ ਮੁਕਾਬਲੇ ਪੂੰਜੀ ਵਸਤੂ ਉਦਯੋਗਾਂ ਵਿੱਚ ਲਾਭ, ਮਜ਼ਦੂਰੀ ਅਤੇ ਰੋਜ਼ਗਾਰ ਜ਼ਿਆਦਾ ਤੇਜ਼ੀ ਨਾਲ ਡਿੱਗਦੇ ਹਨ।

ਸਮਿੱਸ਼ਟੀ ਅਰਥ ਸ਼ਾਸਤਰ ਦੀ ਵਿਅਸ਼ਟੀ ਅਰਥ ਸ਼ਾਸਤਰ 'ਤੇ ਨਿਰਭਰਤਾ (Dependence of Macro-Economics of Micro-Economics)- ਦੂਸਰੇ ਪਾਸੇ ਸਮਿੱਸ਼ਟੀ ਆਰਥਿਕ ਸਿਧਾਂਤ ਵੀ ਵਿਅਸ਼ਟੀ ਵਿਸ਼ਲੇਸ਼ਣ 'ਤੇ ਨਿਰਭਰ ਰਹਿੰਦਾ ਹੈ। ਸਾਰਿਆਂ ਦਾ ਨਿਰਮਾਣ ਅੰਸ਼ਾਂ ਤੋਂ ਹੁੰਦਾ ਹੈ। ਰਾਸ਼ਟਰੀ ਆਮਦਨ ਵਿਅਕਤੀਆਂ, ਪਰਿਵਾਰਾਂ, ਫਰਮਾਂ ਅਤੇ ਉਦਯੋਗਾਂ ਦੀ ਆਮਦਨ ਦਾ ਜੋੜ ਹੈ। ਕੁੱਲ ਬੱਚਤਾਂ, ਕੁੱਲ ਨਿਵੇਸ਼ ਅਤੇ ਕੁੱਲ ਉਪਭੋਗ ਵਿਅਕਤੀ ਉਦਯੋਗਾਂ, ਫਰਮਾਂ, ਪਰਿਵਾਰਾਂ ਅਤੇ ਵਿਅਕਤੀਆਂ ਦੇ ਬੱਚਤ, ਨਿਵੇਸ਼ ਅਤੇ ਉਪਭੋਗ ਸਬੰਧੀ ਫੈਸਲਿਆਂ ਦਾ ਨਤੀਜਾ ਹੁੰਦਾ ਹੈ। **ਸਧਾਰਣ** ਕੀਮਤ ਪੱਧਰ ਵਿਅਕਤੀਗਤ ਵਸਤੂਆਂ ਅਤੇ ਸੇਵਾਵਾਂ ਦੀਆਂ ਸਾਰੀਆਂ ਕੀਮਤਾਂ ਦੀ ਔਸਤ ਹੈ। ਇਸੇ ਤਰ੍ਹਾਂ ਅਰਥ ਵਿਵਸਥਾ ਦਾ ਕੁੱਲ ਉਤਪਾਦਨ ਸਾਰੇ ਵਿਅਕਤੀਗਤ ਉਤਪਾਦਕ ਇਕਾਈਆਂ ਦੀ ਨਿਰਗਤਾਂ ਦਾ ਜ਼ੋੜ ਹੈ।

ਅਸੀਂ ਵਿਅਸ਼ਟੀ ਅਰਥ ਸ਼ਾਸਤਰ 'ਤੇ ਸਮਿੱਸ਼ਟੀ ਨਿਰਭਰਤਾ ਦੇ ਕੁਝ ਠੋਸ ਉਦਾਹਰਣ ਲੈਂਦੇ ਹਾਂ। ਜੇਕਰ ਅਰਥ ਵਿਵਸਥਾ ਆਪਣੇ ਖੇਤਰਾਂ ਨੂੰ ਖੇਤੀ ਵਸਤੂਆਂ ਦੇ ਉਤਪਾਦਨ ਵਿੱਚ ਕੇਂਦਰਿਤ ਕਰ ਦੇਵੇ ਤਾਂ ਅਰਥ ਵਿਵਸਥਾ ਦਾ ਕੁੱਲ ਉਤਪਾਦਨ ਘੱਟ ਜਾਵੇਗਾ, ਕਿਉਂਕਿ ਅਰਥ ਵਿਵਸਥਾ ਦੇ ਹੋਰ ਖੇਤਰ ਇਸ ਦੇ ਮੁਕਾਬਲੇ ਜ਼ਰੂਰੀ ਹੋ ਜਾਣਗੇ। ਅਰਥ ਵਿਵਸਥਾ ਵਿੱਚ ਉਤਪਾਦਨ, ਆਮਦਨ ਅਤੇ ਰੋਜ਼ਗਾਰ ਦਾ ਕੁੱਲ ਪੱਧਰ ਵੀ ਆਮਦਨ ਦੀ ਵੰਡ 'ਤੇ ਨਿਰਭਰ ਕਰਦਾ ਹੈ। ਜੇਕਰ ਆਮਦਨ ਦੀ ਅਸਮਾਨ ਵੰਡ ਹੋਵੇ, ਜਿਸ ਨਾਲ ਥੋੜ੍ਹੇ ਜਿਹੇ ਅਮੀਰ ਆਦਮੀਆਂ ਦੇ ਹੱਥਾਂ ਵਿੱਚ ਆਮਦਨ ਇਕੱਠੀ ਹੋ ਜਾਵੇ ਤਾਂ ਉਸ ਨਾਲ ਉਪਭੋਗਤਾ ਵਸਤੂਆਂ ਦੀ ਮੰਗ ਘੱਟ ਜਾਵੇਗੀ। ਲਾਭ, ਨਿਵੇਸ਼ ਅਤੇ ਉਤਪਾਦਨ ਵਿੱਚ ਕਮੀ ਹੋ ਜਾਵੇਗੀ, ਬੇਰੋਜ਼ਗਾਰੀ ਵਧੇਗੀ ਅਤੇ ਅੰਤ ਵਿੱਚ ਅਰਥ ਵਿਵਸਥਾ ਨੂੰ ਮੰਦੀ ਦਾ ਸਾਹਮਣਾ ਕਰਨਾ ਪਵੇਗਾ। ਇਸ ਤਰ੍ਹਾਂ ਆਰਥਿਕ ਸਮੱਸਿਆਵਾਂ ਦੇ ਹੱਲ ਕਰਨ ਦੇ ਸਮਿੱਸ਼ਟੀ ਅਤੇ ਵਿਅਸ਼ਟੀ ਦੋਵੇਂ ਹੀ ਮਾਰਗ ਪ੍ਰਸਪਰ ਸਬੰਧ ਅਤੇ ਪ੍ਰਸਪਰ ਨਿਰਭਰ ਹਨ।

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚ ਸਹੀ/ਗਲਤ ਲੱਭੋ

(State Whether the Following Statements are True/False)-

9. ਰੇਗਨਰ ਫਰਿਸ਼ ਪਹਿਲਾ ਵਿਅਕਤੀ ਸੀ, ਜਿਸ ਨੇ 1933 ਵਿੱਚ ਅਰਥ ਸ਼ਾਸਤਰ 'ਚ ਵਿਅਸ਼ਟੀ ਅਤੇ ਸਮਿੱਸ਼ਟੀ ਸ਼ਬਦਾਂ ਦਾ ਇਸਤੇਮਾਲ ਕੀਤਾ ਸੀ।
10. ਵਿਅਕਤੀਆਂ ਅਤੇ ਵਿਅਕਤੀਆਂ ਦੇ ਛੋਟੇ ਗਰੁੱਪਾਂ ਦੀਆਂ ਆਰਥਿਕ ਕਿਰਿਆਵਾਂ ਦਾ ਅਧਿਐਨ ਸਮਿੱਸ਼ਟੀ ਅਰਥ ਸ਼ਾਸਤਰ ਹੈ।
11. ਵਿਅਸ਼ਟੀ ਅਰਥ ਸ਼ਾਸਤਰ ਕੀਮਤ ਸਿਧਾਂਤ ਦਾ ਅਧਿਐਨ ਹੈ।
12. ਉਪਭੋਗ ਅਤੇ ਉਤਪਾਦਨ ਦਕਸ਼ਤਾਵਾਂ ਦਾ ਸਬੰਧ ਸਮਾਜਿਕ ਕਲਿਆਣ ਨਾਲ ਹੁੰਦਾ ਹੈ ਅਤੇ ਪ੍ਰੀਪੂਰਨ ਦਕਸ਼ਤਾ ਦਾ ਵਿਅਕਤੀਗਤ ਕਲਿਆਣ ਨਾਲ।

ਨੋਟ

ਦੋਵਾਂ ਵਿੱਚ ਪ੍ਰਸਪਰ ਨਿਰਭਰਤਾ ਨਾ ਪਾਇਆ ਜਾਣਾ (Non-Interdependence between the two)- ਇਨ੍ਹਾਂ ਪ੍ਰਸਪਰ ਸਬੰਧਾਂ ਦੇ ਬਾਵਜੂਦ ਬਹੁਤ ਸਾਰੀ ਸਮਿੱਸ਼ਟੀ ਆਰਥਿਕ ਸਮੱਸਿਆਵਾਂ ਹੁੰਦੀਆਂ ਹਨ ਜੋ ਵਿਅਕਤੀਆਂ 'ਤੇ ਲਾਗੂ ਨਹੀਂ ਹੁੰਦੀਆਂ ਹਨ ਅਤੇ ਬਹੁਤ ਸਾਰੀਆਂ ਸਮੱਸਿਆਵਾਂ ਹੁੰਦੀਆਂ ਹਨ ਜੋ ਕਿ ਸਾਰੀ ਅਰਥ ਵਿਵਸਥਾ 'ਤੇ ਲਾਗੂ ਨਹੀਂ ਹੁੰਦੀਆਂ। ਉਦਾਹਰਣ ਦੇ ਤੌਰ 'ਤੇ ਇਕ ਵਿਅਕਤੀ ਦੀ ਆਮਦਨ ਅਤੇ ਉਸ ਦੇ ਖਰਚ ਵਿੱਚ ਭਾਵ ਫਰਕ ਹੁੰਦਾ ਹੈ ਅਤੇ ਹੋ ਵੀ ਸਕਦਾ ਹੈ ਪਰ ਸਾਰੇ ਅਰਥ ਸ਼ਾਸਤਰ ਲਈ ਕੁੱਲ ਆਮਦਨ ਅਤੇ ਕੁੱਲ ਖਰਚ ਹਮੇਸ਼ਾ ਇਕ-ਦੂਸਰੇ ਦੇ ਵਪਾਰ ਹੁੰਦੇ ਹਨ। ਇਕ ਵਿਅਕਤੀ ਬਿਨਾਂ ਬੱਚਤ ਕੀਤੇ ਨਿਵੇਸ਼ ਕਰ ਸਕਦਾ ਹੈ ਪਰ ਅਰਥ ਵਿਵਸਥਾ ਲਈ ਬੱਚਤ ਅਤੇ ਨਿਵੇਸ਼ ਜ਼ਰੂਰ ਬਰਾਬਰ ਹੋਣੇ ਚਾਹੀਦੇ ਹਨ। ਅਰਥ ਵਿਵਸਥਾ ਵਿੱਚ ਜਦ ਪੂਰਨ ਰੋਜ਼ਗਾਰ ਹੁੰਦਾ ਹੈ ਤਾਂ ਇਕ ਫਰਮ ਉਦਯੋਗ ਵਿੱਚ ਦੂਸਰੀ ਫਰਮ ਦੇ ਸਾਧਨ ਆਕਰਸ਼ਿਤ ਕਰਕੇ ਆਪਣੇ ਉਤਪਾਦਨ ਨੂੰ ਵਧਾ ਸਕਦੀ ਹੈ ਪਰ ਸਾਰਾ ਉਦਯੋਗ ਇਸ ਤਰ੍ਹਾਂ ਆਪਣੇ ਸਾਧਨਾਂ ਵਿੱਚ ਵਾਧਾ ਨਹੀਂ ਕਰ ਸਕਦਾ। ਇਕ ਦੇਸ਼ ਦੇ ਨਿਰਯਾਤ-ਆਯਾਤ ਤੋਂ ਜ਼ਿਆਦਾ ਹੋ ਸਕਦੇ ਹਨ ਜਾਂ ਆਯਾਤ-ਨਿਰਯਾਤ ਤੋਂ ਪਰ ਸਾਰੇ ਸੰਸਾਰ ਲਈ ਕੁੱਲ ਆਯਾਤ, ਕੁੱਲ ਨਿਰਯਾਤ ਦੇ ਬਰਾਬਰ ਹੋਣਾ ਚਾਹੀਦਾ ਹੈ।

ਦੋਵਾਂ ਵਰਗਾਂ ਦਾ ਸਹੀ ਸਮਾਕਲਨ (Proper Integration of the two Approaches)- ਅਸਲ ਵਿੱਚ, ਵਿਅਸ਼ਟੀ ਅਤੇ ਸਮਿੱਸ਼ਟੀ ਵਿਸ਼ਲੇਸ਼ਣ ਵਿੱਚ ਕੋਈ ਅਤਿ ਕਠੋਰ ਰੇਖਾ ਨਹੀਂ ਖਿੱਚੀ ਜਾ ਸਕਦੀ। ਅਰਥ ਵਿਵਸਥਾ ਦੇ ਇਕ ਸਧਾਰਣ ਸਿਧਾਂਤ ਦੇ ਅਧੀਨ ਦੋਵੇਂ ਆਉਣੇ ਚਾਹੀਦੇ ਹਨ। ਉਹ ਅਜਿਹਾ ਸਿਧਾਂਤ ਹੋਣਾ ਚਾਹੀਦਾ ਹੈ ਜੋ ਕੀਮਤਾਂ, ਉਤਪਾਦਨਾਂ, ਆਮਦਨ, ਵਿਅਕਤੀਆਂ, ਵਿਅਕਤੀਗਤ ਫਰਮਾਂ ਅਤੇ ਉਦਯੋਗਾਂ ਦੇ ਵਿਵਹਾਰ ਅਤੇ ਵਿਅਕਤੀਗਤ ਚਰਾਂ ਦੇ ਸਮੂਹਾਂ ਦੀ ਵਿਆਖਿਆ ਕਰੇ। ''ਅਸਲ ਵਿੱਚ ਸਮਿੱਸ਼ਟੀ ਅਰਥ ਸ਼ਾਸਤਰ ਅਤੇ ਵਿਅਸ਼ਟੀ ਅਰਥ ਸ਼ਾਸਤਰ ਵਿੱਚ ਠੀਕ ਢੰਗ ਨਾਲ ਰੇਖਾ ਨਹੀਂ ਖਿੱਚੀ ਜਾ ਸਕਦੀ। ਅਰਥ ਵਿਵਸਥਾ ਦਾ ਇਕ 'ਸਧਾਰਣ' ਸਿਧਾਂਤ ਸਪੱਸ਼ਟ ਤੌਰ 'ਤੇ ਦੋਵਾਂ ਦਾ ਅਲਿੰਗਨ ਕਰੇਗਾ, ਇਹ ਵਿਅਕਤੀਗਤ ਵਿਵਹਾਰ, ਵਿਅਕਤੀ ਉਤਪਾਦਨ, ਆਮਦਨ ਅਤੇ ਕੀਮਤਾਂ ਦੀ ਵਿਆਖਿਆ ਕਰੇਗਾ ਅਤੇ ਵਿਅਕਤੀਗਤ ਨਤੀਜਿਆਂ ਦੇ ਜੋੜ ਜਾਂ ਔਸਤਨ ਸਮੂਹਾਂ ਨੂੰ ਬਣਾਉਣਗੇ, ਜਿਨ੍ਹਾਂ ਦਾ ਸਮਿੱਸ਼ਟੀ ਅਰਥ ਸ਼ਾਸਤਰ ਦਾ ਸਬੰਧ ਹੈ। ਅਜਿਹਾ ਸਧਾਰਣ ਸਿਧਾਂਤ ਮੌਜੂਦ ਹੈ ਪਰ ਉਸ ਦੀ ਵਿਆਪਕਤਾ ਹੀ ਉਸ ਕੋਲ ਬਹੁਤ ਘੱਟ ਮੌਲਿਕ ਤੱਤ ਛੱਡਦੀ ਹੈ। ਅਸਲ ਵਿੱਚ ਯਥਾਰਥ ਨਤੀਜਿਆਂ ਨੂੰ ਪਹੁੰਚਣ ਲਈ, ਅਸੀਂ ਇਹ ਦੇਖਦੇ ਹਾਂ ਕਿ ਸਾਨੂੰ ਸਮਿੱਸ਼ਟੀ ਆਰਥਿਕ ਸਮੱਸਿਆਵਾਂ ਨੂੰ ਸਮਿੱਸ਼ਟੀ ਆਰਥਿਕ ਉਪਕਰਨਾਂ ਅਤੇ ਵਿਅਸ਼ਟੀ ਆਰਥਿਕ ਸਮੱਸਿਆਵਾਂ ਨੂੰ ਵਿਅਸ਼ਟੀ ਆਰਥਿਕ ਉਪਕਰਨਾਂ ਨਾਲ ਪਹੁੰਚਣਾ ਚਾਹੀਦਾ ਹੈ। ਇਸ ਤਰ੍ਹਾਂ ਜ਼ਰੂਰਤ ਇਸ ਗੱਲ ਦੀ ਹੈ ਕਿ ਦੋਵਾਂ ਮਾਰਗਾਂ ਦਾ ਸਹੀ ਸਮਾਕਲਨ ਕੀਤਾ ਜਾਵੇ।'' ਪ੍ਰੋ. ਏਕਲੇ (Ackley) ਨੇ ਸੁਝਾਅ ਦਿੱਤਾ ਹੈ ਕਿ ਵਿਅਸ਼ਟੀ ਆਰਥਿਕ ਸਿਧਾਂਤ ਨੂੰ ਚਾਹੀਦਾ ਹੈ ਕਿ ਉਹ ਸਾਡੇ ਸਮਿੱਸ਼ਟੀ ਸਿਧਾਂਤਾਂ ਦੇ ਨਿਰਮਾਣ ਖੰਡ (ਬਿਲਡਿੰਗ ਬਲਾਕ) ਪ੍ਰਦਾਨ ਕਰਨ ਪਰ ਵਿਅਸ਼ਟੀ ਅਰਥ ਸ਼ਾਸਤਰ ਨੂੰ ਸਮਝਣ ਵਿੱਚ ਸਮਿੱਸ਼ਟੀ ਅਰਥ ਸ਼ਾਸਤਰ ਵੀ ਯੋਗਦਾਨ ਦੇ ਸਕਦਾ ਹੈ। ਉਦਾਹਰਣ ਦੇ ਤੌਰ 'ਤੇ ਜੇਕਰ ਅਨੁਭਵ ਦੇ ਅਧਾਰ 'ਤੇ ਅਸੀਂ ਕੁਝ ਅਜਿਹੇ ਸਥਿਰ ਸਮਿੱਸ਼ਟੀ ਆਰਥਿਕ ਸਿਧਾਂਤ ਲੱਭ ਲਈਏ ਜੋ ਕਿ ਵਿਅਸ਼ਟੀ ਆਰਥਿਕ ਸਿਧਾਂਤਾਂ ਨਾਲ ਮੇਲ ਖਾਂਦੇ ਹੋਏ ਨਾ ਲੱਗਦੇ ਹੋਣ ਜਾਂ ਜੋ ਵਿਵਹਾਰ ਦੇ ਅਜਿਹੇ ਪੱਖਾਂ ਨਾਲ ਸਬੰਧ ਰੱਖਦੇ ਹੋਣ, ਜਿਨ੍ਹਾਂ ਨੂੰ ਵਿਅਸ਼ਟੀ ਅਰਥ ਸ਼ਾਸਤਰ ਵਿੱਚ ਇਸ ਦੇ ਮੁਕਾਬਲੇ ਜ਼ਰੂਰੀ ਕਰ ਲਿਆ ਹੈ ਤਾਂ ਵਿਅਸ਼ਟੀ ਅਰਥ ਸ਼ਾਸਤਰ ਨੂੰ ਚਾਹੀਦਾ ਹੈ ਕਿ ਸਾਨੂੰ ਇਸ ਗੱਲ ਦੀ ਇਜਾਜ਼ਤ ਦੇਵੇ ਕਿ ਅਸੀਂ ਵਿਅਕਤੀਗਤ ਵਿਵਹਾਰ ਦੇ ਆਪਣੇ ਗਿਆਨ ਨਾਲ ਸੁਧਾਰ ਕਰ ਲਈਏ ਪਰ ਦੋਵਾਂ ਵਿੱਚੋਂ ਕਿਸੇ ਵੀ ਦਿਸ਼ਾ ਵਿੱਚ ਚੱਲਣ ਲਈ ਸਾਨੂੰ ਸੰਮੋਹਨ ਦੇ ਕੁਝ ਮੁਕਾਬਲੇ ਵਿੱਚ ਤਕਨੀਕੀ ਸਮੱਸਿਆਵਾਂ ਦੇ ਸਬੰਧ ਵਿੱਚ ਜਾਗਰੂਕ ਹੋਣ ਦੀ ਜ਼ਰੂਰਤ ਨਹੀਂ ਹੈ ਜੋ ਕਿ ਇਹ ਦੱਸਦੀ ਹੈ ਕਿ ''ਸਮਿੱਸ਼ਟੀ ਅਰਥ ਸ਼ਾਸਤਰ ਦੀ ਪ੍ਰਗਤੀ ਕੀਮਤਾਂ ਅਤੇ ਆਮਦਨ ਦੀ ਵੰਡ ਦੇ ਵਿਅਸ਼ਟੀ ਆਰਥਿਕ ਸਿਧਾਂਤ ਵੱਲ ਜ਼ਿਆਦਾ ਪ੍ਰਗਤੀ 'ਤੇ ਨਿਰਭਰ ਕਰਦੀ ਹੈ।''

1.5 ਸਾਰੰਸ਼ (Summary)

ਵਿਅਸ਼ਟੀ ਅਤੇ ਸਮਿੱਸ਼ਟੀ ਵਿਸ਼ਲੇਸ਼ਣ ਦਰਮਿਆਨ ਕੋਈ ਅਤਿ ਕਠੋਰ ਰੇਖਾ ਨਹੀਂ ਖਿੱਚੀ ਜਾ ਸਕਦੀ। ਅਰਥ ਵਿਵਸਥਾ ਦੇ ਇਕ ਸਧਾਰਣ ਸਿਧਾਂਤ ਅਧੀਨ ਦੋਵੇਂ ਆਉਣੇ ਚਾਹੀਦੇ ਹਨ। ਉਹ ਅਜਿਹਾ ਸਿਧਾਂਤ ਹੋਣਾ ਚਾਹੀਦਾ ਹੈ ਜੋ ਕੀਮਤਾਂ, ਉਤਪਾਦਨਾਂ, ਆਮਦਨ, ਵਿਅਕਤੀਆਂ, ਵਿਅਕਤੀਗਤ ਫਰਮਾਂ ਅਤੇ ਉਦਯੋਗਾਂ ਦੇ ਵਿਵਹਾਰ ਅਤੇ ਵਿਅਕਤੀਗਤ ਚਰਾਂ ਦੇ ਸਮੂਹਾਂ ਦੀ ਵਿਆਖਿਆ ਕਰਨ। ''ਅਸਲ ਵਿੱਚ ਸਮਿੱਸ਼ਟੀ ਅਰਥ ਸ਼ਾਸਤਰ ਅਤੇ ਵਿਅਸ਼ਟੀ ਅਰਥ ਸ਼ਾਸਤਰ ਵਿੱਚ ਠੀਕ ਢੰਗ ਨਾਲ ਰੇਖਾ ਨਹੀਂ ਖਿੱਚੀ ਜਾ ਸਕਦੀ। ਅਰਥ ਵਿਵਸਥਾ ਦਾ ਇਕ 'ਸਧਾਰਣ' ਸਿਧਾਂਤ ਸਪੱਸ਼ਟ ਤੌਰ 'ਤੇ ਦੋਵਾਂ ਦਾ ਅਲਿੰਗਨ ਕਰੇਗਾ। ਇਹ ਵਿਅਕਤੀਗਤ ਵਿਵਹਾਰ, ਵਿਅਕਤੀਗਤ ਉਤਪਾਦਨ, ਆਮਦਨ ਅਤੇ ਕੀਮਤਾਂ ਦੀ ਵਿਆਖਿਆ ਕਰੇਗਾ ਅਤੇ ਵਿਅਕਤੀਗਤ ਨਤੀਜਿਆਂ ਦੇ ਜੋੜ ਔਸਤਨ ਸਮੂਹਾਂ ਨੂੰ ਬਣਾਏਗਾ, ਜਿਨ੍ਹਾਂ ਦਾ ਸਮਿੱਸ਼ਟੀ ਅਰਥ ਸ਼ਾਸਤਰ ਦਾ ਸਬੰਧ ਹੈ। ਅਜਿਹਾ ਸਧਾਰਣ ਸਿਧਾਂਤ ਮੌਜੂਦ ਹੈ ਪਰ ਇਸ ਦੀ ਵਿਆਪਕਤਾ ਹੀ ਇਸ ਦੇ ਕੋਲ ਬਹੁਤ ਘੱਟ ਮੌਲਿਕ ਤੱਤ ਛੱਡਦੀ ਹੈ। ਅਸਲ ਵਿੱਚ ਯਥਾਰਥ ਨਤੀਜਿਆਂ ਨੂੰ ਪਹੁੰਚਣ ਲਈ, ਅਸੀਂ ਇਹ ਦੇਖਦੇ ਹਾਂ ਕਿ ਸਾਨੂੰ ਸਮਿੱਸ਼ਟੀ ਆਰਥਿਕ ਸਮੱਸਿਆਵਾਂ ਸਮਿੱਸ਼ਟੀ ਆਰਥਿਕ ਉਪਕਰਨਾਂ ਅਤੇ ਵਿਅਸ਼ਟੀ ਆਰਥਿਕ ਸਮੱਸਿਆਵਾਂ ਨੂੰ ਵਿਅਸ਼ਟੀ ਆਰਥਿਕ ਉਪਕਰਨਾਂ ਨਾਲ ਪਹੁੰਚਣਾ ਚਾਹੀਦਾ ਹੈ।

ਨੋਟ

1.6 ਸ਼ਬਦਕੋਸ਼ (Keywords)

1. **ਵਿਅਸ਼ਟੀ ਅਰਥ ਸ਼ਾਸਤਰ** (Micro Economics)– ਅਰਥ ਵਿਵਸਥਾ ਦਾ ਸੂਖਮ ਅਧਿਐਨ।
2. **ਸਮਿੱਸ਼ਟੀ ਅਰਥ ਸ਼ਾਸਤਰ** (Macro Economics)– ਅਰਥ ਸ਼ਾਸਤਰ ਦਾ ਬਿਹਤਰ ਅਧਿਐਨ।

1.7 ਅਭਿਆਸ ਪ੍ਰਸ਼ਨ (Review Questions)

1. ਵਿਅਸ਼ਟੀ ਅਰਥ ਸ਼ਾਸਤਰ ਤੋਂ ਤੁਸੀਂ ਕੀ ਸਮਝਦੇ ਹੋ?
2. ਸਮਿੱਸ਼ਟੀ ਅਰਥ ਸ਼ਾਸਤਰ ਤੋਂ ਤੁਸੀਂ ਕੀ ਸਮਝਦੇ ਹੋ?
3. ਵਿਅਸ਼ਟੀ ਅਤੇ ਸਮਿੱਸ਼ਟੀ ਅਰਥ ਸ਼ਾਸਤਰ ਵਿੱਚ ਫਰਕ ਸਪੱਸ਼ਟ ਕਰੋ।
4. ਵਿਅਸ਼ਟੀ ਅਰਥ ਦੀ ਸਮਿੱਸ਼ਟੀ ਅਰਥ ਸ਼ਾਸਤਰ 'ਤੇ ਨਿਰਭਰਤਾ ਪ੍ਰਗਟ ਕਰੋ।

ਉਤਰ : ਸਵੈ-ਮੁਲਾਂਕਣ (Answers: Self Assessment)

1. ਵਿਸ਼ਲੇਸ਼ਣ	2. ਕਰਾਧਾਨ	3. Micros	4. (ਅ)
5. (ਬ)	6. (ਸ)	7. (ਬ)	8. (ਅ)
9. ਸਹੀ	10. ਗਲਤ	11. ਸਹੀ	12. ਗਲਤ।

1.8 ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕਰੋਇਕਨੋਮਿਕਸ ਫ੍ਰੈ�ंक ਕਾਵੇਲ-ਆਕਸਫੋਰਡ ਯੂਨੀਵਰਸਿਟੀ ਪ੍ਰੈਸ, 2007।
2. ਮਾਈਕਰੋਇਕਨੋਮਿਕਸ-ਰਾਬਰਟ ਐਸ ਪਿੰਡਿਕ, ਡੈਨੀਅਲ ਐਲ ਰੂਬਿਨਫੇਲਡ ਐਂਡ ਪ੍ਰੈਸ ਐਲ. ਮਹਿਤਾ, ਪੀਅਰਸੰਨ ਐਜੂਕੇਸ਼ਨ, 2009, ਪੀ. ਬੀ. ਕੇ., ਸੱਤਵਾਂ ਐਡੀਸ਼ਨ।
3. ਮਾਈਕਲੋਇਕਨੋਮਿਕਸ-ਡੇਵਿਡ ਬੇਸੈਂਕੋ ਐਂਡ ਰੋਨਾਲਡ ਬਰੂਟੀਗੈਮ, ਵਿਲੇ ਇੰਡੀਆ, 2011, ਪੀ. ਬੀ. ਕੇ., ਚੌਥਾ ਐਡੀਸ਼ਨ

ਨੋਟ

ਇਕਾਈ-2: ਸੰਤੁਲਨ ਦੀ ਧਾਰਨਾ (The Concept of Equilibrium)

ਵਿਸ਼ੇ ਵਸਤੂ (Contents)

ਉਦੇਸ਼ (Objectives)
ਪ੍ਰਸਤਾਵਨਾ (Introduction)
2.1 ਅਰਥ (Meaning)
2.2 ਸਥੈਤਿਕ ਸੰਤੁਲਨ (Static Equilibrium)
2.3 ਪ੍ਰਾਵੈਗਿਕ ਸੰਤੁਲਨ (Dynamic Equilibrium)
2.4 ਸਥਿਰ ਬਨਾਮ ਅਸਥਿਰ ਸੰਤੁਲਨ (Stable Vs. Unstable Equilibrium)
2.5 ਤਟਸਥ ਸੰਤੁਲਨ (Neutral Equilibrium)
2.6 ਅੰਸ਼ਿਕ ਸੰਤੁਲਨ (Partial Equilibrium)
2.7 ਸਧਾਰਣ ਸੰਤੁਲਨ (General Equilibrium)
2.8 ਸਾਰੰਸ਼ (Summary)
2.9 ਸ਼ਬਦਕੋਸ਼ (Keywords)
2.10 ਅਭਿਆਸ ਪ੍ਰਸ਼ਨ (Review Questions)
2.11 ਸਬੰਧਿਤ ਪੁਸਤਕਾਂ (Further Readings)

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ-

- ਸੰਤੁਲਨ ਦੀ ਧਾਰਨਾ ਜਾਨਣ ਸਬੰਧੀ।
- ਸਥੈਤਿਕ ਸੰਤੁਲਨ ਸਮਝਣ ਸਬੰਧੀ।
- ਤਟਸਥ ਸੰਤੁਲਨ ਜਾਨਣ ਸਬੰਧੀ।
- ਸਧਾਰਣ ਸੰਤੁਲਨ ਜਾਨਣ ਸਬੰਧੀ।

ਪ੍ਰਸਤਾਵਨਾ (Introduction)

ਸੰਤੁਲਨ ਸਥਿਤੀ, ਜਿਸ ਦੀ ਉਪਰ ਵਿਆਖਿਆ ਕੀਤੀ ਗਈ ਹੈ, ਸੰਤੁਲਨ ਸਿਧਾਂਤ ਦੀ ਇਕ ਹੋਰ ਵਿਸ਼ੇਸ਼ਤਾ ਨੂੰ ਪ੍ਰਗਟ ਕਰਦੀ ਹੈ ਅਤੇ ਉਹ ਇਹ ਕਿ ਇਹ ਟਿਕਾ ਦੀ ਸਥਿਤੀ ਹੁੰਦੀ ਹੈ, ਜਿਸ ਵਿੱਚ ਗਤੀ ਦੀ ਅਜਿਹੀ ਵਿਸ਼ੇਸ਼ਤਾ ਹੈ ਕਿ ਵਿਰੋਧੀ ਸ਼ਕਤੀਆਂ ਇਕ-ਦੂਸਰੇ ਨੂੰ ਸੰਤੁਲਿਤ ਕਰਦੀਆਂ ਹਨ। ਇਕ ਵਾਰ ਜਦੋਂ ਇਹ ਸਥਿਤੀ ਆ ਜਾਂਦੀ ਹੈ ਤਾਂ ਫਿਰ ਉਸ ਨੂੰ ਦੂਰ ਜਾਣ ਦੀ ਪ੍ਰਵਿਰਤੀ ਨਹੀਂ ਹੁੰਦੀ।

2.1 ਅਰਥ (Meaning)

Equilibrium ਸ਼ਬਦ ਲੈਟਿਨ ਦੇ Aequilibrium ਸ਼ਬਦ ਤੋਂ ਨਿਕਲਿਆ ਹੈ, ਜਿਸ ਦਾ ਅਰਥ ਸਧਾਰਣ ਤੁਲਨ। ਅਰਥ ਸ਼ਾਸਤਰ ਵਿੱਚ ਇਸ ਦਾ ਇਸਤੇਮਾਲ ਭੌਤਿਕ (Physics) ਤੋਂ ਲਿਆ ਗਿਆ ਹੈ। ਭੌਤਿਕ ਵਿੱਚ ਇਸ ਦਾ ਅਰਥ ਹੁੰਦਾ ਹੈ ਸਧਾਰਣ। ਤੁਲਨ

ਨੋਟ

ਦੀ ਉਹ ਸਥਿਤੀ, ਜਿਸ ਵਿੱਚ ਵਿਰੋਧੀ ਸ਼ਕਤੀਆਂ ਜਾਂ ਪ੍ਰਵਿਰਤੀਆਂ ਇਕ-ਦੂਸਰੇ ਨੂੰ ਨਿਸ਼ ਪ੍ਰਭਾਵ ਕਰ ਦਿੰਦੀਆਂ ਹਨ। **ਪ੍ਰੋ. ਸਿਟਗਲਰ** ਨੇ ਇਸ ਤਰ੍ਹਾਂ ਦੀ ਪਰਿਭਾਸ਼ਾ ਇਨ੍ਹਾਂ ਸ਼ਬਦਾਂ ਵਿੱਚ ਦਿੱਤੀ ਹੈ, "ਸੰਤੁਲਨ ਉਹ ਸਥਿਤੀ ਹੈ ਜਿਸ ਵਿੱਚ ਗਤੀ ਦੀ ਸ਼ੁੱਧ ਪ੍ਰਵਿਰਤੀ ਨਾ ਹੋਵੇ, ਅਸੀਂ 'ਸ਼ੁੱਧ' ਪ੍ਰਵਿਰਤੀ ਇਸ ਤੱਥ 'ਤੇ ਜ਼ੋਰ ਦੇਣ ਦੇ ਲਈ ਕਹਿੰਦੇ ਹਨ ਕਿ ਉਹ ਸਥਿਤੀ ਜ਼ਰੂਰੀ ਰੂਪ ਨਾਲ ਆਕਸਮਿਕ ਜੜਤਾ ਦੀ ਨਹੀਂ ਹੁੰਦੀ ਪਰ ਇਸ ਦੇ ਸਥਾਨ 'ਤੇ ਬਲਸ਼ਾਲੀ ਸ਼ਕਤੀਆਂ ਨੂੰ ਵੰਡ ਕਰਨ ਦੀ ਹੁੰਦੀ ਹੈ।" ਸੰਤੁਲਨ ਦਾ ਅਰਥ ਹੈ ਆਰਾਮ (rest) ਦੀ ਅਜਿਹੀ ਸਥਿਤੀ ਜਿਸ ਦੀ ਵਿਸ਼ੇਸ਼ਤਾ ਹੈ ਪਰਿਵਰਤਨ ਦਾ ਅਹਿਸਾਸ। **ਪ੍ਰੋ. ਜੇ. ਕੇ. ਮਹਿਤਾ** ਦੇ ਸ਼ਬਦਾਂ ਵਿੱਚ,"ਅਰਥ ਸ਼ਾਸਤਰ ਵਿੱਚ ਸੰਤੁਲਨ, ਗਤੀ ਵਿੱਚ ਪਰਿਵਰਤਨ ਦੀ ਗੈਰ ਮੌਜੂਦਗੀ ਦੱਸਦਾ ਹੈ।" ਇਹ ਅਜਿਹੀ ਸਥਿਤੀ ਹੈ ਜਿਸ ਵਿੱਚ ਮਾਰਕੀਟ ਦੇ ਵੱਖ-ਵੱਖ ਪ੍ਰਤੀਭਾਗੀਆਂ (Participants) ਦੇ ਸਾਰੇ ਫੈਸਲਿਆਂ ਵਿੱਚ ਪੂਰੀ ਸਹਿਮਤੀ ਹੁੰਦੀ ਹੈ ਅਤੇ ਕੋਈ ਵੀ ਆਪਣੇ ਫੈਸਲੇ ਨੂੰ ਦੁਹਰਾਉਣ ਜਾਂ ਬਦਲਣ ਦੀ ਜ਼ਰੂਰਤ ਨਹੀਂ ਸਮਝਦਾ। ਦੂਸਰੇ ਸ਼ਬਦਾਂ ਵਿੱਚ ਇਹ ਅਜਿਹੀ ਮਾਰਕੀਟ ਸਥਿਤੀ ਹੈ ਜਿੱਥੇ ਹਿੱਸਾ ਲੈਣ ਵਾਲਿਆਂ ਦੇ ਸਾਰੇ ਅੰਗ ਇਕ ਦੂਸਰ ਨਾਲ ਪੂਰਨ ਮੇਲ ਰੱਖਦੇ ਹਨ। **ਸਿਕਟੋਵਸਕੀ** ਦੇ ਸ਼ਬਦਾਂ ਵਿੱਚ, "ਇਕ ਮਾਰਕੀਟ ਜਾਂ ਅਰਥ ਵਿਵਸਥਾ, ਜਾਂ ਸ਼ਕਤੀਆਂ ਅਤੇ ਫਰਮਾਂ ਦਾ ਕੋਈ ਹੋਰ ਸਮੂਹ ਉਸ ਸਮੇਂ ਸੰਤੁਲਨ ਦੀ ਸਥਿਤੀ ਵਿੱਚ ਹੁੰਦਾ ਹੈ ਜਦੋਂ ਉਸ ਦਾ ਕੋਈ ਵੀ ਮੈਂਬਰ ਆਪਣੇ ਵਿਵਹਾਰ ਵਿੱਚ ਪਰਿਵਰਤਨ ਦੀ ਜ਼ਰੂਰਤ ਮਹਿਸੂਸ ਨਹੀਂ ਕਰਦਾ। ਇਸ ਲਈ ਕਿਸੇ ਸਮੂਹ ਦੇ ਸੰਤੁਲਨ ਦੇ ਲਈ ਇਹ ਜ਼ਰੂਰੀ ਹੈ ਕਿ ਉਸ ਦੇ ਮੈਂਬਰ ਵਿੱਚ ਹੋਣ ਅਤੇ ਹਰੇਕ ਮੈਂਬਰ ਦਾ ਸੰਤੁਲਨ ਵਿਵਹਾਰ ਹਰ ਹੋਰ ਮੈਂਬਰ ਦੇ ਸੰਤੁਲਨ ਵਿਵਹਾਰ ਦੇ ਅਨੁਰੂਪ ਹੋਵੇ।" ਮੰਨ ਲਓ ਕਿ ਪ੍ਰਤੀ ਦਿਨ ਮਾਰਕੀਟ ਵਿੱਚ ਮਛਲੀ ਦੀ ਸਥਿਰ ਮਾਤਰਾ ਲਗਾਤਾਰ ਆਉਂਦੀ ਹੈ ਅਤੇ ਸੰਭਾਵੀ ਵਿਕਰੇਤਾ ਉਸ ਨੇ ਉਸੇ ਚਾਅ ਨਾਲ ਖਰੀਦੇ ਹਨ। ਇਸ ਦੇ ਲਈ ਜ਼ਰੂਰੀ ਹੈ ਕਿ ਮਾਰਕੀਟ ਕੀਮਤ ਅਜਿਹੀ ਹੋਵੇ ਜਿਸ ਨਾਲ ਮਛਲੀ ਦੀ ਮੰਗ ਅਤੇ ਪੂਰਤੀ ਬਰਾਬਰ ਕੀਤੀ ਜਾਵੇ। ਜਦੋਂ ਤੱਕ ਨਿਸ਼ਚਿਤ ਕੀਮਤ 'ਤੇ ਮੰਗ ਅਤੇ ਪੂਰਤੀ ਬਰਾਬਰ ਹੋਵੇ, ਉਦੋਂ ਤੱਕ ਉਹ ਸੰਤੁਲਨ ਦੀ ਸਥਿਤੀ ਹੁੰਦੀ ਹੈ। ਇਹ ਕੀਮਤ ਜਿਸ 'ਤੇ ਮਛਲੀ ਖਰੀਦੀ ਅਤੇ ਬੇਚੀ ਜਾਂਦੀ ਹੈ, **ਸੰਤੁਲਨ ਕੀਮਤ** ਕਹਾਉਂਦੀ ਹੈ ਅਤੇ ਮਛਲੀ ਦੀ ਉਹ ਮਾਤਰਾ ਜੋ ਉਸ ਕੀਮਤ 'ਤੇ ਖਰੀਦੀ ਅਤੇ ਬੇਚੀ ਜਾਂਦੀ ਹੈ, **ਸੰਤੁਲਨ ਮਾਤਰਾ** ਹੁੰਦੀ ਹੈ। ਸੰਤੁਲਨ ਕੀਮਤ 'ਤੇ ਵੇਚਣ ਅਤੇ ਖਰੀਦਣ ਵਿੱਚੋਂ ਕੋਈ ਵੀ ਘੱਟ ਜਾਂ ਜ਼ਿਆਦਾ ਮਾਤਰਾ ਖਰੀਦਣ ਜਾਂ ਵੇਚਣ ਨੂੰ ਪ੍ਰੇਰਿਤ ਨਹੀਂ ਹੁੰਦਾ। ਉਦਾਹਰਣ ਦੇ ਲਈ ਚਿੱਤਰ 2.1 ਵਿੱਚ ਪੂਰਤੀ ਵਿਕਰੇਤਾ S ਮੰਗ ਵਿਕਰੇਤਾ D ਨੂੰ E 'ਤੇ ਕੱਟਦਾ ਹੈ ਜੋ ਕਿ ਸੰਤੁਲਨ ਦਾ ਬਿੰਦੂ ਹੈ ਅਤੇ OP ਅਤੇ OQ ਸੰਤੁਲਨ ਕੀਮਤ ਮਾਤਰਾ ਸੰਯੋਗ ਨੂੰ ਪ੍ਰਗਟ ਕਰਦੇ ਹਨ।



ਚਿੱਤਰ 2.1

ਜੇਕਰ ਕਿਸੇ ਕਾਰਨ ਕਰਕੇ ਕੀਮਤ ਡਿੱਗ ਕੇ ਸੰਤੁਲਨ ਕੀਮਤ ਤੋਂ ਹੇਠਾਂ OP_2 'ਤੇ ਆ ਜਾਵੇ ਤਾਂ ਮੰਗ ਦੀ ਮਾਤਰਾ ਵੱਧ ਜਾਵੇਗੀ ਅਤੇ ਪੂਰਤੀ ਦੀ ਮਾਤਰਾ ਘੱਟ ਜਾਵੇਗੀ ਅਤੇ $P_2d>P_2s$ ਸ਼ਕਤੀਆਂ ਕਾਰਜਸ਼ੀਲ ਹੋ ਜਾਣਗੀਆਂ ਅਤੇ ਕੀਮਤ ਨੂੰ ਵਾਪਸ ਸੰਤੁਲਨ ਸਥਿਤੀ E ਵੱਲ ਧਕੇਲਣ ਲੱਗੇਗੀ। ਇਸ ਤਰ੍ਹਾਂ ਸੰਤੁਲਨ ਪੱਧਰ ਤੋਂ ਵੱਧ ਕੇ ਕੀਮਤ ਦੇ OP_1 ਪੱਧਰ 'ਤੇ ਆ ਜਾਣ ਨਾਲ ਪੂਰਤੀ ਵੱਧ ਜਾਵੇਗੀ ਅਤੇ ਮੰਗ ਘੱਟ ਜਾਵੇਗੀ ਅਤੇ $P_1s_1>P_1d_1$ ਅਤੇ ਕੀਮਤ ਤੁਰੰਤ ਵਾਪਿਸ E ਤੇ ਆ ਜਾਵੇਗੀ।

ਸਵੈ-ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)-

1. ਸੰਤੁਲਨ ਉਹ ਸਥਿਤੀ ਹੈ ਜਿਸ ਵਿੱਚ ਗਤੀ ਦੀ .....ਪ੍ਰਵਿਰਤੀ ਨਾ ਹੋਵੇ।
2. ਇਕ ਨਿਸ਼ਚਿਤ ਸਮੇਂ ਦੇ ਬਾਅਦ ਜਦੋਂ ਸੰਤੁਲਨ ਦੀ ਸਥਿਤੀ ਭੰਗ ਹੋ ਜਾਂਦੀ ਹੈ ਤਾਂ ਉਹ .....ਸੰਤੁਲਨ ਕਹਾਉਂਦੀ ਹੈ।
3. ਇਕ ਭਾਰੀ ਨਿਰਧਾਰਣ ਵਾਲਾ ਜਹਾਜ਼ .....ਵਿੱਚ ਰਹਿੰਦਾ ਹੈ।

2.2 ਸਥੈਤਿਕ ਸੰਤੁਲਨ (Static Equilibrium)

ਨੋਟ

ਸੰਤੁਲਨ ਸਥਿਤੀ, ਜਿਸ ਦੀ ਉਪਰ ਵਿਆਖਿਆ ਕੀਤੀ ਗਈ ਹੈ। ਸੰਤੁਲਨ ਸਿਧਾਂਤ ਦੀ ਇਕ ਹੋਰ ਵਿਸ਼ੇਸ਼ਤਾ ਨੂੰ ਪ੍ਰਗਟ ਕਰਦੀ ਹੈ ਅਤੇ ਉਹ ਇਹ ਕਿ ਇਹ ਟਿਕਾ ਦੀ ਸਥਿਤੀ ਹੁੰਦੀ ਹੈ, ਜਿਸ ਵਿੱਚ ਗਤੀ ਦੀ ਅਜਿਹੀ ਵਿਸ਼ੇਸ਼ਤਾ ਹੈ ਕਿ ਵਿਰੋਧੀ ਸ਼ਕਤੀਆਂ ਇਕ-ਦੂਸਰੇ ਨੂੰ ਸੰਤੁਲਿਤ ਕਰਦੀਆਂ ਹਨ। ਇਕ ਵਾਰ ਜਦੋਂ ਇਹ ਸਥਿਤੀ ਆ ਜਾਂਦੀ ਹੈ ਤਾਂ ਫਿਰ ਤੋਂ ਦੂਰ ਜਾਣ ਦੀ ਪ੍ਰਵਿਰਤੀ ਨਹੀਂ ਹੁੰਦੀ। **ਪ੍ਰੋ. ਮਹਿਤਾ** ਦੇ ਅਨੁਸਾਰ, "ਸਥੈਤਿਕ ਸੰਤੁਲਨ ਉਹ ਸੰਤੁਲਨ ਹੈ ਜੋ ਆਪਣੇ ਆਪ ਨੂੰ ਵਿਚਾਰ ਅਧੀਨ ਸਮੇਂ ਤੋਂ ਬਾਅਦ ਬਣਾਈ ਰੱਖਦਾ ਹੈ।" ਇਹ ਅਜਿਹੀ ਅਨੰਦਾਇਕ ਸਥਿਤੀ ਹੈ, ਜਿਸ ਨੂੰ ਹਰ ਵਿਅਕਤੀ, ਫਰਮ, ਉਦਯੋਗ ਜਾਂ ਸਾਧਨ ਪ੍ਰਾਪਤ ਕਰਨਾ ਚਾਹੁੰਦਾ ਹੈ ਅਤੇ ਜਦੋਂ ਇਹ ਸਥਿਤੀ ਆ ਜਾਂਦੀ ਹੈ ਤਾਂ ਕੋਈ ਵੀ ਉਸ ਨੂੰ ਛੱਡਣਾ ਨਹੀਂ ਚਾਹੁੰਦਾ। ਇਕ **ਉਪਭੋਗਤਾ** ਉਸ ਸਮੇਂ ਸਮੇਂ ਸੰਤੁਲਨ ਦੀ ਸਥਿਤੀ ਵਿੱਚ ਹੁੰਦਾ ਹੈ, ਜਦੋਂ ਉਹ ਵੱਖ-ਵੱਖ ਵਸਤੂਆਂ ਅਤੇ ਸੇਵਾਵਾਂ 'ਤੇ ਦਿੱਤੇ ਗਏ ਨਿਸ਼ਚਿਤ ਖਰਚ ਤੋਂ ਜ਼ਿਆਦਾ ਸੰਤੁਸ਼ਟੀ ਪ੍ਰਾਪਤ ਕਰਦਾ ਹੈ। ਆਪਣੇ ਕੁੱਲ ਖਰਚ ਨੂੰ ਆਪਣੀ ਖਰੀਦ 'ਤੇ ਨਵੇਂ ਸਿਰੇ ਤੋਂ ਵੰਡ ਕਰਨ ਦਾ ਉਪਭੋਗਤਾ ਦਾ ਕੋਈ ਵੀ ਯਤਨ ਉਸ ਦੀ ਸੰਤੁਸ਼ਟੀ ਨੂੰ ਵਧਾਉਣ ਦੀ ਥਾਂ ਘਟਾ ਦੇਵੇਗਾ। **ਇਕ ਫਰਮ** ਉਸ ਸਮੇਂ ਸੰਤੁਲਨ ਦੀ ਸਥਿਤੀ ਵਿੱਚ ਹੁੰਦੀ ਹੈ, ਜਦੋਂ ਉਸ ਦੇ ਲਾਭ ਜ਼ਿਆਦਾ ਹੋਣ ਅਤੇ ਉਹ ਆਪਣੇ ਉਤਪਾਦਨ ਨੂੰ ਵਧਾਉਣ ਵਿੱਚ ਕੋਈ ਰੁਚੀ ਨਾ ਰੱਖਦੀ ਹੋਵੇ। ਇਸ ਸਥਿਤੀ ਨਾਲ ਕਿਸੇ ਵੀ ਤਰ੍ਹਾਂ ਹਟਣ ਨਾਲ ਲਾਭ ਘੱਟ ਜਾਵੇਗਾ। ਇਸ ਤਰ੍ਹਾਂ, **ਇਕ ਉਦਯੋਗ** ਉਸ ਸਮੇਂ ਸੰਤੁਲਨ ਦੀ ਸਥਿਤੀ ਵਿੱਚ ਹੁੰਦਾ ਹੈ, ਜਦੋਂ ਉਸ ਨੂੰ ਆਪਣੇ ਕੁੱਲ ਉਤਪਾਦਨ ਨੂੰ ਤਬਦੀਲ ਕਰਨ ਵਿੱਚ ਕੋਈ ਰੁਚੀ ਨਹੀਂ ਹੁੰਦੀ। ਇਹ ਅਜਿਹੀ ਸਥਿਤੀ ਵਿੱਚ ਹੁੰਦੀ ਹੈ, ਜਿਸ ਵਿੱਚ ਨਾ ਤਾਂ ਵਰਤਮਾਨ ਫਰਮਾਂ ਉਦਯੋਗਾਂ ਨੂੰ ਛੱਡਣਾ ਚਾਹੁੰਦੀਆਂ ਹਨ ਅਤੇ ਨਾ ਹੀ ਨਵੀਆਂ ਫਰਮਾਂ ਆਉਣਾ ਚਾਹੁੰਦੀਆਂ ਹਨ। ਦੂਸਰੇ ਸ਼ਬਦਾਂ ਵਿੱਚ ਕੋਈ ਉਦਯੋਗ ਉਸ ਸਮੇਂ ਸੰਤੁਲਨ ਦੀ ਸਥਿਤੀ ਵਿੱਚ ਹੁੰਦਾ ਹੈ, ਜਦੋਂ ਸਾਰੀਆਂ ਫਰਮਾਂ ਸਧਾਰਣ ਲਾਭ ਕਮਾ ਰਹੀਆਂ ਹਨ। ਇਕ **ਉਤਪਾਦਕ ਸਾਧਨ** ਉਸ ਸਮੇਂ ਸੰਤੁਲਨ ਦੀ ਸਥਿਤੀ ਵਿੱਚ ਹੁੰਦਾ ਹੈ, ਜਦੋਂ ਉਸ ਨੂੰ ਉਸ ਦੀ ਜ਼ਿਆਦਾ ਕੀਮਤ 'ਤੇ ਕੰਮ ਉਤ ਲਗਾਇਆ ਜਾਂਦਾ ਹੈ, ਜਿਸ ਨਾਲ ਉਸ ਦੀ ਮੰਗ ਜ਼ਿਆਦਾ ਹੁੰਦੀ ਹੈ। ਇਹ ਆਪਣੀ ਸੇਵਾ ਨੂੰ ਘੱਟ ਜਾਂ ਜ਼ਿਆਦਾ ਮਾਤਰਾ ਵਿੱਚ ਪੇਸ਼ ਕਰਨ ਲਈ ਪ੍ਰੇਰਿਤ ਨਹੀਂ ਹੁੰਦਾ ਅਤੇ ਨਾ ਹੀ ਕਿਤੇ ਹੋਰ ਨੌਕਰੀ ਲੱਭਦਾ ਹੈ। ਅਜਿਹਾ ਕਰਨ ਨਾਲ ਉਸ ਦੀ ਆਮਦਨ ਘੱਟ ਜਾਵੇਗੀ। ਪ੍ਰੋ. ਨੇ ਸਥੈਤਿਕ ਸੰਤੁਲਨ ਨੂੰ ਇਨ੍ਹਾਂ ਸ਼ਬਦਾਂ ਵਿੱਚ ਪ੍ਰਗਟ ਕੀਤਾ ਹੈ, "ਇਕ ਗੇਂਦ ਜੋ ਸਮਾਨ ਗਤੀ ਨਾਲ ਡੋਲਦੀ ਹੈ ਜਾਂ ਡੋਲਦੀ ਜਾ ਰਹੀ ਹੋਵੇ ਜਾਂ ਇਸ ਤੋਂ ਵੀ ਚੰਗਾ ਉਦਾਹਰਣ ਇਕ ਜੰਗਲ ਦਾ ਹੈ, ਜਿਸ ਵਿੱਚ ਦਰੱਖਤ ਉਗਦੇ ਹਨ, ਵੱਧਦੇ ਜਾਂ ਨਸ਼ਟ ਹੁੰਦੇ ਹਨ, ਸਮੁੱਚੇ ਜੰਗਲ ਦੀ ਰਚਨਾ ਵਿੱਚ ਕੋਈ ਪਰਿਵਰਤਨ ਨਹੀਂ ਆਉਂਦਾ, ਇੱਥੇ ਸੰਤੁਲਨ ਦਾ ਯੰਤ੍ਰਿਕ ਉਦਾਹਰਣ ਨਾਪਿਆ ਜਾ ਸਕਦਾ ਹੈ।" ਇਹ ਅਜਿਹਾ ਸਥੈਤਿਕ ਸੰਤੁਲਨ ਹੈ ਜੋ ਦਿੱਤੀਆਂ ਹੋਈਆਂ ਅਤੇ ਨਿਸ਼ਚਿਤ ਕੀਮਤਾਂ, ਮਾਤਰਾਵਾਂ, ਰੁਚੀਆਂ, ਉਦਯੋਗਿਕ ਅਤੇ ਜਨਸੰਖਿਆ 'ਤੇ ਅਧਾਰਿਤ ਹੁੰਦਾ ਹੈ।

ਨੋਟਸ ਸਥੈਤਿਕ ਸੰਤੁਲਨ ਉਹ ਸੰਤੁਲਨ ਹੋ ਜੋ ਕਿ ਆਪਣੇ ਆਪ ਨੂੰ ਵਿਚਾਰ ਅਧੀਨ ਸਮੇਂ ਤੋਂ ਬਾਅਦ ਬਣਾਈ ਰੱਖਦਾ ਹੈ।

2.3 ਪ੍ਰਾਵੈਗਿਕ ਸੰਤੁਲਨ (Dynamic Equilibrium)

ਪ੍ਰਾਵੈਗਿਕ ਸੰਤੁਲਨ ਵਿੱਚ ਕੀਮਤਾਂ, ਮਾਤਰਾਵਾਂ, ਆਮਦਨ, ਰੁਚੀਆਂ, ਉਦਯੋਗਿਕ, ਜਨਸੰਖਿਆ ਆਦਿ ਸਾਰੇ ਲਗਾਤਾਰ ਬਣਦੇ ਰਹਿੰਦੇ ਹਨ। ਇਸ ਲਈ ਸਮੇਂ ਦੇ ਇਕ ਨਿਸ਼ਚਿਤ ਸਮੇਂ ਵਿੱਚ ਸੰਤੁਲਨ ਦੀ ਥਾਂ **ਅਸੰਤੁਲਨ** ਦੀ ਸਥਿਤੀ ਪਾਈ ਜਾਂਦੀ ਹੈ, ਜਦ ਮਾਰਕੀਟ ਦੇ ਪ੍ਰਤੀਭਾਗੀਆਂ ਵੱਲੋਂ ਕੀਤੇ ਜਾਣ ਵਾਲੇ ਫੈਸਲਿਆਂ ਵਿੱਚ ਸਹਿਮਤੀ ਨਹੀਂ ਹੈ ਤਾਂ ਇਹ ਵਰਤਮਾਨ ਸੰਤੁਲਨ ਦੀ ਸਥਿਤੀ ਨੂੰ ਵਿਗਾੜ ਦੇਵੇਗੀ ਅਤੇ ਸੰਤੁਲਨ ਪੈਦਾ ਹੋ ਜਾਵੇਗਾ, ਜੇਕਰ ਹਿੱਸਾ ਲੈਣ ਵਾਲਾ ਕੋਈ ਵਿਅਕਤੀ ਅਸੰਤੁਲਨ ਵਿੱਚ ਹੈ ਅਤੇ ਯਤਨ ਕਰਨ 'ਤੇ ਵੀ ਸੰਤੁਲਨ ਵਿੱਚ ਨਹੀਂ ਆਉਂਦਾ ਤਾਂ ਉਹ ਦੂਸਰਿਆਂ ਨੂੰ ਵੀ ਅਸੰਤੁਲਨ ਦੀ ਸਥਿਤੀ ਵਿੱਚ ਪਾ ਦੇਵੇਗਾ। ਇਸ ਤਰ੍ਹਾਂ ਪ੍ਰਤੀਕਿਰਿਆ ਦੀ ਇਕ ਲੜੀ ਆਰੰਭ ਹੋ ਜਾਂਦੀ ਹੈ ਜੋ ਸਾਰੇ ਹਿੱਸਾ ਲੈਣ ਵਾਲਿਆਂ ਦੇ ਫੈਸਲਿਆਂ ਵਿੱਚ ਸਮਰੂਪਤਾ ਲੈ ਆਉਂਦੀ ਹੈ ਅਤੇ ਸੰਤੁਲਨ ਦੀ ਨਵੀਂ ਸਥਿਤੀ ਬਣ ਜਾਂਦੀ ਹੈ। ਜਿਵੇਂ ਕਿ **ਪ੍ਰੋ. ਮਹਿਤਾ** ਨੇ ਕਿਹਾ ਹੈ, 'ਇਕ ਨਿਸ਼ਚਿਤ ਸਮੇਂ ਤੋਂ ਬਾਅਦ ਸੰਤੁਲਨ ਦੀ ਸਥਿਤੀ ਭੰਗ ਹੋ ਜਾਂਦੀ ਹੈ ਤਾਂ ਉਹ ਪ੍ਰਾਵੈਗਿਕ ਸੰਤੁਲਨ ਅਖਵਾਉਂਦਾ ਹੈ।'

ਅਸੀਂ ਆਪਣੇ ਉਦਾਹਰਣ ਨੂੰ ਅੱਗੇ ਵਧਾਉਂਦੇ ਹਾਂ। ਮੰਨ ਲਓ ਕਿ ਕੁਝ ਵਿਅਕਤੀਆਂ ਵਿੱਚ ਮਛਲੀ ਦੇ ਲਈ ਰੁਚੀ ਪੈਦਾ ਹੋ ਜਾਂਦੀ ਹੈ। ਇਸ ਨਾਲ ਮਛਲੀ ਦੀ ਮੰਗ ਵੱਧ ਜਾਵੇਗੀ। ਫਲਸਰੂਪ ਮਾਰਕੀਟ ਵਿੱਚ ਸਾਰੇ ਹਿੱਸਾ ਲੈਣ ਵਾਲਿਆਂ ਦੀਆਂ ਪਹਿਲੀਆਂ ਯੋਜਨਾਵਾਂ ਅਤੇ ਪ੍ਰਵਿਰਤੀਆਂ ਵਿੱਚ ਗੜਬੜ ਪੈਦਾ ਹੋ ਜਾਵੇਗੀ। ਵਿਕਰੇਤਾ ਤੁਰੰਤ ਕੀਮਤ ਵਧਾ ਦੇਣਗੇ, ਜਿਸ ਨਾਲ ਪੁਰਾਣੇ ਖਰੀਦਣ

ਨੋਟ

ਵਾਲਿਆਂ ਦੇ ਵਿਵਹਾਰ ਵਿੱਚ ਪਰਿਵਰਤਨ ਹੋ ਜਾਵੇਗਾ। ਮਾਰਕੀਟ ਵਿੱਚ ਸੰਤੁਲਨ ਦੀ ਸਥਿਤੀ ਹੋ ਜਾਵੇਗੀ ਅਤੇ ਉਦੋਂ ਤੱਕ ਬਣੀ ਰਹੇਗੀ, ਜਦੋਂ ਤੱਕ ਨਵੀਂ ਮੰਗ ਦੇ ਪੱਧਰ ਤੱਕ ਪਹਿਲੀ ਦੀ ਪੂਰਤੀ ਨਹੀਂ ਵੱਧ ਜਾਂਦੀ, ਇੱਥੇ ਵਿਰੋਧੀ ਸ਼ਕਤੀਆਂ ਵਿੱਚ ਨਵਾਂ ਸੰਤੁਲਨ ਆਵੇਗਾ। ਚਿੱਤਰ 2.2 ਅਸੰਤੁਲਨ ਨਾਲ ਸੰਤੁਲਨ ਦੀ ਸਥਿਤੀ ਤੱਕ ਪਹੁੰਚਣ ਦੀ ਇਸ ਪ੍ਰਕਿਰਿਆ ਦੀ ਵਿਆਖਿਆ **ਕਾਬਬੈਵ ਪ੍ਰਮੇ** (Cobweb Theorem) ਨਾਲ ਕਰਦਾ ਹੈ। a ਅਰੰਭਿਕ ਸੰਤੁਲਨ ਦੀ ਸਥਿਤੀ, ਜਿੱਥੋਂ ਗੜਬੜ ਸ਼ੁਰੂ ਹੁੰਦੀ ਹੈ। ਜਦੋਂ ਮੰਗ ਵੱਧ ਕੇ D_1 ਹੋ ਜਾਂਦੀ ਹੈ ਤਾਂ ਕੀਮਤ ਇਕਦਮ OP_1 (=qb) 'ਤੇ ਚਲੀ ਜਾਂਦੀ ਹੈ ਪਰ ਜਦੋਂ ਦੀਰਘ ਸਮੇਂ ਵਿੱਚ ਮਛਲੀ ਦੀ ਪੂਰਤੀ ਹੌਲੀ-ਹੌਲੀ ਵੱਧਦੀ ਹੈ ਤਾਂ ਕੀਮਤ ਡਿੱਗਦੇ-ਡਿੱਗਦੇ ਨਵੇਂ ਸੰਤੁਲਨ ਬਿੰਦੂ g 'ਤੇ ਆ ਜਾਂਦੀ ਹੈ, ਜਿੱਥੇ ਨਵੀਂ ਸੰਤੁਲਨ ਕੀਮਤ OP_3 (q_3g) 'ਤੇ OQ_3 ਮਾਤਰਾ ਦੀ ਮੰਗ ਅਤੇ ਪੂਰਤੀ ਹੁੰਦੀ ਹੈ। ਇੱਥੇ **ਪ੍ਰਾਵੈਗਿਕ** ਸੰਤੁਲਨ ਨੂੰ ਸਪੱਸ਼ਟ ਕਰਦੀ ਹੈ।



ਚਿੱਤਰ 2.2

ਪਰ ਸਵਾਲ ਇਹ ਹੈ ਕਿ ਸੰਤੁਲਨ ਦੀ ਇਹ ਸਥਿਤੀ ਕਦੋਂ ਅਤੇ ਕਿਵੇਂ ਆਵੇਗੀ? ਮਛਲੀ ਦੀ ਪੂਰਤੀ ਦੀ ਮਾਤਰਾ ਇਕ ਦਿਨ ਵਿੱਚ ਤਾਂ ਵੱਧ ਨਹੀਂ ਸਕਦੀ। ਉਤਪਾਦਕਾਂ ਨੂੰ ਯੋਜਨਾ ਬਣਾਉਣ ਅਤੇ ਵਸਤੂ ਦੀ ਇਲਾਵਾ ਮਾਤਰਾ ਨੂੰ ਮਾਰਕੀਟ ਵਿੱਚ ਲਿਆਉਣ ਵਿੱਚ ਕੁਝ ਸਮਾਂ ਤਾਂ ਲੱਗੇਗੀ ਹੀ। ਇਸ ਤੋਂ ਬਾਅਦ ਸਮਾਯੋਜਨਾ (lagged adjustment) ਕਹਿੰਦੇ ਹਨ, ਜਿਸ ਦੀ ਕਾਬਬੈਵ ਪ੍ਰੇਮੇ ਦੀ ਸਹਾਇਤਾ ਨਾਲ ਵਿਆਖਿਆ ਕੀਤੀ ਜਾ ਸਕਦੀ ਹੈ। ਚਿੱਤਰ 2.2 ਵਿੱਚ ਜਦੋਂ ਮੰਗ D ਤੋਂ ਵੱਧ ਕੇ D_1 ਹੋ ਜਾਂਦੀ ਹੈ ਤਾਂ ਕੀਮਤ qb (=OP_1) 'ਤੇ ਪਹੁੰਚ ਜਾਂਦੀ ਹੈ ਅਤੇ ਇਹ ਆਸ਼ਾ ਕੀਤੀ ਜਾਂਦੀ ਹੈ ਕਿ ਇਹ ਕੁਝ ਸਮੇਂ ਤੱਕ ਉਸੇ ਪੱਧਰ 'ਤੇ ਰਹੇਗੀ। ਇਸ ਲਈ ਇਹ ਕੀਮਤ ਉਤਪਾਦਕਾਂ ਨੂੰ ਪ੍ਰੇਰਿਤ ਕਰਦੀ ਹੈ ਕਿ ਉਹ ਪੂਰਤੀ ਵਿੱਚ qq_1 ਮਾਤਰਾ ਵਿੱਚ ਵਾਧਾ ਕਰਕੇ ਕੁੱਲ ਪੂਰਤੀ ਨੂੰ Oq_1 'ਤੇ ਲੈ ਆਉਣ। ਪਰ ਇਹ ਉਸ ਸੰਤੁਲਨ ਮਾਤਰਾ Oq^3 ਜ਼ਿਆਦਾ ਹੈ, ਜਿਸ ਦੀ ਮਾਰਕੀਟ ਵਿੱਚ ਜ਼ਰੂਰਤ ਹੈ। ਇਸ ਨਾਲ ਕੀਮਤ ਫਿਰ ਘਟ ਕੇ dq_1 (OP_2) ਹੋ ਜਾਵੇਗੀ ਅਤੇ ਉਤਪਾਦਕਾਂ ਦੀ ਉਤਪਾਦਨ ਯੋਜਨਾ ਨੂੰ ਬਦਲ ਦੇਵੇਗੀ ਜੋ ਪੂਰਤੀ ਨੂੰ ਘਟਾ ਕੇ Oq_2 ਕਰ ਦੇਵੇਗੀ ਪਰ ਇਹ ਮਾਤਰਾ ਸੰਤੁਲਨ ਪੱਧਰ Oq_3 ਤੋਂ ਘੱਟ ਹੈ, ਇਸ ਲਈ ਕੀਮਤ ਵੱਧ ਕੇ OP_4 ਹੋ ਜਾਵੇਗੀ ਜੋ ਪੂਰਤੀ ਨੂੰ ਬੜ੍ਹਾਵਾ ਦੇ ਕੇ Oq_3 'ਤੇ ਲੈ ਜਾਵੇਗੀ। ਅੰਤ ਵਿੱਚ ਬਿੰਦੂ g 'ਤੇ ਸੰਤੁਲਨ ਸਥਾਪਿਤ ਹੋ ਜਾਵੇਗੀ, ਜਿੱਥੇ S ਅਤੇ D_1 ਬਕਰ ਇਕ-ਦੂਸਰੇ ਨੂੰ ਕੱਟਦੇ ਹਨ ਅਤੇ OP_3–Oq_3 ਕੀਮਤ ਮਾਤਰਾ ਸੰਜੋਗ ਬਣ ਜਾਂਦਾ ਹੈ। ਇਸ ਨੂੰ **'ਪਸ਼ਚਤਾ ਸਮਾਯੋਜਨ ਦੇ ਨਾਲ ਪ੍ਰਾਵੈਗਿਕ ਸੰਤੁਲਨ'** ਕਹਿੰਦੇ ਹਨ।

2.4 ਸਥਿਰ ਬਨਾਮ ਅਸਥਿਰ ਸੰਤੁਲਨ (Stable Vs. Unstable Equilibrium)

ਸੰਤੁਲਨ ਦੀਆਂ ਜੋ ਵੱਖ-ਵੱਖ ਸਥਿਤੀਆਂ ਉਪਰ ਦਿੱਤੀਆਂ ਗਈਆਂ ਹਨ, ਉਨ੍ਹਾਂ ਦਾ ਸਬੰਧ **ਸਥਿਰ ਅਸੰਤੁਲਨ** ਨਾਲ ਹੈ, ਜੇਕਰ ਸੰਤੁਲਨ ਦੀ ਸਥਿਤੀ ਵਿੱਚ ਕੋਈ ਗੜਬੜ ਪੈਦਾ ਹੋ ਜਾਵੇ ਤਾਂ ਉਹ ਆਪਣੇ ਆਪ ਨੂੰ ਸਮਾਯੋਜਨ ਕਰ ਲੈਂਦੀ ਹੈ ਅਤੇ ਪੁਰਾਣੀ ਸੰਤੁਲਨ ਸਥਿਤੀ ਫਿਰ ਸਥਾਪਿਤ ਹੋ ਜਾਂਦੀ ਹੈ, ਜਿਵੇਂ ਕਿ ਚਿੱਤਰ 2.1 ਵਿੱਚ ਦਿਖਾਇਆ ਗਿਆ ਹੈ। **ਮਾਰਸ਼ਲ** ਦੇ ਸ਼ਬਦਾਂ ਵਿੱਚ, "ਜਦੋਂ ਮੰਗ ਕੀਮਤ ਪੂਰਤੀ ਕੀਮਤ ਦੇ ਬਰਾਬਰ ਹੁੰਦੀ ਹੈ ਤਾਂ ਉਤਪਾਦਨ ਦੀ ਨਵੀਂ ਮਾਤਰਾ ਵਿੱਚ ਵਧਣ ਜਾਂ ਘਟਣ ਦੀ ਪ੍ਰਵਿਰਤੀ ਨਹੀਂ ਹੁੰਦੀ। ਉਹ ਸੰਤੁਲਨ ਵਿੱਚ ਹੁੰਦੀ ਹੈ, ਅਜਿਹਾ ਸੰਤੁਲਨ ਸਥਿਰ ਹੁੰਦਾ ਹੈ ਅਤੇ ਕੀਮਤ ਜੇਕਰ ਇਸ ਸਥਿਤੀ ਤੋਂ ਥੋੜ੍ਹੀ ਜਿਹੀ ਹਟਾ ਦਿੱਤੀ ਜਾਵੇ ਤਾਂ ਉਹ ਘੜੀ ਦੇ ਪੈਂਡੂਲਮ ਵਾਂਗ ਆਪਣੇ ਨਿਮਨਤਮ ਬਿੰਦੂ 'ਤੇ ਜਾਣ ਦਾ ਯਤਨ ਕਰੇਗੀ।" **ਪੀਗੂ** ਦੇ ਅਨੁਸਾਰ ਇਕ ਭਾਰੀ ਨਿਧਰਣ (Keel) ਵਾਲਾ ਜਹਾਜ਼ ਸੰਤੁਲਨ ਵਿੱਚ ਰਹਿੰਦਾ ਹੈ। **ਸ਼ੁੰਪੀਟਰ** ਨੇ ਇਕ ਹੋਰ ਪ੍ਰਸਿੱਧ ਉਪਮਾ ਕਟੋਰੇ ਅਤੇ ਗੇਂਦ

ਦੀ ਦਿੱਤੀ ਹੈ। ਕਟੋਰੇ ਵਿੱਚ ਟਿਕੀ ਹੋਈ ਗੇਂਦ ਸੰਤੁਲਨ ਦੀ ਸਥਿਤੀ ਵਿੱਚ ਹੁੰਦੀ ਹੈ, ਕਿਉਂਕਿ ਉਸ ਨੂੰ ਛੇੜ ਦਿੱਤਾ ਜਾਵੇ ਤਾਂ ਉਹ ਅੱਗੇ-ਪਿੱਛੇ ਘੁੰਮ ਕੇ ਆਪਣੀ ਅਰੰਭਿਕ ਸਥਿਤੀ 'ਤੇ ਆ ਕੇ ਟਿਕ ਜਾਂਦੀ ਹੈ। ਨੋਟ

ਦੂਸਰੇ ਪਾਸੇ ਅਸੰਤੁਲਨ ਉਸ ਸਮੇਂ ਸਥਿਰ ਹੁੰਦਾ ਹੈ, ਜਦ ਸੰਤੁਲਨ ਦੀ ਸਥਿਤੀ ਵਿੱਚ ਕੋਈ ਵੀ ਗੜਬੜ ਪੈਦਾ ਹੋ ਜਾਣ ਨਾਲ ਅਜਿਹੀਆਂ ਸ਼ਕਤੀਆਂ ਕਾਰਜਸ਼ੀਲ ਹੁੰਦੀਆਂ ਹਨ ਜੋ ਵਿਵਸਥਾ ਨੂੰ ਉਸ ਤੋਂ ਦੂਰ ਲੈ ਜਾਂਦੀਆਂ ਹਨ ਅਤੇ ਉਹ ਸਥਿਤੀ ਫਿਰ ਕਦੇ ਵੀ ਸਥਾਪਿਤ ਨਹੀਂ ਹੁੰਦੀ। **ਪੀਗੂ** ਦੇ ਸ਼ਬਦਾਂ ਵਿੱਚ, "ਜੇਕਰ ਥੋੜ੍ਹੀ ਜਿਹੀ ਗੜਬੜ ਹੋਣ ਨਾਲ ਅਜਿਹੀਆਂ ਸ਼ਕਤੀਆਂ ਕਾਰਜਸ਼ੀਲ ਹੋ ਜਾਂਦੀਆਂ ਹਨ ਜੋ ਕਿ ਮਿਲ ਕੇ ਵਿਵਸਥਾ ਨੂੰ ਉਸ ਦੀ ਅਰੰਭਿਕ ਸਥਿਤੀ ਤੋਂ ਹਟਾ ਦਿੰਦੀਆਂ ਹਨ," ਤਾਂ ਉਹ ਅਸਥਿਰ ਸੰਤੁਲਨ ਦੀ ਸਥਿਤੀ ਵਿੱਚ ਹੁੰਦੀ ਹੈ। **ਮਾਰਸ਼ਲ** ਦੇ ਅਨੁਸਾਰ, "ਇਕ ਆਂਡਾ ਜੋ ਆਪਣੇ ਇਕ ਸਿਰੇ 'ਤੇ ਸੰਤੁਲਿਤ ਕਰ ਦਿੱਤਾ ਗਿਆ ਹੈ, ਬਿਲਕੁਲ ਥੋੜ੍ਹਾ ਜਿਹਾ ਹਿੱਲ ਜਾਣ ਨਾਲ ਡਿੱਗ ਪਵੇਗਾ ਅਤੇ ਅਤੇ ਲੰਬਾਈ ਦੇ ਰੁੱਖ ਵੱਲ ਲੇਟ ਜਾਵੇਗਾ।" ਜੇਕਰ ਕਟੋਰੇ ਨੂੰ ਉਲਟਾ ਦਿੱਤਾ ਜਾਵੇ ਅਤੇ ਗੇਂਦ ਨੂੰ ਉਸ ਦੇ ਉਪਰ ਦੇ ਸਿਰੇ 'ਤੇ ਰੱਖ ਦਿੱਤਾ ਜਾਵੇ ਤਾਂ ਉਹ ਅਸਥਿਰ ਸੰਤੁਲਨ ਦੀ ਸਥਿਤੀ ਵਿੱਚ ਹੋਵੇਗੀ, ਕਿਉਂਕਿ ਅਜਿਹੀ ਸਥਿਤੀ ਵਿੱਚ ਗੇਂਦ ਨੂੰ ਥੋੜ੍ਹਾ ਨੂੰ ਧਕੇਲ ਦਿੱਤਾ ਜਾਵੇ ਤਾਂ ਉਹ ਕਟੋਰੇ ਦੇ ਉਪਰੋਂ ਡਿੱਗ ਕੇ ਜ਼ਮੀਨ 'ਤੇ ਆ ਜਾਂਦੀ ਹੈ ਅਤੇ ਫਿਰ ਆਪਣੀ ਅਸਲੀ ਸਥਿਤੀ 'ਤੇ ਨਹੀਂ ਜਾ ਸਕਦੀ।

ਸਥਿਰ ਅਤੇ ਅਸਥਿਰ ਸੰਤੁਲਨ ਦੀਆਂ ਧਾਰਨਾਵਾਂ ਸੰਤੁਲਨ ਦੀ ਸਥਿਰਤਾ ਨਾਲ ਸਬੰਧ ਰੱਖਦੀ ਹੈ, ਜਿਨ੍ਹਾਂ ਦੀ ਅੱਗੇ ਦੇ ਅਧਿਆਇਆਂ ਵਿੱਚ ਵਿਵੇਚਨਾ ਕੀਤੀ ਗਈ ਹੈ।

ਸਵੈ ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions)-

4. ..... ਸੰਤੁਲਨ ਉਹ ਹੈ ਜੋ ਕੇਵਲ ਸੀਮਿਤ ਅੰਕੜਿਆਂ 'ਤੇ ਅਧਾਰਿਤ ਹੈ।
   (ਅ) ਅੰਸ਼ਿਕ (ਬ) ਵਿਅਸ਼ਟੀ (ਸ) ਸਮਿੱਸ਼ਟੀ (ਦ) ਸਮੂਹ
5. ਅੰਸ਼ਿਕ ਵਿਸ਼ਲੇਸ਼ਣ ਦਾ ਸਬੰਧ ..... ਤਰ੍ਹਾਂ ਦੀਆਂ ਆਰਥਿਕ ਸਮੱਸਿਆਵਾਂ ਨਾਲ ਹੁੰਦਾ ਹੈ।
   (ਅ) ਚਾਰ (ਬ) ਦੋ (ਸ) ਇਕ (ਦ) ਤਿੰਨ
6. ਉਦਯੋਗ ਦੀ ਹਰੇਕ ਫਰਮ ਆਪਣੀ ਵਸਤੂ ..... ਮਾਰਕੀਟ ਕੀਮਤ 'ਤੇ ਵੇਚਦੀ ਹੈ।
   (ਅ) ਪਹਿਲਾਂ ਦੀ (ਬ) ਬਾਅਦ ਦੀ (ਸ) ਵਰਤਮਾਨ (ਦ) ਤਟਸਥ
7. ਅੰਸ਼ਿਕ ਵਿਸ਼ਲੇਸ਼ਣ ਦੀ ਆਪਣੀ ..... ਹੈ।
   (ਅ) ਆਦਤਾਂ (ਬ) ਨਿਯਮ (ਸ) ਖੇਤਰ (ਦ) ਹੱਦਾਂ
8. ਪ੍ਰਤੀਫਲ ਦਾ ਪੈਮਾਨਾ-
   (ਅ) ਅਸਥਿਰ (ਬ) ਸਥਿਰ (ਸ) ਛੋਟਾ (ਦ) ਵੱਡਾ

2.5 ਤਟਸਥ ਸੰਤੁਲਨ (Neutral Equilibrium)

ਇਕ ਹੋਰ ਤਰ੍ਹਾਂ ਦਾ ਸੰਤੁਲਨ, ਜਿਸ ਦਾ ਵਰਨਣ ਕੀਤਾ ਜਾਂਦਾ ਹੈ, ਤਟਸਥ ਸੰਤੁਲਨ ਹੈ। ਜਦੋਂ ਅਰੰਭਿਕ ਸੰਤੁਲਨ ਦੀ ਸਥਿਤੀ ਵਿੱਚ ਗੜਬੜ ਪੈਦਾ ਹੁੰਦੀ ਹੈ ਤਾਂ ਗੜਬੜ ਪੈਦਾ ਕਰਨ ਵਾਲੀਆਂ ਸ਼ਕਤੀਆਂ ਉਸ ਨੂੰ ਸੰਤੁਲਨ ਦੀਆਂ ਕਈ ਸਥਿਤੀਆਂ ਵਿੱਚ ਲੈ ਆਉਂਦੀਆਂ ਹਨ। ਜਿੱਥੇ ਆ ਕੇ ਸਥਿਤੀ ਟਿਕ ਜਾਂਦੀ ਹੈ। ਬਿਲੀਅਰਡ (billiard) ਦੀ ਮੇਜ਼ 'ਤੇ ਇਕ ਗੇਂਦ ਛੇੜ ਦਿੱਤੀ ਜਾਵੇ ਤਾਂ ਉਹ ਤੇਜ਼ ਸਥਿਤੀ ਵਿੱਚ ਪਹੁੰਚ ਕੇ ਟਿਕ ਜਾਵੇਗੀ। ਪ੍ਰੋ. ਪੀਗੂ ਦੇ ਅਨੁਸਾਰ, "ਇਕ ਆਂਡਾ ਜੋ ਆਪਣੀ ਲੰਬਾਈ ਵੱਲ ਪਿਆ ਹੈ, ਤਟਸਥ ਸੰਤੁਲਨ ਵਿੱਚ ਹੈ। ਸਥੈਤਿਕ ਤਟਸਥ ਸੰਤੁਲਨ ਦੀ ਸਥਿਤੀ ਨੂੰ ਚਿੱਤਰ 2.3 ਵਿੱਚ ਦਿਖਾਇਆ ਗਿਆ ਹੈ ਅਤੇ ਪ੍ਰਾਵੈਗਿਕ ਨੂੰ ਚਿੱਤਰ 2.4 ਵਿੱਚ। ਚਿੱਤਰ 2.3 ਵਿੱਚ E ਅਰੰਭਿਕ ਸੰਤੁਲਨ ਦਾ ਬਿੰਦੂ ਹੈ, ਜਿੱਥੇ OP ਕੀਮਤ 'ਤੇ DQ ਮਾਤਰਾ ਦੀ ਮੰਗ ਅਤੇ ਪੂਰਤੀ ਹੁੰਦੀ ਹੈ। ਕੀਮਤ ਦੇ ਵਧਣ 'ਤੇ OP_1 ਹੋ ਜਾਣ ਨਾਲ E_1 ਨਵਾਂ ਸੰਤੁਲਨ ਬਿੰਦੂ ਬਣ ਜਾਂਦਾ ਹੈ ਪਰ ਮੰਗ ਅਤੇ ਪੂਰਤੀ ਦੀ ਮਾਤਰਾ ਪਹਿਲਾਂ ਜਿੰਨੀ ਅਤੇ OQ ਦੀ ਰਹਿੰਦੀ ਹੈ। ਇਸ ਤਰ੍ਹਾਂ ਕੀਮਤ ਖੇਤਰ pp_1 ਤਟਸਥ ਸੰਤੁਲਨ ਨੂੰ ਪ੍ਰਗਟ ਕਰਦਾ ਹੈ।

ਜੇਕਰ ਮਾਰਕੀਟ ਪ੍ਰਾਵੈਗਿਕ ਹੋਵੇ ਤਾਂ ਮੰਗ ਤੋਂ ਵੱਧ ਕੀਮਤ ਨੂੰ ਵਧਾ ਕੇ OP_1 (=QB) ਦਿੰਦੀ ਹੈ ਜੋ ਉਤਪਾਦਕ ਦੀ ਪੂਰਤੀ ਵਧਾ ਕੇ ਕਰਨ ਦੀ ਪ੍ਰੇਰਨਾ ਦਿੰਦੀ ਹੈ, ਜਿਵੇਂ ਚਿੱਤਰ 2.4 ਪ੍ਰੰਤੂ ਮੰਗ-ਕੀਮਤ Q1d ਪੂਰਤੀ ਕੀਮਤ ਤੋਂ ਘੱਟ ਹੈ, ਇਸ ਲਈ ਉਤਪਾਦਕ ਪੂਰਤੀ ਨੂੰ ਵਧਾ ਕੇ OQ 'ਤੇ ਲਿਆਉਣਾ ਚਾਹੁਣਗੇ ਪਰ ਇਸ 'ਤੇ ਪੂਰਤੀ ਨਾਲੋਂ ਮੰਗ ਜ਼ਿਆਦਾ ਹੈ, ਇਸ ਲਈ ਕੀਮਤ ਫਿਰ ਵਧ ਕੇ Qb (=OP_1) ਹੋ ਜਾਵੇਗੀ। ਇਸ ਤਰ੍ਹਾਂ ਕੀਮਤ ਅਤੇ ਮਾਤਰਾ ਤੇ ਦਾਇਰੇ ਵਿੱਚ ਸਥਿਰ ਵਿਸਥਾਰ ਦੇ ਉਤਾਰ-ਚੜ੍ਹਾ ਦੇ ਨਾਲ ਸੰਤੁਲਨ ਬਿੰਦੂ *e* ਦੇ ਦੁਆਲੇ ਘੁੰਮੇਗੀ।

ਨੋਟ



ਚਿੱਤਰ 2.3



ਚਿੱਤਰ 2.4

ਇਹ ਧਿਆਨ ਦੇਣ ਦੀ ਗੱਲ ਹੈ ਕਿ ਸਥਿਰ, ਅਸਥਿਰ ਅਤੇ ਤਟਸਥ ਇਨ੍ਹਾਂ ਤਿੰਨਾਂ ਸੰਤੁਲਨਾਂ ਵਿੱਚੋਂ ਕੇਵਲ ਸਥਿਰ ਸੰਤੁਲਨ ਹੀ ਅਰਥ ਸ਼ਾਸਤਰੀਆਂ ਦੇ ਕੰਮ ਦਾ ਹੈ ਜੋ ਗੁੰਝਲਦਾਰ ਆਰਥਿਕ ਸਮੱਸਿਆਵਾਂ ਦੇ ਵਿਸ਼ਲੇਸ਼ਣ ਵਿੱਚ ਪ੍ਰਯੁਕਤ ਹੁੰਦਾ ਹੈ। ਅਸਥਿਰ ਅਤੇ ਤਟਸਥ ਸੰਤੁਲਨ ਤਾਂ ਸਿਧਾਂਤਕ ਰੁਚੀ ਦੇ ਵਿਸ਼ੇ ਹਨ।

ਕੀ ਤੁਸੀਂ ਜਾਣਦੇ ਹੋ

ਅਰਥ ਸ਼ਾਸਤਰ ਵਿੱਚ ਸੰਤੁਲਨ, ਗਤੀ ਵਿੱਚ ਪਰਿਵਰਤਨ ਦੀ ਗੈਰ ਮੌਜੂਦਗੀ ਬਣਾਉਂਦਾ ਹੈ।

2.6 ਅੰਸ਼ਿਕ ਸੰਤੁਲਨ (Partial Equilibrium)

ਅੰਸ਼ਿਕ ਜਾਂ ਵਿਸ਼ੇਸ਼ ਸੰਤੁਲਨ ਵਿਸ਼ਲੇਸ਼ਣ, ਜਿਸ ਨੂੰ ਵਿਅਸ਼ਟੀ ਆਰਥਿਕ ਵਿਸ਼ਲੇਸ਼ਣ ਵੀ ਕਹਿੰਦੇ ਹਨ, ਇਕ ਵਿਅਕਤੀ ਜਾਂ ਫਰਮ ਜਾਂ ਉਦਯੋਗ ਜਾਂ ਉਦਯੋਗਾਂ ਦੇ ਇਕ ਸਮੂਹ ਦੇ ਸੰਤੁਲਨ ਦੀ ਸਥਿਤੀ ਦਾ ਅਧਿਐਨ ਕਰਦਾ ਹੈ। ਇਹ ਅਜਿਹੀ ਮਾਰਕੀਟ ਪ੍ਰਕਿਰਿਆ ਹੈ ਜੋ ਵਸਤੂ ਕੀਮਤਾਂ ਅਤੇ ਸਾਧਨ ਕੀਮਤਾਂ ਦਾ ਨਿਰਧਾਰਣ ਕਰਦੀ ਹੈ ਅਤੇ ਜਿਸ ਵਿੱਚ ਹੋਰ ਗੱਲਾਂ ਬਰਾਬਰ ਰਹਿੰਦੇ ਹੋਏ ਇਕ ਜਾਂ ਦੋ ਚੋਰਾਂ 'ਤੇ ਵਿਚਾਰ ਕੀਤਾ ਜਾਂਦਾ ਹੈ। **ਸਟਿਗਲਰ** ਦੇ ਸ਼ਬਦਾਂ ਵਿੱਚ, "ਅੰਸ਼ਿਕ ਸੰਤੁਲਨ ਉਹ ਹੈ ਜੋ ਕੇਵਲ ਸੀਮਿਤ ਅੰਕੜਿਆਂ 'ਤੇ ਅਧਾਰਿਤ ਹੈ। ਇਕ ਆਦਰਸ਼ ਉਦਾਹਰਣ ਇਕ ਵਸਤੂ ਦੀ ਕੀਮਤ ਦਾ ਵਿਸ਼ਲੇਸ਼ਣ, ਜਦ ਕਿ ਹੋਰ ਸਾਰੀਆਂ ਵਸਤੂਆਂ ਦੀਆਂ ਕੀਮਤਾਂ ਸਥਿਰ ਰੱਖੀਆਂ ਜਾਂਦੀਆਂ ਹਨ।" ਮਾਰਸ਼ਲ ਦਾ ਅਰਥ ਸ਼ਾਸਤਰ ਜ਼ਿਆਦਾਤਰ ਅੰਸ਼ਿਕ ਸੰਤੁਲਨ ਵਿਸ਼ਲੇਸ਼ਣ ਦੇ ਅਧਿਐਨ ਨਾਲ ਸਬੰਧ ਰੱਖਦਾ ਹੈ।

ਅੰਸ਼ਿਕ ਵਿਸ਼ਲੇਸ਼ਣ ਦਾ ਸਬੰਧ ਦੋ ਤਰ੍ਹਾਂ ਦੀਆਂ ਆਰਥਿਕ ਸਮੱਸਿਆਵਾਂ ਨਾਲ ਹੈ। **ਪਹਿਲੀ** ਉਹ ਹੈ ਜੋ ਕਿਸੇ ਵਿਅਕਤੀ, ਫਰਮ ਜਾਂ ਉਦਯੋਗ ਦੇ ਆਰਥਿਕ ਵਿਵਹਾਰ ਦੇ ਕਿਸੇ ਵਿਸ਼ੇਸ਼ ਪੱਖ ਨਾਲ ਸਬੰਧ ਰੱਖਦੀਆਂ ਹਨ। ਉਦਾਹਰਣ ਦੇ ਤੌਰ 'ਤੇ ਇਹ ਵਿਸ਼ਲੇਸ਼ਣ ਆਪਣੇ ਆਪ ਨੂੰ ਕਿਸੇ ਇਕ ਵਸਤੂ ਦੀ ਮਾਰਕੀਟ ਤੱਕ ਸੀਮਿਤ ਕਰ ਲੈਂਦਾ ਹੈ, ਜਿੱਥੇ ਵਸਤੂ ਦੀ ਕੀਮਤ, ਉਤਪਾਦਨ ਦੀ ਤਕਨੀਕ ਅਤੇ ਵਸਤੂ ਦੇ ਉਤਪਾਦਨ ਵਿੱਚ ਇਸਤੇਮਾਲ ਕੀਤੇ ਜਾਣ ਵਾਲੇ ਸਾਧਨਾਂ ਦੀ ਮਾਤਰਾ 'ਤੇ ਵਿਚਾਰ ਕੀਤਾ ਜਾਂਦਾ ਹੈ, ਜਦ ਕਿ ਕੀਮਤ ਪ੍ਰਭਾਵਿਤ ਕਰਨ ਵਾਲੇ ਹੋਰ ਤੱਤ ਸਥਿਰ ਮੰਨ ਲਏ ਜਾਂਦੇ ਹਨ। **ਦੂਸਰੀ**, ਜਿਨ੍ਹਾਂ ਆਰਥਿਕ ਘਟਨਾਵਾਂ ਦਾ ਇਹ ਵਿਸ਼ਲੇਸ਼ਣ ਕਰਦਾ ਹੈ, ਉਨ੍ਹਾਂ ਦੇ ਕੇਵਲ ਪਹਿਲੀ ਕੋਟੀ (First Order) ਦੇ ਨਤੀਜਿਆਂ ਦਾ ਹੀ ਅਧਿਐਨ ਕਰਦਾ ਹੈ, ਜਿਸ ਵਸਤੂ ਦਾ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ, ਉਸ ਵਸਤੂ ਵੱਲੋਂ ਹੋਰ ਵਸਤੂ ਦੀਆਂ ਕੀਮਤਾਂ 'ਤੇ ਪੈਣ ਵਾਲੇ ਅਤੇ ਬਦਲੇ ਵਿੱਚ ਹੋਰ ਵਸਤੂਆਂ ਦੇ ਉਸ ਵਸਤੂ 'ਤੇ ਪੈਣ ਵਾਲੇ ਦੂਸਰੀ ਕੋਟੀ ਦੇ ਪ੍ਰਭਾਵਾਂ ਦਾ ਇਹ ਮੁਕਾਬਲਾ ਕਰਦਾ ਹੈ।

ਅਸੀਂ ਸੰਖੇਪ ਵਿੱਚ ਇਕ ਵਿਅਕਤੀ, ਫਰਮ, ਉਦਯੋਗ ਅਤੇ ਸਾਧਨ ਦੀਆਂ ਸੰਤੁਲਨ ਸਥਿਤੀਆਂ ਦਾ ਅਧਿਐਨ ਕਰਾਂਗੇ। ਇਕ ਉਪਭੋਗਤਾ ਉਸ ਸਮੇਂ ਸੰਤੁਲਨ ਦੀ ਸਥਿਤੀ ਵਿੱਚ ਹੁੰਦਾ ਹੈ, ਜਦੋਂ ਉਹ ਆਪਣੀ ਮੌਦ੍ਰਿਕ ਆਮਦਨ ਨੂੰ ਵੱਖ-ਵੱਖ ਸਾਧਨਾਂ ਅਤੇ ਸੇਵਾਵਾਂ 'ਤੇ ਅਜਿਹੇ ਢੰਗ ਨਾਲ ਖਰਚ ਕਰਦਾ ਹੈ ਕਿ ਉਸ ਨੂੰ ਜ਼ਿਆਦਾ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ। ਇਹ ਸ਼ਰਤਾਂ ਹਨ (1) ਹਰੇਕ

ਨੋਟ

ਵਸਤੂ ਦੀ ਸੀਮਿਤ ਉਪਯੋਗਤਾ ਉਸ ਦੀ ਕੀਮਤ ਦੇ ਬਰਾਬਰ ਹੈ ਅਤੇ $\frac{MU_A}{P_A} = \frac{MU_B}{P_B} = \frac{MU_N}{P_N}$; ਅਤੇ (2) ਉਪਭੋਗਤਾ ਆਪਣੀ ਸਾਰੀ ਆਮਦਨ ਨੂੰ ਵਸਤੂਆਂ ਦੇ ਖਰੀਦਣ 'ਤੇ ਖਰਚ ਕਰਨ, ਅਤੇ $Y=P_AQ_A+P_BQ_3+...+P_NQ_N$. ਇਹ ਮੰਨ ਲਿਆ ਜਾਂਦਾ ਹੈ ਕਿ ਉਸ ਦੀਆਂ ਰੁਚੀਆਂ, ਅਧਿਮਾਨ, ਉਸ ਦੀ ਮੌਦ੍ਰਿਕ ਆਮਦਨ ਅਤੇ ਜਿਨ੍ਹਾਂ ਵਸਤੂਆਂ ਨੂੰ ਉਹ ਖਰੀਦਣਾ ਚਾਹੁੰਦਾ ਹੈ, ਉਨ੍ਹਾਂ ਦੀਆਂ ਕੀਮਤਾਂ ਦਿੱਤੀਆਂ ਹੋਈਆਂ ਅਤੇ ਸਥਿਰ ਹਨ।

ਇਕ **ਫਰਮ** ਉਸ ਸਮੇਂ ਸੰਤੁਲਨ ਦੀ ਸਥਿਤੀ ਵਿੱਚ ਹੁੰਦੀ ਹੈ, ਜਦੋਂ ਉਹ ਆਪਣੇ ਉਤਪਾਦਨ ਵਿੱਚ ਕੋਈ ਪਰਿਵਰਤਨ ਨਹੀਂ ਕਰਨਾ ਚਾਹੁੰਦੀ। ਅਲਪ ਕਾਲੀਨ ਵਿੱਚ ਇਸ ਦੀ ਸੀਮਿਤ ਲਾਗਤ ਅਤੇ ਸੀਮਿਤ ਆਗਮ ਬਰਾਬਰ ਹੁੰਦੇ ਹਨ ਅਤੇ ਦੀਰਘ ਕਾਲੀਨ ਵਿੱਚ ਇਹ ਪੂਰਨ ਸੰਤੁਲਨ ਦੀਆਂ ਸ਼ਰਤਾਂ ਨੂੰ ਪੂਰਾ ਕਰਦੀ ਹੈ ਅਤੇ MC=MR=LAC ਦੇ ਨਿਊਨਤਮ ਬਿੰਦੂ 'ਤੇ। ਇਸ ਤਰ੍ਹਾਂ ਸਧਾਰਣ ਲਾਭ ਕਮਾਉਂਦੀ ਹੈ ਅਤੇ ਉਦਯੋਗ ਨੂੰ ਛੱਡਣਾ ਨਹੀਂ ਚਾਹੁੰਦੀ। ਫਰਮ ਦੇ ਵਿਸ਼ਲੇਸ਼ਣ ਵਿੱਚ ਉਤਪਾਦਨ ਦੀ ਤਕਨੀਕੀ ਅਤੇ ਵਸਤੂਆਂ ਤੇ ਸਾਧਨਾਂ ਦੀਆਂ ਕੀਮਤਾਂ ਦਿੱਤੀਆਂ ਗਈਆਂ ਹੁੰਦੀਆਂ ਹਨ।

ਇਕ **ਉਦਯੋਗ** ਉਸ ਸਮੇਂ ਸੰਤੁਲਨ ਦੀ ਸਥਿਤੀ ਵਿੱਚ ਹੁੰਦਾ ਹੈ, ਜਦੋਂ ਉਸ ਦੀਆਂ ਸਾਰੀਆਂ ਫਰਮਾਂ ਸਧਾਰਣ ਲਾਭ ਕਮਾ ਰਹੀਆਂ ਹੋਣ ਅਤੇ ਕੋਈ ਵੀ ਪਰਿਵਰਤਨ ਫਰਮ ਨੂੰ ਉਸ ਨੂੰ ਛੱਡਣਾ ਜਾਂ ਨਵੀਂ ਫਰਮ ਉਸ ਵਿੱਚ ਆਉਣਾ ਚਾਹੁੰਦੀ ਹੋਵੇ। ਇਕ ਵਸਤੂ ਦੀ ਮਾਰਕੀਟ ਵਿੱਚ ਇਸ ਸਮੇਂ 'ਤੇ ਇਕ ਹੀ ਕੀਮਤ ਪਾਈ ਜਾਂਦੀ ਹੈ, ਜਿਸ 'ਤੇ ਜੋ ਮਾਤਰਾ ਉਪਭੋਗਤਾ ਖਰੀਦਣਾ ਚਾਹੁੰਦਾ ਹੈ, ਠੀਕ ਉਸ ਮਾਤਰਾ ਦੇ ਬਰਾਬਰ ਹੁੰਦੀ ਹੈ ਜੋ ਵੱਖ-ਵੱਖ ਫਰਮਾਂ ਵੱਲੋਂ ਉਤਪਾਦਿਕ ਕੀਤੀ ਜਾ ਰਹੀ ਹੁੰਦੀ ਹੈ। ਉਦਯੋਗ ਦੀ ਹਰੇਕ ਫਰਮ ਆਪਣੀ ਵਸਤੂ ਵਰਤਮਾਨ ਮਾਰਕੀਟ ਕੀਮਤ 'ਤੇ ਵੇਚਦੀ ਹੈ ਅਤੇ ਉਤਪਾਦਨ ਦੇ ਉਸ ਪੱਧਰ ਦਾ ਉਤਪਾਦਨ ਕਰਦੀ ਹੈ, ਜਿੱਥੇ ਉਸ ਦੀ ਸੀਮਿਤ ਲਾਗਤ ਅਤੇ ਸੀਮਿਤ ਆਗਮ ਬਰਾਬਰ ਹੋਵੇ। ਅਲਪ ਕਾਲੀਨ ਵਿੱਚ ਉਹ ਆਪਣੀ ਔਸਤ ਲਾਗਤਾਂ ਤੋਂ ਘੱਟ ਕੀਮਤ 'ਤੇ ਵੀ ਉਤਪਾਦਨ ਕਰ ਸਕਦੀ ਹੈ ਪਰ ਦੀਰਘ ਕਾਲੀਨ ਵਿੱਚ ਇਹ ਜ਼ਰੂਰੀ ਹੈ ਕਿ ਕੀਮਤ ਉਤਪਾਦਨ ਦੀਆਂ ਨਿਊਨਤਮ ਔਸਤ ਲਾਗਤਾਂ ਦੇ ਬਰਾਬਰ ਹੋਵੇ।

ਉਤਪਾਦਨ ਦਾ ਇਕ ਸਾਧਨ (ਭੂਮੀ, ਮਿਹਨਤ, ਪੂੰਜੀ ਜਾਂ ਸੰਗਠਨ) ਉਸ ਸਮੇਂ ਸੰਤੁਲਨ ਵਿੱਚ ਹੁੰਦਾ ਹੈ, ਜਦੋਂ ਉਹ ਆਪਣੇ ਜ਼ਿਆਦਾਤਰ ਪ੍ਰਦੱਤ (Paid) ਕੰਮ ਵਿੱਚ ਨਿਯੁਕਤ ਹੋਵੇ ਤਾਂ ਕਿ ਉਸ ਦੀ ਆਮਦਨ ਜ਼ਿਆਦਾ ਹੁੰਦੀ ਹੈ। ਇਹ ਉਹ ਸਥਿਤੀ ਹੈ, ਜਦ ਉਸ ਦੀ ਕੀਮਤ ਉਸ ਦੇ ਸੀਮਿਤ ਆਗਮ ਉਤਪਾਦ ਦੇ ਬਰਾਬਰ ਹੁੰਦੀ ਹੈ। ਇਸ ਕੀਮਤ 'ਤੇ ਨਾ ਤਾਂ ਕਿਤੇ ਹੋਰ ਨਿਯੋਜਿਤ ਹੋਣ ਅਤੇ ਨਾ ਹੀ ਆਪਣੀਆਂ ਸੇਵਾਵਾਂ ਨੂੰ ਘੱਟ ਜਾਂ ਜ਼ਿਆਦਾ ਪ੍ਰਦਾਨ ਕਰਨ ਦੀ ਪ੍ਰੇਰਨਾ ਹੁੰਦੀ ਹੈ। ਇਸ ਤਰ੍ਹਾਂ ਸਾਧਨ ਲਈ ਇਕ ਹੀ ਕੀਮਤ ਹੁੰਦੀ ਹੈ ਜੋ ਕਿਸੇ ਵੀ ਸਮੇਂ ਸਾਰੀ ਮਾਰਕੀਟ ਵਿੱਚ ਪਾਈ ਜਾਂਦੀ ਹੈ। ਫਿਰ ਇਕ ਸਾਧਨ ਦੇ ਸਵਾਮੀ ਚਾਲੂ ਕੀਮਤ 'ਤੇ ਆਪਣੀ ਸੇਵਾ ਵੇਚਣ ਲਈ ਤਿਆਰ ਹੁੰਦੇ ਹਨ, ਉਹ ਉਸ ਮਾਤਰਾ ਦੇ ਜ਼ਰੂਰ ਬਰਾਬਰ ਹੋਣੀ ਚਾਹੀਦੀ ਹੈ ਜਿਸ ਨੂੰ ਉਦਮੀ ਲੈਣ ਲਈ ਤਿਆਰ ਹੈ।

ਮਾਨਤਾਵਾਂ (Assumptions)

ਮਾਰਕੀਟ ਦਾ ਅੰਸ਼ਿਕ ਸੰਤੁਲਨ ਵਿਸ਼ਲੇਸ਼ਣ ਇਸ ਮਾਨਤਾ 'ਤੇ ਅਧਾਰਿਤ ਹੈ ਕਿ ਉਪਭੋਗਤਾਵਾਂ ਦੇ ਲਈ ਵਸਤੂ ਦੀ ਕੀਮਤ ਦਿੱਤੀ ਹੋਈ ਅਤੇ ਸਥਿਰ ਹੈ। ਉਪਭੋਗਤਾਵਾਂ ਦੀ ਆਮਦਨ, ਰੁਚੀਆਂ, ਆਦਤਾਂ ਅਤੇ ਅਧਿਮਾਨ ਸਥਿਰ ਰਹਿੰਦੇ ਹਨ। ਫਰਮਾਂ ਲਈ ਵਸਤੂ ਦੇ ਉਤਪਾਦਨ ਸਾਧਨ ਅਤੇ ਹੋਰ ਸਬੰਧਿਤ ਵਸਤੂਆਂ ਦੀਆਂ ਕੀਮਤਾਂ ਦਿੱਤੀਆਂ ਹੋਈਆਂ ਅਤੇ ਸਥਿਰ ਹਨ। ਇਸਤੇਮਾਲ ਕੀਤੀਆਂ ਜਾ ਰਹੀਆਂ ਉਤਪਾਦਨ ਦੀਆਂ ਤਕਨੀਕਾਂ ਅਨੁਸਾਰ ਉਤਪਾਦਨ ਦੇ ਸਾਧਨ ਦਿੱਤੀ ਹੋਈ ਅਤੇ ਸਥਿਰ ਕੀਮਤਾਂ 'ਤੇ ਉਦਯੋਗ ਨੂੰ ਅਸਾਨੀ ਨਾਲ ਮਿਲ ਜਾਂਦੇ ਹਨ। ਜੇਕਰ ਕੋਈ ਪਰਿਵਰਤਨ ਹੋਵੇ, ਮੰਨ ਲਓ ਉਪਭੋਗਤਾ ਦੀਆਂ ਰੁਚੀਆਂ ਵਿੱਚ ਜਾਂ ਉਤਪਾਦਨ ਦੀਆਂ ਤਕਨੀਕਾਂ ਵਿੱਚ ਤਾਂ ਉਪਭੋਗਤਾ-ਉਤਪਾਦਕ ਯੋਜਨਾਵਾਂ ਬਦਲ ਦਿੱਤੀਆਂ ਜਾਂਦੀਆਂ ਹਨ ਅਤੇ ਇਕ ਨਵੇਂ ਪੱਧਰ 'ਤੇ ਸੰਤੁਲਨ ਫਿਰ ਸਥਾਪਿਤ ਹੋ ਜਾਂਦਾ ਹੈ। ਇਕ ਸਾਧਨ ਲਈ ਮਾਰਕੀਟ ਦਾ ਵਿਸ਼ਲੇਸ਼ਣ ਇਹ ਮੰਨਦਾ ਹੈ ਕਿ ਜਿਨ੍ਹਾਂ ਵਸਤੂਆਂ ਨੂੰ ਸਾਧਨ ਬਣਾਉਣ ਵਿੱਚ ਸਹਾਇਕ ਹੁੰਦਾ ਹੈ, ਇਨ੍ਹਾਂ ਦੀਆਂ ਕੀਮਤਾਂ ਦਿੱਤੀਆਂ ਹੋਈਆਂ ਅਤੇ ਸਥਿਰ ਹਨ ਅਤੇ ਹੋਰ ਸਾਰੇ ਸਾਧਨਾਂ ਦੀਆਂ ਮਾਤਰਾਵਾਂ ਅਤੇ ਕੀਮਤਾਂ ਦਿੱਤੀਆਂ ਹੋਈਆਂ ਅਤੇ ਸਥਿਰ ਹਨ, ਫਿਰ ਸਥਾਨਾਂ ਅਤੇ ਕਾਰੋਬਾਰਾਂ ਦਰਮਿਆਨ ਉਤਪਾਦਨ ਦੇ ਸਾਧਨ ਪੂਰਨ ਤੌਰ 'ਤੇ ਗਤੀਸ਼ੀਲ ਹਨ। ਘੱਟ ਸਮੇਂ ਵਿੱਚ ਇਕ ਸਾਧਨ ਆਪਣੇ ਸੀਮਿਤ ਉਤਪਾਦਨ ਤੋਂ ਘੱਟ ਕਮਾ ਸਕਦਾ ਹੈ ਪਰ ਦੀਰਘ ਕਾਲ ਵਿੱਚ ਸਾਰੇ ਰੋਜ਼ਗਾਰਾਂ ਅਤੇ ਸਾਰੇ ਸਥਾਨਾਂ 'ਤੇ ਉਸ ਦੀ ਕੀਮਤ ਜ਼ਰੂਰ ਉਸ ਦੇ ਸੀਮਿਤ ਆਗਮ ਉਤਪਾਦਨ ਦੇ ਬਰਾਬਰ ਹੋਣੀ ਚਾਹੀਦੀ ਹੈ।

ਉਪਰ ਜਿਸ ਵਿਸ਼ਲੇਸ਼ਣ 'ਤੇ ਵਿਚਾਰ ਕੀਤਾ ਗਿਆ ਹੈ, ਉਹ ਪੂਰਨ ਪ੍ਰਤੀਯੋਗੀ ਮਾਰਕੀਟ ਨਾਲ ਸਬੰਧ ਰੱਖਦਾ ਹੈ ਅਤੇ ਉਸ ਏਕਾਧਿਕਾਰ, ਏਕਾਧਿਕਾਰਾਤਮਕ ਪ੍ਰਤੀਯੋਗਿਤਾ, ਅਲਪ ਅਧਿਕਾਰ ਅਤੇ ਇਕ-ਕ੍ਰਿਯਤਾ ਮਾਰਕੀਟਾਂ 'ਤੇ ਵੀ ਲਾਗੂ ਕੀਤਾ ਜਾ ਸਕਦਾ ਹੈ।

ਨੋਟ

ਇਸ ਦੇ ਗੁਣ (Its Merits)

ਅੰਸ਼ਿਕ ਸੰਤੁਲਨ ਵਿਸ਼ਲੇਸ਼ਣ ਦੇ ਕੁਝ ਗੁਣ ਇਸ ਤਰ੍ਹਾਂ ਹਨ–

ਪਹਿਲਾ, ਇਹ ਸਾਨੂੰ ਕਿਸੇ ਵਸਤੂ ਜਾਂ ਸੇਵਾ ਦੀ ਕੀਮਤ ਵਿੱਚ ਪਰਿਵਰਤਨ ਦੇ ਕਾਰਨਾਂ ਦਾ ਵਿਸ਼ਲੇਸ਼ਣ ਕਰਨ ਵਿੱਚ ਸਹਾਇਤਾ ਦਿੰਦਾ ਹੈ। ਇਸ ਤਰ੍ਹਾਂ ਇਕ ਵਿਅਕਤੀ, ਫਰਮ ਜਾਂ ਉਦਯੋਗ ਦੇ ਵਿਵਹਾਰ ਵਿੱਚ ਪਰਿਵਰਤਨ ਦੇ ਕਾਰਨ ਵੀ ਸਮਝੇ ਜਾ ਸਕਦੇ ਹਨ।

ਦੂਸਰਾ, ਇਹ ਵਿਧੀ ਮਾਰਕੀਟ ਵਿੱਚ ਹਿੱਸਾ ਲੈਣ ਵਾਲਿਆਂ ਦੀਆਂ ਯੋਜਨਾਵਾਂ ਅਤੇ ਵਿਵਹਾਰ ਵਿੱਚ ਪਰਿਵਰਤਨ ਦੇ ਨਤੀਜਿਆਂ ਨੂੰ ਦੱਸਣ ਵਿੱਚ ਸਹਾਇਕ ਹੈ। ਮਾਰਕੀਟ ਵਿਵਸਥਾ ਦੇ ਕੰਮ ਕਰਨ ਵਿੱਚ ਰਾਜ ਦੀ ਦਖਲਅੰਦਾਜ਼ੀ ਦੇ ਨਤੀਜਿਆਂ ਦਾ ਵੀ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਉਦਾਹਰਣ ਦੇ ਤੌਰ 'ਤੇ ਕੱਪੜੇ ਦੇ ਉਦਯੋਗ ਵਿੱਚ ਉਤਪਾਦਨ ਕਰ ਦੀ ਕੀਮਤ, ਉਤਪਾਦਨ, ਵੇਚਣ ਦੇ ਲਾਭ ਆਦਿ 'ਤੇ ਕੀ ਪ੍ਰਭਾਵ ਪਵੇਗਾ, ਇਹ ਅੰਸ਼ਿਕ ਸੰਤੁਲਨ ਵਿਸ਼ਲੇਸ਼ਣ ਦੇ ਖੇਤਰ ਵਿੱਚ ਆਉਂਦਾ ਹੈ।

ਤੀਸਰਾ, ਇਹ ਵਿਵਹਾਰਿਕ ਸਮੱਸਿਆਵਾਂ ਨੂੰ ਹੱਲ ਕਰਨ ਦੇ ਲਈ ਜ਼ਰੂਰੀ ਸਾਧਨ ਹੈ। ਆਰਥਿਕ ਵਿਸ਼ਿਆਂ ਦੇ ਸੀਮਿਤ ਅਤੇ ਛੋਟੇ ਖੇਤਰ 'ਤੇ ਧਿਆਨ ਕੇਂਦਰਿਤ ਕਰਕੇ ਅਤੇ ਇਕ ਜਾਂ ਦੋ ਚਰਾਂ ਤੱਕ ਆਪਣੀ ਜਾਂਚ ਦੇ ਖੇਤਰ ਨੂੰ ਘਟਾ ਕੇ ਇਹ ਵਿਧੀ ਆਰਥਿਕ ਸਮੱਸਿਆਵਾਂ ਨੂੰ ਸਰਲ ਅਤੇ ਅਸਾਨੀ ਨਾਲ ਸਮਝਣ ਵਾਲੀ ਬਣਾ ਦਿੰਦੀ ਹੈ।

ਆਖਰੀ, ਆਰਥਿਕ ਵਿਵਸਥਾ ਦੇ ਸਧਾਰਣ ਕੰਮ ਕਰਨ ਨੂੰ ਸਮਝਣ ਲਈ, ਇਸ ਵਿੱਚ ਆਰਥਿਕ ਚਰ ਇਕ–ਦੂਸਰੇ 'ਤੇ ਨਿਰਭਰ ਕਰਦੇ ਹਨ, ਅੰਸ਼ਿਕ ਸੰਤੁਲਨ ਵਿਸ਼ਲੇਸ਼ਣ ਅਧਾਰ ਹੈ। ਇਸ ਤੋਂ ਬਿਨਾਂ ਸਧਾਰਣ ਸੰਤੁਲਨ ਵਿਸ਼ਲੇਸ਼ਣ ਨੂੰ ਸਮਝਣਾ ਅਤੇ ਉਨ੍ਹਾਂ ਦੀ ਵਿਆਖਿਆ ਕਰਨਾ ਸੰਭਵ ਨਹੀਂ।

ਹੱਦਾਂ (Limitations)

ਪਰ ਅੰਸ਼ਿਕ ਸੰਤੁਲਨ ਵਿਸ਼ਲੇਸ਼ਣ ਦੀਆਂ ਆਪਣੀਆਂ ਹੱਦਾਂ ਹਨ। ਇਹ ਕੇਵਲ ਇਕ ਵਿਸ਼ੇਸ਼ ਖੇਤਰ ਤੱਕ ਸੀਮਿਤ ਰਹਿੰਦਾ ਹੈ, ਚਾਹੇ ਉਹ ਇਕ ਵਿਅਕਤੀ ਹੋਵੇ, ਚਾਹੇ ਇਕ ਫਰਮ ਜਾਂ ਉਦਯੋਗ। ਜੇਕਰ ਉਨ੍ਹਾਂ ਅਵਾਸਤਵਿਕ ਮਾਨਤਾਵਾਂ ਨੂੰ, ਜੋ ਵਿਸ਼ੇਸ਼ ਮਾਰਕੀਟ ਨੂੰ ਬਾਕੀ ਅਰਥ ਵਿਵਸਥਾ ਤੋਂ ਅਲੱਗ ਕਰਦੀਆਂ ਹਨ, ਛੱਡ ਦਿੱਤਾ ਜਾਵੇ ਤਾਂ ਅੰਸ਼ਿਕ ਸੰਤੁਲਨ ਵਿਸ਼ਲੇਸ਼ਣ ਖਤਮ ਹੋ ਜਾਂਦਾ ਹੈ, ਉਸ ਮਾਰਕੀਟ ਵਿੱਚ ਇਕ ਆਰਥਿਕ ਗੜਬੜੀ ਦੇ ਨਤੀਜੇ ਵਜੋਂ ਸੰਤੁਲਨ ਦੀਆਂ ਅਜਿਹੀਆਂ ਸ਼ਕਤੀਆਂ ਕਾਰਜਸ਼ੀਲ ਹੋ ਜਾਂਦੀਆਂ ਹਨ ਜੋ ਮੰਗ ਅਤੇ ਪੂਰਤੀ ਵਿੱਚ ਪਰਿਵਰਤਨ ਦਾ ਅਜਿਹਾ ਰੂਪ ਧਾਰਨ ਕਰ ਲੈਂਦੀਆਂ ਹਨ ਕਿ ਸਾਰੀ ਅਰਥ ਵਿਵਸਥਾ ਵਿੱਚ ਪਰਿਵਰਤਨ ਦੀ ਪਹਿਲੀ, ਦੂਸਰੀ, ਤੀਸਰੀ ਕੋਟੀ ਦੀਆਂ ਲਹਿਰਾਂ ਸ਼ੁਰੂ ਹੋ ਜਾਂਦੀਆਂ ਹਨ। ਅਰਥ ਵਿਵਸਥਾ ਦੇ ਸਾਰੇ ਹਿੱਸਿਆਂ ਦੇ ਪਾਰਸਪ੍ਰਿਕ ਸਬੰਧਾਂ ਦਾ ਅਧਿਐਨ ਕਰਨ ਵਿੱਚ ਅੰਸ਼ਿਕ ਸੰਤੁਲਨ ਵਿਸ਼ਲੇਸ਼ਣ ਅਸਮਰੱਥ ਹੈ। ਆਰਥਿਕ ਪ੍ਰਕਿਰਿਆ ਦੀ ਪ੍ਰਸਪਰ ਨਿਰਭਰਤਾ ਨੂੰ ਉਸ ਦੇ ਪੂਰਨ ਰੂਪ ਵਿੱਚ ਸਮਝਣ ਲਈ ਸਧਾਰਣ ਸੰਤੁਲਨ ਵਿਸ਼ਲੇਸ਼ਣ ਦਾ ਅਧਿਐਨ ਜ਼ਰੂਰੀ ਹੈ।

2.7 ਸਧਾਰਣ ਸੰਤੁਲਨ (General Equilibrium)

ਸਧਾਰਣ ਸੰਤੁਲਨ ਆਰਥਿਕ ਪਰਿਵਰਤਨਾਂ, ਉਨ੍ਹਾਂ ਦੇ ਪ੍ਰਸਪਰ ਸਬੰਧਾਂ ਅਤੇ ਨਿਰਭਰਤਾਵਾਂ ਦਾ ਵਿਸਤ੍ਰਿਤ ਅਧਿਐਨ ਹੈ, ਜਿਸ ਨਾਲ ਆਰਥਿਕ ਵਿਵਸਥਾ ਦੇ ਪੂਰਨ ਰੂਪ ਵਿੱਚ ਕੰਮ ਕਰਨ ਨੂੰ ਸਮਝਿਆ ਜਾ ਸਕੇ। ਇਹ ਸਾਰੀ ਅਰਥ ਵਿਵਸਥਾ ਦੇ ਸਬੰਧ ਵਿੱਚ ਕੀਮਤਾਂ, ਵਸਤੂਆਂ ਦੀਆਂ ਮਾਤਰਾਵਾਂ ਅਤੇ ਸੇਵਾਵਾਂ ਵਿੱਚ ਪਰਿਵਰਤਨਾਂ ਦੇ ਕੰਮ ਕਰਨ ਦੇ ਕਾਰਨਾਂ ਅਤੇ ਨਤੀਜਿਆਂ ਨੂੰ ਇਕੱਠਾ ਕਰ ਦਿੰਦਾ ਹੈ। ਇਕ ਅਰਥ ਵਿਵਸਥਾ ਕੇਵਲ ਉਸ ਸਮੇਂ ਸਧਾਰਣ ਸੰਤੁਲਨ ਵਿੱਚ ਹੋ ਸਕਦੀ ਹੈ, ਜਦ ਸਾਰੇ ਉਪਭੋਗਤਾ, ਸਾਰੀਆਂ ਫਰਮਾਂ, ਸਾਰੇ ਉਦਯੋਗ ਅਤੇ ਸਾਰੇ ਸਾਧਨ ਸੇਵਾਵਾਂ, ਇਕੱਠੇ ਸੰਤੁਲਨ ਵਿੱਚ ਹੋਵੇ ਅਤੇ ਵਸਤੂ ਤੇ ਸਾਧਨ ਕੀਮਤਾਂ ਦੇ ਮਾਧਿਅਮ ਨਾਲ ਆਪਸ ਵਿੱਚ ਜੁੜੀਆਂ ਹੋਣ, ਜਿਵੇਂ ਕਿ **ਸਟਿਗਲਰ** ਨੇ ਕਿਹਾ ਹੈ, "ਸਧਾਰਣ ਸੰਤੁਲਨ ਦਾ ਸਿਧਾਂਤ ਅਰਥ ਵਿਵਸਥਾ ਦੇ ਸਾਰੇ ਹਿੱਸਿਆਂ ਦੇ ਪ੍ਰਸਪਰ ਸਬੰਧ ਦਾ ਸਿਧਾਂਤ ਹੈ।"

ਸਧਾਰਣ ਸੰਤੁਲਨ ਉਸ ਸਮੇਂ ਪਾਇਆ ਜਾਂਦਾ ਹੈ, ਜਦ ਸਾਰੀਆਂ ਕੀਮਤਾਂ ਸੰਤੁਲਨ ਵਿੱਚ ਹੁੰਦੀਆਂ ਹਨ, ਹਰ ਉਪਭੋਗਤਾ ਆਪਣੀ ਦਿੱਤੀ ਹੋਈ ਆਮਦਨ ਨੂੰ ਅਜਿਹੇ ਢੰਗ ਨਾਲ ਖਰਚ ਕਰਦਾ ਹੈ ਕਿ ਜ਼ਿਆਦਾਤਰ ਸੰਤੁਸ਼ਟੀ ਮਿਲਦੀ ਹੈ। ਹਰੇਕ ਉਦਯੋਗ ਦੀਆਂ ਸਾਰੀਆਂ ਫਰਮਾਂ ਸਾਰੀਆਂ ਕੀਮਤਾਂ ਅਤੇ ਉਤਪਾਦਨਾਂ 'ਤੇ ਸੰਤੁਲਨ ਵਿੱਚ ਹੁੰਦੀਆਂ ਹਨ ਅਤੇ ਸੰਤੁਲਨ ਕੀਮਤਾਂ 'ਤੇ ਉਤਪਾਦਕ ਸਾਧਨਾਂ ਦੀ ਮੰਗ ਅਤੇ ਪੂਰਤੀ ਖਰਾਬ ਹੁੰਦੀ ਹੈ। ਪ੍ਰੋ. **ਲੈਫਟਵਿਚ** ਦੇ ਸ਼ਬਦਾਂ ਵਿੱਚ ਸਾਰੀ ਅਰਥ ਵਿਵਸਥਾ ਦੇ ਲਈ ਸਧਾਰਣ ਸੰਤੁਲਨ ਤਾਂ ਹੀ ਹੋ ਸਕਦਾ ਹੈ, ਜਦੋਂ ਸਾਰੀਆਂ ਆਰਥਿਕ ਇਕਾਈਆਂ ਇਕੱਠੀਆਂ ਹੀ ਆਪਣਾ ਅੰਸ਼ਿਕ ਸੰਤੁਲਨ ਪ੍ਰਾਪਤ ਕਰਨ।"

ਇਸ ਦੀਆਂ ਮਾਨਤਾਵਾਂ (Its Assumptions)

ਸਧਾਰਣ ਸੰਤੁਲਨ ਵਿਸ਼ਲੇਸ਼ਣ ਹੇਠ ਲਿਖੀਆਂ ਮਾਨਤਾਵਾਂ 'ਤੇ ਅਧਾਰਿਤ ਹੈ–

1. ਵਸਤੂ ਮਾਰਕੀਟ ਅਤੇ ਸਾਧਨ ਮਾਰਕੀਟ ਦੋਵਾਂ ਵਿੱਚ ਪੂਰਨ ਪ੍ਰਤੀਯੋਗਤਾ ਹੈ।

2. ਉਪਭੋਗਤਾਵਾਂ ਦੀਆਂ ਰੁਚੀਆਂ ਅਤੇ ਆਦਤਾਂ ਦਿੱਤੀਆਂ ਹੋਈਆਂ ਹਨ ਅਤੇ ਸਥਿਰ ਹਨ। **ਨੋਟ**
3. ਉਪਭੋਗਤਾਵਾਂ ਦੀ ਆਮਦਨ ਦਿੱਤੀ ਹੋਈ ਅਤੇ ਸਥਿਰ ਹੈ।
4. ਵੱਖ-ਵੱਖ ਕਾਰੋਬਾਰਾਂ ਅਤੇ ਸਾਧਨਾਂ ਦਰਮਿਆਨ ਉਤਪਾਦਨ ਦੇ ਸਾਧਨ ਪੂਰਨ ਰੂਪ ਵਿੱਚ ਗਤੀਸ਼ੀਲ ਹਨ।
5. ਪ੍ਰਤੀਫਲ ਦਾ ਫੈਸਲਾ ਸਥਿਰ ਹੈ।
6. ਸਾਰੀਆਂ ਫਰਮਾਂ ਸਮਰੂਪ ਲਾਗਤ ਸਥਿਤੀਆਂ ਅਧੀਨ ਚੱਲਦੀਆਂ ਹਨ।
7. ਇਕ ਉਤਪਾਦਨ ਦੇ ਸਾਧਨ ਦੀਆਂ ਸਾਰੀਆਂ ਇਕਾਈਆਂ ਸਮਰੂਪ ਹਨ।
8. ਉਤਪਾਦਨ ਦੀਆਂ ਤਕਨੀਕਾਂ ਵਿੱਚ ਕੋਈ ਪਰਿਵਰਤਨ ਨਹੀਂ ਹੁੰਦਾ।
9. ਮਿਹਨਤ ਅਤੇ ਹੋਰ ਸਰੋਤ ਪੂਰਨ ਰੂਪ ਵਿੱਚ ਰੋਜ਼ਗਾਰ 'ਚ ਲੱਗੇ ਹੋਏ ਹਨ।

ਸਧਾਰਣ ਸੰਤੁਲਨ ਵਿਵਸਥਾ ਦਾ ਕੰਮ ਕਰਨਾ
(Working of the General Equilibrium System)

ਇਨ੍ਹਾਂ ਮਾਨਤਾਵਾਂ ਅਧੀਨ ਅਰਥ ਵਿਵਸਥਾ ਉਸ ਸਮੇਂ ਸੰਤੁਲਨ ਦੀ ਸਥਿਤੀ ਵਿੱਚ ਹੁੰਦੀ ਹੈ, ਜਦੋਂ ਹਰ ਵਸਤੂ ਅਤੇ ਸੇਵਾ ਦੀ ਮੰਗ ਉਸ ਪੂਰਤੀ ਦੇ ਬਰਾਬਰ ਹੁੰਦੀ ਹੈ। ਇਸ ਦਾ ਅਰਥ ਹੈ ਕਿ ਮਾਰਕੀਟ ਵਿੱਚ ਸਾਰੇ ਹਿੱਸਾ ਲੈਣ ਵਾਲਿਆਂ ਦੇ ਫੈਸਲਿਆਂ ਵਿੱਚ ਪੂਰੀ ਸਮਰੂਪਤਾ ਹੈ। ਹਰ ਵਸਤੂ ਦੀ ਖਰੀਦ ਦੇ ਵਿਸ਼ੇ ਵਿੱਚ ਉਪਭੋਗਤਾਵਾਂ ਦਾ ਫੈਸਲਾ ਉਤਪਾਦਕਾਂ ਦੇ ਉਸ ਵਸਤੂ ਦੇ ਉਤਪਾਦਨ ਅਤੇ ਵੇਚਣ ਦੇ ਫੈਸਲੇ 'ਤੇ ਪੂਰਨ ਰੂਪ ਵਿੱਚ ਅਨੁਰੂਪ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਹਰੇਕ ਸਾਧਨ ਸੇਵਾ ਨੂੰ ਵੇਚਣ ਦੇ ਵਿਸ਼ੇ ਵਿੱਚ ਮਾਲਿਕ ਦਾ ਫੈਸਲਾ ਉਨ੍ਹਾਂ ਨੂੰ ਕੰਮ 'ਤੇ ਲਗਾਉਣ ਵਾਲਿਆਂ ਦੇ ਫੈਸਲਿਆਂ ਦੇ ਪੂਰਨ ਅਨੁਕੂਲ ਹੋਣਾ ਚਾਹੀਦਾ ਹੈ। ਸਧਾਰਣ ਮਾਰਕੀਟ ਸੰਤੁਲਨ ਕੇਵਲ ਉਸ ਸਮੇਂ ਹੁੰਦਾ ਹੈ, ਜਦੋਂ ਵਸਤੂ ਅਤੇ ਸੇਵਾਵਾਂ ਨੂੰ ਖਰੀਦਣ ਵਾਲਿਆਂ ਦੇ ਫੈਸਲੇ ਵੇਚਣ ਵਾਲਿਆਂ ਦੇ ਫੈਸਲਿਆਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੇ ਹੋਣ।

ਅਰਥ ਵਿਵਸਥਾ ਵਿੱਚ ਉਪਭੋਗਤਾਵਾਂ ਦੀਆਂ ਰੁਚੀਆਂ, ਅਭਿਮਾਨਾਂ ਅਤੇ ਲਕਸ਼ਾਂ ਦੇ ਦਿੱਤੇ ਹੋਏ ਹੋਣ 'ਤੇ ਹਰੇਕ ਵਸਤੂ ਦੀ ਮੰਗ ਦੀ ਮਾਤਰਾ ਕੇਵਲ ਉਸ ਵਸਤੂ ਦੀ ਆਪਣੀ ਹੀ ਕੀਮਤ 'ਤੇ ਨਿਰਭਰ ਨਹੀਂ ਕਰਦੀ, ਬਲਕਿ ਮਾਰਕੀਟ ਵਿੱਚ ਮਿਲਣ ਵਾਲੀ ਹਰ ਹੋਰ ਵਸਤੂ ਦੀ ਕੀਮਤ 'ਤੇ ਨਿਰਭਰ ਕਰਦੀ ਹੈ। ਇਸ ਤਰ੍ਹਾਂ ਹਰ ਉਪਭੋਗਤਾ ਮਾਰਕੀਟ ਦੀਆਂ ਚਾਲੂ ਕੀਮਤਾਂ ਦੇ ਮੁਕਾਬਲੇ ਆਪਣੀ ਸੰਤੁਸ਼ਟੀ ਨੂੰ ਜ਼ਿਆਦਾ ਬਣਾਉਂਦਾ ਹੈ। ਉਸ ਦੇ ਲਈ ਹਰ ਵਸਤੂ ਦੀ ਸੀਮਿਤ ਉਪਯੋਗਤਾ ਉਸ ਦੀ ਕੀਮਤ ਦੇ ਬਰਾਬਰ ਹੁੰਦੀ ਹੈ।

ਟਾਸਕ ਸਧਾਰਣ ਸੰਤੁਲਨ ਬਾਰੇ ਆਪਣੇ ਆਪਣੇ ਵਿਚਾਰ ਪ੍ਰਗਟ ਕਰੋ।

ਇਸ ਵਿਸ਼ਲੇਸ਼ਣ ਵਿੱਚ ਇਹ ਮੰਨ ਲਿਆ ਜਾਂਦਾ ਹੈ ਕਿ ਹਰ ਉਪਭੋਗਤਾ ਆਪਣੀ ਪੂਰੀ ਆਮਦਨ ਨੂੰ ਉਪਭੋਗ 'ਤੇ ਖਰਚ ਕਰ ਲੈਂਦਾ ਹੈ, ਇਸ ਲਈ ਉਸ ਦਾ ਖਰਚ ਉਸ ਦੀ ਆਮਦਨ ਦੇ ਬਰਾਬਰ ਹੁੰਦਾ ਹੈ ਅਤੇ ਬਦਲੇ ਵਿੱਚ ਉਸ ਦੀ ਆਮਦਨ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਹ ਆਪਣੀਆਂ ਉਤਪਾਦਕ ਸੇਵਾਵਾਂ ਨੂੰ ਕਿਸ ਕੀਮਤ 'ਤੇ ਵੇਚਦਾ ਹੈ। ਦੂਸਰੇ ਸ਼ਬਦਾਂ ਵਿੱਚ, ਉਪਭੋਗਤਾ ਜਿਨ੍ਹਾਂ ਉਤਪਾਦਕ ਸੇਵਾਵਾਂ ਦਾ ਮਾਲਿਕ ਹੈ, ਉਨ੍ਹਾਂ ਨੂੰ ਵੇਚਣ ਨਾਲ ਆਮਦਨ ਕਮਾਉਂਦਾ ਹੈ। ਇਸ ਤਰ੍ਹਾਂ, ਵੱਖ-ਵੱਖ ਵਸਤੂਆਂ ਦੇ ਲਈ ਉਪਭੋਗਤਾਵਾਂ ਦੀ ਮੰਗ ਉਨ੍ਹਾਂ ਦੀਆਂ ਕੀਮਤਾਂ ਅਤੇ ਉਨ੍ਹਾਂ ਦੀਆਂ ਸੇਵਾਵਾਂ ਦੀਆਂ ਕੀਮਤਾਂ 'ਤੇ ਨਿਰਭਰ ਕਰਦੀ ਹੈ।

ਹੁਣ ਅਸੀਂ ਪੂਰਤੀ ਪੱਖ ਨੂੰ ਲੈਂਦੇ ਹਾਂ। ਮਾਰਕੀਟ ਦਾ ਢਾਂਚਾ, ਪ੍ਰੋ-ਉਦਯੋਗਿਕ ਦੀ ਸਥਿਤੀ ਅਤੇ ਫਰਮਾਂ ਦੇ ਲਕਸ਼ ਦਿੱਤੇ ਹੋਣ ਹੋਣ 'ਤੇ ਵਸਤੂ ਦੀ ਵਿਕਰੀ ਕੀਮਤ ਉਸ ਦੇ ਉਤਪਾਦਨ ਦੀਆਂ ਲਾਗਤਾਂ 'ਤੇ ਨਿਰਭਰ ਕਰਦੀ ਹੈ। ਅੱਗੇ ਉਤਪਾਦਨ ਦੀ ਲਾਗਤ ਉਸ ਦੇ ਉਤਪਾਦਨ ਵਿੱਚ ਲਗਾਈਆਂ ਗਈਆਂ ਵੱਖ-ਵੱਖ ਸਾਧਨ ਸੇਵਾਵਾਂ ਦੀਆਂ ਮਾਤਰਾਵਾਂ ਅਤੇ ਉਨ੍ਹਾਂ ਲਈ ਦਿੱਤੀਆਂ ਗਈਆਂ ਕੀਮਤਾਂ 'ਤੇ ਨਿਰਭਰ ਕਰਦੀ ਹੈ। ਸਥਿਰ ਪ੍ਰਤੀਫਲ ਦਾ ਪੈਮਾਨਾ ਅਤੇ ਸਾਰੇ ਫਰਮਾਂ ਲਈ ਸਮਰੂਪ ਲਾਗਤ ਸਥਿਤੀਆਂ ਨੂੰ ਮੰਨ ਲੈਣ 'ਤੇ ਹਰੇਕ ਉਤਪਾਦਕ ਉਤਪਾਦਨ ਦੀ ਉਂਨੀ ਮਾਤਰਾ ਦਾ ਉਤਪਾਦਨ ਅਤੇ ਵਿਕਰੀ ਕਰੇਗਾ, ਜਿਸ 'ਤੇ ਵਸਤੂ ਦੀ ਮੰਗ-ਕੀਮਤ ਨਿਊਨਤਮ ਔਸਤ ਲਾਗਤ ਅਤੇ ਸੀਮਿਤ ਲਾਗਤ ਦੇ ਬਰਾਬਰ ਹੋਵੇਗੀ। ਵਸਤੂ ਮਾਰਕੀਟ ਦੇ ਸੰਤੁਲਨ ਨੂੰ ਚਿੱਤਰ 2.5 ਵਿੱਚ ਦਰਸਾਇਆ ਗਿਆ ਹੈ। ਮਾਰਕੀਟ E ਬਿੰਦੂ 'ਤੇ ਸੰਤੁਲਨ ਵਿੱਚ ਹੈ, ਜਿੱਥੇ ਮਾਰਕੀਟ ਮੰਗ ਅਤੇ ਪੂਰਤੀ ਵਕ੍ਰ D ਅਤੇ S ਇਕ-ਦੂਸਰੇ ਨੂੰ ਕੱਟਦੇ ਹਨ। ਇੱਥੇ OP ਕੀਮਤ ਨਿਰਧਾਰਿਤ ਹੁੰਦੀ ਹੈ ਪਰ OQ_M ਵਸਤੂ ਦੀ ਮਾਤਰਾ ਮਾਰਕੀਟ ਵਿੱਚ ਖਰੀਦੀ ਅਤੇ ਵੇਚੀ ਜਾਂਦੀ ਹੈ। ਬਰਾਬਰ ਲਾਗਤਾਂ ਹੋਣ 'ਤੇ ਮਾਰਕੀਟ ਵਿੱਚ ਹਰੇਕ ਫਰਮ ਦਿੱਤੀ ਹੋਈ ਕੀਮਤ OP 'ਤੇ ਵਸਤੂ ਨੂੰ ਉਤਪਾਦਿਤ ਕਰਦੀ ਹੈ ਅਤੇ

ਨੋਟ

ਵੇਚਦੀ ਹੈ, ਜਦ ਚਿੱਤਰ ਦੇ ਪੈਨਲ B ਵਿੱਚ ਬਿੰਦੂ E_1 'ਤੇ MC = MR ਅਤੇ AC = AR ਹੁੰਦੇ ਹਨ ਅਤੇ ਫਰਮ ਵਸਤੂ ਦੀ OQ ਮਾਤਰਾ ਉਤਪਾਦਿਤ ਕਰਦੀ ਅਤੇ ਵੇਚਦੀ ਹੈ ਤਾਂ ਸੰਤੁਲਨ ਵਿੱਚ ਹੁੰਦੀ ਹੈ। ਮੰਨ ਲਓ ਜੇਕਰ ਮਾਰਕੀਟ ਵਿੱਚ 100 ਫਰਮਾਂ ਹਨ ਅਤੇ ਹਰੇਕ ਵਸਤੂ ਦੀਆਂ 60 ਇਕਾਈਆਂ ਉਤਪਾਦਿਤ ਕਰਦੀਆਂ ਹਨ ਤਾਂ ਕੁੱਲ ਉਤਪਾਦਨ 6000 (=100×60) ਇਕਾਈਆਂ ਹੋਵੇਗਾ। ਇਸ ਵਿਸ਼ਲੇਸ਼ਣ ਨੂੰ ਇਸੇ ਤਰ੍ਹਾਂ ਅਰਥ ਵਿਵਸਥਾ ਵਿੱਚ ਹੋਰ ਵਸਤੂਆਂ 'ਤੇ ਲਾਗੂ ਕੀਤਾ ਜਾ ਸਕਦਾ ਹੈ।



ਚਿੱਤਰ 2.5

ਵਸਤੂਆਂ ਦੀ ਮੰਗ ਅਤੇ ਪੂਰਤੀ ਦੀ ਸਮਾਨਤਾ ਵਾਂਗ, ਸਾਧਨ-ਸੇਵਾਵਾਂ ਦੀ ਮੰਗ ਅਤੇ ਪੂਰਤੀ ਦੀ ਸਮਾਨਤਾ ਦਾ ਵੀ ਸਧਾਰਣ ਸੰਤੁਲਨ ਵਿਵਸਥਾ ਲਈ ਹੋਣਾ ਜ਼ਰੂਰੀ ਹੈ। ਉਤਪਾਦਕ ਸੇਵਾਵਾਂ ਲਈ ਮੰਗ ਉਤਪਾਦਕਾਂ ਲਈ ਆਉਂਦੀ ਹੈ ਅਤੇ ਪੂਰਤੀ ਉਪਭੋਗਤਾਵਾਂ ਤੋਂ। ਉਤਪਾਦਕਾਂ ਦਾ ਲਾਭ ਜ਼ਿਆਦਾਤਰ ਕਰਨ ਦਾ ਉਦੇਸ਼ ਅਤੇ ਉਦਯੋਗਕੀ ਦਿੱਤੀ ਹੋਣ 'ਤੇ ਇਸ ਵਸਤੂ ਦਾ ਉਤਪਾਦਨ ਕਰਨ ਲਈ ਇਕ ਸਾਧਨ ਦੀ ਇਸਤੇਮਾਲ ਕੀਤੀ ਗਈ ਮਾਤਰਾ ਉਸ ਦੀ ਅਤੇ ਹੋਰ ਸਾਧਨਾਂ ਦੀ ਕੀਮਤਾਂ ਦੇ ਸਬੰਧਾਂ 'ਤੇ ਅਤੇ ਵਸਤੂਆਂ ਦੀਆਂ ਕੀਮਤਾਂ 'ਤੇ ਨਿਰਭਰ ਕਰਦੀ ਹੈ। ਹਰੇਕ ਉਤਪਾਦਕ, ਸਾਧਨਾਂ ਦੀ ਚਾਲੂ ਕੀਮਤਾਂ ਦੇ ਮੁਕਾਬਲੇ ਆਪਣੇ ਲਾਭ ਜ਼ਿਆਦਾ ਕਰਨ ਲਈ, ਅਜਿਹੀਆਂ ਮਾਤਰਾਵਾਂ ਅਤੇ ਅਨੁਪਾਤਾਂ ਵਿੱਚ ਵੱਖ-ਵੱਖ ਸਾਧਨਾਂ ਨੂੰ ਲਗਾਉਂਦਾ ਹੈ ਕਿ ਉਨ੍ਹਾਂ ਦੀਆਂ ਆਗਮ ਉਤਪਾਦਕਤਾਵਾਂ ਉਨ੍ਹਾਂ ਦੀਆਂ ਕੀਮਤਾਂ ਦੇ ਬਰਾਬਰ ਹੋਣ, ਕਿਉਂਕਿ ਅਰਥ ਵਿਵਸਥਾ ਵਿੱਚ ਪੂਰਨ ਰੋਜ਼ਗਾਰ ਹੁੰਦਾ ਹੈ, ਸਾਧਨਾਂ ਲਈ ਮਾਰਕੀਟ ਉਸ ਸਮੇਂ ਸੰਤੁਲਨ ਹੁੰਦੀ ਹੈ : ਜਦ ਕੰਮ ਲਈ ਪੇਸ਼ ਕੀਤੀ ਗਈ ਸਾਧਨਾਂ ਦੀਆਂ ਮਾਤਰਾਵਾਂ ਕੰਮ ਵਿੱਚ ਲਗਾਈਆਂ ਗਈਆਂ ਕੁੱਲ ਸਾਧਨ-ਮਾਤਰਾਵਾਂ ਦੇ ਬਰਾਬਰ ਹੋਣ। ਸਾਧਨ ਮਾਰਕੀਟ ਦੇ ਸੰਤੁਲਨ ਨੂੰ ਚਿੱਤਰ 2.6 (A) ਵਿੱਚ ਦਰਸਾਇਆ ਗਿਆ ਹੈ, ਜਿੱਥੇ ਇਕ ਸਾਧਨ ਦੀ ਕੀਮਤ OP ਅਤੇ ਉਸ ਦੀ ਮਾਤਰਾ ON ਮਾਰਕੀਟ ਵਿੱਚ E ਬਿੰਦੂ 'ਤੇ ਨਿਰਧਾਰਿਤ ਹੁੰਦੀਆਂ ਹਨ, ਜਦ ਉਸ ਦੀ ਮੰਗ ਅਤੇ ਪੂਰਤੀ ਵਕ੍ਰ



ਚਿੱਤਰ 2.6

ਨੋਟ

D ਅਤੇ S ਕੱਟਦੇ ਹਨ। ਚਿੱਤਰ ਦਾ ਪੈਨਲ (B) ਇਹ ਦਰਸਾਉਂਦਾ ਹੈ ਕਿ ਇਕ ਵਿਅਕਤੀਗਤ ਫਰਮ ਦੇ ਲਈ ਇਸ ਸਾਧਨ ਦਾ ਪੂਰਤੀ ਵਕ੍ਰ ਪੂਰਨ ਲੋਚਦਾਰ ਹੈ ਅਤੇ ਇਹ ਉਸ ਸਾਧਨ ਦੀ ਸੀਮਿਤ ਲਾਗਤ MFC ਦੇ ਬਰਾਬਰ ਹੈ। ਇਹ ਫਰਮ ਇਸ ਸਾਧਨ ਦੀ ਦਿੱਤੀ ਹੋਈ ਕੀਮਤ OP 'ਤੇ ਇਸ ਦੀਆਂ ਇਕਾਈਆਂ ਨਿਯੁਕਤ ਕਰੇਗੀ, ਜਿੱਥੇ MFC=MRP ਅਤੇ AFC=ARP ਅਜਿਹਾ ਸੰਤੁਲਨ ਬਿੰਦੂ E_1 ਹੈ, ਜਿਸ 'ਤੇ ਉਹ ਸਾਧਨ ਦੀਆਂ OM ਇਕਾਈਆਂ ਲਗਾਉਂਦੀ ਹੈ, ਜੇਕਰ 10 ਬਰਾਬਰ ਲਾਗਤ ਫਰਮਾਂ ਹੋਣ ਅਤੇ ਹਰੇਕ ਸਾਧਨ ਦੀਆਂ 100 ਇਕਾਈਆਂ ਲਗਾਉਂਦੀਆਂ ਹਨ ਤਾਂ ਇਸ ਸਾਧਨ ਦੀ ਕੁੱਲ ਮਾਰਕੀਟ ਮੰਗ ਅਤੇ ਪੂਰਤੀ 1000 ਇਕਾਈਆਂ ਹੋਣਗੀਆਂ। ਇਸ ਵਿਸ਼ਲੇਸ਼ਣ ਨੂੰ ਸਾਰੀ ਅਰਥ ਵਿਵਸਥਾ 'ਤੇ ਫੈਲਾਇਆ ਜਾ ਸਕਦਾ ਹੈ।

ਇਸ ਤਰ੍ਹਾਂ ਅਰਥ ਵਿਵਸਥਾ ਉਸ ਸਮੇਂ ਸਧਾਰਣ ਸੰਤੁਲਨ ਵਿੱਚ ਹੁੰਦੀ ਹੈ, ਜਦੋਂ ਵਸਤੂ ਕੀਮਤਾਂ ਹਰੇਕ ਮੰਗ ਨੂੰ ਉਸ ਦੀ ਪੂਰਤੀ ਦੇ ਬਰਾਬਰ ਕਰਦੀਆਂ ਹਨ ਅਤੇ ਸਾਧਨ ਕੀਮਤਾਂ ਹਰੇਕ ਸਾਧਨ ਦੀ ਮੰਗ ਨੂੰ ਉਸ ਦੀ ਪੂਰਤੀ ਦੇ ਬਰਾਬਰ ਕਰਦੀਆਂ ਹਨ, ਜਿਨ੍ਹਾਂ ਤੋਂ ਸਾਰੀਆਂ ਵਸਤੂ ਮਾਰਕੀਟਾਂ ਅਤੇ ਸਾਧਨ ਮਾਰਕੀਟਾਂ ਇਕੱਠੀਆਂ ਸੰਤੁਲਨ ਵਿੱਚ ਹੁੰਦੀਆਂ ਹਨ। ਅਜਿਹੇ ਸਧਾਰਣ ਸੰਤੁਲਨ ਲਈ ਦੋ ਸ਼ਰਤਾਂ ਪਾਈਆਂ ਜਾਂਦੀਆਂ ਹਨ। (1) ਸਾਰੇ ਉਪਭੋਗਤਾ ਆਪਣੀਆਂ ਸੰਤੁਸ਼ਟੀਆਂ ਨੂੰ ਜ਼ਿਆਦਾ ਕਰਦੇ ਹਨ ਅਤੇ ਸਾਰੇ ਉਤਪਾਦਕ ਆਪਣੇ ਲਾਭਾਂ ਨੂੰ ਜ਼ਿਆਦਾ ਕਰਦੇ ਹਨ ਅਤੇ (2) ਸਾਰੀਆਂ ਮਾਰਕੀਟਾਂ ਵਿੱਚ ਸਾਰੀਆਂ ਵਸਤੂਆਂ ਅਤੇ ਸਾਧਨ ਵਿਕ ਜਾਂਦੇ ਹਨ, ਜਿਸ ਦਾ ਭਾਵ ਹੈ ਕਿ ਵਸਤੂ ਅਤੇ ਸਾਧਨ ਦੋਵੇਂ ਮਾਰਕੀਟਾਂ ਵਿੱਚ ਗੁਣਾਤਮਕ (Positive) ਕੀਮਤ 'ਤੇ ਕੁੱਲ ਮੰਗੀ ਗਈ ਮਾਤਰਾ ਬਰਾਬਰ ਹੁੰਦੀ ਹੈ, ਕੁੱਲ ਪੂਰਤੀ ਮਾਤਰਾ ਦੇ। ਇਸ ਦੀ ਵਿਆਖਿਆ ਕਰਨ ਲਈ ਅਸੀਂ ਇਕ ਕਲਪਿਤ ਸਧਾਰਣ ਅਰਥ ਵਿਵਸਥਾ ਲੈਂਦੇ ਹਾਂ, ਜਿਸ ਵਿੱਚ ਕੇਵਲ ਦੋ ਖੇਤਰ ਹਨ, ਘਰੇਲੂ (House hold) ਅਤੇ ਕਾਰੋਬਾਰ (Business)। ਆਰਥਿਕ ਕਿਰਿਆ ਇਨ੍ਹਾਂ ਦੋ ਖੇਤਰਾਂ ਵਿੱਚ ਵਸਤੂਆਂ ਅਤੇ ਸੇਵਾਵਾਂ ਦਾ ਪ੍ਰਭਾਵ ਅਤੇ ਮੌਦ੍ਰਿਕ ਪ੍ਰਵਾਹ ਦਾ ਰੂਪ ਲੈਂਦੀ ਹੈ। ਇਹ ਦੋ ਪ੍ਰਵਾਹ ਕ੍ਰਮਵਾਰ ਅਸਲੀ ਅਤੇ ਮੌਦ੍ਰਿਕ ਪ੍ਰਵਾਹ ਅਖਵਾਉਂਦੇ ਹਨ, ਜਿਨ੍ਹਾਂ ਨੂੰ ਚਿੱਤਰ 2.7 ਵਿੱਚ ਦਰਸਾਇਆ ਗਿਆ ਹੈ, ਜਿਸ ਵਿੱਚ ਵਸਤੂ ਮਾਰਕੀਟ (Product Market) ਹੇਠਲੇ ਹਿੱਸੇ ਵਿੱਚ ਅਤੇ ਸਾਧਨ ਮਾਰਕੀਟ (Factor Market) ਉਪਰਲੇ ਹਿੱਸੇ ਵਿੱਚ ਦਿਖਾਏ ਗਏ ਹਨ। ਵਸਤੂ ਮਾਰਕੀਟ ਵਿੱਚ ਉਤਪਾਦਕਾਂ ਤੋਂ ਉਪਭੋਗਤਾ ਵਸਤੂਆਂ ਅਤੇ ਸੇਵਾਵਾਂ ਖਰੀਦਦੇ ਹਨ ਜਦ ਕਿ ਸਾਧਨ ਮਾਰਕੀਟ ਵਿੱਚ ਉਪਭੋਗਤਾ ਆਪਣੀਆਂ ਸੇਵਾਵਾਂ ਪ੍ਰਦਾਨ ਕਰਨ ਬਦਲੇ ਉਤਪਾਦਕਾਂ ਤੋਂ ਆਮਦਨ ਪ੍ਰਾਪਤ ਕਰਦੇ ਹਨ। ਇਸ ਤਰ੍ਹਾਂ ਉਤਪਾਦਕਾਂ ਵੱਲੋਂ ਪ੍ਰਦਾਨ ਕੀਤੀਆਂ ਗਈਆਂ ਸਾਰੀਆਂ ਵਸਤੂਆਂ ਅਤੇ ਵਸਤੂਆਂ ਨੂੰ ਉਪਭੋਗਤਾ ਖਰੀਦਦੇ ਹਨ ਅਤੇ ਉਨ੍ਹਾਂ ਬਦਲੇ ਉਨ੍ਹਾਂ ਨੂੰ ਮੁਦਰਾ ਦਿੰਦੇ ਹਨ। ਉਤਪਾਦਕ, ਅੱਗੇ, ਉਪਭੋਗਤਾਵਾਂ ਵੱਲੋਂ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਬਦਲੇ ਉਨ੍ਹਾਂ ਦੇ ਭੁਗਤਾਨ ਕਰਦੇ ਹਨ, ਜਿਵੇਂ ਮਿਹਨਤ ਸੇਵਾਵਾਂ ਲਈ ਮਜ਼ਦੂਰੀ, ਪ੍ਰਦਾਨ ਕੀਤੀ ਗਈ ਪੂੰਜੀ ਦੇ ਬਦਲੇ ਵਿਆਜ ਆਦਿ। ਇਸ ਤਰ੍ਹਾਂ ਜਿਵੇਂ ਕਿ ਚਿੱਤਰ ਦੇ ਬਾਹਰੀ ਹਿੱਸੇ ਵਿੱਚ ਤੀਰਾਂ ਨਾਲ ਦਿਖਾਇਆ ਗਿਆ ਹੈ। ਭੁਗਤਾਨ ਉਤਪਾਦਕਾਂ ਤੋਂ ਉਪਭੋਗਤਾਵਾਂ ਨੂੰ ਅਤੇ ਉਪਭੋਗਤਾਵਾਂ ਤੋਂ ਉਤਪਾਦਕਾਂ ਨੂੰ ਚੱਕਰੀ ਢੰਗ ਨਾਲ ਘੁੰਮਦੇ ਰਹਿੰਦੇ ਹਨ। ਮੁਦਰਾ ਭੁਗਤਾਨ ਪ੍ਰਵਾਹਾਂ ਦੇ ਉਲਟ, ਉਲਟ ਦਿਸ਼ਾ ਵਿੱਚ ਵਸਤੂਆਂ ਅਤੇ ਸੇਵਾਵਾਂ ਦੇ ਪ੍ਰਵਾਹ ਹੁੰਦੇ ਹਨ। ਵਸਤੂ ਮਾਰਕੀਟ ਵਿੱਚ ਕਾਰੋਬਾਰ ਖੇਤਰ ਤੋਂ ਘਰੇਲੂ ਖੇਤਰ ਨੂੰ ਵਸਤੂਆਂ ਪ੍ਰਵਾਹਿਤ ਹੁੰਦੀਆਂ ਹਨ ਅਤੇ ਸਾਧਨ ਮਾਰਕੀਟ ਵਿੱਚ ਘਰੇਲੂ ਖੇਤਰ ਕਾਰੋਬਾਰ ਖੇਤਰ ਵਿੱਚ ਸੇਵਾਵਾਂ ਪ੍ਰਭਾਵਿਤ ਹੁੰਦੀਆਂ ਹਨ, ਜਿਵੇਂ ਕਿ ਚਿੱਤਰ ਦੇ ਅੰਦਰਲੇ ਹਿੱਸੇ ਵਿੱਚ ਦਿਖਾਇਆ ਗਿਆ ਹੈ। ਇਹ ਦੋਵੇਂ ਪ੍ਰਵਾਹ ਵਸਤੂ ਕੀਮਤਾਂ ਅਤੇ ਸਾਧਨ ਕੀਮਤਾਂ ਨਾਲ ਜੁੜੇ ਹੁੰਦੇ ਹਨ। ਅਰਥ ਵਿਵਸਥਾ ਸਧਾਰਣ ਸੰਤੁਲਨ ਵਿੱਚ ਹੁੰਦੀ ਹੈ, ਜਦ ਕੀਮਤਾਂ ਦਾ ਇਕ ਸੈਟ ਪਾਇਆ ਜਾਂਦਾ ਹੈ, ਜਿਸ 'ਤੇ ਉਤਪਾਦਕਾਂ ਤੋਂ ਉਪਭੋਗਤਾਵਾਂ ਨੂੰ ਆਮਦਨ ਪ੍ਰਵਾਹ ਦੀ ਮਾਤਰਾ ਬਰਾਬਰ ਹੁੰਦੀ ਹੈ। ਉਪਭੋਗਤਾਵਾਂ ਤੋਂ ਉਤਪਾਦਕਾਂ ਨੂੰ ਮੁਦਰਾ-ਖਰਚ ਪ੍ਰਵਾਹ ਦੀ ਮਾਤਰਾ ਦੇ।



ਚਿੱਤਰ 2.7

ਨੋਟ

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚ ਸਹੀ/ਗਲਤ ਲੱਭੋ

(State Whether the following statements are True/False)–

9. ਸਥਿਰ ਅਤੇ ਅਸਥਿਰ ਸੰਤੁਲਨ ਦੀਆਂ ਧਾਰਨਾਵਾਂ ਸੰਤੁਲਨ ਦੀ ਸਥਿਤੀ ਵਿੱਚ ਸਬੰਧ ਰੱਖਦੀਆਂ ਹਨ।
10. ਸਥੈਤਿਕ ਸੰਤੁਲਨ ਉਹ ਸੰਤੁਲਨ ਹੈ ਜੋ ਕਿ ਆਪਣੇ ਆਪ ਨੂੰ ਵਿਚਾਰ ਅਧੀਨ ਸਮੇਂ ਤੋਂ ਪਹਿਲਾਂ ਬਣਾਈ ਰੱਖਦਾ ਹੈ।
11. ਅਰਥ ਸ਼ਾਸਤਰ ਵਿੱਚ ਸੰਤੁਲਨ, ਗਤੀ ਵਿੱਚ ਪਰਿਵਰਤਨ ਦੀ ਮੌਜੂਦਗੀ ਦੱਸਦਾ ਹੈ।
12. ਮਾਰਸ਼ਲ ਦਾ ਅਰਥ ਸ਼ਾਸਤਰ ਜ਼ਿਆਦਾਤਰ ਅੰਸ਼ਿਕ ਸੰਤੁਲਨ ਵਿਸ਼ਲੇਸ਼ਮ ਦੇ ਅਧਿਐਨ ਨਾਲ ਸਬੰਧ ਰੱਖਦਾ ਹੈ।

ਇਸ ਦੀਆਂ ਹੱਦਾਂ (Its Limitations)

ਅਰਥ ਵਿਵਸਥਾ ਦੇ ਸਧਾਰਣ ਸੰਤੁਲਨ ਦੇ ਵਿਸ਼ਲੇਸ਼ਣ ਦੀਆਂ ਕਈ ਹੱਦਾਂ ਹਨ।

ਪਹਿਲਾ, ਇਹ ਅਨੇਕਾਂ ਅਵਾਸਤਵਿਕ ਸਮਾਨਤਾਵਾਂ 'ਤੇ ਅਧਾਰਿਤ ਹੈ ਜੋ ਸੰਸਾਰ ਵਿੱਚ ਵਰਤਮਾਨ ਅਸਲੀ ਸਥਿਤੀਆਂ ਤੋਂ ਉਲਟ ਹੈ। ਪੂਰਨ ਪ੍ਰਤੀਯੋਗਤਾ, ਜੋ ਇਸ ਵਿਸ਼ਲੇਸ਼ਣ ਦਾ ਅਧਾਰ ਹੈ, ਮਿਥਿਆ ਹੈ।

ਦੂਸਰਾ, ਇਹ ਵਿਸ਼ਲੇਸ਼ਣ ਸਥੈਤਿਕ ਹੈ। ਇਸ ਵਿਸ਼ਲੇਸ਼ਣ ਵਿੱਚ ਸਾਰੇ ਉਪਭੋਗਤਾ ਅਤੇ ਉਤਪਾਦਕ, ਸਮੇਂ ਦੇ ਕਿਸੇ ਵੀ ਤਰ੍ਹਾਂ ਦੀ ਦੇਰੀ ਤੋਂ ਬਿਨਾਂ, ਹਰ ਰੋਜ਼ ਵਸਤੂਆਂ ਦੀ ਉਨੀ ਹੀ ਮਾਤਰਾ ਦਾ ਉਪਭੋਗ ਅਤੇ ਉਤਪਾਦਨ ਕਰਦੇ ਹਨ। ਉਨ੍ਹਾਂ ਦੀਆਂ ਰੁਚੀਆਂ, ਅਧਿਮਾਨ ਅਤੇ ਉਦੇਸ਼ ਉਹੀ ਰਹਿੰਦੇ ਹਨ ਅਤੇ ਉਨ੍ਹਾਂ ਦੇ ਆਰਥਿਕ ਫੈਸਲੇ ਪੂਰੀ ਤਰ੍ਹਾਂ ਇਕ-ਦੂਸਰੇ ਦੇ ਅਨੁਰੂਪ ਹੁੰਦੇ ਹਨ। ਅਸਲ ਵਿੱਚ ਅਜਿਹਾ ਕੁਝ ਨਹੀਂ ਹੁੰਦਾ, ਉਤਪਾਦਕ ਅਤੇ ਉਪਭੋਗਤਾ ਕਦੇ ਵੀ ਢੰਗ ਨਾਲ ਨਾ ਤਾਂ ਸੋਚਦੇ ਹਨ ਅਤੇ ਨਾ ਹੀ ਇਕ ਢੰਗ ਨਾਲ ਕੰਮ ਕਰਦੇ ਹਨ। ਰੁਚੀਆਂ ਅਤੇ ਅਧਿਮਾਨਾਂ ਵਿੱਚ ਲਗਾਤਾਰ ਪਰਿਵਰਤਨ ਹੁੰਦੇ ਰਹਿੰਦੇ ਹਨ। ਪੈਮਾਨੇ ਦੇ ਪ੍ਰਤੀਫਲ ਹਮੇਸ਼ਾ ਸਥਿਰ ਨਹੀਂ ਹੁੰਦੇ ਅਤੇ ਕੋਈ ਦੋ ਸਾਧਨ ਸੇਵਾਵਾਂ ਸਮਰੂਪ ਨਹੀਂ ਹੁੰਦੀਆਂ। ਇਸ ਤਰ੍ਹਾਂ ਹਰ ਉਤਪਾਦਕ ਦੀਆਂ ਲਾਗਤ ਸਥਿਤੀਆਂ ਵੱਖ-ਵੱਖ ਹੁੰਦੀਆਂ ਹਨ, ਕਿਉਂਕਿ ਦਿੱਤੀਆਂ ਹੋਈਆਂ ਸਥਿਤੀਆਂ ਲਗਾਤਾਰ ਬਦਲਦੀਆਂ ਰਹਿੰਦੀਆਂ ਹਨ। ਇਸ ਲਈ ਸਧਾਰਣ ਸੰਤੁਲਨ ਵੱਲ ਗਤੀ ਰੁਕ ਜਾਂਦੀ ਹੈ ਅਤੇ ਉਸ ਦੀ ਪ੍ਰਾਪਤੀ ਹਮੇਸ਼ਾ ਅਪੂਰਨ ਕਲਪਨਾ ਦੀ ਰਹੀ ਹੈ।

ਅੰਤਿਮ, **ਪ੍ਰੋ. ਸਟਿਗਲਰ** ਦਾ ਵਿਚਾਰ ਹੈ ਕਿ "ਸਧਾਰਣ ਸੰਤੁਲਨ ਇਕ ਮਿਥਿਆ ਧਾਰਨਾ ਹੈ। ਕੋਈ ਵੀ ਆਰਥਿਕ ਵਿਸ਼ਲੇਸ਼ਣ ਇਸ ਅਰਥ ਵਿੱਚ ਸਧਾਰਣ ਨਹੀਂ ਹੈ ਕਿ ਇਹ ਵਿਸ਼ੇਸ਼ ਸੰਤੁਲਨ ਅਧਿਐਨਾਂ ਦੀ ਤੁਲਨਾ ਵਿੱਚ ਸੰਤੁਲਨ ਅਧਿਐਨਾਂ ਨੂੰ ਜ਼ਿਆਦਾ ਸ਼ਾਮਿਲ ਕਰਕੇ ਵਿਚਾਰ ਕਰਦਾ ਹੈ ਪਰ ਉਹ ਕਦੇ ਵੀ ਪੂਰਨ ਨਹੀਂ ਹੁੰਦੇ ਹਨ। ਇਸ ਤੋਂ ਇਲਾਵਾ, ਵਿਸ਼ਲੇਸ਼ਣ ਜਿੰਨਾ ਜ਼ਿਆਦਾ ਸਧਾਰਣ ਹੋਵੇਗਾ, ਉਨ੍ਹਾਂ ਦੇ ਉਂਨੇ ਹੀ ਸਿੱਟੇ ਜ਼ਰੂਰੀ ਤੌਰ 'ਤੇ ਘੱਟ ਨਿਸ਼ਚਿਤ ਹੋਣਗੇ।"

ਸਧਾਰਣ ਸੰਤੁਲਨ ਵਿਸ਼ਲੇਸ਼ਣ ਦੇ ਲਾਭ (Uses of General Equilibrium Analysis)

ਸਧਾਰਣ ਸੰਤੁਲਨ ਵਿਸ਼ਲੇਸ਼ਣ ਦੇ ਕੀ ਮਹੱਤਵਪੂਰਨ ਲਾਭ ਹਨ–

1. **ਅਰਥ ਵਿਵਸਥਾ ਦੇ ਸੰਤੁਲਨ ਦਾ ਚਿਤਰਣ (A Picture of Economy's Equilibrium)**- ਇਹ ਨਿੱਜੀ ਉਦਮ ਦੀ ਅਰਥ ਵਿਵਸਥਾ ਦੇ ਸੰਤੁਲਨ ਦਾ ਚਿੱਤਰ ਪੇਸ਼ ਕਰਦਾ ਹੈ। ਜਿੱਥੇ ਉਪਭੋਗਤਾ ਜ਼ਿਆਦਾ ਸੰਤੁਸ਼ਟੀ ਅਤੇ ਉਤਪਾਦਕ ਜ਼ਿਆਦਾ ਲਾਭ ਦੀ ਸਥਿਤੀ 'ਤੇ ਪਹੁੰਚਦੇ ਹਨ। ਸਾਧਨਾਂ ਦਾ ਕੋਈ ਅਪਖਰਚ ਨਹੀਂ ਹੁੰਦਾ। ਸਾਰੇ ਪੂਰਨ ਰੋਜ਼ਗਾਰ ਵਿੱਚ ਲੱਗੇ ਹੁੰਦੇ ਹਨ। ਆਰਥਿਕ ਦਕਸ਼ਤਾ ਜ਼ਿਆਦਾ ਹੁੰਦੀ ਹੈ, ਜਿਸ ਨਾਲ ਸਮਾਜ ਦਾ ਆਰਥਿਕ ਕਲਿਆਣ ਜ਼ਿਆਦਾ ਹੁੰਦਾ ਹੈ। ਇਸ ਤਰ੍ਹਾਂ ਇਹ ਕਿਸੇ ਅਰਥ ਵਿਵਸਥਾ ਦੇ ਅਕਾਰ ਦੇ ਨਿਰਧਾਰਕਾਂ ਨੂੰ ਸਮਝਣ ਵਿੱਚ ਸਹਾਇਤਾ ਦਿੰਦਾ ਹੈ।
2. **ਆਰਥਿਕ ਵਿਵਸਥਾ ਦਾ ਕੰਮ ਕਰਨ ਸਮਝਣਾ (To Understand the Working of Economic System)**- ਉਂਝ ਵੀ ਇਹ ਸਿਧਾਂਤ ਹੋਰ ਸਿਧਾਂਤਾਂ ਤੋਂ ਵੱਖ ਹੈ, ਜਿਸ ਵਿੱਚੋਂ ਕੁਝ ਅਵਾਸਤਵਿਕ ਮਾਨਤਾਵਾਂ ਨੂੰ ਕੱਢ ਦਿੱਤਾ ਜਾਵੇ ਤਾਂ ਇਕ ਆਰਥਿਕ ਵਿਵਸਥਾ ਦਾ ਕੰਮ ਕਰਨਾ ਸਮਝਿਆ ਜਾ ਸਕਦਾ ਹੈ। ਅਸੀਂ ਇਹ ਜਾਣ ਸਕਦੇ ਹਾਂ ਕਿ ਅਰਥ ਵਿਵਸਤਾ ਦਕਸ਼ਤਾ ਨਾਲ ਚੱਲ ਰਹੀ ਹੈ ਜਾਂ ਨਹੀਂ ਅਤੇ ਉਸ ਦੇ ਸਧਾਰਣ ਕੰਮ ਕਰਨ ਵਿੱਚ ਕੋਈ ਬੇਸੁਰਾਪਣ ਤਾਂ ਨਹੀਂ। ਇਸ ਵਿਸ਼ਲੇਸ਼ਣ ਦੀ ਸਹਾਇਤਾ ਨਾਲ ਅਸੰਤੁਲਨ ਅਤੇ ਫਿਰ ਤੋਂ ਸੰਤੁਲਨ ਸਥਾਪਿਤ ਕਰਨ ਦੀਆਂ ਸਮੱਸਿਆਵਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ।
3. **ਮਾਰਕੀਟ ਦੀਆਂ ਗੁੰਝਲਦਾਰ ਸਮੱਸਿਆਵਾਂ ਨੂੰ ਸਮਝਣਾ (To Understand the Complex Problems of the Market)**- ਫਿਰ ਸਧਾਰਣ ਸੰਤੁਲਨ ਵਿਸ਼ਲੇਸ਼ਣ ਇਸੇ ਸਵਾਯਤ (Autonomous) ਆਰਥਿਕ ਘਟਨਾ ਦੇ

ਨਤੀਜਿਆਂ ਨੂੰ ਪਹਿਲਾਂ ਦੱਸਣ ਵਿੱਚ ਵੀ ਸਹਾਇਤਾ ਦਿੰਦਾ ਹੈ। ਮੰਨ ਲਓ ਵਸਤੂ A ਦੀ ਮੰਗ ਵੱਧ ਜਾਂਦੀ ਹੈ, ਜਿਸ ਨਾਲ ਉਸ ਦੀ ਕੀਮਤ ਵੱਧ ਸਕਦੀ ਹੈ। ਇਸ ਤੋਂ ਅੱਗੇ ਉਸ ਦੇ ਸਥਾਨਾਪੰਨਿਆਂ ਦੀਆਂ ਕੀਮਤਾਂ ਘਟ ਜਾਂਦੀਆਂ ਹਨ ਅਤੇ ਪੂਰਕਾਂ ਦੀਆਂ ਕੀਮਤਾਂ ਵੱਧ ਜਾਂਦੀਆਂ ਹਨ। ਇਨ੍ਹਾਂ ਤੋਂ ਇਸ ਤਰ੍ਹਾਂ A ਦੀ ਮੰਗ ਕੁਝ ਘੱਟ ਸਕਦੀ ਹੈ, ਜੇਕਰ ਉਤਪਾਦਕ-ਸੇਵਾਵਾਂ ਦੀਆਂ ਕੀਮਤਾਂ ਵਿੱਚ ਵੀ ਵਧਣ ਦੀ ਪ੍ਰਵਿਰਤੀ ਹੋਵੇ ਤਾਂ ਵਸਤੂ A ਦੀ ਮੰਗ ਪ੍ਰਭਾਵਿਤ ਹੋ ਸਕਦੀ ਹੈ। ਇਸ ਤਰ੍ਹਾਂ ਸਧਾਰਣ ਸੰਤੁਲਨ ਵਿਸ਼ਲੇਸ਼ਣ ਕ੍ਰਮਿਕ ਅਧਾਰ 'ਤੇ ਮਾਰਕੀਟ ਦੇ ਸਬੰਧਾਂ ਦੀਆਂ ਗੁੰਝਲਦਾਰ ਸ਼੍ਰੰਖਲਾਵਾਂ ਦੀ ਪ੍ਰਵਿਰਤੀ ਨੂੰ ਸਮਝਣ ਵਿੱਚ ਮਦਦ ਦਿੰਦਾ ਹੈ।

ਨੋਟ

4. **ਕੀਮਤਾਂ ਦੇ ਕੰਮ ਕਰਨ ਨੂੰ ਸਮਝਣ ਵਿੱਚ (To Understand the Working of Pricing Process)**- ਸਧਾਰਣ ਸੰਤੁਲਨ ਵਿਸ਼ਲੇਸ਼ਣ ਅਰਥ ਵਿਵਸਥਾ ਵਿੱਚ ਕੀਮਤਾਂ ਦੇ ਕੰਮ ਕਰਨ ਦੀ ਵਿਆਖਿਆ ਕਰਨ ਵਿੱਚ ਵੀ ਸਹਾਇਕ ਹੈ। ਸਾਪੇਖ ਕੀਮਤਾਂ ਵਿੱਚ ਪਰਿਵਰਤਨ ਹੁੰਦਾ ਰਹਿੰਦਾ ਹੈ, ਇਸ ਲਈ ਸਾਰੀ ਅਰਥ ਵਿਵਸਥਾ ਦੇ ਵਿਸ਼ੇ ਵਿੱਚ ਤਿੰਨ ਵੱਡੇ ਫੈਸਲੇ ਕੀਤੇ ਜਾਂਦੇ ਹਨ-ਕਿਸ ਵਸਤੂ ਦਾ ਅਤੇ ਕਿੰਨੀ ਮਾਤਰਾ ਵਿੱਚ ਉਤਪਾਦਨ ਕੀਤਾ ਜਾਵੇ, ਕਿਵੇਂ ਉਤਪਾਦਨ ਕੀਤਾ ਜਾਵੇ ਅਤੇ ਵਸਤੂਆਂ ਦਾ ਉਤਪਾਦਨ ਹੋ ਜਾਣ 'ਤੇ ਉਨ੍ਹਾਂ ਨੂੰ ਕੌਣ ਖਰੀਦੇਗਾ। ਵਿਅਕਤੀਗਤ ਉਤਪਾਦਨ ਅਤੇ ਉਪਭੋਗਤਾ ਇਹ ਫੈਸਲਾ ਕਰਦੇ ਹਨ ਕਿ ਜਿਸ ਵਸਤੂ ਦਾ ਉਹ ਉਤਪਾਦਨ, ਖਰੀਦ-ਵੇਚ ਕਰਨਾ ਚਾਹੁੰਦੇ ਹਨ, ਉਸ ਵਸਤੂ ਦੀ ਇਕ ਕੀਮਤ ਹੁੰਦੀ ਹੈ ਜੋ ਉਨ੍ਹਾਂ ਦੀ ਮੰਗ ਅਤੇ ਪੂਰਤੀ ਵਿੱਚ ਪਰਿਵਰਤਨਾਂ ਪ੍ਰਤੀ ਪ੍ਰਤੀਕਿਰਿਆ ਕਰਦੀ ਹੈ। ਇਸ ਤਰ੍ਹਾਂ ਸਧਾਰਣ ਸੰਤੁਲਨ ਵਿਸ਼ਲੇਸ਼ਣ ਕੀਮਤ ਪਰਿਵਰਤਨਾਂ ਨਾਲ ਪ੍ਰਭਾਵਿਤ ਕਈ ਤਰ੍ਹਾਂ ਦੇ ਵਿਅਕਤੀਗਤ ਫੈਸਲਿਆਂ ਦਾ ਏਕੀਕਰਨ ਕਰਨ ਵਿੱਚ ਸਹਾਇਤਾ ਦਿੰਦਾ ਹੈ।

5. **ਆਗਤ-ਨਿਰਗਤ ਵਿਸ਼ਲੇਸ਼ਣ ਨੂੰ ਸਮਝਣ ਸਬੰਧੀ (To Understand the Input-Output Analysis)**- ਸਧਾਰਣ ਸੰਤੁਲਨ ਦਾ ਪ੍ਰਮੁੱਖ ਮਹੱਤਵ ਇਸ ਗੱਲ ਵਿੱਚ ਸ਼ਾਮਿਲ ਹੈ ਕਿ ਇਹ ਆਗਤ-ਨਿਰਗਤ ਦੇ ਉਸ ਵਿਸ਼ਲੇਸ਼ਣ ਨੂੰ ਧਾਰਨਾਤਮਕ ਅਧਾਰ ਪ੍ਰਦਾਨ ਕਰਦਾ ਹੈ, ਜਿਸ ਦਾ ਲਿਓਨਟਿਫ ਨੇ ਵਿਕਾਸ ਕੀਤਾ। ਇਸ ਵਿਸ਼ਲੇਸ਼ਣ ਵਿੱਚ ਜਿਸ ਨੂੰ ਸਧਾਰਣ ਸੰਤੁਲਨ ਵਿਸ਼ਲੇਸ਼ਣ ਦਾ ਪ੍ਰਮੁੱਖ ਪ੍ਰਕਾਰ ਸਮਝਿਆ ਜਾਂਦਾ ਹੈ, ਘਰੇਲੂ ਅਤੇ ਉਦਯੋਗ ਅਰਥ ਵਿਵਸਥਾ ਦੇ ਆਗਤ ਅਤੇ ਨਿਰਗਤ ਦੇ ਦ੍ਰਿਸ਼ ਪ੍ਰਸਪਰ ਨਿਰਭਰ ਵਿਵਸਥਾ ਨਾਲ ਸਬੰਧਿਤ ਹਨ। ਪੱਛੜੇ ਹੋਏ ਖੇਤਰਾਂ ਅਤੇ ਦੇਸ਼ਾਂ ਦੇ ਆਰਥਿਕ ਵਿਕਾਸ ਦੀ ਯੋਜਨਾ ਦੇ ਲਈ ਇਸ ਵਿਸ਼ਲੇਸ਼ਣ ਦਾ ਜ਼ਿਆਦਾ ਤੋਂ ਜ਼ਿਆਦਾ ਇਸਤੇਮਾਲ ਕੀਤਾ ਜਾ ਰਿਹਾ ਹੈ।

2.8 ਸਾਰੰਸ਼ (Summary)

- ਸਧਾਰਣ ਸੰਤੁਲਨ ਆਰਥਿਕ ਪਰਿਵਰਤਨਾਂ, ਉਨ੍ਹਾਂ ਦੇ ਪ੍ਰਸਪਰ ਸਬੰਧਾਂ ਅਤੇ ਨਿਰਭਰਤਾਵਾਂ ਦਾ ਵਿਸਤ੍ਰਿਤ ਅਧਿਐਨ ਹੈ, ਜਿਸ ਤੋਂ ਆਰਥਿਕ ਵਿਵਸਥਾ ਦੇ ਪੂਰਨ ਰੂਪ ਵਿੱਚ ਕੰਮ ਕਰਨ ਨੂੰ ਸਮਝਿਆ ਜਾ ਸਕੇ। ਇਹ ਸਾਰੀ ਅਰਥ ਵਿਵਸਥਾ ਦੇ ਸਬੰਧ ਵਿੱਚ ਕੀਮਤਾਂ, ਵਸਤੂਆਂ ਦੀਆਂ ਮਾਤਰਾਵਾਂ ਅਤੇ ਸੇਵਾਵਾਂ ਵਿੱਚ ਪਰਿਵਰਤਨਾਂ ਦੇ ਕੰਮ ਕਰਨ ਦੇ ਕਾਰਨਾਂ ਅਤੇ ਨਤੀਜਿਆਂ ਨੂੰ ਇਕੱਠਾ ਕਰ ਦਿੰਦਾ ਹੈ। ਇਕ ਅਰਥ ਵਿਵਸਥਾ ਕੇਵਲ ਉਸ ਸਮੇਂ ਸਧਾਰਣ ਸੰਤੁਲਨ ਵਿੱਚ ਹੋ ਸਕਦੀ ਹੈ, ਜਦੋਂ ਸਾਰੇ ਉਪਭੋਗਤਾ, ਸਾਰੀਆਂ ਫਰਮਾਂ, ਸਾਰੇ ਉਦਯੋਗ ਅਤੇ ਸਾਰੇ ਸਾਧਨ-ਸੇਵਾਵਾਂ **ਇਕੱਠੀਆਂ** ਸੰਤੁਲਨ ਵਿੱਚ ਹੋਣ ਅਤੇ ਵਸਤੂ ਅਤੇ ਸਾਧਨ ਕੀਮਤਾਂ ਦੇ ਸਾਧਨ ਵਿੱਚ ਆਪਸ 'ਚ ਜੁੜੀਆਂ ਹੋਣ। ਜਿਵੇਂ ਕਿ **ਸਟਿੱਗਲਰ** ਨੇ ਕਿਹਾ ਹੈ, "ਸਧਾਰਣ ਸੰਤੁਲਨ ਦਾ ਸਿਧਾਂਤ ਅਰਥ ਵਿਵਸਥਾ ਦੇ ਸਾਰੇ ਹਿੱਸਿਆਂ ਦੇ ਪ੍ਰਸਪਰ ਸਬੰਧ ਦਾ ਸਿਧਾਂਤ ਹੈ।"
- ਸਧਾਰਣ ਸੰਤੁਲਨ ਉਸ ਸਮੇਂ ਪਾਇਆ ਜਾਂਦਾ ਹੈ, ਜਦੋਂ ਸਾਰੀਆਂ ਕੀਮਤਾਂ ਸੰਤੁਲਨ ਵਿੱਚ ਹੁੰਦੀਆਂ ਹਨ ਅਤੇ ਉਪਭੋਗਤਾ ਆਪਣੀ ਦਿੱਤੀ ਹੋਈ ਆਮਦਨ ਨੂੰ ਅਜਿਹੇ ਢੰਗ ਨਾਲ ਖਰਚ ਕਰਦਾ ਹੈ ਕਿ ਉਸ ਨੂੰ ਜ਼ਿਆਦਾ ਸੰਤੁਸ਼ਟੀ ਮਿਲਦੀ ਹੈ। ਹਰੇਕ ਉਦਯੋਗ ਦੀਆਂ ਸਾਰੀਆਂ ਫਰਮਾਂ ਸਾਰੀਆਂ ਕੀਮਤਾਂ ਅਤੇ ਉਤਪਾਦਨਾਂ 'ਤੇ ਸੰਤੁਲਨ 'ਚ ਹੁੰਦੀਆਂ ਹਨ ਅਤੇ ਸੰਤੁਲਨ ਕੀਮਤਾਂ 'ਤੇ ਉਤਪਾਦਕ ਸਾਧਨਾਂ ਦੀ ਮੰਗ ਅਤੇ ਪੂਰਤੀ ਬਰਾਬਰ ਹੁੰਦੀ ਹੈ। ਪ੍ਰੋ. **ਲੈਫਟਵਿਚ** ਦੇ ਸ਼ਬਦਾਂ ਵਿੱਚ 'ਸਾਰੀ ਅਰਥ ਵਿਵਸਥਾ' ਦੇ ਲਈ ਸਧਾਰਣ ਸੰਤੁਲਨ ਤਾਂ ਹੀ ਹੋ ਸਕਦਾ ਹੈ, ਜਦ ਸਾਰੀਆਂ ਆਰਥਿਕ ਇਕਾਈਆਂ ਇਕੱਠੇ ਹੀ ਆਪਣਾ ਅੰਸ਼ਿਕ ਸੰਤੁਲਨ ਪ੍ਰਾਪਤ ਕਰਨ।"

2.9 ਸ਼ਬਦਕੋਸ਼ (Keywords)

1. **ਸੰਤੁਲਨ** (Equilibrium)-ਸਮਾਨ ਤੁਲਨ।
2. **ਅੰਸ਼ਿਕ ਸੰਤੁਲਨ** (Partial Equilibrium)- ਸੀਮਿਤ ਸੰਤੁਲਨ।
3. **ਤਟਸਥ ਸੰਤੁਲਨ** (Neutral Equilibrium)- ਟਿਕੀ ਹੋਈ ਸਥਿਤੀ।

ਨੋਟ

2.10 ਅਭਿਆਸ ਪ੍ਰਸ਼ਨ (Review Questions)

1. ਪ੍ਰਾਵੈਗਿਕ ਸੰਤੁਲਨ ਦੀ ਪਰਿਭਾਸ਼ਾ ਦਿਓ। ਰੇਖਾ ਚਿੱਤਰਾਂ ਨਾਲ ਸਿੱਧ ਕਰੋ ਕਿ ਸਮੇਂ-ਸਮੇਂ 'ਤੇ ਅਸਲੀ ਜੀਵਨ ਵਿੱਚ ਸੰਤੁਲਨ ਪ੍ਰਾਪਤ ਕੀਤਾ ਜਾ ਸਕਦਾ ਹੈ।
2. ਸੰਤੁਲਨ ਦੀ ਪਰਿਭਾਸ਼ਾ ਦਿਓ ਅਤੇ ਕਾਬਵੈਬ ਪ੍ਰਮੈ ਦੀ ਸਹਾਇਤਾ ਨਾਲ ਸਿੱਧ ਕਰੋ ਕਿ ਕੁਝ ਦਿੱਤੀਆਂ ਹੋਈਆਂ ਪ੍ਰਸਥਿਤੀਆਂ ਵਿੱਚ ਸੰਤੁਲਨ ਅਸਲ 'ਚ ਪ੍ਰਾਪਤ ਕੀਤਾ ਜਾ ਸਕਦਾ ਹੈ।
3. ਅੰਸ਼ਿਕ ਅਤੇ ਸਧਾਰਣ ਵਿਸ਼ਲੇਸ਼ਣ ਵਿੱਚ ਫਰਕ ਸਪੱਸ਼ਟ ਕਰੋ ਅਤੇ ਸਧਾਰਣ ਸੰਤੁਲਨ ਦੀ ਵਿਸਥਾਰ ਨਾਲ ਵਿਆਖਿਆ ਕਰੋ।
4. ਸਥੈਤਿਕ ਅਤੇ ਪ੍ਰਾਵੈਗਿਕ ਸੰਤੁਲਨ ਵਿੱਚ ਫਰਕ ਕਰੋ। ਆਪਣੇ ਉਤਰ ਨੂੰ ਚਿੱਤਰਾਂ ਅਤੇ ਸਮੀਕਰਨਾਂ ਦੀ ਸਹਾਇਤਾ ਨਾਲ ਸਮਝਾਓ।
5. "ਆਧੁਨਿਕ ਆਰਥਿਕ ਵਿਸ਼ਲੇਸ਼ਣ ਵਿੱਚ ਸੰਤੁਲਨ ਦੀ ਧਾਰਨਾ ਇਕ ਜ਼ਰੂਰੀ ਔਜ਼ਾਰ ਹੈ।" ਵਰਨਣ ਕਰੋ।

ਉਤਰ : ਸਵੈ-ਮੁਲਾਂਕਣ (Answers : Self Assessment)

1. ਸ਼ੁੱਧ	2. ਪ੍ਰਾਵੈਗਿਕ	3. ਸੰਤੁਲਨ	4. (ਅ)
5. (ਬ)	6. (ਸ)	7. (ਦ)	8. (ਬ)
9. ਸਹੀ	10. ਗਲਤ	11. ਗਲਤ	12. ਸਹੀ

2.11 ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕਰੋ ਇਕਨੋਮਿਕਸ-ਸਿਪਰਾ ਮੁੱਖ ਉਪਾਧਿਆਇ, ਏਨੀ ਬੁਕਸ 2011।
2. ਮਾਈਕਰੋ ਇਕਨੋਮਿਕਸ : ਐਨ ਐਡਵਾਂਸਡ ਟ੍ਰੀਟਾਇਜ਼-ਐਸ. ਪੀ. ਐਸ. ਚੌਹਾਨ, ਪੀ. ਐਚ. ਆਈ. ਲਰਨਿੰਗ।
3. ਮਾਈਕਲੋ ਇਕਨੋਮਿਕਸ : ਬਿਹੇਵੀਅਰ, ਇੰਸਟੀਟਿਊਸ਼ਨਜ਼, ਐਂਡ ਇਵੋਲਿਊਸ਼ਨ-ਸੈਂਪੂਲ ਬੋਵੈਲਸ ਆਕਸਫੋਰਡ ਯੂਨੀਵਰਸਿਟੀ ਪ੍ਰੈਸ 2004।

ਨੋਟ

ਇਕਾਈ–3: ਉਪਭੋਗਤਾ ਸਿਧਾਂਤ-ਗਣਨਾਵਾਚਕ ਉਪਯੋਗਤਾ ਵਿਸ਼ਲੇਸ਼ਣ
(Consumer Theory-Cardinal Utility Analysis)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

3.1 ਗਣਨਾਵਾਚਕ ਉਪਯੋਗਤਾ ਵਿਸ਼ਲੇਸ਼ਣ (Cardinal Utility Analysis)

3.2 ਕੁੱਲ ਅਤੇ ਸੀਮਾਂਤ ਉਪਯੋਗਤਾ (Total and Marginal Utility)

3.3 ਕੁੱਲ ਉਪਯੋਗਤਾ ਅਤੇ ਸੀਮਾਂਤ ਉਪਯੋਗਤਾ ਵਿੱਚ ਅੰਤਰ ਅਤੇ ਸਬੰਧ
(Difference and Relation between Total Utility and Marginal Utility)

3.4 ਕੁੱਲ ਉਪਯੋਗਤਾ ਅਤੇ ਸੀਮਿਤ ਉਪਯੋਗਤਾ ਵਿੱਚ ਅੰਤਰ ਦਾ ਮਹੱਤਵ
(Significance of the Difference between Total Utility and Marginal Utility)

3.5 ਸੀਮਾਂਤ ਉਪਯੋਗਿਤਾ ਹਰਾਸ ਨਿਯਮ (Law of Diminishing Marginal Utility)

3.6 ਅਧਾਰਭੂਤ ਮਾਨਤਾਵਾਂ (Basic Assumptions)

3.7 ਵਿਆਖਿਆ (Explanation)

3.8 ਸੀਮਿਤ ਉਪਯੋਗਤਾ ਹਾਸ ਨਿਯਮ ਨਾਲ ਉਪਭੋਗਤਾ ਮੰਗ ਵਕ੍ਰ ਨੂੰ ਪਤਾ ਕਰਨਾ
(Derivation of Consumer's Demand Curve through the Law of Diminishing Marginal Utility)

3.9 ਸਮ-ਸੀਮਾਂਤ ਉਪਯੋਗਤਾ ਦਾ ਨਿਯਮ (Law of Equi-Marginal Utility)

ਜਾਂ

ਉਪਯੋਗਤਾ ਵਿਸ਼ਲੇਸ਼ਣ ਅਤੇ ਉਪਭੋਗਤਾ ਦਾ ਸੰਤੁਲਨ
(Utility Analysis and Consumer's Equilibrium)

3.10 ਨਿਯਮ ਦੀ ਆਧੁਨਿਕ ਵਿਆਖਿਆ (Modern Statement of the Law)

3.11 ਨਿਯਮ ਦਾ ਮਹੱਤਵ (Importance of the Law)

3.12 ਨਿਯਮ ਦੀਆਂ ਅਲੋਚਨਾਵਾਂ (Criticisms of the Law)

3.13 ਉਪਭੋਗਤਾ ਦੀ ਬੱਚਤ : ਇਕ ਸਚਿੱਤਰ ਵਿਵਰਣ
(Consumer's Surplus : An Illustrative Description)

3.14 ਸਾਰਾਂਸ਼ (Summary)

3.15 ਸ਼ਬਦਕੋਸ਼ (Keywords)

3.16 ਅਭਿਆਸ ਪ੍ਰਸ਼ਨ (Review Questions)

3.17 ਸਬੰਧਿਤ ਪੁਸਤਕਾਂ (Further Readings)

ਨੋਟ

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਸੀਮਿਤ ਉਪਯੋਗਤਾ ਹਾਸ ਨਿਯਮ ਜਾਨਣ ਸਬੰਧੀ।
- ਸਮ-ਸੀਮਿਤ ਉਪਯੋਗਤਾ ਦਾ ਨਿਯਮ ਸਮਝਣ ਸਬੰਧੀ।
- ਨਿਯਮ ਦਾ ਮਹੱਤਵ ਜਾਨਣ ਸਬੰਧੀ।
- ਨਿਯਮ ਦੀ ਆਧੁਨਿਕ ਵਿਆਖਿਆ ਕਰਨ ਸਬੰਧੀ।

ਪ੍ਰਸਤਾਵਨਾ (Introduction)

ਇਕ ਉਪਭੋਗਤਾ ਨੂੰ ਆਪਣੀ ਨਿਸ਼ਚਿਤ ਆਮਦਨ ਵੱਖ-ਵੱਖ ਵਸਤੂਆਂ ਅਤੇ ਸੇਵਾਵਾਂ 'ਤੇ ਕਿਸ ਤਰ੍ਹਾਂ ਖਰਚ ਚਾਹੀਦੀ ਹੈ, ਜਿਸ ਨਾਲ ਕਿ ਉਹ **ਜ਼ਿਆਦਾ ਸੰਤੁਸ਼ਟੀ** ਪ੍ਰਾਪਤ ਕਰ ਸਕੇ ਅਤੇ ਉਹ **ਸੰਤੁਲਨ** ਦੀ ਸਥਿਤੀ ਪ੍ਰਾਪਤ ਕਰ ਸਕੇ, ਅਰਥ ਸ਼ਾਸਤਰੀਆਂ ਨੇ ਮੁੱਖ ਰੂਪ ਵਿੱਚ ਤਿੰਨ ਸਿਧਾਂਤਾਂ ਦਾ ਪ੍ਰਤੀਪਾਦਨ ਕੀਤਾ ਹੈ–

(1) **ਗਣਨਾਵਾਚਕ ਉਪਯੋਗਤਾ ਵਿਸ਼ਲੇਸ਼ਣ** (Cardinal Utility Analysis), (2) **ਕ੍ਰਮਵਾਚਕ ਉਪਯੋਗਤਾ ਵਿਸ਼ਲੇਸ਼ਣ** (Ordinal Utility Analysis), ਅਤੇ **ਤਟਸਥਤਾ ਵਕ੍ਰ ਵਿਸ਼ਲੇਸ਼ਣ** (Indifference Curve Analysis), ਅਤੇ (3) **ਪ੍ਰਗਟ ਅਧਿਮਾਨ ਵਿਸ਼ਲੇਸ਼ਣ** (Revealed Preference Analysis)। ਇਸ ਅਧਿਆਇ ਵਿੱਚ ਗਣਨਾਵਾਚਕ ਉਪਯੋਗਤਾ ਵਿਸ਼ਲੇਸ਼ਣ ਦਾ ਅਧਿਐਨ ਕੀਤਾ ਗਿਆ ਹੈ।

ਉਪਯੋਗਤਾ ਕੀ ਹੈ?

ਉਪਯੋਗਤਾ ਦਾ ਅਰਥ ਹੈ ਕਿਸੇ ਵਸਤੂ ਦੀ ਜ਼ਰੂਰਤ ਸੰਤੁਸ਼ਟ ਕਰਨ ਦੀ ਸਮਰੱਥਾ। ਉਪਯੋਗਤਾ ਤੋਂ ਭਾਵ ਕੇਵਲ ਸੰਤੁਸ਼ਟੀ ਦੀ ਪ੍ਰਾਪਤੀ ਤੋਂ ਹੈ। ਇਕ ਉਪਯੋਗੀ ਵਸਤੂ ਲਾਭਦਾਇਕ ਹੋ ਵੀ ਸਕਦੀ ਹੈ ਅਤੇ ਨਹੀਂ ਵੀ ਹੋ ਸਕਦੀ। ਸਿਗਰੇਟ ਪੀਣ ਵਾਲਿਆਂ ਨੂੰ ਸਿਗਰੇਟ ਪੀਣ ਨਾਲ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ ਪਰ ਇਹ ਬਿਨਾਂ ਸ਼ੱਕ ਉਨ੍ਹਾਂ ਦੀ ਸਿਹਤ ਲਈ ਹਾਨੀਕਾਰਕ ਹੈ।

3.1 ਗਣਨਾਵਾਚਕ ਉਪਯੋਗਤਾ ਵਿਸ਼ਲੇਸ਼ਣ (Cardinal Utility Analysis)

19ਵੀਂ ਸ਼ਤਾਬਦੀ ਵਿੱਚ **ਡਿਊਪਿਟ** (Duipit), **ਗਾਸੇਨ** (Gossen), **ਵਾਲਰਸ** (Walras), **ਮੇਂਜਰ** (Menger) ਅਤੇ **ਜੇਵੰਸ** (Jevons) ਆਦਿ ਨਵੇਂ ਪ੍ਰੰਪਰਾਵਾਦੀ ਅਰਥ ਸ਼ਾਸਤਰੀਆਂ ਨੇ ਗਣਨਾਵਾਚਕ ਉਪਯੋਗਤਾ ਵਿਸ਼ਲੇਸ਼ਣ ਦਾ ਪ੍ਰਤੀਪਾਦਨ, **ਐਡਮ ਸਮਿੱਥ** (Adam Smith), **ਰਿਕਾਰਡੋ** (Ricardo) ਅਤੇ ਹੋਰ ਪ੍ਰੰਪਰਾਵਾਦੀ ਅਰਥ ਸ਼ਾਸਤਰੀਆਂ ਆਦਿ ਦੇ ਵਿਚਾਰਾਂ ਦੀ ਆਲੋਚਨਾ ਦੇ ਰੂਪ ਵਿੱਚ ਕੀਤਾ ਸੀ। 20ਵੀਂ ਸ਼ਤਾਬਦੀ ਵਿੱਚ **ਮਾਰਸ਼ਲ** ਅਤੇ **ਪੀਗੂ** ਨੇ ਗਣਨਾਵਾਚਕ ਵਿਸ਼ਲੇਸ਼ਣ ਨੂੰ ਅੱਗੇ ਵਿਕਸਿਤ ਕੀਤਾ। ਇਸ ਵਿਸ਼ਲੇਸ਼ਣ ਦੇ ਅਨੁਸਾਰ ਉਪਯੋਗਤਾ ਨੂੰ ਗਣਨਾਵਾਚਕ ਜਾਂ ਨਿਸ਼ਚਿਤ ਸੰਖਿਆਵਾਂ ਵਰਗੇ 1, 2, 3, 4 ਆਦਿ ਵਿੱਚ ਨਾਪਿਆ ਜਾ ਸਕਦਾ ਹੈ। **ਗਣਨਾਵਾਚਕ ਸੰਖਿਆਵਾਂ ਉਹ ਨਿਸ਼ਚਿਤ ਸੰਖਿਆਵਾਂ ਹਨ, ਜਿਨ੍ਹਾਂ ਨੂੰ ਜੋੜਿਆ ਜਾਂ ਘਟਾਇਆ ਜਾ ਸਕਦਾ ਹੈ। ਫਿਸ਼ਰ** ਨੇ ਉਪਯੋਗਤਾ ਦੇ ਨਾਪ ਨੂੰ ਪ੍ਰਗਟ ਕਰਨ ਲਈ **ਯੂਟਿਲ** (Util) ਮਾਪਦੰਡ ਦਾ ਇਸਤੇਮਾਲ ਕੀਤਾ ਹੈ ਅਤੇ ਗਣਨਾਵਾਚਕ ਉਪਯੋਗਤਾ ਵਿਸ਼ਲੇਸ਼ਣ ਦੇ ਅਨੁਸਾਰ ਇਹ ਕਿਹਾ ਜਾ ਸਕਦਾ ਹੈ ਕਿ ਸਾਨੂੰ ਇਕ ਕੱਪ ਚਾਹ ਨਾਲ 10 ਯੂਟਿਲ ਅਤੇ ਇਕ ਕੱਪ ਕੌਫੀ ਨਾਲ 5 ਯੂਟਿਲ **ਉਪਯੋਗਤਾ** ਪ੍ਰਾਪਤ ਹੁੰਦੀ ਹੈ।

ਉਪਯੋਗਤਾ ਦੀ ਗਣਨਾਵਾਚਕ ਅਤੇ ਕ੍ਰਮਵਾਚਕ ਧਾਰਨਾਵਾਂ

ਉਪਯੋਗਤਾ ਦੀ ਗਣਨਾਵਾਚਕ ਧਾਰਨਾ ਦੇ ਅਨੁਸਾਰ ਉਪਯੋਗਤਾ ਨੂੰ ਗਣਨਾਵਾਚਕ ਸੰਖਿਆਵਾਂ ਅਤੇ 1, 2, 3, 4 ਆਦਿ ਦੇ ਰੂਪ ਵਿੱਚ ਪ੍ਰਗਟ ਕੀਤਾ ਜਾ ਸਕਦਾ ਹੈ। ਇਸ ਦੇ ਉਲਟ ਉਪਯੋਗਤਾ ਦੀ ਕ੍ਰਮਵਾਚਕ ਧਾਰਨਾ ਦੇ ਅਨੁਸਾਰ ਉਪਯੋਗਤਾ ਨੂੰ ਵਸਤੂਆਂ ਦੇ ਉਪਭੋਗ ਤੋਂ ਮਿਲਣ ਵਾਲੀ ਸੰਤੁਸ਼ਟੀ ਦੇ ਕ੍ਰਮ ਦੇ ਰੂਪ ਵਿੱਚ ਪ੍ਰਗਟ ਕੀਤਾ ਜਾ ਸਕਦਾ ਹੈ। ਉਸ ਨੂੰ ਨਿਸ਼ਚਿਤ ਸੰਖਿਆਵਾਂ ਦੇ ਰੂਪ ਵਿੱਚ ਪ੍ਰਗਟ ਨਹੀਂ ਕੀਤਾ ਜਾ ਸਕਦਾ।

3.2 ਕੁੱਲ ਅਤੇ ਸੀਮਾਂਤ ਉਪਯੋਗਤਾ (Total and Marginal Utility)

ਨੋਟ

ਉਪਯੋਗਤਾ ਦੇ ਮਾਪਦ ਦੇ ਅਧਾਰ 'ਤੇ ਇਸ ਦੀਆਂ ਦੋ ਧਾਰਾਵਾਂ ਹੋ ਸਕਦੀਆਂ ਹਨ: (1) ਕੁੱਲ ਉਪਯੋਗਤਾ ਅਤੇ (2) ਸੀਮਿਤ ਉਪਯੋਗਤਾ।

(1) ਕੁੱਲ ਉਪਯੋਗਤਾ (Total Utility)

ਕਿਸੇ ਵਸਤੂ ਦੀਆਂ ਵੱਖ-ਵੱਖ ਮਾਤਰਾਵਾਂ ਦੇ ਉਪਭੋਗ ਤੋਂ ਪ੍ਰਾਪਤ ਉਪਯੋਗਤਾ ਦੀਆਂ ਇਕਾਈਆਂ ਦੇ ਜੋੜ ਨੂੰ ਕੁੱਲ ਉਪਯੋਗਤਾ ਕਿਹਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿੱਚ ਕੁੱਲ ਉਪਯੋਗਤਾ ਕਿਸੇ ਵਸਤੂ ਦੀ ਇਕ ਨਿਸ਼ਚਿਤ ਮਾਤਰਾ ਦੇ ਉਪਭੋਗ ਤੋਂ ਪ੍ਰਾਪਤ ਸੰਤੁਸ਼ਟੀ ਦਾ ਨਾਪ ਹੈ। ਇਹ ਉਪਭੋਗ ਕੀਤੀ ਗਈ ਵਸਤੂ ਦੀ ਕੁੱਲ ਮਾਤਰਾ ਫਲਨ ਹੈ ਅਤੇ ਇਸ ਨੂੰ ਹੇਠ ਲਿਖੇ ਤਰ੍ਹਾਂ ਪ੍ਰਗਟ ਕੀਤਾ ਜਾਂਦਾ ਹੈ-

$$TU_X = f(Q_X)$$

(ਇਸ ਨੂੰ ਪੜ੍ਹਿਆ ਜਾਵੇਗਾ- X ਦੀ ਕੁੱਲ ਉਪਯੋਗਤਾ (TU_x), X-ਵਸਤੂ ਦੀ ਮਾਤਰਾ (Q_x) ਦਾ ਫਲਨ (f) ਹੈ।)

ਲੇਫਟਵਿਚ ਦੇ ਸ਼ਬਦਾਂ ਵਿੱਚ, ''ਕੁੱਲ ਉਪਯੋਗਤਾ ਇਕ ਵਸਤੂ ਦੀਆਂ ਵੱਖ-ਵੱਖ ਮਾਤਰਾਵਾਂ ਦੇ ਉਪਭੋਗ ਤੋਂ ਪ੍ਰਾਪਤ ਹੋਣ ਵਾਲੀ ਕੁੱਲ ਸੰਤੁਸ਼ਟੀ ਹੈ। (Total Utility Refers to the Entire Amount of Satisfaction Obtained from Consuming Various Quantities of a Commodity-**Leftwitch**)। ਮੰਨ ਲਓ ਤੁਸੀਂ ਇਕ ਸਮੇਂ ਵਿੱਚ 8 **ਰਸਗੁੱਲੇ ਖਾ ਲੈਂਦੇ ਹੋ। ਇਨ੍ਹਾਂ ਅੱਠ ਰਸਗੁੱਲਿਆਂ** ਤੋਂ ਮਿਲਣ ਵਾਲੀ ਉਪਯੋਗਤਾ ਦੇ ਜੋੜ ਨੂੰ ਕੁੱਲ ਉਪਯੋਗਤਾ ਕਿਹਾ ਜਾਵੇਗਾ।

2. ਸੀਮਿਤ ਉਪਯੋਗਤਾ (Marginal Utility)

ਸੀਮਿਤ ਉਪਯੋਗਤਾ ਦੀ ਧਾਰਨਾ ਦਾ ਵਿਕਾਸ ਪ੍ਰਸਿੱਧ ਅਰਥ ਸ਼ਾਸਤਰੀ **ਜੇਵੰਸ** ਨੇ ਕੀਤਾ ਸੀ। ਇਸ ਤੋਂ **ਇਲਾਵਾ ਉਪਯੋਗਤਾ** (Additional Utility) ਵੀ ਕਿਹਾ ਜਾਂਦਾ ਹੈ। ਕਿਸੇ ਵਸਤੂ ਦੀ ਇਕ ਜ਼ਿਆਦਾ ਜਾਂ ਇਕ ਘੱਟ ਇਕਾਈ ਦੇ ਇਸਤੇਮਾਲ ਕਰਨ ਨਾਲ ਕੁੱਲ ਉਪਯੋਗਤਾ ਵਿੱਚ ਜੋ ਪਰਿਵਰਤਨ ਹੁੰਦਾ ਹੈ, ਉਸ ਨੂੰ ਸੀਮਿਤ ਉਪਯੋਗਤਾ ਕਿਹਾ ਜਾਂਦਾ ਹੈ। ਮੰਨ ਲਓ ਪਹਿਲੀ ਰੋਟੀ ਖਾਣ ਨਾਲ ਤੁਹਾਨੂੰ 15 ਯੂਟਿਲ ਉਪਯੋਗਤਾ ਪ੍ਰਾਪਤ ਹੁੰਦੀ ਹੈ, ਦੂਸਰੀ ਰੋਟੀ ਖਾਣ ਦੇ ਫਲਸਰੂਪ ਦੋਵਾਂ ਰੋਟੀਆਂ ਤੋਂ ਮਿਲਣ ਵਾਲੀ ਕੁੱਲ ਉਪਯੋਗਤਾ 25 ਯੂਟਿਲ ਹੋ ਜਾਂਦੀ ਹੈ। ਇਸ ਦਾ ਅਰਥ ਹੋਇਆ ਕਿ ਦੂਸਰੀ ਰੋਟੀ ਦੇ ਉਪਭੋਗ ਨਾਲ ਕੁੱਲ ਉਪਯੋਗਤਾ ਵਿੱਚ 10 ਯੂਟਿਲ (25-15) ਦਾ ਵਾਧਾ ਹੋਇਆ ਅਤੇ ਰੋਟੀ ਦੀ ਸੀਮਿਤ ਉਪਯੋਗਤਾ 10 ਯੂਟਿਲ ਹੋਵੇਗੀ।

ਲਿੱਪਸੀ ਦੇ ਸ਼ਬਦਾਂ ਵਿੱਚ, **''ਵਸਤੂ ਦੀ ਇਕ ਜ਼ਿਆਦਾ ਇਕਾਈ ਦੇ ਉਪਭੋਗ ਕਰਨ ਨਾਲ ਕੁੱਲ ਉਪਯੋਗਤਾ ਵਿੱਚ ਜੋ ਵਾਧਾ ਹੁੰਦਾ ਹੈ, ਉਹ ਸੀਮਿਤ ਪ੍ਰਤੀਯੋਗਤਾ ਅਖਵਾਉਂਦੀ ਹੈ।''** (Marginal Utility is the Addition made to the total Utility by Consuming one more Unit of Commodity. **—Lipsey)**

ਬੋਲਡਿੰਗ ਦੇ ਅਨੁਸਾਰ, **''ਸੀਮਿਤ ਉਪਯੋਗਤਾ ਕੁੱਲ ਉਪਯੋਗਤਾ ਵਿੱਚ ਹੋਣ ਵਾਲਾ ਉਹ ਵਾਧਾ ਹੈ ਜੋ ਇਕ ਜ਼ਿਆਦਾ ਇਕਾਈ ਦੇ ਉਪਭੋਗ ਕਰਨ ਕਾਰਨ ਪ੍ਰਾਪਤ ਹੁੰਦੀ ਹੈ।''** (The Marginal Utility is the Increase in total Utility which Results from a Unit Increase in Consumption. **—Boulding)**

ਸੀਮਿਤ ਉਪਯੋਗਤਾ ਨੂੰ ਹੇਠ ਲਿਖੀ ਸਮੀਕਰਣ ਦੀ ਸਹਾਇਤਾ ਨਾਲ ਨਾਪਿਆ ਜਾ ਸਕਦਾ ਹੈ:

$$MU_{nth} = TU_n - TU_{n-1} \text{ Or } MU = \frac{\Delta TU}{\Delta Q}$$

(ਇੱਥੇ MU_{nth}=nth ਇਕਾਈ ਦੀ ਸੀਮਿਤ ਉਪਯੋਗਤਾ, TU_n=n ਇਕਾਈਆਂ ਦੀ ਕੁੱਲ ਉਪਯੋਗਤਾ, Tu_{n-1} = n – 1 ਇਕਾਈ ਦੀ ਕੁੱਲ ਉਪਯੋਗਤਾ। ΔTU= ਕੁੱਲ ਉਪਯੋਗਤਾ ਵਿੱਚ ਪਰਿਵਰਤਨ, ΔQ= ਵਸਤੂ ਦੀ ਮਾਤਰਾ ਵਿੱਚ ਪਰਿਵਰਤਨ)

ਸੀਮਿਤ ਉਪਯੋਗਤਾ (i) **ਧਨਾਤਮਕ** (ii) **ਜ਼ੀਰੋ** ਅਤੇ (iii) **ਰਣਨਾਤਮਕ** ਹੋ ਸਕਦੀ ਹੈ।

(i) **ਧਨਾਤਮਕ ਸੀਮਿਤ ਉਪਯੋਗਤਾ** (Positive Marginal Utility)- ਕਿਸੇ ਵਸਤੂ ਦੀਆਂ ਹੋਰ ਇਕਾਈਆਂ ਦਾ ਉਪਭੋਗ ਕਰਨ ਨਾਲ ਜੇਕਰ ਕੁੱਲ ਉਪਭੋਗਤਾ ਵੱਧਦੀ ਜਾਂਦੀ ਹੈ ਤਾਂ ਇਨ੍ਹਾਂ ਇਕਾਈਆਂ ਦੀ ਸੀਮਿਤ ਉਪਯੋਗਤਾ ਧਨਾਤਮਕ

ਨੋਟ

ਅਖਵਾਏਗੀ। ਮੰਨ ਲਓ ਆਪਣੀ ਭੁੱਖ ਨੂੰ ਸੰਤੁਸ਼ਟ ਕਰਨ ਲਈ ਤੁਸੀਂ ਰੋਟੀ ਖਾਂਦੇ ਹੋ, ਪਹਿਲੀ ਰੋਟੀ ਤੋਂ ਤੁਸੀਂ 8 ਇਕਾਈ ਅਤੇ ਦੂਸਰੀ ਰੋਟੀ ਤੋਂ 6 ਇਕਾਈ ਸੀਮਿਤ ਉਪਯੋਗਤਾ ਪ੍ਰਾਪਤ ਕਰਦੇ ਹੋ। ਇਸ ਤਰ੍ਹਾਂ ਦੋ ਰੋਟੀਆਂ ਨਾਲ 8+6=14 ਇਕਾਈਆਂ/ਯੂਟਿਲ ਕੁੱਲ ਉਪਯੋਗਤਾ ਪ੍ਰਾਪਤ ਕਰਦੇ ਹੋ ਅਤੇ ਰੋਟੀ ਦੀਆਂ ਹੋਰ ਇਕਾਈਆਂ ਦੇ ਖਾਣ ਦੇ ਫਲਸਰੂਪ ਕੁੱਲ ਉਪਯੋਗਤਾ ਵੱਧਦੀ ਜਾ ਰਹੀ ਹੈ। ਉਪਰੋਕਤ ਉਦਾਹਰਣ ਵਿੱਚ ਦੂਸਰੀ ਰੋਟੀ ਤੋਂ ਪ੍ਰਾਪਤ ਸੀਮਿਤ ਉਪਯੋਗਤਾ ਨੂੰ ਧਨਾਤਮਕ ਉਪਯੋਗਤਾ ਕਿਹਾ ਜਾਵੇਗਾ।

(ii) **ਜ਼ੀਰੋ ਸੀਮਿਤ ਉਪਯੋਗਤਾ** (Zero Marginal Utility)– ਜੇਕਰ ਵਸਤੂ ਦੀ ਇਕ ਹੋਰ ਇਕਾਈ ਦਾ ਉਪਭੋਗ ਕਰਨ ਨਾਲ ਕੁੱਲ ਉਪਯੋਗਤਾ ਵਿੱਚ ਕੋਈ ਪਰਿਵਰਤਨ ਨਹੀਂ ਆਉਂਦਾ ਤਾਂ ਵਸਤੂ ਦੀ ਇਸ ਇਕਾਈ ਦੀ ਉਪਯੋਗਤਾ ਜ਼ੀਰੋ ਹੋਵੇਗੀ। **ਉਪਭੋਗ ਦੇ ਇਸੇ ਪੱਧਰ 'ਤੇ ਕੁੱਲ ਉਪਯੋਗਤਾ ਜ਼ਿਆਦਾ ਹੋ ਜਾਂਦੀ ਹੈ।** ਜਿੱਥੋਂ ਤੱਕ ਉਪਭੋਗਤਾ ਦੀ ਸੰਤੁਸ਼ਟੀ ਦਾ ਸਬੰਧ ਹੈ, ਇਹ **ਪੂਰਨ ਸੰਤੁਸ਼ਟੀ ਜਾਂ ਪੂਰਨ ਤ੍ਰਿਪਤੀ ਦਾ ਬਿੰਦੂ** (Saturation Point) ਅਖਵਾਏਗਾ। ਮੰਨ ਲਓ 4 ਰੋਟੀਆਂ ਦੇ ਖਾਣ ਨਾਲ ਕੁੱਲ ਉਪਯੋਗਤਾ 20 ਇਕਾਈ/ਯੂਟਿਲ ਪ੍ਰਾਪਤ ਹੁੰਦੀ ਹੈ ਅਤੇ ਪੰਜਵੀਂ ਰੋਟੀ ਦੇ ਖਾਣ ਨਾਲ ਕੁੱਲ ਉਪਯੋਗਤਾ ਵਿੱਚ ਕੋਈ ਪਰਿਵਰਤਨ ਨਹੀਂ ਆਉਂਦਾ, ਉਹ 20 ਹੀ ਰਹਿੰਦੀ ਹੈ, ਉਦੋਂ ਪੰਜਵੀਂ ਰੋਟੀ ਨਾਲ ਪ੍ਰਾਪਤ ਹੋਣ ਵਾਲੀ ਸੀਮਿਤ ਉਪਯੋਗਤਾ ਜ਼ੀਰੋ ਹੋਵੇਗੀ।

(iii) **ਰਣਨਾਤਮਕ ਸੀਮਿਤ ਉਪਯੋਗਤਾ** (Negative Marginal Utility)– ਕਿਸੇ ਵਸਤੂ ਦੀ ਹੋਰ ਇਕਾਈ ਦ ਉਪਭੋਗ ਕਰਨ ਨਾਲ ਜੇਕਰ ਕੁੱਲ ਉਪਯੋਗਤਾ ਘੱਟ ਜਾਂਦੀ ਹੈ ਤਾਂ ਇਸ ਇਕਾਈ ਦੀ ਸੀਮਿਤ ਉਪਯੋਗਤਾ ਰਣਨਾਤਮਕ ਅਖਵਾਏਗੀ। ਪੰਜ ਰੋਟੀਆਂ ਦੇ ਉਪਭੋਗ ਨਾਲ ਪੂਰਨ ਸੰਤੁਸ਼ਟੀ ਅਤੇ ਤ੍ਰਿਪਤੀ ਬਿੰਦੂ ਪ੍ਰਾਪਤ ਕਰਨ ਤੋਂ ਬਾਅਦ ਜੇਕਰ ਉਪਭੋਗਤਾ ਨੂੰ ਛੇਵੀਂ ਰੋਟੀ ਖਾਣ ਲਈ ਮਜਬੂਰ ਹੋਣਾ ਪਿਆ ਹੈ, ਉਦੋਂ ਇਹ ਉਸ ਦੀ ਪਾਚਨ ਸ਼ਕਤੀ ਨੂੰ ਖਰਾਬ ਕਰ ਦੇਵੇਗੀ। ਇਸ ਦੇ ਨਤੀਜੇ ਵਜੋਂ ਕੁੱਲ ਉਪਯੋਗਤਾ ਘੱਟ ਹੋ ਕੇ 18 ਹੋ ਜਾਵੇਗੀ। ਇਸ ਦਾ ਅਰਥ ਹੋਇਆ ਕਿ ਛੇਵੀਂ ਰੋਟੀ ਦੀ ਸੀਮਿਤ ਉਪਯੋਗਤਾ (18–20) = –2 ਹੋਵੇਗੀ, ਇਹ ਇਕ ਰਣਨਾਤਮਕ ਸੰਖਿਆ ਹੈ।

ਕੁੱਲ ਉਪਯੋਗਤਾ ਸੀਮਿਤ ਉਪਯੋਗਤਾ ਤੋਂ ਕਿਵੇਂ ਭਿੰਨ ਹੈ?

ਕੁੱਲ ਉਪਯੋਗਤਾ ਕਿਸੇ ਵਸਤੂ ਦੀਆਂ ਸਾਰੀਆਂ ਇਕਾਈਆਂ ਤੋਂ ਪ੍ਰਾਪਤ ਉਪਯੋਗਤਾ ਦਾ ਜੋੜ ਹੈ। ਇਸ ਦੇ ਉਲਟ ਸੀਮਿਤ ਉਪਯੋਗਤਾ ਕਿਸੇ ਵਸਤੂ ਦੀ ਇਕ ਜ਼ਿਆਦਾ ਇਕਾਈ ਦਾ ਇਸਤੇਮਾਲ ਕਰਨ ਨਾਲ ਪ੍ਰਾਪਤ ਹੋਰ ਇਕਾਈ ਹੈ। ਅਤੇ

$$TU = \sum MU$$

$$MU_{nth} = TU_n - TU_{n-1}$$

ਨੋਟਸ ਸੀਮਿਤ ਉਪਯੋਗਤਾ ਕੁੱਲ ਉਪਯੋਗਤਾ ਵਿੱਚ ਹੋਣ ਵਾਲਾ ਉਹ ਵਾਧਾ ਹੈ ਜੋ ਇਕ ਜ਼ਿਆਦਾ ਇਕਾਈ ਦੇ ਉਪਭੋਗ ਕਰਨ ਕਾਰਨ ਪ੍ਰਾਪਤ ਹੁੰਦੀ ਹੈ।

3.3 ਕੁੱਲ ਉਪਯੋਗਤਾ ਅਤੇ ਸੀਮਾਂਤ ਉਪਯੋਗਤਾ ਵਿੱਚ ਅੰਤਰ ਅਤੇ ਸਬੰਧ (Difference and Relation between Total Utility and Marginal Utility)

ਨਵੇਂ ਪ੍ਰੰਪਰਾਵਾਦੀ ਅਰਥ ਸ਼ਾਸਤਰੀ **ਜੇਵੰਸ** (Jevons) ਨੇ ਸਭ ਤੋਂ ਪਹਿਲਾਂ ਕੁੱਲ ਉਪਯੋਗਤਾ ਅਤੇ ਸੀਮਿਤ ਉਪਯੋਗਤਾ ਦੇ ਸਬੰਧ ਅਤੇ ਅੰਤਰ ਦੇ ਮਹੱਤਵ ਦੀ ਵਿਆਖਿਆ ਕੀਤੀ ਸੀ। ਕੁੱਲ ਉਪਯੋਗਤਾ ਅਤੇ ਸੀਮਿਤ ਉਪਯੋਗਤਾ ਅਤੇ ਸੀਮਿਤ ਉਪਯੋਗਤਾ ਦੇ ਅੰਤਰ ਅਤੇ ਸਬੰਧ ਨੂੰ ਤਾਲਿਕਾ 1 ਅਤੇ ਚਿੱਤਰ 1 ਦੀ ਸਹਾਇਤਾ ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ।

ਨੋਟ

ਤਾਲਿਕਾ 1. ਕੁੱਲ ਉਪਯੋਗਤਾ ਅਤੇ ਸੀਮਿਤ ਉਪਯੋਗਤਾ ਵਿੱਚ ਸਬੰਧ			
ਮਾਤਰਾ (ਇਕਾਈ)	ਕੁੱਲ ਉਪਯੋਗਤਾ	ਸੀਮਿਤ ਉਪਯੋਗਤਾ	ਵੇਰਵਾ
1	8	8–0=8	ਧਨਾਤਮਕ ਸੀਮਿਤ ਉਪਯੋਗਤਾ ਕੁੱਲ ਉਪਯੋਗਤਾ ਵੱਧ ਰਹੀ ਹੈ।
2	14	14–8=6	
3	18	18–14=4	
4	20	20–18=2	
5	20	20–20=0	ਜ਼ੀਰੋ ਸੀਮਿਤ ਉਪਯੋਗਤਾ ਕੁੱਲ ਉਪਯੋਗਤਾ ਜ਼ਿਆਦਾ
6	18	18–20=–2	ਸੀਮਿਤ ਉਪਯੋਗਤਾ ਰਣਨਾਤਮਕ ਕੁੱਲ ਉਪਯੋਗਤਾ ਘੱਟ ਰਹੀ ਹੈ

ਤਾਲਿਕਾ 1 ਤੋਂ ਪਤਾ ਲੱਗਦਾ ਹੈ ਕਿ ਕੁੱਲ ਉਪਯੋਗਤਾ ਦਾ ਅੰਦਾਜ਼ਾ ਕਿਸੇ ਵਸਤੂ ਦੀਆਂ ਵੱਖ-ਵੱਖ ਇਕਾਈਆਂ ਤੋਂ ਪ੍ਰਾਪਤ ਸੀਮਿਤ ਉਪਯੋਗਤਾ ਦੇ ਜੋੜ ਤੋਂ ਲਗਾਇਆ ਜਾਂਦਾ ਹੈ।

(i) $TU = \sum MU$

(ਇੱਥੇ TU= ਕੁੱਲ ਉਪਯੋਗਤਾ, $\sum$ = ਸਿਗਮਾ ਇਹ ਜੋੜ ਦਾ ਚਿੰਨ੍ਹ ਹੈ। MU= ਸੀਮਿਤ ਉਪਯੋਗਤਾ ਅਤੇ ਕੁੱਲ ਉਪਯੋਗਤਾ = ਸੀਮਿਤ ਉਪਯੋਗਤਾਵਾਂ ਦਾ ਜੋੜ।)

$$TU_6 = MU_{(1st)} + MU_{(2nd)} + Mu_{(3rd)} + MU_{(4th)} + MU_{(5th)} + MU_{(6th)}$$
$$= 8 + 6 + 4 + 2 + 0 + (-2) = 18$$

ਇਸ ਦੇ ਉਲਟ ਸੀਮਿਤ ਉਪਯੋਗਤਾ ਦਾ ਅੰਦਾਜ਼ਾ ਕੁੱਲ ਉਪਯੋਗਤਾ ਵਿੱਚ ਹੋਣ ਵਾਲੇ ਪਰਿਵਰਤਨ ਨੂੰ ਵਸਤੂ ਦੀ ਮਾਤਰਾ ਵਿੱਚ ਹੋਣ ਵਾਲੇ ਪਰਿਵਰਤਨ ਤੋਂ ਭਾਗ ਦੇ ਕੇ ਲਗਾਇਆ ਜਾਂਦਾ ਹੈ।

(ii) $$MU = \frac{\Delta TU}{\Delta Q} \text{ ਜਾਂ } MU_{nth} = TU_n - TU_{n-1}$$

(ਇੱਥੇ MU_{nth} = nth ਇਕਾਈ ਦੀ ਸੀਮਿਤ ਉਪਯੋਗਤਾ; TU_n= ਸਾਰੇ n ਇਕਾਈਆਂ ਦੇ ਉਪਭੋਗ ਦੀ ਕੁੱਲ ਉਪਯੋਗਤਾ

TU_{n-1}=n-1 ਇਕਾਈਆਂ ਦੀ ਕੁੱਲ ਉਪਯੋਗਤਾ)

MU= ਸੀਮਿਤ ਉਪਯੋਗਤਾ; TU= ਕੁੱਲ ਉਪਯੋਗਤਾ ਵਿੱਚ ਪਰਿਵਰਤਨ, ΔQ= ਵਸਤੂ ਦੇ ਇਸਤੇਮਾਲ ਵਿੱਚ ਪਰਿਵਰਤਨ, Δ= ਪਰਿਵਰਤਨ ਦਾ ਚਿੰਨ੍ਹ ਹੈ।

ਉਦਾਹਰਣ ਦੇ ਤੌਰ 'ਤੇ

MU of 4th Unit = TU of 4th Unit – TU of 3rd Unit= 20 – 18=2

ਜਾਂ $$\frac{\Delta TU}{\Delta Q} = \frac{\text{TU of 4th unit of 3rd unit}}{4-3} = \frac{20-18}{1} = \frac{2}{1} = 2$$

(iii) ਕਿਸੇ ਵਸਤੂ ਦੀਆਂ ਹੋਰ ਇਕਾਈਆਂ ਦਾ ਜਿਵੇਂ-ਜਿਵੇਂ ਜ਼ਿਆਦਾ ਉਪਯੋਗ ਕੀਤਾ ਜਾਂਦਾ ਹੈ, ਉਨ੍ਹਾਂ ਤੋਂ ਮਿਲਣ ਵਾਲੀ ਸੀਮਿਤ ਉਪਯੋਗਤਾ ਘੱਟਦੀ ਜਾਂਦੀ ਹੈ ਪਰ ਕੁੱਲ ਉਪਯੋਗਤਾ ਵਸਤੂ ਦੀ ਹਰੇਕ ਹੋਰ ਇਕਾਈ ਦੇ ਉਪਭੋਗ ਕਰਨ ਨਾਲ ਉਦੋਂ ਤੱਕ ਵੱਧਦੀ ਰਹਿੰਦੀ ਹੈ, ਜਦੋਂ ਤੱਕ ਉਹ ਬਿੰਦੂ ਨਹੀਂ ਆ ਜਾਂਦਾ ਕਿ ਜਿਸ 'ਤੇ ਸੀਮਿਤ ਉਪਯੋਗਤਾ ਜ਼ੀਰੋ ਹੋ ਜਾਂਦੀ ਹੈ।

(iv) ਕੁੱਲ ਉਪਯੋਗਤਾ ਸਧਾਰਣ ਤੌਰ 'ਤੇ **ਧਨਾਤਮਕ** ਰਹਿੰਦੀ ਹੈ, ਜਦ ਕਿ ਸੀਮਿਤ ਉਪਯੋਗਤਾ **ਧਨਾਤਮਕ, ਜ਼ੀਰੋ ਜਾਂ ਰਣਨਾਤਮਕ** ਵੀ ਹੋ ਸਕਦੀ ਹੈ।

ਨੋਟ

(v) ਜਦੋਂ ਸੀਮਿਤ ਉਪਯੋਗਤਾ ਜ਼ੀਰੋ ਹੁੰਦੀ ਹੈ, ਉਦੋਂ ਕੁੱਲ ਉਪਯੋਗਤਾ ਜ਼ਿਆਦਾ ਹੁੰਦੀ ਹੈ।

(vi) ਸੀਮਿਤ ਉਪਯੋਗਤਾ ਹੀ ਕੁੱਲ ਉਪਯੋਗਤਾ ਵਿੱਚ ਪਰਿਵਰਤਨ ਦੀ ਦਰ ਨੂੰ ਨਿਰਧਾਰਿਤ ਕਰਦੀ ਹੈ।

ਕੁੱਲ ਉਪਯੋਗਤਾ ਅਤੇ ਸੀਮਿਤ ਉਪਯੋਗਤਾ ਦੇ ਸਬੰਧ ਨੂੰ ਚਿੱਤਰ 3.1 ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ। ਚਿੱਤਰ ਦੇ ਭਾਗ (A) ਵਿੱਚ ਅਤੇ ਭਾਗ (B) ਵਿੱਚ OX- ਅਕਸ਼ 'ਤੇ ਵਸਤੂ ਦੀਆਂ ਇਕਾਈਆਂ ਅਤੇ OY- ਅਕਸ਼ 'ਤੇ ਉਪਯੋਗਤਾ ਦਿਖਾਈ ਗਈ ਹੈ। ਚਿੱਤਰ 3.1 (A) ਵਿੱਚ TU ਵਕ੍ਰ ਕੁੱਲ ਉਪਯੋਗਤਾ ਨੂੰ ਪ੍ਰਗਟ ਕਰਦੀ ਹੈ। ਉਹ ਵਕ੍ਰ F ਬਿੰਦੂ ਤੱਕ ਉਪਰ ਵੱਲ ਉਠ ਰਿਹਾ ਹੈ। ਉਸ ਦਾ ਅਰਥ ਹੈ ਕਿ ਵਸਤੂ ਦੀਆਂ 4 ਇਕਾਈਆਂ ਦੇ ਉਪਭੋਗ ਤੱਕ ਕੁੱਲ ਉਪਯੋਗਤਾ ਵੱਧ ਰਹੀ ਹੈ। ਬਿੰਦੂ F ਤੋਂ G ਤੱਕ ਕੁੱਲ ਉਪਯੋਗਤਾ ਸਥਿਰ ਹੈ। ਇਸ ਦਾ ਅਰਥ ਹੈ ਕਿ ਪੰਜਵੀਂ ਇਕਾਈ ਦਾ ਉਪਭੋਗ ਕਰਨ ਨਾਲ ਕੁੱਲ ਉਪਯੋਗਤਾ ਵਿੱਚ ਵਾਧਾ ਨਹੀਂ ਹੋਇਆ। ਦੋਵਾਂ F ਅਤੇ G ਬਿੰਦੂ TU ਵਕ੍ਰ ਦੀ ਜ਼ਿਆਦਾ ਉਚਾਈ ਨੂੰ ਪ੍ਰਗਟ ਕਰਦੇ ਹਨ। ਪੰਜਵੀਂ ਇਕਾਈ 'ਤੇ ਬਿੰਦੂ G ਜ਼ਿਆਦਾ ਕੁੱਲ ਉਪਯੋਗਤਾ ਨੂੰ ਪ੍ਰਗਟ ਕਰਦਾ ਹੈ। ਇਹ ਪੂਰਨ ਤ੍ਰਿਪਤੀ ਜਾਂ ਸੰਤੁਸ਼ਟੀ ਦਾ ਬਿੰਦੂ ਹੈ। ਬਿੰਦੂ G ਤੋਂ ਬਾਅਦ TU ਵਕ੍ਰ ਹੇਠਾਂ ਵੱਲ ਝੁਕਣਾ ਸ਼ੁਰੂ ਹੋ ਜਾਂਦਾ ਹੈ, ਇਸ ਤੋਂ ਪਤਾ ਲੱਗਦਾ ਹੈ ਕਿ ਵਸਤੂ ਦੀ ਛੇਵੀਂ ਇਕਾਈ ਨਾਲ ਰਣਨਾਤਮਕ ਸੀਮਿਤ ਉਪਯੋਗਤਾ ਪ੍ਰਾਪਤ ਹੋ ਰਹੀ ਹੈ ਅਤੇ ਕੁੱਲ ਉਪਯੋਗਤਾ ਘਟਣੀ ਸ਼ੁਰੂ ਹੋ ਜਾਂਦੀ ਹੈ।



ਚਿੱਤਰ 3.1

ਚਿੱਤਰ 3.1 (B) ਵਿੱਚ MU ਵਕ੍ਰ ਸੀਮਿਤ ਉਪਯੋਗਤਾ ਨੂੰ ਪ੍ਰਗਟ ਕਰ ਰਿਹਾ ਹੈ। ਇੱਥੇ ਵਕ੍ਰ ਖੱਬੇ ਤੋਂ ਸੱਜੇ ਹੇਠਾਂ ਵੱਲ ਝੁਕਿਆ ਹੈ। ਇਸ ਦਾ ਅਰਥ ਹੈ ਕਿ ਹੋਰ ਇਕਾਈਆਂ ਤੋਂ ਮਿਲਣ ਵਾਲੀ ਸੀਮਿਤ ਉਪਯੋਗਤਾ ਘੱਟਦੀ ਜਾਂਦੀ ਹੈ। ਵਸਤੂ ਦੀ ਇਕਾਈ ਤੱਕ ਸੀਮਿਤ ਉਪਯੋਗਤਾ ਘੱਟ ਰਹੀ ਹੈ ਪਰ ਕੁੱਲ ਉਪਯੋਗਤਾ ਵੱਧ ਰਹੀ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਵਸਤੂ ਦੀ ਚੌਥੀ ਇਕਾਈ ਤੱਕ ਸੀਮਿਤ ਉਪਯੋਗਤਾ ਧਨਾਤਮਕ ਹੈ। ਪੰਜਵੀਂ ਇਕਾਈ 'ਤੇ ਉਹ ਬਿੰਦੂ ਜਿੱਥੇ MU ਵਕ੍ਰ OX-ਅਕਸ਼ ਨੂੰ ਛੂਹ ਰਿਹਾ ਹੈ, ਜ਼ੀਰੋ ਸੀਮਿਤ ਉਪਯੋਗਤਾ ਨੂੰ ਪ੍ਰਗਟ ਕਰਦਾ ਹੈ। ਇਸ ਸਥਿਤੀ ਵਿੱਚ ਕੁੱਲ ਉਪਯੋਗਤਾ ਜ਼ਿਆਦਾ ਹੈ। ਪੰਜਵੀਂ ਇਕਾਈ ਤੋਂ ਬਾਅਦ

MU ਵਕ੍ਰ OX- ਅਕਸ਼ ਨੂੰ ਕੱਟ ਕੇ ਹੇਠਾਂ ਵੱਲ ਵਧਣ ਲੱਗਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਛੇਵੀਂ ਇਕਾਈ ਤੋਂ ਰਣਨਾਤਮਕ ਉਪਯੋਗਤਾ ਪ੍ਰਾਪਤ ਹੋਵੇਗੀ। ਇਸ ਸਥਿਤੀ ਵਿੱਚ ਕੁੱਲ ਉਪਭੋਗਤਾ ਘਟਣੀ ਸ਼ੁਰੂ ਹੋ ਜਾਂਦੀ ਹੈ।

ਨੋਟ

ਸਵੈ-ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)–

1. ਉਪਯੋਗਤਾ ਤੋਂ ਭਾਵ ..... ਦੀ ਪ੍ਰਾਪਤੀ ਤੋਂ ਹੈ।
2. ਫਿਸ਼ਰ ਨੇ ਉਪਯੋਗਤਾ ਦੇ ਨਾਪ ਨੂੰ ਪ੍ਰਗਟ ਕਰਨ ਲਈ ..... ਮਾਪਦੰਡ ਦਾ ਇਸਤੇਮਾਲ ਕੀਤਾ ਹੈ।
3. ਸੀਮਿਤ ਉਪਯੋਗਤਾ ਨੂੰ ..... ਉਪਯੋਗਤਾ ਵੀ ਕਿਹਾ ਜਾਂਦਾ ਹੈ।

3.4 ਕੁੱਲ ਉਪਯੋਗਤਾ ਅਤੇ ਸੀਮਿਤ ਉਪਯੋਗਤਾ ਵਿੱਚ ਅੰਤਰ ਦਾ ਮਹੱਤਵ (Significance of the Difference between Total Utility and Marginal Utility)

ਕੁੱਲ ਉਪਯੋਗਤਾ ਅਤੇ ਸੀਮਿਤ ਉਪਯੋਗਤਾ ਦੇ ਅੰਤਰ ਦਾ ਹੇਠ ਲਿਖਿਆ ਵਿਵਹਾਰਿਕ ਮਹੱਤਵ ਹੈ–

1. **ਮੁੱਲ ਦੀ ਵਿਰੋਧਤਾ ਅਤੇ ਹੀਰਾ-ਪਾਣੀ ਵਿਰੋਧਤਾ (Paradox of Value or the Diamond-Water Paradox)**- ਕਈ ਅਰਥ ਸ਼ਾਸਤਰੀਆਂ ਦੀ ਇਹ ਮਾਨਤਾ ਸੀ ਕਿ ਕਿਸੇ ਵਸਤੂ ਦੀ ਕੀਮਤ ਉਸ ਤੋਂ ਪ੍ਰਾਪਤ ਹੋਣ ਵਾਲੀ ਕੁੱਲ ਉਪਯੋਗਤਾ ਦੇ ਬਰਾਬਰ ਹੁੰਦੀ ਹੈ ਅਤੇ ਜਿਨ੍ਹਾਂ ਵਸਤੂਆਂ ਦੇ ਉਪਭੋਗ ਤੋਂ ਕੁੱਲ ਉਪਯੋਗਤਾ ਜ਼ਿਆਦਾ ਪ੍ਰਾਪਤ ਹੁੰਦੀ ਹੈ, ਉਨ੍ਹਾਂ ਦਾ ਮੁੱਲ ਜ਼ਿਆਦਾ ਹੋਣਾ ਚਾਹੀਦਾ ਹੈ ਅਤੇ ਜਿਨ੍ਹਾਂ ਵਸਤੂਆਂ ਤੋਂ ਕੁੱਲ ਉਪਯੋਗਤਾ ਘੱਟ ਪ੍ਰਾਪਤ ਹੁੰਦੀ ਹੈ, ਉਨ੍ਹਾਂ ਦਾ ਮੁੱਲ ਘੱਟ ਹੋਣਾ ਚਾਹੀਦਾ ਹੈ। ਪਰ ਅਸਲ ਜੀਵਨ ਵਿੱਚ ਅਜਿਹਾ ਨਹੀਂ ਪਾਇਆ ਜਾਂਦਾ। **ਪਾਣੀ ਦੇ ਉਪਭੋਗ ਤੋਂ ਪ੍ਰਾਪਤ ਕੁੱਲ ਉਪਯੋਗਤਾ ਹੀਰਿਆਂ ਦੇ ਉਪਭੋਗ ਤੋਂ ਪ੍ਰਾਪਤ ਕੁੱਲ ਉਪਯੋਗਤਾ ਤੋਂ ਜ਼ਿਆਦਾ ਹੁੰਦੀ ਹੈ**, ਪਰ ਪਾਣੀ ਦੀ ਕੀਮਤ ਹੀਰਿਆਂ ਦੀ ਕੀਮਤ ਤੋਂ ਬਹੁਤ ਘੱਟ ਹੁੰਦੀ ਹੈ। ਇਸ ਸਥਿਤੀ ਨੂੰ ਹੀ **ਮੁੱਲ ਦੀ ਵਿਰੋਧਤਾ** ਅਤੇ **ਹੀਰਾ-ਪਾਣੀ ਵਿਰੋਧਤਾ** ਕਿਹਾ ਜਾਂਦਾ ਹੈ। **ਐਡਮ ਸਮਿੱਥ** ਨੇ ਹੀਰਾ–ਪਾਣੀ ਵਿਰੋਧਤਾ ਨੂੰ ਵਿਕਸਿਤ ਕੀਤਾ ਸੀ। ਜਦ ਉਸ ਨੇ ਦੇਖਿਆ ਕਿ ਪਾਣੀ ਸੰਸਾਰ ਦੇ ਸਭ ਤੋਂ ਉਪਯੋਗੀ ਪਦਾਰਥਾਂ ਵਿੱਚੋਂ ਇਕ ਹੈ। ਸਾਡਾ ਜਿਊਂਦਾ ਰਹਿਣਾ ਇਸੇ 'ਤੇ ਨਿਰਭਰ ਕਰਦਾ ਹੈ ਪਰ ਪਾਣੀ ਫਿਰ ਵੀ ਸਸਤਾ ਹੈ। ਇਸ ਦੀ ਤੁਲਨਾ ਵਿੱਚ ਹੀਰੇ–ਜੋ ਕੇਵਲ ਸਜਾਵਟ ਦੀ ਚੀਜ਼ ਹਨ ਅਤੇ ਜਿਨ੍ਹਾਂ ਦਾ ਵਿਵਹਾਰਿਕ ਮਹੱਤਵ ਵੀ ਘੱਟ ਹੈ, ਬਹੁਤ ਜ਼ਿਆਦਾ ਮਹਿੰਗੇ ਹਨ। **ਜੇਵੰਸ** ਨੇ ਇਸ ਵਿਰੋਧਤਾ ਦੀ ਵਿਆਖਿਆ ਕੁੱਲ ਉਪਯੋਗਤਾ ਅਤੇ ਸੀਮਿਤ ਉਪਯੋਗਤਾ ਦੇ ਅੰਤਰ ਨਾਲ ਕੀਤੀ ਹੈ। ਇਸ ਦੇ ਅਨੁਸਾਰ **ਐਡਮ ਸਮਿੱਥ** ਇਕ ਵਸਤੂ ਦੀ ਉਸ ਸਾਪੇਕਸ਼ ਦੁਰਲੱਭਤਾ ਦੇ ਮਹੱਤਵ ਨੂੰ ਭੁੱਲ ਗਿਆ ਜੋ ਉਸ ਵਸਤੂ ਦੇ ਇਸਤੇਮਾਲ ਮੁੱਲ ਜਾਂ ਸੀਮਿਤ ਉਪਯੋਗਤਾ ਦੇ ਨਿਰਧਾਰਣ ਵਿੱਚ ਸਹਾਇਕ ਹੁੰਦਾ ਹੈ। **ਐਡਮ ਸਮਿੱਥ** ਨੇ ਇਕ ਹੀਰੇ ਦੀ ਪਾਣੀ ਦੀ ਕੁੱਲ ਪੂਰਤੀ ਤੋਂ ਤੁਲਨਾ ਕੀਤੀ ਹੈ। ਜੇਕਰ ਉਹ ਇਕ ਹੀਰੇ ਦੇ ਟੁਕੜੇ ਦੀ ਸੀਮਿਤ ਉਪਯੋਗਤਾ ਦੀ ਤੁਲਨਾ ਪਾਣੀ ਦੇ ਇਕ ਗੈਲਨ ਦੀ ਸੀਮਿਤ ਉਪਯੋਗਤਾ ਨਾਲ ਕਰਦਾ ਹੈ, ਜਦ ਕਿ ਹੋਰ ਪਾਣੀ ਉਪਲੱਬਧ ਨਾ ਹੋਵੇ ਤਾਂ ਵਿਰੋਧਤਾ ਲੁਪਤ ਜਾਂ ਖਤਮ ਹੋ ਜਾਂਦੀ ਹੈ। **ਕਿਸੇ ਵਸਤੂ ਦੀ ਕੀਮਤ, ਕੁੱਲ ਉਪਯੋਗਤਾ ਦੀ ਜਗ੍ਹਾ 'ਤੇ, ਸੀਮਿਤ ਉਪਯੋਗਤਾ ਨਾਲ ਨਿਰਧਾਰਿਤ ਹੁੰਦੀ ਹੈ।** ਪਾਣੀ ਬਹੁਤ ਜ਼ਿਆਦਾ ਮਾਤਰਾ ਵਿੱਚ ਉਪਲੱਬਧ ਹੁੰਦਾ ਹੈ। ਇਸ ਲਈ ਇਸ ਦੀ ਕੁੱਲ ਉਪਯੋਗਤਾ ਜਲਦੀ ਹੀ ਪੂਰਨ ਸੰਤੁਸ਼ਟੀ ਬਿੰਦੂ 'ਤੇ ਪਹੁੰਚ ਜਾਂਦੀ ਹੈ। ਹੋਰ ਸ਼ਬਦਾਂ ਵਿੱਚ ਇਸ ਦੀ ਸੀਮਿਤ ਉਪਯੋਗਤਾ ਜਲਦੀ ਜ਼ੀਰੋ ਹੋ ਜਾਂਦੀ ਹੈ। ਇਸ ਲਈ ਬੇਸ਼ੱਕ ਪਾਣੀ ਤੋਂ ਪ੍ਰਾਪਤ ਹੋਣ ਵਾਲੀ ਕੁੱਲ ਉਪਯੋਗਤਾ ਕਾਫੀ ਜ਼ਿਆਦਾ ਹੁੰਦੀ ਹੈ, ਕਿਉਂਕਿ ਇਸ ਦਾ ਜ਼ਿਆਦਾ ਮਾਤਰਾ ਵਿੱਚ ਉਪਭੋਗ ਕੀਤਾ ਜਾਂਦਾ ਹੈ, ਫਿਰ ਵੀ ਇਸ ਦੀ ਸੀਮਿਤ ਉਪਯੋਗਤਾ ਬਹੁਤ ਘੱਟ ਹੁੰਦੀ ਹੈ, ਇਸ ਲਈ ਪਾਣੀ ਦੀ ਕੀਮਤ ਭਾਵ ਜ਼ੀਰੋ ਹੁੰਦੀ ਹੈ। ਦੂਸਰੇ ਪਾਸੇ ਹੀਰਿਆਂ ਦੀ ਉਪਲੱਬਧਤਾ ਬਹੁਤ ਘੱਟ ਹੁੰਦੀ ਹੈ, ਇਸ ਲਈ ਉਨ੍ਹਾਂ ਦੀ ਕੁੱਲ ਉਪਯੋਗਤਾ ਕਦੇ ਵੀ **ਪੂਰਨ ਸੰਤੁਸ਼ਟੀ ਬਿੰਦੂ** ਤੱਕ ਨਹੀਂ ਪਹੁੰਚ ਪਾਉਂਦੀ। ਹੀਰਿਆਂ ਤੋਂ ਪ੍ਰਾਪਤ ਹੋਣ ਵਾਲੀ ਕੁੱਲ ਉਪਯੋਗਤਾ ਬੇਸ਼ੱਕ ਘੱਟ ਹੁੰਦੀ ਹੈ, ਕਿਉਂਕਿ ਉਪਭੋਗਤਾ ਇਸ ਦੇ ਮੁਕਾਬਲੇ ਘੱਟ ਖਰੀਦਦੇ ਹਨ, ਫਿਰ ਵੀ ਹੀਰਿਆਂ ਦੀ ਸੀਮਿਤ ਉਪਯੋਗਤਾ ਉਚੀ ਅਤੇ ਧਨਾਤਮਕ ਰਹਿੰਦੀ ਹੈ। ਇਸੇ ਕਾਰਨ ਹੀਰਿਆਂ ਦੀ ਕੀਮਤ ਬਹੁਤ ਜ਼ਿਆਦਾ ਹੁੰਦੀ ਹੈ।

ਇਕ ਉਪਭੋਗਤਾ ਕਿਸੇ ਵਸਤੂ ਦੀ ਜੋ ਕੀਮਤ ਦੇਣਾ ਚਾਹੁੰਦਾ ਹੈ, ਉਹ ਉਨ੍ਹਾਂ ਦੀ ਕੁੱਲ ਉਪਯੋਗਤਾ ਦੇ ਬਰਾਬਰ ਨਹੀਂ ਹੁੰਦੀ, ਸਗੋਂ ਸੀਮਿਤ ਉਪਯੋਗਤਾ ਦੇ ਬਰਾਬਰ ਹੁੰਦੀ ਹੈ, ਕਿਉਂਕਿ ਕਿਸੇ ਵਸਤੂ ਦਾ ਜਿਵੇਂ-ਜਿਵੇਂ ਉਪਭੋਗ ਵੱਧਦਾ ਜਾਂਦਾ ਹੈ, ਉਸ ਤੋਂ ਪ੍ਰਾਪਤ ਹੋਣ ਵਾਲੀ ਸੀਮਿਤ ਉਪਯੋਗਤਾ ਘੱਟ ਹੁੰਦੀ ਜਾਂਦੀ ਹੈ। ਇਸ ਲਈ ਉਪਭੋਗਤਾ ਵਸਤੂ ਦੀ ਹਰੇਕ ਇਕਾਈ ਲਈ, ਜਿਸ ਨੂੰ ਉਹ ਖਰੀਦਣਾ ਚਾਹੁੰਦਾ ਹੈ। ਪਹਿਲੀ ਇਕਾਈ ਦੀ ਤੁਲਨਾ ਵਿੱਚ ਘੱਟ ਕੀਮਤ ਦੇਣਾ ਚਾਹੁੰਦਾ ਹੈ।

ਨੋਟ

2. **ਉਪਭੋਗਤਾ ਦੀ ਬੱਚਤ** (Consumer's Surplus)– ਕਈ ਵਾਰ ਇਕ ਉਪਭੋਗਤਾ ਕਿਸੇ ਵਸਤੂ ਲਈ ਉਸ ਦੀ ਅਸਲੀ ਕੀਮਤ ਤੋਂ ਬਹੁਤ ਜ਼ਿਆਦਾ ਕੀਮਤ ਦੇਣ ਲਈ ਤਿਆਰ ਅਤੇ ਇਛੁੱਕ ਹੁੰਦਾ ਹੈ, ਇਨ੍ਹਾਂ ਦੋਵਾਂ ਕੀਮਤਾਂ ਦੇ ਫਰਕ ਨੂੰ ਉਪਭੋਗਤਾ ਦੀ ਬੱਚਤ ਕਿਹਾ ਜਾਂਦਾ ਹੈ। ਉਪਭੋਗਤਾ ਉਸ ਕੁੱਲ ਉਪਯੋਗਤਾ ਦੇ ਬਰਾਬਰ ਕੀਮਤ ਦੇਣ ਲਈ ਤਿਆਰ ਹੁੰਦਾ ਹੈ ਜੋ ਉਹ ਵਸਤੂ ਦੀਆਂ ਸਾਰੀਆਂ ਇਕਾਈਆਂ ਤੋਂ ਪ੍ਰਾਪਤ ਕਰਦਾ ਹੈ ਪਰ ਅਸਲ ਵਿੱਚ ਉਹ ਵਸਤੂ ਦੀ ਸੀਮਿਤ ਇਕਾਈ ਦੀ ਉਪਯੋਗਤਾ ਜਾਂ ਸੀਮਿਤ ਉਪਯੋਗਤਾ ਦੇ ਬਰਾਬਰ ਕੀਮਤ ਦਿੰਦਾ ਹੈ। ਸੀਮਿਤ ਇਕਾਈ ਤੋਂ ਭਾਵ ਉਸ ਦੀ ਉਸ ਹੋਰ ਇਕਾਈ ਤੋਂ ਹੈ ਜੋ ਉਪਭੋਗਤਾ ਖਰੀਦਣ ਲਈ ਤਿਆਰ ਹੁੰਦਾ ਹੈ। **ਇਸ ਹੋਰ ਇਕਾਈ ਤੋਂ ਪਹਿਲਾਂ ਉਪਭੋਗਤਾ ਵੱਲੋਂ ਖਰੀਦੀ ਗਈ ਹਰੇਕ ਇਕਾਈ (ਇਨ੍ਹਾਂ ਨੂੰ ਅੰਤਰ-ਸੀਮਿਤ ਇਕਾਈਆਂ ਕਿਹਾ ਜਾਂਦਾ ਹੈ) ਦੀ ਸੀਮਿਤ ਉਪਯੋਗਤਾ ਹੋਰ ਇਕਾਈ ਦੀ ਸੀਮਿਤ ਉਪਯੋਗਤਾ ਤੋਂ ਜ਼ਿਆਦਾ ਹੁੰਦੀ ਹੈ।** ਇਨ੍ਹਾਂ ਸਾਰੀਆਂ ਇਕਾਈਆਂ ਦੀ ਸੀਮਿਤ ਉਪਯੋਗਤਾ ਦੇ ਜੋੜ ਨੂੰ ਕੁੱਲ ਉਪਯੋਗਤਾ ਕਹਿੰਦੇ ਹਨ ਪਰ ਕੀਮਤ ਦੇ ਸੀਮਿਤ ਉਪਯੋਗਤਾ ਦੇ ਬਰਾਬਰ ਹੋਣ ਕਾਰਨ ਉਪਭੋਗਤਾ ਵੱਲੋਂ ਦਿੱਤੀ ਜਾਣ ਵਾਲੀ ਮੁਦਰਾ ਦੀ ਅਸਲੀ ਰਾਸ਼ੀ ਸੀਮਿਤ ਉਪਯੋਗਤਾ (ਕੀਮਤ) ਅਤੇ ਖਰੀਦੀਆਂ ਗਈਆਂ ਇਕਾਈਆਂ ਦੀ ਸੰਖਿਆ ਦੀ ਗੁਣਾ ਦੇ ਬਰਾਬਰ ਹੁੰਦੀ ਹੈ ਅਤੇ ਵਸਤੂ ਦੀਆਂ ਇਕਾਈਆਂ ਦੀ ਇਕ ਦਿੱਤੀ ਹੋਈ ਸੰਖਿਆ ਦੀ ਕੁੱਲ ਉਪਯੋਗਤਾ ਦੇ ਅਧਾਰ 'ਤੇ ਦਿੱਤੀ ਜਾਣ ਵਾਲੀ ਮੁਦਰਾ ਦੀ ਰਾਸ਼ੀ ਅਤੇ ਉਸੇ ਵਸਤੂ ਦੀਆਂ ਇਕਾਈਆਂ ਦੀ ਬਰਾਬਰ ਸੰਖਿਆ ਦੀ ਸੀਮਿਤ ਉਪਯੋਗਤਾ ਦੇ ਅਧਾਰ 'ਤੇ ਦਿੱਤੀ ਗਈ ਅਸਲੀ ਮੁਦਰਾ–ਰਾਸ਼ੀ ਵਿੱਚ ਫਰਕ ਹੋਵੇਗਾ। **ਇਸ ਫਰਕ ਜਾਂ ਆਧਿਕੈਯ ਨੂੰ ਹੀ ਉਪਭੋਗਤਾ ਦੀ ਬੱਚਤ ਕਿਹਾ ਜਾਂਦਾ ਹੈ ਅਤੇ ਉਪਭੋਗਤਾ ਦੀ ਬੱਚਤ ਦੀ ਧਾਰਨਾ ਦਾ ਅਧਾਰ ਕੁੱਲ ਉਪਯੋਗਤਾ ਅਤੇ ਸੀਮਿਤ ਉਪਯੋਗਤਾ ਵਿੱਚ ਪਾਇਆ ਜਾਣ ਵਾਲਾ ਫਰਕ ਹੈ।**

3.5 ਸੀਮਾਂਤ ਉਪਯੋਗਤਾ ਹਰਾਸ ਨਿਯਮ (Law of Diminishing Marginal Utility)

ਸੀਮਿਤ ਉਪਯੋਗਤਾ ਹਾਸ ਨਿਯਮ ਉਪਯੋਗਤਾ ਵਿਸ਼ਲੇਸ਼ਣ ਦੀ ਅਧਾਰਸ਼ੀਲਾ ਹੈ। ਇਸ ਨਿਯਮ ਦਾ ਆਪਣੇ ਰੋਜ਼ਾਨਾ ਜੀਵਨ ਵਿੱਚ ਅਸੀਂ ਸਾਰੇ ਅਨੁਭਵ ਕਰਦੇ ਹਾਂ। ਕਿਸੇ ਨਿਸ਼ਚਿਤ ਸਮੇਂ ਵਿੱਚ ਜੇਕਰ ਤੁਸੀਂ ਪੈਨ ਖਰੀਦਣਾ ਚਾਹੁੰਦੇ ਹੋ, ਜਿਵੇਂ–ਜਿਵੇਂ ਤੁਹਾਡੇ ਕੋਲ ਪੈਨਾਂ ਦੀ ਸੰਖਿਆ ਵੱਧਦੀ ਜਾਵੇਗੀ, ਉਦੋਂ ਹਰੇਕ ਅਗਲੇ ਪੈਨ ਤੋਂ ਮਿਲਣ ਵਾਲੀ ਸੀਮਿਤ ਉਪਯੋਗਤਾ ਘੱਟ ਹੁੰਦੀ ਜਾਵੇਗੀ। ਮਨੁੱਖ ਦੇ ਜੀਵਨ ਦੀ ਇਸ ਅਸਲੀਅਤ ਨੂੰ ਅਰਥ ਸ਼ਾਸਤਰ ਵਿੱਚ ਸੀਮਿਤ ਉਪਯੋਗਤਾ ਹਾਸ ਨਿਯਮ ਕਿਹਾ ਜਾਂਦਾ ਹੈ **ਅਤੇ ਸੀਮਿਤ ਉਪਯੋਗਤਾ ਹਾਸ ਨਿਯਮ ਇਹ ਦੱਸਦਾ ਹੈ ਕਿ ਜੇਕਰ ਹੋਰ ਗੱਲਾਂ ਬਰਾਬਰ ਰਹਿਣ, ਜਦ ਇਕ ਨਿਸ਼ਚਿਤ ਸਮੇਂ ਵਿੱਚ ਵਸਤੂ ਦਾ ਜ਼ਿਆਦਾ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਉਸ ਵਸਤੂ ਦੀ ਸੀਮਿਤ ਉਪਯੋਗਤਾ ਘੱਟਦੀ ਜਾਂਦੀ ਹੈ।** 19ਵੀਂ ਸ਼ਤਾਬਦੀ ਦੇ ਕਈ ਅਰਥ ਸ਼ਾਸਤਰੀ ਜਿਵੇਂ **ਬੇਂਥਮ, ਗਾਸੇਨ, ਜੇਵੰਸ, ਮੇਂਜਰ** ਅਤੇ **ਵਾਲਰਸ** ਇਸ ਨਿਯਮ ਦੇ ਪ੍ਰਤੀਪਾਦਨ ਲਈ ਜ਼ਿੰਮੇਵਾਰ ਹਨ। **ਜੇਵੰਸ** ਦੇ ਅਨੁਸਾਰ ਇਹ ਨਿਯਮ **ਵੇਬਰ-ਫੈਨਚਰ** (Weber-Fechner) ਦੇ ਮਨੋਵਿਗਿਆਨਿਕ ਨਿਯਮ 'ਤੇ ਅਧਾਰਿਤ ਹੈ, ਇਸ ਦੇ ਅਨੁਸਾਰ ਕਿਸੇ ਵਸਤੂ ਦੀ ਮਾਤਰਾ ਵਧਣ 'ਤੇ ਉਸ ਦੀਆਂ ਹੋਰ ਇਕਾਈਆਂ ਦਾ ਮਹੱਤਵ ਘੱਟ ਹੁੰਦਾ ਜਾਂਦਾ ਹੈ। **ਬੋਲਡਿੰਗ** ਇਸ ਨਿਯਮ ਨੂੰ "Law of Eventually Diminishing Marginal Utility" ਦੇ ਨਾਮ ਨਾਲ ਸੱਦਦੇ ਹਨ। ਇਸ ਨੂੰ **ਗਾਸੇਨ ਦਾ ਪਹਿਲਾ ਨਿਯਮ** (Gossen's First Law) ਵੀ ਕਿਹਾ ਜਾਂਦਾ ਹੈ।

1. **ਮਾਰਸ਼ਲ** ਦੇ ਅਨੁਸਾਰ, **"ਇਕ ਵਿਅਕਤੀ ਦੇ ਕੋਲ ਕਿਸੇ ਵਸਤੂ ਦੀ ਜਿੰਨੀ ਮਾਤਰਾ ਹੋਵੇ, ਉਸ ਵਿੱਚ ਨਿਸ਼ਚਿਤ ਵਾਧੇ ਦੇ ਫਲਸਰੂਪ ਉਸ ਨੂੰ ਜੋ ਹੋਰ ਉਪਯੋਗਤਾ ਪ੍ਰਾਪਤ ਹੁੰਦੀ ਹੈ, ਉਹ ਉਸ ਦੀ ਮਾਤਰਾ ਵਿੱਚ ਹੋਣ ਵਾਲੇ ਹਰੇਕ ਵਾਧੇ ਤੋਂ ਘੱਟ ਹੁੰਦੀ ਜਾਂਦੀ ਹੈ।"** (The Additional Benefit which a person derives from a given stock of a thing Diminishes with every Increase in the stock that he already has - **Marshall)**
2. **ਸੈਮਿਉਲਸਨ** ਦੇ ਸ਼ਬਦਾਂ ਵਿੱਚ, **"ਸੀਮਿਤ ਉਪਯੋਗਤਾ ਹਾਸ ਨਿਯਮ ਦੱਸਦਾ ਹੈ ਕਿ ਹੋਰ ਗੱਲਾਂ ਬਰਾਬਰ ਰਹਿਣ 'ਤੇ ਜਿਵੇਂ-ਜਿਵੇਂ ਕਿਸੇ ਵਸਤੂ ਦੀ ਉਪਭੋਗ ਦੀ ਮਾਤਰਾ ਵੱਧਦੀ ਹੈ, ਉਸ ਵਸਤੂ ਦੀ ਸੀਮਿਤ ਉਪਯੋਗਤਾ ਘੱਟ ਹੋਣ ਦੀ ਪ੍ਰਵਿਰਤੀ ਪ੍ਰਗਟ ਹੁੰਦੀ ਹੈ।"** (The Law of Diminishing Marginal Utility states that *ceteris paribus* as the amount of a good consumed increases, the marginal utility of that good diminishes) **- Samuelson**
3. ਉਪਰੋਕਤ ਪਰਿਭਾਸ਼ਾਵਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ **ਸੀਮਿਤ ਉਪਯੋਗਤਾ ਹਾਸ ਨਿਯਮ ਦੇ ਅਨੁਸਾਰ ਕਿਸੇ ਨਿਸ਼ਚਿਤ ਸਮੇਂ ਵਿੱਚ ਜਦ ਕਿਸੇ ਵਸਤੂ ਦੀਆਂ ਹੋਰ ਇਕਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਵਸਤੂ ਦੀ ਹਰ ਅਗਲੀ ਇਕਾਈ ਨਾਲ ਮਿਲਣ ਵਾਲੀ ਸੀਮਿਤ ਉਪਯੋਗਤਾ, ਹੋਰ ਗੱਲਾਂ ਬਰਾਬਰ ਰਹਿਣ 'ਤੇ, ਪਿਛਲੀ ਇਕਾਈ ਦੀ ਤੁਲਨਾ ਵਿੱਚ ਘੱਟ ਹੁੰਦੀ ਜਾਂਦੀ ਹੈ।**

ਨੋਟ

ਕੀ ਤੁਸੀਂ ਜਾਣਦੇ ਹੋ ਕੁਲ ਉਪਯੋਗਤਾ ਕਦੇ ਵੀ ਪੂਰਨ ਸੰਤੁਸ਼ਟੀ ਬਿੰਦੂ ਤੱਕ ਨਹੀਂ ਪਹੁੰਚ ਸਕਦੀ।

3.6 ਅਧਾਰਭੂਤ ਮਾਨਤਾਵਾਂ (Basic Assumptions)

1. ਵਸਤੂ ਦਾ ਉਪਭੋਗ ਸਹੀ ਮਾਤਰਾ ਵਿੱਚ ਕੀਤਾ ਜਾਂਦਾ ਹੈ, ਜਿਵੇਂ ਇਕ ਕੱਪ ਚਾਹ ਜਾਂ ਇਕ ਗਿਲਾਸ ਪਾਣੀ ਆਦਿ।
2. ਵਸਤੂ ਦਾ ਉਪਭੋਗ ਲਗਾਤਾਰ ਹੁੰਦਾ ਹੈ।
3. ਹਰੇਕ ਵਸਤੂ ਦੀ ਸੀਮਿਤ ਉਪਯੋਗਤਾ ਦੂਸਰੀ ਵਸਤੂ ਤੋਂ ਸੁਤੰਤਰ ਹੈ।

3.7 ਵਿਆਖਿਆ (Explanation)

ਇਸ ਨਿਯਮ ਦੀ ਵਿਆਖਿਆ ਤਾਲਿਕਾ 2 ਅਤੇ ਚਿੱਤਰ 3.2 ਨਾਲ ਕੀਤੀ ਜਾ ਸਕਦੀ ਹੈ–

ਤਾਲਿਕਾ 2. ਘੱਟਦੀ ਸੀਮਿਤ ਉਪਯੋਗਤਾ

ਉਪਭੋਗ ਕੀਤੀ ਗਈ ਆਈਸ ਕਰੀਮ (Ice Cream Consumed)	ਸੀਮਿਤ ਉਪਯੋਗਤਾ (Marginal Utility)
ਪਹਿਲੀ (First)	4
ਦੂਸਰੀ (Second)	3
ਤੀਸਰੀ (Third)	2
ਚੌਥੀ (Fourth)	1
ਪੰਜਵੀਂ (Fifth)	0
ਛੇਵੀਂ (Sixth)	– 1

ਉਪਰੋਕਤ ਤਾਲਿਕਾ ਤੋਂ ਸਪੱਸ਼ਟ ਹੁੰਦਾ ਹੈ ਕਿ ਆਈਸ ਕਰੀਮ ਦੇ ਪਹਿਲੇ ਕੱਪ ਤੋਂ 4 ਇਕਾਈ ਸੀਮਿਤ ਉਪਯੋਗਤਾ ਪ੍ਰਾਪਤ ਹੁੰਦੀ ਹੈ। ਦੂਸਰੇ ਕੱਪ ਤੋਂ 3 ਇਕਾਈ ਸੀਮਿਤ ਉਪਯੋਗਤਾ ਪ੍ਰਾਪਤ ਹੁੰਦੀ ਹੈ, ਤੀਸਰੇ ਕੱਪ ਤੋਂ ਅਤੇ ਅਤੇ ਘੱਟ 2 ਇਕਾਈ ਅਤੇ ਚੌਥੇ ਕੱਪ ਤੋਂ ਕੇਵਲ। ਇਕਾਈ ਸੀਮਿਤ ਉਪਯੋਗਤਾ ਪ੍ਰਾਪਤ ਹੁੰਦੀ ਹੈ। ਇਸ ਸਥਿਤੀ ਵਿੱਚ ਉਪਭੋਗਤਾ ਦੀ ਜ਼ਰੂਰਤ ਪੂਰਨ ਤੌਰ 'ਤੇ ਸੰਤੁਸ਼ਟ ਹੋ ਜਾਂਦੀ ਹੈ। ਇਸ ਲਈ ਆਈਸ ਕਰੀਮ ਦਾ ਪੰਜਵਾਂ ਕੱਪ ਜ਼ੀਰੋ ਸੀਮਿਤ ਉਪਯੋਗਤਾ ਪ੍ਰਦਾਨ ਕਰਦਾ ਹੈ ਪਰ ਜਦੋਂ ਉਸ ਨੂੰ ਛੇਵਾਂ ਕੱਪ ਲੈਣ ਲਈ ਮਜਬੂਰ ਕੀਤਾ ਜਾਂਦਾ ਹੈ ਤਾਂ ਸ਼ਾਇਦ ਉਸ ਦੀ ਪਾਚਨ ਸ਼ਕਤੀ ਵਿਗੜ ਜਾਵੇ। ਹੋਰ ਸ਼ਬਦਾਂ ਵਿੱਚ, ਉਸ ਰਣਨਾਤਮਕ (–) ਉਪਯੋਗਤਾ ਪ੍ਰਾਪਤ ਹੁੰਦੀ ਹੈ ਅਤੇ ਛੇਵੇਂ ਕੱਪ ਨਾਲ ਅਸੰਤੁਸ਼ਟੀ ਮਿਲਦੀ ਹੈ।

ਉਪਰੋਕਤ ਤਾਲਿਕਾ ਤੋਂ ਸਪੱਸ਼ਟ ਹੁੰਦਾ ਹੈ ਕਿ ਆਈਸ ਕਰੀਮ ਦੀਆਂ ਇਕਾਈਆਂ ਦਾ ਜਿਵੇਂ-ਜਿਵੇਂ ਜ਼ਿਆਦਾ ਮਾਤਰਾ ਵਿੱਚ ਉਪਯੋਗ ਕੀਤਾ ਜਾਂਦਾ ਹੈ, ਹਰੇਕ ਅਗਲੀ ਇਕਾਈ ਤੋਂ ਮਿਲਣ ਵਾਲੀ ਸੀਮਿਤ ਉਪਯੋਗਤਾ ਘੱਟ ਹੁੰਦੀ ਜਾਂਦੀ ਹੈ।

ਚਿੱਤਰ 3.2 ਵਿੱਚ OX- ਅਕਸ਼ 'ਤੇ ਆਈਸ ਕਰੀਮ ਦੀਆਂ ਇਕਾਈਆਂ (ਮਾਤਰਾ) ਅਤੇ OY- ਅਕਸ਼ 'ਤੇ ਸੀਮਿਤ ਉਪਯੋਗਤਾ ਨੂੰ ਦਿਖਾਇਆ ਗਿਆ ਹੈ। AB ਸੀਮਿਤ ਉਪਯੋਗਤਾ ਵਕ੍ਰ ਹੈ, ਇਸ ਦੀ ਢਲਾਣ ਖੱਬੇ ਤੋਂ ਸੱਜੇ ਹੇਠਾਂ ਵੱਲ (ਰਣਨਾਤਮਕ) ਹੈ। ਇਸ ਵਕ੍ਰ ਤੋਂ ਇਹ ਪਤਾ ਹੈ ਕਿ ਆਈਸ ਕਰੀਮ ਦੇ ਪਹਿਲੇ ਕੱਪ ਨਾਲ 4 ਇਕਾਈਆਂ, ਦੂਸਰੇ ਤੋਂ 3 ਇਕਾਈਆਂ, ਤੀਸਰੇ ਤੋਂ 2 ਇਕਾਈਆਂ ਅਤੇ ਚੌਥੇ ਤੋਂ ਇਕ ਇਕਾਈ ਸੀਮਿਤ ਉਪਯੋਗਤਾ ਪ੍ਰਾਪਤ ਕਰ ਰਹੀ ਹੈ। ਆਈਸ ਕਰੀਮ ਦੇ ਪੰਜਵੇਂ ਕੱਪ ਤੋਂ ਮਿਲਣ ਵਾਲੀ ਸੀਮਿਤ ਉਪਯੋਗਤਾ ਜ਼ੀਰੋ ਹੈ। ਇਸ ਲਈ AB ਵਕ੍ਰ OX- ਅਕਸ਼ ਨੂੰ 'C' ਬਿੰਦੂ 'ਤੇ ਛੂਹ ਰਹੀ ਹੈ ਜੋ ਆਈਸ ਕਰੀਮ ਦੇ ਪੰਜਵੇਂ ਕੱਪ ਨੂੰ ਦਰਸਾ ਰਿਹਾ ਹੈ। ਆਈਸ ਕਰੀਮ ਦੇ ਛੇਵੇਂ ਕੱਪ ਤੋਂ ਰਣਨਾਤਮਕ (–1) ਸੀਮਿਤ ਉਪਯੋਗਤਾ ਪ੍ਰਾਪਤ ਹੁੰਦੀ ਹੈ ਅਤੇ ਇਸ ਲਈ AB ਵਕ੍ਰ OX- ਅਕਸ਼ ਤੋਂ ਹੇਠਾਂ ਚਲਾ ਜਾਂਦਾ ਹੈ।

ਨੋਟ



ਚਿੱਤਰ 3.2

ਸਵੈ-ਮੁਲਾਂਕਣ (Self Assessment)

ਬਹੁ ਵਿਕਲਪੀ ਪ੍ਰਸ਼ਨ (Multiple Choice Questions)–

4. ..... ਹੀਰਾ–ਪਾਣੀ ਵਿਰੋਧਤਾ ਦੀ ਭਾਵਨਾ ਨੂੰ ਵਿਕਸਿਤ ਕੀਤਾ ਸੀ।

   (ਅ) ਐਡਮ ਸਮਿੱਥ (ਬ) ਸੈਮਿਊਲਸਨ (ਸ) ਮਾਰਸ਼ਲ (ਦ) ਬੋਲਡਿੰਗ

5. ਕਿਸੇ ਵਸਤੂ ਦੀ ਕੀਮਤ, ਕੁੱਲ ਉਪਯੋਗਤਾ ਦੀ ਜਗ੍ਹਾ 'ਤੇ ..... ਉਪਯੋਗਤਾ ਨਾਲ ਨਿਰਧਾਰਿਤ ਹੁੰਦੀ ਹੈ।

   (ਅ) ਸੀਮਿਤ (ਬ) ਕੁੱਲ (ਸ) ਅੰਤਰ (ਦ) ਬੱਚਤ

6. ਸੀਮਿਤ ਉਪਯੋਗਤਾ ਹਾਸ ਨਿਯਮ ਉਪਯੋਗਤਾ ਵਿਸ਼ਲੇਸ਼ਣ ਦੀ ਹੈ–

   (ਅ) ਅਧਾਰਸ਼ੀਲਾ (ਬ) ਬੱਚਤ (ਸ) ਆਮਦਨ (ਦ) ਕੀਮਤ

7. ਹਰੇਕ ਵਸਤੂ ਦੀ ਸੀਮਿਤ ਉਪਯੋਗਤਾ ਦੂਸਰੀ ਵਸਤੂ ਨਾਲ ਹੈ–

   (ਅ) ਪਰਤੰਤਰ (ਬ) ਵੱਡੀ (ਸ) ਸੁਤੰਤਰ (ਦ) ਛੋਟੀ

ਅੱਪਵਾਦ (Exceptions)

ਕੁਝ ਅਰਥ ਸ਼ਾਸਤਰੀਆਂ ਦੇ ਅਨੁਸਾਰ ਸੀਮਿਤ ਉਪਯੋਗਤਾ ਹਾਸ ਨਿਯਮ ਦੇ ਹੇਠ ਲਿਖੇ ਅੱਪਵਾਦ ਹਨ। ਇਸ ਦਾ ਅਰਥ ਇਹ ਹੈ ਕਿ ਇਹ ਨਿਯਮ ਹੇਠ ਲਿਖੀਆਂ ਸਥਿਤੀਆਂ ਵਿੱਚ ਲਾਗੂ ਨਹੀਂ ਹੁੰਦਾ ਪਰ ਇਨ੍ਹਾਂ ਅੱਪਵਾਦਾਂ ਦਾ ਅਧਿਐਨ ਕਰਨ ਤੋਂ ਪਤਾ ਲੱਗੇਗਾ ਕਿ ਇਹ ਅੱਪਵਾਦ ਅਸਲੀ ਨਹੀਂ ਹੈ।

1. **ਦੁਰਲੱਭ ਅਤੇ ਵਚਤਿੱਰ ਵਸਤੂਆਂ (Curious and Rare Things)**- ਇਹ ਕਿਹਾ ਜਾਂਦਾ ਹੈ ਕਿ ਦੁਰਲੱਭ ਵਚਿੱਤਰ ਵਸਤੂਆਂ ਦੇ ਸਬੰਧ ਵਿੱਚ ਇਹ ਨਿਯਮ ਲਾਗੂ ਨਹੀਂ ਹੁੰਦਾ ਜੋ ਵਿਅਕਤੀ ਪੁਰਾਣੇ ਦੁਰਲੱਭ ਸਿੱਕੇ, ਡਾਕ ਟਿਕਟ ਜਾਂ ਦੁਰਲੱਭ ਚਿੱਤਰ ਆਦਿ ਇਕੱਠੇ ਕਰਦੇ ਹਨ, ਉਨ੍ਹਾਂ ਕੋਲ ਇਨ੍ਹਾਂ ਵਸਤੂਆਂ ਦਾ ਸਟਾਕ ਜਿੰਨਾ ਵੱਧਦਾ ਜਾਂਦਾ ਹੈ, ਉਂਨੀ ਹੀ ਉਨ੍ਹਾਂ ਦੀ ਸੀਮਿਤ ਉਪਯੋਗਤਾ ਵੱਧਦੀ ਜਾਂਦੀ ਹੈ। ਇਹ ਇਨ੍ਹਾਂ ਦੀ ਹੋਰ ਜ਼ਿਆਦਾ ਮਾਤਰਾ ਪ੍ਰਾਪਤ ਕਰਨਾ ਚਾਹੁੰਦੇ ਹਨ ਪਰ ਇਹ ਅੱਪਵਾਦ ਸੱਚ ਨਹੀਂ ਹੈ। ਜੇਕਰ ਟਿਕਟਾਂ ਇਕੱਠੀਆਂ ਕਰਨ ਵਾਲੇ ਕੋਲ ਇਕ ਹੀ ਤਰ੍ਹਾਂ ਦੀਆਂ ਟਿਕਟਾਂ ਦੀ ਸੰਖਿਆ ਵੱਧ ਜਾਵੇ ਤਾਂ ਹੋਰ ਟਿਕਟਾਂ ਦੀ ਸੀਮਿਤ ਉਪਯੋਗਤਾ ਜ਼ਰੂਰ ਹੀ ਘੱਟ ਹੋਵੇਗੀ।

2. **ਕੰਜੂਸ ਵਿਅਕਤੀ (Misers)**- ਇਹ ਕਿਹਾ ਜਾਂਦਾ ਹੈ ਕਿ ਇਹ ਨਿਯਮ ਕੰਜੂਸ ਵਿਅਕਤੀਆਂ 'ਤੇ ਲਾਗੂ ਨਹੀਂ ਹੁੰਦਾ। ਉਨ੍ਹਾਂ ਦੇ ਕੋਲ ਜਿੰਨਾ ਧਨ ਵੱਧਦਾ ਜਾਂਦਾ ਹੈ, ਉਂਨਾ ਹੀ ਉਹ ਹੋਰ ਜ਼ਿਆਦਾ ਧਨ ਪ੍ਰਾਪਤ ਕਰਨਾ ਚਾਹੁੰਦੇ ਹਨ ਪਰ **ਮੇਅਰਸ** (Myers) ਦੇ ਅਨੁਸਾਰ ਇਹ ਅੱਪਵਾਦ ਸਹੀ ਨਹੀਂ ਹੈ। ਇਸ ਦਾ ਕਾਰਨ ਇਹ ਹੈ ਕਿ ਇਕ ਕੰਜੂਸ ਵਿਅਕਤੀ

ਭੋਜਨ ਅਤੇ ਕੱਪੜੇ ਲਈ ਮੁਦਰਾ ਖਰਚ ਕਰਦਾ ਹੈ, ਉਹ ਮੁਦਰਾ ਦੀ ਉਸ ਰਾਸ਼ੀ ਨੂੰ ਸੋਨੇ-ਚਾਂਦੀ 'ਤੇ ਖਰਚ ਨਹੀਂ ਕਰ ਸਕਦਾ। ਇਸ ਤੋਂ ਸਿੱਧ ਹੁੰਦਾ ਹੈ ਕਿ ਕੰਜੂਸ ਵਿਅਕਤੀ ਲਈ ਵੀ, ਜਿਸ ਦੇ ਕੋਲ ਸੋਨਾ-ਚਾਂਦੀ ਜ਼ਿਆਦਾ ਹੁੰਦਾ ਹੈ, ਸੋਨੇ-ਚਾਂਦੀ ਦੀ ਉਪਯੋਗਤਾ ਘੱਟ ਹੋ ਜਾਂਦੀ ਹੈ ਅਤੇ ਭੋਜਨ ਆਦਿ ਦੀ ਉਪਯੋਗਤਾ, ਜੋ ਉਸ ਦੇ ਕੋਲ ਘੱਟ ਹੈ, ਵੱਧ ਜਾਂਦੀ ਹੈ।

ਨੋਟ

3. **ਚੰਗੀ ਪੁਸਤਕ ਜਾਂ ਕਵਿਤਾ (Good Book or Poem)**- ਇਹ ਕਿਹਾ ਜਾਂਦਾ ਹੈ ਕਿ ਚੰਗੀਆਂ ਪੁਸਤਕਾਂ, ਮਧੁਰ ਸੰਗੀਤ ਜਾਂ ਸੁੰਦਰ ਕਵਿਤਾ ਨੂੰ ਵਾਰ-ਵਾਰ ਪੜ੍ਹਨ ਜਾਂ ਸੁਣਨ ਤੋਂ ਪਹਿਲਾਂ ਤੋਂ ਜ਼ਿਆਦਾ ਉਪਯੋਗਤਾ ਪ੍ਰਾਪਤ ਹੁੰਦੀ ਹੈ। ਇਸ ਲਈ ਇਹ ਨਿਯਮ ਦਾ ਅੱਪਵਾਦ ਮੰਨਿਆ ਗਿਆ ਹੈ ਪਰ ਇਹ ਅੱਪਵਾਦ ਵੀ ਸਹੀ ਨਹੀਂ ਹੈ। ਇਹ ਤਾਂ ਸੰਭਵ ਹੈ ਕਿ ਕਿਸੇ ਹੱਦ ਤੱਕ ਇਕ ਪੁਸਤਕ ਜਾਂ ਗੀਤ ਨੂੰ ਵਾਰ-ਵਾਰ ਪੜ੍ਹਨ ਜਾਂ ਸੁਣਨ ਨਾਲ ਉਸ ਦੀ ਉਪਯੋਗਤਾ ਵੱਧ ਸਕਦੀ ਹੈ ਪਰ ਇਕ ਹੀ ਸਮੇਂ ਵਿੱਚ ਵਾਰ-ਵਾਰ ਇਕ ਹੀ ਪੁਸਤਕ ਨੂੰ ਪੜ੍ਹਨ ਜਾਂ ਸੁਣਨ 'ਤੇ ਮਨ ਭਰ ਜਾਂਦਾ ਹੈ। ਉਸ ਦੇ ਫਲਸਰੂਪ ਇਨ੍ਹਾਂ ਦੀ ਸੀਮਿਤ ਉਪਯੋਗਤਾ ਘੱਟ ਹੋਣ ਲੱਗਦੀ ਹੈ।

4. **ਸ਼ਰਾਬੀ ਵਿਅਕਤੀ (Drunkards)**- ਇੱਥੇ ਕਿਹਾ ਜਾਂਦਾ ਹੈ ਕਿ ਜਦੋਂ ਕੋਈ ਸ਼ਰਾਬੀ ਵਿਅਕਤੀ ਨਸ਼ਾ ਕਰਨ ਲਈ ਸ਼ਰਾਬ ਪੀਂਦਾ ਹੈ ਤਾਂ ਜਿਵੇਂ-ਜਿਵੇਂ ਉਹ ਜ਼ਿਆਦਾ ਸ਼ਰਾਬ ਪੀਂਦਾ ਜਾਂਦਾ ਹੈ, ਸ਼ਰਾਬ ਦੀ ਹੋਰ ਜ਼ਿਆਦਾ ਮੰਗ ਕਰਦਾ ਹੈ। ਇਸ ਤਰ੍ਹਾਂ ਸ਼ਰਾਬੀ ਵਿਅਕਤੀ ਇਸ ਨਿਯਮ ਦਾ ਅੱਪਵਾਦ ਮੰਨਿਆ ਜਾਂਦਾ ਹੈ ਪਰ ਇਕ ਸ਼ਰਾਬੀ ਲਈ ਵੀ ਇਕ ਅਜਿਹੀ ਸਥਿਤੀ ਆਉਂਦੀ ਹੈ, ਜਦੋਂ ਉਹ ਆਪਣਾ ਹੋਸ਼ ਗੁਆ ਬੈਠਦਾ ਹੈ ਅਤੇ ਉਸ ਨੂੰ ਜ਼ਿਆਦਾ ਸ਼ਰਾਬ ਦੇ ਹਾਨੀਕਾਰਕ ਪ੍ਰਭਾਵ ਨੂੰ ਸਵੀਕਾਰ ਕਰਨਾ ਪੈਂਦਾ ਹੈ। ਇਸ ਤਰ੍ਹਾਂ ਇਹ ਨਿਯਮ ਉਸ 'ਤੇ ਵੀ ਲਾਗੂ ਹੁੰਦਾ ਹੈ।

5. **ਅਰੰਭਿਕ ਇਕਾਈਆਂ (Initial Units)**- ਜਦੋਂ ਕਿਸੇ ਵਸਤੂ ਨੂੰ ਅਰੰਭਿਕ ਇਕਾਈਆਂ ਨੂੰ ਉਪਯੁਕਤ ਮਾਤਰਾ ਤੋਂ ਘੱਟ ਮਾਤਰਾ ਵਿੱਚ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਹੋਰ ਇਕਾਈਆਂ ਤੋਂ ਪ੍ਰਾਪਤ ਹੋਣ ਵਾਲੀ ਸੀਮਿਤ ਉਪਯੋਗਤਾ ਪੈਣ ਲੱਗਦੀ ਹੈ। ਜਿਵੇਂ **ਬੇਨਹਮ** (Benham) ਦੇ ਅਨੁਸਾਰ ਜੇਕਰ ਅਸੀਂ ਇਕ ਅੰਗੀਠੀ ਵਿੱਚ ਇਕ-ਇਕ ਕੋਲਾ ਜਲਾਵਾਂਗੇ ਤਾਂ ਕੋਲੇ ਦੀ ਸੀਮਿਤ ਉਪਯੋਗਤਾ ਵੱਧਦੀ ਜਾਵੇਗੀ। ਇਸ ਲਈ ਇਨ੍ਹਾਂ ਅਰੰਭਿਕ ਇਕਾਈਆਂ ਨੂੰ ਇਸ ਨਿਯਮ ਦਾ ਅੱਪਵਾਦ ਮੰਨਿਆ ਜਾਂਦਾ ਹੈ ਪਰ ਇਹ ਸਹੀ ਨਹੀਂ ਹੈ। ਅਸੀਂ ਜਿਵੇਂ ਹੀ ਕਾਫੀ ਮਾਤਰਾ ਦਾ ਇਸਤੇਮਾਲ ਕਰਨ ਲੱਗਾਂਗੇ, ਇਨ੍ਹਾਂ ਦੀਆਂ ਹੋਰ ਇਕਾਈਆਂ ਦੀ ਸੀਮਿਤ ਉਪਯੋਗਤਾ ਘੱਟ ਹੋ ਜਾਵੇਗੀ।

ਸੰਖੇਪ ਵਿੱਚ **ਟਾਜਿਗ ਨੇ ਠੀਕ ਕਿਹਾ ਹੈ ਕਿ ਸੀਮਿਤ ਉਪਯੋਗਤਾ ਹਾਸ ਨਿਯਮ ਦੀ ਪ੍ਰਵਿਰਤੀ ਇੰਨੀ ਵਿਆਪਕ ਹੈ ਕਿ ਇਸ ਨਿਯਮ ਨੂੰ ਸਰਵਵਿਆਪੀ ਕਹਿਣਾ ਗਲਤ ਨਹੀਂ ਹੋਵੇਗਾ।**

3.8 ਸੀਮਾਂਤ ਉਪਯੋਗਤਾ ਹਰਾਸ ਨਿਯਮ ਨਾਲ ਉਪਭੋਗਤਾ ਮੰਗ ਵਕ੍ਰ ਨੂੰ ਯਾਦ ਕਰਨਾ (Derivation of Consumer's Demand Curve Through the Law of Diminishing Marginal Utility)

ਕਿਸੇ ਵਸਤੂ ਦੇ ਲਈ ਉਪਭੋਗਤਾ ਜੋ ਕੀਮਤ ਦਿੰਦਾ ਹੈ, ਉਹ ਉਸ ਦੀ ਸੀਮਿਤ ਉਪਯੋਗਤਾ ਦੇ ਬਰਾਬਰ ਹੁੰਦੀ ਹੈ। ਸੀਮਿਤ ਉਪਯੋਗਤਾ ਹਾਸ ਨਿਯਮ ਦੇ ਅਨੁਸਾਰ ਇਕ ਉਪਭੋਗਤਾ ਕਿਸੇ ਵਸਤੂ ਦੀ ਜਿੰਨੀਆਂ ਜ਼ਿਆਦਾ ਇਕਾਈਆਂ ਖਰੀਦਦਾ ਜਾਂਦਾ ਹੈ, ਉਸ ਵਸਤੂ ਦੀ ਸੀਮਿਤ ਉਪਯੋਗਤਾ ਘੱਟ ਹੁੰਦੀ ਜਾਂਦੀ ਹੈ। ਇਸ ਲਈ ਉਪਭੋਗਤਾ ਉਸ ਵਸਤੂ ਦੀਆਂ ਜ਼ਿਆਦਾ ਇਕਾਈਆਂ ਉਦੋਂ ਹੀ ਖਰੀਦੇਗਾ, ਜਦ ਉਸ ਦੀ ਕੀਮਤ ਘੱਟ ਹੋ ਜਾਵੇਗੀ। **ਜਦੋਂ ਸੀਮਿਤ ਉਪਯੋਗਤਾ ਨੂੰ ਮੁਦਰਾ ਦੇ ਰੂਪ ਵਿੱਚ ਪ੍ਰਗਟ ਕੀਤਾ ਜਾਂਦਾ ਹੈ ਤਾਂ ਅਜਿਹੀ ਸਥਿਤੀ ਵਿੱਚ ਸੀਮਿਤ ਉਪਯੋਗਤਾ ਵਕ੍ਰ ਦਾ ਧਨਾਤਮਕ ਹਿੱਸਾ ਹੀ ਮੰਗ ਵਕ੍ਰ ਹੋ ਜਾਵੇਗਾ। ਲਿਪਸੀ** ਦੇ ਸ਼ਬਦਾਂ ਵਿੱਚ, **''ਜਦੋਂ ਕਿਸੇ ਇਕ ਵਸਤੂ ਤੋਂ ਇਲਾਵਾ ਹੋਰ ਸਾਰੀਆਂ ਵਸਤੂਆਂ ਦੇ ਇਸਤੇਮਾਲ ਨੂੰ ਸਥਿਰ ਰੱਖਿਆ ਜਾਂਦਾ ਹੈ, ਉਦੋਂ ਪਰਿਵਰਤਨਸ਼ੀਲ ਵਸਤੂ ਦੀ ਸੀਮਿਤ ਉਪਯੋਗਤਾ ਅਨੁਸੂਚੀ ਵਸਤੂ ਦੀ ਮੰਗ ਵਕ੍ਰ ਹੁੰਦੀ ਹੈ।''** (When the consumption of all but one product is held constant, the marginal utility schedule for the variable product is the product's demand curve. **—Lipsey)**

ਜਦੋਂ ਸੀਮਿਤ ਉਪਯੋਗਤਾ ਨੂੰ OY- ਅਕਸ਼ 'ਤੇ ਪ੍ਰਗਟ ਕੀਤਾ ਜਾਂਦਾ, ਉਦੋਂ ਜੋ ਵਕ੍ਰ ਪ੍ਰਾਪਤ ਹੋਵੇਗਾ, ਉਹ ਸੀਮਿਤ ਉਪਯੋਗਤਾ ਵਕ੍ਰ ਹੋਵੇਗਾ। ਇਸ ਤੋਂ ਉਲਟ ਜੇਕਰ OY- ਅਕਸ਼ 'ਤੇ ਕੀਮਤ ਨੂੰ ਦਰਸਾਇਆ ਜਾਂਦਾ ਹੈ, ਜਦੋਂ ਜੋ ਵਕ੍ ਪ੍ਰਾਪਤ ਹੋਵੇਗਾ, ਉਹ ਮੰਗ ਵਕ੍ਰ ਹੋਵੇਗਾ। ਇਸ ਨੂੰ ਚਿੱਤਰ 3.3 (A) ਅਤੇ 3.3 (B) ਵਿੱਚ ਦਰਸਾਇਆ ਗਿਆ ਹੈ।

ਨੋਟ



ਚਿੱਤਰ 3.3

ਚਿੱਤਰ 3.3 (A) ਸੀਮਿਤ ਉਪਯੋਗਤਾ ਵਕ੍ਰ ਅਤੇ 3.3 (B) ਮੰਗ ਵਕ੍ਰ ਨੂੰ ਪ੍ਰਗਟ ਕਰ ਰਿਹਾ ਹੈ। ਇਹ DD ਮੰਗ ਵਕ੍ਰ MU ਵਕ੍ਰ ਦੀ ਸਹਾਇਤਾ ਤੋਂ ਪ੍ਰਾਪਤ ਕੀਤੀ ਗਈ ਹੈ।

3.9 ਸਮ-ਸੀਮਾਂਤ ਉਪਯੋਗਤਾ ਦਾ ਨਿਯਮ (Law of Equi-Marginal Utility) ਅਤੇ ਉਪਯੋਗਤਾ ਵਿਸ਼ਲੇਸ਼ਣ ਅਤੇ ਉਪਭੋਗਤਾ ਦਾ ਸੰਤੁਲਨ (Utility Analysis and Consumer's Equilibrium)

2. **ਕ੍ਰਮਵਾਚਕ ਉਪਯੋਗਤਾ (Ordinal Utility)**- ਤਟਸਥਤਾ ਵਕ੍ ਵਿਸ਼ਲੇਸ਼ਣ ਕ੍ਰਮਵਾਚਕ ਉਪਯੋਗਤਾ ਦੀ ਮਾਨਤਾ 'ਤੇ ਅਧਾਰਿਤ ਹੈ। ਇਸ ਨੂੰ ਕ੍ਰਮਵਾਚਕ ਉਪਯੋਗਤਾ ਇਸ ਲਈ ਕਿਹਾ ਜਾਂਦਾ ਹੈ, ਕਿਉਂਕਿ ਇਸ ਨੂੰ ਕ੍ਰਮਵਾਚਕ ਸੰਖਿਆਵਾਂ ਦੇ ਰੂਪ ਵਿੱਚ ਪ੍ਰਗਟ ਕੀਤਾ ਜਾਂਦਾ ਹੈ। ਕ੍ਰਮਵਾਚਕ ਸੰਖਿਆਵਾਂ ਉਹ ਸੰਖਿਆਵਾਂ ਹਨ ਜੋ **ਸ਼੍ਰੰਖਲਾਵਾਂ ਵਿੱਚ ਸ਼੍ਰੇਣੀ ਨੂੰ** (Ranks in Series) ਪ੍ਰਗਟ ਕਰਦੀ ਹੈ, ਜਿਵੇਂ **ਪਹਿਲੀ, ਦੂਸਰੀ** ਅਤੇ **ਤੀਸਰੀ**। ਇਸ ਦੇ ਅਨੁਸਾਰ ਉਪਭੋਗਤਾ ਵਸਤੂਆਂ ਦੇ ਵੱਖ-ਵੱਖ ਸੰਜੋਗਾਂ ਲਈ **ਪ੍ਰਾਥਮਿਕਤਾਵਾਂ** (Preferences) ਨੂੰ **ਸ਼੍ਰੇਣੀਆਂ** (Ranks) ਨੂੰ ਪ੍ਰਗਟ ਕਰ ਸਕਦੇ ਹਨ। ਉਨ੍ਹਾਂ ਨੂੰ ਕਿਸੇ ਵਸਤੂ ਦੀ ਉਪਯੋਗਤਾ ਨੂੰ ਗਣਨਾਵਾਚਕ ਸੰਖਿਆਵਾਂ ਵਿੱਚ ਪ੍ਰਗਟ ਕਰਨ ਦੀ ਜ਼ਰੂਰਤ ਨਹੀਂ ਹੈ। ਇਕ ਉਪਭੋਗਤਾ ਵੱਖ-ਵੱਖ ਵਸਤੂਆਂ ਤੋਂ ਮਿਲਣ ਵਾਲੀ ਉਪਯੋਗਤਾ ਦੀ ਤੁਲਨਾ ਕਰਕੇ ਉਪਯੋਗਤਾ ਨੂੰ 'ਜ਼ਿਆਦਾ' ਜਾਂ 'ਘੱਟ' ਦੇ ਰੂਪ ਵਿੱਚ ਪ੍ਰਗਟ ਕਰਦਾ ਹੈ ਨਾ ਕਿ ਉਸ ਨੂੰ 2, 4, 6, 8 ਆਦਿ ਸੰਖਿਆਵਾਂ ਦੇ ਰੂਪ ਵਿੱਚ।
3. **ਘਟਦੀ ਸੀਮਿਤ ਪ੍ਰਤੀਸਥਾਪਨ ਦਰ (Diminishing Marginal Rate of Substitution)**- **ਬੋਮੋਲ** (Baumol) ਦੇ ਅਨੁਸਾਰ, **''ਤਟਸਥਤਾ ਵਕ੍ਰ ਵਿਸ਼ਲੇਸ਼ਣ ਦੀ ਇਹ ਮਾਨਤਾ ਹੈ ਕਿ ਸੀਮਿਤ ਪ੍ਰਤੀਸਥਾਪਨ ਦਰ ਘਟਦੀ ਜਾਂਦੀ ਹੈ।''** ਇਸ ਦਾ ਮਤਲਬ ਇਹ ਹੋਇਆ ਕਿ ਇਕ ਉਪਭੋਗਤਾ ਦੇ ਕੋਲ ਜਿਵੇਂ-ਜਿਵੇਂ ਕਿਸੇ ਵਸਤੂ ਦੀ ਮਾਤਰਾ ਵੱਧਦੀ ਹੈ, ਉਹ ਉਸ ਵਸਤੂ ਦਾ ਹੋਰ ਵਸਤੂ ਨਾਲ ਪ੍ਰਤੀਸਥਾਪਨ ਘਟਦੀ ਦਰ 'ਤੇ ਕਰਦਾ ਹੈ।
4. **ਪੂਰਨ ਸੰਤੁਸ਼ਟੀ ਨਹੀਂ (Non-Satiety)**- ਉਪਭੋਗਤਾ ਪੂਰਨ **ਸੰਤੁਸ਼ਟੀ ਦੇ ਪੱਧਰ** (Level of Satiety) 'ਤੇ ਨਹੀਂ ਪਹੁੰਚਿਆ। ਉਪਭੋਗਤਾ ਇਕ ਵਸਤੂ ਦੀ ਜ਼ਿਆਦਾ ਮਾਤਰਾ ਨੂੰ ਘੱਟ ਮਾਤਰਾ ਦੀ ਤੁਲਨਾ ਵਿੱਚ ਜ਼ਿਆਦਾ ਪਸੰਦ ਕਰਦਾ ਹੈ। ਜਿਵੇਂ ਦੋ ਰਸਗੁੱਲਿਆਂ ਦੀ ਜਗ੍ਹਾ 'ਤੇ ਪੰਜ ਰਸਗੁੱਲੇ ਆਦਿ ਉਪਭੋਗਤਾ ਨੂੰ ਕਿਸੇ ਵਸਤੂ ਦੀ ਘੱਟ ਮਾਤਰਾ

ਦੀ ਤੁਲਨਾ ਵਿੱਚ ਜ਼ਿਆਦਾ ਮਾਤਰਾ ਨੂੰ ਪਸੰਦ ਕਰਨਾ, ਉਦੋਂ ਉਸ ਕੋਲ ਉਸ ਵਸਤੂ ਦੀ ਇੰਨੀ ਮਾਤਰਾ ਹੋਣੀ ਚਾਹੀਦੀ ਹੈ ਕਿ ਹੋਰ ਜ਼ਿਆਦਾ ਲੈਣ ਨਾਲ ਉਸ ਨੂੰ ਕੋਈ ਵੀ ਸੰਤੁਸ਼ਟੀ ਪ੍ਰਾਪਤ ਨਾ ਹੋਵੇ। **ਨੋਟ**

5. **ਚੋਣਾਂ ਵਿੱਚ ਸਮੰਜਸਯ (Consistency in Selection)**- ਉਪਭੋਗਤਾ ਦੇ ਵਿਵਹਾਰ ਵਿੱਚ ਸਮੰਜਸਯ ਪਾਇਆ ਜਾਂਦਾ ਹੈ। ਇਸ ਦਾ ਅਰਥ ਹੋਇਆ ਕਿ ਉਪਭੋਗਤਾ ਜੇਕਰ ਕਿਸੇ ਇਕ ਸਮੇਂ ਵਿੱਚ ਵਸਤੂਆਂ ਦੇ A ਸੰਜੋਗ ਨੂੰ ਵਸਤੂਆਂ ਦੇ B ਸੰਜੋਗ ਤੋਂ ਜ਼ਿਆਦਾ ਪਸੰਦ ਕਰਦਾ ਹੈ ਤਾਂ ਉਹ ਕਿਸੇ ਦੂਸਰੇ ਸਮੇਂ ਵਿੱਚ ਵੀ ਵਸਤੂਆਂ ਦੇ A ਸੰਜੋਗ ਦੀ ਤੁਲਨਾ ਵਿੱਚ ਵਸਤੂਆਂ ਦੇ B ਸੰਜੋਗ ਨੂੰ ਜ਼ਿਆਦਾ ਪਸੰਦ ਨਹੀਂ ਕਰੇਗਾ।

ਜੇਕਰ A>B, ਉਦੋਂ B $\succ$ A

(ਇਸ ਨੂੰ ਪੜ੍ਹਿਆ ਜਾਵੇਗਾ, ਜੇਕਰ A, B ਤੋਂ ਜ਼ਿਆਦਾ (>) ਹੈ ਤਾਂ B, A ਜ਼ਿਆਦਾ ($\succ$) ਨਹੀਂ ਹੋ ਸਕਦਾ।

6. **ਸਕਰਮਕਤਾ (Transitivity)**- ਇਸ ਵਿਸ਼ਲੇਸ਼ਣ ਦੀ ਇਹ ਵੀ ਮਾਨਤਾ ਹੈ ਕਿ ਤਟਸਥਤਾ ਅਤੇ ਪ੍ਰਾਥਮਿਕਤਾ ਦੇ ਸਬੰਧ ਵਿੱਚ ਸਕਰਮਕਤਾ ਪਾਈ ਜਾਂਦੀ ਹੈ। ਇਸ ਦਾ ਮਤਲਬ ਇਹ ਹੋਇਆ ਕਿ ਜੇਕਰ ਉਪਭੋਗਤਾ 'A' ਸੰਜੋਗ ਤੋਂ 'B' ਸੰਜੋਗ ਨੂੰ ਜ਼ਿਆਦਾ ਪਸੰਦ ਕਰਦਾ ਹੈ ਅਤੇ 'B' ਸੰਜੋਗ ਨੂੰ 'C' ਸੰਜੋਗ ਤੋਂ ਜ਼ਿਆਦਾ ਪਸੰਦ ਕਰਦਾ ਹੈ ਤਾਂ ਉਹ 'A' ਸੰਜੋਗ ਨੂੰ 'C' ਸੰਜੋਗ ਦੀ ਤੁਲਨਾ ਵਿੱਚ ਜ਼ਰੂਰ ਹੀ ਜ਼ਿਆਦਾ ਪਸੰਦ ਕਰੇਗਾ। ਇਸ ਤਰ੍ਹਾਂ ਜੇਕਰ ਉਪਭੋਗਤਾ 'A' ਅਤੇ 'B' ਦੇ ਦਰਮਿਆਨ ਤਟਸਥ ਹੈ ਅਤੇ 'B' ਅਤੇ 'C' ਦੇ ਦਰਮਿਆਨ ਤਟਸਥ ਹੈ ਤਾਂ ਉਹ 'A' ਅਤੇ 'C' ਦੇ ਦਰਮਿਆਨ ਵੀ ਤਟਸਥ ਹੋਵੇਗਾ।

4.9 ਤਟਸਥ ਵਕ੍ਰਾਂ ਦੀਆਂ ਵਿਸ਼ੇਸ਼ਤਾਵਾਂ (Properties of Indifference Curves)

ਤਟਸਥਤਾ ਵਕ੍ਰ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ–

1. **ਤਟਸਥਤਾ ਵਕ੍ਰ ਦੀ ਢਲਾਣ ਸਮਾਨਤਾ ਖੱਬੇ ਤੋਂ ਸੱਜੇ ਹੇਠਾਂ ਵੱਲ ਹੁੰਦਾ ਹੈ (An Indifference Curve Generally Slopes Downwards from Left to the Right)**- ਇਕ ਤਟਸਥਤਾ ਵਕ੍ਰ ਦੀ ਢਲਾਣ ਖੱਬੇ ਤੋਂ ਖੱਬੇ ਹੇਠਾਂ ਵੱਲ ਅਰਥਾਤ ਰਣਾਤਮਕ (Nagative) ਹੁੰਦਾ ਹੈ। ਤਟਸਥਤਾ ਵਕ੍ਰ ਦੀ ਇਹ ਵਿਸ਼ੇਸ਼ਤਾ ਇਸ ਮਾਨਤਾ 'ਤੇ ਅਧਾਰਿਤ ਹੈ ਕਿ ਉਪਭੋਗਤਾ ਜੇਕਰ ਇਕ ਵਸਤੂ ਦੀ ਜ਼ਿਆਦਾ ਮਾਤਰਾ ਦਾ ਇਸਤੇਮਾਲ ਕਰਦਾ ਹੈ ਤਾਂ ਉਹ ਦੂਸਰੀ ਵਸਤੂ ਦੀ ਘੱਟ ਮਾਤਰਾ ਦਾ ਇਸਤੇਮਾਲ ਕਰੇਗਾ ਤਾਂ ਹੀ ਵਸਤੂਆਂ ਦੇ ਵੱਖ-ਵੱਖ ਸੰਜੋਗਾਂ ਤੋਂ ਮਿਲਣ ਵਾਲੀ ਸੰਤੁਸ਼ਟੀ ਬਰਾਬਰ ਹੋਵੇਗੀ।

ਚਿੱਤਰ 4.6 ਵਿੱਚ IC ਵਕ੍ਰ ਖੱਬੇ ਤੋਂ ਸੱਜੇ ਹੇਠਾਂ ਵੱਲ ਢਲਾਣ ਵਾਲੇ ਤਟਸਥਤਾ ਵਕ੍ਰ ਨੂੰ ਪ੍ਰਗਟ ਕਰ ਰਿਹਾ ਹੈ, ਜਿਵੇਂ ਕਿ ਵਕ੍ਰ IC ਨਾਲ ਪ੍ਰਗਟ ਹੋ ਰਿਹਾ ਹੈ, ਉਦੋਂ ਉਪਭੋਗਤਾ ਨੂੰ A ਅਤੇ B ਸੰਜੋਗਾਂ ਤੋਂ ਬਰਾਬਰ ਸੰਤੁਸ਼ਟੀ ਪ੍ਰਾਪਤ ਹੋ ਸਕਦੀ ਹੈ, ਕਿਉਂਕਿ A ਸੰਜੋਗ ਵਿੱਚ B ਸੰਜੋਗ ਦੀ ਤੁਲਨਾ ਵਿੱਚ ਸੰਤਰਿਆਂ ਦੀ ਸੰਖਿਆ ਜ਼ਿਆਦਾ ਹੈ ਤਾਂ B ਸੰਜੋਗ ਵਿੱਚ ਸੇਬਾਂ ਦੀ ਸੰਖਿਆ ਘੱਟ ਹੈ ਅਤੇ **ਤਟਸਥਤਾ ਵਕ੍ਰ ਦੀ ਢਲਾਣ IC ਰੇਖਾ ਵਾਂਗ ਰਣਾਤਮਕ ਹੁੰਦਾ ਹੈ ਅਤੇ ਖੱਬੇ ਤੋਂ ਸੱਜੇ ਹੇਠਾਂ ਵੱਲ ਝੁਕਿਆ ਹੋਇਆ, ਮੂਲ ਬਿੰਦੂ ਵੱਲ ਅਤੇ ਉੱਤੋਦਰ ਹੁੰਦਾ ਹੈ।**



ਚਿੱਤਰ 4.6

ਨੋਟ

2. **ਮੂਲ ਬਿੰਦੂ ਵੱਲ ਉੱਤੋਦਰ (Convex to the Point of Origin)**- ਤਟਸਥਤਾ ਵਕ੍ਰ ਸਧਾਰਣ ਤੌਰ 'ਤੇ ਮੂਲ ਬਿੰਦੂ ਵੱਲ ਉੱਤੋਦਰ (ਹੇਠਾਂ ਵੱਲ ਝੁਕਿਆ ਹੋਇਆ) ਹੁੰਦਾ ਹੈ। ਵਕ੍ਰ ਉੱਤੋਦਰ ਹੋਣ ਨਾਲ ਭਾਵ ਮੂਲ ਬਿੰਦੂ ਵੱਲ ਇਸ ਦੇ ਫਰਕ ਨੂੰ ਝੁਕੇ ਹੋਣ (Bowing Inward) ਤੋਂ ਹੈ। ਹੋਰ ਸ਼ਬਦਾਂ ਵਿੱਚ, ਤਟਸਥਤਾ ਵਕ੍ਰ ਦੀ ਢਲਾਣ **ਚਪਟੀ** (Flatter) ਹੁੰਦੀ ਜਾਂਦੀ ਹੈ। ਜਿਵੇਂ-ਜਿਵੇਂ ਉਸ ਵਕ੍ਰ ਵੱਲ ਅੱਗੇ ਵੱਲ ਖਿਸਕਦੇ ਜਾਂਦੇ ਹਨ। ਤਟਸਥਤਾ ਵਕ੍ ਦੀ ਢਲਾਣ **ਸੀਮਿਤ ਪ੍ਰਤੀਸਥਾਪਨ ਦੀ ਦਰ** ਅਖਵਾਉਂਦਾ ਹੈ, ਕਿਉਂਕਿ ਇਹ ਉਸ ਦਰ ਨੂੰ ਪ੍ਰਗਟ ਕਰਦਾ ਹੈ, ਜਿਸ 'ਤੇ ਉਪਭੋਗਤਾ ਸੰਤੁਸ਼ਟੀ ਦੇ ਬਰਾਬਰ ਪੱਧਰ ਨੂੰ ਕਾਇਮ ਰੱਖਣ ਲਈ ਇਕ ਵਸਤੂ (ਜਿਵੇਂ ਸੇਬ) ਦਾ ਦੂਸਰੀ ਵਸਤੂ (ਜਿਵੇਂ ਸੰਤਰੇ) ਦੇ ਲਈ ਪ੍ਰਤੀਸਥਾਪਨ ਕਰਦਾ ਹੈ। ਹੋਰ ਸ਼ਬਦਾਂ ਵਿੱਚ ਤਟਸਥਤਾ ਵਕ੍ਰ ਦੀ ਵਿਸ਼ੇਸ਼ਤਾ ਘਟਦੀ ਸੀਮਿਤ ਪ੍ਰਤੀਸਥਾਪਨ ਦੀ ਦਰ ਦੇ ਨਿਯਮ 'ਤੇ ਅਧਾਰਿਤ ਹੈ।

ਤਟਸਥਤਾ ਵਕ੍ਰ ਦੀ ਉੱਤੋਦਰ ਘਟਦੀ ਸੀਮਿਤ ਪ੍ਰਤੀਸਥਾਪਨ ਦੀ ਦਰ ਦੇ ਕਾਰਨ ਹੁੰਦੀ ਹੈ।

ਚਿੱਤਰ 4.7 ਵਿੱਚ ਤਟਸਥਤਾ ਵਕ੍ਰ ਮੂਲ ਬਿੰਦੂ 'O' ਵੱਲ **ਉੱਤੋਦਰ** (Convex) ਹੈ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਸੇਬਾਂ ਦੀ ਸੰਤਰਿਆਂ ਲਈ ਸੀਮਿਤ ਪ੍ਰਤੀਸਥਾਪਨ ਦਰ ਘਟਦੀ ਜਾ ਰਹੀ ਹੈ। ਇਸ ਦਾ ਅਰਥ ਹੈ ਕਿ ਉਪਭੋਗਤਾ ਸੇਬਾਂ ਦੀ ਜਿਵੇਂ-ਜਿਵੇਂ ਜ਼ਿਆਦਾ ਮਾਤਰਾ ਲੈਂਦਾ ਜਾਵੇਗਾ, ਉਹ ਸੰਤਰਿਆਂ ਦੀ ਘੱਟ ਮਾਤਰਾ ਤਿਆਗ ਕਰਨਾ ਚਾਹੇਗਾ। ਉਪਭੋਗਤਾ ਪਹਿਲਾਂ ਹੋਰ ਸੇਬ ਦੇ ਲਈ 3 ਸੰਤਰਿਆਂ (AB) ਦਾ ਤਿਆਗ ਕਰੇਗਾ, ਦੂਸਰੇ ਸੇਬ ਦੇ ਲਈ 2 ਸੰਤਰਿਆਂ (CD) ਦਾ ਅਤੇ ਤੀਸਰੇ ਸੇਬ ਲਈ ਇਕ 1 ਸੰਤਰੇ (EF) ਦਾ ਤਿਆਗ ਕਰਨਾ ਚਾਹੇਗਾ। ਅਸਲੀ ਜੀਵਨ ਵਿੱਚ ਇਸੇ ਤਰ੍ਹਾਂ ਦੀ ਹੀ ਸਥਿਤੀ ਹੁੰਦੀ ਹੈ। ਇਸ ਲਈ ਤਟਸਥਤਾ ਵਕ੍ਰ ਮੂਲ ਬਿੰਦੂ ਵੱਲ ਉੱਤੋਦਰ ਹੁੰਦੀ ਹੈ।



ਚਿੱਤਰ 4.7

3. **ਦੋ ਤਟਸਥਤਾ ਵਕ੍ਰ ਇਕ-ਦੂਸਰੇ ਨੂੰ ਨਾ ਤਾਂ ਛੂੰਹਦੇ ਅਤੇ ਨਾ ਹੀ ਕੱਟਦੇ ਹਨ (Indifference Curves Never Touch or Intersect Each Other)**- ਹਰੇਕ ਤਟਸਥਤਾ ਵਕ੍ਰ ਸੰਤੁਸ਼ਟੀ ਦੇ ਵੱਖ-ਵੱਖ ਪੱਧਰ ਨੂੰ ਪ੍ਰਗਟ ਕਰਦਾ ਹੈ, ਇਸ ਲਈ ਇਹ ਇਕ-ਦੂਸਰੇ ਨੂੰ ਨਾ ਤਾਂ ਛੂੰਹਦੇ ਅਤੇ ਨਾ ਹੀ ਕੱਟਦੇ ਹਨ। ਚਿੱਤਰ 4.8 ਵਿੱਚ ਦੋ ਤਟਸਥਤਾ ਵਕ੍ਰ IC_1 ਅਤੇ IC_2 ਇਕ-ਦੂਸਰੇ ਨੂੰ ਬਿੰਦੂ 'A' 'ਤੇ ਕੱਟਦੇ ਹੋਏ ਦਿਖਾਏ ਗਏ ਹਨ ਪਰ ਅਸਲ ਵਿੱਚ ਅਜਿਹਾ ਸੰਭਵ ਨਹੀਂ ਹੈ। ਤਟਸਥਤਾ ਵਕ੍ਰ IC_1 'ਤੇ ਬਿੰਦੂ 'A' ਅਤੇ 'C' ਬਰਾਬਰ ਸੰਤੁਸ਼ਟੀ ਵਾਲੇ ਸੰਜੋਗਾਂ ਨੂੰ ਪ੍ਰਗਟ ਕਰ ਰਹੇ ਹਨ ਅਤੇ **'A' ਸੰਜੋਗ ਤੋਂ ਪ੍ਰਾਪਤ ਸੰਤੁਸ਼ਟੀ = 'C' ਸੰਜੋਗ ਤੋਂ ਪ੍ਰਾਪਤ ਸੰਤੁਸ਼ਟੀ।**

ਇਸ ਤਰ੍ਹਾਂ ਤਟਸਥਤਾ ਵਕ੍ਰ IC_2 'ਤੇ ਬਿੰਦੂ 'A' ਅਤੇ ਬਿੰਦੂ 'B' ਬਰਾਬਰ ਸੰਤੁਸ਼ਟੀ ਨੂੰ ਪ੍ਰਗਟ ਕਰ ਰਹੇ ਹਨ ਅਤੇ 'A' ਸੰਜੋਗ ਤੋਂ ਪ੍ਰਾਪਤ ਸੰਤੁਸ਼ਟੀ = B ਸੰਜੋਗ ਤੋਂ ਪ੍ਰਾਪਤ ਸੰਤੁਸ਼ਟੀ। ਇਸ ਦਾ ਅਰਥ ਇਹ ਹੋਇਆ ਕਿ 'B' ਸੰਜੋਗ ਤੋਂ ਪ੍ਰਾਪਤ ਸੰਤੁਸ਼ਟੀ 'C' ਸੰਜੋਗ ਤੋਂ ਪ੍ਰਾਪਤ ਸੰਤੁਸ਼ਟੀ ਦੇ ਬਰਾਬਰ ਹਨ, **ਪਰ ਇਹ ਸੰਭਵ ਨਹੀਂ ਹੈ।** ਕਿਉਂਕਿ ਸੰਜੋਗ 'B' ਵਿੱਚ ਸੰਜੋਗ 'C' ਦੀ ਤੁਲਨਾ ਵਿੱਚ ਸੰਤਰਿਆਂ ਦੀ ਮਾਤਰਾ ਜ਼ਿਆਦਾ ਹੈ। ਬੇਸ਼ੱਕ ਸੇਬਾਂ ਦੀ ਮਾਤਰਾ ਬਰਾਬਰ ਹੈ।

ਨੋਟ



ਚਿੱਤਰ 4.8

4. **ਉਚੀ ਤਟਸਥਤਾ ਵਕ੍ਰ ਸੰਤੁਸ਼ਟੀ ਦੇ ਜ਼ਿਆਦਾ ਪੱਧਰ ਨੂੰ ਪ੍ਰਗਟ ਕਰਦਾ ਹੈ (Higher Indifference Curve Indicates Higher Satisfaction)**- ਤਟਸਥਤਾ ਵਕ੍ਰਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਕ ਤਟਸਥਤਾ ਮਾਨ ਚਿੱਤਰ ਵਿੱਚ ਉਚੀ ਤਟਸਥਤਾ ਵਕ੍ਰ ਆਪਣੇ ਤੋਂ ਹੇਠਾਂ ਤਟਸਥਤਾ ਵਕ੍ਰ ਦੇ ਮੁਕਾਬਲੇ ਜ਼ਿਆਦਾ ਸੰਤੁਸ਼ਟੀ ਪ੍ਰਗਟ ਕਰਦਾ ਹੈ। ਇਸ ਵਿਸ਼ੇਸ਼ਤਾ ਨੂੰ ਚਿੱਤਰ 4.9 ਦੀ ਸਹਾਇਤਾ ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ। ਚਿੱਤਰ ਵਿੱਚ IC_2 ਉਚੀ ਅਤੇ IC_1 ਹੇਠਲਾ ਤਟਸਥਤਾ ਵਕ੍ਰ ਹੈ। IC_2 ਅਤੇ ਵਕ੍ਰ B ਬਿੰਦੂ, IC_1 ਤਟਸਥਤਾ ਵਕ੍ਰ ਦੇ ਬਿੰਦੂ A ਤੋਂ IC_1 ਤਟਸਥਤਾ ਵਕ੍ਰ ਦੇ ਬਿੰਦੂ A ਦੇ ਮੁਕਾਬਲੇ ਜ਼ਿਆਦਾ ਸੰਤੁਸ਼ਟੀ ਪ੍ਰਾਪਤ ਹੋਵੇਗੀ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਤਟਸਥਤਾ ਵਕ੍ਰ ਜਿੰਨਾ ਉਚਾ ਹੋਵੇਗਾ, ਉਂਨੀ ਹੀ ਜ਼ਿਆਦਾ ਸੰਤੁਸ਼ਟੀ ਪ੍ਰਗਟ ਹੋਵੇਗੀ।



ਚਿੱਤਰ 4.9

5. **ਤਟਸਥਤਾ ਵਕ੍ਰ ਸਧਾਰਣ ਤੌਰ 'ਤੇ ਨਾ ਤਾਂ OX- ਅਕਸ਼ ਨੂੰ ਅਤੇ ਨਾ ਹੀ OY- ਅਕਸ਼ ਨੂੰ ਛੂੰਹਦਾ ਹੈ (Indifference Curve Should Generally not Touch X-axis or Y-axis)**- ਇਹ ਮੰਨ ਲਿਆ ਜਾਵੇ ਕਿ ਉਪਭੋਗਤਾ ਵਸਤੂਆਂ ਦੇ ਸੰਜੋਗ ਖਰੀਦਦਾ ਹੈ ਤਾਂ ਤਟਸਥਤਾ ਵਕ੍ਰ ਨਾ ਤਾਂ OX- ਅਕਸ਼ ਅਤੇ ਨਾ ਹੀ OY- ਅਕਸ਼ ਨੂੰ ਛੂੰਹਦਾ ਹੈ। ਜੇਕਰ ਤਟਸਥਤਾ ਵਕ੍ਰ ਕਿਸੇ ਵੀ ਅਕਸ਼ ਨੂੰ ਛੂੰਹਦਾ ਹੈ ਤਾਂ ਇਸ ਦਾ ਅਰਥ ਇਹ ਹੋਵੇਗਾ ਕਿ ਉਪਭੋਗਤਾ ਕੇਵਲ ਇਕ ਹੀ ਵਸਤੂ ਪ੍ਰਾਪਤ ਕਰਨਾ ਚਾਹੁੰਦਾ ਹੈ, ਉਸ ਦੀ ਦੂਸਰੀ ਵਸਤੂ ਲਈ ਮੰਗ ਜ਼ੀਰੋ ਹੈ। ਅਜਿਹਾ ਕੇਵਲ ਉਸ ਸਮੇਂ ਹੋ ਸਕਦਾ ਹੈ, ਜਦੋਂ ਦੋ ਵਸਤੂਆਂ ਵਿੱਚੋਂ ਇਕ ਵਸਤੂ ਮੁਦਰਾ ਹੈ। ਜੇਕਰ OY- ਅਕਸ਼ 'ਤੇ ਮੁਦਰਾ ਦੀ ਮਾਤਰਾ ਪ੍ਰਗਟ

ਨੋਟ

ਕੀਤੀ ਗਈ ਹੈ ਤਾਂ ਤਟਸਥਤਾ ਵਕ੍ਰ OY- ਅਕਸ਼ ਨੂੰ ਛੂਹ ਸਕਦਾ ਹੈ, ਜਿਵੇਂ ਕਿ ਚਿੱਤਰ 4.10 ਵਿੱਚ ਦਿਖਾਇਆ ਗਿਆ ਹੈ ਕਿ IC ਤਟਸਥਤਾ ਵਕ੍ਰ OY-



ਚਿੱਤਰ 4.10

ਅਕਸ਼ ਨੂੰ ਬਿੰਦੂ M 'ਤੇ ਛੂਹ ਰਿਹਾ ਹੈ। ਇਸ ਦਾ ਅਰਥ ਇਹ ਹੋਇਆ ਕਿ ਉਪਭੋਗਤਾ ਮੁਦਰਾ ਦੀ OM ਮਾਤਰਾ ਆਪਣੇ ਕੋਲ ਰੱਖਣਾ ਚਾਹੁੰਦਾ ਹੈ ਅਤੇ ਉਹ ਸੇਬਾਂ ਦੀ ਕੋਈ ਵੀ ਮਾਤਰਾਂ ਖਰੀਦਣਾ ਨਹੀਂ ਚਾਹੁੰਦਾ। ਇਸ ਦੇ ਉਲਟ ਬਿੰਦੂ N ਤੋਂ ਪਤਾ ਲੱਗਦਾ ਹੈ ਕਿ ਉਪਭੋਗਤਾ ਮੁਦਰਾ ਦੀ OP ਮਾਤਰਾ ਅਤੇ ਸੇਬਾਂ ਦੀ OQ ਮਾਤਰਾ ਦੇ ਸੰਯੋਗ ਨੂੰ ਪਸੰਦ ਕਰਦਾ ਹੈ। ਇਸ ਸੰਯੋਗ ਨਾਲ ਉਪਭੋਗਤਾ ਨੂੰ ਉਂਨੀ ਹੀ ਸੰਤੁਸ਼ਟੀ ਹੋਵੇਗੀ ਜਿੰਨੀ ਉਸ ਨੂੰ ਕੇਵਲ ਮੁਦਰਾ ਨੂੰ ਆਪਣੇ ਕੋਲ ਰੱਖਣ ਨਾਲ ਅਤੇ OM ਸੰਯੋਗ ਤੋਂ ਪ੍ਰਾਪਤ ਹੁੰਦੀ ਹੈ।

6. **ਤਟਸਥਤਾ ਵਕ੍ਰਾਂ ਦਾ ਇਕ ਦੂਸਰੇ ਦੇ ਸਮਾਨਾਂਤਰ ਹੋਣਾ ਜ਼ਰੂਰੀ ਨਹੀਂ** (Indifference Curve Need not be Parallel to Each Other)–ਜਿਵੇਂ ਕਿ ਚਿੱਤਰ 4.11 ਵਿੱਚ ਦਿਖਾਇਆ ਗਿਆ ਹੈ ਕਿ ਤਟਸਥਤਾ ਵਕ੍ ਇਕ ਦੂਸਰੇ ਦੇ ਸਮਾਨਾਂਤਰ ਹੋ ਵੀ ਸਕਦੇ ਹਨ ਜਾਂ ਨਹੀਂ ਵੀ ਹੋ ਸਕਦੇ ਹਨ। ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤਟਸਥਤਾ ਵਕਰ ਮਾਨ ਚਿੱਤਰ 'ਤੇ ਬਣਾਈਆਂ ਗਈਆਂ ਦੋ ਤਟਸਥਤਾ ਵਕ੍ਰਾਂ ਦੀ ਸੀਮਿਤ ਪ੍ਰਤੀਸਥਾਪਨ ਦਰ ਕੀ ਹੈ। ਜੇਕਰ ਦੋ ਵਕ੍ਰਾਂ ਦੇ ਵੱਖ-ਵੱਖ ਬਿੰਦੂਆਂ ਦੀ ਸੀਮਿਤ ਪ੍ਰਤੀਸਥਾਪਨ ਦਰ ਇਕ ਸਥਿਰ ਅਨੁਪਾਤ ਵਿੱਚ ਹੀ ਘਟਦੀ ਹੈ ਤਾਂ ਇਹ ਵਕਰ ਸਮਾਨਾਂਤਰ ਹੋਣਗੇ ਨਹੀਂ ਤਾਂ ਇਹ ਸਮਾਨਾਂਤਰ ਨਹੀਂ ਹੋਣਗੇ।



ਚਿੱਤਰ 4.11

ਨੋਟ

4.10 ਤਟਸਥਤਾ ਵਕ੍ਰਾਂ ਦੇ ਆਕਾਰ ਦੇ ਕੁਝ ਅਪਵਾਦ (Some Exceptional Shapes of Indifference Curves)

ਹੇਠ ਲਿਖੇ ਚਿੱਤਰ ਤਟਸਥਤਾ ਵਕ੍ਰਾਂ ਦੇ ਕੁਝ ਅਪਵਾਦਾਂ ਨੂੰ ਪ੍ਰਗਟ ਕਰਦੇ ਹਨ–

1. **ਅਪਵਾਦ 1: ਸਿੱਧੀ ਰੇਖਾ ਤਟਸਥਤਾ ਵਕ੍-ਪੂਰਨ ਪ੍ਰਤੀਸਥਾਪਨ ਵਸਤੂਆਂ** (Exception 1: Straight Line Indifference Curve-Perfect Substitutes)–ਜੇਕਰ ਵਸਤੂ X ਅਤੇ ਵਸਤੂ Y **ਪੂਰਨ ਪ੍ਰਤੀਸਥਾਪਨ** ਹਨ ਤਾਂ



ਚਿੱਤਰ 4.12

ਉਨ੍ਹਾਂ ਦੀ ਸੀਮਿਤ ਪ੍ਰਤੀਸਥਾਪਨ ਦਰ (MRS) 1:1 ਹੋਵੇਗੀ। **ਦੋ ਵਸਤੂਆਂ ਸੰਸਥਾਪਨ ਸੰਸਥਾਪਨ ਉਦੋਂ ਹੁੰਦੀਆਂ ਹਨ, ਜਦੋਂ ਉਪਭੋਗਤਾ ਇਕ ਵਸਤੂ ਦਾ ਦੂਸਰੀ ਵਸਤੂ ਲਈ ਬਰਾਬਰ ਦਰ 'ਤੇ ਪ੍ਰਤੀਸਥਾਪਨ ਕਰੇਗਾ।** ਪੂਰਨ ਪ੍ਰਤੀਸਥਾਪਨ ਵਸਤੂਆਂ ਦੇ ਲਈ ਤਟਸਥਤਾ ਵਕ੍ਰਾਂ ਜਿਵੇਂ ਚਿੱਤਰ 4.12 ਵਿੱਚ ਦਿਖਾਇਆ ਗਿਆ ਹੈ, ਸਰਲ ਰੇਖਾਵਾਂ ਹੁੰਦੀਆਂ ਹਨ। ਇਨ੍ਹਾਂ ਵਕ੍ਰਾਂ ਦੇ ਪਲਾਨ ਨਾਲ ਦੋ ਵਸਤੂਆਂ ਦੀ ਪ੍ਰਤੀਸਥਾਪਨ ਦਰ ਸਪੱਸ਼ਟ ਹੋ ਜਾਂਦੀ ਹੈ।

2. **ਅੱਪਵਾਦ 2: L ਤਰ੍ਹਾਂ ਦੀ (ਸੋਮਕੋਣੀ) ਵਕ੍ਰ ਪੂਰਨ ਪੂਰਕ ਵਸਤੂਆਂ** (Exception 2 : L Shaped (Right Angled) Indifference Curve : Perfect Complements)– ਪੂਰਨ ਪੂਰਕ ਵਸਤੂਆਂ ਦੀ ਤਟਸਥਤਾ ਵਕ੍ਰ ਜਿਵੇਂ ਕਿ ਚਿੱਤਰ 4.13 ਵਿੱਚ ਦਿਖਾਇਆ ਗਿਆ। **L-ਤਰ੍ਹਾਂ ਦੀ** (ਸਮਕੋਣੀ) ਹੁੰਦੀਆਂ ਹਨ। **ਪੂਰਨ ਪੂਰਕ ਵਸਤੂਆਂ ਉਹ ਹਨ, ਜਿਨ੍ਹਾਂ ਦਾ ਇਕ ਨਿਸ਼ਚਿਤ ਅਨੁਪਾਤ ਵਿੱਚ ਇਕੱਠਾ ਇਸਤੇਮਾਲ ਕੀਤਾ ਜਾਂਦਾ ਹੈ।** ਉਦਾਹਰਣ ਦੇ ਤੌਰ 'ਤੇ, ਸੱਜੇ ਪੈਰ ਦੀ ਜੁੱਤੀ ਅਤੇ ਖੱਬੇ ਪੈਰ ਦੀ ਜੁੱਤੀ ਪੂਰਨ ਪ੍ਰਤੀਸਥਾਪਨ ਹੈ, ਕਿਉਂਕਿ ਇਨ੍ਹਾਂ ਵਿੱਚੋਂ ਇਕ ਤੋਂ ਬਿਨਾਂ ਦੂਸਰੇ ਦਾ ਕੋਈ ਇਸਤੇਮਾਲ ਨਹੀਂ ਹੈ। ਜਦੋਂ ਉਪਭੋਗਤਾ ਦੇ ਕੋਲ ਇਨ੍ਹਾਂ ਦੀ ਇਕ ਨਿਊਨਤਮ ਸੰਖਿਆ ਹੈ ਤਾਂ ਅਜਿਹੀ ਕੋਈ ਦਰ ਨਹੀਂ ਹੈ, ਜਿਸ 'ਤੇ ਇਕ ਜੁੱਤੀ ਦਾ ਦੂਸਰੀ ਦੇ ਲਈ ਪ੍ਰਤੀਸਥਾਪਨ ਕੀਤਾ ਜਾ ਸਕਦਾ ਹੈ।



ਚਿੱਤਰ 4.13

ਨੋਟ

3. **ਅੱਪਵਾਦ 3: ਪਈ ਹੋਈ ਸਰਲ ਰੇਖਾ ਤਟਸਥਤਾ ਵਕ੍ਰ ਵਸਤੂ ਜਿਸ ਤੋਂ ਜ਼ੀਰੋ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ** (Horizontal Indifference Curve-A Good that Gives Zero Satisfaction)– ਜਦੋਂ ਕਿਸੇ ਵਸਤੂ ਤੋਂ ਜ਼ੀਰੋ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ ਤਾਂ ਉਪਭੋਗਤਾ ਉਸ ਵਸਤੂ ਦੀ ਇਕ ਇਕਾਈ ਵੀ ਪ੍ਰਾਪਤ ਕਰਨ ਲਈ ਦੂਸਰੀ ਵਸਤੂ ਦੀ ਨਿਊਨਤਮ ਮਾਤਰਾ ਦਾ ਵੀ ਤਿਆਗ ਨਹੀਂ ਕਰਨਾ ਚਾਹੇਗਾ। ਉਦਾਹਰਣ ਦੇ ਤੌਰ 'ਤੇ ਸਿਗਰੇਟ ਨਾ ਪੀਣ ਵਾਲੇ ਵਿਅਕਤੀ ਲਈ ਸਿਗਰੇਟ ਦੀ ਤਟਸਥਤਾ ਵਕ੍ਰ, ਜਿਵੇਂ ਕਿ ਚਿੱਤਰ 4.14 ਵਿੱਚ ਦਿਖਾਇਆ ਗਿਆ ਹੈ, ਪਈ ਹੋਈ ਸਰਲ ਰੇਖਾ ਹੋਵੇਗੀ। ਉਸ ਵਸਤੂ ਦੀ ਤਟਸਥਤਾ ਵਕ੍ਰ ਜਿਸ ਤੋਂ ਜ਼ੀਰੋ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ। OX (ਜਿਸ 'ਤੇ ਜ਼ੀਰੋ ਸੰਤੁਸ਼ਟੀ ਵਾਲੀ ਵਸਤੂ ਨੂੰ ਦਿਖਾਇਆ ਗਿਆ ਹੈ) ਦੇ ਸਮਾਨ ਹੋਵੇਗੀ।



ਚਿੱਤਰ 4.14

4. **ਅੱਪਵਾਦ 4: U ਅਕਾਰ ਦਾ ਤਟਸਥਤਾ ਵਕ੍ਰ: ਰਣਾਤਮਕ ਉਪਯੋਗਤਾ ਵਾਲੀ ਵਸਤੂ** (Exceptional 4: U Shaped Indifference Curve A Good that Gives Negative Utility)– ਜੇਕਰ ਕਿਸੇ ਵਸਤੂ ਦੇ ਉਪਭੋਗ ਨਾਲ ਇਕ ਹੱਦ ਤੋਂ ਬਾਅਦ ਰਣਾਤਮਕ ਉਪਯੋਗਤਾ ਪ੍ਰਾਪਤ ਹੁੰਦੀ ਹੈ ਤਾਂ ਉਸ ਦੀ ਤਟਸਥਤਾ ਵਕ੍ਰ, ਉਦਾਹਰਣ ਦੇ ਤੌਰ 'ਤੇ ਜਿਵੇਂ ਕਿ ਚਿੱਤਰ 4.15 ਵਿੱਚ ਦਿਖਾਇਆ ਗਿਆ ਹੈ। 'U' ਅਕਾਰ ਦੀ ਹੋਵੇਗੀ। ਉਦਾਹਰਣ ਦੇ ਲਈ ਬਿੰਦੂ Q 'ਤੇ ਉਪਭੋਗਤਾ ਨੂੰ ਜਿੰਨਾ ਭੋਜਨ ਚਾਹੀਦਾ ਹੈ, ਉਹ ਮਿਲ ਜਾਂਦਾ ਹੈ। ਬਿੰਦੂ Q ਤੋਂ ਬਾਅਦ ਤਟਸਥਤਾ ਵਕ੍ਰ ਦੀ ਢਲਾਣ **ਧਨਾਤਮਕ** (Positive) ਹੋ ਜਾਂਦੀ ਹੈ, ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਹੋਰ ਭੋਜਨ ਦਾ ਉਪਭੋਗ ਕਰਨ ਨਾਲ ਉਪਭੋਗਤਾ ਨੂੰ ਰਣਾਤਮਕ ਉਪਯੋਗਤਾ ਪ੍ਰਾਪਤ ਹੋਵੇਗੀ। ਇਸ ਲਈ ਉਹ ਉਸ ਵਸਤੂ ਦੇ ਇਸਤੇਮਾਲ ਤੋਂ ਬਚਣ ਲਈ ਦੂਸਰੀ ਵਸਤੂ ਦੀ ਕੁਝ ਮਾਤਰਾ ਦਾ ਤਿਆਗ ਕਰਨ ਲਈ ਇਛੁੱਕ ਹੋਵੇਗੀ। ਇਸ ਲਈ ਕਿਸੇ ਵਸਤੂ ਦਾ ਇਕ ਹੱਦ ਤੱਕ ਉਪਭੋਗ ਕਰਨ ਤੋਂ ਬਾਅਦ ਉਸ ਪ੍ਰਤੀ ਇਕ ਉਪਭੋਗ ਤੋਂ ਪ੍ਰਾਪਤ ਉਪਯੋਗਤਾ ਰਣਾਤਮਕ ਹੋ ਜਾਂਦੀ ਹੈ ਤਾਂ ਤਟਸਥਤਾ ਵਕ੍ਰ ਦੀ ਢਲਾਣ ਧਨਾਤਮਕ ਹੋ ਜਾਂਦੀ ਹੈ।



ਚਿੱਤਰ 4.15

4.11 ਬਜਟ ਰੇਖਾ ਜਾਂ ਕੀਮਤ ਰੇਖਾ (Budget Line or Price Line)

ਨੋਟ

ਤਟਸਥਤਾ ਵਕ੍ਰ ਖੁਦ ਉਪਭੋਗਤਾ ਦੇ ਵਿਵਹਾਰ ਦੀ ਸਧਾਰਣ ਤੌਰ 'ਤੇ ਭਵਿੱਖਵਾਣੀ ਨਹੀਂ ਕਰ ਸਕਦਾ, ਕਿਉਂਕਿ ਇਹ ਦੋ ਮਹੱਤਵਪੂਰਨ ਸੂਚਨਾਵਾਂ ਨੂੰ ਛੱਡ ਦਿੰਦਾ ਹੈ, ਉਹ ਹਨ ਉਪਭੋਗਤਾ ਦੀ ਆਮਦਨ ਅਤੇ ਵਸਤੂਆਂ ਦੀ ਕੀਮਤ। ਕੀਮਤ ਅਤੇ ਆਮਦਨ ਦੀ ਸੂਚਨਾ ਇਕ ਤਟਸਥਤਾ ਚਿੱਤਰ ਵਿੱਚ ਇਕ ਹੋਰ ਰੇਖਾ ਨਾਲ ਪ੍ਰਦਾਨ ਕੀਤੀ ਜਾਂਦੀ ਹੈ, ਇਸ ਰੇਖਾ ਨੂੰ ਬਜਟ ਰੇਖਾ ਜਾਂ ਕੀਮਤ ਰੇਖਾ ਕਿਹਾ ਜਾਂਦਾ ਹੈ।

ਤਟਸਥਤਾ ਵਕ੍ਰ ਵਿਸ਼ਲੇਸ਼ਣ ਨਾਲ ਉਪਭੋਗਤਾ ਸੰਤੁਲਨ ਦੀ ਸਥਿਤੀ ਦਾ ਗਿਆਨ ਪ੍ਰਾਪਤ ਕਰਨ ਲਈ ਬਜਟ ਰੇਖਾ ਦਾ ਅਧਿਐਨ ਜ਼ਰੂਰੀ ਹੈ। ਇਸ ਰੇਖਾ ਨੂੰ **ਕੀਮਤ ਰੇਖਾ** (Price Line), **ਉਪਭੋਗ ਸੰਭਾਵਿਤ ਰੇਖਾ** (Consumption Possibility Curve) **ਜਾਂ ਪ੍ਰਾਪਤ ਹੋਣ ਵਾਲੇ ਸੰਜੋਗਾਂ ਦੀ ਰੇਖਾ** (Line of Attainable Combinations) ਵੀ ਕਿਹਾ ਜਾਂਦਾ ਹੈ।

ਹਿਬਡਨ ਦੇ ਅਨੁਸਾਰ, **''ਬਜਟ ਰੇਖਾ ਉਹ ਰੇਖਾ ਹੈ ਜੋ ਦੋ ਵਸਤੂਆਂ ਦੇ ਵੱਖ-ਵੱਖ ਸੰਜੋਗਾਂ ਨੂੰ ਪ੍ਰਗਟ ਕਰਦੀ ਹੈ, ਜਿਨ੍ਹਾਂ ਨੂੰ ਉਪਭੋਗਤਾ ਇਕ ਦਿੱਤੀ ਹੋਈ ਮੌਦ੍ਰਿਕ ਆਮਦਨ ਅਤੇ ਦੋ ਵਸਤੂਆਂ ਦੀ ਦਿੱਤੀ ਹੋਈ ਕੀਮਤ 'ਤੇ ਖਰੀਦ ਸਕਦਾ ਹੈ।''** (The Budget line is that line which shows all the different combinations of the two commodities that a consumer can purchase given his money income and the price of two commodities. **—Hibbdon**)

ਵਿਆਖਿਆ (Explanation)

ਮੰਨ ਲਓ ਉਪਭੋਗਤਾ ਦੀ ਆਮਦਨ 4.00 ਰੁਪਏ ਹੈ, ਉਹ ਸੇਬਾਂ ਅਤੇ ਸੰਤਰਿਆਂ 'ਤੇ ਆਪਣੀ ਸਾਰੀ ਆਮਦਨ ਖਰਚ ਕਰਨਾ ਚਾਹੁੰਦਾ ਹੈ। ਸੰਤਰੇ ਦੀ ਕੀਮਤ 50 ਪੈਸੇ ਪ੍ਰਤੀ ਸੰਤਰਾ ਅਤੇ ਸੇਬ ਦੀ ਕੀਮਤ 1 ਰੁਪਇਆ ਪ੍ਰਤੀ ਸੇਬ ਹੈ। ਆਪਣੀ ਨਿਸ਼ਚਿਤ ਆਮਦਨ ਅਤੇ ਸੇਬਾਂ ਅਤੇ ਸੰਤਰਿਆਂ ਦੀ ਨਿਸ਼ਚਿਤ ਕੀਮਤ ਤੋਂ ਉਪਭੋਗਤਾ ਇਨ੍ਹਾਂ ਦੋਵਾਂ ਵਸਤੂਆਂ ਦੇ ਜੋ ਵੱਖ-ਵੱਖ ਸੰਜੋਗ ਖਰੀਦ ਸਕਦਾ ਹੈ ਉਨ੍ਹਾਂ ਨੂੰ ਤਾਲਿਕਾ 5 ਅਤੇ ਚਿੱਤਰ 4.16 ਨਾਲ ਪ੍ਰਗਟ ਕੀਤਾ ਜਾ ਸਕਦਾ ਹੈ।

ਤਾਲਿਕਾ 5 ਵਿਕਲਪਿਕ ਉਪਭੋਗ ਸੰਭਾਵਨਾਵਾਂ
(Alternative Consumption Possibilities)

ਸੰਜੋਗ	ਆਮਦਨ (ਰੁਪਏ)	ਸੇਬ ਕੀਮਤ = (1.00 ਰੁਪਏ)	ਸੰਤਰੇ ਕੀਮਤ = (50 ਪੈਸੇ)
A	4.00	0 +	8
B	4.00	1 +	6
C	4.00	2 +	4
D	4.00	3 +	2
E	4.00	4 +	0

ਤਾਲਿਕਾ 5 ਤੋਂ ਪਤਾ ਲੱਗਦਾ ਹੈ ਕਿ ਜੇਕਰ ਉਪਭੋਗਤਾ ਕੇਵਲ ਸੰਤਰੇ ਖਰੀਦਣਾ ਚਾਹੁੰਦਾ ਹੈ ਤਾਂ ਉਹ ਆਪਣੀ 4 ਰੁਪਏ ਦੀ ਨਿਸ਼ਚਿਤ ਆਮਦਨ ਤੋਂ ਜ਼ਿਆਦਾ ਤੋਂ ਜ਼ਿਆਦਾ 8 ਸੰਤਰੇ ਖਰੀਦ ਸਕਦਾ ਹੈ। ਇਸ ਤੋਂ ਉਲਟ ਜੇਕਰ ਉਪਭੋਗਤਾ ਸੇਬ ਹੀ ਖਰੀਦਣਾ ਚਾਹੁੰਦਾ ਹੈ ਤਾਂ ਉਹ ਆਪਣੀ ਨਿਸ਼ਚਿਤ ਆਮਦਨ ਤੋਂ ਜ਼ਿਆਦਾ ਤੋਂ ਜ਼ਿਆਦਾ 4 ਸੇਬ ਖਰੀਦ ਸਕਦਾ ਹੈ। ਸੇਬਾਂ ਅਤੇ ਸੰਤਰਿਆਂ ਦੀਆਂ ਇਨ੍ਹਾਂ ਹੱਦਾਂ ਵਿਚਕਾਰ ਬਣਨ ਵਾਲੇ ਕਈ ਸੰਜੋਗ ਜਿਵੇਂ 6 ਸੰਤਰੇ + 1 ਸੇਬ, 4 ਸੰਤਰੇ + 2 ਸੇਬ, 2 ਸੰਤਰੇ + 3 ਸੇਬ ਵੀ ਖਰੀਦ ਸਕਦਾ ਹੈ।

ਚਿੱਤਰ 4.16 ਵਿੱਚ ਦੋ ਵਸਤੂਆਂ ਦੇ ਵੱਖ-ਵੱਖ ਸੰਜੋਗਾਂ ਨੂੰ AE ਰੇਖਾ ਨਾਲ ਦਰਸਾਇਆ ਗਿਆ ਹੈ। ਇਸ ਰੇਖਾ ਨੂੰ ਬਜਟ ਰੇਖਾ ਜਾਂ ਕੀਮਤ ਰੇਖਾ ਕਿਹਾ ਜਾਂਦਾ ਹੈ, ਕਿਉਂਕਿ ਅਸੀਂ ਮੰਨ ਕੇ ਚੱਲਦੇ ਹਾਂ ਕਿ ਉਪਭੋਗਤਾ ਆਪਣੀ ਸਾਰੀ ਆਮਦਨ ਇਨ੍ਹਾਂ ਦੋਵਾਂ ਵਸਤੂਆਂ ਦੇ ਉਪਭੋਗ 'ਤੇ ਖਰਚ ਕਰਦਾ ਹੈ। ਇਸ ਲਈ AE ਬਜਟ ਰੇਖਾ ਜਾਂ ਕੀਮਤ ਰੇਖਾ ਉਪਭੋਗਤਾ ਦੀ ਸੀਮਾ ਰੇਖਾ (Limit Line) ਹੈ। ਬਜਟ ਰੇਖਾ ਦੀ ਢਲਾਣ ਉਸ ਵੱਲੋਂ ਪ੍ਰਗਟ ਕੀਤੀਆਂ ਗਈਆਂ ਦੋਵਾਂ ਵਸਤੂਆਂ ਸੇਬਾਂ ਅਤੇ ਸੰਤਰਿਆਂ ਦੀਆਂ ਕੀਮਤਾਂ ਦਾ ਅਨੁਪਾਤ ਹੈ : ਜਾਂ

ਬਜਟ ਰੇਖਾ ਦੀ ਢਲਾਣ (Slope of Budget Line) = $\frac{P_a}{P_o}$; (ਇੱਥੇ P_a = ਸੇਬਾਂ ਦੀ ਕੀਮਤ ਅਤੇ P_o = ਸੰਤਰਿਆਂ ਦੀ ਕੀਮਤ)

ਨੋਟ



ਚਿੱਤਰ 4.16

ਲਿਪਸੀ ਦੇ ਅਨੁਸਾਰ, **''ਬਜਟ ਰੇਖਾ ਦੀ ਢਲਾਣ ਦੋ ਕੀਮਤਾਂ ਦੇ ਅਨੁਪਾਤ ਦੀ ਰਣਾਤਮਕ ਹੁੰਦਾ ਹੈ। (ਉਸ ਵਸਤੂ ਦੀ ਕੀਮਤ ਨੂੰ ਜਿਸ ਨੂੰ ਪੜ੍ਹਿਆ ਜਾਂ** OX- **ਅਕਸ਼ ਨਾਲ ਪ੍ਰਗਟ ਕੀਤਾ ਗਿਆ ਹੈ, ਅੰਸ਼** (Numerator) **ਦੇ ਰੂਪ ਵਿੱਚ ਇਸਤੇਮਾਲ ਕੀਤਾ ਗਿਆ ਹੈ)''** (The slope of the budget line is the negative of the ratio of two prices with the price of the goods that is placed on the horizontal OX-axis appearing in the numerator. **– Lipsey**)

4.12 ਬਜਟ ਰੇਖਾ ਦੀਆਂ ਵਿਸ਼ੇਸ਼ਤਾਵਾਂ (Properties of Budget Line)

ਜੇਕਰ ਦੋਵਾਂ ਵਸਤੂਆਂ ਦੀ ਕੀਮਤ ਨਿਸ਼ਚਿਤ ਜਾਂ ਸਥਿਰ ਹੈ, ਉਦੋਂ ਬਜਟ ਰੇਖਾ ਵਿੱਚ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ–

1. ਇਹ ਇਕ ਸਿੱਧੀ ਜਾਂ ਸਰਲ ਰੇਖਾ ਹੋਵੇਗੀ।
2. ਇਸ ਦੀ ਢਲਾਣ ਰਣਾਤਮਕ ਹੋਵੇਗੀ।
3. ਇਸ ਦੀ ਢਲਾਣ ਦੋ ਵਸਤੂਆਂ ਜਾਂ ਸੰਤਰਿਆਂ ਅਤੇ ਸੇਬਾਂ ਦੀਆਂ ਕੀਮਤਾਂ ਦੇ ਅਨੁਪਾਤ ਦੇ ਰਣਾਤਮਕ ਉਲਟ (Negative Inverse) ਦੇ ਬਰਾਬਰ = $(-)\ \frac{pa}{po}$ ਹੋਵੇਗਾ।
4. ਜੇਕਰ ਦੋ ਬਜਟ ਰੇਖਾਵਾਂ ਵਸਤੂਆਂ ਦੀਆਂ ਬਰਾਬਰ ਕੀਮਤਾਂ ਪਰ ਆਮਦਨ ਦੇ ਵੱਖ-ਵੱਖ ਪੱਧਰਾਂ ਨੂੰ ਪ੍ਰਦਰਸ਼ਿਤ ਕਰਦੀ ਹੈ, ਉਦੋਂ ਦੋਵੇਂ ਰੇਖਾਵਾਂ ਸਮਾਨਾਂਤਰ (Parallel) ਹੋਵੇਗੀ।

4.13 ਬਜਟ ਰੇਖਾ ਜਾਂ ਕੀਮਤ ਰੇਖਾ ਦੀ ਤਬਦੀਲੀ (Shifting of the Budget Line or Price Line)

ਬਜਟ ਰੇਖਾ ਦੀ ਸਥਿਤੀ ਅਤੇ ਢਲਾਣ ਦੋ ਤੱਤਾਂ 'ਤੇ ਨਿਰਭਰ ਕਰਦੀ ਹੈ– (1) ਉਪਭੋਗਤਾ ਦੀ ਆਮਦਨ ਅਤੇ (2) ਉਨ੍ਹਾਂ ਦੋ ਵਸਤੂਆਂ ਦੀ ਕੀਮਤ ਜਿਨ੍ਹਾਂ ਨੂੰ ਉਪਭੋਗਤਾ ਖਰੀਦਣਾ ਚਾਹੁੰਦਾ ਹੈ। ਬਜਟ ਰੇਖਾ ਵਿੱਚ ਹੇਠ ਲਿਖੇ ਤਰ੍ਹਾਂ ਦੇ ਪਰਿਵਰਤਨ ਹੋ ਸਕਦੇ ਹਨ–

1. **ਆਮਦਨ ਵਿੱਚ ਪਰਿਵਰਤਨ (Change in Income)**- ਜੇਕਰ ਦੋਵਾਂ ਵਸਤੂਆਂ ਦੀਆਂ ਕੀਮਤਾਂ ਵਿੱਚ ਪਰਿਵਰਤਨ ਨਹੀਂ ਹੁੰਦਾ, ਉਦੋਂ **ਆਮਦਨ ਵਧਣ ਨਾਲ ਬਜਟ ਰੇਖਾ ਉਪਰ ਵੱਲ ਖਿਸਕ ਜਾਵੇਗੀ ਅਤੇ ਆਮਦਨ ਦੇ ਘੱਟ ਹੋਣ ਨਾਲ ਬਜਟ ਰੇਖਾ ਹੇਠਾਂ ਵੱਲ ਖਿਸਕ ਜਾਵੇਗੀ।** ਹੋਰ ਸ਼ਬਦਾਂ ਵਿੱਚ, ਜਦੋਂ ਦੋਵਾਂ ਵਸਤੂਆਂ ਦੀਆਂ ਕੀਮਤਾਂ ਸਥਿਰ ਰਹਿੰਦੀਆਂ ਹਨ ਪਰ ਉਪਭੋਗਤਾ ਦੀ ਆਮਦਨ ਵਿੱਚ ਪਰਿਵਰਤਨ ਆ ਜਾਂਦਾ ਹੈ, ਉਦੋਂ ਬਜਟ ਰੇਖਾ ਦੀ ਸਥਿਤੀ ਵਿੱਚ ਪਰਿਵਰਤਨ ਆ ਜਾਂਦਾ ਹੈ ਪਰ ਢਲਾਣ ਵਿੱਚ ਕੋਈ ਪਰਿਵਰਤਨ ਨਹੀਂ ਆਉਂਦਾ। ਚਿੱਤਰ 4.17 ਤੋਂ ਪਤਾ ਲੱਗਦਾ ਹੈ ਕਿ ਜਦੋਂ ਉਪਭੋਗਤਾ ਦੀ ਆਮਦਨ 4.00 ਰੁਪਏ ਸੀ ਤਾਂ ਉਹ AB ਰੇਖਾ ਨਾਲ ਪ੍ਰਗਟ ਕੀਤੇ ਗਏ ਸੇਬਾਂ ਅਤੇ ਸੰਤਰਿਆਂ ਦੇ ਸੰਜੋਗ ਖਰੀਦ ਸਕਦਾ ਸੀ। ਜੇਕਰ ਉਪਭੋਗਤਾ ਦੀ ਆਮਦਨ ਵੱਧ ਕੇ 5.00 ਰੁਪਏ ਹੋ ਜਾਂਦੀ ਹੈ ਅਤੇ ਸੇਬਾਂ ਤੇ ਸੰਤਰਿਆਂ

ਦੀਆਂ ਕੀਮਤਾਂ ਉਹੀ ਰਹਿੰਦੀਆਂ ਹਨ ਤਾਂ ਉਪਭੋਗਤਾ ਸੇਬ ਅਤੇ ਸੰਤਰੇ ਦੋਵਾਂ ਹੀ ਵਸਤੂਆਂ ਪਹਿਲਾਂ ਤੋਂ ਜ਼ਿਆਦਾ ਖਰੀਦ ਸਕੇਗਾ। ਹੁਣ ਉਹ 4 ਸੇਬਾਂ ਦੀ ਜਗ੍ਹਾ 'ਤੇ ਜ਼ਿਆਦਾ ਤੋਂ ਜ਼ਿਆਦਾ 5 ਸੇਬ ਅਤੇ 8 ਸੰਤਰਿਆਂ ਦੀ ਜਗ੍ਹਾ 'ਤੇ ਜ਼ਿਆਦਾ ਤੋਂ ਜ਼ਿਆਦਾ 10 ਸੰਤਰੇ ਖਰੀਦ ਸਕੇਗਾ। **ਆਮਦਨ ਵਧਣ ਨਾਲ ਬਜਟ ਰੇਖਾ**

ਨੋਟ



ਚਿੱਤਰ 4.17

ਸੱਜੇ ਪਾਸੇ ਖਿਸਕ ਕੇ CD ਹੋ ਜਾਵੇਗੀ। ਇਸੇ ਤਰ੍ਹਾਂ ਆਮਦਨ ਦੇ ਘੱਟ ਹੋਣ ਨਾਲ ਬਜਟ ਰੇਖਾ ਹੇਠਾਂ ਖੱਬੇ ਪਾਸੇ ਖਿਸਕ ਕੇ EF ਹੋ ਜਾਵੇਗੀ ਪਰ ਇਸ ਦੀ ਢਲਾਣ ਬਰਾਬਰ ਰਹੇਗੀ। ਲਿਪਸੀ ਦੇ ਸ਼ਬਦਾਂ ਵਿੱਚ, ''ਇਹ ਘਰ ਦੇ ਮਾਲਕ ਦੀ ਆਮਦਨ ਵਿੱਚ ਪਰਿਵਰਤਨ ਹੋਣ ਨਾਲ ਬਜਟ ਰੇਖਾ ਵਿੱਚ ਸਮਾਨਾਂਤਰ ਖਿਸਕਾਵ ਹੋਵੇਗਾ। ਆਮਦਨ ਵਧਣ 'ਤੇ ਬਜਟ ਰੇਖਾ ਬਾਹਰ ਵੱਲ ਅਤੇ ਆਮਦਨ ਘੱਟ ਹੋਣ 'ਤੇ ਇਹ ਅੰਦਰ ਵੱਲ ਖਿਸਕੇਗੀ।'' (A change in household's income shifts the budget line parallel to itself, outwards when income prises and inwards when income falls. **—Lipsey**)

2. **ਸਾਰੀਆਂ ਕੀਮਤਾਂ ਵਿੱਚ ਅਨੁਪਾਤਿਕ ਪਰਿਵਰਤਨ (A Proportionate Change in All Prices)**- ਜਦੋਂ ਮੌਦ੍ਰਿਕ ਆਮਦਨ ਦੇ ਸਥਿਰ ਰਹਿਣ 'ਤੇ ਸਾਰੀਆਂ ਕੀਮਤਾਂ ਵਿੱਚ ਇਕ ਹੀ ਅਨੁਪਾਤ ਵਿੱਚ ਪਰਿਵਰਤਨ ਹੁੰਦਾ ਹੈ, ਉਦੋਂ ਬਜਟ ਰੇਖਾ ਵਿੱਚ ਸਮਾਨਾਂਤਰ ਖਿਸਕਾਵ ਹੁੰਦਾ ਹੈ। ਕੀਮਤਾਂ ਵਧਣ ਨਾਲ ਇਹ ਮੂਲ ਬਿੰਦੂ ਵੱਲ ਅਤੇ ਕੀਮਤਾਂ ਘਟਣ 'ਤੇ ਇਹ ਮੂਲ ਬਿੰਦੂ ਤੋਂ ਦੂਰ ਖਿਸਕਦੀ ਹੈ।



ਚਿੱਤਰ 4.18

ਨੋਟ

ਅਤੇ ਕੀਮਤਾਂ ਵਿੱਚ ਅਨੁਪਾਤਿਕ ਪਰਿਵਰਤਨ ਦੇ ਫਲਸਰੂਪ ਬਜਟ ਰੇਖਾ ਦੀ ਸਥਿਤੀ ਵਿੱਚ ਪਰਿਵਰਤਨ ਆਵੇਗਾ ਪਰ ਬਜਟ ਰੇਖਾ ਦੀ ਢਲਾਣ ਵਿੱਚ ਪਰਿਵਰਤਨ ਨਹੀਂ ਆਏਗਾ। ਕੀਮਤਾਂ ਦੇ ਘਟਣ 'ਤੇ ਇਹ ਉਪਰ ਵੱਲ ਅਤੇ ਕੀਮਤਾਂ ਦੇ ਵਧਣ ਨਾਲ ਇਹ ਹੇਠਾਂ ਜਾਂ ਪਿੱਛੇ ਵੱਲ ਖਿਸਕੇਗੀ। ਇਸ ਦਾ ਉਹੀ ਪ੍ਰਭਾਵ ਪਵੇਗਾ ਜੋ ਅਸਲੀ ਆਮਦਨ ਵਿੱਚ ਪਰਿਵਰਤਨ ਦਾ ਪ੍ਰਭਾਵ ਪੈਂਦਾ ਹੈ। ਚਿੱਤਰ 4.18 ਵਿੱਚ ਪ੍ਰਗਟ ਹੁੰਦਾ ਹੈ ਕਿ ਜਦੋਂ ਉਪਭੋਗਤਾ ਦੀ ਆਮਦਨ 4 ਰੁਪਏ ਅਤੇ ਸੇਬਾਂ ਦੀ ਕੀਮਤ 1 ਰੁਪਿਆ ਪ੍ਰਤੀ ਸੇਬ ਅਤੇ ਸੰਤਰਿਆਂ ਦੀ ਕੀਮਤ 50 ਪੈਸੇ ਪ੍ਰਤੀ ਸੰਤਰਾ ਸੀ, ਉਦੋਂ ਬਜਟ ਰੇਖਾ AB ਸੀ। ਜਦੋਂ ਸੇਬਾਂ ਅਤੇ ਸੰਤਰਿਆਂ ਦੀਆਂ ਕੀਮਤਾਂ ਵਿੱਚ 50 ਪ੍ਰਤੀਸ਼ਤ ਕਮੀ ਆ ਜਾਂਦੀ ਹੈ ਅਤੇ ਆਮਦਨ ਸਥਿਰ ਰਹਿੰਦੀ ਹੈ, ਉਦੋਂ ਬਜਟ ਰੇਖਾ ਉਪਰ ਵੱਲ ਖਿਸਕ ਕੇ CD ਹੋ ਜਾਵੇਗੀ। ਇਸ ਦੇ ਉਲਟ ਜਦੋਂ ਦੋਵਾਂ ਵਸਤੂਆਂ ਦੀਆਂ ਕੀਮਤਾਂ ਵਿੱਚ ਸਮਾਨ ਅਨੁਪਾਤ ਵਿੱਚ ਵਾਧਾ ਹੁੰਦਾ ਹੈ, ਉਦੋਂ ਬਜਟ ਰੇਖਾ ਪਿੱਛੇ ਵੱਲ ਖਿਸਕ ਕੇ EF ਹੋ ਜਾਵੇਗੀ।

3. **ਕੇਵਲ ਇਕ ਵਸਤੂ ਦੀ ਕੀਮਤ ਵਿੱਚ ਪਰਿਵਰਤਨ** (Change in the Price of One Commodity only)– ਜਦੋਂ ਉਪਭੋਗਤਾ ਦੀ ਆਮਦਨ ਅਤੇ ਇਕ ਵਸਤੂ ਦੀ ਕੀਮਤ ਸਥਿਰ ਰਹਿੰਦੀ ਹੈ ਪਰ ਦੂਸਰੀ ਵਸਤੂ ਦੀ ਕੀਮਤ ਵਿੱਚ ਪਰਿਵਰਤਨ ਆਉਂਦਾ ਹੈ, **ਉਦੋਂ ਬਜਟ ਰੇਖਾ ਦੀ ਢਲਾਣ ਵਿੱਚ ਵੀ ਪਰਿਵਰਤਨ ਆ ਜਾਂਦਾ ਹੈ।** ਇਸ ਦਾ ਪ੍ਰਭਾਵ ਇਹ ਹੋਵੇਗਾ ਕਿ ਕੀਮਤ ਰੇਖਾ ਦਾ ਇਕ ਸਿਰਾ ਆਪਣੇ ਪਹਿਲੇ ਸਥਾਨ 'ਤੇ ਹੀ ਬਣਿਆ ਰਹੇਗਾ ਪਰ ਜਿਸ ਵਸਤੂ ਦੀ ਕੀਮਤ ਵਿੱਚ ਪਰਿਵਰਤਨ ਆਇਆ ਹੈ, ਉਸ ਵਸਤੂ ਵਾਲਾ ਸਿਰਾ, ਜੇਕਰ ਕੀਮਤ ਵੱਧਦੀ ਹੈ ਤਾਂ ਆਪਣੇ ਅਰੰਭਿਕ ਸਥਾਨ ਤੋਂ ਪਿੱਛੇ ਜਾਂ ਮੂਲ ਬਿੰਦੂ ਵੱਲ ਖਿਸਕ ਜਾਵੇਗਾ ਪਰ ਜੇਕਰ ਕੀਮਤ ਘੱਟ ਹੁੰਦੀ ਹੈ ਤਾਂ ਆਪਣੇ ਅਰੰਭਿਕ ਸਥਾਨ ਤੋਂ ਅੱਗੇ ਜਾਂ X- ਅਕਸ਼ 'ਤੇ ਅੱਗੇ ਵੱਲ ਖਿਸਕ ਜਾਵੇਗਾ। ਚਿੱਤਰ 4.19 ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਜੇਕਰ ਸੇਬਾਂ ਦੀ ਕੀਮਤ ਘੱਟ ਹੋ ਜਾਵੇ ਪਰ ਉਪਭੋਗਤਾ ਦੀ ਆਮਦਨ ਅਤੇ ਸੰਤਰਿਆਂ ਦੀ ਕੀਮਤ ਬਰਾਬਰ ਰਹੇ, ਉਦੋਂ ਬਜਟ ਰੇਖਾ ਆਪਣੇ ਪਹਿਲੇ ਸਥਾਨ AB ਤੋਂ ਹਟ ਕੇ AC ਹੋ ਜਾਵੇਗੀ। ਇਸ ਨਵੀਂ ਸਥਿਤੀ ਵਿੱਚ ਉਪਭੋਗਤਾ ਜ਼ਿਆਦਾ ਸੇਬ ਖਰੀਦਣ ਦੇ ਯੋਗ ਹੋ ਜਾਵੇਗਾ। ਜੇਕਰ ਸੇਬਾਂ ਦੀ ਕੀਮਤ ਵਧ ਕੇ 2 ਰੁਪਏ ਪ੍ਰਤੀ ਸੇਬ ਹੋ ਜਾਂਦੀ ਹੈ, ਉਦੋਂ ਬਜਟ ਰੇਖਾ ਪਿੱਛੇ ਵੱਲ ਖਿਸਕ ਕੇ AD ਹੋ ਜਾਵੇਗੀ। ਹੁਣ ਉਪਭੋਗਤਾ ਘੱਟ ਸੇਬ ਖਰੀਦ ਸਕੇਗਾ।



ਚਿੱਤਰ 4.19



ਚਿੱਤਰ 4.20

ਹੁਣ ਮੰਨ ਕਿ ਸੇਬਾਂ ਦੀ ਕੀਮਤ ਸਥਿਰ ਰਹਿੰਦੀ ਹੈ ਪਰ ਸੰਤਰਿਆਂ ਦੀ ਕੀਮਤ ਵਿੱਚ ਪਰਿਵਰਤਨ ਆਉਂਦਾ ਹੈ। ਇਹ ਮੰਨ ਲਿਆ ਜਾਂਦਾ ਹੈ ਕਿ ਉਪਭੋਗਤਾ ਦੀ ਆਮਦਨ 4.00 ਰੁਪਏ ਸਥਿਰ ਰਹਿੰਦੀ ਹੈ। ਜਿਵੇਂ ਕਿ ਚਿੱਤਰ 4.20 ਵਿੱਚ ਦਿਖਾਇਆ ਗਿਆ ਹੈ ਕਿ ਅਰੰਭਿਕ ਬਜਟ ਰੇਖਾ AB ਹੈ। ਸੰਤਰਿਆਂ ਦੀਆਂ ਕੀਮਤਾਂ ਵਿੱਚ ਗਿਰਾਵਟ ਆਉਣ ਨਾਲ ਬਜਟ ਰੇਖਾ ਖਿਸਕ ਕੇ AC ਹੋ ਜਾਵੇਗੀ। ਜੋ ਇਹ ਪ੍ਰਗਟ ਕਰੇਗੀ ਕਿ ਉਪਭੋਗਤਾ ਆਪਣੀ ਬਰਾਬਰ ਆਮਦਨ ਦੇ ਪੱਧਰ ਤੋਂ ਜਦੋਂ ਜ਼ਿਆਦਾ ਸੰਤਰੇ ਖਰੀਦ ਸਕਦਾ ਹੈ, ਇਸ ਦੇ ਉਲਟ ਜੇਕਰ ਸੰਤਰਿਆਂ ਦੀ ਕੀਮਤ ਵਿੱਚ ਵਾਧਾ ਹੁੰਦਾ ਹੈ, ਉਦੋਂ ਬਜਟ ਰੇਖਾ ਪਿੱਛੇ ਵੱਲ ਖਿਸਕ ਕੇ AD ਹੋ ਜਾਵੇਗੀ ਜੋ ਇਹ ਸੰਕੇਤ ਦੇਵੇਗੀ ਕਿ ਉਪਭੋਗਤਾ ਆਪਣੀ ਸਥਿਰ ਆਮਦਨ ਤੋਂ ਹੁਣ ਸੰਤਰਿਆਂ ਦੀ ਘੱਟ ਸੰਖਿਆ ਖਰੀਦ ਸਕਦਾ ਹੈ। ਸੰਖੇਪ ਵਿੱਚ **ਹੋਰ ਗੱਲਾਂ ਬਰਾਬਰ ਰਹਿਣ 'ਤੇ ਦੋ ਵਸਤੂਆਂ ਵਿੱਚੋਂ ਇਕ ਵਸਤੂ ਦੀ ਕੀਮਤ ਵਿੱਚ ਪਰਿਵਰਤਨ ਹੋਣ ਦੇ ਫਲਸਰੂਪ ਬਜਟ ਰੇਖਾ ਦੀ ਢਲਾਣ ਵਿੱਚ ਪਰਿਵਰਤਨ ਹੁੰਦਾ ਹੈ।**

4.14 ਉਪਭੋਗਤਾ ਸੰਤੁਲਨ (Consumer's Equilibrium)

ਨੋਟ

ਹਰੇਕ ਉਪਭੋਗਤਾ ਆਪਣੇ ਇਕ ਨਿਸ਼ਚਿਤ ਖਰਚ ਤੋਂ ਜ਼ਿਆਦਾ ਸੰਤੁਸ਼ਟੀ ਪ੍ਰਾਪਤ ਕਰਨਾ ਚਾਹੁੰਦਾ ਹੈ। ਇਕ ਉਪਭੋਗਤਾ ਤਟਸਥਤਾ ਵਕ੍ਰ ਵਿਸ਼ਲੇਸ਼ਣ ਦੀ ਸਹਾਇਤਾ ਨਾਲ ਇਹ ਪਤਾ ਲਗਾ ਸਕਦਾ ਹੈ ਕਿ ਵੱਖ-ਵੱਖ ਵਸਤੂਆਂ ਦੇ ਸੰਜੋਗਾਂ 'ਤੇ ਉਸ ਨੂੰ ਆਪਣੀ ਸੀਮਿਤ ਆਮਦਨ ਇਸ ਤਰ੍ਹਾਂ ਖਰਚ ਕਰਨੀ ਹੋਵੇਗੀ, ਜਿਸ ਤੋਂ ਕਿ ਉਹ ਜ਼ਿਆਦਾ ਸੰਤੁਸ਼ਟੀ ਪ੍ਰਾਪਤ ਕਰ ਸਕੇ। ਜਦੋਂ ਉਪਭੋਗਤਾ ਆਪਣੀ ਸੀਮਿਤ ਆਮਦਨ ਤੋਂ ਜ਼ਿਆਦਾ ਸੰਤੁਸ਼ਟੀ ਪ੍ਰਾਪਤ ਕਰ ਰਿਹਾ ਹੁੰਦਾ ਹੈ ਤਾਂ ਇਸ ਸਥਿਤੀ ਨੂੰ ਉਪਭੋਗਤਾ ਸੰਤੁਲਨ ਦੀ ਸਥਿਤੀ ਕਿਹਾ ਜਾਂਦਾ ਹੈ। **ਉਪਭੋਗਤਾ ਸੰਤੁਲਨ ਤੋਂ ਮਤਲਬ ਅਜਿਹੀ ਸਥਿਤੀ ਨਾਲ ਹੈ, ਜਿਸ ਵਿੱਚ ਉਪਭੋਗਤਾ ਇਕ ਨਿਸ਼ਚਿਤ ਆਮਦਨ ਅਤੇ ਨਿਸ਼ਚਿਤ ਕੀਮਤਾਂ 'ਤੇ ਵਸਤੂਆਂ ਅਤੇ ਸੇਵਾਵਾਂ ਦਾ ਇਕ ਅਜਿਹਾ ਸੰਜੋਗ ਖਰੀਦਦਾ ਹੈ, ਜਿਸ ਤੋਂ ਉਸ ਨੂੰ ਜ਼ਿਆਦਾ ਸੰਤੁਸ਼ਟੀ ਪ੍ਰਾਪਤ ਹੋ ਰਹੀ ਹੋਵੇ ਅਤੇ ਉਹ ਉਸ ਵਿੱਚ ਕਿਸੇ ਵੀ ਤਰ੍ਹਾਂ ਦਾ ਪਰਿਵਰਤਨ ਕਰਨ ਦਾ ਇਛੁੱਕ ਨਾ ਹੋਵੇ।**

ਕੌਤਸੁਵਯਾਨੀ ਦੇ ਸ਼ਬਦਾਂ ਵਿੱਚ, **''ਉਪਭੋਗਤਾ ਉਸ ਸਮੇਂ ਸੰਤੁਲਨ ਵਿੱਚ ਹੁੰਦਾ ਹੈ, ਜਦੋਂ ਉਹ ਆਪਣੀ ਨਿਸ਼ਚਿਤ ਆਮਦਨ ਅਤੇ ਬਾਜ਼ਾਰ ਕੀਮਤਾਂ 'ਤੇ ਆਪਣੀ ਸੰਤੁਸ਼ਟੀ ਨੂੰ ਜ਼ਿਆਦਾ ਕਰਦਾ ਹੈ।''** (The Consumer is in equilibrium when he maximises his satisfaction given his income and the market prices. **—Koutsoyiannis**)

4.15 ਉਪਭੋਗਤਾ ਸੰਤੁਲਨ ਦੀਆਂ ਦੋ ਅਧਾਰਭੂਤ ਸ਼ਰਤਾਂ (Two Basic Conditions of Consumer's Equilibrium)

ਉਪਭੋਗਤਾ ਸੰਤੁਲਨ ਉਥੇ ਪਾਇਆ ਜਾਂਦਾ ਹੈ, ਜਿੱਥੇ ਬਜਟ ਰੇਖਾ ਅਤੇ ਉੱਤੋਦਰ ਤਟਸਥਤਾ ਵਕ੍ਰ ਦਰਮਿਆਨ ਛੂਹਣਾ (Tangency) ਪਾਇਆ ਜਾਂਦਾ ਹੈ।

ਕੌਤਸੁਵਯਾਨੀ ਦੇ ਅਨੁਸਾਰ, **''ਉਪਭੋਗਤਾ ਸੰਤੁਲਨ ਦੀਆਂ ਮੁੱਖ ਸ਼ਰਤਾਂ ਦੋ ਹਨ''**-

(i) ਕੀਮਤ ਰੇਖਾ ਤਟਸਥਤਾ ਵਕ੍ਰ ਦੀ ਛੂਹਣ ਰੇਖਾ (Tangent) ਹੋਣੀ ਚਾਹੀਦੀ ਹੈ ਜਾਂ X ਦੇ ਲਈ Y ਦੀ ਕੀਮਤ ਸੀਮਿਤ ਪ੍ਰਤੀਸਥਾਪਨ ਦੀ ਦਰ, ਉਨ੍ਹਾਂ ਦੀਆਂ ਕੀਮਤਾਂ ਦੇ ਅਨੁਪਾਤਾਂ ਦੇ ਬਰਾਬਰ ਹੋਵੇ। MRSxy = $\frac{3}{4}$.

(ii) ਤਟਸਥਤਾ ਵਕ੍ਰ ਮੂਲ ਬਿੰਦੂ ਵੱਲ ਉੱਤੋਦਰ ਹੋਣੀ ਚਾਹੀਦੀ ਹੈ।

(i) **ਬਜਟ ਰੇਖਾ ਅਤੇ ਕੀਮਤ ਰੇਖਾ ਤਟਸਥਤਾ ਵਕ੍ਰ ਦੀ ਛੂਹਣ ਰੇਖਾ ਹੋਣੀ ਚਾਹੀਦੀ ਹੈ।** (Budget Line or Price Line should be Tangent to Indifference Curve)– ਚਿੱਤਰ 4.21 ਵਿੱਚ AB ਬਜਟ ਜਾਂ ਕੀਮਤ ਰੇਖਾ ਹੈ। IC_1, IC_2 ਅਤੇ IC_3 ਤਟਸਥਤਾ ਵਕ੍ਰ ਹਨ। ਇਕ ਉਪਭੋਗਤਾ AB ਕੀਮਤ ਰੇਖਾ 'ਤੇ ਪ੍ਰਗਟ ਸੇਬਾਂ ਅਤੇ ਸੰਤਰਿਆਂ ਦੇ A,B,C, D ਅਤੇ E ਕਿਸੇ ਵੀ ਸੰਜੋਗ ਨੂੰ ਖਰੀਦ ਸਕਦਾ ਹੈ। ਉਹ IC_3 'ਤੇ ਕੋਈ ਵੀ ਸੰਜੋਗ ਨਹੀਂ ਹੋ ਸਕਦਾ, ਕਿਉਂਕਿ ਉਹ ਕੀਮਤ ਰੇਖਾ AB ਤੋਂ ਦੂਰ ਹੈ। ਉਹ ਉਨ੍ਹਾਂ ਸੰਜੋਗਾਂ ਨੂੰ ਖਰੀਦ ਸਕਦਾ ਹੈ ਜੋ ਨਾ ਕੇਵਲ ਕੀਮਤ ਰੇਖਾ AB 'ਤੇ ਸਥਿਤ ਹੈ, ਬਲਕਿ ਉਸ ਨਾਲ ਸਬੰਧਿਤ ਸਭ ਤੋਂ ਉਚੇ ਤਟਸਥਤਾ ਵਕ੍ਰ 'ਤੇ ਹੈ। ਇੱਥੇ ਇਹ ਵਕ੍ਰ IC_2 ਹੈ। A,B,C,D ਅਤੇ E ਸੰਜੋਗਾਂ ਵਿੱਚੋਂ ਉਪਭੋਗਤਾ **D ਸੰਜੋਗ (4 ਸੰਤਰੇ + 2 ਸੇਬ) 'ਤੇ ਸੰਤੁਲਨ ਦੀ ਸਥਿਤੀ** ਵਿੱਚ ਹੋਵੇਗਾ, ਕਿਉਂਕਿ ਇਸ ਬਿੰਦੂ 'ਤੇ ਕੀਮਤ ਰੇਖਾ (AB) ਸਭ ਤੋਂ ਉਚੇ ਤਟਸਥਤਾ ਵਕ੍ਰ IC_2 ਦੀ ਛੂਹਣ ਰੇਖਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਉਪਭੋਗਤਾ 'C' ਜਾਂ 'E' ਸੰਜੋਗਾਂ ਨੂੰ ਵੀ ਖਰੀਦ ਸਕਦਾ ਹੈ। ਪਰ ਇਹ ਉਸ ਨੂੰ ਜ਼ਿਆਦਾ ਸੰਤੁਸ਼ਟੀ ਪ੍ਰਦਾਨ ਨਹੀਂ ਕਰਨਗੇ, ਕਿਉਂਕਿ ਇਹ ਹੇਠਲੀ ਤਟਸਥਤਾ ਵਕ੍ਰ IC_1 'ਤੇ ਸਥਿਤ ਹੈ। ਇਸ ਦਾ ਅਰਥ ਇਹ ਹੋਇਆ ਕਿ ਕੀਮਤ ਰੇਖਾ ਅਤੇ ਤਟਸਥਤਾ ਵਕ੍ਰ ਦਾ **ਛੂਹਣ ਰੇਖਾ ਬਿੰਦੂ** (Point of Tangency) ਉਪਭੋਗਤਾ ਦਾ ਸੰਤੁਲਨ ਬਿੰਦੂ ਹੈ। **ਵਾਟਸਨ** ਦੇ ਸ਼ਬਦਾਂ ਵਿੱਚ, **''ਜਦੋਂ ਉਪਭੋਗਤਾ ਸੰਤੁਲਨ ਦੀ ਸਥਿਤੀ ਵਿੱਚ ਹੁੰਦਾ ਹੈ, ਉਸ ਦੀ ਸਭ ਤੋਂ ਉਚੀ ਪ੍ਰਾਪਤ ਹੋਣ ਯੋਗ ਤਟਸਥਤਾ ਵਕ੍ਰ ਬਜਟ ਰੇਖਾ ਦੀ ਛੂਹਣ ਰੇਖਾ ਹੁੰਦੀ ਹੈ।''** (When Consumer is in equilibrium, his highest attainable indifference curve is tangent to budget line. **- Watson**) ਸੰਤੁਲਨ ਬਿੰਦੂ 'D' 'ਤੇ ਕੀਮਤ ਰੇਖਾ ਅਤੇ ਤਟਸਥਤਾ ਵਕ੍ਰ ਦੀ ਢਲਾਣ ਇਕ-ਦੂਸਰੇ ਦੇ ਬਰਾਬਰ ਹੈ। ਤਟਸਥਤਾ ਵਕ੍ਰ ਦੀ ਢਲਾਣ X ਵਸਤੂ ਦੀ Y ਦੀ ਵਸਤੂ ਦੇ ਲਈ ਬਰਾਬਰ ਪ੍ਰਤੀਸਥਾਪਨ ਦਰ (MRS_{xy}) ਹੈ ਅਤੇ ਕੀਮਤ ਰੇਖਾ ਦੀ ਢਲਾਣ X- ਵਸਤੂ ਦੀ ਕੀਮਤ P_x ਅਤੇ Y- ਵਸਤੂ ਦੀ ਕੀਮਤ P_y ਦਾ ਅਨੁਪਾਤ ਹੈ।

ਨੋਟ



ਚਿੱਤਰ 4.21

ਸੰਤੁਲਨ ਦੀ ਸਥਿਤੀ ਵਿੱਚ–

Slope of Indifference Curve = Slope of Budget of Price Line or $MRS_{xy} = \frac{P_x}{P_y}$

ਸੰਖੇਪ ਵਿੱਚ ਉਪਭੋਗਤਾ ਸੰਤੁਲਨ ਦੀ ਪਹਿਲੀ ਸ਼ਰਤ ਇਹ ਹੈ ਕਿ ਕੀਮਤ ਰੇਖਾ ਤਟਸਥਤਾ ਵਕ੍ਰ ਦੀ ਛੂਹਣ ਰੇਖਾ ਹੋਣੀ ਚਾਹੀਦੀ ਹੈ ਅਤੇ X- ਵਸਤੂ ਦੇ ਲਈ Y- ਵਸਤੂ ਦੀ ਸੀਮਿਤ ਪ੍ਰਤੀਸਥਾਪਨ ਦੀ ਦਰ ਅਤੇ X ਅਤੇ Y ਵਸਤੂਆਂ ਦੀਆਂ ਕੀਮਤਾਂ ਦਾ ਅਨੁਪਾਤ ਬਰਾਬਰ ਹੋਣਾ ਚਾਹੀਦਾ ਹੈ।

(ii) **ਤਟਸਥਤਾ ਵਕ੍ਰ ਮੂਲ ਬਿੰਦੂ ਵੱਲ ਉੱਤੋਦਰ ਹੋਣੀ ਚਾਹੀਦੀ ਹੈ** (**Indifference Curve must be Convex to the Origin**)- ਸੰਤੁਲਨ ਦੀ ਦੂਸਰੀ ਸ਼ਰਤ ਇਹ ਹੈ ਕਿ ਸੰਤੁਲਨ ਬਿੰਦੂ 'ਤੇ ਤਟਸਥਤਾ ਵਕ੍ਰ ਮਿਲ ਬਿੰਦੂ ਵੱਲ ਉੱਤੋਦਰ ਹੋਣੀ ਚਾਹੀਦੀ ਹੈ। ਇਸ ਦਾ ਅਰਥ ਇਹ ਹੈ ਕਿ X- ਵਸਤੂ ਦੀ Y- ਵਸਤੂ ਦੇ ਲਈ ਸੀਮਿਤ ਪ੍ਰਤੀਸਥਾਪਨ ਦਰ ਘਟਦੀ ਹੋਈ ਹੋਣੀ ਚਾਹੀਦੀ ਹੈ। ਜੇਕਰ ਸੰਤੁਲਨ ਬਿੰਦੂ 'ਤੇ ਤਟਸਥਤਾ ਵਕ੍ਰ **ਉੱਤੋਦਰ** (Convex) ਨਾ ਹੋ ਕੇ **ਨਤੋਦਰ** (Concave) ਹੈ ਤਾਂ ਇਹ ਸੰਤੁਲਨ ਦੀ ਸਥਾਈ ਸਥਿਤੀ ਨਹੀਂ ਹੋਵੇਗੀ। ਇਸ ਤੱਥ ਨੂੰ **ਹਿਕਸ** ਨੇ ਚਿੱਤਰ 4.22 ਨਾਲ ਸਪੱਸ਼ਟ ਕੀਤਾ ਹੈ।

ਚਿੱਤਰ 4.22 ਵਿੱਚ AB ਕੀਮਤ ਰੇਖਾ ਹੈ। IC_1 ਤਟਸਥਤਾ ਵਕ੍ਰ ਹੈ, ਬਿੰਦੂ 'E' 'ਤੇ ਕੀਮਤ ਰੇਖਾ AB ਤਟਸਥਤਾ ਵਕ੍ਰ IC_1 ਦੀ ਛੂਹਣ ਰੇਖਾ ਹੈ ਅਤੇ ਬਿੰਦੂ 'E' 'ਤੇ ਸੀਮਿਤ ਪ੍ਰਤੀਸਥਾਪਨ ਦੀ ਦਰ ਅਤੇ ਵਸਤੂਆਂ ਦੀਆਂ ਕੀਮਤਾਂ ਦਾ ਅਨੁਪਾਤ ਬਰਾਬਰ ਹੈ ਪਰ ਬਿੰਦੂ 'E' ਇਕ ਸਥਾਈ ਸੰਤੁਲਨ ਬਿੰਦੂ ਨਹੀਂ ਹੈ। ਇਸ ਬਿੰਦੂ 'ਤੇ ਸੀਮਿਤ ਪ੍ਰਤੀਸਥਾਪਨ ਦੀ ਦਰ ਘੱਟਦੀ ਹੋਈ ਨਹੀਂ, ਬਲਕਿ ਵੱਧਦੀ ਹੋਈ ਹੈ ਅਤੇ ਬਿੰਦੂ E 'ਤੇ ਤਟਸਥਤਾ ਵਕ੍ਰ ਮੂਲ ਬਿੰਦੂ O ਵੱਲ ਨਤੋਦਰ (Concave) ਹੈ ਅਤੇ ਇਸ ਲਈ ਸੰਤੁਲਨ ਦੀ ਦੂਸਰੀ ਸ਼ਰਤ ਦਾ ਇਹ ਉਲੰਘਣ ਹੈ। ਇਸ ਦਾ ਅਰਥ ਇਹ ਹੋਇਆ ਕਿ ਬਿੰਦੂ E ਤੋਂ ਖੱਜੇ ਜਾਂ ਖੱਬੇ ਹਟਣ 'ਤੇ ਉਪਭੋਗਤਾ ਉੱਚੀ ਤਟਸਥਤਾ ਵਕ੍ਰ 'ਤੇ ਪਹੁੰਚ ਜਾਵੇਗੀ ਅਤੇ ਬਿੰਦੂ E ਬਿੰਦੂ 'ਤੇ ਸੰਤੁਲਨ ਸਥਾਈ ਨਹੀਂ ਹੋਵੇਗਾ। ਸਥਾਨਕ ਬਿੰਦੂ E ਚਿੱਤੇ ਹੋਏ ਵਕ੍ਰ 'ਤੇ ਜ਼ਿਆਦਾ ਸੰਤੁਸ਼ਟੀ ਨੂੰ ਪ੍ਰਗਟ ਨਹੀਂ ਕਰਦਾ। ਅਸਲ ਵਿੱਚ ਛੂਹਣ ਬਿੰਦੂ E ਹੇਠਲੇ ਤਟਸਥਤਾ ਵਕ੍ਰ 'ਤੇ ਨਿਊਨਤਮ ਸੰਤੁਸ਼ਟੀ ਦਾ ਬਿੰਦੂ ਹੋਵੇਗਾ। **ਜਦੋਂ ਕਿ ਸਭ ਤੋਂ ਉਚਾ ਤਟਸਥਤਾ ਵਕ੍ਰ ਬਜਟ ਰੇਖਾ ਦੇ ਤੀਸਰੇ ਵਾਲੇ ਬਿੰਦੂਆਂ ਵਿੱਚੋਂ ਇਕ ਬਿੰਦੂ 'ਤੇ ਹੋਵੇਗਾ।** (ਜਿਵੇਂ ਕਿ ਚਿੱਤਰ ਵਿੱਚ R ਬਿੰਦੂ ਤੋਂ ਪ੍ਰਗਟ ਹੁੰਦਾ ਹੈ)। ਬਜਟ ਰੇਖਾ AB 'ਤੇ ਖੱਬੇ ਜਾਂ ਸੱਜੇ ਵੱਲ ਖਿਸਕ ਕੇ ਉਚੇ ਤਟਸਥਤਾ ਵਕ੍ਰਾਂ ਨੂੰ ਉਦੋਂ ਤੱਕ ਪ੍ਰਾਪਤ ਕੀਤਾ ਜਾ ਸਕਦਾ ਹੈ, ਜਦੋਂ ਤੱਕ ਉਪਭੋਗਤਾ ਤਟਸਥਤਾ ਵਕ੍ਰ IC_2 ਦੇ ਬਿੰਦੂ R 'ਤੇ ਨਹੀਂ ਪਹੁੰਚ ਜਾਂਦਾ। ਜੇਕਰ ਬਿੰਦੂ **ਕਿਨਾਰੇ ਵਾਲੇ ਸੰਤੁਲਨ** (Corner Equilibrium) ਦੀ ਸਥਿਤੀ ਨੂੰ ਦੱਸਦਾ ਹੈ। ਹੋਰ ਸ਼ਬਦਾਂ ਵਿੱਚ, ਜੇਕਰ ਤਟਸਥਤਾ ਵਕ੍ਰ ਨਤੋਦਰ ਹੈ, ਉਦੋਂ ਸੰਤੁਲਨ ਦੀ ਸਥਿਤੀ ਇਕ ਕਿਨਾਰੇ ਅਤੇ ਦੂਸਰੇ ਕਿਨਾਰੇ 'ਤੇ ਹੋਵੇਗੀ ਜੋ ਇਹ ਪ੍ਰਗਟ ਕਰੇਗੀ ਕਿ ਕੇਵਲ ਇਕ ਹੀ ਵਸਤੂ ਦਾ ਉਪਭੋਗ ਹੋਵੇਗਾ। ਕਿਨਾਰੇ ਵਾਲੇ ਸੰਤੁਲਨ ਦੇ ਬਿੰਦੂ R 'ਤੇ ਉਪਭੋਗਤਾ ਕੇਵਲ ਸੇਬ ਹੀ ਖਰੀਦਦਾ ਹੈ, ਸੰਤਰੇ

ਨਹੀਂ ਅਤੇ ਉਪਭੋਗਤਾ ਸਥਿਰ ਸੰਤੁਲਨ ਉਦੋਂ ਹੀ ਪ੍ਰਾਪਤ ਕਰੇਗਾ, ਜਦੋਂ ਤਟਸਥਤਾ ਵਕ੍ਰ ਨਾ ਕੇਵਲ ਬਜਟ ਰੇਖਾ ਨੂੰ ਛੂਹ ਰਿਹਾ ਹੋਵੇ, ਬਲਕਿ ਮੂਲ ਬਿੰਦੂ ਵੱਲ ਨਤੋਦਰ ਵੀ ਹੋਵੇ। **ਨੋਟ**



ਚਿੱਤਰ 4.22

4.16 ਉਪਭੋਗਤਾ ਸੰਤੁਲਨ 'ਤੇ ਵਸਤੂ ਦੀ ਕੀਮਤ ਵਿੱਚ ਹੋਣ ਵਾਲੇ ਪਰਿਵਰਤਨ ਦਾ ਪ੍ਰਭਾਵ (Effect of Change in Commodity Price on Consumer's Equilibrium)

ਕਿਸੇ ਵਸਤੂ ਦੀ ਕੀਮਤ ਵਿੱਚ ਹੋਣ ਵਾਲੇ ਪਰਿਵਰਤਨ ਦਾ ਉਸ ਦੀ ਮੰਗੀ ਗਈ ਮਾਤਰਾ 'ਤੇ ਪੈਣ ਵਾਲਾ ਪ੍ਰਭਾਵ **ਕੀਮਤ ਪ੍ਰਭਾਵ** (Price Effect) ਅਖਵਾਉਂਦਾ ਹੈ। ਇਸ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ। (i) ਆਮਦਨ ਪ੍ਰਭਾਵ, (ii) ਪ੍ਰਤੀਸਥਾਪਨ ਪ੍ਰਭਾਵ

ਕੀਮਤ ਪ੍ਰਭਾਵ = ਆਮਦਨ ਪ੍ਰਭਾਵ ਅਤੇ ਪ੍ਰਤੀਸਥਾਪਨ ਪ੍ਰਭਾਵ

4.17 ਕੀਮਤ ਪ੍ਰਭਾਵ (Price Effect)

ਕੀਮਤ ਪ੍ਰਭਾਵ ਵਸਤੂਆਂ ਦੇ ਉਪਭੋਗ ਵਿੱਚ ਹੋਣ ਵਾਲੇ ਉਸ ਪਰਿਵਰਤਨ ਨੂੰ ਪ੍ਰਗਟ ਕਰਦਾ ਹੈ ਜੋ ਦੋ ਵਸਤੂਆਂ ਵਿੱਚੋਂ ਕਿਸੇ ਇਕ ਦੀ ਕੀਮਤ ਵਿੱਚ ਪਰਿਵਰਤਨ ਦੇ ਕਾਰਨ ਸੰਭਵ ਹੁੰਦਾ ਹੈ। ਜਦੋਂ ਕਿ ਦੂਸਰੀ ਵਸਤੂ ਦੀ ਕੀਮਤ ਅਤੇ ਉਪਭੋਗਤਾ ਦੀ ਆਮਦਨ ਸਥਿਰ ਰਹਿੰਦੀ ਹੈ। (The Price effect may be defined as the change in the consumption of the goods, when the price of either of the two goods changes while the price of the other goods and the income of the consumer remains constant.)

ਰਿਚਰਡ ਜੀ. ਲਿਪਸੀ ਦੇ ਸ਼ਬਦਾਂ ਵਿੱਚ, **''ਕੀਮਤ ਪ੍ਰਭਾਵ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਉਪਭੋਗਤਾ ਦੀ ਮੌਦ੍ਰਿਕ ਆਮਦਨ ਅਤੇ ਇਕ ਵਸਤੂ ਦੀ ਕੀਮਤ ਸਥਿਰ ਰਹਿਣ 'ਤੇ ਦੂਸਰੀ ਵਸਤੂ ਦੀ ਕੀਮਤ ਵਿੱਚ ਪਰਿਵਰਤਨ ਹੋਣ ਕਾਰਨ ਦੋਵਾਂ ਵਸਤੂਆਂ ਦੇ ਉਪਭੋਗ ਵਿੱਚ ਪਰਿਵਰਤਨ ਹੋਣ ਦਾ ਉਪਭੋਗਤਾ ਦੇ ਸੰਤੁਲਨ ਅਤੇ ਸੰਤੁਸ਼ਟੀ 'ਤੇ ਕਿੰਨਾ ਪ੍ਰਭਾਵ ਪੈਂਦਾ ਹੈ।''** (The price effect shows how much satisfaction of the consumer varies due to change in the consumption of two goods as the price of one changes, the price of the other and money income remains constant. **—Richard G. Lipsey**)

ਮੰਨ ਲਓ ਉਪਭੋਗਤਾ ਦੀ ਆਮਦਨ 4.00 ਰੁਪਏ ਸਥਿਰ ਰਹਿੰਦੀ ਹੈ ਅਤੇ ਸੰਤਰਿਆਂ ਦੀ ਕੀਮਤ 50 ਪੈਸੇ ਪ੍ਰਤੀ ਸੰਤਰਾ ਵੀ ਸਥਿਰ ਰਹਿੰਦੀ ਹੈ ਪਰ ਸੇਬਾਂ ਦੀ ਕੀਮਤ ਵਿੱਚ ਪਰਿਵਰਤਨ ਆਉਂਦਾ ਹੈ। ਸੇਬਾਂ ਦੀ ਕੀਮਤ ਨਾਲ ਪਰਿਵਰਤਨ ਵਿੱਚ ਉਪਭੋਗਤਾ ਦੇ ਸੰਤੁਲਨ 'ਤੇ ਪੈਣ ਵਾਲੇ ਪ੍ਰਭਾਵ ਨੂੰ **ਕੀਮਤ ਪ੍ਰਭਾਵ** ਕਿਹਾ ਜਾਂਦਾ ਹੈ। ਕੀਮਤ ਪ੍ਰਭਾਵ ਦੀ ਵਿਆਖਿਆ ਚਿੱਤਰ 4.23 ਦੀ ਸਹਾਇਤਾ ਨਾਲ ਕੀਤੀ ਜਾ ਸਕਦੀ ਹੈ। ਮੰਨ ਲਓ IC ਅਰੰਭਿਕ ਤਟਸਥਤਾ ਵਕ੍ਰ ਹੈ ਅਤੇ AB ਅਰੰਭਿਕ ਕੀਮਤ ਰੇਖਾ ਹੈ ਅਤੇ ਉਪਭੋਗਤਾ ਬਿੰਦੂ

ਨੋਟ

'E' 'ਤੇ ਸੰਤੁਲਨ ਵਿੱਚ ਹੈ। ਜਦੋਂ ਉਪਭੋਗਤਾ ਦੀ ਆਮਦਨ ਅਤੇ ਸੰਤਰਿਆਂ ਦੀ ਕੀਮਤ ਸਥਿਰ ਰਹਿੰਦੀ ਹੈ ਪਰ ਸੇਬਾਂ ਦੀ ਕੀਮਤ 1.00 ਰੁਪਿਆ ਪ੍ਰਤੀ ਸੇਬ ਤੋਂ ਘੱਟ ਹੋ ਕੇ 50 ਪੈਸੇ ਪ੍ਰਤੀ ਸੇਬ ਹੋ ਜਾਂਦੀ ਹੈ, ਉਦੋਂ ਨਵੀਂ ਕੀਮਤ ਰੇਖਾ AD ਬਣ ਜਾਂਦੀ ਹੈ। ਇਹ



ਚਿੱਤਰ 4.23

AD ਕੀਮਤ ਰੇਖਾ, ਉਚੀ ਤਟਸਥਤਾ ਵਕ੍ਰ IC_1 ਨੂੰ ਬਿੰਦੂ G 'ਤੇ ਛੂੰਹਦੀ ਹੈ। ਬਿੰਦੂ G ਨਵਾਂ ਸੰਤੁਲਨ ਬਿੰਦੂ ਹੈ। ਹੋਰ ਸ਼ਬਦਾਂ ਵਿੱਚ, ਸੇਬਾਂ ਦੇ ਲਈ ਮੰਗ ON ਤੋਂ ਵੱਧ ਕੇ OT ਹੋ ਜਾਵੇਗੀ ਅਤੇ ਸੇਬਾਂ ਦੀ ਮੰਗ ਵਿੱਚ NT ਦਾ ਵਾਧਾ ਹੋ ਜਾਵੇਗਾ, **ਜਿਸ ਨੂੰ ਕੀਮਤ ਵਿੱਚ ਕਮੀ ਦੇ ਕਾਰਨ 'ਕੀਮਤ ਪ੍ਰਭਾਵ'** (Price Effect a Fall in Price) ਕਿਹਾ ਜਾਵੇਗਾ। ਦੂਸਰੇ ਪਾਸੇ ਜੇਕਰ ਸੇਬਾਂ ਦੀ ਕੀਮਤ ਵੱਧ ਕੇ 2.00 ਰੁਪਏ ਪ੍ਰਤੀ ਸੇਬ ਹੋ ਜਾਂਦੀ ਹੈ, ਹੋਰ ਗੱਲਾਂ ਬਰਾਬਰ ਰਹਿਣ, ਉਦੋਂ ਕੀਮਤ ਰੇਖਾ ਪਿੱਛੇ ਵੱਲ ਖਿਸਕ ਕੇ AC ਹੋ ਜਾਵੇਗੀ। ਇਹ ਤਟਸਥਤਾ ਵਕ੍ਰ IC_2 ਨੂੰ ਨਵੇਂ ਸੰਤੁਲਨ ਬਿੰਦੂ F 'ਤੇ ਛੂਹੇਗੀ। ਇਸ ਤੋਂ ਪ੍ਰਗਟ ਹੁੰਦੇ ਹਨ ਕਿ ਸੇਬਾਂ ਦੀ ਮੰਗ ON ਤੋਂ ਘੱਟ ਕੇ OM ਹੋ ਜਾਵੇਗੀ ਅਤੇ ਸੇਬਾਂ ਦੀ ਮੰਗ ਵਿੱਚ MN ਦੀ ਕਮੀ ਹੋਵੇਗੀ ਜੋ **ਕੀਮਤ ਵਿੱਚ ਵਾਧੇ ਦੇ ਕਾਰਨ ਕੀਮਤ ਪ੍ਰਭਾਵ** (Price Effect of a Rise in Price) ਨੂੰ ਪ੍ਰਦਰਸ਼ਿਤ ਕਰਦੀ ਹੈ।

ਵੱਖ-ਵੱਖ ਸੰਤੁਲਨ ਬਿੰਦੂਆਂ E,F,G ਨੂੰ ਮਿਲਾ ਦੇਣ ਨਾਲ ਜੋ ਵਕ੍ਰ ਪ੍ਰਾਪਤ ਹੁੰਦਾ ਹੈ, ਉਸ ਨੂੰ **ਕੀਮਤ ਉਪਭੋਗ ਵਕ੍ਰ** (Price Consumption Curve- PCC) ਕਿਹਾ ਜਾਂਦਾ ਹੈ। **ਵਸਤੂ- X ਦੀ ਕੀਮਤ ਉਪਭੋਗ ਵਕ੍ਰ ਉਪਭੋਗਤਾ ਦੇ ਉਨ੍ਹਾਂ ਵੱਖ-ਵੱਖ ਸੰਤੁਲਨ ਬਿੰਦੂਆਂ ਨੂੰ ਪ੍ਰਦਰਸ਼ਿਤ ਕਰਦੀ ਹੈ, ਜਦੋਂ ਕੇਵਲ ਵਸਤੂ- X ਦੀ ਕੀਮਤ ਵਿੱਚ ਪਰਿਵਰਤਨ ਆਉਂਦਾ ਹੈ, ਜਦੋਂ ਕਿ ਵਸਤੂ- Y ਦੀ ਕੀਮਤ ਅਤੇ ਉਪਭੋਗਤਾ ਦੀ ਆਮਦਨ ਦੋਵੇਂ ਸਥਿਰ ਰਹਿੰਦੇ ਹਨ।** (The Price effect consumption curve for commodity-X represent the points of the consumer's equilibrium when only the price of 'X' is varied, the price of 'Y' and income of the consumer remaining constant.) **ਹੋਰ ਸ਼ਬਦਾਂ ਵਿੱਚ ਕੀਮਤ ਉਪਭੋਗਤ ਵਕ੍ਰ** (PCC) **ਉਹ ਵਕ੍ਰ ਹੈ, ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਉਪਭੋਗਤਾ ਦੀ ਆਮਦਨ ਅਤੇ ਕਿਸੇ ਇਕ ਵਸਤੂ ਦੀ ਕੀਮਤ ਸਥਿਰ ਰਹਿਣ 'ਤੇ, ਕੇਵਲ ਦੂਸਰੀ ਵਸਤੂ ਦੀ ਕੀਮਤ ਵਿੱਚ ਹੋਣ ਵਾਲੇ ਪਰਿਵਰਤਨ ਦਾ ਉਪਭੋਗਤਾ ਦੇ ਸੰਤੁਲਨ 'ਤੇ ਕੀ ਪ੍ਰਭਾਵ ਪਵੇਗਾ।** ਕੀਮਤ ਉਪਭੋਗਤਾ ਵਕ੍ (PCC) ਦੇ ਵੱਖ-ਵੱਖ ਢਲਾਣ ਹੋ ਸਕਦੇ ਹਨ। ਸਧਾਰਣ ਤੌਰ 'ਤੇ ਇਸ ਦਾ ਢਲਾਣ ਧਨਾਤਮਕ (Positive) ਹੁੰਦਾ ਹੈ ਪਰ ਗਿੱਫਨ ਪਦਾਰਥਾਂ ਨਾਲ ਸਬੰਧਿਤ PCC ਦੀ ਢਲਾਣ ਪਿੱਛੇ ਨੂੰ ਮੁੜਿਆ ਹੋਇਆ (Backward Sloping) ਹੁੰਦਾ ਹੈ ਪਰ ਧਿਆਨ ਦੇਣ ਵਾਲੀ ਇਹ ਗੱਲ ਵੀ ਹੈ ਕਿ ਇਹ ਜ਼ਰੂਰੀ ਨਹੀਂ ਹੈ ਕਿ ਹੇਠਲੀ ਕੋਟੀ ਵਾਲੀਆਂ ਵਸਤੂਆਂ ਲਈ ਇਸ ਦੀ ਢਲਾਣ ਪਿੱਛੇ ਵੱਲ (Backward) ਜ਼ਰੂਰ ਹੀ ਹੋਵੇ। ਕੀਮਤ ਉਪਭੋਗ ਵਕ੍ਰ (PCC) ਦੀ ਵਿਸਥਾਰ ਸਹਿਤ ਵਿਆਖਿਆ ਅੱਗੇ ਕੀਤੀ ਗਈ ਹੈ।

4.18 ਆਮਦਨ ਪ੍ਰਭਾਵ (Income Effect)

ਆਮਦਨ ਪ੍ਰਭਾਵ ਤੋਂ ਭਾਵ ਕਿਸੇ ਵਸਤੂ ਦੀ ਮੰਗੀ ਜਾਣ ਵਾਲੀ ਮਾਤਰਾ ਵਿੱਚ ਹੋਣ ਵਾਲੇ ਉਸ ਪਰਿਵਰਤਨ ਤੋਂ ਹੈ ਜੋ ਵਸਤੂ ਦੀ ਕੀਮਤ ਵਿੱਚ ਪਰਿਵਰਤਨ ਹੋਣ ਕਾਰਨ ਉਪਭੋਗਤਾ ਦੀ ਅਸਲੀ ਆਮਦਨ ਵਿੱਚ ਪਰਿਵਰਤਨ ਹੋਣ ਦੇ ਫਲਸਰੂਪ ਪੈਦਾ ਹੁੰਦਾ ਹੈ। ਕੀਮਤ ਪ੍ਰਭਾਵ ਵਿੱਚੋਂ ਆਮਦਨ ਪ੍ਰਭਾਵ ਦਾ ਅਲੱਗ ਨਾਲ ਅੰਦਾਜ਼ਾ ਲਗਾਉਣ ਲਈ ਸਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਵਸਤੂਆਂ ਦੀ ਤੁਲਨਾਤਮਕ ਕੀਮਤ ਅਤੇ Y ਵਸਤੂ ਦੀ ਕੀਮਤ ਦੀ ਤੁਲਨਾ ਵਿੱਚ X ਵਸਤੂ ਦੀ ਕੀਮਤ ਵਿੱਚ ਪਰਿਵਰਤਨ ਨਹੀਂ ਹੁੰਦਾ। ਹੋਰ ਸ਼ਬਦਾਂ ਵਿੱਚ ਤੁਲਨਾਤਮਕ ਕੀਮਤ ਸਥਿਰ ਰਹਿੰਦੀ ਹੈ।

ਇਹ ਮਾਨਤਾ ਹੈ ਕਿ X ਵਸਤੂ Y ਵਸਤੂ ਦੀਆਂ ਤੁਲਨਾਤਮਕ ਕੀਮਤਾਂ ਸਥਿਰ ਰਹਿੰਦੀਆਂ ਹਨ, ਉਦੋਂ ਸਿੱਧ ਹੁੰਦੀ ਹੈ, ਜਦੋਂ ਦੋ ਕੀਮਤ ਰੇਖਾਵਾਂ ਇਕ-ਦੂਸਰੇ ਦੇ ਸਮਾਂਤਰ ਖਿੱਚੀਆਂ ਜਾਂਦੀਆਂ ਹਨ, ਕਿਉਂਕਿ ਸਮਾਂਤਰ ਸਰਲ ਰੇਖਾਵਾਂ ਦੀ ਢਲਾਣ ਬਰਾਬਰ ਹੁੰਦੀ ਹੈ ਅਤੇ ਕੀਮਤ ਰੇਖਾ ਦੀ ਢਲਾਣ ਵਸਤੂ X ਅਤੇ Y ਵਸਤੂ ਦੀ ਤੁਲਨਾਤਮਕ ਕੀਮਤ ਪ੍ਰਗਟ ਕਰਦਾ ਹੈ।

ਨੋਟ

4.19 ਪ੍ਰਤੀਸਥਾਪਨ ਪ੍ਰਭਾਵ (Substitution Effect)

ਪ੍ਰਤੀਸਥਾਪਨ ਪ੍ਰਭਾਵ ਤੋਂ ਭਾਵ ਕਿਸੇ ਵਸਤੂ ਦੀ ਮੰਗੀ ਜਾਣ ਵਾਲੀ ਮਾਤਰਾ ਵਿੱਚ ਹੋਣ ਵਾਲੇ ਉਸ ਪਰਿਵਰਤਨ ਤੋਂ ਹੈ, ਜਦੋਂ ਇਕ ਵਸਤੂ ਦੀ ਕੀਮਤ ਵਿੱਚ ਹੋਣ ਵਾਲੇ ਪਰਿਵਰਤਨ ਦੇ ਕਾਰਨ ਉਹ ਦੂਸਰੀ ਵਸਤੂ ਦੀ ਤੁਲਨਾ ਵਿੱਚ ਸਸਤੀ ਜਾਂ ਮਹਿੰਗੀ ਹੋ ਜਾਂਦੀ ਹੈ। ਪ੍ਰਤੀਸਥਾਪਨ ਪ੍ਰਭਾਵ ਦੇ ਕਾਰਨ ਸਸਤੀਆਂ ਵਸਤੂਆਂ ਦਾ ਹਮੇਸ਼ਾ ਮਹਿੰਗੀ ਵਸਤੂ ਲਈ ਪ੍ਰਤੀਸਥਾਪਨ ਕੀਤਾ ਜਾਂਦਾ ਹੈ। ਕੀਮਤ ਪ੍ਰਭਾਵ ਵਿੱਚੋਂ ਪ੍ਰਤੀਸਥਾਪਨ ਪ੍ਰਭਾਵ ਨੂੰ ਅਲੱਗ ਕਰਨ ਲਈ **ਇਹ ਮੰਨ ਲਿਆ ਜਾਣਾ ਚਾਹੀਦਾ ਹੈ ਕਿ ਉਪਭੋਗਤਾ ਦੀ ਅਸਲੀ ਆਮਦਨ ਸਥਿਰ ਰਹਿੰਦੀ ਹੈ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਕੀਮਤ ਪਰਿਵਰਤਨ ਦੇ ਕਾਰਨ ਆਮਦਨ ਪ੍ਰਭਾਵ ਨੂੰ ਪ੍ਰਤੀਸਥਾਪਨ ਪ੍ਰਭਾਵ ਵਿੱਚ ਅਲੱਗ ਕਰਨਾ ਸੰਭਵ ਨਹੀਂ ਹੋਵੇਗਾ।**

4.20 ਪ੍ਰਤੀਸਥਾਪਨ ਪ੍ਰਭਾਵ ਅਤੇ ਆਮਦਨ ਪ੍ਰਭਾਵ ਦੀ ਪਹਿਚਾਣ ਜਾਂ ਕੀਮਤ ਪ੍ਰਭਾਵ ਦਾ ਪ੍ਰਤੀਸਥਾਪਨ ਪ੍ਰਭਾਵ ਅਤੇ ਆਮਦਨ ਪ੍ਰਭਾਵ ਵਿੱਚ ਵੰਡ (Identification of Substitution Effect and Income Effect of Splitting Price Effect into Substitution Effect and Income Effect)

ਕੀਮਤ ਪ੍ਰਭਾਵ ਪ੍ਰਤੀਸਥਾਪਨ ਪ੍ਰਭਾਵ ਅਤੇ ਆਮਦਨ ਪ੍ਰਭਾਵ ਵਿੱਚ ਵੰਡ ਹੋਣ ਨਾਲ ਸਬੰਧਿਤ ਹੇਠ ਲਿਖੇ ਦੋ ਦ੍ਰਿਸ਼ਟੀਕੋਣ ਹਨ।

(a) ਹਿਕਸ ਦਾ ਦ੍ਰਿਸ਼ਟੀਕੋਣ (The Hicksian Approach), ਅਤੇ **(b) ਸਟਲਸਕੀ ਦਾ ਦ੍ਰਿਸ਼ਟੀਕੋਣ** (The Slutsky's Approach)

4.21 ਹਿਕਸ ਦਾ ਦ੍ਰਿਸ਼ਟੀਕੋਣ (The Hicksian Approach)

1. ਸਧਾਰਣ ਵਸਤੂਆਂ ਦੇ ਲਈ ਪ੍ਰਤੀਸਥਾਪਨ ਪ੍ਰਭਾਵ ਅਤੇ ਆਮਦਨ ਪ੍ਰਭਾਵ ਦਾ ਅਲਗਾਵ

(Separation of Substitution Effect and Income Effect for Normal Goods)

ਸਧਾਰਣ ਵਸਤੂਆਂ ਉਹ ਵਸਤੂਆਂ ਹਨ ਜਿਨ੍ਹਾਂ ਦਾ ਪ੍ਰਤੀਸਥਾਪਨ ਪ੍ਰਭਾਵ ਰਣਾਤਮਕ ਪਰ ਆਮਦਨ ਪ੍ਰਭਾਵ **ਧਨਾਤਮਕ** (Positive) ਹੁੰਦਾ ਹੈ। ਅਸਲ ਵਿੱਚ, **ਪ੍ਰਤੀਸਥਾਪਨ ਪ੍ਰਭਾਵ ਹਮੇਸ਼ਾ ਰਣਾਤਮਕ ਹੁੰਦਾ ਹੈ।** ਇਸ ਦਾ ਅਰਥ ਹੈ ਕਿ ਕਿਸੇ ਵਸਤੂ ਦੀ ਮੰਗੀ ਗਈ ਮਾਤਰਾ ਵਿੱਚ ਵਾਧਾ ਹੁੰਦਾ ਹੈ ਜਦੋਂ ਉਹ ਸਾਪੇਖਿਕ ਰੂਪ ਵਿੱਚ ਸਸਤੀ ਹੋ ਜਾਂਦੀ ਹੈ ਅਤੇ ਮੰਗ ਵਿੱਚ ਕਮੀ ਹੋ ਜਾਂਦੀ ਹੈ ਜਦੋਂ ਉਹ ਸਾਪੇਖਿਕ ਰੂਪ ਵਿੱਚ ਮਹਿੰਗੀ ਹੋ ਜਾਂਦੀ ਹੇ। **ਧਨਾਤਮਕ ਆਮਦਨ ਪ੍ਰਭਾਵ** ਦਾ ਅਰਥ ਹੈ ਕਿ ਵਸਤੂ ਦੀ ਕੀਮਤ ਦੇ ਡਿੱਗਣ ਨਾਲ ਅਸਲੀ ਆਮਦਨ ਵਿੱਚ ਵਾਧਾ ਹੁੰਦਾ ਹੈ ਜਿਸ ਨਾਲ ਮੰਗੀ ਗਈ ਮਾਤਰਾ ਵਧਣੀ ਹੈ। ਹੋਰ ਸ਼ਬਦਾਂ ਵਿੱਚ, ਆਮਦਨ ਪ੍ਰਭਾਵ ਅਸਲੀ ਆਮਦਨ ਅਤੇ ਮੰਗੀ ਗਈ ਮਾਤਰਾ ਵਿੱਚ ਹਮੇਸ਼ਾ ਪ੍ਰਤੱਖ ਸਬੰਧ ਨੂੰ ਪ੍ਰਗਟ ਕਰਦਾ ਹੈ ਪਰ ਕੀਮਤ ਅਤੇ ਮੰਗੀ ਗਈ ਮਾਤਰਾ ਦੇ ਵਿੱਚ ਰਣਾਤਮਕ ਸਬੰਧ ਦਾ ਸੰਕੇਤ ਦਿੰਦਾ ਹੈ। ਹੋਰ ਸ਼ਬਦਾਂ ਵਿੱਚ, **ਧਨਾਤਮਕ ਆਮਦਨ ਪ੍ਰਭਾਵ ਉਸੇ ਦਿਸ਼ਾ ਵਿੱਚ ਸੰਚਾਲਿਤ ਹੁੰਦਾ ਹੈ ਜਿਸ ਦਿਸ਼ਾ ਵਿੱਚ ਰਣਾਤਮਕ ਪ੍ਰਤੀਸਥਾਪਨ ਪ੍ਰਭਾਵ ਸੰਚਾਲਿਤ ਹੁੰਦਾ ਹੈ।** (Postive income effect moves in the same direction as the negative substitution effect.) ਇਸ ਦਾ ਭਾਵ ਇਹ ਹੈ ਕਿ ਕੀਮਤ ਪਰਿਵਰਤਨ ਦੇ ਕਾਰਨ ਪ੍ਰਤੀਸਥਾਪਨ ਪ੍ਰਭਾਵ ਅਤੇ ਆਮਦਨ ਪ੍ਰਭਾਵ ਦੋਨੋਂ ਸਧਾਰਣ ਵਸਤੂ ਦੇ ਜ਼ਿਆਦਾ ਉਪਯੋਗ ਨੂੰ ਪ੍ਰਗਟ ਕਰਦੇ ਹਨ ਜਦੋਂ ਉਸ ਵਸਤੂ ਦੀ ਕੀਮਤ ਵਿੱਚ ਗਿਰਾਵਟ ਆਉਂਦੀ ਹੈ। ਕਿਉਂਕਿ ਕੀਮਤ ਪ੍ਰਭਾਵ, ਆਮਦਨ ਅਤੇ ਪ੍ਰਤੀਸਥਾਪਨ ਪ੍ਰਭਾਵ ਦਾ ਸੰਜੋਗ ਹੈ ਇਸ ਲਈ ਲੋਕ ਸਧਾਰਣ ਵਸਤੂ ਦੀ ਮੰਗ ਜ਼ਿਆਦਾ ਕਰਦੇ ਹਨ ਜਦੋਂ ਉਸ ਵਸਤੂ ਦੀ ਕੀਮਤ ਘਟਦੀ ਹੈ। ਸੰਖੇਪ ਵਿੱਚ ਪ੍ਰਤੀਸਥਾਪਨ ਪ੍ਰਭਾਵ ਅਤੇ ਆਮਦਨ ਪ੍ਰਭਾਵ ਦੋਨੋਂ ਹੀ ਕੀਮਤ ਅਤੇ ਮੰਗੀ ਗਈ ਮਾਤਰਾ ਦੇ ਵਿੱਚ ਉਲਟ ਸਬੰਧ ਨੂੰ ਪ੍ਰਗਟ ਕਰਦੇ ਹਨ। ਇਸ ਲਈ ਸਧਾਰਣ ਵਸਤੂਆਂ ਦੇ ਲਈ ਮੰਗ ਵਕ੍ਰ ਦਾ ਢਲਾਣ ਹਮੇਸ਼ਾ ਬਣਾਏ ਸੱਜੇ ਤੋਂ ਖੱਬੇ ਵੱਲ (Downwards Slope) ਹੁੰਦਾ ਹੈ।

ਨੋਟ



ਚਿੱਤਰ 4.24

(a) ਕੀਮਤ ਵਾਧੇ ਦੀ ਸਥਿਤੀ ਵਿੱਚ ਸਧਾਰਣ ਵਸਤੂ ਦੇ ਲਈ ਪ੍ਰਤੀਸਥਾਪਨ ਅਤੇ ਆਮਦਨ ਪ੍ਰਭਾਵਾਂ ਦਾ ਅਲਗਾਵ (Separation of Substitution and Income Effects for a Normal Goods in Case of Price Rise)– ਸਧਾਰਣ ਵਸਤੂਆਂ ਦੀ ਕੀਮਤ ਵਾਧੇ ਦੀ ਸਥਿਤੀ ਵਿੱਚ ਪ੍ਰਤੀਸਥਾਪਨ ਅਤੇ ਆਮਦਨ ਪ੍ਰਭਾਵ ਦੇ ਅਲਗਾਵ ਦੀ ਚਿੱਤਰ 4.24 ਦੇ ਨਾਲ ਵਿਆਖਿਆ ਕੀਤੀ ਜਾ ਸਕਦੀ ਹੈ।

ਚਿੱਤਰ 4.24 ਇਹ ਪ੍ਰਗਟ ਕਰਦਾ ਹੈ ਕਿ **LM ਅਰੰਭਿਕ ਕੀਮਤ ਰੇਖਾ ਹੈ। ਉਪਭੋਗਤਾ ਤਟਸਥਤਾ ਵਕ੍ਰ IC** ਦੇ ਬਿੰਦੂ B ਸੰਤੁਲਨ ਵਿੱਚ ਹੈ। ਉਹ ਸੇਬਾਂ ਦੀ OQ ਇਕਾਈਆਂ ਖਰੀਦਦਾ ਹੈ। ਜਦੋਂ ਸੇਬਾਂ ਦੀ ਕੀਮਤ ਵਿੱਚ ਵਾਧਾ ਹੁੰਦਾ ਹੈ ਤਾਂ ਕੀਮਤ ਰੇਖਾ ਪਿੱਛੇ ਵੱਲ ਖਿਸਕ ਕੇ (shifting Inwards) (LN) ਹੋ ਜਾਂਦੀ ਹੈ। ਉਪਭੋਗਤਾ ਤਟਸਥਤਾ ਵਕ੍ਰ IC_1 ਦੇ ਬਿੰਦੂ A 'ਤੇ ਨਵੇਂ ਸੰਤੁਲਨ ਦੀ ਸਥਿਤੀ ਨੂੰ ਪ੍ਰਾਪਤ ਕਰਦਾ ਹੈ। ਇਸ ਬਿੰਦੂ 'ਤੇ ਉਹ ਸੇਬਾਂ ਦੀ OS ਇਕਾਈਆਂ ਖਰੀਦਦਾ ਹੈ। ਬਿੰਦੂ B ਤੋਂ A ਸੰਚਲਣ (Movement) ਤੋਂ ਕੀਮਤ ਪ੍ਰਭਾਵ ਦਾ ਸੰਕੇਤ ਮਿਲਦਾ ਹੈ ਜਾਂ ਮੰਗੀ ਗਈ ਮਾਤਰਾ ਦਾ OQ ਤੋਂ ਘੱਟ ਹੋ ਕੇ OS ਹੋ ਜਾਣਾ ਕੀਮਤ ਪ੍ਰਭਾਵ ਨੂੰ ਦੱਸਦਾ ਹੈ। ਹੋਰ ਸ਼ਬਦਾਂ ਵਿੱਚ ਕੀਮਤ ਪ੍ਰਭਾਵ = OQ – OS = SQ ਸੇਬਾਂ ਦੀ ਕੀਮਤ ਵਿੱਚ ਵਾਧਾ ਉਪਭੋਗਤਾ ਦੀ ਅਸਲੀ ਆਮਦਨ ਵਿੱਚ ਕਮੀ ਨੂੰ ਦੱਸਦੀ ਹੈ ਜੋ ਤਟਸਥਤਾ ਵਕ੍ਰ IC ਦੇ ਖਿਸਕ ਕੇ ਹੇਠਾਂ ਤਟਸਥਤਾ ਵਕ੍ਰ IC_1 ਹੋ ਜਾਣ ਤੋਂ ਪਤਾ ਲੱਗਾ ਹੈ। ਜੇਕਰ ਉਪਭੋਗਤਾ ਦੀ ਮੌਦ੍ਰਿਕ ਆਮਦਨ ਇੰਨੀ ਵਧਾ ਦਿੱਤੀ ਜਾਵੇ ਕਿ ਉਹ ਅਰੰਭਿਕ ਤਟਸਥਤਾ ਵਕ੍ਰ IC 'ਤੇ ਬਣਿਆ ਰਹੇ ਅਤੇ ਉਸ ਦੀ ਅਸਲੀ ਆਮਦਨ ਸਥਿਰ ਰਹੇ, ਉਦੋਂ ਨਵੀਂ ਕੀਮਤ ਰੇਖਾ RP ਹੋਵੇਗੀ। ਇਹ ਤਟਸਥਤਾ ਵਕ੍ਰ IC ਨੂੰ ਬਿੰਦੂ C 'ਤੇ ਛੂਹ ਸਕਦੀ ਹੈ। ਇਹ ਕੀਮਤ ਰੇਖਾ LN ਦੇ ਸਮਾਨਾਂਤਰ ਹੈ ਅਤੇ ਜੋ ਸੇਬਾਂ ਦੀ ਕੀਮਤ ਵਾਧੇ ਦੇ ਬਾਅਦ LN ਨਾਲ ਪ੍ਰਗਟ ਕੀਤੇ ਜਾਣ ਵਾਲੇ ਨਵੀਂ ਕੀਮਤ ਅਨੁਪਾਤ ਦੇ ਅਨੁਰੂਪ ਹੈ।

1. **ਪ੍ਰਤੀਸਥਾਪਨ ਪ੍ਰਭਾਵ** (Substitution Effect)–ਅਰੰਭਿਕ ਸੰਤੁਲਨ ਬਿੰਦੂ B ਤੋਂ C 'ਤੇ ਸੰਚਲਨ ਨਾਲ ਪ੍ਰਤੀਸਥਾਪਨ ਪ੍ਰਭਾਵ ਪ੍ਰਗਟ ਹੁੰਦਾ ਹੈ, ਦੋਨੋਂ ਬਿੰਦੂ ਉਸੇ ਤਟਸਥਤਾ ਵਕ੍ਰ 'ਤੇ ਸਥਿਤ ਹਨ। ਪ੍ਰਤੀਸਥਾਪਨ ਪ੍ਰਭਾਵ ਦੇ ਫਲਸਰੂਪ ਸੇਬਾਂ ਦੀ ਮੰਗੀ ਗਈ ਮਾਤਰਾ OQ ਨਾਲੋਂ ਘੱਟ ਹੋ ਕੇ OT ਹੋ ਜਾਵੇਗੀ। ਹੋਰ ਸ਼ਬਦਾਂ ਵਿੱਚ

ਪ੍ਰਤੀਸਥਾਪਨ ਪ੍ਰਭਾਵ =OQ-OT=TQ

2. **ਆਮਦਨ ਪ੍ਰਭਾਵ** (Income Effect)– ਬਿੰਦੂ C ਤੋਂ ਬਿੰਦੂ A 'ਤੇ ਸੰਚਲਣ ਨਾਲ ਆਮਦਨ ਪ੍ਰਭਾਵ ਪ੍ਰਗਟ ਹੁੰਦਾ ਹੈ। ਹੋਰ ਸ਼ਬਦਾਂ ਵਿੱਚ, ਇਹ ST ਹੋਵੇਗਾ।

∴ **ਕੀਮਤ ਪ੍ਰਭਾਵ= SQ ਪ੍ਰਤੀਸਥਾਪਨ ਪ੍ਰਭਾਵ = TQ; ਆਮਦਨ ਪ੍ਰਭਾਵ =ST**

ਅਤੇ SQ (ਕੀਮਤ ਪ੍ਰਭਾਵ) =TQ (ਪ੍ਰਤੀਸਥਾਪਨ ਪ੍ਰਭਾਵ) + ST (ਆਮਦਨ ਪ੍ਰਭਾਵ)

(b) ਕੀਮਤ ਵਿੱਚ ਕਮੀ ਦੀ ਸਥਿਤੀ ਵਿੱਚ ਸਧਾਰਣ ਵਸਤੂ ਦੇ ਪ੍ਰਤੀਸਥਾਪਨ ਪ੍ਰਭਾਵ ਅਤੇ ਆਮਦਨ ਪ੍ਰਭਾਵ ਦਾ ਅਲਗਾਵ (Separation of Substitution Effect and Income Effect in Case of a Normal Goods for a

ਨੋਟ

Price Fall)–ਕੀਮਤ ਦੇ ਡਿੱਗਣ ਦੇ ਫਲਸਰੂਪ ਵਸਤੂ ਦੇ ਪ੍ਰਤੀਸਥਾਪਨ ਪ੍ਰਭਾਵ ਅਤੇ ਆਮਦਨ ਪ੍ਰਭਾਵ ਦੇ ਅਲਗਾਵ ਦੀ ਵਿਆਖਿਆ ਹੇਠ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ।

ਜੇ. ਆਰ. ਹਿਕਸ (J.R. Hicks) ਵੱਲੋਂ ਪੇਸ਼ ਪ੍ਰਤੀਸਥਾਪਨ ਪ੍ਰਭਾਵ ਅਤੇ ਆਮਦਨ ਪ੍ਰਭਾਵ ਦੇ ਅਲੱਗ-ਅਲੱਗ ਹੋਣ ਦੀ ਵਿਆਖਿਆ ਚਿੱਤਰ 4.25 ਨਾਲ ਕੀਤੀ ਜਾ ਸਕਦੀ ਹੈ।

ਮੰਨ ਲਓ AB ਅਰੰਭਿਕ ਬਜਟ ਰੇਖਾ ਅਤੇ IC ਅਰੰਭਿਕ ਤਟਸਥਤਾ ਵਕ੍ਰ ਹੈ। ਉਪਭੋਗਤਾ ਬਿੰਦੂ E 'ਤੇ ਸੰਤੁਲਨ ਵਿੱਚ ਹੈ। ਜਦੋਂ ਸੇਬਾਂ ਦੀ ਕੀਮਤ ਘਟਦੀ ਹੈ ਅਤੇ ਸੰਤਰਿਆਂ ਦੀ ਕੀਮਤ ਅਤੇ ਉਪਭੋਗਤਾ ਦੀ ਆਮਦਨ ਸਥਿਰ ਰਹਿੰਦੀ ਹੈ ਉਦੋਂ ਨਵੀਂ ਬਜਟ ਰੇਖਾ AB ਤੋਂ ਖਿਸਕ ਕੇ AC ਹੋ ਜਾਂਦੀ ਹੈ। ਨਵੀਂ ਬਜਟ ਰੇਖਾ ਤਟਸਥਤਾ ਵਕ੍ਰ IC_1 ਨੂੰ ਬਿੰਦੂ E_1 'ਤੇ ਛੂੰਹਦੀ ਹੈ ਜੋ ਕਿ ਉਪਭੋਗਤਾ ਦਾ ਨਵਾਂ ਸੰਤੁਲਨ ਬਿੰਦੂ ਹੈ। ਸੰਤੁਲਨ ਬਿੰਦੂ E ਤੋਂ ਨਵੇਂ ਸੰਤੁਲਨ ਬਿੰਦੂ E_1 'ਤੇ ਸੰਚਾਲਨ ਸੇਬਾਂ ਦੀ ਕੀਮਤ ਵਿੱਚ ਪਰਿਵਰਤਨ ਦੇ ਪ੍ਰਭਾਵ ਨੂੰ ਪ੍ਰਗਟ ਕਰਦਾ ਹੈ। ਸੇਬਾਂ ਦੇ ਉਪਭੋਗ ਦੇ ਰੂਪ ਵਿੱਚ ਕੀਮਤ ਪ੍ਰਭਾਵ OT ਅਤੇ OM ਦੇ ਅੰਤਰ MT ਦੇ ਬਰਾਬਰ ਹੈ। ਸੇਬਾਂ ਦੀ ਕੀਮਤ ਦੇ ਘਟਣ ਦਾ ਅਰਥ ਉਪਭੋਗਤਾ ਦੀ ਅਸਲੀ ਆਮਦਨ ਵਿੱਚ ਵਾਧਾ ਹੋਣਾ ਹੈ। ਜੇਕਰ ਉਪਭੋਗਤਾ ਦੀ ਮੌਦ੍ਰਿਕ ਆਮਦਨ ਇਸ ਹੱਦ ਤੱਕ ਘਟਾ ਦਿੱਤੀ ਜਾਵੇ ਕਿ ਉਹ ਅਰੰਭਿਕ ਤਟਸਥਤਾ ਵਕ੍ਰ 'ਤੇ ਹੀ ਬਣਿਆ ਰਹੇ ਜਾਂ ਉਸ ਦੀ ਅਸਲੀ ਆਮਦਨ ਪਹਿਲਾਂ ਜਿੰਨੀ ਹੀ ਬਣੀ ਰਹੇ, ਉਦੋਂ ਨਵੀਂ ਬਜਟ ਰੇਖਾ PH ਹੋਵੇਗੀ ਅਤੇ ਨਵੀਂ ਸੰਤੁਲਨ ਬਿੰਦੂ E_2 ਹੋਵੇਗਾ।



ਚਿੱਤਰ 4.25

1. **ਪ੍ਰਤੀਸਥਾਪਨ ਪ੍ਰਭਾਵ**- ਅਰੰਭਿਕ ਸੰਤੁਲਨ ਬਿੰਦੂ E ਤੋਂ E_2 'ਤੇ ਸੰਚਾਲਨ ਨਾਲ ਪ੍ਰਗਟ ਹੁੰਦਾ ਹੈ ਕਿਉਂਕਿ ਦੋਨੋਂ ਬਿੰਦੂ ਉਸੇ ਤਟਸਥਤਾ ਵਕ੍ਰ (IC) 'ਤੇ ਸਥਿਤ ਹਨ।
2. **ਆਮਦਨ** NT (ਬਿੰਦੂ E_1 ਤੋਂ ਬਿੰਦੂ E_2 ਤੱਕ) ਨਾਲ ਪ੍ਰਗਟ ਹੋ ਰਿਹਾ ਹੈ। ਬਿੰਦੂ E_2 ਨਾਲ ਪ੍ਰਗਟ ਕੀਤੇ ਗਏ ਸੰਜੋਗ ਨੂੰ ਖਰੀਦਣ ਦਾ ਮੁੱਖ ਕਾਰਨ ਇਹ ਹੈ ਕਿ ਬੇਸ਼ਕ ਉਪਭੋਗਤਾ ਦੀ ਅਸਲੀ ਆਮਦਨ ਸਥਿਰ ਹੈ ਫਿਰ ਵੀ ਉਹ ਮਹਿੰਗੇ ਸੰਤਰਿਆਂ ਦੇ ਲਈ ਸਸਤੇ ਸੇਬਾਂ ਦਾ ਪ੍ਰਤੀਸਥਾਪਨ ਕਰਦਾ ਹੈ। ਸੰਤੁਲਨ ਬਿੰਦੂ E ਤੋਂ ਨਵੇਂ ਸੰਤੁਲਨ ਬਿੰਦੂ E_2 'ਤੇ **ਸੰਚਾਲਨ** (Movement) ਸੰਤਰਿਆਂ ਦੀ ਕੀਮਤ ਦੀ ਤੁਲਨਾ ਵਿੱਚ ਸੇਬਾਂ ਦੀ ਕੀਮਤ ਵਿੱਚ ਹੋਣ ਵਾਲੀ ਕਮੀ ਦੇ ਪ੍ਰਭਾਵ ਨੂੰ ਪ੍ਰਗਟ ਕਰਦਾ ਹੈ। ਸੇਬਾਂ ਦੀ ਮੰਗ 'ਤੇ MN ਦੇ ਬਰਾਬਰ ਪ੍ਰਭਾਵ ਪੈਂਦਾ ਹੈ। ਜਿਸ ਨੂੰ **ਪ੍ਰਤੀਸਥਾਪਨ ਪ੍ਰਭਾਵ** ਕਿਹਾ ਜਾਂਦਾ ਹੈ,

ਹੋਰ ਸਬਦਾਂ ਵਿੱਚ, ਸੇਬਾਂ ਦੀ ਕੀਮਤ ਵਿੱਚ ਕਮੀ ਦੇ ਕਾਰਨ ਉਪਭੋਗਤਾ ਸੇਬਾਂ ਦੀਆਂ ਜ਼ਿਆਦਾ ਇਕਾਈਆਂ ਖਰੀਦਦਾ ਹੈ, ਇਸ ਨੂੰ **ਕੀਮਤ ਪ੍ਰਭਾਵ** ਕਿਹਾ ਜਾਂਦਾ ਹੈ। ਚਿੱਤਰ ਵਿੱਚ ਉਪਭੋਗਤਾ ਸੇਬਾਂ ਦੀ MT ਜ਼ਿਆਦਾ ਇਕਾਈਆਂ ਖਰੀਦਦਾ ਹੈ। ਇਨ੍ਹਾਂ ਵਿੱਚੋਂ MN ਜ਼ਿਆਦਾ ਇਕਾਈਆਂ ਪ੍ਰਤੀਸਥਾਪਨ ਪ੍ਰਭਾਵ ਦੇ ਕਾਰਨ ਅਤੇ NT ਜ਼ਿਆਦਾ ਇਕਾਈਆਂ ਆਮਦਨ ਪ੍ਰਭਾਵ ਦੇ ਕਾਰਨ ਖਰੀਦਦਾ ਹੈ। ਇਸ ਦਾ ਅਰਥ ਹੈ ਕਿ ਸੇਬਾਂ ਦੀ ਮੰਗ ਦੇ ਸਬੰਧ ਵਿੱਚ:

> ਆਮਦਨ ਪ੍ਰਭਾਵ ਇਕ ਤਟਸਥਤਾ ਵਕ੍ਰ ਤੋਂ ਦੂਸਰੀ ਤਟਸਥਤਾ ਵਕ੍ਰ 'ਤੇ ਖਿਸਕਣ ਨਾਲ ਪ੍ਰਗਟ ਹੁੰਦਾ ਹੈ। ਇਸ ਦੇ ਨਾਲ ਸੰਖੇਪ ਕੀਮਤਾਂ ਦੇ ਸਥਿਰ ਰਹਿਣ 'ਤੇ ਆਮਦਨ ਵਿੱਚ ਹੋਣ ਵਾਲੇ ਪਰਿਵਰਤਨ ਦਾ ਪ੍ਰਭਾਵ ਪ੍ਰਗਟ ਹੁੰਦਾ ਹੈ।

ਨੋਟ

ਕੀਮਤ ਪ੍ਰਭਾਵ= MT; ਪ੍ਰਤੀਸਥਾਪਨ ਪ੍ਰਭਾਵ= MT; ਆਮਦਨ ਪ੍ਰਭਾਵ=NT

ਅਤੇ MT (ਕੀਮਤ ਪ੍ਰਭਾਵ) = MN (ਪ੍ਰਤੀਸਥਾਪਨ ਪ੍ਰਭਾਵ)=NT (ਆਮਦਨ ਪ੍ਰਭਾਵ)

ਸੰਖੇਪ ਵਿੱਚ, ਰਣਾਤਮਕ ਪ੍ਰਤੀਸਥਾਪਨ ਪ੍ਰਭਾਵ ਦੇ ਕਾਰਨ ਮੰਗ ਵਿੱਚ ਪਰਿਵਰਤਨ ਕੀਮਤ ਵਿੱਚ ਪਰਿਵਰਤਨ ਦੇ ਉਲਟ ਹੋਇਆ ਹੈ। ਜੇਕਰ ਕੀਮਤ ਡਿੱਗਦੀ ਹੈ ਤਾਂ ਪ੍ਰਤੀਸਥਾਪਨ ਪ੍ਰਭਾਵ ਦੇ ਕਾਰਨ ਵਸਤੂ ਦੀ ਮੰਗ ਵਧਦੀ ਹੈ। ਦੂਸਰੇ ਪਾਸੇ ਜੇਕਰ ਕੀਮਤ ਵਧਦੀ ਹੈ ਤਾਂ ਪ੍ਰਤੀਸਥਾਪਨ ਪ੍ਰਭਾਵ ਦੇ ਕਾਲ ਵਸਤੂ ਦੇ ਲਈ ਮੰਗ ਘਟਦੀ ਹੈ।

2. ਹੇਠਲੀ ਕੋਟੀ ਵਸਤੂ ਦੇ ਲਈ ਪ੍ਰਤੀਸਥਾਪਨ ਪ੍ਰਭਾਵ ਅਤੇ ਆਮਦਨ ਪ੍ਰਭਾਵ ਦਾ ਅਲਗਾਵ

(Separation of Substitution Effect and Income Effect for an Inferior Goods)

ਇਕ ਹੇਠਲੀ ਕੋਟੀ ਵਸਤੂ, ਉਹ ਵਸਤੂ ਹੈ ਜਿਸ ਦੀ ਆਮਦਨ ਪ੍ਰਭਾਵ ਰਣਾਤਮਕ ਅਤੇ ਪ੍ਰਤੀਸਥਾਪਨ ਪ੍ਰਭਾਵ ਵੀ ਰਣਾਤਮਕ ਹੁੰਦਾ ਹੈ। ਰਣਾਤਮਕ ਆਮਦਨ ਪ੍ਰਭਾਵ ਤੋਂ ਭਾਵ ਇਹ ਹੈ ਕਿ ਇਕ ਵਸਤੂ ਦੀ ਕੀਮਤ ਵਿੱਚ ਗਿਰਾਵਟ ਅਸਲੀ ਆਮਦਨ ਵਿੱਚ ਵਾਧਾ ਲਿਆਉਂਦੀ ਹੈ, ਜਿਸ ਦੇ ਫਲਸਰੂਪ ਮੰਗੀ ਗਈ ਮਾਤਰਾ ਵਿੱਚ ਕਮੀ ਆ ਜਾਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਆਮਦਨ ਦੇ ਵਧਣ 'ਤੇ ਉਪਭੋਗਤਾ ਹੇਠਲੀ ਕੋਟੀ ਦੀ ਵਸਤੂ ਦੀ ਘੱਟ ਮਾਤਰਾ ਦੀ ਮੰਗ ਕਰਦਾ ਹੈ ਅਤੇ ਰਣਾਤਮਕ ਆਮਦਨ ਪ੍ਰਭਾਵ ਤੋਂ ਪ੍ਰਗਟ ਹੁੰਦਾ ਹੈ ਕਿ ਕੀਮਤ ਦੇ ਘਟਣ ਦੇ ਕਾਰਨ ਮੰਗੀ ਗਈ ਮਾਤਰਾ ਵਿੱਚ ਕਮੀ ਆ ਜਾਂਦੀ ਹੈ। ਇਸ ਦੇ ਉਲਟ ਰਣਾਤਮਕ ਪ੍ਰਭਾਵ ਦਾ ਅਰਥ ਹੈ ਕਿ ਕੀਮਤ ਵਿੱਚ ਗਿਰਾਵਟ ਮੰਗੀ ਗਈ ਮਾਤਰਾ ਵਿੱਚ ਵਾਧਾ ਲਿਆਉਂਦੀ ਹੈ। **ਰਣਾਤਮਕ ਪ੍ਰਤੀਸਥਾਪਨ ਪ੍ਰਭਾਵ ਅਤੇ ਰਣਾਤਮਕ ਆਮਦਨ ਪ੍ਰਭਾਵ ਉਲਟ ਦਿਸ਼ਾਵਾਂ ਵਿੱਚ ਕੰਮ ਕਰਦੇ ਹਨ ਅਤੇ ਰਣਾਤਮਕ ਪ੍ਰਤੀਸਥਾਪਨ ਪ੍ਰਭਾਵ ਦੇ ਕਾਰਨ ਮੰਗੀ ਗਈ ਮਾਤਰਾ ਵਿੱਚ ਵਾਧਾ ਹੁੰਦਾ ਹੈ ਜਦੋਂ ਕਿ ਰਣਾਤਮਕ ਆਮਦਨ ਪ੍ਰਭਾਵ ਦੇ ਕਾਰਨ ਮੰਗੀ ਗਈ ਮਾਤਰਾ ਵਿੱਚ ਕਮੀ ਆਉਂਦੀ ਹੈ।** ਜ਼ਿਆਦਾਤਰ ਹੇਠਲੀ ਕੋਟੀ ਦੀਆਂ ਵਸਤੂਆਂ ਦਾ ਰਣਾਤਮਕ ਪ੍ਰਤੀਸਥਾਪਨ ਪ੍ਰਭਾਵ, ਰਣਾਤਮਕ ਆਮਦਨ ਪ੍ਰਭਾਵ ਦੀ ਤੁਲਨਾ ਵਿੱਚ ਜ਼ਿਆਦਾ ਸ਼ਕਤੀਸ਼ਾਲੀ ਹੁੰਦਾ ਹੈ। ਅਜਿਹੀ ਸਥਿਤੀ ਵਿੱਚ ਰਣਾਤਮਕ ਪ੍ਰਤੀਸਥਾਪਨ ਪ੍ਰਭਾਵ ਜ਼ਿਆਦਾ **ਪ੍ਰਬਲ** (Dominant) ਹੋਵੇਗਾ ਅਤੇ ਆਮਦਨ ਪ੍ਰਭਾਵ ਨੂੰ **ਖਤਮ** (Neutral) ਕਰ ਦੇਵੇਗਾ। ਇਸ ਤਰ੍ਹਾਂ ਦੀ ਹੇਠਲੀ ਕੋਟੀ ਦੀਆਂ ਵਸਤੂਆਂ ਦੀ ਸਧਾਰਣ ਵਸਤੂਆਂ ਦੀ ਤਰ੍ਹਾਂ **ਮੰਗੀ ਗਈ ਮਾਤਰਾ ਵਿੱਚ ਕੀਮਤ ਦੇ ਡਿੱਗਣ ਦੇ ਕਾਰਨ ਵਾਧਾ ਹੁੰਦਾ ਹੈ ਅਤੇ ਕੀਮਤ ਵਿੱਚ ਵਾਧੇ ਦੇ ਕਾਰਨ ਮੰਗੀ ਗਈ ਮਾਤਰਾ ਵਿੱਚ ਕਮੀ ਹੁੰਦੀ ਹੈ।**

(a) ਕੀਮਤ ਵਾਧੇ ਦੇ ਕਾਰਨ ਇਕ ਹੇਠਲੀ ਕੋਟੀ ਦੀ ਵਸਤੂ ਦੇ ਲਈ ਪ੍ਰਤੀਸਥਾਪਨ ਅਤੇ ਆਮਦਨ ਪ੍ਰਭਾਵ ਦਾ ਅਲਗਾਵ (Separation of Substitution and Income Effects for an Inferior Goods in Case of Price Rise)–ਕੀਮਤ ਵਾਧੇ ਦੇ ਕਾਰਨ ਕਿਸੇ ਹੇਠਲੀ ਕੋਟੀ ਦੀ ਵਸਤੂ ਦੇ ਲਈ ਪ੍ਰਤੀਸਥਾਪਨ ਅਤੇ ਆਮਦਨ ਪ੍ਰਭਾਵਾਂ ਦੇ ਅਲਗਾਵ ਦੀ ਵਿਆਖਿਆ ਹੇਠ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ।



ਚਿੱਤਰ 4.26

ਨੋਟ

ਚਿੱਤਰ 4.26 ਵਿੱਚ LM ਅਰੰਭਿਕ ਬਜਟ ਰੇਖਾ ਹੈ। ਉਪਰੋਕਤ ਤਟਸਥਤਾ ਵਕ੍ਰ IC ਦੇ ਬਿੰਦੂ B 'ਤੇ ਸੰਤੁਲਨ ਵਿੱਚ ਹੈ। ਉਹ ਹੇਠਲੀ ਕੋਟੀ ਵਸਤੂ-X ਦੀ OQ ਮਾਤਰਾ ਖਰੀਦਦਾ ਹੈ। ਜਦੋਂ ਵਸਤੂ-X ਦੀ ਕੀਮਤ ਵਿੱਚ ਵਾਧਾ ਹੁੰਦਾ ਹੈ, ਬਜਟ ਰੇਖਾ ਪਿੱਛੇ ਵੱਲ ਖਿਸਕ ਕੇ LN ਹੋ ਜਾਂਦੀ ਹੇ। ਉਪਰੋਕਤ ਤਟਸਥਤਾ ਵਕ੍ਰ IC_1 'ਤੇ ਬਿੰਦੂ A 'ਤੇ ਨਵੇਂ ਸੰਤੁਲਨ ਦੀ ਸਥਿਤੀ ਵਿੱਚ ਹੋਵੇਗਾ। ਇਸ ਬਿੰਦੂ 'ਤੇ ਉਹ ਵਸਤੂ -X ਦੀਆਂ OS ਇਕਾਈਆਂ ਖਰੀਦਦਾ ਹੈ। ਸੰਤੁਲਨ ਬਿੰਦੂ B ਤੋਂ A ਤੱਕ ਸੰਚਨਲ ਜਾਂ ਮੰਗੀ ਗਈ ਮਾਤਰਾ ਵਿੱਚ OQ ਤੋਂ OS ਤੱਕ ਦੀ ਕਮੀ ਕੀਮਤ ਪ੍ਰਭਾਵ ਨੂੰ ਪ੍ਰਗਟ ਕਰਦੀ ਹੈ। ਹੋਰ ਸ਼ਬਦਾਂ ਵਿੱਚ, ਕੀਮਤ ਪ੍ਰਭਾਵ = OQ – OS= SQ। ਵਸਤੂ -X ਦੀ ਕੀਮਤ ਵਿੱਚ ਵਾਧਾ ਉਪਭੋਗਤਾ ਦੀ ਅਸਲੀ ਆਮਦਨ ਵਿੱਚ ਕਮੀ ਲਿਆਵੇਗੀ, ਜਿਵੇਂ ਕਿ ਤਟਸਥਤਾ ਵਕ੍ਰ IC ਦੇ ਖਿਸਕ ਕੇ IC_1 ਹੋਣ ਤੋਂ ਪ੍ਰਗਟ ਹੋ ਰਿਹਾ ਹੈ। ਜੇਕਰ ਉਪਭੋਗਤਾ ਦੀ ਮੌਦ੍ਰਿਕ ਆਮਦਨ ਨੂੰ ਇੰਨਾ ਵਧਾ ਦਿੱਤਾ ਜਾਵੇ ਕਿ ਅਰੰਭਿਕ ਵਕ੍ਰ IC 'ਤੇ ਹੀ ਬਣਿਆ ਰਹੇ ਜਾਂ ਅਸਲੀ ਆਮਦਨ ਪਹਿਲਾਂ ਜਿੰਨੀ ਹੀ ਬਣੀ ਰਹੇ ਤਾਂ ਇਸ ਸਥਿਤੀ ਵਿੱਚ ਨਵੀਂ ਬਜਟ ਰੇਖਾ RP ਹੋਵੇਗੀ। ਇਹ ਤਟਸਥਤਾ ਵਕ੍ਰ IC ਨੂੰ C ਬਿੰਦੂ 'ਤੇ ਛੂਹ ਰਹੀ ਹੈ ਅਤੇ LN ਰੇਖਾ ਦੇ ਸਮਾਨਾਂਤਰ ਹੈ। ਨਵਾਂ ਸੰਤੁਲਨ ਬਿੰਦੂ C ਹੋਵੇਗਾ। ਇਸ ਤੋਂ ਇਹ ਪਤਾ ਲੱਗਦਾ ਹੈ ਕਿ –

(i) **ਪ੍ਰਤੀਸਥਾਪਨ ਪ੍ਰਭਾਵ** = ਅਰੰਭਿਕ ਸੰਤੁਲਨ ਬਿੰਦੂ B ਦਾ C 'ਤੇ ਸੰਚਲਨ ਪ੍ਰਤੀਸਥਾਪਨ ਪ੍ਰਭਾਵ ਨੂੰ ਪ੍ਰਗਟ ਕਰਦਾ ਹੈ। ਦੋਵੇਂ ਬਿੰਦੂ ਉਸੇ ਤਟਸਥਤਾ ਵਕ੍ਰ IC 'ਤੇ ਹਨ। ਕੀਮਤ ਵਿੱਚ ਵਾਧੇ ਦੇ ਕਾਰਨ ਮੰਗੀ ਗਈ ਮਾਤਰਾ ਦੇ OQ ਤੋਂ ਘੱਟ ਕੇ OT ਹੋਣ ਨੂੰ ਪ੍ਰਤੀਸਥਾਪਨ ਪ੍ਰਭਾਵ ਨਾਲ ਪ੍ਰਗਟ ਕੀਤਾ ਜਾ ਰਿਹਾ ਹੈ। ਹੋਰ ਸ਼ਬਦਾਂ ਵਿੱਚ–

ਪ੍ਰਤੀਸਥਾਪਨ ਪ੍ਰਭਾਵ= OQ – OT=TQ।

(ii) **ਆਮਦਨ ਪ੍ਰਭਾਵ** = ਬਿੰਦੂ C ਤੋਂ ਬਿੰਦੂ A 'ਤੇ ਸੰਚਲਨ ਨਾਲ ਆਮਦਨ ਪ੍ਰਭਾਵ ਪ੍ਰਗਟ ਹੋ ਰਿਹਾ ਹੈ। ਹੇਠਲੀ ਕੋਟੀ ਦੀਆਂ ਵਸਤੂਆਂ ਦੇ ਸਬੰਧ ਵਿੱਚ ਆਮਦਨ ਪ੍ਰਭਾਵ ਰਣਾਤਮਕ ਹੈ ਜੋ (**– ST**) ਨਾਲ ਪ੍ਰਗਟ ਹੋ ਰਿਹਾ ਹੈ ਪਰ ਰਣਾਤਮਕ ਪ੍ਰਤੀਸਥਾਪਨ ਪ੍ਰਭਾਵ ਰਣਾਤਮਕ ਆਮਦਨ ਪ੍ਰਭਾਵ ਤੋਂ ਜ਼ਿਆਦਾ ਹੈ। ਇਸ ਲਈ ਕੀਮਤ ਵਧਣ 'ਤੇ ਮੰਗ ਘੱਟਦੀ ਹੈ ਅਤੇ ਮੰਗ ਦਾ ਨਿਯਮ ਹੇਠਲੀ ਕੋਟੀ ਵਾਲੀਆਂ ਵਸਤੂਆਂ ਦੇ ਸਬੰਧ ਵਿੱਚ ਵੀ ਲਾਗੂ ਹੁੰਦਾ ਹੈ।

ਕੀਮਤ ਪ੍ਰਭਾਵ = **SQ, ਪ੍ਰਤੀਸਥਾਪਨ ਪ੍ਰਭਾਵ** = **TQ** ਆਮਦਨ ਪ੍ਰਭਾਵ = (–) TS

ਤੱਦ (**ਕੀਮਤ ਪ੍ਰਭਾਵ**) = **TQ (ਪ੍ਰਤੀਸਥਾਪਨ ਪ੍ਰਭਾਵ**) + (-) **TS** (ਆਮਦਨ ਪ੍ਰਭਾਵ) = SQ

(**B**) **ਕੀਮਤ ਵਿੱਚ ਕਮੀ ਦੇ ਕਾਰਨ ਇਕ ਹੇਠਲੀ ਕੋਟੀ ਵਾਲੀ ਵਸਤੂ ਲਈ ਪ੍ਰਤੀਸਥਾਪਨ ਪ੍ਰਭਾਵ ਅਤੇ ਆਮਦਨ ਪ੍ਰਭਾਵ** (Substitution Effect and income Effect for an Inferior Good in Case of Price Fall)– ਕੀਮਤ ਵਿੱਚ ਕਮੀ ਹੋਣ ਕਾਰਨ ਇਕ ਹੇਠਲੀ ਕੋਟੀ ਵਾਲੀ ਵਸਤੂ ਦੇ ਸਬੰਧ ਵਿੱਚ ਪ੍ਰਤੀਸਥਾਪਨ ਅਤੇ ਆਮਦਨ ਪ੍ਰਭਾਵਾਂ ਦੇ ਅਲਗਾਵ ਦੀ ਹੇਠਲੇ ਤਰ੍ਹਾਂ ਨਾਲ ਵਿਆਖਿਆ ਕੀਤੀ ਜਾ ਸਕਦੀ ਹੈ।

ਧਿਆਨ ਦਿਓ

ਪ੍ਰਤੀਸਥਾਪਨ ਪ੍ਰਭਾਵ ਹਮੇਸ਼ਾ ਮੁਕਾਬਲੇ ਵਿੱਚ ਮਹਿੰਗੀ ਵਸਤੂ ਦੀ ਜਗ੍ਹਾ 'ਤੇ ਮੁਕਾਬਲੇ ਵਿੱਚ ਸਸਤੀ ਵਸਤੂ ਦੇ ਜ਼ਿਆਦਾ ਉਪਭੋਗ ਨੂੰ ਪ੍ਰਗਟ ਕਰਦਾ ਹੈ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਸਬੰਧਿਤ ਵਸਤੂ ਸਧਾਰਣ ਵਸਤੂ ਹੈ ਜਾਂ ਘਟੀਆ ਵਸਤੂ। ਇਸ ਲਈ ਪ੍ਰਤੀਸਥਾਪਨ ਪ੍ਰਭਾਵ ਦੇ ਪਹਿਲੇ (+) ਜਾਂ (–) ਦਾ ਚਿੰਨ੍ਹ ਨਹੀਂ ਲਗਾਇਆ ਜਾਂਦਾ।



ਚਿੱਤਰ 4.27

ਨੋਟ ਚਿੱਤਰ 4.27 ਵਿੱਚ LM ਅਰੰਭਿਕ ਬਜਟ ਰੇਖਾ ਹੈ। ਉਪਭੋਗਤਾ ਤਟਸਥਤਾ ਵਕ੍ਰ IC ਦੇ ਬਿੰਦੂ B 'ਤੇ ਸੰਤੁਲਨ ਵਿੱਚ ਹੈ। ਉਹ ਹੇਠਲੀ ਕੋਟੀ ਵਸਤੂ -X ਦੀ OQ ਮਾਤਰਾ ਖਰੀਦਦਾ ਹੈ। ਜਦੋਂ ਵਸਤੂ -X ਦੀ ਕੀਮਤ ਘੱਟਦੀ ਹੈ। ਬਜਟ ਰੇਖਾ ਖਿਸਕ ਕੇ LN ਹੋ ਜਾਂਦੀ ਹੈ। ਉਪਭੋਗਤਾ ਤਟਸਥਤਾ ਵਕ੍ਰ IC_1 ਦੇ ਬਿੰਦੂ A 'ਤੇ ਨਵੇਂ ਸੰਤੁਲਨ ਦੀ ਸਥਿਤੀ ਵਿੱਚ ਹੈ। ਕੀਮਤ ਪ੍ਰਭਾਵ ਸੰਤੁਲਨ ਬਿੰਦੂ B ਤੋਂ A ਤੱਕ ਦੇ ਸੰਚਲਨ ਅਤੇ OQ ਤੋਂ OS ਤੱਕ ਮੰਗੀ ਗਈ ਮਾਤਰਾ ਵਿੱਚ ਵਾਧੇ ਨਾਲ ਪ੍ਰਗਟ ਹੋ ਰਿਹਾ ਹੈ। ਹੋਰ ਸ਼ਬਦਾਂ ਵਿੱਚ **ਕੀਮਤ ਪ੍ਰਭਾਵ** = OS – OQ = QS ।

ਵਸਤੂ –X ਦੀ ਕੀਮਤ ਘੱਟ ਹੋਣ 'ਤੇ ਉਪਭੋਗਤਾ ਦੀ ਅਸਲੀ ਆਮਦਨ ਵਿੱਚ ਵਾਧਾ ਹੋਵੇਗਾ, ਜਿਵੇਂ ਕਿ ਤਟਸਥਤਾ ਵਕ੍ਰ IC ਦੇ ਖਿਸਕ ਕੇ IC_1 ਤੋਂ ਪ੍ਰਗਟ ਹੋ ਰਿਹਾ ਹੈ। ਜੇਕਰ ਉਪਭੋਗਤਾ ਦੀ ਮੌਦ੍ਰਿਕ ਆਮਦਨ ਨੂੰ ਇੰਨਾ ਘੱਟ ਕਰ ਦਿੱਤਾ ਜਾਵੇ ਕਿ ਉਹ ਅਰੰਭਿਕ ਤਟਸਥਤਾ ਵਕ੍ਰ IC 'ਤੇ ਹੀ ਬਣਿਆ ਰਹੇ ਜਾਂ ਉਸ ਦੀ ਅਸਲੀ ਆਮਦਨ ਪਹਿਲਾਂ ਜਿੰਨੀ ਹੀ ਰਹੇ ਤਾਂ ਇਸ ਸਥਿਤੀ ਵਿੱਚ ਨਵੀਂ ਬਜਟ ਰੇਖਾ RP ਅਤੇ ਨਵਾਂ ਸੰਤੁਲਨ ਬਿੰਦੂ C ਹੋਵੇਗਾ, ਜਿੱਥੇ ਨਵੀਂ ਬਜਟ ਰੇਖਾ RP ਪੁਰਾਣੀ ਤਟਸਥਤਾ ਵਕ੍ਰ IC ਨੂੰ C ਬਿੰਦੂ 'ਤੇ ਛੂਹ ਰਹੀ ਹੈ। RP ਰੇਖਾ LN ਰੇਖਾ ਦੇ ਸਮਾਂਤਰ ਹੈ, ਕਿਉਂਕਿ ਇਹ ਵਸਤੂ –X ਦੀ ਕੀਮਤ ਘੱਟ ਹੋਣ ਤੋਂ ਬਾਅਦ ਨਵੇਂ ਕੀਮਤ ਅਨੁਪਾਤ ਨੂੰ ਨਵਾਂ ਅਨੁਰੂਪ ਕਰ ਰਿਹਾ ਹੈ।

1. **ਪ੍ਰਤੀਸਥਾਪਨ ਪ੍ਰਭਾਵ**- ਆਰੰਭਿਕ ਸੰਤੁਲਨ ਬਿੰਦੂ B ਤੋਂ ਬਿੰਦੂ C 'ਤੇ ਸੰਚਲਨ ਨਾਲ ਪ੍ਰਤੀਸਥਾਪਨ ਪ੍ਰਗਟ ਹੋ ਰਿਹਾ ਹੈ, ਦੋਨੋਂ ਬਿੰਦੂ ਉਸੇ ਤਟਸਥਤਾ ਵਕ੍ਰ IC 'ਤੇ ਸਥਿਤ ਹਨ। ਕੀਮਤ ਡਿੱਗਣ ਦੇ ਕਾਰਨ ਪ੍ਰਤੀਸਥਾਪਨ ਪ੍ਰਭਾਵ ਮੰਗੀ ਗਈ ਮਾਤਰਾ ਦੇ OQ ਤੋਂ ਵੱਧ ਕੇ OT ਹੋ ਜਾਣ ਨਾਲ ਪ੍ਰਗਟ ਹੋ ਰਿਹਾ ਹੈ। ਹੋਰ ਸ਼ਬਦਾਂ ਵਿੱਚ, **ਪ੍ਰਤੀਸਥਾਪਨ ਪ੍ਰਭਾਵ= OT – OQ = QT।**
2. **ਆਮਦਨ ਪ੍ਰਭਾਵ**- ਬਿੰਦੂ C ਤੋਂ A ਵੱਲ ਸੰਚਲਨ ਨਾਲ ਆਮਦਨ ਪ੍ਰਭਾਵ ਪ੍ਰਗਟ ਹੋ ਰਿਹਾ ਹੈ। ਹੇਠਲੀ ਕੋਟੀ ਵਸਤੂ ਦੇ ਸਬੰਧ ਵਿੱਚ ਆਮਦਨ ਰਣਾਤਮਕ ਹੁੰਦਾ ਹੈ, ਜੋ (– ST) ਨਾਲ ਦਿਖਾਇਆ ਗਿਆ ਹੈ ਪਰ ਰਣਾਤਮਕ ਪ੍ਰਤੀਸਥਾਪਨ ਪ੍ਰਭਾਵ ਰਣਾਤਮਕ ਆਮਦਨ ਪ੍ਰਭਾਵ ਤੋਂ ਜ਼ਿਆਦਾ ਹੈ ਅਤੇ ਕੀਮਤ ਵਿੱਚ ਕਮੀ ਦੇ ਕਾਰਨ, ਮੰਗ ਵੱਧਦੀ ਹੈ ਅਤੇ ਮੰਗ ਦਾ ਨਿਯਮ ਹੇਠਲੀ ਕੋਟੀ ਵਾਲੀਆਂ ਵਸਤੂਆਂ ਦੇ ਸਬੰਧ ਵਿੱਚ ਵੀ ਲਾਗੂ ਹੁੰਦਾ ਹੈ। ਹੋਰ ਸ਼ਬਦਾਂ ਵਿੱਚ

ਕੀਮਤ ਪ੍ਰਭਾਵ = **OS – OQ = QS।**

ਪ੍ਰਤੀਸਥਾਪਨ ਪ੍ਰਭਾਵ = **QT;**

ਆਮਦਨ ਪ੍ਰਭਾਵ = **(–ST)**

ਅਤੇ QS ਕੀਮਤ ਪ੍ਰਭਾਵ = **QT** (ਪ੍ਰਤੀਸਥਾਪਨ ਪ੍ਰਭਾਵ)+(– ST) ਆਮਦਨ ਪ੍ਰਭਾਵ=QT – S T

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾ ਵਿੱਚੋਂ ਸਹੀ/ਗਲਤ ਲੱਭੋ

(State whether the following statements are True/False)–

8. ਹਰੇਕ ਉਪਭੋਗਤਾ ਆਪਣੀ ਸੀਮਿਤ ਆਮਦਨ ਨਾਲ ਜ਼ਿਆਦਾ ਸੰਤੁਸ਼ਟੀ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ।
9. ਤਟਸਥਤਾ ਵਕ੍ਰ ਦਾ ਢਲਾਣ ਬਰਾਬਰਤਾ ਸੱਜੇ ਤੋਂ ਖੱਬੇ ਹੇਠਾ ਵੱਲ ਹੁੰਦਾ ਹੈ।
10. ਤਟਸਥਤਾ ਵਕ੍ਰ ਵਿਸ਼ਲੇਸ਼ਣ ਦੀ ਇਹ ਮਾਨਤਾ ਹੈ ਕਿ ਸੀਮਿਤ ਪ੍ਰਤੀਸਥਾਪਨ ਦਰ ਘਟਦੀ ਹੈ।
11. ਤਟਸਥਤਾ ਵਕ੍ਰ ਦੀ ਉਂਤੋਦਰਤਾ ਘਟਦੀ ਸੀਮਿਤ ਪ੍ਰਤੀਸਥਾਪਨ ਦੀ ਦਰ ਦੇ ਕਾਰਨ ਹੁੰਦੀ ਹੈ।
12. ਪ੍ਰਤੀਸਥਾਪਨ ਪ੍ਰਭਾਵ ਹਮੇਸ਼ਾ ਧਨਾਤਮਕ ਹੁੰਦਾ ਹੈ।

4.22 ਗਿਫੱਨ ਦਾ ਵਿਰੋਧਤਾ (Giffen's Paradox)

19ਵੀਂ ਸਦੀ ਦੇ ਆਰੰਭਿਕ ਸਾਲਾਂ ਵਿੱਚ ਬ੍ਰਿਟੇਨ ਵਿੱਚ ਹੇਠਲੀ ਮਜ਼ਦੂਰੀ ਪ੍ਰਾਪਤ ਕਰਨ ਵਾਲੇ ਮਜ਼ਦੂਰਾਂ ਤੋਂ ਕਣਕ ਦੀ ਕੀਮਤ ਅਤੇ ਬ੍ਰੈਡ ਦੀ ਮੰਗੀ ਗਈ ਮਾਤਰਾ ਦੇ ਵਿਵਹਾਰ 'ਤੇ ਅਧਾਰਿਤ **ਸਰਫ੍ਰਾਂਸਿਸ ਗਿੱਫਨ** (Sir Francis Giffen) ਨੇ ਮੰਗ ਦੇ ਨਿਯਮ ਦੇ ਸਬੰਧ ਵਿੱਚ ਇਕ ਮਹੱਤਵਪੂਰਨ **ਅੱਪਵਾਦ** (Exception) ਦੀ ਖੋਜ ਕੀਤੀ, ਜਿਸ ਨੂੰ **ਗਿੱਫਨ ਦੀ ਵਿਰੋਧਤਾ** (Giffen's Paradox) ਦਾ ਨਾਮ ਦਿੱਤਾ ਗਿਆ। **ਇਹ ਵਿਰੋਧਤਾ ਦੱਸਦੀ ਹੈ ਕਿ ਹੇਠਲੀ ਕੋਟੀ ਵਾਲੀ ਵਸਤੂ ਜੋ ਗਰੀਬ ਲੋਕਾਂ ਦੀ ਮਹੱਤਵਪੂਰਨ ਖਾਦ ਮੱਦ** (Food Item) **ਹੈ ਅਤੇ ਜਿਸ 'ਤੇ ਉਹ ਆਪਣੀ ਆਮਦਨ ਦਾ ਇਕ ਵੱਡਾ ਪ੍ਰਤੀਸ਼ਤ ਖਰਚ ਕਰਦੇ ਹਨ। (ਜਿਵੇਂ ਇੰਗਲੈਂਡ ਵਿੱਚ 19ਵੀਂ ਸ਼ਤਾਬਦੀ ਵਿੱਚ ਬ੍ਰੇਡ ਅਤੇ ਵਰਤਮਾਨ ਦਿਨਾਂ ਵਿੱਚ ਰਾਜਸਥਾਨ ਦੇ ਮਾਰੂਥਲ ਖੇਤਰ ਵਿੱਚ ਬਾਜਰਾ) ਉਸ 'ਤੇ** (i) **ਕੀਮਤ**

ਨੋਟ

ਪਰਿਵਰਤਨ ਦਾ ਆਮਦਨ ਪ੍ਰਭਾਵ ਰਣਾਤਮਕ ਹੁੰਦਾ ਹੈ ਅਤੇ (ii) **ਰਣਾਤਮਕ ਆਮਦਨ ਪ੍ਰਭਾਵ ਪ੍ਰਤੀ ਸਥਾਪਨ ਪ੍ਰਭਾਵ ਦੀ ਤੁਲਨਾ ਵਿੱਚ ਸ਼ਕਤੀਸ਼ਾਲੀ ਹੁੰਦਾ ਹੈ ਅਤੇ ਇਸ ਲਈ ਉਨ੍ਹਾਂ ਦੇ ਸਬੰਧ ਵਿੱਚ ਮੰਗ ਦਾ ਨਿਯਮ ਲਾਗੂ ਨਹੀਂ ਹੁੰਦਾ।** ਅਜਿਹੀਆਂ ਵਸਤੂਆਂ ਨੂੰ **ਗਿੱਫਨ ਵਸਤੂਆਂ** (Giffen Goods) ਕਿਹਾ ਜਾਂਦਾ ਹੈ। ਹੋਰ **ਸ਼ਬਦਾਂ ਵਿੱਚ ਗਿੱਫਨ ਵਸਤੂਆਂ ਉਹ ਵਸਤੂਆਂ ਹਨ, ਜਿਨ੍ਹਾਂ ਦੀ ਕੀਮਤ ਘੱਟ ਹੋਣ ਨਾਲ ਮੰਗ ਘੱਟ ਹੁੰਦੀ ਹੈ ਅਤੇ ਕੀਮਤ ਵਧਣ 'ਤੇ ਮੰਗ ਵੱਧਦੀ ਹੈ** ਅਤੇ **ਗਿੱਫਨ ਪਦਾਰਥ ਹੇਠਲੀ ਕੋਟੀ ਦਾ ਉਹ ਵਿਸ਼ੇਸ਼ ਪਦਾਰਥ ਹੈ, ਜਿਸ 'ਤੇ ਮੰਗ ਦਾ ਨਿਯਮ ਲਾਗੂ ਨਹੀਂ ਹੁੰਦਾ ਅਤੇ ਕੀਮਤ ਘੱਟ ਹੋਣ 'ਤੇ ਉਸ ਦੀ ਮੰਗ ਘੱਟ ਹੁੰਦੀ ਹੈ ਅਤੇ ਕੀਮਤ ਵਧਣ 'ਤੇ ਮੰਗ ਵੱਧਦੀ ਹੈ।**

ਗਿੱਫਨ ਦੀ ਵਿਰੋਧ ਦੀ ਭਾਵਨਾ ਤੋਂ ਪਤਾ ਲੱਗਦਾ ਹੈ ਕਿ ਮੰਗ ਦਾ ਨਿਯਮ ਕਿਸ ਸਥਿਤੀ ਵਿੱਚ ਲਾਗੂ ਨਹੀਂ ਹੁੰਦਾ। ਗਿੱਫਨ ਪਦਾਰਥਾਂ ਦੀ ਮੰਗ ਵਕ੍ਰ ਦੀ ਢਲਾਣ ਹੇਠਾਂ ਤੋਂ ਉਪਰ ਵੱਲ ਹੁੰਦੀ ਹੈ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਵਸਤੂ ਦੀ ਘੱਟ ਕੀਮਤ 'ਤੇ ਉਸ ਦੀ ਮਾਤਰਾ ਦੀ ਜ਼ਿਆਦਾ ਮੰਗ ਕੀਤੀ ਜਾਂਦੀ ਹੈ ਅਤੇ ਜ਼ਿਆਦਾ ਕੀਮਤ 'ਤੇ ਘੱਟ ਮੰਗ ਕੀਤੀ ਜਾਂਦੀ ਹੈ।

4.23 ਗਿੱਫਨ ਵਸਤੂਆਂ ਦੀ ਸਥਿਤੀ ਵਿੱਚ ਆਮਦਨ ਅਤੇ ਪ੍ਰਤੀਸਥਾਪਨ ਪ੍ਰਭਾਵ (Income and Substitution Effects in Case of Giffen Goods)

ਸਾਰੀਆਂ ਵਸਤੂਆਂ-ਸਧਾਰਣ, ਹੇਠਲੀ ਕੋਟੀ ਅਤੇ ਗਿੱਫਨ ਦੇ ਸਬੰਧ ਵਿੱਚ ਪ੍ਰਤੀਸਥਾਪਨ ਪ੍ਰਭਾਵ ਹਮੇਸ਼ਾ ਰਣਾਤਮਕ ਹੁੰਦਾ ਹੈ। ਰਣਾਤਮਕ ਪ੍ਰਤੀਸਥਾਪਨ ਪ੍ਰਭਾਵ ਦਾ ਅਰਥ ਹੈ ਕਿ ਜਦੋਂ ਵਸਤੂ-X ਸਸਤੀ ਹੋ ਜਾਂਦੀ ਹੈ, ਉਦੋਂ ਵਸਤੂ-Y ਦੀ ਜਗ੍ਹਾ 'ਤੇ ਵਸਤੂ-X ਜ਼ਰੂਰ ਹੀ ਜ਼ਿਆਦਾ ਖਰੀਦੀ ਜਾਵੇਗੀ ਅਤੇ ਵਸਤੂ-Y ਦੇ ਲਈ ਵਸਤੂ-X ਦਾ ਪ੍ਰਤੀਸਥਾਪਨ ਕੀਤਾ ਜਾਵੇਗਾ।

ਹੇਠਲੀ ਕੋਟੀ ਦੀਆਂ ਵਸਤੂਆਂ ਲਈ ਆਮਦਨ ਪ੍ਰਭਾਵ ਰਣਾਤਮਕ ਹੁੰਦਾ ਹੈ। ਰਣਾਤਮਕ ਆਮਦਨ ਪ੍ਰਭਾਵ ਦਾ ਅਰਥ ਹੈ ਕਿ ਵਸਤੂ ਦੀ ਕੀਮਤ ਡਿਗਣ ਕਾਰਨ ਉਪਭੋਗਤਾ ਦੀ ਅਸਲੀ ਆਮਦਨ ਵਿੱਚ ਵਾਧਾ ਹੋ ਜਾਂਦਾ ਹੈ, ਇਸ ਲਈ ਉਹ ਵਸਤੂ ਦੀ ਘੱਟ ਮੰਗ ਕਰਦਾ ਹੈ।

ਜਦ ਕਿ ਅਸਲੀ ਆਮਦਨ ਵਿੱਚ ਹੋਣ ਵਾਲਾ ਵਾਧਾ ਉਪਭੋਗਤਾ ਨੂੰ ਉਚ ਕੋਟੀ ਦੀਆਂ ਪ੍ਰਤੀਸਥਾਪਨ ਵਸਤੂਆਂ ਦਾ ਜ਼ਿਆਦਾ ਉਪਭੋਗ ਕਰਨ ਲਈ ਪ੍ਰੇਰਿਤ ਕਰਦੀ ਹੈ। ਹੇਠਲੀ ਕੋਟੀ ਵਾਲੀਆਂ ਵਸਤੂਆਂ ਲਈ ਆਮਦਨ ਪ੍ਰਭਾਵ ਰਣਾਤਮਕ ਹੁੰਦਾ ਹੈ ਪਰ ਇਹ ਜ਼ਰੂਰੀ ਨਹੀਂ ਹੈ ਕਿ ਉਹ ਪ੍ਰਤੀਸਥਾਪਨ ਤੋਂ ਪ੍ਰਭਾਵ ਤੋਂ ਜ਼ਿਆਦਾ ਸ਼ਕਤੀਸ਼ਾਲੀ ਹੋਵੇ, ਇਸ ਲਈ **ਸ਼ੁੱਧ ਪ੍ਰਭਾਵ** (Net Effect) ਅਤੇ ਕੀਮਤ ਪ੍ਰਭਾਵ (ਪ੍ਰਤੀਸਥਾਪਨ ਪ੍ਰਭਾਵ- ਆਮਦਨ ਪ੍ਰਭਾਵ) ਪ੍ਰਤੀਸਥਾਪਨ ਪ੍ਰਭਾਵ ਨਾਲ ਜ਼ਿਆਦਾ ਪ੍ਰਭਾਵਿਤ ਹੁੰਦਾ ਹੈ। ਅਜਿਹੀ ਸਥਿਤੀ ਵਿੱਚ ਆਮਦਨ ਪ੍ਰਭਾਵ ਦੇ ਰਣਾਤਮਕ ਹੋਣ 'ਤੇ ਵੀ ਮੰਗ ਦਾ ਨਿਯਮ ਲਾਗੂ ਹੁੰਦਾ ਹੈ। ਪਰ **ਗਿੱਫਨ ਵਸਤੂਆਂ** ਦੇ ਸਬੰਧ ਵਿੱਚ:

(**a**) **ਆਮਦਨ ਪ੍ਰਭਾਵ ਰਣਾਤਮਕ ਹੁੰਦਾ ਹੈ ਅਤੇ**

(**b**) **ਪ੍ਰਤੀਸਥਾਪਨ ਪ੍ਰਭਾਵ ਦੀ ਤੁਲਨਾ ਵਿੱਚ ਰਣਾਤਮਕ ਆਮਦਨ ਪ੍ਰਭਾਵ ਜ਼ਿਆਦਾ ਪ੍ਰਭਾਵਸ਼ਾਲੀ ਹੁੰਦਾ ਹੈ। ਇਸ ਲਈ ਸ਼ੁੱਧ ਪ੍ਰਭਾਵ** (Net Effect) **ਅਤੇ ਕੀਮਤ ਪ੍ਰਭਾਵ (ਪ੍ਰਤੀਸਥਾਪਨ ਪ੍ਰਭਾਵ- ਆਮਦਨ ਪ੍ਰਭਾਵ) ਰਣਾਤਮਕ ਆਮਦਨ ਪ੍ਰਭਾਵ ਨਾਲ ਪ੍ਰਭਾਵਿਤ ਹੁੰਦਾ ਹੈ। ਇਸ ਦਾ ਅਰਥ ਇਹ ਹੈ ਕਿ ਵਸਤੂ ਦੀ ਕੀਮਤ ਅਤੇ ਇਸ ਦੀ ਮੰਗੀ ਗਈ ਮਾਤਰਾ ਦਰਮਿਆਨ ਧਨਾਤਮਕ ਸਬੰਧ ਸਥਾਪਿਤ ਹੋ ਜਾਂਦਾ ਹੈ। ਹੋਰ ਸ਼ਬਦਾਂ ਵਿੱਚ ਗਿੱਫਨ ਪਦਾਰਥਾਂ 'ਤੇ ਮੰਗ ਦਾ ਨਿਯਮ ਲਾਗੂ ਨਹੀਂ ਹੁੰਦਾ।**

ਸ਼ੁੱਧ ਪ੍ਰਭਾਵ 'ਤੇ ਜਦੋਂ ਰਣਾਤਮਕ ਆਮਦਨ ਪ੍ਰਭਾਵ (ਰਣਾਤਮਕ ਪ੍ਰਭਾਵ ਧਨਾਤਮਕ ਪ੍ਰਤੀਸਥਾਪਨ ਪ੍ਰਭਾਵ ਦੀ ਤੁਲਨਾ ਵਿੱਚ ਜ਼ਿਆਦਾ ਸ਼ਕਤੀਸ਼ਾਲੀ ਹੁੰਦਾ ਹੈ) ਜ਼ਿਆਦਾ ਪ੍ਰਭੂਤਵ ਵਾਲਾ (Dominating) ਹੁੰਦਾ ਹੈ, ਉਦੋਂ ਮੰਗ ਦਾ ਨਿਯਮ ਅਪ੍ਰਭਾਵੀ ਹੋ ਜਾਂਦਾ ਹੈ। ਗਿੱਫਨ ਵਸਤੂਆਂ ਦੇ ਸਬੰਧ ਵਿੱਚ ਪ੍ਰਤੀਸਥਾਪਨ ਪ੍ਰਭਾਵ ਅਤੇ ਆਮਦਨ ਪ੍ਰਭਾਵ ਦੇ ਅਲਗਾਵ ਨੂੰ ਹੇਠਲੇ ਲਿਖੇ ਢੰਗ ਨਾਲ ਪ੍ਰਗਟ ਕੀਤਾ ਜਾ ਸਕਦਾ ਹੈ-

ਚਿੱਤਰ 4.28 ਗਿੱਫਨ ਵਸਤੂਆਂ ਦੇ ਸਬੰਧ ਵਿੱਚ ਪ੍ਰਤੀਸਥਾਪਨ ਪ੍ਰਭਾਵ ਅਤੇ ਆਮਦਨ ਪ੍ਰਭਾਵ ਨੂੰ ਪ੍ਰਗਟ ਕਰਦਾ ਹੈ।

ਗਿੱਫਨ ਪਦਾਰਥਾਂ ਦੇ ਸਬੰਧ ਵਿੱਚ ਵੀ ਪ੍ਰਤੀਸਥਾਪਨ ਪ੍ਰਭਾਵ ਤੋਂ ਇਹ ਪਤਾ ਲੱਗਦਾ ਹੈ ਕਿ ਮੁਕਾਬਲੇ ਵਿੱਚ ਸਸਤੀ ਵਸਤੂ ਵੀ ਜ਼ਿਆਦਾ ਮਾਤਰਾ ਵਿੱਚ ਖਰੀਦੀ ਜਾਂਦੀ ਹੈ ਪਰ ਇਸ ਸਥਿਤੀ ਵਿੱਚ ਇਹ ਇੰਨਾ ਜ਼ਿਆਦਾ ਰਣਾਤਮਕ ਹੁੰਦਾ ਹੈ ਕਿ ਉਹ ਪ੍ਰਤੀਸਥਾਪਨ ਪ੍ਰਭਾਵ ਨੂੰ ਖਤਮ ਕਰ ਦਿੰਦਾ ਹੈ। ਇਸ ਲਈ ਵਸਤੂ ਦੀ ਕੀਮਤ ਘੱਟ ਹੋਣ 'ਤੇ ਵੀ ਉਸ ਦੀ ਘੱਟ ਮਾਤਰਾ ਖਰੀਦੀ ਜਾਂਦੀ ਹੈ।

ਨੋਟ



ਚਿੱਤਰ 4.28

ਚਿੱਤਰ 4.28 ਵਿੱਚ AB ਅਰੰਭਿਕ ਬਜਟ ਰੇਖਾ ਹੈ ਅਤੇ IC_1 ਅਰੰਭਿਕ ਤਟਸਥਤਾ ਵਕ੍ਰ ਹੈ। ਉਪਭੋਗਤਾ ਦਾ ਅਰੰਭਿਕ ਸੰਤੁਲਨ ਬਿੰਦੂ Q_1 ਹੈ, ਇੱਥੇ ਉਹ ਗਿੱਫਨ ਵਸਤੂ-X ਦੀਆਂ OL ਇਕਾਈਆਂ ਦੀ ਮੰਗ ਕਰਦਾ ਹੈ, ਜਦੋਂ ਵਸਤੂ-X ਦੀ ਕੀਮਤ ਡਿੱਗਦੀ ਹੈ ਤਾਂ ਬਜਟ ਰੇਖਾ ਅੱਗੇ ਸੱਜੇ ਪਾਸੇ ਖਿਸਕ ਕੇ 'AC' ਹੋ ਜਾਂਦੀ ਹੈ, Q_3 ਉਪਭੋਗਤਾ ਦਾ ਨਵਾਂ ਸੰਤੁਲਨ ਬਿੰਦੂ ਹੈ। ਅਸੀਂ ਜਾਣਦੇ ਹਾਂ ਕਿ Q_1 ਤੋਂ Q_3 ਤੱਕ ਖਿਸਕਣਾ ਪ੍ਰਤੀਸਥਾਪਨ ਪ੍ਰਭਾਵ ਅਤੇ ਆਮਦਨ ਪ੍ਰਭਾਵ ਦਾ ਸ਼ੁੱਧ ਪ੍ਰਭਾਵ ਹੈ। AC ਦੇ ਸਮਾਂਤਰ TT ਰੇਖਾ ਖਿੱਚ ਕੇ ਜੋ ਤਟਸਥਤਾ ਵਕ੍ਰ IC_1 ਨੂੰ (Q_2 ਬਿੰਦੂ 'ਤੇ) ਛੂੰਹਦੀ ਹੈ, ਅਸੀਂ ਪ੍ਰਤੀਸਥਾਪਨ ਪ੍ਰਭਾਵ ਪਤਾ ਲਗਾ ਸਕਦੇ ਹਾਂ ਜੋ LR ਦੇ ਬਰਾਬਰ ਹੈ। ਵਸਤੂ-X ਦੀ ਕੀਮਤ ਘੱਟ ਹੋਣ 'ਤੇ ਇਹ ਵਸਤੂ-Y ਦੀ ਤੁਲਨਾ ਵਿੱਚ ਸਸਤੀ ਹੋ ਜਾਂਦੀ ਹੈ ਅਤੇ ਵਸਤੂ-X ਦੇ ਉਪਭੋਗ ਵਿੱਚ LR ਮਾਤਰਾ ਦੇ ਬਰਾਬਰ ਵਾਧਾ ਹੁੰਦਾ ਹੈ। ਚਿੱਤਰ ਤੋਂ ਪਤਾ ਲੱਗਦਾ ਹੈ ਕਿ ਆਮਦਨ ਪ੍ਰਭਾਵ ਰਣਾਤਮਕ ਹੈ ਅਤੇ ਇਹ (– RK) ਦੇ ਬਰਾਬਰ ਹੈ।

ਸਪੱਸ਼ਟ ਹੈ, (– RK) > (RL)। ਇਸ ਦਾ ਫਰਕ – KL ਹੈ।

ਸ਼ੁੱਧ ਪ੍ਰਭਾਵ ਕੀਮਤ ਅਤੇ ਕੀਮਤ ਪ੍ਰਭਾਵ = –KL

ਪ੍ਰਤੀਸਥਾਪਨ ਪ੍ਰਭਾਵ = LR

ਆਮਦਨ ਪ੍ਰਭਾਵ = (–) RK

ਹੇਠਲੀ ਕੋਟੀ ਵਸਤੂਆਂ ਅਤੇ ਗਿੱਫਨ ਵਸਤੂਆਂ ਦਰਮਿਆਨ ਫਰਕ

1. **ਗਿੱਫਨ ਵਸਤੂਆਂ** (Giffen Goods)– ਗਿੱਫਨ ਵਸਤੂਆਂ ਉਹ ਹੇਠਲੀ ਕੋਟੀ ਵਾਲੀਆਂ ਵਸਤੂਆਂ ਹਨ, ਜਿਨ੍ਹਾਂ 'ਤੇ ਉਪਭੋਗਤਾ ਦੀ ਆਮਦਨ ਦਾ ਇਕ ਵੱਡਾ ਪ੍ਰਤੀਸ਼ਤ ਖਰਚ ਹੁੰਦਾ ਹੈ। ਇਸ ਦੇ ਸਬੰਧ ਵਿੱਚ

   (i) ਆਮਦਨ ਪ੍ਰਭਾਵ ਰਣਾਤਮਕ ਹੁੰਦਾ ਹੈ। ਇਸ ਲਈ ਗਿੱਫਨ ਵਸਤੂਆਂ ਵਸਤੂ-X ਦੀ ਕੀਮਤ ਦੇ ਡਿਗਣ ਦੇ ਕਾਰਨ ਉਪਭੋਗਤਾ ਦੀ ਅਸਲੀ ਆਮਦਨ ਵਿੱਚ ਜਦੋਂ ਵਾਧਾ ਹੁੰਦਾ ਹੈ ਤਾਂ ਵਸਤੂ ਦੀ ਘੱਟ ਮਾਤਰਾ ਵਿੱਚ ਮੰਗ ਕੀਤੀ ਜਾਂਦੀ ਹੈ।

   (ii) ਰਣਾਤਮਕ ਆਮਦਨ ਪ੍ਰਭਾਵ ਪ੍ਰਤੀਸਥਾਪਨ ਪ੍ਰਭਾਵ ਦੀ ਤੁਲਨਾ ਵਿੱਚ ਜ਼ਿਆਦਾ ਸ਼ਕਤੀਸ਼ਾਲੀ ਹੁੰਦਾ ਹੈ। ਇਸ ਲਈ ਸ਼ੁੱਧ ਪ੍ਰਭਾਵ ਜਾਂ ਕੀਮਤ ਪ੍ਰਭਾਵ ਹਮੇਸ਼ਾ ਧਨਾਤਮਕ ਹੁੰਦਾ ਹੈ, ਇਸ ਦਾ ਮਤਲਬ ਇਹ ਹੈ ਕਿ ਵਸਤੂ-X ਦੀ ਕੀਮਤ ਵਿੱਚ ਵਾਧਾ ਹੋਣ ਨਾਲ ਉਸ ਦੀ ਮੰਗੀ ਗਈ ਮਾਤਰਾ ਵਿੱਚ ਵਾਧਾ ਹੁੰਦਾ ਹੈ।

   (iii) ਗਿੱਫਨ ਵਸਤੂਆਂ ਦੇ ਸਬੰਧ ਵਿੱਚ ਮੰਗ ਦਾ ਨਿਯਮ ਲਾਗੂ ਨਹੀਂ ਹੁੰਦਾ।

ਨੋਟ

2. **ਹੇਠਲੀ ਕੋਟੀ ਦੀਆਂ ਵਸਤੂਆਂ** (Inferior Goods)– ਗਿੱਫਨ ਵਸਤੂਆਂ ਤੋਂ ਇਲਾਵਾ ਬਾਕੀ ਹੇਠਲੀ ਕੋਟੀ ਦੀਆਂ ਵਸਤੂਆਂ ਉਹ ਵਸਤੂਆਂ ਹਨ, ਜਿਨ੍ਹਾਂ ਦੇ ਸਬੰਧ ਵਿੱਚ

(i) ਆਮਦਨ ਪ੍ਰਭਾਵ ਰਣਾਤਮਕ ਹੁੰਦਾ ਹੈ।

(ii) ਰਣਾਤਮਕ ਆਮਦਨ ਪ੍ਰਭਾਵ, ਪ੍ਰਤੀਸਥਾਪਨ ਪ੍ਰਭਾਵ ਦੀ ਤੁਲਨਾ ਵਿੱਚ, ਘੱਟ ਸ਼ਕਤੀਸ਼ਾਲੀ ਹੁੰਦਾ ਹੈ, ਇਸ ਲਈ ਕੀਮਤ ਪ੍ਰਭਾਵ ਰਣਾਤਮਕ ਹੁੰਦਾ ਹੈ।

(iii) ਮੰਗ ਦਾ ਨਿਯਮ ਲਾਗੂ ਹੁੰਦਾ ਹੈ।

ਰਣਾਤਮਕ ਆਮਦਨ ਪ੍ਰਭਾਵ ਦੇ ਪ੍ਰਬਲ ਹੋਣ ਦਾ ਅਰਥ ਇਹ ਹੈ ਕਿ ਵਸਤੂ-X ਦੀ ਘਟੀ ਹੋਈ ਕੀਮਤ ਦੇ ਫਲਸਰੂਪ ਵਸਤੂ-X ਦੀ ਮੰਗ ਵੀ OL ਤੋਂ ਘੱਟ ਹੋ ਕੇ OK ਹੋ ਜਾਂਦੀ ਹੈ। ਇਹ ਵੀ **ਗਿੱਫਨ ਦੀ ਵਿਰੋਧਤਾ** ਦਾ ਅਰਥ ਹੈ। ਸੰਖੇਪ ਵਿੱਚ ਗਿੱਫਨ ਵਸਤੂਆਂ ਦੀ ਕੀਮਤ ਘੱਟ ਹੋਣ 'ਤੇ ਜੋ ਪ੍ਰਤੀਸਥਾਪਨ ਪ੍ਰਭਾਵ ਹੁੰਦਾ ਹੈ, ਉਹ ਜ਼ਿਆਦਾ ਇਸਤੇਮਾਲ ਨੂੰ ਉਤਸ਼ਾਹਿਤ ਕਰਦਾ ਹੈ ਪਰ ਆਮਦਨ ਪ੍ਰਭਾਵ ਨਾ ਕੇਵਲ ਉਲਟ ਦਿਸ਼ਾ (ਘੱਟ ਉਪਭੋਗ) ਵਿੱਚ ਕੰਮ ਕਰਦਾ ਹੈ, ਸਗੋਂ ਪ੍ਰਤੀਸਥਾਪਨ ਪ੍ਰਭਾਵ ਦੀ ਤੁਲਨਾ ਵਿੱਚ ਜ਼ਿਆਦਾ ਪ੍ਰਬਲ ਵੀ ਹੁੰਦਾ ਹੈ, ਇਸ ਦੇ ਫਲਸਰੂਪ ਕੀਮਤ ਘਟਣ ਦਾ ਕੁੱਲ ਪ੍ਰਭਾਵ ਅਤੇ ਕੀਮਤ ਪ੍ਰਭਾਵ ਮੰਗ ਵਿੱਚ ਕਮੀ ਦਾ ਕਾਰਨ ਬਣ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਮੰਗ ਵਕ੍ਰ ਦੀ ਢਲਾਣ **ਧਨਾਤਮਕ** (Positive) ਹੋਵੇਗਾ।

4.24 ਆਮਦਨ ਅਤੇ ਪ੍ਰਤੀਸਥਾਪਨ ਪ੍ਰਭਾਵਾਂ ਦੇ ਸੰਭਵ ਸੰਜੋਗ (Possible Combinations of Income and Substitution Effects)

ਆਮਦਨ ਅਤੇ ਪ੍ਰਤੀਸਥਾਪਨ ਪ੍ਰਭਾਵਾਂ ਦੇ ਸੰਭਵ ਸੰਜੋਗਾਂ ਦਾ ਸਾਰੰਸ਼ ਹੇਠਾਂ ਦਿੱਤਾ ਗਿਆ ਹੈ —

ਤਾਲਿਕਾ 6. ਸਧਾਰਣ, ਹੇਠਲੀ ਕੋਟੀ ਅਤੇ ਗਿੱਫਨ ਵਸਤੂਆਂ ਦੇ ਸਬੰਧ ਵਿੱਚ ਆਮਦਨ ਅਤੇ ਪ੍ਰਤੀਸਥਾਪਨ ਪ੍ਰਭਾਵ (Income and Substitution Effects in Case of Normal, Inferior and Giffen Goods)

ਵਸਤੂਆਂ ਦੀ ਪ੍ਰਕਿਰਤੀ (Nature of Goods)	**ਆਮਦਨ ਪ੍ਰਭਾਵ** (Income Effect)	**ਪ੍ਰਤੀਸਥਾਪਨ ਪ੍ਰਭਾਵ** (Substitution Effect)	**ਕੁੱਲ ਪ੍ਰਭਾਵ** (Total Effect)
1. ਸਧਾਰਣ ਵਸਤੂਆਂ	ਧਨਾਤਮਕ	ਰਣਾਤਮਕ	ਮੰਗ ਦਾ ਨਿਯਮ ਲਾਗੂ ਹੁੰਦਾ ਹੈ।
2. ਹੇਠਲੀ ਕੋਟੀ ਵਸਤੂਆਂ ਜੋ ਗਿੱਫਨ ਵਸਤੂਆਂ ਨਹੀਂ ਹਨ	ਰਣਾਤਮਕ	ਰਣਾਤਮਕ	ਮੰਗ ਦਾ ਨਿਯਮ ਲਾਗੂ ਹੁੰਦਾ ਹੈ। ਕਿਉਂਕਿ ਰਣਾਤਮਕ ਆਮਦਨ ਪ੍ਰਭਾਵ ਦੀ ਤੁਲਨਾ ਵਿੱਚ ਪ੍ਰਤੀਸਥਾਪਨ ਪ੍ਰਭਾਵ ਜ਼ਿਆਦਾ ਸ਼ਕਤੀਸ਼ਾਲੀ ਹੁੰਦਾ ਹੈ।
3. ਗਿੱਫਨ ਵਸਤੂਆਂ	ਰਣਾਤਮਕ	ਰਣਾਤਮਕ	ਮੰਗ ਦਾ ਨਿਯਮ ਨਹੀਂ ਹੁੰਦਾ। ਕਿਉਂਕਿ ਰਣਾਤਮਕ ਆਮਦਨ ਪ੍ਰਭਾਵ ਪ੍ਰਤੀਸਥਾਪਨ ਪ੍ਰਭਾਵ ਦੀ ਤੁਲਨਾ ਵਿੱਚ ਜ਼ਿਆਦਾ ਸ਼ਕਤੀਸ਼ਾਲੀ ਹੁੰਦਾ ਹੈ।

4.25 ਸਲਟਸਕੀ ਦਾ ਦ੍ਰਿਸ਼ਟੀਕੋਣ (The Slutsky's Approach)

ਚਿੱਤਰ 4.29 ਸਲਟਸਕੀ ਦੀ ਧਾਰਨਾ ਦੇ ਅਨੁਸਾਰ ਪ੍ਰਤੀਸਥਾਪਨ ਪ੍ਰਭਾਵ ਅਤੇ ਆਮਦਨ ਪ੍ਰਭਾਵ **ਅਲਗਾਵ** (Separation) ਦੀ ਵਿਆਖਿਆ ਕਰਦਾ ਹੈ।

ਨੋਟ



ਚਿੱਤਰ 4.29

ਸ਼ੁਰੂ ਵਿੱਚ ਉਪਭੋਗਤਾ ਬਿੰਦੂ Q 'ਤੇ ਸੰਤੁਲਨ ਵਿੱਚ ਹੈ, ਜਿੱਥੇ ਬਜਟ ਰੇਖਾ AB ਅਤੇ ਤਟਸਥਤਾ ਵਕ੍ਰ IC ਇਕ-ਦੂਸਰੇ ਨੂੰ ਛੂੰਹਦੇ ਹਨ। ਸੇਬਾਂ ਦੀ ਕੀਮਤ ਦੇ ਡਿਗਣ ਕਾਰਨ, ਕੀਮਤ ਰੇਖਾ ਸੱਜੇ ਪਾਸੇ ਖਿਸਕ ਕੇ AC ਹੋ ਜਾਂਦੀ ਹੈ। ਉਪਭੋਗਤਾ ਹੁਣ ਬਿੰਦੂ R 'ਤੇ ਸੰਤੁਲਨ ਵਿੱਚ ਹੈ, ਜਿੱਥੇ ਤਟਸਥਤਾ ਵਕ੍ਰ IC_1 ਅਤੇ ਬਜਟ ਰੇਖਾ AC ਇਕ-ਦੂਸਰੇ ਨੂੰ ਛੂਹ ਰਹੀ ਰਹੀਆਂ ਹਨ। ਬਿੰਦੂ Q ਕ ਤੋਂ ਬਿੰਦੂ R 'ਤੇ ਗਤੀ ਸੰਚਲਨ ਸੇਬਾਂ ਦੀ OL ਤੋਂ OM ਮੰਗੀ ਗਈ ਮਾਤਰਾ ਵਿੱਚ ਪਰਿਵਰਤਨ ਨੂੰ ਪ੍ਰਗਟ ਕਰਦਾ ਹੈ। ਇਹ ਵੀ ਕੀਮਤ ਪ੍ਰਭਾਵ ਹੈ। ਅਤੇ

ਕੀਮਤ ਪ੍ਰਭਾਵ = OM – OL = LM

ਸਲਟਸਕੀ ਉਪਭੋਗਤਾ ਦੀ ਅਸਲੀ ਆਮਦਨ ਨੂੰ ਸਥਿਰ ਰੱਖਣ ਲਈ ਉਸ ਤੋਂ ਮੌਦ੍ਰਿਕ ਆਮਦਨ ਦੀ AS ਮਾਤਰਾ ਵਾਪਸ ਲੈ ਕੇ ਪ੍ਰਤੀਸਥਾਪਨ ਪ੍ਰਭਾਵ ਨੂੰ ਅਲੱਗ ਕਰਕੇ ਦਿਖਾਉਂਦਾ ਹੈ। ਇਸ ਲਈ ਬਿੰਦੂ Q ਵੱਲੋਂ ਪ੍ਰਗਟ ਸੇਬਾਂ ਅਤੇ ਸੰਤਰਿਆਂ ਦੇ ਅਰੰਭਿਕ ਸੰਜੋਗ ਦੇ ਰੂਪ ਵਿੱਚ ਉਪਭੋਗਤਾ ਦੀ ਅਸਲੀ ਆਮਦਨ 'ਤੇ ਰਹਿੰਦੀ ਹੈ ਅਤੇ **ਨਵੀਂ ਬਜਟ ਰੇਖਾ** SS **ਬਿੰਦੂ** Q **ਵਿੱਚੋਂ ਨਿਕਲਦੀ ਹੋਈ** AC **ਰੇਖਾ ਦੇ ਸਮਾਂਤਰ ਖਿੱਚੀ ਗਈ ਹੈ।** ਨਵੀਂ ਬਜਟ ਰੇਖਾ SS ਤਟਸਥਤਾ ਵਕ੍ਰ IC_2 ਨੂੰ ਬਿੰਦੂ T 'ਤੇ ਛੂਹ ਰਹੀ ਹੈ ਜੋ ਘੱਟ ਹੋਈ ਮੌਦ੍ਰਿਕ ਆਮਦਨ ਅਤੇ ਸਥਿਰ ਅਸਲੀ ਆਮਦਨ ਦੇ ਅਨੁਰੂਪ ਸੰਤੁਲਨ ਦੇ ਨਵੇਂ ਬਿੰਦੂ ਦੇ ਰੂਪ ਵਿੱਚ ਉਭਰ ਕੇ ਆਈ ਹੈ ਪਰ ਉਪਭੋਗਤਾ ਦੀ ਅਸਲੀ ਆਮਦਨ ਸਥਿਰ ਹੈ। ਉਪਭੋਗਤਾ ਸੰਤੁਲਨ ਬਿੰਦੂ T 'ਤੇ ਸੇਬਾਂ ਦੀ ON ਮਾਤਰਾ ਦੀ ਮੰਗ ਕਰਦਾ ਹੈ, ਜਦੋਂ ਕਿ ਸ਼ੁਰੂ ਵਿੱਚ ਉਹ OL ਮਾਤਰਾ ਦੀ ਮੰਗ ਕਰ ਰਿਹਾ ਹੈ। ਇਨ੍ਹਾਂ ਦਾ (ON – OL=LN) ਪ੍ਰਤੀਸਥਾਪਨ ਪ੍ਰਭਾਵ ਹੈ ਅਤੇ

ਪ੍ਰਤੀਸਥਾਪਨ ਪ੍ਰਭਾਵ = ON – OL = LN

ਆਮਦਨ ਪ੍ਰਭਾਵ = LM – LN = NM

ਕੀਮਤ ਪ੍ਰਭਾਵ (LM) = ਪ੍ਰਤੀਸਥਾਪਨ ਪ੍ਰਭਾਵ (LN) + ਆਮਦਨ ਪ੍ਰਭਾਵ (NM)

ਕੁਝ ਮਹੱਤਵਪੂਰਨ ਅਵਲੋਕਨ

(a) ਰਣਾਤਮਕ ਪ੍ਰਤੀਸਥਾਪਨ ਪ੍ਰਭਾਵ ਮੰਗ ਦੇ ਨਿਯਮ ਦੇ ਬਰਾਬਰ, ਵਸਤੂ ਦੀ ਮੰਗੀ ਗਈ ਮਾਤਰਾ ਅਤੇ ਉਸ ਦੀ ਕੀਮਤ ਦੇ ਵਿਚਕਾਰ ਰਣਾਤਮਕ ਸਬੰਧ ਨੂੰ ਪ੍ਰਗਟ ਕਰਦਾ ਹੈ।

(b) ਰਣਾਤਮਕ ਆਮਦਨ ਪ੍ਰਭਾਵ ਮੰਗ ਦੇ ਨਿਯਮ ਦੇ ਉਲਟ ਵਸਤੂ ਦੀ ਕੀਮਤ ਅਤੇ ਉਸ ਦੀ ਮੰਗੀ ਗਈ ਮਾਤਰਾ ਦੇ ਵਿਚਕਾਰ ਧਨਾਤਮਕ ਸਬੰਧ ਨੂੰ ਪ੍ਰਗਟ ਕਰਦਾ ਹੈ।

(c) ਮੰਗ ਦੇ ਨਿਯਮ ਦਾ ਉਲੰਘਣ ਉਦੋਂ ਹੁੰਦਾ ਹੈ, ਜਦੋਂ ਆਮਦਨ ਪ੍ਰਭਾਵ ਪ੍ਰਤੀਸਥਾਪਨ ਪ੍ਰਭਾਵ ਦੀ ਤੁਲਨਾ ਵਿੱਚ ਜ਼ਿਆਦਾ ਸ਼ਕਤੀਸ਼ਾਲੀ ਹੁੰਦਾ ਹੈ। ਇਹ ਸਥਿਤੀ ਗਿੱਫਨ ਵਸਤੂਆਂ ਦੇ ਸਬੰਧ ਵਿੱਚ ਪੈਦਾ ਹੁੰਦੀ ਹੈ।

ਨੋਟ

4.26 ਸਲਟਸਕੀ ਦਾ ਦ੍ਰਿਸ਼ਟੀਕੋਣ ਹਿਕਸ ਦੇ ਦ੍ਰਿਸ਼ਟੀਕੋਣ ਤੋਂ ਕਿਸ ਤਰ੍ਹਾਂ ਵੱਖ ਹੈ? (How Slutsky's Approach Differs from Hick's Approach?)

ਹਿਕਸ ਅਤੇ **ਸਲਟਸਕੀ** ਦੋਵੇਂ ਆਮਦਨ ਪ੍ਰਭਾਵ ਨੂੰ **ਖਤਮ** (Neutral) ਦੇ ਪ੍ਰਤੀਸਥਾਪਨ ਪ੍ਰਭਾਵ ਨੂੰ ਕੀਮਤ ਪ੍ਰਭਾਵ ਤੋਂ **ਅਲੱਗ** (Isolate) ਕਰਦੇ ਹਨ। ਦੋਵੇਂ ਉਪਭੋਗਤਾ ਤੋਂ ਮੌਦ੍ਰਿਕ ਆਮਦਨ ਦਾ ਇਕ ਹਿੱਸਾ ਵਾਪਸ ਲੈ ਕੇ ਅਜਿਹਾ ਕਰਦੇ ਹਨ ਤਾਂ ਕਿ ਵਸਤੂ ਦੀ ਕੀਮਤ ਡਿਗਣ ਤੋਂ ਪਹਿਲਾਂ ਜੋ ਉਸ ਦੀ ਅਸਲੀ ਆਮਦਨ ਵੀ ਉਹ ਸਥਿਰ ਬਣੀ ਰਹੇ। ਪਰ ਦੋਵਾਂ ਦੀਆਂ ਧਾਰਨਾਵਾਂ ਵਿੱਚ ਹੇਠ ਲਿਖਿਆ ਫਰਕ ਹੈ–

ਹਿਕਸ ਦੇ ਅਨੁਸਾਰ ਉਪਭੋਗਤਾ ਤੋਂ ਉੱਨੀ ਮੌਦ੍ਰਿਕ ਆਮਦਨ ਵਾਪਸ ਲੈ ਲੈਣੀ ਚਾਹੀਦੀ ਹੈ, ਜਿਸ ਤੋਂ ਉਹ ਆਪਣੀ ਅਸਲੀ ਆਮਦਨ ਤੋਂ ਸੰਤੁਸ਼ਟੀ ਦੇ ਪੁਰਾਣੇ ਪੱਧਰ (Old Level of Satisfaction) ਨੂੰ ਕਾਇਮ ਰੱਖ ਸਕੇ ਅਤੇ ਅਰੰਭਿਕ ਤਟਸਥਤਾ ਰੇਖਾ 'ਤੇ ਬਣਿਆ ਰਹਿ ਸਕੇ। ਇਸ ਸਥਿਤੀ ਵਿੱਚ ਜੋ ਨਵੀਂ ਬਜਟ ਰੇਖਾ ਖਿੱਚੀ ਜਾਂਦੀ ਹੈ, ਉਹ ਅਰੰਭਿਕ ਤਟਸਥਤਾ ਵਕ੍ਰ ਨੂੰ ਛੂੰਹਦੀ ਹੈ।

ਸਲਟਸਕੀ ਦੇ ਅਨੁਸਾਰ ਜ਼ਿਆਦਾ ਮੌਦ੍ਰਿਕ ਆਮਦਨ ਵਾਪਸ ਲੈ ਲਈ ਜਾਵੇ ਜੋ ਉਪਭੋਗਤਾ ਦੀ ਅਸਲੀ ਆਮਦਨ ਨੂੰ ਦੋ ਵਸਤੂਆਂ ਦੇ ਪੁਰਾਣੇ ਸੰਜੋਗ (Old Combination of the Two Goods) 'ਤੇ ਸਥਿਰ ਕਰ ਦਿੰਦੀ ਹੈ।

ਲਿਪਸੀ ਦੇ ਸ਼ਬਦਾਂ ਵਿੱਚ, **''ਹਿਕਸ ਦੇ ਦ੍ਰਿਸ਼ਟੀਕੋਣ ਵਿੱਚ ਸੰਤੁਸ਼ਟੀ ਨੂੰ ਸਥਿਰ ਰੱਖ ਕੇ ਆਮਦਨ ਪ੍ਰਭਾਵ ਨੂੰ ਹਟਾਇਆ ਜਾ ਸਕਦਾ ਹੈ, ਜਦੋਂ ਕਿ ਸਲਟਸਕੀ ਦੇ ਦ੍ਰਿਸ਼ਟੀਕੋਣ ਵਿੱਚ ਕੰਮ ਦੀ ਸ਼ਕਤੀ ਨੂੰ ਸਥਿਰ ਰੱਖ ਕੇ ਆਮਦਨ ਪ੍ਰਭਾਵ ਨੂੰ ਹਟਾਇਆ ਜਾਂਦਾ ਹੈ।''** (In Hicks's approach the income effect is removed by holding satisfaction constant, while in slutsky's approach it is removed by holding purchasing power constant.) **—Lipsey**

ਚਿੱਤਰ 4.30 **ਸਲਟਸਕੀ** ਦੇ ਦ੍ਰਿਸ਼ਟੀਕੋਣ ਅਤੇ **ਹਿਕਸ** ਦੇ ਦ੍ਰਿਸ਼ਟੀਕੋਣ ਦੇ ਵਿਚਕਾਰਲੇ ਫਰਕ ਨੂੰ ਪ੍ਰਗਟ ਕਰਦਾ ਹੈ। ਸੇਬਾਂ ਦੀ ਕੀਮਤ ਘੱਟ ਹੋਣ ਕਾਰਨ ਉਪਭੋਗਤਾ ਸੰਤੁਲਨ ਬਿੰਦੂ Q ਤੋਂ ਸੰਤੁਲਨ ਬਿੰਦੂ R 'ਤੇ ਖਿਸਕ ਜਾਂਦਾ ਹੈ। **ਕੀਮਤ ਪ੍ਰਭਾਵ** = **LM** ਹੈ। ਪ੍ਰਤੀਸਥਾਪਨ ਪ੍ਰਭਾਵਾਂ ਨੂੰ ਅਲੱਗ ਕਰਦੇ ਹੋਏ



ਚਿੱਤਰ 4.30

(i) **ਹਿਕਸ** AC ਰੇਖਾ ਦੇ ਸਮਾਂਤਰ ਨਵੀਂ ਬਜਟ ਰੇਖਾ HH ਖਿੱਚਦਾ ਹੈ। ਇਹ ਅਰੰਭਿਕ ਤਟਸਥਤਾ ਵਕ੍ਰ IC ਨੂੰ ਬਿੰਦੂ T 'ਤੇ ਛੂਹ ਰਹੀ ਹੈ। ਇਸ ਦੇ ਅਨੁਸਾਰ ਸੰਤੁਲਨ ਬਿੰਦੂ T 'ਤੇ **ਪ੍ਰਤੀਸਥਾਪਨ ਪ੍ਰਭਾਵ** LK ਦੇ ਬਰਾਬਰ ਹੋਵੇਗਾ।

(ii) **ਸਲਟਸਕੀ** AC ਰੇਖਾ ਦੇ ਸਮਾਂਤਰ ਨਵੀਂ ਬਜਟ ਰੇਖਾ SS ਖਿੱਚਦਾ ਹੈ ਜੋ Q ਵਿੱਚੋਂ ਹੋ ਕੇ ਗੁਜ਼ਰਦੀ ਹੈ, Q ਉਪਭੋਗਤਾ ਦਾ ਪੁਰਾਣਾ ਸੰਤੁਲਨ ਬਿੰਦੂ ਹੈ।

HH : ਹਿਕਸ ਦੀ ਨਵੀਂ ਬਜਟ ਰੇਖਾ IC ਨੂੰ T 'ਤੇ ਛੂੰਹਦੀ ਹੈ। ਇੱਥੇ ਪ੍ਰਤੀਸਥਾਪਨ ਪ੍ਰਭਾਵ LK ਹੈ।

SS : ਸਲਟਸਕੀ ਦੀ ਨਵੀਂ ਬਜਟ ਰੇਖਾ ਅਰੰਭਿਕ ਸੰਤੁਲਨ ਬਿੰਦੂ Q ਵਿੱਚੋਂ ਹੋ ਕੇ ਗੁਜ਼ਰਦੀ ਹੈ, ਇਸ ਅਨੁਸਾਰ ਸੰਤੁਲਨ ਬਿੰਦੂ E 'ਤੇ ਪ੍ਰਤੀਸਥਾਪਨ ਪ੍ਰਭਾਵ **LN** ਦੇ ਬਰਾਬਰ ਹੈ।

ਨੋਟ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ **ਸਲਟਸਕੀ** ਵੱਲੋਂ ਪ੍ਰਤੀਪਾਦਿਤ SS ਰੇਖਾ **ਹਿਕਸ** ਵੱਲੋਂ ਪ੍ਰਤੀਪਾਦਿਤ ਬਜਟ ਰੇਖਾ HH ਤੋਂ ਉਚੀ ਅਤੇ ਸੱਜੇ ਵੱਲ। ਇਸ ਤੋਂ ਸਿੱਧ ਹੁੰਦਾ ਹੈ ਕਿ ਸਲਟਸਕੀ ਦੇ ਅਨੁਸਾਰ ਉਪਭੋਗਤਾ ਬਿੰਦੂ E 'ਤੇ ਸੰਤੁਲਨ ਵਿੱਚ ਹੋਵੇਗਾ, ਜਿੱਥੇ IC_2 ਵਕ੍ਰ ਬਜਟ ਰੇਖਾ SS ਦੀ ਛੂਹਣ ਵਾਲੀ ਰੇਖਾ ਹੈ।

4.27 ਕੀਮਤ ਉਪਭੋਗਤਾ ਵਕ੍ਰ (Price Consumption Curve)

ਹੋਰ ਗੱਲਾਂ ਬਰਾਬਰ ਰਹਿਣ 'ਤੇ ਉਪਭੋਗਤਾ ਦੇ ਸੰਤੁਲਨ 'ਤੇ ਕੀਮਤ ਵਿੱਚ ਪਰਿਵਰਤਨ ਦਾ ਪ੍ਰਭਾਵ **ਕੀਮਤ ਉਪਭੋਗ ਵਕ੍ਰ** ਵੱਲੋਂ ਪ੍ਰਗਟ ਕੀਤਾ ਜਾਂਦਾ ਹੈ। ਕੀਮਤ ਉਪਭੋਗ ਵਕ੍ਰ ਉਹ ਵਕ੍ਰ ਹੈ ਜੋ ਵਸਤੂ–X ਅਤੇ Y ਦੇ ਉਨ੍ਹਾਂ ਇਸ਼ਟਤਮ ਸੰਜੋਗਾਂ ਨੂੰ ਪ੍ਰਗਟ ਕਰਦਾ ਹੈ ਜੋ ਉਪਭੋਗਤਾ, ਆਮਦਨ ਅਤੇ ਵਸਤੂ–Y ਦੀ ਕੀਮਤ ਦੇ ਸਥਿਰ ਰਹਿਣ 'ਤੇ, ਵਸਤੂ–X ਦੀਆਂ ਵੱਖ–ਵੱਖ ਕੀਮਤਾਂ 'ਤੇ ਖਰੀਦੇਗਾ।

ਫਰਗੂਸਨ ਅਤੇ **ਮੌਰਿਸ** ਦੇ ਸ਼ਬਦਾਂ ਵਿੱਚ, **''ਮੌਦ੍ਰਿਕ ਆਮਦਨ ਅਤੇ ਹੋਰ ਸਾਰੀਆਂ ਕੀਮਤਾਂ ਸਥਿਰ ਰਹਿਣ 'ਤੇ ਕੀਮਤ ਉਪਭੋਗ ਵਕ੍ਰ ਸੰਤੁਲਨ ਬਿੰਦੂਆਂ ਦਾ ਉਹ ਬਿੰਦੂ ਪੱਥ ਹੈ ਜੋ ਵਸਤੂ-X ਦੀ ਕੀਮਤ ਦੇ ਸਬੰਧ ਵਿੱਚ ਇਸ ਦੀ ਖਰੀਦੀ ਗਈ ਮਾਤਰਾ ਨਾਲ ਸਬੰਧਿਤ ਹੈ।''** (The Price consumption curve is a locus of equilibrium points relating the quantity of X-purchased in relation to its price, money income and all other prices remaining constant. **—Ferguson and Maurice**)

4.28 ਵਿਆਖਿਆ (Explanation)

ਕੀਮਤ ਉਪਭੋਗ ਵਕ੍ਰ ਦੀ ਚਿੱਤਰ 4.31 ਦੀ ਸਹਾਇਤਾ ਨਾਲ ਵਿਆਖਿਆ ਕੀਤੀ ਜਾ ਸਕਦੀ ਹੈ। ਇਸ ਚਿੱਤਰ ਵਿੱਚ OX- ਅਕਸ਼ 'ਤੇ ਸੇਬ ਅਤੇ OY- ਅਕਸ਼ 'ਤੇ ਸੰਤਰੇ ਦਿਖਾਏ ਗਏ ਹਨ। MQ ਬਜਟ ਰੇਖਾ ਤੋਂ ਪ੍ਰਗਟ ਹੁੰਦਾ ਹੈ ਕਿ ਉਪਭੋਗਤਾ ਦੀ ਆਮਦਨ ਸੰਤਰਿਆਂ ਦੇ ਰੂਪ ਵਿੱਚ OM ਅਤੇ ਸੇਬਾਂ ਦੇ ਰੂਪ ਵਿੱਚ OQ ਹੈ। ਉਪਭੋਗਤਾ ਬਿੰਦੂ P 'ਤੇ ਸੰਤੁਲਨ ਵਿੱਚ ਹੈ, ਜਿੱਥੇ ਬਜਟ ਰੇਖਾ MQ ਤਟਸਥਤਾ ਵਕ੍ਰ IC 'ਤੇ ਸਪੱਸ਼ਟ ਕਰ ਰਹੀ ਹੈ। ਇਸ ਦਾ ਅਰਥ ਹੈ ਕਿ ਉਪਭੋਗਤਾ ਸੇਬਾਂ ਦੀ OA ਮਾਤਰਾ ਖਰੀਦੇਗਾ। ਮੰਨ ਲਓ ਸੇਬਾਂ ਦੀ ਕੀਮਤ ਘੱਟ ਜਾਂਦੀ ਹੈ। ਇਸ ਦੇ ਫਲਸਰੂਪ ਬਜਟ ਰੇਖਾ ਕੀਮਤ ਵਿੱਚ ਘਟਣ ਦੇ ਅਨੁਪਾਤ ਵਿੱਚ ਸੱਜੇ ਪਾਸੇ ਖਿਸਕ ਜਾਵੇਗੀ। ਬਜਟ ਰੇਖਾ ਹੁਣ ਖਿਸਕ ਕੇ MQ ਤੋਂ MQ_1 ਹੋ ਜਾਵੇਗੀ। ਇਹ ਬਿੰਦੂ P_1 'ਤੇ ਤਟਸਥਤਾ ਵਕ੍ਰ IC_1 ਨੂੰ ਛੂਹੇਗੀ ਅਤੇ ਨਵਾਂ ਸੰਤੁਲਨ ਬਿੰਦੂ P_1 ਹੋਵੇਗਾ, ਉਪਭੋਗਤਾ ਹੁਣ ਸੇਬਾਂ ਦੀ OB ਮਾਤਰਾ ਖਰੀਦੇਗਾ। ਕੀਮਤ ਵਿੱਚ ਹੋਰ ਜ਼ਿਆਦਾ ਕਮੀ ਹੋਣ ਦੇ ਫਲਸਰੂਪ ਉਪਭੋਗਤਾ ਦੀ ਬਜਟ ਰੇਖਾ ਖਿਸਕ ਕੇ MQ_2 ਹੋ ਜਾਵੇਗੀ। ਨਵੀਂ ਬਜਟ ਰੇਖਾ ਤਟਸਥਤਾ ਵਕ੍ਰ IC_2 ਨੂੰ ਬਿੰਦੂ P_2 'ਤੇ ਛੂਹੇਗੀ। ਉਪਭੋਗਤਾ ਹੁਣ ਸੇਬਾਂ ਦੀ OC ਮਾਤਰਾ ਖਰੀਦੇਗਾ। P, P_1 ਅਤੇ P_2 ਬਿੰਦੂਆਂ ਨੂੰ ਮਿਲਾ ਦੇਣ ਨਾਲ ਜੋ PCC ਰੇਖਾ ਬਣੇਗੀ, ਉਹ **ਕੀਮਤ ਉਪਭੋਗ ਵਕ੍ਰ** ਅਖਵਾਏਗੀ। ਇਹ ਵਕ੍ਰ ਪ੍ਰਗਟ ਕਰਦਾ ਹੈ ਕਿ ਕੀਮਤ ਵਿੱਚ ਪਰਿਵਰਤਨ ਆਉਣ ਨਾਲ ਕਿਸ ਤਰ੍ਹਾਂ ਸੇਬਾਂ ਦੇ ਉਪਭੋਗ ਅਤੇ ਖਰੀਦੀ ਗਈ ਮਾਤਰਾ ਵਿੱਚ ਪਰਿਵਰਤਨ ਆਉਂਦਾ ਹੈ। ਕੀਮਤ ਉਪਭੋਗ ਵਕ੍ਰ ਉਹ ਵਕ੍ਰ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਆਮਦਨ ਅਤੇ ਹੋਰ ਸਾਰੀਆਂ ਵਸਤੂਆਂ ਦੀਆਂ ਕੀਮਤਾਂ ਸਥਿਰ ਰਹਿਣ 'ਤੇ ਕਿਸੇ ਵਸਤੂ ਜਿਵੇਂ ਸੇਬਾਂ ਦੀ ਹਰੇਕ ਕੀਮਤ 'ਤੇ ਉਪਭੋਗਤਾ ਉਸ ਵਸਤੂ ਜਾਂ ਸੇਬਾਂ ਦੀ ਕਿੰਨੀ ਮਾਤਰਾ ਖਰੀਦਦਾ ਹੈ।



ਚਿੱਤਰ 4.31

4.29 ਕੀਮਤ ਉਪਭੋਗ ਵਕ੍ਰ PCC ਦੀ ਢਲਾਣ (Slope of PCC Curve)

ਨੋਟ

ਕੀਮਤ ਉਪਭੋਗ ਰੇਖਾ PCC ਸਧਾਰਣ ਤੌਰ 'ਤੇ ਸੱਜੇ ਪਾਸੇ ਉਪਰ ਵੱਲ ਢਲਾਣ ਵਾਲੀ ਹੁੰਦੀ ਹੈ, ਜਿਵੇਂ ਕਿ ਚਿੱਤਰ 4.32 ਤੋਂ ਪਤਾ ਲੱਗ ਰਿਹਾ ਹੈ ਕਿ ਜਿਵੇਂ ਹੀ ਵਸਤੂ-X ਦੀ ਕੀਮਤ ਡਿੱਗਦੀ ਹੈ, ਉਸ ਦੀ ਖਰੀਦੀ ਗਈ ਮਾਤਰਾ ਵਿੱਚ ਵਾਧਾ ਹੁੰਦਾ ਹੈ। PCC ਰੇਖਾ ਦਾ ਸੱਜੇ ਪਾਸੇ ਖਿਸਕਾਵ, ਵਸਤੂ-X ਦੀ ਮੰਗ ਵਿੱਚ ਵਾਧੇ ਨੂੰ ਪ੍ਰਗਟ ਕਰਦਾ ਹੈ, ਜਦੋਂ ਕਿ ਉਪਰ ਵੱਲ ਇਸ ਦੀ ਗਤੀ X-ਵਸਤੂ ਦੇ ਨਾਲ ਵਸਤੂ-Y ਦੀ ਮੰਗ ਦੇ ਵਾਧੇ ਨੂੰ ਵੀ ਪ੍ਰਗਟ ਕਰਦੀ ਹੈ। ਇਹ ਉਪਰ ਵੱਲ ਕਿੰਨੀ ਜ਼ਿਆਦਾ ਗਤੀ ਕਰੇਗੀ, ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਪਭੋਗਤਾ ਆਪਣੀ ਅਸਲੀ ਆਮਦਨ ਨੂੰ, ਵਸਤੂ-X ਦੀ ਕੀਮਤ ਘਟਣ 'ਤੇ X ਅਤੇ Y ਵਿੱਚ ਕਿਸ ਤਰ੍ਹਾਂ ਵੰਡੇਗਾ। ਪਰ ਵਿਸ਼ੇਸ਼ ਸਥਿਤੀਆਂ ਵਿੱਚ, PCC ਪਿੱਛੇ ਵੱਲ ਵੀ ਮੁੜ ਸਕਦੀ ਹੈ, ਜਿਵੇਂ ਕਿ ਚਿੱਤਰ 4.33 ਵਿੱਚ ਦਿਖਾਇਆ ਗਿਆ ਹੈ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਵਸਤੂ-X ਦੀ ਕੀਮਤ ਘੱਟ ਹੋਣ ਨਾਲ ਉਸ ਦੀ ਖਰੀਦੀ ਗਈ ਮਾਤਰਾ ਵਿੱਚ ਕਮੀ ਆਈ ਹੈ। ਸਪੱਸ਼ਟ ਹੈ ਕਿ ਅਜਿਹੀ ਸਥਿਤੀ ਵਿੱਚ ਵਸਤੂ-X ਗਿੱਫਨ ਵਸਤੂ ਹੋਣੀ ਚਾਹੀਦੀ ਹੈ।



ਚਿੱਤਰ 4.32



ਚਿੱਤਰ 4.33

4.30 ਤਟਸਥਤਾ ਵਕ੍ਰ ਵਿਸ਼ਲੇਸ਼ਣ ਅਤੇ ਕੀਮਤ ਉਪਭੋਗ ਵਕ੍ਰ ਨਾਲ ਮੰਗ ਵਕ੍ਰ ਪਤਾ ਕਰਨਾ (Derivation of Demand Curve Through Indifference Curve Analysis or Through Price Consumption Curve)

ਮੰਗ ਦੇ ਨਿਯਮ ਨੂੰ ਪ੍ਰਗਟ ਕਰਨ ਵਾਲਾ ਮੰਗ ਵਕ੍ਰ ਇਹ ਦੱਸਦਾ ਹੈ ਕਿ ਹੋਰ ਗੱਲਾਂ ਸਮਾਨ ਰਹਿਣ 'ਤੇ ਵਸਤੂ ਦੀ ਕੀਮਤ ਅਤੇ ਖਰੀਦੀ ਗਈ ਮਾਤਰਾ ਵਿੱਚ ਉਲਟ ਸਬੰਧ ਪਾਇਆ ਜਾਂਦਾ ਹੈ। ਕੀਮਤ ਘਟਣ ਨਾਲ ਮੰਗੀ ਗਈ ਮਾਤਰਾ ਵਿੱਚ ਵਾਧਾ ਹੁੰਦਾ ਹੈ ਅਤੇ ਕੀਮਤ ਵਧਣ ਨਾਲ ਇਸ ਵਿੱਚ ਕਮੀ ਆਉਂਦੀ ਹੈ। ਤਟਸਥਤਾ ਵਕ੍ਰ ਦ੍ਰਿਸ਼ਟੀਕੋਣ ਵਿੱਚ ਮੰਗ ਵਕ੍ਰ ਅਤੇ ਮੰਗ ਦੇ ਨਿਯਮ ਨੂੰ ਕੀਮਤ ਉਪਭੋਗ ਵਕ੍ਰ ਨਾਲ ਪਤਾ ਲਗਾਇਆ ਜਾਂਦਾ ਹੈ। ਕੀਮਤ ਉਪਭੋਗ ਵਕ੍ਰ ਹਰੇਕ ਕੀਮਤ 'ਤੇ ਉਪਭੋਗਤਾ ਵੱਲੋਂ ਖਰੀਦੀ ਗਈ ਵਸਤੂ-X ਦੀ ਮਾਤਰਾ ਨੂੰ ਪ੍ਰਗਟ ਕਰਦਾ ਹੈ। ਇਸ ਤਰ੍ਹਾਂ ਇਹ ਵਕ੍ਰ ਉਸ ਸੂਚਨਾ ਨੂੰ ਸਮਾਵਿਸ਼ਟ ਕਰਦਾ ਹੈ, ਜਿਸ ਨਾਲ ਉਪਭੋਗਤਾ ਦੇ ਮੰਗ ਵਕ੍ਰ ਦਾ ਨਿਰਮਾਣ ਕੀਤਾ ਜਾ ਸਕਦਾ ਹੈ। **ਲਿਪਸੀ** ਦੇ ਸ਼ਬਦਾਂ ਵਿੱਚ, **''ਕੀਮਤ ਉਪਭੋਗ ਵਕ੍ਰ 'ਤੇ ਹਰੇਕ ਬਿੰਦੂ ਵਸਤੂ ਦੀ ਕੀਮਤ ਅਤੇ ਮੰਗੀ ਗਈ ਮਾਤਰਾ ਦੋਵਾਂ ਨੂੰ ਪ੍ਰਗਟ ਕਰਦਾ ਹੈ।''** (Every point on the price consumption curve corresponds to both the price of the commodity and quantity demanded. **—Lipsey**) ਮੰਗ ਵਕ੍ਰ ਨੂੰ ਸੂਚਨਾ ਨਾਲ ਹੀ ਪਤਾ ਕੀਤਾ ਜਾਂਦਾ ਹੈ। ਮੰਗ ਵਕ੍ ਦਾ ਪਤਾ ਲਗਾਉਣ ਦੀ ਪ੍ਰਕਿਰਿਆ (Process of Derivation) ਨੂੰ ਚਿੱਤਰ 4.34 ਵਿੱਚ ਪ੍ਰਗਟ ਕੀਤਾ ਗਿਆ ਹੈ।

ਚਿੱਤਰ 4.34 (A) ਵਿੱਚ OX ਅਕਸ਼ 'ਤੇ ਸੇਬਾਂ ਦੀ ਮਾਤਰਾ ਅਤੇ OY ਅਕਸ਼ 'ਤੇ ਸੰਤਰਿਆਂ ਦੀ ਮਾਤਰਾ ਪ੍ਰਗਟ ਕੀਤੀ ਗਈ ਹੈ। ਚਿੱਤਰ 4.34 (B) ਵਿੱਚ OX ਅਕਸ਼ 'ਤੇ ਸੇਬਾਂ ਦੀ ਮਾਤਰਾ ਅਤੇ OY- ਅਕਸ਼ 'ਤੇ ਸੇਬਾਂ ਦੀ ਕੀਮਤ ਨੂੰ ਪ੍ਰਗਟ ਕੀਤਾ ਗਿਆ

ਨੋਟ

ਹੈ। ਮੰਨ ਲਓ ਸੰਤਰਿਆਂ ਦੀ ਕੀਮਤ 1 ਰੁਪਿਆ ਪ੍ਰਤੀ ਸੰਤਰਾ ਹੈ ਅਤੇ ਸੇਬਾਂ ਦੀ ਕੀਮਤ 2 ਰੁਪਏ ਪ੍ਰਤੀ ਸੇਬ ਹੈ ਅਤੇ ਮੰਨ ਲਓ ਕਿ ਉਪਭੋਗਤਾ ਦੀ ਆਮਦਨ 10 ਰੁਪਏ ਹੈ ਅਤੇ ਸਾਰੀ ਆਮਦਨ ਸੇਬਾਂ ਅਤੇ ਸੰਤਰਿਆਂ 'ਤੇ ਖਰਚ ਕਰ ਦਿੱਤੀ ਜਾਂਦੀ ਹੈ। **ਦਿੱਤੀ ਹੋਈ ਆਮਦਨ ਅਤੇ ਸੇਬਾਂ ਤੇ ਸੰਤਰਿਆਂ ਦੀਆਂ ਕੀਮਤਾਂ 'ਤੇ ਅਰੰਭਿਕ ਬਜਟ ਰੇਖਾ AB ਅਤੇ ਤਟਸਥਤਾ ਵਕ੍ਰ IC_1 ਹੈ।** ਉਪਭੋਗਤਾ ਦਾ ਸੰਤੁਲਨ ਬਿੰਦੂ E ਹੈ, ਜਿੱਥੇ ਬਜਟ ਰੇਖਾ AB ਤਟਸਥਤਾ ਵਕ੍ਰ IB_1 ਨੂੰ ਛੂੰਹਦੀ ਹੈ। ਇਸ ਦਾ ਅਰਥ ਹੈ ਕਿ ਸੇਬਾਂ ਦੀ 2 ਰੁਪਿਆ ਪ੍ਰਤੀ ਇਕਾਈ ਕੀਮਤ 'ਤੇ ਉਪਭੋਗਤਾ ਸੇਬਾਂ ਦੀਆਂ 3 ਇਕਾਈਆਂ ਖਰੀਦਣ ਲਈ ਤਿਆਰ ਹੈ, ਜੇਕਰ ਸੇਬਾਂ ਦੀ ਕੀਮਤ ਘਟ ਕੇ 1 ਰੁਪਿਆ ਪ੍ਰਤੀ ਸੇਬ ਹੋ ਜਾਂਦੀ ਹੈ, ਜਦ ਕਿ ਸੰਤਰਿਆਂ ਦੀ ਕੀਮਤ ਅਤੇ ਆਮਦਨ ਸਥਿਰ ਰਹਿੰਦੀ ਹੈ। ਉਦੋਂ ਬਜਟ ਰੇਖਾ AB ਤੋਂ ਖਿਸਕ ਕੇ AC ਹੋ ਜਾਵੇਗੀ। ਨਵੀਂ ਬਜਟ ਰੇਖਾ AC ਨਵਾਂ ਤਟਸਥਤਾ ਵਕ੍ਰ IC_2 ਨੂੰ ਬਿੰਦੂ E_1 'ਤੇ ਛੂੰਹਦੀ ਹੈ। ਬਿੰਦੂ E_1 ਤੋਂ ਪਤਾ ਲੱਗਦਾ ਹੈ ਕਿ ਜਦੋਂ ਸੇਬਾਂ ਦੀ ਕੀਮਤ 1 ਰੁਪਿਆ ਹੈ ਤਾਂ ਉਪਭੋਗਤਾ ਸੰਤੁਲਨ ਦੀ ਸਥਿਤੀ ਵਿੱਚ 7 ਸੇਬਾਂ ਦੀ ਮੰਗ ਕਰਦਾ ਹੈ। E ਅਤੇ E1 ਬਿੰਦੂਆਂ ਨੂੰ ਮਿਲਾ ਦੇਣ ਨਾਲ ਸਾਨੂੰ ਕੀਮਤ ਉਪਭੋਗ ਵਕ੍ਰ PCC ਪ੍ਰਾਪਤ ਹੁੰਦੀ ਹੈ, ਜਿਸ ਤੋਂ ਅਸੀਂ ਸੇਬਾਂ



ਚਿੱਤਰ 4.34

ਦੀ ਮੰਗ ਵਕ੍ਰ ਪਤਾ ਲਗਾ ਸਕਦੇ ਹਾਂ। ਕੀਮਤ ਉਪਭੋਗ ਵਕ੍ਰ PCC 'ਤੇ ਬਿੰਦੂ E ਅਤੇ E_1 ਨਾਲ ਪ੍ਰਗਟ ਵੱਖ-ਵੱਖ ਕੀਮਤਾਂ 'ਤੇ ਸੇਬਾਂ ਦੀ ਮੰਗੀ ਗਈ ਮਾਤਰਾ ਨੂੰ ਹੇਠਾਂ ਤਾਲਿਕਾ 7 ਵਿੱਚ ਦਿਖਾਇਆ ਗਿਆ ਹੈ।

ਨੋਟ

ਤਾਲਿਕਾ 7. ਮੰਗ ਅਨੁਸੂਚੀ (Demand Schedule)	
ਕੀਮਤ (Price Rs.)	ਸੇਬਾਂ ਦੀ ਮੰਗ (Demand for Apples)
2	3
1	7

ਚਿੱਤਰ 4.34 (B) ਵਿੱਚ ਮੰਗ ਵਕ੍ਰ ਉਪਭੋਗਤਾ ਮੰਗ ਅਨੁਸੂਚੀ ਦੇ ਅਧਾਰ 'ਤੇ ਖਿੱਚੀ ਗਈ ਹੈ। ਹੋਰ ਸ਼ਬਦਾਂ ਵਿੱਚ ਪੈਨਲ (A) ਵਿੱਚ E ਅਤੇ E_1 ਬਿੰਦੂਆਂ ਵੱਲੋਂ ਪ੍ਰਗਟ ਕੀਮਤ-ਮਾਤਰਾ ਸਬੰਧਾਂ ਨੂੰ ਪੈਨਲ (B) ਵਿੱਚ ਤਬਦੀਲ ਕਰਕੇ ਸਾਨੂੰ ਬਿੰਦੂ A ਅਤੇ B ਪ੍ਰਾਪਤ ਹੁੰਦੇ ਹਨ, ਜਦੋਂ ਅਸੀਂ ਇਨ੍ਹਾਂ ਬਿੰਦੂਆਂ ਨੂੰ ਜੋੜਦੇ ਹਾਂ, ਸਾਨੂੰ ਹੇਠਾਂ ਵੱਲ ਢਲਾਣ ਵਾਲੀ ਮੰਗ ਵਕ੍ਰ DD ਪ੍ਰਾਪਤ ਹੋ ਜਾਂਦੀ ਹੈ। ਇਹ ਕੀਮਤ ਅਤੇ ਮੰਗ ਦਰਮਿਆਨ ਉਲਟ ਸਬੰਧ ਨੂੰ ਪ੍ਰਗਟ ਕਰਦੀ ਹੈ ਅਤੇ ਮੰਗ ਦੇ ਨਿਯਮ ਨੂੰ ਸਿੱਧ ਕਰਦੀ ਹੈ।

4.31 ਮੰਗ ਵਕ੍ਰ ਅਤੇ ਕੀਮਤ ਉਪਭੋਗ ਵਕ੍ਰ ਦੇ ਦਰਮਿਆਨ ਫਰਕ (Difference Between Demand Curve and Price Consumption Curve)

ਮੰਗ ਵਕ੍ਰ ਅਤੇ ਕੀਮਤ ਉਪਭੋਗ ਵਕ੍ਰ ਦੋਵਾਂ ਤੋਂ ਇੱਕੋ ਜਿਹੀ ਸੂਚਨਾ ਪ੍ਰਾਪਤ ਹੁੰਦੀ ਹੈ ਪਰ ਇਨ੍ਹਾਂ ਦੋਵਾਂ ਵਕ੍ਰਾਂ ਦੇ ਗਰਾਫਾਂ ਵਿੱਚ ਹੇਠ ਲਿਖੇ ਫਰਕ ਪਾਏ ਜਾਂਦੇ ਹਨ-

1. ਸਧਾਰਣ ਪ੍ਰੰਪਰਾਵਾਦੀ ਮੰਗ ਵਕ੍ਰ ਬਣਾਉਂਦੇ ਸਮੇਂ ਅਸੀਂ OX-ਅਕਸ਼ 'ਤੇ ਵਸਤੂ ਦੀ ਮਾਤਰਾ ਅਤੇ OY-ਅਕਸ਼ 'ਤੇ ਕੀਮਤ ਲੈਂਦੇ ਹਾਂ ਪਰ ਕੀਮਤ ਉਪਭੋਗ ਵਕ੍ਰ ਬਣਾਉਂਦੇ ਸਮੇਂ ਅਸੀਂ ਦੋਵਾਂ ਅਕਸ਼ਾਂ 'ਤੇ ਦੋ ਵਸਤੂਆਂ ਜਾਂ OX-ਅਕਸ਼ 'ਤੇ ਇਕ ਵਸਤੂ ਦੀ ਮਾਤਰਾ ਅਤੇ OY-ਅਕਸ਼ 'ਤੇ ਮੁਦਰਾ ਦੀਆਂ ਇਕਾਈਆਂ ਅਤੇ ਉਪਭੋਗਤਾ ਦੀ ਆਮਦਨ ਪ੍ਰਗਟ ਕਰਦੇ ਹਾਂ।
2. ਸਧਾਰਣ ਪ੍ਰੰਪਰਾਵਾਦੀ ਮੰਗ ਵਕ੍ਰ ਦੇ ਸਬੰਧ ਵਿੱਚ ਆਮਦਨ ਨੂੰ ਨਿਸ਼ਚਿਤ ਮੰਨ ਲਿਆ ਜਾਂਦਾ ਹੈ ਅਤੇ ਵਸਤੂ ਦੀ ਕੀਮਤ ਨੂੰ ਪ੍ਰਤੱਖ ਰੂਪ ਵਿੱਚ OY-ਅਕਸ਼ 'ਤੇ ਦਿਖਾਇਆ ਜਾਂਦਾ ਹੈ ਪਰ ਕੀਮਤ ਉਪਭੋਗ ਵਕ੍ਰ ਦੇ ਸਬੰਧ ਵਿੱਚ ਅਸੀਂ ਕੀਮਤ ਨੂੰ ਪ੍ਰਤੱਖ ਰੂਪ ਵਿੱਚ ਨਹੀਂ ਦਿਖਾਉਂਦੇ, ਬਲਕਿ **ਕੀਮਤ-ਰੇਖਾ ਦੀ ਢਲਾਣ ਕੀਮਤ** ਨੂੰ ਪ੍ਰਗਟ ਕਰਦਾ ਹੈ। ਮੰਗ ਵਕ੍ਰ ਨਾਲ ਸਬੰਧਿਤ ਚਿੱਤਰ ਤੋਂ ਸਾਨੂੰ ਵਸਤੂ ਦੀ ਕੀਮਤ ਅਤੇ ਮੰਗੀ ਗਈ ਮਾਤਰਾ ਦਾ ਪਤਾ ਲੱਗ ਜਾਂਦਾ ਹੈ, ਜਦੋਂ ਕਿ ਕੀਮਤ ਉਪਭੋਗ ਵਕ੍ਰ ਤੋਂ ਵਸਤੂ ਦੀ ਕੀਮਤ ਅਤੇ ਖਰੀਦੀ ਗਈ ਮਾਤਰਾ ਦਾ ਸਬੰਧ ਪ੍ਰਤੱਖ ਰੂਪ ਵਿੱਚ ਸਪੱਸ਼ਟ ਨਹੀਂ ਹੁੰਦਾ। **ਸਪੱਸ਼ਟ ਤੌਰ 'ਤੇ ਦ੍ਰਿਸ਼ਟੀਕੋਣ ਤੋਂ ਪ੍ਰੰਪਰਾਵਾਦੀ ਮੰਗ ਵਕ੍ਰ** (Conventional Demand Curve) **ਕੀਮਤ ਉਪਭੋਗ ਵਕ੍ਰ ਤੋਂ ਸ੍ਰੇਸ਼ਠ ਹੈ।**
3. ਪ੍ਰੰਪਰਾਵਾਦੀ ਮੰਗ ਵਕ੍ਰ ਕੀਮਤ ਪ੍ਰਭਾਵ ਨੂੰ ਆਮਦਨ ਪ੍ਰਭਾਵ ਅਤੇ ਪ੍ਰਤੀਸਥਾਪਨ ਪ੍ਰਭਾਵ ਵਿੱਚ ਨਹੀਂ ਵੰਡਿਆ ਜਾ ਸਕਦਾ, ਜਦੋਂ ਕਿ ਕੀਮਤ ਉਪਭੋਗ ਵਕ੍ਰ ਨਾਲ ਇਨ੍ਹਾਂ ਦੋਵਾਂ ਪ੍ਰਭਾਵਾਂ ਨੂੰ ਸਪੱਸ਼ਟ ਕੀਤਾ ਜਾ ਸਕਦਾ ਹੈ। ਇਸ ਦ੍ਰਿਸ਼ਟੀ ਤੋਂ ਕੀਮਤ ਉਪਭੋਗ ਵਕ੍ਰ ਪ੍ਰੰਪਰਾਵਾਦੀ ਮੰਗ ਤੋਂ ਸ੍ਰੇਸ਼ਠ ਹੈ।

4.32 ਆਮਦਨ ਉਪਭੋਗ ਵਕ੍ਰ (Income Consumption Curve)

ਜਿਵੇਂ ਕਿ ਹੇਠਾਂ ਚਿੱਤਰ ਵਿੱਚ ਦਿਖਾਇਆ ਗਿਆ ਹੈ, ਆਮਦਨ ਵਿੱਚ ਪਰਿਵਰਤਨ ਦਾ ਪ੍ਰਭਾਵ ਆਮਦਨ ਉਪਭੋਗ ਵਕ੍ਰ (ICC) ਨਾਲ ਪ੍ਰਤੀਬੰਧਿਤ ਕੀਤਾ ਜਾਂਦਾ ਹੈ। **ਆਮਦਨ ਉਪਭੋਗ ਵਕ੍ਰ ਉਹ ਵਕ੍ਰ ਹੈ ਜੋ ਵਸਤੂ-X ਅਤੇ Y ਦੀਆਂ ਉਨ੍ਹਾਂ ਸੰਤੁਲਨ ਮਾਤਰਾਵਾਂ ਨੂੰ ਪ੍ਰਦਰਸ਼ਿਤ ਕਰਦਾ ਹੈ ਜੋ ਕੀਮਤਾਂ ਦੇ ਸਥਿਰ ਰਹਿਣ 'ਤੇ ਆਮਦਨ ਦੇ ਵੱਖ-ਵੱਖ ਪੱਧਰਾਂ 'ਤੇ ਖਰੀਦੀ ਜਾਵੇਗੀ।** (The income consumption curve is that curve which represents the equilibrium quantities of goods X and Y that would be purchased at various levels of income while prices remain constant.) ਸੰਖੇਪ ਵਿੱਚ ਆਮਦਨ ਉਪਭੋਗ ਵਕ੍ਰ, ਉਪਭੋਗਤਾ ਦੇ ਸੰਤੁਲਨ 'ਤੇ ਆਮਦਨ ਵਿੱਚ ਪਰਿਵਰਤਨ ਦੇ ਪ੍ਰਭਾਵਾਂ ਨੂੰ ਦੱਸਦੀ ਹੈ।

ਨੋਟ ਫਰਗੁਸਨ ਦੇ ਸ਼ਬਦਾਂ ਵਿੱਚ, **''ਆਮਦਨ ਉਪਭੋਗ ਵਕ੍ਰ ਉਹ ਵਕ੍ਰ ਹੈ ਜੋ ਮੌਦ੍ਰਿਕ ਆਮਦਨ ਦੇ ਵੱਖ-ਵੱਖ ਪੱਧਰਾਂ ਅਤੇ ਸਥਿਰ ਕੀਮਤਾਂ ਦੇ ਨਤੀਜੇ ਵਜੋਂ ਪ੍ਰਾਪਤ ਸੰਤੁਲਨ ਦੇ ਬਿੰਦੂਆਂ ਨੂੰ ਦਰਸਾਉਂਦੀ ਹੈ।''** (The income consumption curve is the curve which shows the points of equilibrium resulting from the various levels of money income and constant prices. **—Ferguson**)

ਵਿਆਖਿਆ (Explanation)

ਆਮਦਨ ਉਪਭੋਗ ਵਕ੍ਰ ਦੀ ਚਿੱਤਰ 4.35 ਦੀ ਸਹਾਇਤਾ ਨਾਲ ਵਿਆਖਿਆ ਕੀਤੀ ਜਾ ਸਕਦੀ ਹੈ। ਇਸ ਚਿੱਤਰ ਵਿੱਚ OX-ਅਕਸ਼ ’ਤੇ ਸੇਬ ਅਤੇ OY-ਅਕਸ਼ ’ਤੇ ਸੰਤਰੇ ਦਿਖਾਏ ਗਏ ਹਨ। ਸੰਤਰਿਆਂ ਦੇ ਰੂਪ ਵਿੱਚ ਉਪਭੋਗਤਾ ਦੀ ਆਮਦਨ OA ਅਤੇ ਸੇਬਾਂ ਦੇ ਰੂਪ ਵਿੱਚ OB ਹੈ। AB ਬਜਟ ਰੇਖਾ ਨੂੰ ਪ੍ਰਗਟ ਕਰਦੀ ਹੈ। ਉਪਭੋਗਤਾ E ਬਿੰਦੂ ’ਤੇ ਸੰਤੁਲਨ ਵਿੱਚ ਹੈ, ਜਿੱਥੇ ਤਟਸਥਤਾ ਵਕ੍ਰ IC ਬਜਟ ਰੇਖਾ AB ਨੂੰ ਛੂਹ ਰਹੀ ਹੈ। ਜਦੋਂ ਉਪਭੋਗਤਾ ਦੀ ਆਮਦਨ ਵਿੱਚ ਵਾਧਾ ਹੁੰਦਾ ਹੈ ਤਾਂ ਬਜਟ ਰੇਖਾ ਖਿਸਕ ਕੇ CD ਅਤੇ ਸੰਤੁਲਨ ਬਿੰਦੂ ਵੀ E ਤੋਂ E_1 ਹੋ ਜਾਂਦਾ ਹੈ। ਨਵੇਂ ਸੰਤੁਲਨ ਬਿੰਦੂ E_1 ’ਤੇ ਬਜਟ ਰੇਖਾ CD ਅਤੇ IC_1 ਇਕ-ਦੂਸਰੇ ਨੂੰ ਛੂਹ ਰਹੇ ਹਨ। ਆਮਦਨ ਵਿੱਚ ਇਕ ਹੋਰ ਵਾਧਾ ਹੋਣ ਨਾਲ ਉਪਭੋਗਤਾ ਦੀ ਬਜਟ ਰੇਖਾ CD ਤੋਂ ਖਿਸਕ ਕੇ LM ਹੋ ਜਾਂਦੀ ਹੈ ਅਤੇ ਨਵੀਂ ਤਟਸਥਤਾ ਵਕ੍ਰ ਵੀ IC_2 ਹੋ ਜਾਂਦੀ ਹੈ। E_2 ਬਿੰਦੂ IC_2 ਅਤੇ LM ਦਾ ਨਵਾਂ ਛੂਹਣ ਬਿੰਦੂ ਹੈ ਜੋ ਨਵਾਂ ਸੰਤੁਲਨ ਬਿੰਦੂ ਵੀ ਹੈ। E,E_1 ਅਤੇ E_2 ਸੰਤੁਲਨ ਬਿੰਦੂਆਂ ਨੂੰ ਜੋੜਣ ਵਾਲੀ ICC ਰੇਖਾ **ਆਮਦਨ ਉਪਭੋਗ ਵਕ੍ਰ** ਹੈ। ਇਹ ਵਕ੍ਰ ਪ੍ਰਗਟ ਕਰਦਾ ਹੈ ਕਿ ਆਮਦਨ ਦੇ ਵੱਖ-ਵੱਖ ਪੱਧਰਾਂ ’ਤੇ ਉਪਭੋਗਤਾ ਸੇਬਾਂ ਅਤੇ ਸੰਤਰਿਆਂ ਦੀ ਕਿੰਨੀ-ਕਿੰਨੀ ਮਾਤਰਾ ਖਰੀਦਦਾ ਹੈ।



ਚਿੱਤਰ 4.35

4.33 ਵਕ੍ਰ ਦਾ ਢਲਾਣ (Slope of the Curve)

ਆਮਦਨ ਉਪਭੋਗ ਵਕ੍ਰ ਦਾ ਢਲਾਣ **ਸਧਾਰਣ ਵਸਤੂਆਂ ਦੇ ਲਈ ਧਨਾਤਮਕ** (Positive) **ਅਤੇ ਹੇਠਲੀ ਕੋਟੀ ਵਾਲੀਆਂ ਵਸਤੂਆਂ ਦੇ ਲਈ ਰਣਾਤਮਕ** (Nagative) ਹੁੰਦਾ ਹੈ। ਆਮਦਨ ਉਪਭੋਗ ਵਕ੍ਰਾਂ ਦੇ ਇਨ੍ਹਾਂ ਦੋਨੋਂ ਤਰ੍ਹਾਂ ਦੇ ਢਲਾਣਾਂ ਨੂੰ ਚਿੱਤਰਾਂ ਨਾਲ ਦਿਖਾਇਆ ਗਿਆ ਹੈ।

1. **ਧਨਾਤਮਕ ਢਲਾਣ ਜਾਂ ਸਧਾਰਣ ਵਸਤੂਆਂ ਦੇ ਲਈ** (ICC) ਵਕ੍ਰ (Positive Slope or ICC Curve in Case of Normal Goods)-ਸਧਾਰਣ ਵਸਤੂਆਂ ਦੇ ਲਈ ਆਮਦਨ ਉਪਭੋਗ ਵਕ੍ਰ ਦਾ ਢਲਾਣ ਧਨਾਤਮਕ ਹੁੰਦਾ ਹੈ। ਹੋਰ ਸਬਦਾਂ ਵਿੱਚ ਆਮਦਨ ਦੇ ਵਧਣ ’ਤੇ ਦੋਨਾਂ ਵਸਤੂਆਂ (‘X ਅਤੇ ‘Y’) ਦੇ ਉਪਭੋਗ ਦੀ ਮਾਤਰਾ ਵਿੱਚ ਵਾਧਾ ਹੁੰਦਾ ਹੈ ਅਤੇ ਆਮਦਨ ਘੱਟ ਹੋਣ ’ਤੇ ਇਹ ਘੱਟ ਹੁੰਦੀ ਹੈ। ਚਿੱਤਰ 4.36 ਵਿੱਚ ਬਜਟ ਰੇਖਾ AB ’ਤੇ ਉਪਭੋਗਤਾ ਦਾ ਅਰੰਭਿਕ ਸੰਤੁਲਨ ਬਿੰਦੂ E ਹੈ। ਜਦੋਂ ਉਸ ਦੀ ਆਮਦਨ ਵਿੱਚ ਵਾਧਾ ਹੁੰਦਾ ਹੈ, ਉਦੋਂ ਬਜਟ ਰੇਖਾ CD ’ਤੇ ਸੰਤੁਲਨ ਬਿੰਦੂ ਸੱਜੇ ਪਾਸਿਓਂ ਖਿਸਕ ਕੇ E_1 ਹੋ ਜਾਵੇਗਾ। ਆਮਦਨ ਘੱਟ ਹੋਣ ’ਤੇ ਬਜਟ ਰੇਖਾ EF ’ਤੇ ਸੰਤੁਲਨ ਬਿੰਦੂ ਖੱਬੇ ਪਾਸਿਓਂ ਖਿਸਕ ਕੇ E_2 ਹੋ ਜਾਵੇਗਾ। ਇਨ੍ਹਾਂ ਸਾਰੇ ਸੰਤੁਲਨ ਬਿੰਦੂਆਂ ਦੇ ਬਿੰਦੂਪਥ (Locus) ਨੂੰ ਆਮਦਨ ਉਪਭੋਗ ਵਕ੍ਰ ਕਿਹਾ ਜਾਂਦਾ

ਨੋਟ

ਹੈ। ਹੋਰ ਸ਼ਬਦਾਂ ਵਿੱਚ (E_2, E, ਅਤੇ E_1 ਸਾਰੇ ਬਿੰਦੂਆਂ ਨੂੰ ਮਿਲਾ ਕੇ ਦੋਨਾਂ ਨਾਲ ਜੋ ਵਕ੍ਰ ਸਾਨੂੰ ਪ੍ਰਾਪਤ ਹੁੰਦਾ ਹੈ ਉਸ ਨੂੰ **ਆਮਦਨ ਉਪਭੋਗ ਵਕ੍ਰ** (ICC) ਕਿਹਾ ਜਾਂਦਾ ਹੈ। ਇਹ ਵਕ੍ਰ ਬਿੰਦੂ 'O' ਤੋਂ ਸ਼ੁਰੂ ਹੁੰਦਾ ਹੈ। ਜਿਸ ਦਾ ਅਰਥ ਹੈ ਕਿ ਉਪਭੋਗਤਾ ਦੀ ਆਮਦਨ ਜਦੋਂ ਜ਼ੀਰੋ ਹੁੰਦੀ ਹੈ ਉਦੋਂ ਉਸ ਦਾ ਸੇਬਾਂ ਅਤੇ ਸੰਤਰਿਆਂ ਦਾ ਉਪਭੋਗ ਵੀ ਜ਼ੀਰੋ ਹੁੰਦਾ ਹੈ। ਚਿੱਤਰ 4.36 ਵਿੱਚ ਇਹ ਦਿਖਾਇਆ ਗਿਆ ਹੈ ਕਿ ਸਧਾਰਣ ਵਸਤੂਆਂ ਦੇ ਲਈ ਆਮਦਨ ਉਪਭੋਗ ਵਕ੍ਰ ICC ਦਾ ਢਲਾਣ ਸੱਜੇ ਤੋਂ ਖੱਬੇ ਉਪਰ ਵੱਲ ਹੁੰਦਾ ਹੈ ਜਿਸ ਦਾ ਭਾਵ ਇਹ ਹੈ ਕਿ ਆਮਦਨ ਦੇ ਵਧਣ 'ਤੇ ਵਸਤੂਆਂ ਦੀ ਜ਼ਿਆਦਾ ਮਾਤਰਾ ਖਰੀਦੀ ਜਾਵੇਗੀ। ICC ਵਕ੍ਰ ਦਾ ਸਹੀ ਆਕਾਰ ਵਸਤੂ-X ਜਾਂ Y 'ਤੇ ਹੋਣ ਵਾਲੇ ਆਨੁਪਾਤਿਕ ਖਰਚ ਵਿੱਚ ਵਾਧੇ 'ਤੇ ਨਿਰਭਰ ਕਰੇਗਾ।

ਚਿੱਤਰ 4.37 ਵਿੱਚ ICC ਵਕ੍ਰ ਤੋਂ ਪਤਾ ਲੱਗਾ ਹੈ ਕਿ ਦੋਨਾਂ ਵਸਤੂਆਂ 'ਤੇ ਕੀਤੇ ਜਾਣ ਵਾਲੇ ਖਰਚ ਵਿੱਚ ਲੱਗਭਗ ਇਕ ਹੀ ਅਨੁਪਾਤ ਵਿੱਚ ਵਾਧਾ ਹੋਵੇਗਾ। ICC_1 ਵਕ੍ਰ ਤੋਂ ਪਤਾ ਲੱਗਾ ਹੈ ਕਿ ਵਸਤੂ- X 'ਤੇ ਕੀਤੇ ਜਾਣ ਵਾਲੇ ਖਰਚ ਵਿੱਚ ਅਨੁਪਾਤਿਕ ਵਾਧਾ ਜ਼ਿਆਦਾ ਹੋਵੇਗਾ ਅਤੇ ICC_2 ਵਕ੍ਰ ਤੋਂ ਪਤਾ ਲੱਗਾ ਹੈ ਕਿ ਵਸਤੂ-Y 'ਤੇ ਕੀਤੇ ਜਾਣ ਵਾਲੇ ਖਰਚ ਵਿੱਚ ਅਨੁਪਾਤਿਕ ਵਾਧਾ ਜ਼ਿਆਦਾ ਹੋਵੇਗਾ।



ਚਿੱਤਰ 4.36



ਚਿੱਤਰ 4.37

2. **ਰਣਾਤਮਕ ਢਲਾਣ ਜਾਂ ਹੇਠਲੀ ਕੋਟੀ ਦੀਆਂ ਵਸਤੂਆਂ ਦੇ ਲਈ ICC ਵਕ੍ਰ** (Negative Slope or ICC Curve in Case of Inferior Goods)- ਹੇਠਲੀ ਕੋਟੀ ਦੀਆਂ ਵਸਤੂ ਉਹ ਵਸਤੂ ਹੈ ਜਿਸ ਦੇ ਲਈ ਉਪਭੋਗਤਾ ਦੀ ਆਮਦਨ ਵਧਾਉਣ 'ਤੇ ਮੰਗ ਘੱਟ ਹੋ ਜਾਂਦੀ ਹੈ ਅਤੇ ਆਮਦਨ ਘੱਟ ਹੋਣ 'ਤੇ ਮੰਗ ਵੱਧ ਜਾਂਦੀ ਹੈ। ਹੇਠਲੀ ਕੋਟੀ ਵਾਲੀਆਂ ਵਸਤੂਆਂ ਦੇ ਲਈ ਆਮਦਨ ਪ੍ਰਭਾਵ ਰਣਾਤਮਕ ਹੁੰਦਾ ਹੈ। ਇਸ ਦਾ ਭਾਵ ਇਹ ਹੈ ਕਿ ਉਪਭੋਗਤਾ ਦੀ ਆਮਦਨ ਵਿੱਚ ਜਦੋਂ ਵਾਧਾ ਹੁੰਦਾ ਹੈ ਤਾਂ ਹੇਠਲੀ ਕੋਟੀ ਦੀਆਂ ਵਸਤੂਆਂ ਘੱਟ ਮਾਤਰਾ ਵਿੱਚ ਖਰੀਦੀ ਜਾਂਦੀ ਹੈ।

ਨੋਟਸ ਆਮਦਨ ਉਪਯੋਗ ਵਕ੍ਰ ਉਹ ਵਕ੍ਰ ਹੈ ਜੋ ਮੌਦ੍ਰਿਕ ਆਮਦਨ ਦੇ ਵੱਖ-ਵੱਖ ਪੱਧਰਾਂ ਅਤੇ ਸਥਿਰ ਕੀਮਤਾਂ ਦੇ ਨਤੀਜੇ ਵਜੋਂ ਪ੍ਰਾਪਤ ਸੰਤੁਲਨ ਦੇ ਬਿੰਦੂਆਂ ਨੂੰ ਦਰਸ਼ਾਉਂਦਾ ਹੈ।

ਚਿੱਤਰ 4.38 ਹੇਠਲੀ ਕੋਟੀ ਦੀਆਂ ਵਸਤੂਆਂ ਦੇ ਆਮਦਨ ਪ੍ਰਭਾਵ ਨੂੰ ਦਰਸ਼ਾਉਂਦਾ ਹੈ। ਮੰਨ ਲਓ ਵਸਤੂ-X ਹੇਠਲੀ ਕੋਟੀ ਦੀ ਵਸਤੂ-Y ਸਧਾਰਣ ਵਸਤੂ ਹੈ। ਉਪਭੋਗਤਾ ਦੀ ਦਿੱਤੀ ਹੋਈ ਆਮਦਨ ਅਤੇ ਦੋਨਾਂ ਵਸਤੂਆਂ ਦੀ ਦਿੱਤੀਆਂ ਗਈਆਂ ਕੀਮਤਾਂ ਦੇ ਅਧਾਰ 'ਤੇ ਖਰਚ ਕੀਤੀ ਗਈ ਬਜਟ ਰੇਖਾ AB ਤਟਸਥਤਾ ਵਕ੍ਰ IC ਨੂੰ ਬਿੰਦੂ E ਤੇ ਛੂੰਹਦੀ ਹੈ ਅਤੇ ਇਸ ਬਿੰਦੂ 'ਤੇ ਉਪਭੋਗਤਾ ਸੰਤੁਲਨ ਦੀ ਸਥਿਤੀ ਵਿੱਚ ਹੈ। ਉਪਭੋਗਤਾ ਦੀ ਆਮਦਨ ਵਿੱਚ ਜਿਵੇਂ-ਜਿਵੇਂ ਵਾਧਾ ਹੁੰਦਾ ਹੈ, ਬਜਟ ਰੇਖਾ ਸੱਜੇ ਪਾਸਿਓਂ ਉਪਰ ਨੂੰ ਖਿਸਕ

ਨੋਟ



ਚਿੱਤਰ 4.38

ਕੇ CD ਹੋ ਜਾਂਦੀ ਹੇ ਜੋ IC_1 ਵਕ੍ਰ ਨੂੰ ਬਿੰਦੂ E_1 'ਤੇ ਛੂੰਹਦੀ ਹੈ। ਦੋਨੋਂ ਬਜਟ ਰੇਖਾਵਾਂ ਇਕ ਦੂਸਰੇ ਦੇ ਸਮਾਂਤਰ ਹਨ ਜੋ ਇਹ ਪ੍ਰਗਟ ਕਰਦੀਆਂ ਹਨ ਕਿ ਦੋਨੋਂ ਵਸਤੂਆਂ ਦੀਆਂ ਕੀਮਤਾਂ ਬਰਾਬਰ ਹਨ। ਆਮਦਨ ਵਿੱਚ ਵਾਧਾ ਹੋਣ ਦੇ ਫਲਸਰੂਪ ਬਰਾਬਰ ਸਾਪੇਖਿਕ ਕੀਮਤਾਂ 'ਤੇ ਵਸਤੂ-X (ਹੇਠਲੀ ਕੋਟੀ ਦੀ ਵਸਤੂ) ਦੀ ਮੰਗੀ ਗਈ ਮਾਤਰਾ OM ਤੋਂ ਘੱਟ ਹੋ ਕੇ ON ਹੋ ਜਾਂਦੀ ਹੈ। ਇਸ ਤਰ੍ਹਾਂ ਉਪਭੋਗਤਾ ਦੀ ਆਮਦਨ ਵਿੱਚ ਵਾਧਾ ਹੋਣ ਨਾਲ ਹੇਠਲੀ ਕੋਟੀ ਦੀ ਵਸਤੂ ਦੀ ਮੰਗ ਵਿੱਚ ਗਿਰਾਵਟ ਆਉਂਦੀ ਹੈ। ਵੱਖ-ਵੱਖ ਸੰਤੁਲਨ ਬਿੰਦੂਆਂ E ਅਤੇ E_1 ਨੂੰ ਮਿਲਾਉਣ ਨਾਲ ਜੋ ਆਮਦਨ ਉਪਯੋਗ ਵਕ੍ਰ (ICC) ਬਣਦਾ ਹੈ, ਉਹ ਖੱਬੇ ਪਾਸਿਓਂ ਪਿੱਛੇ ਵੱਲ (E ਅਤੇ E_1) ਮੁੜਿਆ ਹੋਇਆ ਹੈ (Backward sloping to the left)। ਇਹ ਰਣਾਤਮਕ ਆਮਦਨ ਪ੍ਰਭਾਵ ਨੂੰ ਪ੍ਰਗਟ ਕਰਦਾ ਹੈ।

ਚਿੱਤਰ 4.39 ਵਿੱਚ ICC_1 ਵਕ੍ਰ ਤੋਂ ਇਹ ਪਤਾ ਲੱਗਦਾ ਹੈ ਕਿ ਵਸਤੂ-X ਇਕ ਹੇਠਲੀ ਕੋਟੀ ਦੀ ਵਸਤੂ ਹੈ। ਇਹ ਵਕ੍ਰ ਬਿੰਦੂ 'B' ਦੇ ਬਾਅਦ ਪਿੱਛੇ ਵੱਲ ਮੁੜਿਆ ਹੋਇਆ ਹੈ ਜੋ ਇਹ ਪ੍ਰਗਟ ਕਰਦਾ ਹੈ ਕਿ ਆਮਦਨ ਵਧਣ 'ਤੇ ਵਸਤੂ-X ਦੀ ਘੱਟ ਮਾਤਰਾ ਖਰੀਦੀ ਜਾਵੇਗੀ। ਵਕ੍ਰ ICC_2 ਤੋਂ ਪਤਾ ਲੱਗਦਾ ਹੈ ਕਿ ਵਸਤੂ-Y ਇਕ ਹੇਠਲੀ ਕੋਟੀ ਦੀ ਵਸਤੂ ਹੈ। ਇਹ ਵਕ੍ਰ ਬਿੰਦੂ 'A' ਦੇ ਬਾਅਦ ਹੇਠਾਂ ਵੱਲ ਮੁੜਿਆ ਹੋਇਆ ਹੈ ਜਿਸ ਦਾ ਅਰਥ ਹੈ ਕਿ ਉਪਭੋਗਤਾ ਦੀ ਆਮਦਨ ਦੇ ਵਧਣ 'ਤੇ ਵਸਤੂ-Y ਦੀ ਘੱਟ ਮਾਤਰਾ ਖਰੀਦੀ ਜਾਵੇਗੀ।

ਕੀ ਤੁਸੀਂ ਜਾਣਦੇ ਹੋ	ਬਜਟ ਰੇਖਾ ਉਹ ਰੇਖਾ ਹੈ ਜੋ ਦੋ ਵਸਤੂਆਂ ਦੇ ਵੱਖ-ਵੱਖ ਸੰਜੋਗਾਂ ਨੂੰ ਪ੍ਰਗਟ ਕਰਦੀ ਹੈ।

4.34 ਏਂਜਿਲ ਵਕ੍ਰ (Engel's Curve)

ਆਮਦਨ ਉਪਭੋਗ ਵਕ੍ਰ ਦਾ ਪ੍ਰਯੋਗ ਇਹ ਪਤਾ ਲਗਾਉਣ ਦੇ ਲਈ ਕੀਤਾ ਜਾ ਸਕਦਾ ਹੈ ਕਿ ਆਮਦਨ ਦੇ ਪੱਧਰ ਅਤੇ ਹਰੇਕ ਵਸਤੂ ਦੀ ਖਰੀਦੀ ਗਈ **ਇਸ਼ਟਤਮ** (Optimum) ਮਾਤਰਾ ਦੇ ਵਿੱਚ ਸਬੰਧ ਹੈ। 19ਵੀਂ ਸਦੀ ਦੇ ਜਰਮਨ ਅਰਥ ਸ਼ਾਸਤਰੀ **ਅਰਨੇਸਟ ਏਂਜਿਲ** (Ernest Engel), ਨੇ ਸਭ ਤੋਂ ਪਹਿਲਾਂ ਇਸ ਸਬੰਧ ਨੂੰ ਇਕ ਵਕ੍ਰ ਦੇ ਨਾਲ ਸਪੱਸ਼ਟ ਕੀਤਾ ਸੀ। ਇਸ ਲਈ ਇਸ ਵਕ੍ਰ ਨੂੰ **ਏਂਜਿਲ ਵਕ੍ਰ** (Engel's Curve) ਕਿਹਾ ਜਾਂਦਾ ਹੈ। **ਇਕ ਏਂਜਿਲ ਵਕ੍ਰ ਉਹ ਵਕ੍ਰ ਹੈ ਜੋ ਆਮਦਨ ਦੇ ਵੱਖ-ਵੱਖ ਪੱਧਰਾਂ 'ਤੇ ਖਰੀਦੀ ਗਈ ਇਕ ਵਸਤੂ ਦੀ ਇਸ਼ਟਤਮ ਮਾਤਰਾ ਨੂੰ ਪ੍ਰਗਟ ਕਰਦੀ ਹੈ।** (An Engel Curve is a curve which shows optimum quantity of a commodity purchased at different levels of income.) ਏਂਜਿਲ ਵਕ੍ਰ ਆਮਦਨ ਉਪਭੋਗ ਵਕ੍ਰ ਦੇ ਬਰਾਬਰ ਨਹੀਂ ਹੈ। ਆਮਦਨ ਉਪਭੋਗ ਵਕ੍ਰ, ਆਮਦਨ ਦੇ ਵੱਖ-ਵੱਖ ਪੱਧਰਾਂ 'ਤੇ, ਖਰੀਦੀਆਂ ਗਈਆਂ ਵਸਤੂਆਂ ਦੇ **ਵੱਖ-ਵੱਖ ਸੰਜੋਗਾਂ** ਨੂੰ ਪ੍ਰਗਟ ਕਰਦਾ ਹੈ ਜਦੋਂ ਕਿ ਉਨ੍ਹਾਂ ਵਸਤੂਆਂ ਦੀਆਂ ਕੀਮਤਾਂ ਸਥਿਰ ਰਹਿੰਦੀਆਂ ਹਨ। **ਜਦੋਂ ਕਿ ਏਂਜਿਲ ਵਕ੍ਰ ਇਹ ਪ੍ਰਗਟ ਕਰਦਾ**

ਨੋਟ

ਹੈ ਕਿ, ਸੰਤੁਲਨ ਵਿੱਚ ਬਣੇ ਰਹਿਣ ਦੇ ਲਈ, ਆਪਣੀ ਆਮਦਨ ਦੇ ਵੱਖ-ਵੱਖ ਪੱਧਰਾਂ 'ਤੇ ਇਕ ਉਪਭੋਗਤਾ ਇਕ ਵਸਤੂ ਦੀ ਕਿੰਨੀ ਮਾਤਰਾ ਦਾ ਉਪਭੋਗ ਕਰੇਗਾ (Engel's Curve indicates how much quantity of a commodity a consumer will consume at different level of his income in order to be in equilibrium.) ਇਹ ਵਕ੍ਰ ਆਰਥਿਕ ਕਲਿਆਣ ਦੇ ਵਿਵਹਾਰਿਕ ਅਧਿਐਨ (Applied Studies of Economic Welfare) ਅਤੇ ਪਰਿਵਾਰਕ ਖਰਚ ਪ੍ਰਤੀਰੂਪਾਂ ਦੇ ਅਧਿਐਨ ਦੇ ਲਈ ਮਹੱਤਵਪੂਰਨ ਹਨ। ਏਂਜਿਲ ਨੂੰ ਆਮਦਨ ਉਪਭੋਗ ਵਕ੍ਰ ਦੀ ਸਹਾਇਤਾ ਨਾਲ ਖਿੱਚਿਆ ਜਾ ਸਕਦਾ ਹੈ।



ਚਿੱਤਰ 4.39

ਏਂਜਿਲ ਵਕ੍ਰ ਦੇ ਨਿਯਮ, ਆਮਦਨ ਅਤੇ ਉਪਭੋਗ ਵਕ੍ਰ ਵਿੱਚ ਅਧਾਰਭੂਤ ਕੀ ਅੰਤਰ ਹੈ?

ਆਮਦਨ ਉਪਭੋਗ ਵਕ੍ਰ ਦੀ ਆਮਦਨ ਵਿੱਚ ਪਰਿਵਰਤਨ ਹੋਣ ਦੇ ਫਲਸਰੂਪ ਵਸਤੂ–X ਅਤੇ ਵਸਤੂ Y ਦੇ ਉਪਭੋਗ ਵਿੱਚ ਹੋਣ ਵਾਲੇ ਪਰਿਵਰਤਨ ਨੂੰ ਪ੍ਰਗਟ ਕਰਦੀ ਹੈ। ਇਸ ਦੇ ਉਲਟ ਏਂਜਿਲ ਵਕ੍ਰ ਉਪਭੋਗਤਾ ਦੀ ਆਮਦਨ ਅਤੇ ਉਸ ਦੇ ਨਾਲ ਕੀਤੇ ਜਾਣ ਵਾਲੇ ਕਿਸੇ ਵਿਸ਼ੇਸ਼ ਵਸਤੂ ਦੇ ਉਪਭੋਗ ਦੀ ਮਾਤਰਾ ਦੇ ਸਬੰਧ ਨੂੰ ਪ੍ਰਗਟ ਕਰਦਾ ਹੈ।

ਚਿੱਤਰ 4.40 (A) ਵਿੱਚ ਸੇਬਾਂ ਨੂੰ OX- ਅਕਸ਼ 'ਤੇ ਅਤੇ ਸੰਤਰਿਆਂ ਨੂੰ OY-ਅਕਸ਼ 'ਤੇ ਦਿਖਾਇਆ ਗਿਆ ਹੈ, ਜਦੋਂ ਕਿ ਚਿੱਤਰ 4.40 (B) ਵਿੱਚ ਸੇਬਾਂ ਨੂੰ OX- ਅਕਸ਼ 'ਤੇ ਅਤੇ ਆਮਦਨ ਨੂੰ OY-ਅਕਸ਼ 'ਤੇ ਦਿਖਾਇਆ ਗਿਆ ਹੈ। ਮੰਨ ਲਓ ਸੇਬਾਂ ਦੀ ਕੀਮਤ 1 ਰੁਪਿਆ ਪ੍ਰਤੀ ਸੇਬ ਅਤੇ ਸੰਤਰਿਆਂ ਦੀ ਕੀਮਤ 50 ਪੈਸੇ ਪ੍ਰਤੀ ਸੰਤਰਾ ਹੈ। ਜਦੋਂ ਉਪਭੋਗਤਾ ਦੀ ਆਮਦਨ 4 ਰੁਪਏ ਹੈ ਉਹ ਆਮਦਨ ਉਪਭੋਗਤਾ ਵਕ੍ਰ ਦੇ E ਬਿੰਦੂ 'ਤੇ 3 ਸੇਬ +2 ਸੰਤਰੇ ਖਰੀਦ ਰਿਹਾ ਹੈ। ਜਦੋਂ ਆਮਦਨ ਵੱਧ ਕੇ 6 ਰੁਪਏ ਹੋ ਜਾਂਦੀ ਹੈ ਤਾਂ ਉਪਭੋਗਤਾ ਸੇਬਾਂ ਦੀਆਂ 4 ਇਕਾਈਆਂ ਅਤੇ ਸੰਤਰਿਆਂ ਦੀਆਂ ਵੀ 4 ਇਕਾਈਆਂ ਖਰੀਦਦਾ ਹੈ ਜਿਵੇਂ ਕਿ ICC ਦੇ E_1 ਬਿੰਦੂ ਨਾਲ ਪ੍ਰਗਟ ਹੋ ਰਿਹਾ ਹੈ ਅਤੇ ਆਮਦਨ ਦੇ 8 ਰੁਪਏ ਹੋਣ 'ਤੇ ਉਹ ਸੇਬਾਂ ਦੀਆਂ 5 ਇਕਾਈਆਂ ਅਤੇ ਸੰਤਰਿਆਂ ਦੀਆਂ 6 ਇਕਾਈਆਂ ਖਰੀਦਦਾ ਹੈ ਜਿਵੇਂ ਕਿ ICC ਦੇ E_2 ਬਿੰਦੂ ਨਾਲ ਪ੍ਰਗਟ ਹੋ ਰਿਹਾ ਹੈ। ਆਮਦਨ ਦੇ ਇਨ੍ਹਾਂ ਪੱਧਰਾਂ ਦੇ ਅਨੁਸਾਰ ਚਿੱਤਰ 4.40 ਦੇ B ਪੈਨਲ ਦੇ OX-ਅਕਸ਼ 'ਤੇ ਤਿੰਨ ਲੰਬੇ ਖਿੱਚੇ ਗਏ ਹਨ। ਬਿੰਦੂ A ਇਹ ਪ੍ਰਗਟ ਕਰਦਾ ਹੈ ਕਿ 4 ਰੁਪਏ ਦੀ ਆਮਦਨ ਪੱਧਰ 'ਤੇ ਉਪਭੋਗਤਾ 3 ਸੇਬ ਖਰੀਦਦਾ ਹੈ। 6 ਰੁਪਏ ਦੀ ਆਮਦਨ ਪੱਧਰ 'ਤੇ ਉਹ ਬਿੰਦੂ B 'ਤੇ 4 ਸੇਬ ਖਰੀਦਦਾ ਹੈ ਅਤੇ 40 ਰੁਪਏ ਦੀ ਆਮਦਨ ਪੱਧਰ 'ਤੇ ਉਹ ਬਿੰਦੂ C 'ਤੇ 5 ਸੇਬ ਖਰੀਦਦਾ ਹੈ। A,B,C ਬਿੰਦੂਆਂ ਨੂੰ ਮਿਲਾ ਦੇਣ ਨਾਲ ਅਸੀਂ EC ਵਕ੍ਰ ਪ੍ਰਾਪਤ ਕਰਦੇ ਹਾਂ, ਇਹ ਵਕ੍ਰ ਹੀ ਏਂਜਿਲ ਵਕ੍ਰ ਹੈ, ਜੋ ਮੌਦ੍ਰਿਕ ਆਮਦਨ ਦੇ ਵੱਖ–ਵੱਖ ਪੱਧਰਾਂ 'ਤੇ ਖਰੀਦੀਆਂ ਜਾਣ ਵਾਲੀਆਂ ਸੇਬਾਂ ਦੀਆਂ ਸੰਤੁਲਨ ਮਾਤਰਾਵਾਂ ਨੂੰ ਪ੍ਰਗਟ ਕਰ ਰਿਹਾ ਹੈ।

ਨੋਟ



ਚਿੱਤਰ 4.40

4.35 ਮੰਗ ਸਿਧਾਂਤ ਦੀ ਆਲੋਚਨਾ (Criticism of Demand Theory)

ਮੰਗ ਸਿਧਾਂਤ 'ਤੇ ਅਵਾਸਤਵਿਕ (Unrealistic) ਹੋਣ ਦਾ ਦੋਸ਼ ਲਗਾਇਆ ਜਾਂਦਾ ਹੈ ਅਤੇ ਕੁਝ ਅਰਥਸ਼ਾਸਤਰੀ ਮੰਗ ਦੇ ਨਿਯਮ ਦੇ ਕੁਝ ਅਪਵਾਦਾਂ ਦੀ ਗੱਲ ਵੀ ਕਰਦੇ ਹਨ। ਇਹ ਅੰਸ਼ (Section) ਪਹਿਲਾਂ ਮੰਗ ਦੇ ਨਿਯਮ ਦੇ ਆਰੋਪਿਤ ਅਪਵਾਦਾਂ ਦੀ ਵਿਆਖਿਆ ਕਰਦਾ ਹੈ ਅਤੇ ਬਾਅਦ ਵਿੱਚ ਉਨ੍ਹਾ ਅਵਲੋਕਨਾਂ/ਪ੍ਰੇਖਣਾਂ (Observation) ਦੀ ਵਿਸਥਾਰਪੂਰਵਕ ਚਰਚਾ ਕਰਦਾ ਹੈ ਜੋ ਮੰਗ ਸਿਧਾਂਤ ਨੂੰ ਅਵਾਸਤਵਿਕ ਦੱਸਦੇ ਹਨ।

ਟਾਸਕ ਆਮਦਨ ਉਪਭੋਗ ਵਕ੍ਰ ਦੇ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।

4.36 ਮੰਗ ਦੇ ਨਿਯਮ ਨਾਲ ਸਬੰਧਿਤ ਆਰੋਪਿਤ ਅਪਵਾਦ (Alleged Exceptions to the Law of Demand)

ਜ਼ਿਆਦਾਤਰ ਮੰਗ ਵਕ੍ਰਾਂ ਰਣਾਤਮਕ ਢਾਲ ਵਾਲੀਆਂ ਹਨ, ਜਿਸ ਦਾ ਭਾਵ ਹੈ ਕਿ ਕਿਸੇ ਵਸਤੂ ਦੀ ਕੀਮਤ ਅਤੇ ਉਸ ਦੀ ਮੰਗੀ ਗਈ ਮਾਤਰਾ ਵਿੱਚ ਉਲਟ ਸਬੰਧ ਪਾਇਆ ਜਾਂਦਾ ਹੈ ਪਰ ਅਰਥਸ਼ਾਸਰਤੀ ਕਈ ਵਾਰ ਨਿਯਮ ਦੇ ਅਪਵਾਦਾਂ ਦੀ ਗੱਲ ਵੀ ਕਰਦੇ

ਨੋਟ

ਹਨ। ਇਸ ਦਾ ਅਰਥ ਹੈ ਕਿ ਅਜਿਹੀਆਂ ਸਥਿਤੀਆਂ ਹਨ ਜਿਸ ਵਿੱਚ ਕੀਮਤ 'ਚ ਪਰਿਵਰਤਨ ਦੇ ਫਲਸਰੂਪ ਮੰਗ ਧਨਾਤਮਕ ਅਨੁਕਿਰਿਆ ਵੀ ਕਰਦੀ ਹੈ। ਇਸ ਦੇ ਫਲਸਰੂਪ ਮੰਗ ਵਕ੍ਰ ਧਨਾਤਮਕ ਢਾਲ ਵਾਲੀ (Positively Sloped) ਹੋ ਜਾਂਦੀ ਹੈ ਜਾਂ ਇਸ ਦਾ ਢਲਾਣ ਉਪਰ ਵੱਲ ਜਾਂਦਾ ਹੈ ਜੋ ਕੀਮਤ ਮੰਗੀ ਗਈ ਮਾਤਰਾ ਦੇ ਵਿੱਚ ਧਨਾਤਮਕ ਸਬੰਧ ਨੂੰ ਦਰਸਾਉਂਦਾ ਹੈ। ਇਸ ਸਬੰਧ ਵਿੱਚ ਕੁਝ ਵਰਨਣਯੋਗ ਅਵਲੋਕਨ/ਪ੍ਰੀਖਣ (Observations) ਹੇਠ ਲਿਖੇ ਹਨ–

1. **ਪ੍ਰਤੀਸ਼ਠਾਸੂਚਕ ਵਸਤੂਆਂ ਅਤੇ ਵੇਬਲਨ ਵਸਤੂਆਂ** (Articles of Distinction or Veblen Goods)–ਵੇਬਲਨ ਵਸਤੂਆਂ ਹੀਰੇ, ਜਵਾਹਰਾਤ, ਗਹਿਣੇ, ਵੱਡੇ ਕਲਾਕਾਰਾਂ ਦੀਆਂ ਮੌਲਿਕ ਕਲਾਕ੍ਰਿਤੀਆਂ, ਕੀਮਤੀ ਕਾਲੀਨ ਆਦਿ ਹਨ। **ਵੇਬਲਨ** ਦੇ ਅਨੁਸਾਰ, ਜੋ ਵਸਤੂਆਂ ਪ੍ਰਤੀਸ਼ਠਾਸੂਚਕ ਹੁੰਦੀਆਂ ਹਨ ਉਨ੍ਹਾਂ ਦੀ ਮੰਗ ਤਾਂ ਹੀ ਜ਼ਿਆਦਾ ਹੁੰਦੀ ਹੈ ਜਦੋਂ ਉਨ੍ਹਾਂ ਦੀ ਕੀਮਤ ਜ਼ਿਆਦਾ ਹੁੰਦੀ ਹੈ। ਹੀਰੇ ਅਤੇ ਜਵਾਹਰਾਤ ਸਮਾਜ ਵਿੱਚ ਪ੍ਰਤੀਸ਼ਠਾਸੂਚਕ ਵਸਤੂਆਂ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਦੀ ਮੰਗ ਕੀਮਤ ਜ਼ਿਆਦਾ ਹੋਣ 'ਤੇ ਵੀ ਜ਼ਿਆਦਾ ਹੁੰਦੀ ਹੈ। ਜੇਕਰ ਇਨ੍ਹਾਂ ਦੀ ਕੀਮਤ ਘੱਟ ਹੋ ਜਾਂਦੀ ਹੈ ਤਾਂ ਇਹ ਪ੍ਰਤੀਸ਼ਠਾਸੂਚਕ ਵਸਤੂਆਂ ਨਹੀਂ ਰਹਿੰਦੀਆਂ ਅਤੇ ਇਨ੍ਹਾਂ ਦੀ ਮੰਗ ਘੱਟ ਹੋ ਜਾਂਦੀ ਹੈ। **ਵਾਟਸਨ** ਦੇ ਸ਼ਬਦਾਂ ਵਿੱਚ, **''ਜੇਕਰ ਉਪਭੋਗਤਾ ਇਕ ਵਸਤੂ ਦੀ ਜ਼ਰੂਰਤ ਕੇਵਲ ਉਸ ਦੀ ਕੀਮਤ ਨਾਲ ਹੀ ਨਾਪਦੇ ਹਨ ਅਤੇ ਉਪਭੋਗਤਾਵਾਂ ਨੂੰ ਹੋਰ ਕੁਝ ਵੀ ਪ੍ਰਭਾਵਿਤ ਨਹੀਂ ਕਰਦਾ, ਉਦੋਂ ਉਹ ਘੱਟ ਕੀਮਤ 'ਤੇ ਵਸਤੂ ਦੀ ਘੱਟ ਮਾਤਰਾ ਅਤੇ ਕੀਮਤ 'ਤੇ ਜ਼ਿਆਦਾ ਮਾਤਰਾ ਖਰੀਦਦੇ ਹਨ।''** (If the consumers measure the desirability of a commodity entirley by its price, and if nothing influences consumers, then they will buy less of the commodity at a low price and more at a high price.) **—(Watson)**

   ਪਰ ਇਸ ਆਲੋਚਨਾਤਮਕ ਅਵਲੋਕਨ/ਪ੍ਰੀਖਣ ਦੀ ਸਮੀਖਿਆਪੂਰਨ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਸਮੇਂ ਦੇ ਕਿਸੇ ਵੀ ਬਿੰਦੂ 'ਤੇ ਬਾਜ਼ਾਰ ਵਿੱਚ ਕੁਝ ਸੀਮਿਤ ਖਰੀਦਦਾਰ ਹਮੇਸ਼ਾ ਹੋਣਗੇ ਜੋ ਕੇਵਲ **'ਗੁਮਾਨੀ-ਵਸਤੂਆਂ'** (Snob-goods), ਜਿਵੇਂ–ਹੀਰੇ, ਉਦੋਂ ਖਰੀਦਾਂਗੇ ਜਾਂ ਮੰਗਾਗੇ ਜਦੋਂ ਉਨ੍ਹਾ ਵਸਤੂਆਂ ਦੀ ਕੀਮਤ ਵਿੱਚ ਕਮੀ ਆਉਂਦੀ ਹੈ, ਜਦੋਂ ਕਿ ਵਰਤਮਾਨ ਖਰੀਦ ਕੀਮਤ ਘਟਣ 'ਤੇ ਹੀ ਹੀਰੇ ਦੀ ਮੰਗ ਕਰਦੇ ਹਨ, ਅਜਿਹੀ ਸਥਿਤੀ ਵਿੱਚ, ਜੇਕਰ ਸੀਮਿਤ ਖਰੀਦਦਾਰ ਦੀ ਸੰਖਿਆ ਕਾਫੀ ਰੂਪ ਵਿੱਚ ਜ਼ਿਆਦਾ ਹੈ, ਉਦੋਂ ਹੀਰੇ ਦੇ ਲਈ ਸੰਪੂਰਨ ਬਾਜ਼ਾਰ ਮੰਗ ਵਧਾ ਸਕਦੀ ਹੈ ਅਤੇ ਉਨ੍ਹਾਂ ਦੇ ਨਾਲ ਕੀਤੀ ਗਈ, ਕੁੱਲ ਖਰੀਦ, ਅਰੰਭਿਕ ਖਰੀਦਦਾਰਾਂ (Initial Buyers) ਨਾਲ ਕੀਤੀ ਗਈ ਖਰੀਦ ਵਿੱਚ ਕੁੱਲ ਕਮੀ ਦੀ ਤੁਲਨਾ ਵਿੱਚ ਵੱਧ ਸਕਦੀ ਹੈ। ਅਜਿਹਾ ਵੀ ਸੰਭਵ ਹੈ ਕਿ ਅਰੰਭਿਕ ਖਰੀਦ (Initial Buyers) ਕੀਮਤ ਘੱਟ ਹੋਣ 'ਤੇ ਹਮੇਸ਼ਾ ਜ਼ਿਆਦਾ ਖਰੀਦਣ ਦੇ ਵਿਰੁੱਧ ਜਾਂ ਅਣਇਛੁੱਕ ਨਹੀਂ ਹੁੰਦੇ, ਕਈ ਵਾਰ ਦੁਕਾਨਦਾਰ ਜ਼ਿਆਦਾ ਡਿਸਕਾਊਂਟ ਦਾ ਲਾਲਚ ਦੇ ਕੇ ਗੁਪਤ ਰੂਪ ਨਾਲ ਕੀਮਤ ਵਿੱਚ ਕਮੀ ਲਿਆ ਦਿੰਦੇ ਹਨ ਅਤੇ ਖਰੀਦਦਾਰਾਂ ਨੂੰ ਜ਼ਿਆਦਾ ਖਰੀਦਣ ਦੇ ਲਈ ਰਾਜ਼ੀ ਕਰ ਸਕਦੇ ਹਨ।

2. **ਅਨਪੜ੍ਹਤਾ** (Ignorance)–ਕਈ ਵਾਰ ਉਪਭੋਗਤਾ ਕੇਵਲ ਅਨਪੜ੍ਹਤਾ ਅਤੇ ਭਰਮ ਦੇ ਕਾਰਨ ਕਿਸੇ ਵਸਤੂ ਦੀ ਹੇਠਲੀ ਕੀਮਤ 'ਤੇ ਉਸ ਨੂੰ ਘੱਟ ਮਹੱਤਵਪੂਰਨ ਸਮਝਦੇ ਹਨ ਅਤੇ ਉਸ ਦੀ ਘੱਟ ਮਾਤਰਾ ਖਰੀਦਦੇ ਹਨ ਪਰ ਕੀਮਤ ਜ਼ਿਆਦਾ ਹੋਣ 'ਤੇ ਉਸ ਨੂੰ ਜ਼ਿਆਦਾ ਮਹੱਤਵਪੂਰਨ ਜਾਂ ਉਚ ਕੋਟੀ ਦੀ ਮੰਨਣ ਲੱਗਦੇ ਹਨ। **ਬੇਂਹਮ** ਨੇ ਇਸ ਦੇ ਲਈ ਇਕ ਰੋਚਕ ਉਦਾਹਰਣ ਦੱਸਿਆ ਹੈ ਕਿ ਪਹਿਲੇ ਮਹਾ ਯੁੱਧ ਵਿੱਚ ਤਸਵੀਰਾਂ ਵਾਲੀ ਇਕ ਕਿਤਾਬ ਛਾਪੀ ਗਈ ਜਿਸ ਦੀ ਕੀਮਤ ਕੇਵਲ ਸਾਢੇ ਦਸ ਸ਼ਿਲਿੰਗ (10.5 Sh.) ਰੱਖੀ ਗਈ ਪਰ ਇਸ ਕੀਮਤ 'ਤੇ ਗ੍ਰਾਹਕ ਆਕਰਸ਼ਿਤ ਨਹੀਂ ਹੋਏ। ਯੁੱਧ ਦੇ ਬਾਅਦ ਉਹੀ ਕਿਤਾਬ ਫਿਰ ਛਾਪੀ ਗਈ ਅਤੇ ਇਸ ਦੀ ਕੀਮਤ ਸਾਢੇ ਤਿੰਨ ਪੌਂਡ ਰੱਖੀ ਗਈ। ਇਸ ਵਾਰ ਕਿਤਾਬ ਹੱਥੋਂ-ਹੱਥੀ ਵਿਕ ਗਈ। ਕਿਤਾਬ ਦੀ ਜ਼ਿਆਦਾ ਕੀਮਤ ਨਾਲ ਲੋਕਾਂ ਨੇ ਇਹ ਸਮਝਿਆ ਕਿ ਮਹਿੰਗੀ ਹੋਣ ਦੇ ਕਾਰਨ ਕਿਤਾਬ ਉਚ ਕੋਟੀ ਦੀ ਹੈ ਅਤੇ ਉਸ ਦੀ ਮੰਗ ਵੀ ਵੱਧ ਗਈ।

3. **ਗਿੱਫਨ ਪਦਾਰਥ** (Giffen Goods)–ਗਿੱਫਨ ਪਦਾਰਥ (ਜਿਨ੍ਹਾਂ ਦਾ ਨਾਮ 19ਵੀਂ ਸਦੀ ਦੇ ਅਰਥਸ਼ਾਸਤਰ **ਰਾਬਰਟ ਗਿੱਫਨ** ਨਾਲ ਜੁੜਿਆ ਹੈ) ਹੇਠਲੀ ਕੋਟੀ ਦੇ ਉਹ ਪਦਾਰਥ ਹਨ ਜਿਨ੍ਹਾ ਦੀ ਕੀਮਤ ਵਿੱਚ ਕਮੀ ਹੋਣ 'ਤੇ ਮੰਗ ਘੱਟ ਹੋ ਜਾਂਦੀ ਹੈ। ਇਸ ਤਰ੍ਹਾ ਮੰਗ ਦਾ ਨਿਯਮ ਇਨ੍ਹਾਂ 'ਤੇ ਲਾਗੂ ਨਹੀਂ ਹੁੰਦਾ। ਉਦਾਹਰਣ ਦੇ ਤੌਰ 'ਤੇ ਇਕ ਸਧਾਰਣ ਉਪਭੋਗਤਾ ਦੇ ਲਈ 'ਬਾਜ਼ਾਰ' ਹੇਠਲੀ ਕੋਟੀ ਦੀ ਵਸਤੂ ਹੈ। 'ਬਾਜ਼ਾਰ' ਦੀ ਕੀਮਤ ਜਿਵੇਂ ਹੀ ਡਿੱਗਦੀ ਹੈ, ਉਪਭੋਗਤਾ ਦੀ ਅਸਲੀ ਆਮਦਨ ਵੱਧ ਜਾਂਦੀ ਹੈ। ਉਹ ਆਪਣੀ ਵਧੀ ਹੋਈ ਅਸਲੀ ਆਮਦਨ ਨਾਲ 'ਕਣਕ' ਜ਼ਿਆਦਾ ਖਰੀਦੇਗਾ ਅਤੇ ਇਸ ਤਰ੍ਹਾਂ 'ਬਾਜ਼ਾਰ' ਦੀ ਮੰਗ ਘੱਟ ਹੋ ਜਾਵੇਗੀ ਅਤੇ ਹੇਠਲੀ ਕੋਟੀ ਦੇ ਪਦਾਰਥ ਦੀ ਕੀਮਤ ਘੱਟ ਹੋਣ 'ਤੇ ਉਨ੍ਹਾਂ ਦੀ ਮੰਗ ਘੱਟ ਹੋ ਜਾਂਦੀ ਹੈ ਅਤੇ ਕੀਮਤ ਵਧਣ 'ਤੇ ਉਨ੍ਹਾਂ ਦੀ ਮੰਗ ਵੱਧ ਜਾਂਦੀ ਹੈ। ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਕੇਵਲ ਉਹ ਹੀ ਹੇਠਲੀ ਕੋਟੀ ਦੇ ਪਦਾਰਥ ਜਿਨ੍ਹਾਂ 'ਤੇ ਮੰਗ ਦਾ ਨਿਯਮ ਲਾਗੂ ਨਹੀਂ ਹੁੰਦਾ, **ਗਿੱਫਨ ਪਦਾਰਥ** ਕਹਾਉਂਦੇ ਹਨ ਪਰ ਇਹ ਜ਼ਰੂਰੀ ਨਹੀਂ ਹੈ ਕਿ ਮੰਗ ਦਾ ਨਿਯਮ ਸਾਰੀ ਤਰ੍ਹਾਂ ਦੇ ਹੇਠਲੀ ਕੋਟੀ ਦੇ ਪਦਾਰਥਾਂ 'ਤੇ ਲਾਗੂ ਹੋਵੇ।

ਨੋਟ

ਧਿਆਨ ਰੱਖੋ

ਸਾਰੇ ਘਟੀਆ ਪਦਾਰਥ ਗਿੱਫਨ ਪਦਾਰਥ ਨਹੀਂ ਹੁੰਦੇ। ਕੇਵਲ ਉਹ ਘਟੀਆ ਪਦਾਰਥ ਹੀ ਗਿੱਫਨ ਪਦਾਰਥ ਹੁੰਦੇ ਹਨ ਜਿਨ੍ਹਾ ਦਾ ਰਣਾਤਮਕ ਆਮਦਨ ਪ੍ਰਭਾਵ ਪ੍ਰਤੀਸਥਾਪਨ ਪ੍ਰਭਾਵ ਤੋਂ ਜ਼ਿਆਦਾ ਹੁੰਦਾ ਹੈ।

4.37 ਮੰਗ ਸਿਧਾਂਤ ਅਵਾਸਤਵਿਕ ਹੈ: ਉਪਭੋਗਤਾ ਵਿਵਹਾਰ ਮੰਗ ਸਿਧਾਂਤ ਦੇ ਉਲਟ ਹੈ (Demand Theory is Unrealistic: Consumer Behaviour Contradictory to Demand Theory)

ਇਸ ਸਬੰਧ ਵਿੱਚ ਕੁਝ ਮਹੱਤਵਪੂਰਨ ਹੱਲ ਜਾਂ ਅਵਲੋਕਨ ਹੇਠ ਲਿਖੇ ਹਨ–

1. **ਸਾਰੇ ਉਪਭੋਗਤਾ ਬਰਾਬਰ ਰੂਪ ਨਾਲ ਵਿਵਹਾਰ ਨਹੀਂ ਕਰਦੇ** (All Consumer do not behave in the Same Way)– ਹਾਂ, ਇਹ ਸੱਚ ਹੈ ਕਿ ਸਾਰੇ ਉਪਭੋਗਤਾਵਾਂ ਦਾ ਸਾਰੇ ਸਮਿਆਂ ਵਿੱਚ ਬਰਾਬਰ ਜਾਂ ਇੱਕੋ ਜਿਹਾ ਵਿਵਹਾਰ ਨਹੀਂ ਹੁੰਦਾ। ਇਸ ਸਬੰਧ ਵਿੱਚ ਦੋ ਸੰਭਾਵਿਤ ਸਥਿਤੀਆਂ ਵਿਸ਼ੇਸ਼ ਰੂਪ ਨਾਲ ਧਿਆਨ ਦੇਣ ਯੋਗ ਹਨ–

   (a) ਆਪਣਾ ਫੈਸਲਾ ਲੈਣ ਵਿੱਚ ਕੁਝ ਉਪਭੋਗਤਾ ਹਮੇਸ਼ਾ ਆਪਣੀ ਭਾਵਨਾਤਮਕ ਸੋਚ-ਵਿਚਾਰ ਨਾਲ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ ਨਾ ਕਿ ਆਰਥਿਕ ਵਿਵੇਕ ਸ਼ਕਤੀ ਨਾਲ।

   ਆਪਣੀਆਂ ਭਾਵਨਾਵਾਂ ਤੋਂ ਪ੍ਰਭਾਵਿਤ ਹੋ ਕੇ ਇਕ ਮਾਂ ਜੁੱਤੀਆਂ ਦੀ ਗੁਣਵੱਤਾ (ਆਪਣੇ ਬੱਚੇ ਦੇ ਲਈ, ਖਰੀਦ ਰਹੀ ਹੈ) ਦਾ ਅੰਦਾਜ਼ਾ ਕੇਵਲ ਉਨ੍ਹਾਂ ਦੀ ਕੀਮਤ ਨਾਲ ਲਗਾਉਂਦੀ ਹੈ। ਉਚੀ ਕੀਮਤ ਦਾ ਅਰਥ ਹੈ ਉਚੀ ਗੁਣਵੱਤਾ ਅਤੇ ਇਸ ਲਈ ਵਸਤੂ ਦੀ ਜ਼ਿਆਦਾ ਖਰੀਦ। ਕੀ ਇਹ ਵਿਵੇਕ ਉਸ ਮੰਗ ਸਿਧਾਂਤ ਨਾਲ ਮੇਲ ਖਾਂਦਾ ਹੈ ਜੋ ਕੀਮਤ ਅਤੇ ਮੰਗੀ ਗਈ ਮਾਤਰਾ ਦੇ ਵਿੱਚ ਉਲਟ ਸਬੰਧ ਨੂੰ ਦੱਸਦਾ ਹੈ? ਉਤਰ ਹੈ ਨਿਸ਼ਚਿਤ ਰੂਪ ਨਾਲ ਨਹੀਂ।

   ਪਰ ਅਜਿਹਾ ਵਿਵਹਾਰ ਇਕ ਅਪਵਾਦ ਹੋ ਸਕਦਾ ਹੈ, ਨਿਯਮ ਨਹੀਂ। ਕੁਝ ਮਾਵਾਂ ਵੀ ਭਾਵਨਾਤਮਕ ਰੂਪ ਨਾਲ ਵਿਵਹਾਰ ਕਰਦੀਆਂ ਹਨ, ਜਦੋਂ ਕਿ ਜ਼ਿਆਦਾਤਰ ਮਾਵਾਂ ਬੁੱਧੀਸ਼ੀਲਤਾ ਜਾਂ ਤਰਕਸ਼ੀਲਤਾ ਜਾਂ ਵਿਵੇਕ ਨਾਲ ਕੰਮ ਕਰਦੀਆਂ ਹਨ ਅਤੇ ਉਹ ਘੱਟ ਕੀਮਤ 'ਤੇ ਹੀ ਵਸਤੂ ਦੀ ਜ਼ਿਆਦਾ ਮਾਤਰਾ ਖਰੀਦਦੀਆਂ ਹਨ। ਇਸ ਲਈ ਕਿਸੇ ਇਕ ਵਸਤੂ ਦੇ ਲਈ ਮੰਗ ਵਕ੍ਰ ਦਾ ਢਲਾਣ ਉਪਰ ਵੱਲ ਹੋ ਸਕਦਾ ਹੈ ਪਰ ਜ਼ਿਆਦਾਤਰ ਖਰੀਦਦਾਰਾਂ ਦੇ ਲਈ ਇਸ ਦਾ ਢਲਾਣ ਰਣਾਤਮਕ ਹੀ ਬਣਿਆ ਰਹੇਗਾ। ਜੇਕਰ ਭਾਵੁਕ ਖਰੀਦਦਾਰ ਬਾਜ਼ਾਰ ਵਿੱਚ ਵੇਚੀ ਗਈ ਕੁੱਲ ਮਾਤਰਾ ਦਾ ਕੇਵਲ ਥੋੜ੍ਹਾ ਪ੍ਰਤੀਸ਼ਤ ਹੀ ਖਰੀਦਦੇ ਹਨ, ਮੰਗ ਵਕ੍ਰ ਦਾ ਢਲਾਣ ਫਿਰ ਵੀ ਹੇਠਾਂ ਵੱਲ ਜਾਂ ਰਣਾਤਮਕ ਹੋਵੇਗਾ, ਬੇਸ਼ੱਕ ਕੁਝ (ਭਾਵੁਕ) ਖਰੀਦਦਾਰਾਂ ਦੇ ਲਈ ਇਸ ਦੇ ਢਲਾਣ ਧਨਾਤਮਕ ਹੀ ਕਿਉਂ ਨਾ ਹੋਵੇ।

   (b) **ਕਦੀ-ਕਦੀ, ਸਾਰੇ ਉਪਭੋਗਤਾ ਜ਼ਿਆਦਾ ਕੀਮਤ ਜਾਂ ਵਸਤੂ ਦੀ ਜ਼ਿਆਦਾ ਮਾਤਰਾ ਖਰੀਦ ਕੇ ਆਪਣਾ ਸਨਕੀ (Erratic) ਜਾਂ ਅਸਥਿਰ (ਜਾਂ ਅਵਿਵੇਕਸ਼ੀਲ) ਵਿਵਹਾਰ ਦਿਖਾ ਸਕਦੇ ਹਨ।** ਇਸ ਦੇ ਅਨੁਰੂਪ ਅਜਿਹੇ ਮੌਕੇ ਹੋ ਸਕਦੇ ਹਨ ਕਿ ਜਦੋਂ ਹਰੇਕ ਉਪਭੋਗਤਾ ਦਾ ਵਿਵਹਾਰ ਮੰਗ ਸਿਧਾਂਤ ਦੇ ਮਾਨਦੰਡ/ ਪ੍ਰਤੀਮਾਨ (Norm) ਮੇਲ ਨਹੀਂ ਖਾਂਦਾ ਹੋਵੇ ਪਰ ਇੱਥੇ ਵੀ ਇਕਦਮ ਇਹ ਹੱਲ ਨਹੀਂ ਕੱਢ ਲੈਣਾ ਚਾਹੀਦਾ ਕਿ ਮੰਗ ਦਾ ਨਿਯਮ ਜਾਂ ਮੰਗ ਸਿਧਾਂਤ ਵਿਵਹਾਰਿਕ ਰੂਪ ਨਾਲ ਅਸਫਲ ਹੋ ਜਾਂਦਾ ਹੈ। ਇੱਥੇ ਉਪਭੋਗਤਾ ਦੇ ਉਪਰੋਕਤ ਸਨਕੀ ਵਿਵਹਾਰ ਦੇ ਸਬੰਧ ਵਿੱਚ ਉਸ ਦਾ ਅਵਿਵੇਕਸ਼ੀਲ ਵਿਵਹਾਰ ਬਾਜ਼ਾਰ ਵਿੱਚ ਉਨ੍ਹਾਂ ਜ਼ਿਆਦਾਤਰ ਖਰੀਦਦਾਰਾਂ ਦੇ ਵਿਵਹਾਰ ਨਾਲ ਰੱਦ ਜਾਂ ਕੈਂਸਲ ਹੋ ਜਾਂਦਾ ਹੈ ਜੋ ਸਧਾਰਣ ਵਿਵਹਾਰ ਵਾਲੇ (Normal Behaviour) ਉਪਭੋਗਤਾ ਹਨ।

2. **ਮੰਗ ਅਤੇ ਰੁਚੀ ਦੱਸਦੀ ਹੈ** (Demand and Taste Changes)–'ਰੁਚੀਆਂ' ਕੋਈ ਮਾਤਰਾਤਮਕ ਚਰ/ਪ੍ਰਵਿਰਤੀ (Quantitative Variable) ਨਹੀਂ ਹੈ। ਕਿਸੇ ਵਸਤੂ ਦੇ ਲਈ ਮੰਗ 'ਤੇ ਇਸ ਦੇ ਪ੍ਰਭਾਵ ਨੂੰ ਨਾਪਣਾ ਸੰਭਵ ਨਹੀਂ ਹੈ। ਜ਼ਿਆਦਾ ਤੋਂ ਜ਼ਿਆਦਾ ਅਸੀਂ ਕੇਵਲ ਇਸ ਦਾ ਅੰਦਾਜ਼ਾ ਹੀ ਲਗਾ ਸਕਦੇ ਹਾਂ ਪਰ ਅੰਦਾਜ਼ਾ (Guessing) ਮੰਗ ਸਿਧਾਂਤ ਦੀ ਸੱਚਾਈ ਜਾਂ ਉਪਯੁਕਤ 'ਤੇ ਇਕ ਪ੍ਰਸ਼ਨ ਚਿੰਨ੍ਹ ਛੱਡ ਜਾਂਦਾ ਹੈ। ਇਹ ਉਹ ਨਿਯਮ 'ਤੇ ਵੀ ਪ੍ਰਸ਼ਨ ਚਿੰਨ੍ਹ ਛੱਡ ਜਾਂਦਾ ਹੈ ਜੋ ਕੀਮਤ ਅਤੇ ਮੰਗੀ ਗਈ ਮਾਤਰਾ ਦੇ ਵਿੱਚ ਉਲਟ ਸਬੰਧ ਨੂੰ ਦੱਸਦਾ ਹੈ।

ਉਦਾਹਰ (Illustration) ਨੋਟ

ਇਸ ਸਥਿਤੀ ਨੂੰ ਚਿੱਤਰ 4.41 ਵਿੱਚ ਦੇਖੀਏ, ਇਹ ਚਿੱਤਰ ਇਸ ਮਾਨਤਾ 'ਤੇ ਬਣਾਇਆ ਗਿਆ ਹੈ ਕਿ ਹੋਰ ਕੀਮਤਾਂ (ਜਾਂ ਸਬੰਧਿਤ ਵਸਤੂਆਂ ਦੀਆਂ ਕੀਮਤਾਂ) ਅਤੇ ਉਪਭੋਗਤਾ ਦੀ ਆਮਦਨ ਸਥਿਰ ਹੈ। ਚਿੱਤਰ 4.41 ਦੋ ਸੰਭਾਵਨਾਵਾਂ ਨੂੰ ਪ੍ਰਗਟ ਕਰਦਾ ਹੈ–

ਸੰਭਾਵਨਾ 1(Possibility 1)– ਮੰਗੀ ਗਈ ਮਾਤਰਾ ਦਾ ਕੀਮਤ ਨਾਲ ਧਨਾਤਮਕ ਸਬੰਧ ਹੈ, ਇਸ ਲਈ ਮੰਗ ਵਕ੍ਰ d3 'ਤੇ ਬਿੰਦੂ 'a' ਤੋਂ ਬਿੰਦੂ 'b' 'ਤੇ ਖਿਸਕਾਅ, ਇਹ ਗਿੱਫਨ ਵਸਤੂਆਂ ਦੇ ਮਾਮਲੇ ਜਾਂ ਵਿਸ਼ੇ ਦੀ ਤਰ੍ਹਾਂ ਹੈ।

ਸੰਭਾਵਨਾ 2 (Possibility 2)– ਵਸਤੂ ਦੀ ਕੀਮਤ ਵਿੱਚ ਵਾਧਾ ਹੋਣ ਦੇ ਨਾਲ ਉਪਭੋਗਤਾ ਦੀਆਂ ਰੁਚੀਆਂ ਦਾ ਵਸਤੂ ਦੇ ਅਨੁਕੂਲ ਕਾਫੀ ਬਦਲਾਅ ਹੋ ਜਾਂਦਾ ਹੈ। ਇਸ ਦੇ ਫਲਸਰੂਪ ਮੰਗ ਵਕ੍ਰ (d_1 ਤੋਂ d_2 ਤਬਦੀਲ ਹੋਣ ਦੇ ਕਾਰਨ ਬਿੰਦੂ 'a' ਤੋਂ ਬਿੰਦੂ 'b' 'ਤੇ ਤਬਦੀਲ ਹੋ ਜਾਂਦੀ ਹੈ। ਇਹ ਬਰਾਬਰ ਵਸਤੂਆਂ ਦਾ ਮਾਮਲਾ ਜਾਂ ਉਦਾਹਰਣ ਹੈ।



ਚਿੱਤਰ 4.41

ਇਨ੍ਹਾਂ ਦੋਨੋਂ ਸੰਭਾਵਨਾਵਾਂ ਵਿੱਚੋਂ ਅਸਲ ਵਿੱਚੋਂ ਕਿਹੜੀ ਹੋਈ ਜਾਂ ਘਟੀ ਹੈ? ਇਸ ਦਾ ਉਤਰ ਦੇਣਾ ਉਦੋਂ ਤੱਕ ਔਖਾ ਹੈ ਜਦੋਂ ਤੱਕ ਕਿ ਅਸੀਂ ਇਹ ਪੂਰਾ ਸਰਵੇਖਣ ਨਹੀਂ ਕਰ ਲੈਂਦੇ ਕਿ ਉਪਭੋਗਤਾਵਾਂ ਦਾ ਵਿਵਹਾਰ ਅਸਲ ਵਿੱਚ ਕਿਹੋ ਜਿਹਾ ਹੈ।

4.38 ਸਾਰੰਸ਼ (Summary)

- ਸਧਾਰਣ ਵਸਤੂਆਂ ਉਹ ਵਸਤੂਆਂ ਹਨ ਜਿਨ੍ਹਾਂ ਦਾ ਰਣਾਤਮਕ ਪਰ ਆਮਦਨ ਪ੍ਰਭਾਵ **ਧਨਾਤਮਕ** (Positive) ਹੁੰਦਾ ਹੈ। ਅਸਲ ਵਿੱਚ, **ਪ੍ਰਤੀਸਥਾਪਨ ਪ੍ਰਭਾਵ ਹਮੇਸ਼ਾ ਰਣਾਤਮਕ ਹੁੰਦਾ ਹੈ।** ਇਸ ਦਾ ਅਰਥ ਹੈ ਕਿ ਕਿਸੇ ਵਸਤੂ ਦੀ ਮੰਗੀ ਗਈ ਮਾਤਰਾ ਵਿੱਚ ਵਾਧਾ ਹੁੰਦਾ ਹੈ ਜਦੋਂ ਉਹ ਸਾਪੇਖਿਕ ਰੂਪ ਵਿੱਚ ਸਸਤੀ ਹੋ ਜਾਂਦੀ ਹੈ ਅਤੇ ਮੰਗ ਵਿੱਚ ਕਮੀ ਹੋ ਜਾਂਦੀ ਹੇ ਜਦੋਂ ਉਹ ਸਾਪੇਖਿਕ ਰੂਪ ਵਿੱਚ ਮਹਿੰਗੀ ਹੋ ਜਾਂਦੀ ਹੈ। **ਧਨਾਤਮਕ ਆਮਦਨ ਪ੍ਰਭਾਵ** ਦਾ ਅਰਥ ਹੈ ਕਿ ਵਸਤੂ ਦੀ ਕੀਮਤ ਦੇ ਡਿੱਗਣ ਨਾਲ ਅਸਲੀ ਆਮਦਨ ਵਿੱਚ ਵਾਧਾ ਹੁੰਦਾ ਹੈ ਜਿਸ ਨਾਲ ਮੰਗੀ ਗਈ ਮਾਤਰਾ ਵੱਧਦੀ ਹੈ। ਹੋਰ ਸ਼ਬਦਾਂ ਵਿੱਚ, ਆਮਦਨ ਪ੍ਰਭਾਵ ਅਸਲੀ ਆਮਦਨ ਅਤੇ ਮੰਗੀ ਗਈ ਮਾਤਰਾ ਵਿੱਚ ਸਦਾ ਪ੍ਰਤੱਖ ਸਬੰਧ ਨੂੰ ਪ੍ਰਗਟ ਕਰਦਾ ਹੈ ਪਰ ਕੀਮਤ ਅਤੇ ਮੰਗੀ ਗਈ ਮਾਤਰਾ ਦੇ ਵਿੱਚ ਰਣਾਤਮਕ ਸਬੰਧ ਦਾ ਸੰਕੇਤ ਦਿੰਦਾ ਹੈ।

4.39 ਸ਼ਬਦਕੋਸ਼ (Keywords)

1. **ਤਟਸਥਤਾ ਅਨੁਸੂਚੀ** (Indifference Schedule)- ਤਟਸਥਤਾ ਤਾਲਿਕਾ।
2. **ਸੀਮਿਤ ਪ੍ਰਤੀਸਥਾਪਨ** (Marginal Substitution)- ਢਲਾਣ ਦਾ ਸਥਿਰ ਹੋਣਾ।
3. **ਆਮਦਨ ਪ੍ਰਭਾਵ** (Income Effect)– ਆਮਦਨ ਵਿੱਚ ਹੋਣ ਵਾਲਾ ਪਰਿਵਰਤਨ।

ਨੋਟ

4.40 ਅਭਿਆਸ ਪ੍ਰਸ਼ਨ (Review Questions)

1. ਤਟਸਥਤਾ ਵਕ੍ਰ ਕੀ ਹੈ? ਸਪੱਸ਼ਟ ਕਰੋ।
2. ਸੀਮਿਤ ਪ੍ਰਤੀਸਥਾਪਨ ਦੀ ਦਰ ਤੋਂ ਕੀ ਭਾਵ ਹੈ?
3. ਬਜਟ ਰੇਖਾ ਤੋਂ ਕੀ ਭਾਵ ਹੈ? ਦੱਸੋ।
4. ਕੀਮਤ ਉਪਭੋਗ ਵਕ੍ਰ ਨੂੰ ਪ੍ਰੀਭਾਸ਼ਿਤ ਕਰੋ।

ਉਤਰ: ਸਵੈ ਮੁਲਾਂਕਣ (Answers: Self Assessment)

1. ਗਤੀਸ਼ੀਲ	2. ਤਟਸਥਤਾ	3. ਆਮਦਨ	4. (ਬ)
5. (ਬ)	6. (ਅ)	7. (ਦ)	8. ਸਹੀ
9. ਗਲਤ	10. ਸਹੀ	11. ਸਹੀ	12. ਗਲਤ।

4.41 ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕ੍ਰੋਇਕਨੋਮਿਕਸ-ਡੇਵਿਡ ਬੇਸੈਨਕੋ ਐਂਡ ਰੋਨਾਲਡ ਬਰੂਟੀਗੈਮ, ਵਿਲੇ ਇੰਡੀਆ, 2011, ਪੀ. ਬੀ. ਕੇ, ਚੌਥਾ ਐਡੀਸ਼ਨ।
2. ਮਾਈਕ੍ਰੋਇਕਨੋਮਿਕਸ-ਸਿਪਰਾ ਮੁੱਖ ਉਪਾਧਿਆਇ, ਏਨੀ. ਬੁਕਸ, 2011।
3. ਮਾਈਕ੍ਰੋਇਕਨੋਮਿਕਸ: ਐਨ. ਐਵਡਾਂਸ ਟ੍ਰੀਟਾਇਜ-ਐਸ. ਪੀ. ਐਸ. ਚੌਹਾਨ, ਪੀ. ਐਚ. ਆਈ. ਲਰਨਿੰਗ।

ਨੋਟ

ਇਕਾਈ-5: ਮੰਗ ਦਾ ਪ੍ਰਗਟਾਵਾ (ਉਦਘਾਟਨ) ਅਧਿਮਾਨ ਸਿਧਾਂਤ (The Revealed Preference Theory of Demand)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

5.1 ਚੋਣ ਅਧਿਮਾਨ ਨੂੰ ਪ੍ਰਗਟ ਕਰਦਾ ਹੈ (Choice Reveals Preference)

5.2 ਮੰਗ ਦਾ ਨਿਯਮ (The Law of Demand)

5.3 ਪ੍ਰਗਟਾਵਾ ਅਧਿਮਾਨ ਤੋਂ ਮੰਗ ਵਕ੍ਰ ਦੀ ਉਤਪਤੀ (Derivation of the Demand Curve from Revealed Preference)

5.4 ਪ੍ਰਗਟਾਵਾ ਅਧਿਮਾਨ ਤੋਂ ਉਦਾਸੀਨਤਾ ਵਕ੍ਰ ਉਤਪੰਨ ਕਰਨਾ (Derivation of Indifference Curve from Revealed Preference)

5.5 ਪ੍ਰਗਟਾਵਾ ਅਧਿਮਾਨ ਸਿਧਾਂਤ ਦੀ ਸ੍ਰੇਸ਼ਠਤਾ (Superiority of Revealed Preference Theory)

5.6 ਪ੍ਰਗਟਾਵਾ ਅਧਿਮਾਨ ਸਿਧਾਂਤ ਦੇ ਦੋਸ਼ (Defects of the Revealed Preference Theory)

5.7 ਸਾਰੰਸ਼ (Summary)

5.8 ਸ਼ਬਦਕੋਸ਼ (Keywords)

5.9 ਅਭਿਆਸ ਪ੍ਰਸ਼ਨ (Review Questions)

5.10 ਸਬੰਧਿਤ ਪੁਸਤਕਾਂ (Further Readings)

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ-

- ਮੰਗ ਦਾ ਨਿਯਮ ਜਾਨਣ ਸਬੰਧੀ।
- ਪ੍ਰਗਟਾਵਾ ਅਧਿਮਾਨ ਤੋਂ ਮੰਗ ਵਕ੍ਰ ਦੀ ਉਤਪਤੀ ਸਮਝਣ ਸਬੰਧੀ।
- ਪ੍ਰਗਟਾਵਾ ਅਧਿਮਾਨ ਸਿਧਾਂਤ ਦੀ ਸ੍ਰੇਸ਼ਠਤਾ ਜਾਨਣ ਸਬੰਧੀ।
- ਪ੍ਰਗਟਾਵਾ ਅਧਿਮਾਨ ਸਿਧਾਂਤ ਦੇ ਦੋਸ਼ ਜਾਨਣ ਸਬੰਧੀ।

ਪ੍ਰਸਤਾਵਨਾ (Introduction)

ਪ੍ਰੋਫੈਸਰ ਸੈਮਿਊਲਸਨ ਦਾ ਪ੍ਰਗਟਾਵਾ ਅਧਿਮਾਨ ਸਿਧਾਂਤ ਵਿਵਹਾਰਵਾਦੀ **ਕ੍ਰਮਸੰਖਿਆਤਮਕ** ਵਿਸ਼ਲੇਸ਼ਣ ਹੈ ਜੋ ਹਿਕਸ ਅਤੇ ਏਲਨ ਦੇ ਅੰਤਰਦਰਸ਼ੀ (introspective) **ਕ੍ਰਮ ਸੰਖਿਆ ਵਿਸ਼ਲੇਸ਼ਣ ਤੋਂ ਵੱਖ ਹੈ।** ਇਹ "ਤਰਕਸੰਗਤ ਮੰਗ ਦੇ ਸਿਧਾਂਤ ਦਾ ਤੀਸਰਾ ਮੂਲ ਹੈ।" (It is the third root of the logical theory of demand)। ਹਿਕਸ "ਸਸ਼ਕਤ ਆਦੇਸ਼ ਦੇ ਅਧੀਨ ਪ੍ਰਤੱਖ ਸੰਗਤੀ ਪ੍ਰੀਖਣ" (direct consistency test under strong ordering) ਕਹਿੰਦਾ ਹੈ। ਇਹ ਸਿਧਾਂਤ ਮਾਰਕੀਟ ਵਿੱਚ ਉਪਭੋਗਤਾ ਦੇ ਅਵਲੋਕਿਤ (Observed) ਵਿਵਹਾਰ ਦੇ ਅਧਾਰ 'ਤੇ ਦੋ ਵਸਤੂਆਂ ਇਕ ਸੰਜੋਗ ਲਈ ਉਪਭੋਗਤਾ ਦੇ ਅਧਿਮਾਨ ਦਾ ਵਿਸ਼ਲੇਸ਼ਣ ਕਰਦਾ ਹੈ।

5.1 ਚੋਣ ਅਧਿਮਾਨ ਨੂੰ ਪ੍ਰਗਟ ਕਰਦਾ ਹੈ (Choice Reveals Preference)

ਨੋਟ

ਪ੍ਰੋ. ਸੈਮਿਊਲਸਨ ਦਾ ਮੰਗ ਸਿਧਾਂਤ ਪ੍ਰਗਟਾਵਾ ਅਧਿਮਾਨ ਉਪ-ਕਲਪਨਾ 'ਤੇ ਅਧਾਰਿਤ ਹੈ ਜੋ ਦੱਸਦਾ ਹੈ ਕਿ ਚੋਣ ਅਧਿਮਾਨ ਨੂੰ ਪ੍ਰਗਟ ਕਰਦਾ ਹੈ।

ਇਸ ਵਿਚਾਰ ਨੂੰ ਦ੍ਰਿਸ਼ਟੀਗੋਚਰ ਰੱਖਦੇ ਹੋਏ ਇਕ ਉਪਭੋਗਤਾ ਦੋ ਵਸਤੂਆਂ ਦੇ ਇਕ ਸੰਜੋਗ ਨੂੰ ਇਸ ਲਈ ਖਰੀਦੇਗਾ ਕਿ ਉਹ ਉਸ ਨੂੰ ਕਿਸੇ ਹੋਰ ਸੰਜੋਗ ਦੇ ਮੁਕਾਬਲੇ ਜ਼ਿਆਦਾ ਪਸੰਦ ਕਰਦਾ ਹੈ ਜਾਂ ਇਹ ਦੂਸਰੇ ਦੇ ਮੁਕਾਬਲੇ ਸਸਤਾ ਹੈ। ਮੰਨ ਲਓ ਕਿ ਉਪਭੋਗਤਾ B, C ਜਾਂ D ਸੰਜੋਗਾਂ ਦੇ ਮੁਕਾਬਲੇ A ਨੂੰ ਖਰੀਦਦਾ ਹੈ। ਇਸ ਦਾ ਮਤਲਬ ਇਹ ਹੈ ਕਿ ਉਹ A ਪ੍ਰਤੀ ਆਪਣੀ ਅਧਿਮਾਨ ਨੂੰ ਪ੍ਰਗਟ ਕਰਦਾ ਹੈ। ਅਜਿਹਾ ਸੰਭਵ ਤੌਰ 'ਤੇ ਉਹ ਦੋ ਕਾਰਨਾਂ ਤੋਂ ਕਰ ਸਕਦਾ ਹੈ। ਪਹਿਲਾ, ਕਿ A ਸੰਜੋਗ, B, C, D ਹੋਰ ਸੰਜੋਗਾਂ ਦੀ ਤੁਲਨਾ ਵਿੱਚ ਸਸਤਾ ਹੋਵੇ, ਦੂਸਰਾ, ਕਿ ਸੰਜੋਗ A ਹੋਰ ਸੰਜੋਗਾਂ ਦੀ ਤੁਲਨਾ ਵਿੱਚ ਮਹਿੰਗਾ ਹੋਣ 'ਤੇ ਵੀ ਉਪਭੋਗਤਾ ਉਸ ਨੂੰ ਦੂਸਰਿਆਂ ਦੇ ਮੁਕਾਬਲੇ ਜ਼ਿਆਦਾ ਪਸੰਦ ਕਰਦਾ ਹੈ। ਇਸ ਸਥਿਤੀ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ B, C, D ਦੇ ਮੁਕਾਬਲੇ A ਪ੍ਰਗਟਾਵਾ ਅਧਿਮਾਨ (revealed preferred) ਹੋਇਆ ਹੈ ਜਾਂ A ਦੇ ਮੁਕਾਬਲੇ B, C, D ਪ੍ਰਗਟਾਵਾ ਜਾਂ (revealed inferior) ਹੋਏ ਹਨ।

ਚਿੱਤਰ 5.1 ਵਿੱਚ ਇਸ ਦੀ ਵਿਆਖਿਆ ਕੀਤੀ ਗਈ ਹੈ। X ਅਤੇ Y ਦੋਵਾਂ ਵਸਤੂਆਂ ਦੀਆਂ ਕੀਮਤਾਂ ਅਤੇ ਉਪਭੋਗਤਾ ਆਮਦਨ ਦਿੱਤੀ ਹੋਈ ਹੋਣ 'ਤੇ LM ਉਪਭੋਗਤਾ ਦੀ ਕੀਮਤ-ਆਮਦਨ ਰੇਖਾ ਹੈ। ਤ੍ਰਿਭੁੱਜ OLM ਉਪਭੋਗਤਾ ਦੀ ਚੋਣ ਦਾ ਖੇਤਰ ਹੈ ਜੋ ਉਸ ਦੀ ਦਿੱਤੀ ਹੋਈ ਕੀਮਤ ਆਮਦਨ ਸਥਿਤੀ LM 'ਤੇ ਅਤੇ X ਅਤੇ Y ਵਸਤੂਆਂ ਦੇ ਵੱਖ-ਵੱਖ ਸੰਜੋਗਾਂ ਨੂੰ ਦਰਸਾਉਂਦਾ ਹੈ ਅਤੇ ਉਪਭੋਗਤਾ ਤ੍ਰਿਭੁੱਜ OLM ਵਿੱਚ LM ਰੇਖਾ 'ਤੇ A ਅਤੇ B ਸੰਜੋਗਾਂ ਅਤੇ ਇਸ ਰੇਖਾ ਤੋਂ ਹੇਠਾਂ C ਅਤੇ D ਸੰਜੋਗਾਂ ਵਿੱਚੋਂ ਕਿਸੇ ਵੀ ਇਕ ਸੰਜੋਗ ਦੀ ਚੋਣ ਕਰ ਸਕਦਾ ਹੈ, ਜੇਕਰ ਉਹ ਸੰਜੋਗ A ਦੀ ਚੋਣ ਕਰਦਾ ਹੈ ਤਾਂ ਇਹ B ਦੇ ਮੁਕਾਬਲੇ ਪ੍ਰਗਟਾਵਾ ਅਧਿਮਾਨਿਤ ਹੈ। C ਅਤੇ D ਸੰਜੋਗ, A ਦੇ ਮੁਕਾਬਲੇ ਪ੍ਰਗਟਾਵਾ ਘਟੀਆ ਹਨ, ਕਿਉਂਕਿ ਉਹ ਕੀਮਤ-ਆਮਦਨ ਰੇਖਾ ਤੋਂ ਹੇਠਾਂ ਹਨ ਪਰ E ਸੰਜੋਗ ਉਪਭੋਗਤਾ ਦੇ ਲਈ ਜ਼ਿਆਦਾ ਮਹਿੰਗਾ ਹੈ, ਕਿਉਂਕਿ ਉਹ ਉਸ ਦੀ ਕੀਮਤ-ਆਮਦਨ LM ਤੋਂ ਉਚੇ ਹਨ। ਇਸ ਲਈ A ਸੰਜੋਗ ਸਾਰੇ ਸੰਜੋਗਾਂ ਦੀ ਤੁਲਨਾ ਵਿੱਚ ਪ੍ਰਗਟਾਵਾ ਅਧਿਮਾਨਿਤ ਹੈ।



ਚਿੱਤਰ 5.1

ਪ੍ਰੋ. ਹਿਕਸ ਦੇ ਅਨੁਸਾਰ, ਜਦੋਂ ਇਕ ਉਪਭੋਗਤਾ ਅਵਲੋਕਿਤ ਮਾਰਕੀਟ ਵਿਵਹਾਰ ਦੇ ਅਧਾਰ 'ਤੇ ਇਕ ਨਿਸ਼ਚਿਤ ਸੰਜੋਗ ਦੇ ਲਈ ਆਪਣੇ ਅਧਿਮਾਨ ਨੂੰ ਪ੍ਰਗਟ ਕਰਦਾ ਹੈ ਤਾਂ ਉਹ ਅਜਿਹਾ **ਮਜ਼ਬੂਤ ਆਦੇਸ਼** (strong ordering) ਦੇ ਅਧੀਨ ਕਰਦਾ ਹੈ, ਜਦੋਂ ਚੁਣੀ ਹੋਈ ਸਥਿਤੀ ਨੂੰ OLM ਤ੍ਰਿਭੁੱਜ 'ਤੇ ਜਾਂ ਅੰਦਰ ਸਾਰੀਆਂ ਹੋਰ ਸਥਿਤੀਆਂ ਤੋਂ ਅਧਿਮਾਨਿਤ ਦਰਸਾਇਆ ਜਾਂਦਾ ਹੈ ਅਤੇ ਜਦੋਂ ਉਪਭੋਗਤਾ ਆਪਣੇ ਨਿਸ਼ਚਿਤ ਅਧਿਮਾਨ ਨੂੰ ਸੰਜੋਗ A ਲਈ ਤ੍ਰਿਭੁੱਜ OLM 'ਤੇ ਜਾਂ ਅੰਦਰ ਪ੍ਰਗਟ ਕਰਦਾ ਹੈ ਤਾਂ ਉਹ ਹੋਰ ਸਾਰੇ ਸੰਜੋਗਾਂ ਜਿਵੇਂ B, C ਅਤੇ D ਨਾਮਨਜ਼ੂਰ ਕਰਦਾ ਹੈ। ਇਸ ਲਈ A ਦੀ ਚੋਣ ਮਜ਼ਬੂਤ ਆਦੇਸ਼ ਹੈ।

5.2 ਮੰਗ ਦਾ ਨਿਯਮ (The Law of Demand)

ਪ੍ਰੋ. ਸੈਮਿਊਲਸਨ ਉਦਾਸੀਨਤਾ ਵਕ੍ਰਾਂ ਦੇ ਇਸਤੇਮਾਲ ਅਤੇ ਉਨ੍ਹਾਂ ਨਾਲ ਸਬੰਧਿਤ ਰੁਕਾਵਟੀ ਮਾਨਤਾਵਾਂ ਤੋਂ ਬਿਨਾਂ ਆਪਣਾ ਪ੍ਰਗਟਾਵਾ ਅਧਿਮਾਨ ਉਪ-ਕਲਪਨਾ ਦੇ ਅਧਾਰ 'ਤੇ ਸਿੱਧੇ ਤੌਰ 'ਤੇ ਮੰਗ ਦੇ ਨਿਯਮ ਨੂੰ ਸਥਾਪਿਤ ਕਰਦਾ ਹੈ।

ਨੋਟ

ਇਸ ਦੀਆਂ ਮਾਨਤਾਵਾਂ (Its Assumptions)

ਸੈਮਿਊਲਸਨ ਦੀ ਮੰਗ ਦਾ ਨਿਯਮ ਇਨ੍ਹਾਂ ਮਾਨਤਾਵਾਂ 'ਤੇ ਅਧਾਰਿਤ ਹੈ–

1. ਉਪਭੋਗਤਾ ਦੀਆਂ ਰੁਚੀਆਂ ਵਿੱਚ ਪਰਿਵਰਤਨ ਨਹੀਂ ਹੁੰਦਾ।
2. ਇਕ ਸੰਜੋਗ ਦੀ ਚੋਣ ਉਸ ਸੰਜੋਗ ਪ੍ਰਤੀ ਉਪਭੋਗਤਾ ਦੇ ਅਧਿਮਾਨ ਨੂੰ ਪ੍ਰਗਟ ਕਰਦਾ ਹੈ।
3. ਦਿੱਤੀ ਹੋਈ ਕੀਮਤ–ਆਮਦਨ ਰੇਖਾ 'ਤੇ ਉਪਭੋਗਤਾ ਕੇਵਲ ਇਕ ਸੰਜੋਗ ਦੀ ਚੋਣ ਕਰਦਾ ਹੈ ਜਾਂ ਸੰਖੇਪ ਕੀਮਤਾਂ ਵਿੱਚ ਕੋਈ ਵੀ ਪਰਿਵਰਤਨ ਜੋ ਉਹ ਖਰੀਦਦਾ ਹੈ, ਉਸ ਵਿੱਚ ਹਮੇਸ਼ਾ ਕੁਝ ਪਰਿਵਰਤਨ ਲਿਆਏਗੀ।
4. ਉਹ ਕਿਸੇ ਵੀ ਸਥਿਤੀ ਵਿੱਚ ਘੱਟ ਵਸਤੂਆਂ ਦੇ ਮੁਕਾਬਲੇ ਜ਼ਿਆਦਾ ਵਸਤੂਆਂ ਦੇ ਸੰਜੋਗ ਪ੍ਰਤੀ ਅਧਿਮਾਨ ਰੱਖਦਾ ਹੈ।
5. ਉਪਭੋਗਤਾ ਦੀ ਚੋਣ ਮਜ਼ਬੂਤ ਆਦੇਸ਼ 'ਤੇ ਅਧਾਰਿਤ ਹੈ।
6. ਉਪਭੋਗਤਾ ਦੇ ਵਿਵਹਾਰ ਦੀ ਸੰਗਤੀ (consistency) ਨੂੰ ਮੰਨ ਕੇ ਚੱਲਦਾ ਹੈ, ਜੇਕਰ ਇਕ ਸਥਿਤੀ ਇਹ B ਦੇ ਮੁਕਾਬਲੇ A ਨੂੰ ਅਧਿਮਾਨ ਦਿੰਦਾ ਹੈ ਤਾਂ ਕਿਸੇ ਹੋਰ ਸਥਿਤੀ ਵਿੱਚ A ਦੇ ਮੁਕਾਬਲੇ B ਨੂੰ ਅਧਿਮਾਨ ਨਹੀਂ ਦੇ ਸਕਦਾ। ਹਿਕਸ ਦੇ ਅਨੁਸਾਰ **'ਦੋ ਤਰ੍ਹਾਂ ਦੀ ਸੰਗਤੀ'** (two-term consistency) ਹੈ, ਜਿਸ ਲਈ ਇਕ ਸਰਲ ਰੇਖਾ ਵਕ੍ਰ 'ਤੇ ਦੋ ਸ਼ਰਤਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ– (a) A ਜੇਕਰ B ਦੇ ਖੱਬੇ ਪਾਸੇ ਸਥਿਤ ਹੈ ਤਾਂ B ਜ਼ਰੂਰ A ਦੇ ਸੱਜੇ ਪਾਸੇ ਹੋਵੇਗਾ, (b) A ਜੇਕਰ B ਦੇ ਸੱਜੇ ਪਾਸੇ ਸਥਿਤ ਹੈ ਤਾਂ B ਜ਼ਰੂਰ A ਦੇ ਖੱਬੇ ਪਾਸੇ ਸਥਿਤ ਹੋਵੇਗਾ।
7. ਜੇਕਰ ਸਿਧਾਂਤ ਸਕਰਮਕਤਾ (Transitivity) ਦੀ ਮਾਨਤਾ 'ਤੇ ਅਧਾਰਿਤ ਹੈ। **ਸਕਰਮਕਤਾ** ਤਿੰਨ ਤਰ੍ਹਾਂ ਦੀ ਸੰਗਤੀ (three-term consistency) ਦਾ ਨਿਰਦੇਸ਼ ਕਰਦੀ ਹੈ। ਜੇਕਰ B ਦੇ ਮੁਕਾਬਲੇ A ਦੇ ਲਈ ਅਤੇ C ਦੇ ਮੁਕਾਬਲੇ B ਲਈ ਅਧਿਮਾਨ ਹੈ ਤਾਂ ਉਪਭੋਗਤਾ ਦਾ ਨਿਸ਼ਚਿਤ ਹੀ C ਦੇ ਮੁਕਾਬਲੇ A ਲਈ ਅਧਿਮਾਨ ਹੋਵੇਗਾ। ਜੇਕਰ ਉਪਭੋਗਤਾ ਦਿੱਤੀਆਂ ਹੋਈਆਂ ਵਿਕਲਪਿਕ ਸਥਿਤੀਆਂ ਵਿੱਚੋਂ ਸੰਗਤ ਚੋਣ ਕਰਨਾ ਚਾਹੁੰਦਾ ਹੈ ਤਾਂ ਪ੍ਰਗਟਾਵਾ ਅਧਿਮਾਨ ਸਿਧਾਂਤ ਲਈ ਇਹ ਮਾਨਤਾ ਜ਼ਰੂਰੀ ਹੈ।
8. ਮੰਗ ਦੀ ਆਮਦਨ ਲੋਚ ਧਨਾਤਮਕ ਹੈ ਅਤੇ ਜਦੋਂ ਆਮਦਨ ਵੱਧਦੀ ਹੈ ਤਾਂ ਵਸਤੂ ਦੀ ਜ਼ਿਆਦਾ ਮਾਤਰਾ ਮੰਗੀ ਜਾਂਦੀ ਹੈ ਅਤੇ ਘੱਟ ਮਾਤਰਾ ਮੰਗੀ ਜਾਂਦੀ ਹੈ, ਜਦੋਂ ਆਮਦਨ ਘੱਟ ਹੁੰਦੀ ਹੈ।

ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)–

1. ਪ੍ਰੋਫੈਸਰ ਸੈਮਿਊਲਸਨ ਦਾ ਪ੍ਰਗਟਾਵਾ ਅਧਿਮਾਨ ਸਿਧਾਂਤ ਵਿਵਹਾਰਵਾਦੀ ..... ਵਿਸ਼ਲੇਸ਼ਣ ਹੈ।
2. ਸਮਿਊਲਸਨ ਦਾ ਮੰਗ ਸਿਧਾਂਤ ਪ੍ਰਗਟਾਵਾ ਅਧਿਮਾਨ ..... 'ਤੇ ਅਧਾਰਿਤ ਹੈ।
3. ਉਪਭੋਗਤਾ ਦੀਆਂ ਰੁਚੀਆਂ ਵਿੱਚ ..... ਨਹੀਂ ਹੁੰਦਾ।

ਮੰਗ ਪ੍ਰਮੇਯ ਜਾਂ ਅਧਾਰਭੂਤ ਪ੍ਰਮੇਯ (Fundamental Theorem or Demand Theorem)

ਨਵੀਆਂ ਦਿੱਤੀਆਂ ਹੋਈਆਂ ਮਾਨਤਾਵਾਂ ਨੂੰ ਲੈ ਕੇ ਸਮਿਊਲਸਨ ਨੇ **ਉਪਭੋਗਤਾ ਸਿਧਾਂਤ ਦਾ ਅਧਾਰਭੂਤ ਪ੍ਰਮੇਯ**, ਜਿਸ ਨੂੰ ਮੰਗ ਪ੍ਰਮੇਯ ਵੀ ਕਹਿੰਦੇ ਹਨ, ਇਨ੍ਹਾਂ ਸ਼ਬਦਾਂ ਵਿੱਚ ਪੇਸ਼ ਕੀਤੀ, **ਕੋਈ ਵਸਤੂ** (ਸਧਾਰਣ ਜਾਂ ਮਿਸ਼ਰਿਤ) **ਜਿਸ ਦੀ ਮੰਗ ਕੇਵਲ ਮੌਦ੍ਰਿਕ ਆਮਦਨ ਵਿੱਚ ਵਾਧਾ ਹੋਣ 'ਤੇ ਵੱਧਦੀ ਹੈ, ਨਿਸ਼ਚਿਤ ਹੀ ਉਸ ਦੀ ਮੰਗ ਘੱਟ ਜਾਂਦੀ ਹੈ, ਜਦੋਂ ਕੇਵਲ ਉਸ ਦੀ ਕੀਮਤ ਵਿੱਚ ਵਾਧਾ ਹੁੰਦਾ ਹੈ।''** ਇਸ ਦਾ ਅਰਥ ਇਹ ਹੋਇਆ ਕਿ ਜਦੋਂ ਮੰਗ ਦੀ ਆਮਦਨ–ਲੋਚ ਧਨਾਤਮਕ ਹੋਵੇ ਤਾਂ ਮੰਗ ਦੀ ਕੀਮਤ–ਲੋਚ ਰਣਾਤਮਕ ਹੁੰਦੀ ਹੈ। ਇਸ ਨੂੰ ਇਕ ਵਸਤੂ ਦੀ ਕੀਮਤ ਵਿੱਚ ਵਾਧਾ ਅਤੇ ਕਮੀ ਦੋਵਾਂ ਨਾਲ ਦਰਸਾਇਆ ਜਾ ਸਕਦਾ ਹੈ।

(ਕ) ਕੀਮਤ ਵਿੱਚ ਵਾਧਾ (Rise in Price)

ਪਹਿਲਾਂ ਅਸੀਂ ਇਕ ਵਸਤੂ, ਮੰਨ ਲਓ X ਦੀ ਕੀਮਤ ਵਿੱਚ ਵਾਧੇ ਦਾ ਵਿਸ਼ਲੇਸ਼ਣ ਕਰਦੇ ਹਾਂ।

ਇਸ ਅਧਾਰਭੂਤ ਪ੍ਰਮੇਯ ਨੂੰ ਸਿੱਧ ਕਰਨ ਲਈ ਅਸੀਂ ਇਸ ਨੂੰ ਦੋ ਸਟੇਜਾਂ ਵਿੱਚ ਵੰਡ ਲੈਂਦੇ ਹਾਂ। **ਪਹਿਲੀ**, ਸਟੇਜ ਵਿੱਚ ਇਕ ਉਪਭੋਗਤਾ ਨੂੰ ਲਓ ਜੋ ਆਪਣੀ ਸਾਰੀ ਆਮਦਨ ਦੋ ਵਸਤੂਆਂ X ਅਤੇ Y 'ਤੇ ਖਰਚ ਕਰਦਾ ਹੈ। ਚਿੱਤਰ 5.2 ਵਿੱਚ, LM ਉਸ ਦੀ ਮੂਲ ਕੀਮਤ ਆਮਦਨ ਰੇਖਾ ਹੈ, ਜਿੱਥੇ ਉਪਭੋਗਤਾ R ਵੱਲੋਂ ਪ੍ਰਗਟ ਕੀਤੇ ਸੰਜੋਗ ਦੀ ਚੋਣ ਕਰਦਾ ਹੈ। ਤ੍ਰਿਭੁੱਜ OLM ਉਪਭੋਗਤਾ ਦੇ ਚੋਣ ਦਾ ਖੇਤਰ ਹੈ, ਇੱਥੇ ਇਸ ਦੀ ਦਿੱਤੀ ਹੋਈ ਕੀਮਤ–ਆਮਦਨ ਰੇਖਾ LM 'ਤੇ ਵਸਤੂ X ਅਤੇ Y ਦੇ ਵੱਖ–ਵੱਖ ਸੰਜੋਗ ਉਸ ਨੂੰ

ਉਪਲੱਬਧ ਹਨ। ਕੇਵਲ ਸੰਜੋਗ R ਨੂੰ ਚੁਣ ਕੇ ਉਪਭੋਗਤਾ ਤ੍ਰਿਭੁੱਜ OLM 'ਤੇ ਜਾਂ ਅੰਦਰ ਹੋਰ ਸੰਜੋਗਾਂ ਦੇ ਮੁਕਾਬਲੇ ਅਧਿਮਾਨ ਨੂੰ ਪ੍ਰਗਟ ਕਰਦਾ ਹੈ।

ਨੋਟ



ਚਿੱਤਰ 5.2

ਮੰਨ ਲਓ ਕਿ X ਦੀ ਕੀਮਤ ਵੱਧਦੀ ਹੈ, Y ਦੀ ਕੀਮਤ ਸਥਿਰ ਰੱਖਦੇ ਹੋਏ, ਜਿਸ ਤੋਂ LS ਉਸ ਦੀ ਨਵੀਂ ਕੀਮਤ-ਆਮਦਨ ਰੇਖਾ ਬਣ ਜਾਂਦੀ ਹੈ। ਹੁਣ ਮੰਨ ਲਓ ਕਿ ਉਹ ਇਕ ਨਵਾਂ ਸੰਜੋਗ A ਚੁਣਦਾ ਹੈ ਜੋ ਇਹ ਦਰਸਾਉਂਦਾ ਹੈ ਕਿ X ਦੀ ਕੀਮਤ ਵਧਣ ਨਾਲ ਉਪਭੋਗਤਾ ਪਹਿਲਾਂ ਤੋਂ ਘੱਟ X ਦੀ ਮਾਤਰਾ ਖਰੀਦੇਗਾ। ਵਸਤੂ X ਦੀ ਕੀਮਤ ਵਧਣ ਨਾਲ ਉਪਭੋਗਤਾ ਦੀ ਅਸਲੀ ਆਮਦਨ ਵਿੱਚ ਕਮੀ ਹੋ ਜਾਂਦੀ ਹੈ, ਜਿਸ ਦੀ ਭਰਵਾਈ ਕਰਨ ਲਈ ਉਸ ਨੂੰ ਵਸਤੂ Y ਦੇ ਰੂਪ ਵਿੱਚ LP ਮੁਦਰਾ ਦੀ ਰਾਸ਼ੀ ਦਿਓ। ਨਤੀਜੇ ਵਜੋਂ PQ ਉਸ ਦੀ ਨਵੀਂ ਕੀਮਤ-ਆਮਦਨ ਰੇਖਾ ਬਣ ਜਾਂਦੀ ਹੈ ਜੋ LS ਰੇਖਾ ਦੇ ਸਮਾਂਤਰ ਹੈ ਅਤੇ ਬਿੰਦੂ R ਵਿੱਚੋਂ ਗੁਜ਼ਰਦੀ ਹੈ। ਸੈਮਿਉਲਸਨ ਇਸ ਨੂੰ ਬਹੁਤ ਜ਼ਿਆਦਾ ਨੁਕਸਾਨ ਦੀ ਭਰਵਾਈ ਦਾ ਪ੍ਰਭਾਵ (overcompensation effect) ਕਹਿੰਦਾ ਹੈ। ਹੁਣ ਉਪਭੋਗਤਾ ਚੋਣ ਖੇਤਰ OPQ ਤ੍ਰਿਭੁੱਜ ਬਣ ਜਾਂਦਾ ਹੈ, ਕਿਉਂਕਿ ਮੂਲ ਕੀਮਤ-ਆਮਦਨ ਰੇਖਾ LM 'ਤੇ R ਸਾਰੇ ਹੋਰ ਬਿੰਦੂਆਂ ਤੋਂ ਅਧਿਮਾਨਿਤ ਪ੍ਰਗਟ ਹੋਇਆ ਹੈ, ਇਸ ਲਈ PQ ਰੇਖਾ ਦੇ ਖੰਡ RQ 'ਤੇ R ਤੋਂ ਹੇਠਾਂ ਸਥਿਤ ਸਾਰੇ ਬਿੰਦੂ ਉਪਭੋਗਤਾ ਵਿਵਹਾਰ ਦੇ ਨਾਲ ਮੂਲ ਨਹੀਂ ਖਾਣਗੇ। ਅਜਿਹਾ ਇਸ ਕਾਰਨ ਕਿ ਉਹ X ਦੀ ਜ਼ਿਆਦਾ ਮਾਤਰਾ ਨਹੀਂ ਲੈ ਸਕਦਾ, ਜਦੋਂ ਉਸ ਦੀ ਕੀਮਤ ਵਧੀ ਹੋਵੇ। ਇਸ ਲਈ ਉਪਭੋਗਤਾ ਕੀਮਤ-ਆਮਦਨ ਰੇਖਾ PQ ਦੇ ਖੰਡ PR ਪ੍ਰਛਾਵਾਂ (Shaded) ਖੇਤਰ LRP ਵਿੱਚ ਜਾਂ ਸੰਜੋਗ R ਜਾਂ ਕੋਈ ਹੋਰ ਸੰਜੋਗ, ਜਿਵੇਂ B ਚੁਣੇਗਾ, ਜੇਕਰ ਉਹ ਸੰਜੋਗ R ਚੁਣਦਾ ਹੈ ਤਾਂ ਉਹ X ਕੀਮਤ ਵਧਣ ਤੋਂ ਪਹਿਲਾਂ ਵਾਲੀ X ਅਤੇ Y ਦੀਆਂ ਮਾਤਰਾਵਾਂ ਖਰੀਦੇਗਾ। ਦੂਸਰੇ ਪਾਸੇ ਜੇਕਰ ਉਹ ਸੰਜੋਗ B ਚੁਣਦਾ ਹੈ ਤਾਂ ਉਹ ਪਹਿਲਾਂ ਤੋਂ ਘੱਟ ਮਾਤਰਾ X ਦੇ ਵੱਲ ਜ਼ਿਆਦਾ ਮਾਤਰਾ Y ਕੀ ਖਰੀਦੇਗਾ।

ਦੂਸਰੀ ਸਟੇਜ ਵਿੱਚ ਜੇਕਰ ਉਪਭੋਗਤਾ ਨੂੰ ਦਿੱਤਾ ਗਿਆ ਮੁਦਰਾ ਦਾ ਹੋਰ ਪੈਕੇਟ LP ਉਸ ਤੋਂ ਵਾਪਿਸ ਲੈ ਲਿਆ ਜਾਂਦਾ ਹੈ ਤਾਂ ਉਹ R ਦੇ ਖੱਬੇ ਪਾਸੇ LS ਰੇਖਾ ਦੇ ਬਿੰਦੂ A 'ਤੇ ਹੋਵੇਗਾ। ਇੱਥੇ ਉਹ X ਦੀ ਘੱਟ ਮਾਤਰਾ ਖਰੀਦੇਗਾ। ਜੇਕਰ X ਦੇ ਲਈ ਮੰਗ ਦੀ ਆਮਦਨ-ਲੋਚ ਧਨਾਤਮਕ ਹੈ, ਕਿਉਂਕਿ X ਦੀ ਕੀਮਤ ਵਧਣ ਨਾਲ ਇਸ ਦੀ ਮੰਗ ਵਿੱਚ ਕਮੀ ਹੋਈ ਹੈ। (ਜਦੋਂ ਉਪਭੋਗਤਾ A ਬਿੰਦੂ 'ਤੇ ਹੈ) ਤਾਂ ਇਹ ਸਿੱਧ ਹੁੰਦਾ ਹੈ ਕਿ ਜਦੋਂ ਆਮਦਨ-ਲੋਚ ਧਨਾਤਮਕ ਹੈ ਤਾਂ ਕੀਮਤ-ਲੋਚ ਰਣਾਤਮਕ ਹੈ।

(ਖ) ਕੀਮਤ ਵਿੱਚ ਕਮੀ (Fall in Price)

ਮੰਗ ਪ੍ਰਮੇਯ ਨੂੰ ਸਿੱਧ ਕੀਤਾ ਜਾ ਸਕਦਾ ਹੈ, ਜਦੋਂ ਵਸਤੂ X ਦੀ ਕੀਮਤ ਡਿੱਗ ਜਾਂਦੀ ਹੈ। ਇਸ ਨੂੰ ਇਨ੍ਹਾਂ ਨੂੰ ਸ਼ਬਦਾਂ ਵਿੱਚ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ। **''ਕੋਈ ਵਸਤੂ (ਸਧਾਰਣ ਜਾਂ ਮਿਸ਼ਰਿਤ) ਜਿਸ ਦੀ ਮੰਗ ਕੇਵਲ ਮੌਦ੍ਰਿਕ ਆਮਦਨ ਵਿੱਚ ਕਮੀ ਹੋਣ 'ਤੇ ਘੱਟਦੀ ਹੈ, ਨਿਸ਼ਚਿਤ ਹੀ ਉਸ ਦੀ ਮਾਤਰਾ ਵੱਧ ਜਾਂਦੀ ਹੈ, ਜਦੋਂ ਕੇਵਲ ਉਸ ਦੀ ਕੀਮਤ ਵਿੱਚ ਕਮੀ ਹੁੰਦੀ ਹੈ।''** ਇਸ ਦੀ ਵਿਆਖਿਆ ਚਿੱਤਰ 5.3 ਵਿੱਚ ਕੀਤੀ ਗਈ ਹੈ। LM ਮੂਲ ਕੀਮਤ-ਆਮਦਨ ਰੇਖਾ ਹੈ, ਜਿਸ 'ਤੇ ਉਪਭੋਗਤਾ R 'ਤੇ ਆਪਣਾ ਅਧਿਮਾਨ ਪ੍ਰਗਟ ਕਰਦਾ ਹੈ। ਵਸਤੂ X ਦੀ ਕੀਮਤ ਘੱਟ ਹੋ ਜਾਣ 'ਤੇ ਅਤੇ Y ਦੀ ਕੀਮਤ ਸਥਿਰ ਰਹਿਣ 'ਤੇ ਉਸ ਦੀ ਕੀਮਤ ਰੇਖਾ LS ਦੀ ਸਥਿਤੀ ਵਿੱਚ

ਨੋਟ

ਚਲੀ ਜਾਂਦੀ ਹੈ। ਮੰਨ ਲਓ ਕਿ ਉਪਭੋਗਤਾ ਇਸ ਰੇਖਾ 'ਤੇ ਸੰਜੋਗ A ਦੇ ਪ੍ਰਤੀ ਆਪਣੇ ਅਧਿਮਾਨ ਨੂੰ ਪ੍ਰਗਟ ਕਰਦਾ ਹੈ ਜੋ ਇਹ ਦਰਸਾਉਂਦਾ ਹੈ ਕਿ ਉਹ X ਦੀ ਪਹਿਲਾਂ ਤੋਂ ਜ਼ਿਆਦਾ ਮਾਤਰਾ ਖਰੀਦਦਾ ਹੈ। ਵਸਤੂ X ਦੀ ਕੀਮਤ ਘੱਟ ਹੋਣ ਨਾਲ ਬਿੰਦੂ R ਤੋਂ A ਨੂੰ ਗਤੀ **ਕੀਮਤ ਪ੍ਰਭਾਵ** ਹੈ। ਜਿਸ ਤੋਂ X ਦੀ ਮੰਗ ਵਿੱਚ ਵਾਧਾ ਹੋਇਆ ਹੈ।



ਚਿੱਤਰ 5.3

ਮੰਨ ਲਓ X ਦੀ ਕੀਮਤ ਘੱਟ ਹੋਣ ਨਾਲ ਉਪਭੋਗਤਾ ਦੀ ਅਸਲੀ ਆਮਦਨ ਵਿੱਚ ਜੋ ਵਾਧਾ ਹੋਇਆ ਹੈ, ਉਹ Y ਦੀ LP ਮਾਤਰਾ ਦੇ ਰੂਪ ਵਿੱਚ ਉਸ ਕੋਲੋਂ ਲੈ ਲਈ ਜਾਂਦੀ ਹੈ। ਹੁਣ PQ ਉਸ ਦੀ ਨਵੀਂ ਕੀਮਤ ਰੇਖਾ ਹੋ ਜਾਂਦੀ ਹੈ ਜੋ LS ਦੇ ਸਮਾਂਤਰ ਹੈ ਅਤੇ ਬਿੰਦੂ R ਵਿੱਚੋਂ ਗੁਜ਼ਰਦੀ ਹੈ। ਨਵੀਂ ਤ੍ਰਿਭੁੱਜ OPQ ਇਸ ਦੀ ਚੋਣ ਦਾ ਖੇਤਰ ਬਣ ਜਾਂਦਾ ਹੈ, ਕਿਉਂਕਿ ਉਪਭੋਗਤਾ LM ਰੇਖਾ ਦੇ ਬਿੰਦੂ R 'ਤੇ ਆਪਣੇ ਅਧਿਮਾਨ ਨੂੰ ਪ੍ਰਗਟ ਕਰ ਰਿਹਾ ਸੀ। ਇਸ ਲਈ PQ ਰੇਖਾ ਦੇ ਬਿੰਦੂ R ਤੋਂ ਉਪਰ ਖੰਡ RP 'ਤੇ ਸਥਿਤ ਸਾਰੇ ਬਿੰਦੂ ਉਸ ਦੀ ਚੋਣ ਨਾਲ ਮੇਲ ਨਹੀਂ ਖਾਣਗੇ। ਅਜਿਹਾ ਇਸ ਲਈ ਕਿ RP ਖੰਡ 'ਤੇ ਵਸਤੂ X ਦੀ ਉਸ ਨੂੰ ਪਹਿਲਾਂ ਤੋਂ ਘੱਟ ਮਾਤਰਾ ਪ੍ਰਾਪਤ ਹੋਵੇਗੀ ਪਰ X ਦੀ ਕੀਮਤ ਘੱਟ ਹੋਣ 'ਤੇ ਇਹ ਸੰਭਵ ਨਹੀਂ ਹੈ ਅਤੇ ਉਪਭੋਗਤਾ R ਤੋਂ ਉਪਰ ਸਾਰੇ ਸੰਜੋਗਾਂ ਨੂੰ ਨਾਮਨਜ਼ੂਰ ਕਰ ਦੇਵੇਗਾ। ਉਹ ਪ੍ਰਛਾਵੇਂ ਵਾਲੇ ਖੇਤਰ MRQ ਵਿੱਚ ਰੇਖਾ PQ 'ਤੇ ਜਾਂ RQ ਤਾਂ ਸੰਜੋਗ R ਜਾਂ ਕੋਈ ਹੋਰ ਸੰਜੋਗ ਜਿਵੇਂ B ਨੂੰ ਚੁਣੇਗਾ, ਜੇਕਰ ਉਹ ਸੰਜੋਗ R ਚੁਣਦਾ ਹੈ ਤਾਂ X ਦੀ ਕੀਮਤ ਘੱਟ ਹੋਣ ਤੋਂ ਪਹਿਲਾਂ X ਅਤੇ Y ਦੀਆਂ ਮਾਤਰਾਵਾਂ ਜੋ ਉਹ ਖਰੀਦ ਰਿਹਾ ਸੀ, ਉੱਨੀ ਹੀ ਖਰੀਦੇਗਾ ਅਤੇ ਜੇਕਰ ਉਹ B ਸੰਜੋਗ ਖਰੀਦਦਾ ਹੈ ਤਾਂ ਉਹ ਪਹਿਲਾਂ ਤੋਂ ਜ਼ਿਆਦਾ ਮਾਤਰਾ X ਦੀ ਹੋਰ ਘੱਟ ਮਾਤਰਾ Y ਦੀ ਖਰੀਦੇਗਾ। ਬਿੰਦੂ R ਤੋਂ B ਨੂੰ ਉਪਭੋਗਤਾ ਦੀ ਗਤੀ X ਦੀ ਕੀਮਤ ਵਿੱਚ ਕਮੀ ਦਾ **ਸਥਾਨਾਪਤੀ ਪ੍ਰਭਾਵ**।

ਜੇਕਰ LP ਦੇ ਰੂਪ ਵਿੱਚ ਉਪਭੋਗਤਾ ਤੋਂ ਲਈ ਗਈ ਮੁਦਰਾ ਉਸ ਨੂੰ ਵਾਪਿਸ ਕਰ ਦਿੱਤੀ ਜਾਂਦੀ ਹੈ ਤਾਂ ਉਹ ਕੀਮਤ ਡਿਗਣ ਤੋਂ ਬਾਅਦ ਦੀ ਆਪਣੀ LS ਰੇਖਾ 'ਤੇ ਪੁਰਾਣੇ ਸੰਜੋਗ A 'ਤੇ ਹੋਵੇਗਾ। ਇੱਥੇ ਉਹ X ਦੀ ਕੀਮਤ ਡਿਗਣ ਨਾਲ ਇਸ ਦੀ ਘੱਟ ਮਾਤਰਾ ਖਰੀਦੇਗਾ। ਬਿੰਦੂ B ਤੋਂ A ਵੱਲ ਉਪਭੋਗਤਾ ਦੀ ਗਤੀ **ਆਮਦਨ ਪ੍ਰਭਾਵ** ਹੈ। ਇਸ ਤਰ੍ਹਾਂ ਮੰਗ ਪ੍ਰਮੇਯ ਫਿਰ ਸਿੱਧ ਹੋ ਜਾਂਦਾ ਹੈ ਕਿ ਧਨਾਤਮਕ ਆਮਦਨ-ਲੋਚ ਦਾ ਅਰਥ ਹੈ ਮੰਗ ਦੀ ਰਣਾਤਮਕ ਕੀਮਤ-ਲੋਚ।

ਇਹ ਧਿਆਨ ਦੇਣ ਯੋਗ ਹੈ ਕਿ ਸੈਮਿਊਲਸਨ ਦਾ ਸਥਾਨਾਪਤੀ ਪ੍ਰਭਾਵ ਉਦਾਸੀਨਤਾ ਵਕ੍ਰ ਵਿਸ਼ਲੇਸ਼ਣ ਦੇ ਸਥਾਨਾਪਤੀ ਪ੍ਰਭਾਵ ਤੋਂ ਵੱਖ ਹੈ। ਉਦਾਸੀਨਤਾ ਵਕ੍ਰ ਵਿਸ਼ਲੇਸ਼ਣ ਵਿੱਚ ਉਪਭੋਗਤਾ ਉਸੇ ਉਦਾਸੀਨਤਾ ਵਕ੍ਰ ਦੇ ਇਕ ਬਿੰਦੂ ਤੋਂ ਦੂਸਰੇ ਬਿੰਦੂ 'ਤੇ ਗਤੀ ਕਰਦਾ ਹੈ ਅਤੇ ਉਸ ਦੀ ਅਸਲੀ ਆਮਦਨ ਸਥਿਰ ਰਹਿੰਦੀ ਹੈ ਪਰ ਪ੍ਰਗਟਾਵਾ ਅਧਿਮਾਨ ਸਿਧਾਂਤ ਵਿੱਚ ਉਦਾਸੀਨਤਾ ਵਕ੍ਰਾਂ ਨੂੰ ਨਹੀਂ ਮੰਨਿਆ ਜਾਂਦਾ ਹੈ ਅਤੇ ਸਥਾਨਾਪਤੀ ਪ੍ਰਭਾਵ **ਸੰਖੇਪ ਕੀਮਤਾਂ ਦੇ ਪਰਿਵਰਤਨ** ਤੋਂ ਪੈਦਾ ਹੋਈ ਕੀਮਤ ਆਮਦਨ ਰੇਖਾ ਦੇ ਨਾਲ-ਨਾਲ ਗਤੀ ਹੈ।

ਨੋਟਸ

ਕੋਈ ਵਸਤੂ (ਸਧਾਰਣ ਜਾਂ ਮਿਸ਼ਰਿਤ) ਜਿਸ ਦੀ ਮੰਗ ਕੇਵਲ ਮੌਦ੍ਰਿਕ ਆਮਦਨ ਵਿੱਚ ਵਾਧਾ ਹੋਣ 'ਤੇ ਵੱਧਦੀ ਹੈ, ਨਿਸ਼ਚਿਤ ਹੀ ਉਸ ਦੀ ਮੰਗ ਘੱਟ ਜਾਂਦੀ ਹੈ, ਜਦੋਂ ਕੇਵਲ ਉਸ ਦੀ ਕੀਮਤ ਵਿੱਚ ਵਾਧਾ ਹੁੰਦਾ ਹੈ।

5.3 ਪ੍ਰਗਟਾਵਾ ਅਧਿਮਾਨ ਤੋਂ ਮੰਗ ਵਕ੍ਰ ਦੀ ਉਤਪਤੀ (Derivation of the Demand Curve from Revealed Preference)

ਨੋਟ

ਪ੍ਰਗਟਾਵ ਅਧਿਮਾਨ ਉਪ-ਕਲਪਨਾ ਤੋਂ ਇਕ ਵਿਅਕਤੀ ਦੇ ਮੰਗ ਵਕ੍ਰ ਨੂੰ ਉਤਪਨ ਕੀਤਾ ਜਾ ਸਕਦਾ ਹੈ। ਇਸ ਨੂੰ ਚਿੱਤਰ 5.4 ਵਿੱਚ ਦਰਸਾਇਆ ਗਿਆ ਹੈ। ਪੈਨਲ (A), ਮੁਦਰਾ ਨੂੰ ਅਨੁਲੰਬ ਅਕਸ਼ 'ਤੇ ਅਤੇ ਵਸਤੂ X ਨੂੰ ਸਮਾਂਤਰ ਅਕਸ਼ 'ਤੇ ਲਿਆ ਗਿਆ ਹੈ। LM ਮੂਲ ਕੀਮਤ ਆਮਦਨ ਰੇਖਾ ਹੈ, ਜਿਸ ਦੇ ਬਿੰਦੂ R 'ਤੇ ਉਪਭੋਗਤਾ ਆਪਣੇ ਅਧਿਮਾਨ ਨੂੰ ਪ੍ਰਗਟ ਕਰਦਾ ਹੈ ਅਤੇ ਵਸਤੂ X ਦੀ OA ਮਾਤਰਾ ਖਰੀਦਦਾ ਹੈ। ਮੰਨ ਲਓ ਕਿ X ਦੀ ਕੀਮਤ ਘੱਟ ਹੋ ਜਾਂਦੀ ਹੈ। ਨਤੀਜੇ ਵਜੋਂ, ਉਸ ਦੀ ਨਵੀਂ ਆਮਦਨ ਕੀਮਤ ਰੇਖਾ LS ਹੈ, ਇਸ ਰੇਖਾ 'ਤੇ ਉਪਭੋਗਤਾ T ਬਿੰਦੂ 'ਤੇ ਆਪਣੇ ਅਧਿਮਾਨ ਨੂੰ ਪ੍ਰਗਟ ਕਰਦਾ ਹੈ ਅਤੇ ਉਹ ਪਹਿਲਾਂ ਤੋਂ ਜ਼ਿਆਦਾ X ਦੀ OB ਖਰੀਦਦਾ ਹੈ। ਬਿੰਦੂ R ਤੋਂ T ਨੂੰ ਗਤੀ X ਦੀ ਕੀਮਤ ਡਿਗਣ ਦਾ, **ਕੀਮਤ ਪ੍ਰਭਾਵ** ਹੈ। ਜਿਸ ਦੇ ਕਾਰਨ ਉਸ ਦੀ ਮੰਗ OA ਤੋਂ ਵੱਧ ਕੇ OB ਹੋਈ ਹੈ।



ਚਿੱਤਰ 5.4

ਹੁਣ ਉਪਭੋਗਤਾ ਦੀ ਆਮਦਨ ਵਿੱਚ LP ਦੇ ਬਰਾਬਰ ਜੋ ਅਸਲੀ ਵਾਧਾ X ਦੀ ਕੀਮਤ ਵਿੱਚ ਕਮੀ ਨਾਲ ਹੋਈ ਹੈ। ਉਸ ਨੂੰ ਉਸ ਕੋਲੋਂ ਲੈ ਲਓ। ਇਸ ਤਰ੍ਹਾਂ PQ ਉਸ ਦੀ ਨਵੀਂ ਕੀਮਤ ਆਮਦਨ ਰੇਖਾ ਹੈ ਜੋ LS ਰੇਖਾ ਦੇ ਸਮਾਂਤਰ ਹੈ ਅਤੇ R ਬਿੰਦੂ ਵਿੱਚੋਂ ਗੁਜ਼ਰਦੀ ਹੈ। ਨਵਾਂ ਤ੍ਰਿਭੁੱਜ OPQ ਉਸ ਦੇ ਚੋਣ ਦਾ ਖੇਤਰ ਬਣ ਜਾਂਦਾ ਹੈ, ਕਿਉਂਕਿ ਉਪਭੋਗਤਾ ਮੂਲ ਕੀਮਤ ਆਮਦਨ ਰੇਖਾ LM ਦੇ ਬਿੰਦੂ R 'ਤੇ ਆਪਣੇ ਅਧਿਮਾਨ ਨੂੰ ਪ੍ਰਗਟ ਕਰ ਰਿਹਾ ਸੀ, ਇਸ ਲਈ R ਬਿੰਦੂ ਤੋਂ ਉਪਰ PQ ਰੇਖਾ ਦੇ RP ਖੰਡ 'ਤੇ ਸਾਰੇ ਬਿੰਦੂ ਉਸ ਦੀ ਚੋਣ ਨਾਲ ਮੇਲ ਨਹੀਂ ਖਾਂਦੇ। ਅਜਿਹਾ ਇਸ ਕਾਰਨ ਕਿ X ਦੀ ਕੀਮਤ ਡਿਗਣ 'ਤੇ ਉਹ ਉਸ ਦੀ ਘੱਟ ਮਾਤਰਾ ਨਹੀਂ ਲੈ ਸਕਦੇ ਅਤੇ ਉਹ R ਤੋਂ ਉਪਰ ਸਾਰੇ ਸੰਜੋਗਾਂ ਨੂੰ ਅਸਵੀਕਾਰ ਕਰੇਗਾ ਅਤੇ ਜਾਂ ਤਾਂ ਸੰਜੋਗ R ਜਾਂ ਕੋਈ ਹੋਰ ਸੰਜੋਗ ਪ੍ਰਛਾਵਾਂ ਤ੍ਰਿਭੁੱਜ MRQ ਵਿੱਚ ਚੁਣੇਗਾ, ਜੇਕਰ ਮੁਦਰਾ ਦੀ PL ਰਾਸ਼ੀ ਜੋ ਉਸ ਕੋਲੋਂ ਲਈ ਗਈ ਸੀ ਉਪਭੋਗਤਾ ਨੂੰ ਵਾਪਿਸ ਕਰ ਦਿੱਤੀ ਜਾਂਦੀ ਹੈ ਤਾਂ ਉਹ ਪੁਨਰ ਕੀਮਤ ਰੇਖਾ LS ਦੇ ਬਿੰਦੂ T 'ਤੇ ਹੋਵੇਗਾ, ਜਿੱਥੇ ਉਹ X ਦੀ ਪਹਿਲਾਂ ਤੋਂ ਜ਼ਿਆਦਾ ਮਾਤਰਾ OB ਖਰੀਦਦਾ ਹੈ। ਬਿੰਦੂ R ਤੋਂ T ਤੱਕ ਗਤੀ ਨੂੰ ਚਿੱਤਰ ਦੇ ਪੈਨਲ (B) ਵਿੱਚ ਮੰਗ ਵਕ੍ਰ ਨੂੰ ਖਿੱਚ ਕੇ ਦਿਖਾਇਆ ਗਿਆ ਹੈ।

ਕਿਉਂਕਿ ਅਸੀਂ ਪੈਨਲ (A) ਵਿੱਚ ਮੁਦਰਾ ਨੂੰ ਅਨੁਲੰਬ ਅਕਸ਼ 'ਤੇ ਲਿਆ ਹੈ, ਇਸ ਲਈ ਵਸਤੂ X ਦੀ ਕੀਮਤ ਦੀ ਗਣਨਾ ਕਰਨ ਲਈ ਅਸੀਂ ਉਪਭੋਗਤਾ ਦੀ ਕੁਲ ਮੌਦ੍ਰਿਕ ਆਮਦਨ ਨੂੰ X ਦੀਆਂ ਖਰੀਦੀਆਂ ਗਈਆਂ ਮਾਤਰਾਵਾਂ ਨਾਲ ਵੰਡਦੇ ਹਾਂ, ਜਦੋਂ X ਦੀ ਕੀਮਤ OL/OM (=OP) ਹੋਵੇ ਤਾਂ ਮੰਗੀ ਗਈ ਮਾਤਰਾ OA ਹੈ। ਜਦੋਂ X ਦੀ ਕੀਮਤ ਘੱਟ ਹੋ ਜਾਂਦੀ ਹੈ OL/OS (=OP_1),

ਨੋਟ ਤਾਂ ਮੰਗੀ ਗਈ ਮਾਤਰਾ ਵੱਧ ਕੇ OB ਹੁੰਦੀ ਹੈ। ਚਿੱਤਰ ਦੇ ਪੈਨਲ (B) ਵਿੱਚ ਅਸੀਂ ਕੀਮਤ ਨੂੰ ਅਨੁਲੰਬ ਅਕਸ਼ ’ਤੇ ਅਤੇ ਵਸਤੂ X ਦੀਆਂ ਇਕਾਈਆਂ ਨੂੰ ਸਮਾਂਤਰ ਅਕਸ਼ ’ਤੇ ਲੈਂਦੇ ਹਾਂ ਅਤੇ ਇਨ੍ਹਾਂ ਕੀਮਤਾਂ–ਮਾਤਰਾ ਸੰਜੋਗਾਂ E ਅਤੇ E1 ਨੂੰ ਖਿੱਚਦੇ ਹਾਂ ਅਤੇ ਇਨ੍ਹਾਂ ਬਿੰਦੂਆਂ ਦੇ ਸਰਲ ਰੇਖਾ ਨਾਲ ਮਿਲਾ ਕੇ ਸਾਨੂੰ DD_1 ਮੰਗ ਵਕ੍ਰ ਪ੍ਰਾਪਤ ਹੁੰਦਾ ਹੈ। ਇਹ ਵਕ੍ਰ ਦਰਸਾਉਂਦਾ ਹੈ ਕਿ ਜਦੋਂ ਕੀਮਤ OP ਤੋਂ ਡਿੱਗ ਕੇ OP_1 ਹੁੰਦੀ ਹੈ ਤਾਂ ਉਪਭੋਗਤਾ X ਦੀ AB ਜ਼ਿਆਦਾ ਮਾਤਰਾ ਖਰੀਦਦਾ ਹੈ।

5.4 ਪ੍ਰਗਟਾਵਾ ਅਧਿਮਾਨ ਤੋਂ ਉਦਾਸੀਨਤਾ ਵਕ੍ਰ ਉਤਪੰਨ ਕਰਨਾ (Derivation of Indifference Curve from Revealed Preference)

ਸੈਮਿਉਲਸਨ ਦੇ ਪ੍ਰਗਟਾਵਾ ਅਧਿਮਾਨ ਸਿਧਾਂਤ ਦਾ ਇਸਤੇਮਾਲ ਉਦਾਸੀਨਤਾ ਵਕ੍ਰ ਤਕਨੀਕ ਦੀ ਤੁਲਨਾ ਵਿੱਚ ਇਕ ਉਦਾਸੀਨਤਾ ਵਕ੍ਰ ਖਿੱਚਣ ਲਈ ਇਕ ਵਿਵਸਥਿਤ ਢੰਗ ਨਾਲ ਕੀਤਾ ਗਿਆ ਹੈ। ਉਦਾਸੀਨਤਾ ਵਕ੍ਰ ਤਕਨੀਕ ਵਿੱਚ ਇਹ ਮੰਨਿਆ ਗਿਆ ਹੈ ਕਿ ਇਕ ਉਦਾਸੀਨਤਾ ਵਕ੍ਰ ਉਪਭੋਗਤਾ ਨੂੰ ਪੁੱਛ ਕੇ ਉਤਪੰਨ ਕੀਤਾ ਜਾ ਸਕਦਾ ਹੈ ਕਿ ਉਹ ਵਸਤੂਆਂ ਦੇ ਸਾਰੇ ਸੰਭਵ ਸੰਜੋਗਾਂ ਵਿੱਚੋਂ ਚੋਣ ਕਰੇ। ਫਿਰ ਵੀ ਉਪਭੋਗਤਾ ਅਕਸਰ ਆਪਣੇ ਅਧਿਮਾਨਾਂ ਬਾਰੇ ਸਿੱਧੇ ਪ੍ਰਸ਼ਨਾਂ ਦੇ ਭਰੋਸੇਯੋਗ ਉਤਰ ਨਹੀਂ ਦੇਣਗੇ ਜਾਂ ਦੇ ਸਕਣਗੇ। ਪ੍ਰਗਟਾਵਾ ਅਧਿਮਾਨ ਸਿਧਾਂਤ ਦੇ ਅਨੁਸਾਰ ਇਕ ਉਪਭੋਗਤਾ ਦੇ ਅਧਿਮਾਨਾਂ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਅਤੇ ਮਾਰਕੀਟ ਵਿੱਚ ਕਾਫੀ ਸੰਖਿਆ ਵਿੱਚ ਅਵਲੋਕਿਤ ਚੋਣ ਜਾਂ ਖਰੀਦਦਾਰ ਤੋਂ ਉਦਾਸੀਨਤਾ ਵਕ੍ਰ ਉਤਪੰਨ ਕੀਤਾ ਜਾ ਸਕਦਾ ਹੈ। ਬਿਨਾਂ ਵਿਅਕਤੀ ਦੇ ਅਧਿਮਾਨਾਂ ਵਿੱਚ ਸਿੱਧੇ ਤੌਰ ’ਤੇ ਕੋਈ ਜਾਂਚ ਕਰਨ ਦੀ ਜ਼ਰੂਰਤ ਦੇ। ਫਿਰ ਉਦਾਸੀਨਤਾ ਵਕ੍ਰ ਤਕਨੀਕ ਇਹ ਮੰਨਦੀ ਹੈ ਕਿ ਉਪਭੋਗਤਾ ਵਸਤੂਆਂ ਦੇ ਸਾਰੇ ਸੰਭਵ ਸੰਜੋਗਾਂ ਨੂੰ ਵਿਵੇਕਸ਼ੀਲਤਾ ਅਤੇ ਸੰਗਤੀਪੂਰਵਕ ਕ੍ਰਮਬੱਧ ਕਰਦਾ ਹੈ ਪਰ ਪ੍ਰਗਟਾਵਾ ਅਧਿਮਾਨ ਸਿਧਾਂਤ ਵਿੱਚ ਉਪਭੋਗਤਾ ਨੂੰ ਆਪਣੇ ਅਧਿਮਾਨਾਂ ਨੂੰ ਕ੍ਰਮਬੱਧ ਕਰਨ ਅਤੇ ਆਪਣੀਆਂ ਰੁਚੀਆਂ ਦੇ ਬਾਰੇ ਕੋਈ ਹੋਰ ਸੂਚਨਾ ਦੇਣ ਦੀ ਜ਼ਰੂਰਤ ਨਹੀਂ ਹੁੰਦੀ। ਬਲਕਿ ਉਪਭੋਗਤਾ ਦੇ ਮਾਰਕੀਟ ਵਿਵਹਾਰ ਦਾ ਅਵਲੋਕਨ ਕਰਕੇ ਪ੍ਰਗਟਾਵਾ ਅਧਿਮਾਨ ਨਾਲ ਇਕ ਉੱਤੋਦਰ ਉਦਾਸੀਨਤਾ ਵਕ੍ਰ ਖਿੱਚਿਆ ਜਾ ਸਕਦਾ ਹੈ।

ਇਸ ਦੀਆਂ ਮਾਨਤਾਵਾਂ (Its Assumptions)

ਇਹ ਵਿਸ਼ਲੇਸ਼ਣ ਹੇਠ ਲਿਖੀਆਂ ਮਾਨਤਾਵਾਂ ’ਤੇ ਅਧਾਰਿਤ ਹੈ–

1. ਉਪਭੋਗਤਾ ਦੀਆਂ ਰੁਚੀਆਂ ਵਿੱਚ ਪਰਿਵਰਤਨ ਨਹੀਂ ਹੁੰਦਾ।
2. ਉਹ ਕਿਸੇ ਵੀ ਸਥਿਤੀ ਵਿੱਚ ਜ਼ਿਆਦਾ ਵਸਤੂਆਂ ਦੇ ਸੰਜੋਗ ਨੂੰ ਘੱਟ ਵਸਤੂਆਂ ਦੇ ਮੁਕਾਬਲੇ ਅਧਿਮਾਨ ਦਿੰਦਾ ਹੈ।
3. ਉਪਭੋਗਤਾ ਦੇ ਵਿਵਹਾਰ ਵਿੱਚ ਸੰਗਤੀ ਹੈ, ਇਸ ਦਾ ਮਤਲਬ ਹੈ ਕਿ ਜੇਕਰ B ਤੋਂ A ਨੂੰ ਅਧਿਮਾਨ ਦਿੱਤਾ ਜਾਂਦਾ ਹੈ ਤਾਂ ਦੂਸਰੀ ਸਥਿਤੀ ਵਿੱਚ B ਨੂੰ A ਵਿੱਚ ਅਧਿਮਾਨ ਨਹੀਂ ਦਿੱਤਾ ਜਾ ਸਕਦਾ।
4. ਉਪਭੋਗਤਾ ਦੇ ਅਧਿਮਾਨਾਂ ਵਿੱਚ ਸਕਰਮਕਤਾ ਹੈ। ਇਸ ਦਾ ਮਤਲਬ ਹੈ ਕਿ ਜੇਕਰ B ਤੋਂ A ਨੂੰ ਅਧਿਮਾਨ ਦਿੱਤਾ ਜਾਂਦਾ ਹੈ ਅਤੇ C ਤੋਂ B ਨੂੰ ਤਾਂ ਉਪਭੋਗਤਾ A ਨੂੰ C ’ਤੇ ਜ਼ਰੂਰ ਅਧਿਮਾਨ ਦੇਵੇਗਾ।
5. X ਅਤੇ Y ਦੋ ਵਸਤੂਆਂ ਹਨ।

ਇਹ ਮਾਨਤਾ ਦਿੱਤੀ ਹੋਣ ’ਤੇ ਉਪਭੋਗਤਾ ਦੋ ਵਸਤੂਆਂ ਦੇ ਇਕ ਵਿਸ਼ੇਸ਼ ਸੰਜੋਗ ਨੂੰ ਕਿਸੇ ਹੋਰ ਸੰਜੋਗ ਦੇ ਮੁਕਾਬਲੇ ਦੋ ਵਿੱਚੋਂ ਇਕ ਕਾਰਨ ਨਾਲ ਚੁਣਦਾ ਹੈ, ਜਾਂ ਤਾਂ ਚੁਣਿਆ ਗਿਆ ਸੰਜੋਗ ਹੋਰ ਸਾਰੇ ਸੰਜੋਗਾਂ ਤੋਂ ਅਧਿਮਾਨਿਤ ਹੈ ਜਾਂ ਜੋ ਨਹੀਂ ਚੁਣਿਆ ਗਿਆ, ਉਸ ਦੀ ਬਜਟ ਰੇਖਾ ਤੋਂ ਬਾਹਰ ਸਥਿਤ ਹੈ।

ਮੰਨ ਲਓ ਕਿ ਚਿੱਤਰ 5.5 ਵਿੱਚ ਉਪਭੋਗਤਾ ਆਪਣੀ ਮੂਲ ਬਜਟ ਰੇਖਾ LM ’ਤੇ ਸੰਜੋਗ R ਦੇ ਲਈ ਆਪਣੇ ਅਧਿਮਾਨ ਨੂੰ ਪ੍ਰਗਟ ਕਰਦਾ ਹੈ। ਰੇਖਾ LM ’ਤੇ ਅਤੇ ਹੇਠਾਂ ਸਾਰੇ ਹੋਰ ਬਿੰਦੂ R ਤੋਂ ਘਟੀਆ ਸੰਜੋਗ ਦਰਸਾਉਂਦੇ ਹਨ। ਇਸ ਨੂੰ ਪ੍ਰਛਾਵਾਂ ਖੇਤਰ ਨਾਲ ਦਿਖਾਇਆ ਗਿਆ ਹੈ, ਜਿਸ ਨੂੰ **ਘਟੀਆ ਖੇਤਰ** (inferior zone) ਕਹਿੰਦੇ ਹਨ। ਦੂਸਰੇ ਪਾਸੇ R ਤੋਂ ਉਪਰ ਅਤੇ/ਜਾਂ ਸੱਜੇ ਪਾਸੇ TRS ਖੇਤਰ ਵਿੱਚ ਸਾਰੇ ਬਿੰਦੂ R ਤੋਂ ਅਧਿਮਾਨਿਤ ਹਨ, ਕਿਉਂਕਿ ਉਨ੍ਹਾਂ ’ਤੇ ਜ਼ਿਆਦਾ X ਅਤੇ/ਜਾਂ Y ਦੀਆਂ ਮਾਤਰਾਵਾਂ ਉਪਲੱਬਧ ਹੁੰਦੀਆਂ ਹਨ। ਇਸ ਲਈ R ਤੋਂ ਉਪਰ ਪ੍ਰਛਾਵਾਂ ਖੇਤਰ TRS **ਅਧਿਮਾਨਿਤ ਖੇਤਰ** (preferred zone) ਅਖਵਾਉਂਦਾ ਹੈ। ਫਿਰ ਵੀ R ਦੇ ਸੱਜੇ ਅਤੇ ਖੱਬੇ ਪਾਸੇ LM ਰੇਖਾ ਦੇ ਉਪਰ ਅਤੇ TRS ਦੇ ਹੇਠਾਂ ਖੇਤਰਾਂ ਵਿੱਚ ਦੋ ਵਸਤੂਆਂ ਦੇ ਸੰਜੋਗ ਪਾਏ ਜਾਂਦੇ ਹਨ, ਜਿਸ ਨੂੰ ਉਪਭੋਗਤਾ ਆਦੇਸ਼ਿਤ ਨਹੀਂ ਕਰਦਾ। ਉਹ TRL ਅਤੇ SRM ਜਿਨ੍ਹਾਂ ਨੂੰ **ਅਨਭਿਗਤਾ ਖੇਤਰ** (ignorance zone) ਕਹਿੰਦੇ ਹਨ, ਕਿਉਂਕਿ ਇਸ ਵਿੱਚ ਉਪਭੋਗਤਾ ਦੇ ਅਧਿਮਾਨਾਂ ਦਾ ਗਿਆਨ ਨਹੀਂ ਹੈ। ਇਸ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਉਦਾਸੀਨਤਾ ਵਕ੍ਰ R ਵਿੱਚੋਂ ਜ਼ਰੂਰ ਗੁਜ਼ਰੇ ਅਤੇ TRS ਖੇਤਰ ਦੇ ਹੇਠਾਂ ਅਤੇ LM ਬਜਟ ਰੇਖਾ ਦੇ ਉਪਰ ਸਥਿਤ ਹੋਵੇ। R ਬਿੰਦੂ ’ਤੇ ਇਸ ਦੀ ਢਲਾਣ ਜ਼ਰੂਰ ਰਣਾਤਮਕ ਹੋਵੇ ਅਤੇ ਇਹ ਮੂਲ ਦੇ ਉੱਤੋਦਰ ਹੋਣ, ਕਿਉਂਕਿ ਇਹ ਅਣਭਿਗਤਾ ਦੇ ਉਪਰਲੇ ਅਤੇ ਹੇਠਲੇ ਖੇਤਰਾਂ ਵਿੱਚ ਸਥਿਤ ਹੋਵੇਗਾ।

ਨੋਟ



ਚਿੱਤਰ 5.5

ਚਿੱਤਰ 5.6

ਉਦਾਸੀਨਤਾ ਵਕ੍ਰ ਦੀ ਸਹੀ ਸਥਿਤੀ ਦਾ ਪਤਾ ਲਗਾਉਣ ਲਈ ਅਸੀਂ ਪਹਿਲਾਂ ਇਹ ਮਾਨਤਾ ਲੈਂਦੇ ਹਾਂ ਕਿ X ਦੀ ਕੀਮਤ ਡਿੱਗਦੀ ਹੈ, ਜਿਸ ਤੋਂ ਉਪਭੋਗਤਾ ਦੀ ਨਵੀਂ ਬਜਟ ਰੇਖਾ KN ਹੋ ਜਾਂਦੀ ਹੈ। ਚਿੱਤਰ 5.6 ਵਿੱਚ ਜੋ ਮੂਲ ਰੇਖਾ LM ਨੂੰ R ਦੇ ਹੇਠਾਂ ਬਿੰਦੂ B 'ਤੇ ਕੱਟਦੀ ਹੈ। ਹੁਣ ਉਪਭੋਗਤਾ ਜਾਂ ਤਾਂ ਸੰਜੋਗ B ਜਾਂ KN ਰੇਖਾ ਦੇ BN ਖੰਡ 'ਤੇ ਕਿਸੇ ਹੋਰ ਸੰਜੋਗ ਨੂੰ ਚੁਣੇਗਾ। ਇਸ ਰੇਖਾ ਦੇ KB ਖੰਡ 'ਤੇ B ਦੇ ਸੱਜੇ ਪਾਸੇ ਹੋਰ ਸਾਰੇ ਬਿੰਦੂ ਉਸ ਦੀ ਚੋਣ ਨਾਲ ਮੇਲ ਨਹੀਂ ਖਾਣਗੇ, ਕਿਉਂਕਿ ਉਹ ਮੂਲ ਰੇਖਾ LM ਦੇ ਹੇਠਾਂ ਅਣਭਿਗਤਾ ਖੇਤਰ ਵਿੱਚ ਸਥਿਤ ਹੈ, ਕਿਉਂਕਿ ਉਪਭੋਗਤਾ B ਸੰਜੋਗ ਨੂੰ ਚੁਣਦਾ ਹੈ, ਇਹ R ਤੋਂ ਘਟੀਆ ਪ੍ਰਗਟ ਹੁੰਦਾ ਹੈ ਅਤੇ BN ਖੰਡ ਦੇ ਉਪਰ ਜਾਂ ਹੇਠਾਂ ਹਰੇਕ ਬਿੰਦੂ ਵੀ R ਤੋਂ ਘਟੀਆ ਪ੍ਰਗਟ ਹੁੰਦਾ ਹੈ। ਇਸ ਤਰ੍ਹਾਂ ਤ੍ਰਿਭੁੱਜ BNM ਹੇਠਲੇ ਅਣਭਿਗਤਾ ਖੇਤਰ ਤੋਂ ਕੱਟ ਦਿੱਤਾ ਜਾਂਦਾ ਹੈ। ਬਿੰਦੂ R ਦੇ ਹੇਠਾਂ ਅਜਿਹੀਆਂ ਬਜਟ ਰੇਖਾਵਾਂ ਖਿੱਚ ਕੇ ਅਤੇ ਇਸੇ ਵਿਚਾਰ ਦਾ ਇਸਤੇਮਾਲ ਕਰਕੇ ਹੇਠਲੇ ਅਣਭਿਗਤਾ ਖੇਤਰ ਵਿੱਚ R ਤੋਂ ਹੇਠਾਂ ਸਾਰੇ ਹਿੱਸੇ ਨੂੰ ਹਟਾਇਆ ਜਾ ਸਕਦਾ ਹੈ।

ਇਸੇ ਤਰ੍ਹਾਂ ਅਸੀਂ R ਦੇ ਖੱਬੇ ਪਾਸੇ ਉਪਰਲੇ ਅਣਭਿਗਤਾ ਖੇਤਰ ਨੂੰ ਚਿੱਤਰ 5.6 ਵਿੱਚ ਕੱਟ ਸਕਦੇ ਹਾਂ। ਮੰਨ ਲਓ ਕਿ X ਦੀ ਕੀਮਤ ਵੱਧਦੀ ਹੈ ਅਤੇ ਨਵੀਂ ਬਜਟ ਰੇਖਾ PQ ਮੂਲ ਬਿੰਦੂ R ਵਿੱਚੋਂ ਗੁਜ਼ਰਦੀ ਹੈ ਜੋ ਉਹੀ ਅਸਲੀ ਆਮਦਨ ਦਰਸਾਉਂਦੀ ਹੈ ਜੋ R ਬਿੰਦੂ 'ਤੇ ਹੈ। ਹੁਣ ਉਪਭੋਗਤਾ ਇਕ ਨਵੇਂ ਬਿੰਦੂ A ਨੂੰ ਬਜਟ ਰੇਖਾ PQ 'ਤੇ ਚੁਣਦਾ ਹੈ। ਇਸ ਤਰ੍ਹਾਂ ਉਹ R ਦੇ ਮੁਕਾਬਲੇ A ਦੇ ਪ੍ਰਤੀ ਆਪਣੇ ਅਧਿਮਾਨ ਨੂੰ ਪ੍ਰਗਟ ਕਰਦਾ ਹੈ, ਕਿਉਂਕਿ ਦੋਵੇਂ ਬਿੰਦੂ ਇਕ ਹੀ ਬਜਟ ਰੇਖਾ 'ਤੇ ਹਨ ਪਰ A ਤੋਂ ਸੱਜੇ ਪਾਸੇ ਅਤੇ ਉਪਰ GAH ਖੇਤਰ ਵਿੱਚ ਸਾਰੇ ਸੰਜੋਗਾਂ ਨੂੰ A 'ਤੇ ਅਧਿਮਾਨ ਦਿੱਤਾ ਜਾਂਦਾ ਹੈ, ਕਿਉਂਕਿ ਇਹ ਖੇਤਰ ਉਨ੍ਹਾਂ ਸੰਜੋਗਾਂ ਨੂੰ ਪ੍ਰਗਟ ਕਰਦਾ ਹੈ, ਜਿਨ੍ਹਾਂ 'ਤੇ A ਸੰਜੋਗ ਦੇ ਮੁਕਾਬਲੇ ਦੋਵਾਂ ਵਿੱਚੋਂ ਇਕ ਵਸਤੂ ਜ਼ਿਆਦਾ ਪ੍ਰਾਪਤ ਹੁੰਦੀ ਹੈ। ਇਸ ਨੂੰ ਇੰਝ ਸਮਝਿਆ ਜਾ ਸਕਦਾ ਹੈ, ਕਿਉਂਕਿ R ਤੋਂ A ਅਧਿਮਾਨਿਤ ਹੈ ਅਤੇ GAH ਖੇਤਰ A ਤੋਂ ਅਧਿਮਾਨਿਤ ਹੈ। ਇਸ ਲਈ R ਤੋਂ GAH ਅਧਿਮਾਨਿਤ ਹੈ। ਇਸ ਤਰ੍ਹਾਂ GAHT ਖੇਤਰ ਵਿੱਚ ਸੰਜੋਗਾਂ ਨੂੰ ਸ਼੍ਰੇਣੀਬੱਧ (ranking) ਕਰਦੇ ਹੋਏ R ਤੋਂ ਅਧਿਮਾਨਿਤ ਕਰਕੇ ਅਸੀਂ ਉਪਰਲੇ ਅਣਭਿਗਤਾ ਖੇਤਰ ਦੇ ਕੁਝ ਭਾਗ ਨੂੰ ਹਟਾ ਦਿੰਦੇ ਹਾਂ। ਇਸ ਪ੍ਰਕਿਰਿਆ ਨੂੰ ਦੁਹਰਾਉਂਦੇ ਹੋਏ ਅਸੀਂ ਅਣਭਿਗਤਾ ਖੇਤਰ ਨੂੰ ਸੀਮਿਤ ਕਰਦੇ ਜਾਂਦੇ ਹਾਂ ਅਤੇ ਉਦਾਸੀਨਤਾ ਵਕ੍ਰ ਨੂੰ ਸਥਾਪਿਤ ਕਰ ਲੈਂਦੇ ਹਾਂ, ਜਿਸ ਨੂੰ ਚਿੱਤਰ 5.7 ਵਿੱਚ I ਵਕ੍ਰ ਨਾਲ ਦਿਖਾਇਆ ਗਿਆ ਹੈ।

ਜਿੱਥੋਂ ਤੱਕ ਉਦਾਸੀਨਤਾ ਵਕ੍ਰ ਦੀ ਅਕ੍ਰਿਤੀ ਦਾ ਸਬੰਧ ਹੈ, ਚਿੱਤਰ 5.7 ਦਰਸਾਉਂਦੇ ਹੈ ਕਿ R ਬਿੰਦੂ 'ਤੇ I ਵਕ੍ਰ ਮੂਲ ਦੇ ਉੱਤੋਦਰ ਹਨ, ਕਿਉਂਕਿ ਹੇਠਲੇ ਅਤੇ ਉਪਰਲੇ ਅਣਭਿਗਤਾ ਖੇਤਰਾਂ ਵਿੱਚੋਂ ਗੁਜ਼ਰਦਾ ਹੈ ਅਤੇ ਸਬੂਤ ਦੇਣ ਲਈ ਪਹਿਲਾਂ ਅਸੀਂ LM ਨੂੰ ਸਰਲ ਰੇਖਾ ਉਦਾਸੀਨਤਾ ਵਕ੍ਰ ਵਿਚਾਰਦੇ ਹਾਂ। ਰੇਖਾ LM ਉਦਾਸੀਨਤਾ ਵਕ੍ਰ ਨਹੀਂ ਹੋ ਸਕਦਾ, ਕਿਉਂਕਿ R ਦੀ ਚੋਣ LM 'ਤੇ ਸਾਰੇ ਬਿੰਦੂਆਂ ਨੂੰ R ਤੋਂ ਘਟੀਆ ਪ੍ਰਗਟ ਕਰਦਾ ਹੈ ਅਤੇ ਉਪਭੋਗਤਾ ਇਕ ਹੀ ਸਮੇਂ ਬਿੰਦੂ R ਅਤੇ LM 'ਤੇ ਕਿਸੇ ਹੋਰ ਬਿੰਦੂ ਦੇ ਵਿਚਕਾਰ ਉਦਾਸੀਨ ਨਹੀਂ ਹੋ ਸਕਦਾ। ਦੂਸਰਾ ਇਹ I_2 ਵਕ੍ਰ ਦੀ ਤਰ੍ਹਾਂ ਨਹੀਂ ਹੋ ਸਕਦਾ ਜੋ LM ਰੇਖਾ ਤੋਂ R ਬਿੰਦੂ 'ਤੇ ਕੱਟਦਾ ਹੈ, ਕਿਉਂਕਿ R ਤੋਂ ਹੇਠਾਂ ਬਿੰਦੂ R ਤੋਂ ਘਟੀਆ ਪ੍ਰਗਟ ਹੁੰਦੇ ਹਨ ਅਤੇ ਉਪਭੋਗਤਾ ਉਨ੍ਹਾਂ ਪ੍ਰਤੀ ਉਦਾਸੀਨਤਾ ਹਨ। ਤੀਸਰੇ, ਉਦਾਸੀਨਤਾ ਵਕ੍ਰ I_1 ਵਾਂਗ R ਤੋਂ ਗੁਜ਼ਰਦਾ ਨਤੋਦਰ (concave) ਨਹੀਂ ਹੋ ਸਕਦਾ, ਕਿਉਂਕਿ ਇਸ ਦੇ ਉਪਰਲੇ ਅਤੇ ਹੇਠਲੇ ਭਾਗ ਘਟੀਆ ਖੇਤਰ ਵਿੱਚ ਹਨ ਅਤੇ ਸਾਰੇ ਬਿੰਦੂ R ਤੋਂ ਘਟੀਆ ਪ੍ਰਗਟ ਹੁੰਦੇ ਹਨ। ਇਸ ਲਈ ਉਦਾਸੀਨਤਾ ਵਕ੍ਰ ਕੇਵਲ ਮੂਲ ਦੇ ਉੱਤੋਦਰ ਹੀ ਹੋ ਸਕਦਾ ਹੈ, ਜਿਵੇਂ ਕਿ ਚਿੱਤਰ 5.7 ਵਿੱਚ I ਵਕ੍ਰ ਹੈ।

ਨੋਟ



ਚਿੱਤਰ 5.7

ਕੀ ਤੁਸੀਂ ਜਾਣਦੇ ਹੋ

ਉਪਭੋਗਤਾ ਦੇ ਮਾਰਕੀਟ ਵਿਵਹਾਰ ਦਾ ਅਵਲੋਕਨ ਕਰਕੇ ਪ੍ਰਗਟ ਅਧਿਮਾਨ ਨਾਲ ਇਕ ਉਂਤਰ ਉਦਾਸੀਨਤਾ ਵਕ੍ਰ ਖਿੱਚਿਆ ਜਾ ਸਕਦਾ ਹੈ।

5.5 ਪ੍ਰਗਟਾਵਾ ਅਧਿਮਾਨ ਸਿਧਾਂਤ ਦੀ ਸ੍ਰੇਸ਼ਠਤਾ (Superiority of Revealed Preference Theory)

ਉਪਭੋਗਤਾ ਦੇ ਵਿਵਹਾਰ ਨਾਲ ਸਬੰਧ ਰੱਖਣ ਵਾਲੇ **ਹਿਕਸ** ਦੇ ਕ੍ਰਮ-ਸੰਖਿਆਤਮਕ ਸਿਧਾਂਤ ਦੇ ਮੁਕਾਬਲੇ ਪ੍ਰਗਟਾਵਾ ਅਧਿਮਾਨ ਸਿਧਾਂਤ ਸ੍ਰੇਸ਼ਠ ਹੈ।

1. ਇਹ ਉਪਭੋਗਤਾ ਦੇ ਵਿਵਹਾਰ ਦੇ ਬਾਰੇ ਕਿਸੇ ਮਨੋਵਿਗਿਆਨਿਕ ਅੰਤਰਦਰਸ਼ੀ ਸੂਚਨਾ ਦਾ ਅਧਿਐਨ ਨਹੀਂ ਕਰਦਾ ਹੈ। ਬਲਕਿ, ਇਹ ਮਾਰਕੀਟ ਵਿੱਚ ਉਪਭੋਗਤਾ ਦੇ ਵਿਵਹਾਰ ਦੇ ਨਿਰੀਖਣ ਦੇ ਅਧਾਰ 'ਤੇ ਵਿਵਹਾਰਵਾਦੀ ਵਿਸ਼ਲੇਸ਼ਣ ਪੇਸ਼ ਕਰਦਾ ਹੈ। ਸੈਮਿਊਲਸਨ ਦੇ ਅਨੁਸਾਰ, ਇਸ ਸਿਧਾਂਤ ਨੇ ਮੰਗ ਸਿਧਾਂਤ ਨੂੰ ਮਨੋਵਿਗਿਆਨਿਕ ਵਿਸ਼ਲੇਸ਼ਣ ਦੇ ਅੰਤਿਮ ਅਵਸ਼ੇਸ਼ਾਂ ਤੋਂ ਮੁਕਤ ਕਰ ਦਿੱਤਾ ਹੈ। ਇਸ ਲਈ, ਪ੍ਰਗਟਾਵਾ ਅਧਿਮਾਨ ਉਪ-ਕਲਪਨਾ ਪੂਰਨ ਮੰਗ ਪ੍ਰਮੇਯ ਤੋਂ ਜ਼ਿਆਦਾ ਅਸਲੀ ਅਤੇ ਵਿਗਿਆਨਿਕ ਹੈ।
2. ਇਹ ਸਿਧਾਂਤ ਉਪਯੋਗਤਾ ਅਤੇ ਉਦਾਸੀਨਤਾ ਵਕ੍ਰ ਦੋਵਾਂ ਸਿਧਾਂਤਾਂ ਦੀ **ਨਿਰੰਤਰਤਾ** (continuity) ਮਾਨਤਾ ਤੋਂ ਬਚ ਜਾਂਦਾ ਹੈ। ਇਕ ਉਦਾਸੀਨਤਾ ਵਕ੍ਰ ਨਿਰੰਤਰ ਵਕ੍ਰ ਹੁੰਦਾ ਹੈ, ਜਿਸ 'ਤੇ ਉਪਭੋਗਤਾ ਦੋਵਾਂ ਵਸਤੂਆਂ ਦੇ ਕੋਈ ਵੀ ਸੰਜੋਗ ਲੈ ਸਕਦਾ ਹੈ ਪਰ ਸੈਮਿਊਲਸਨ ਦਾ ਇਹ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਅਨਿਰੰਤਰਤਾ ਪਾਈ ਜਾਂਦੀ ਹੈ, ਕਿਉਂਕਿ ਉਪਭੋਗਤਾ ਕੇਵਲ ਇਕ ਹੀ ਸੰਜੋਗ ਲੈ ਸਕਦਾ ਹੈ। ਸੈਮਿਊਲਸਨ ਦਾ ਅਨੁਕਰਣ ਕਰਦੇ ਹੋਏ ਹਿੱਕਸ ਨੇ ਆਪਣੀ revision of demand theory ਵਿੱਚ ਨਿਰੰਤਰਤਾ ਦੀ ਮਾਨਤਾ ਦੀ ਜਗ੍ਹਾ 'ਤੇ ਮਜ਼ਬੂਤ ਅਤੇ ਕਮਜ਼ੋਰ ਆਦੇਸ਼ (strong and weak ordering) ਨੂੰ ਰੱਖਿਆ ਹੈ।
3. ਹਿੱਕਸ ਦਾ ਮੰਗ ਵਿਸ਼ਲੇਸ਼ਣ ਇਸ ਮਾਨਤਾ 'ਤੇ ਅਧਾਰਿਤ ਹੈ ਕਿ ਉਪਭੋਗਤਾ ਦਿੱਤੀ ਹੋਈ ਆਮਦਨ ਤੋਂ ਆਪਣੀ ਸੰਤੁਸ਼ਟੀ ਨੂੰ ਜ਼ਿਆਦਾ ਕਰਨ ਲਈ ਵਿਵੇਕਪੂਰਨ ਵਿਵਹਾਰ ਕਰਦਾ ਹੈ। ਸੈਮਿਊਲਸਨ ਦਾ ਮੰਗ ਪ੍ਰਮੇਯ ਇਸ ਤੋਂ ਸ੍ਰੇਸ਼ਠ ਹੈ, ਕਿਉਕਿ ਇਹ ਇਸ ਮਾਨਤਾ ਦਾ ਬਿਲਕੁਲ ਤਿਆਗ ਕਰਦਾ ਹੈ ਕਿ ਉਪਭੋਗਤਾ ਹਮੇਸ਼ਾ ਆਪਣੀ ਸੰਤੁਸ਼ਟੀ ਨੂੰ ਜ਼ਿਆਦਾ ਕਰਦਾ ਹੈ ਅਤੇ ਮਾਰਸ਼ਲ ਦੀ ਘੱਟਦੀ ਸੀਮਿਤ ਉਪਯੋਗਤਾ ਨਿਯਮ ਅਤੇ ਹਿੱਕਸ ਦੀ ਘੱਟਦੀ ਸੀਮਿਤ ਸਥਾਨਾਪਤੀ ਦਰ ਜਿਵੇਂ ਭ੍ਰਾਮਕ ਸਿਧਾਂਤ ਦਾ ਇਸਤੇਮਾਲ ਨਹੀਂ ਕਰਦਾ।
4. ਸੈਮਿਊਲਸਨ ਦੇ ਮੰਗ ਪ੍ਰਮੇਯ ਦੀ ਪਹਿਲੀ ਸਥਿਤੀ ਵਿੱਚ, ਸਲਟਸਕੀ ਦੇ ਸਥਾਨਾਪੰਤਾ-ਪ੍ਰਭਾਵ ਵਾਂਗ 'ਜ਼ਿਆਦਾ ਨੁਕਸਾਨ ਦੀ ਭਰਵਾਈ ਦਾ ਪ੍ਰਭਾਵ' (over compensation effect) ਹਿੱਕਸ ਦੇ ਸਥਾਨਾਪੰਤਾ-ਪ੍ਰਭਾਵ ਦੇ ਮੁਕਾਬਲੇ

ਨੋਟ

ਉਪਭੋਗਤਾ ਦੇ ਵਿਵਹਾਰ ਦੀ ਜ਼ਿਆਦਾ ਅਸਲੀ ਵਿਆਖਿਆ ਕਰਦਾ ਹੈ। ਵਸਤੂ X ਦੀ ਕੀਮਤ ਵਿੱਚ ਵਾਧਾ ਹੋਣ 'ਤੇ ਇਹ ਪ੍ਰਮੇਯ ਉਪਭੋਗਤਾ ਨੂੰ ਪਹਿਲਾਂ ਤੋਂ ਉਚੀ ਕੀਮਤ-ਆਮਦਨ ਸਥਿਤੀ ਵਿੱਚ ਆਉਣ ਦਿੰਦਾ ਹੈ ਅਤੇ ਵਸਤੂ X ਦੀ ਕੀਮਤ ਘੱਟ ਹੋਣ 'ਤੇ ਪਹਿਲਾਂ ਤੋਂ ਹੇਠਾਂ ਕੀਮਤ-ਆਮਦਨ ਸਥਿਤੀ ਵਿੱਚ ਲਿਆਉਂਦਾ ਹੈ। ਇਹ ਹਿੱਕਸ ਦੇ ਆਮਦਨ ਨੁਕਸਾਨ ਦੀ ਭਰਵਾਈ ਪਰਿਵਰਤਨ ਵਿੱਚ ਸੋਧ ਹੈ। ਹਿੱਕਸ ਨੇ ਨੁਕਸਾਨ ਦੀ ਭਰਵਾਈ ਦੇ ਪਰਿਵਰਤਨ ਦੇ ਨਿਯਮ ਨੂੰ ਛੱਡ ਦਿੱਤਾ ਹੈ ਅਤੇ ਆਪਣੀ Revision of Demand Theory ਵਿੱਚ 'ਜ਼ਿਆਦਾ ਨੁਕਸਾਨ ਦੀ ਭਰਵਾਈ ਦਾ ਪ੍ਰਭਾਵ' ਨੂੰ 'ਲਾਗਤ-ਅੰਤਰ' (cost difference) ਕਹਿ ਕੇ ਸੈਮਿਊਲਸਨ ਦੇ ਵਿਚਾਰ ਨੂੰ ਲੈ ਲਿਆ ਹੈ, ਇਸੇ ਤਰ੍ਹਾਂ, ਦੂਸਰੀ ਸਥਿਤੀ ਵਿੱਚ ਸੈਮਿਊਲਸਨ ਪ੍ਰਮੇਯ ਹਿੱਕਸ ਦੇ ਆਮਦਨ-ਪ੍ਰਭਾਵ ਦੀ ਬਹੁਤ ਹੀ ਅਸਾਨ ਢੰਗ ਨਾਲ ਵਿਆਖਿਆ ਕਰਦਾ ਹੈ। ਪ੍ਰੋ. ਹਿੱਕਸ 'ਖੁਦ ਇਸ ਸਿਧਾਂਤ ਦੀ ਸ੍ਰੇਸ਼ਠਤਾ ਨੂੰ ਸਵੀਕਾਰ ਕਰਦੇ ਹਨ, ਜਦੋਂ ਉਹ ਕਹਿੰਦੇ ਹਨ ਕਿ "ਉਦਾਸੀਨਤਾ ਵਿਧੀ ਦੇ ਸਪੱਸ਼ਟ ਵਿਕਲਪ ਦੇ ਰੂਪ ਵਿੱਚ ਇਸ ਨੂੰ (ਪ੍ਰਗਟਾਵਾ ਅਧਿਮਾਨ ਨੂੰ) ਪੇਸ਼ ਕਰਨਾ ਮੰਗ ਦੇ ਸਿਧਾਂਤ ਦੇ ਯੋਗਦਾਨ ਵਿੱਚ ਸੈਮਿਊਲਸਨ ਦੀ ਨਵੀਂ ਅਤੇ ਮਹੱਤਵਪੂਰਨ ਦੇਣ ਹੈ।"

5. ਇਹ ਪ੍ਰਮੇਯ ਸੰਗਤ (Consistent) ਚੋਣ ਦੇ ਅਧਾਰ 'ਤੇ ਨਿਰੀਖਣ ਦੇ ਯੋਗ ਵਿਵਹਾਰ ਦੇ ਰੂਪ ਵਿੱਚ ਕਲਿਆਣਕਾਰੀ ਅਰਥ ਸ਼ਾਸਤਰ ਦਾ ਅਧਾਰ ਪ੍ਰਦਾਨ ਕਰਦਾ ਹੈ।

ਸਵੈ ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions)-

4. ਮੰਗ ਦੀ ਆਮਦਨ ਲੋਚ ਹੈ-
   (ਅ) ਧਨਾਤਮਕ (ਬ) ਰਣਾਤਮਕ (ਸ) ਘੱਟ (ਦ) ਜ਼ਿਆਦਾ
5. ਪ੍ਰਗਟਾਵਾ ਅਧਿਮਾਨ ਸਿਧਾਂਤ ..... 'ਤੇ ਅਧਾਰਿਤ ਹੈ-
   (ਅ) ਆਦੇਸ਼ (ਬ) ਸ਼ਕਤੀ (ਸ) ਮਜ਼ਬੂਤ ਆਦੇਸ਼ (ਦ) ਬਿੰਦੂ
6. ਸੈਮਿਊਲਸਨ ਦਾ ਅਧਾਰਭੂਤ ..... ਸ਼ਰਤਬੰਦ ਹੈ, ਸਧਾਰਣ ਨਹੀਂ।
   (ਅ) ਪ੍ਰਮੇਯ (ਬ) ਨਿਰਮੇਯ (ਸ) ਸਿਧਾਂਤ (ਦ) ਨਿਯਮ
7. ਪ੍ਰਗਟਾਵਾ ਅਧਿਮਾਨ ਸਿਧਾਂਤ ਕੇਵਲ ਵਿਅਕਤੀਗਤ ..... 'ਤੇ ਲਾਗੂ ਹੁੰਦਾ ਹੈ।
   (ਅ) ਉਪਭੋਗਤਾ (ਬ) ਸ਼ਰਤ (ਸ) ਨਿਯਮ (ਦ) ਸਿਧਾਂਤ।

ਟਾਸਕ ਮੰਗ ਦੇ ਨਿਯਮ 'ਤੇ ਆਪਣੇ ਵਿਚਾਰ ਪ੍ਰਗਟ ਕਰੋ।

5.6 ਪ੍ਰਗਟਾਵਾ ਅਧਿਮਾਨ ਸਿਧਾਂਤ ਦੇ ਦੋਸ਼ (Defects of the Revealed Preference Theory)

ਸੈਮਿਊਲਸਨ ਦੇ ਵਿਵਹਾਰਵਾਦੀ ਕ੍ਰਮ-ਸੰਖਿਆਤਮਕ ਸਿਧਾਂਤ ਦੇ ਕਈ ਦੋਸ਼ ਹਨ-

ਪਹਿਲਾ, ਇਹ ਉਪਭੋਗਤਾ ਦੇ ਵਿਵਹਾਰ ਵਿੱਚ 'ਉਦਾਸੀਨਤਾ' ਦੀ ਇਕਦਮ ਇੱਛਾ ਕਰਦਾ ਹੈ। ਇਹ ਤਾਂ ਠੀਕ ਹੈ ਕਿ ਜਦੋਂ ਉਪਭੋਗਤਾ ਵਸਤੂਆਂ ਦੇ ਇਕ ਸੰਜੋਗ ਦਾ ਬਿੰਦੂ R 'ਤੇ ਚੋਣ ਕਰਦਾ ਹੈ ਤਾਂ ਉਹ ਕੀਮਤ-ਆਮਦਨ ਰੇਖਾ 'ਤੇ ਜਾਂ ਅੰਦਰ ਕਿਸੇ ਇਕ ਮੁੱਲ ਵਾਲੇ ਮੰਗ ਫਲਨ ਨਾਲ ਆਪਣੇ ਉਦਾਸੀਨਤਾ ਨੂੰ ਪ੍ਰਗਟ ਨਹੀਂ ਕਰਦਾ ਪਰ ਇਹ ਸੰਭਵ ਹੈ ਕਿ ਚਿੱਤਰ 5.8 ਵਿੱਚ ਦਿੱਤੇ ਗਏ ਬਿੰਦੂ ਵਿੱਚ R ਦੇ ਹਰ ਪਾਸੇ ਅਜਿਹੇ ਬਿੰਦੂ ਹੋਣ, ਜਿਵੇਂ A ਅਤੇ B ਜਿਨ੍ਹਾਂ ਪ੍ਰਤੀ ਉਪਭੋਗਤਾ ਉਦਾਸੀਨਤਾ ਰਹਿੰਦਾ ਹੈ, ਜਿਨ੍ਹਾਂ ਨੂੰ ਬ੍ਰਿਤ ਵਿੱਚ ਦਿਖਾਇਆ ਗਿਆ ਹੈ, ਜੇਕਰ **ਆਰਮਸਟ੍ਰਾਂਗ** (Armstrong) ਦੀ ਇਸ ਆਲੋਚਨਾ ਨੂੰ ਸਵੀਕਾਰ ਕਰ ਲਿਆ ਜਾਵੇ ਤਾਂ ਸੈਮਿਊਲਸਨ ਦਾ 'ਅਧਾਰਭੂਤ ਪ੍ਰਮੇਯ' ਹੀ ਖਤਮ ਹੋ ਜਾਂਦਾ ਹੈ। ਮੰਨ ਲਓ X ਦੀ ਕੀਮਤ ਵੱਧ ਜਾਂਦੀ ਹੈ ਅਤੇ ਉਪਭੋਗਤਾ ਦੀ ਨਵੀਂ ਬਜਟ ਰੇਖਾ LS ਹੋ ਜਾਂਦੀ ਹੈ। ਹੁਣ ਇਸ ਨੂੰ ਕੁਝ ਹੋਰ ਸਥਿਤੀ ਦਿਓ ਤਾਂ ਕਿ ਉਹ ਮੂਲ ਸੰਜੋਗ R ਨੂੰ ਰੇਖਾ PQ 'ਤੇ ਖਰੀਦ ਸਕੇ। ਇਸ ਨਵੀਂ ਕੀਮਤ-ਆਮਦਨ ਸਥਿਤੀ ਵਿੱਚ ਉਹ ਮੰਨ ਲਓ ਕਿ R ਤੋਂ ਹੇਠਾਂ B ਬਿੰਦੂ ਨੂੰ ਚੁਣਦਾ ਹੈ, ਅਜਿਹਾ ਇਸ ਲਈ ਕਿ ਆਰਮਸਟ੍ਰਾਂਗ ਇਹ ਮੰਨਦਾ ਹੈ ਕਿ ਉਪਭੋਗਤਾ ਚੁਣੇ ਹੋਏ ਬਿੰਦੂ ਦੇ ਇਰਧ-ਗਿਰਦ ਬਿੰਦੂਆਂ ਪ੍ਰਤੀ ਉਦਾਸੀਨ ਹੈ ਪਰ PQ ਕੀਮਤ-ਆਮਦਨ ਸਥਿਤੀ ਵਿੱਚ B ਦੀ ਚੋਣ ਤੋਂ ਮਤਲਬ ਹੈ ਕਿ ਉਪਭੋਗਤਾ X ਦੀ ਜ਼ਿਆਦਾ ਮਾਤਰਾ ਖਰੀਦਦਾ ਹੈ, ਜਦੋਂ ਉਸ

ਨੋਟ

ਦੀ ਕੀਮਤ ਵੱਧਦੀ ਹੈ। ਉਸ ਤੋਂ ਸੈਮਿਊਲਸਨ ਦਾ ਅਧਾਰਭੂਤ ਪ੍ਰਮੇਯ ਖਤਮ ਹੋ ਜਾਂਦਾ ਹੈ, ਕਿਉਂਕਿ X ਦੀ ਕੀਮਤ ਵਧਣ ਨਾਲ ਇਸ ਦੀ ਮੰਗ ਤੰਗ ਹੋਣ ਦੀ ਥਾਂ ਵਧੀ ਹੈ।

ਦੂਸਰਾ, ਪ੍ਰੋਫੈਸਰ ਹਿੱਕਸ ਦੇ ਅਨੁਸਾਰ ਕਿਉਂਕਿ ਪ੍ਰਗਟਾਵਾ ਅਧਿਮਾਨ ਸਿਧਾਂਤ **ਮਜ਼ਬੂਤ ਆਦੇਸ਼** (strong ordering) 'ਤੇ ਅਧਾਰਿਤ ਹੈ, ਇਸ ਲਈ ਇਹ ਮੰਨ ਸਕਣਾ ਸੰਭਵ ਨਹੀਂ ਕਿ "ਉਹ ਸਾਰੇ ਰੇਖਾ ਗਣਿਤ ਬਿੰਦੂ ਜੋ ਤ੍ਰਿਭੁੱਜ (ਸਾਡੇ ਚਿੱਤਰ ਵਿੱਚ OLM) ਦੇ ਅੰਦਰ ਜਾਂ ਉਪਰ ਸਥਿਤ ਹੋਵੇ, ਪ੍ਰਭਾਵਸ਼ਾਲੀ ਵਿਕਲਪਾਂ ਨੂੰ ਪ੍ਰਗਟ ਕਰੋ, ਇਕ ਦੂਸਰਾ-ਆਯਾਮ ਸੰਤਤੀ (two dimensional continuum) ਦਾ ਮਜ਼ਬੂਤ ਸੰਭਵ ਨਹੀਂ। ਇਸ ਲਈ ਸਾਡੇ ਕੋਲ ਇਹ ਮੰਨ ਲੈਣ ਤੋਂ ਸਿਵਾਏ ਕੋਈ ਚਾਰਾ ਨਹੀਂ ਕਿ ਵਸਤੂਆਂ ਕੇਵਲ ਅਲੱਗ-ਅਲੱਗ ਇਕਾਈਆਂ ਵਿੱਚ ਮਿਲਦੀਆਂ ਹਨ। ਇਸ ਲਈ ਚਿੱਤਰ ਨੂੰ ਕੇਵਲ ਵਰਗ-ਪੱਤਰ (squared paper) 'ਤੇ ਹੀ ਖਿੱਚਣ ਦਾ ਵਿਚਾਰ ਕੀਤਾ ਜਾ ਸਕਦਾ ਹੈ ਅਤੇ ਪ੍ਰਭਾਵਸ਼ਾਲੀ ਵਿਕਲਪ ਵਰਗਾਂ ਦੇ ਕੋਨਿਆਂ 'ਤੇ ਹੀ ਸਥਿਰ ਹੋ ਸਕਦੇ ਹਨ। ਖੁਦ ਬਿੰਦੂ R ਵੀ ਸਪੱਸ਼ਟ ਰੂਪ ਵਿੱਚ ਵਰਗ ਕੋਣ 'ਤੇ ਹੀ ਸਥਿਤ ਹੋਵੇਗਾ।



ਚਿੱਤਰ 5.8

ਤੀਸਰਾ, ਸੈਮਿਊਲਸਨ ਦਾ ਅਧਾਰਭੂਤ ਪ੍ਰਮੇਯ ਸ਼ਰਤਬੰਦ ਹੈ, ਸਧਾਰਣ ਨਹੀਂ। ਇਹ ਇਸ ਤੱਥ 'ਤੇ ਅਧਾਰਿਤ ਹੈ ਕਿ ਧਨਾਤਮਕ ਆਮਦਨ-ਲੋਚ ਵਿੱਚ ਰਣਾਤਮਕ ਆਮਦਨ-ਲੋਚ ਸ਼ਾਮਿਲ ਹੁੰਦੀ ਹੈ, ਕਿਉਂਕਿ ਕੀਮਤ-ਪ੍ਰਭਾਵ ਆਮਦਨ ਅਤੇ ਸਥਾਨਾਪੰਤਾ-ਪ੍ਰਭਾਵਾਂ ਦੇ ਮੇਲ ਨਾਲ ਬਣਦਾ ਹੈ, ਇਸ ਲਈ ਨਿਰੀਖਣ ਦੇ ਪੱਧਰ 'ਤੇ ਸਥਾਨਾਪੰਤਾ-ਪ੍ਰਭਾਵ, ਆਮਦਨ-ਪ੍ਰਭਾਵ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਜੇਕਰ ਆਮਦਨ ਪ੍ਰਭਾਵ ਧਨਾਤਮਕ ਨਹੀਂ ਹੈ ਤਾਂ ਮੰਗ ਦੀ ਕੀਮਤ-ਲੋਚ ਅਨਿਸ਼ਚਿਤ ਹੋਵੇਗੀ। ਦੂਸਰੇ ਪਾਸੇ ਜੇਕਰ ਮੰਗ ਆਮਦਨ-ਲੋਚ ਧਨਾਤਮਕ ਹੋਵੇ ਤਾਂ ਕੀਮਤ ਵਿੱਚ ਪਰਿਵਰਤਨ ਦੇ ਕਾਰਨ ਹੋਣ ਵਾਲੇ ਸਥਾਨਾਪੰਤਾ ਪ੍ਰਭਾਵ ਨੂੰ ਨਿਰਧਾਰਿਤ ਨਹੀਂ ਕੀਤਾ ਜਾ ਸਕਦਾ। ਇਸ ਲਈ ਸੈਮਿਊਲਸਨ ਦੇ ਪ੍ਰਮੇਯ ਵਿੱਚ ਆਮਦਨ-ਪ੍ਰਭਾਵ ਅਤੇ ਸਥਾਨਾਪੰਤਾ ਪ੍ਰਭਾਵ ਵਿੱਚ ਫਰਕ ਨਹੀਂ ਕੀਤਾ ਜਾ ਸਕਦਾ।

ਚੌਥਾ, ਸੈਮਿਊਲਸਨ ਦਾ ਪ੍ਰਗਟਾਵਾ ਅਧਿਮਾਨ ਸਿਧਾਂਤ **ਗਿੱਫਨ** ਦੇ ਵਿਰੋਧਤਾ ਦੀ ਭਾਵਨਾ ਦਾ ਹੱਲ ਨਹੀਂ ਦਿੰਦਾ, ਕਿਉਂਕਿ ਇਹ ਕੇਵਲ ਮੰਗ ਦੀ ਧਨਾਤਮਕ ਆਮਦਨ ਲੋਚ 'ਤੇ ਵਿਚਾਰ ਕਰਦਾ ਹੈ, ਜਦੋਂ ਕਿ ਗਿੱਫਨ ਵਿਰੋਧਤਾ ਦੀ ਭਾਵਨਾ ਦਾ ਰਣਾਤਮਕ ਆਮਦਨ-ਲੋਚ ਨਾਲ ਸਬੰਧ ਹੈ। ਮਾਰਸ਼ਲ ਦੇ ਮੰਗ ਦੇ ਸਿਧਾਂਤ ਵਾਂਗ, ਸੈਮਿਊਲਸਨ ਦਾ ਪ੍ਰਮੇਯ ਵੀ ਇਨ੍ਹਾਂ ਦੋਵਾਂ ਵਿੱਚ ਫਰਕ ਨਹੀਂ ਕਰ ਸਕਦਾ। ਇਕ ਤਾਂ ਘਟੀਆ ਸਥਾਨਾਪੰਤਾ-ਪ੍ਰਭਾਵ ਤੋਂ ਯੁਕਤ ਗਿੱਫਨ ਵਸਤੂ ਦਾ ਰਣਾਤਮਕ ਆਮਦਨ-ਪ੍ਰਭਾਵ ਅਤੇ ਦੂਸਰਾ ਸ਼ਕਤੀਸ਼ਾਲੀ ਸਥਾਨਾਪੰਤਾ-ਪ੍ਰਭਾਵ ਤੋਂ ਯੁਕਤ ਰਣਾਤਮਕ ਪ੍ਰਭਾਵ-ਇਸ ਲਈ ਸੈਮਿਊਲਸਨ ਪ੍ਰਮੇਯ ਹਿੱਕਸ-ਏਲਨ ਦੇ ਕੀਮਤ ਪ੍ਰਭਾਵ ਤੋਂ ਘਟੀਆ ਅਤੇ ਘੱਟ ਸੰਪੂਰਨ ਹੈ।

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚੋਂ ਸਹੀ/ਗਲਤ ਲੱਭੋ

(State Whether the following statements are True/False)-

8. ਚੋਣ ਅਧਿਮਾਨ ਨੂੰ ਪ੍ਰਗਟ ਕਰਦਾ ਹੈ।

9. ਹਿੱਕਸ-ਏਲਨ ਦਾ ਸਿਧਾਂਤ ਪ੍ਰਗਟਾਵਾ ਅਧਿਮਾਨ ਉਪ-ਕਲਪਨਾ ਤੋਂ ਸ੍ਰੇਸ਼ਠ ਹੈ। ਨੋਟ

10. ਪ੍ਰਗਟਾਵਾ ਅਧਿਮਾਨ ਉਪ-ਕਲਪਨਾ ਪੂਰਵ ਮੰਗ ਪ੍ਰਮੇਯੋ ਤਾਂ ਜ਼ਿਆਦਾ ਅਸਲੀ ਅਤੇ ਵਿਗਿਆਨਿਕ ਹੈ।

ਪੰਜਵਾਂ, ਇਹ ਮਾਨਤਾ ਕਿ ਉਪਭੋਗਤਾ ਦਿੱਤੀ ਹੋਈ ਕੀਮਤ-ਆਮਦਨ ਸਥਿਤੀ 'ਤੇ ਕੇਵਲ ਇਕ ਹੀ ਸੰਜੋਗ ਚੁਣਦਾ ਹੈ, ਗਲਤ ਹੈ। ਇਸ ਦਾ ਮਤਲਬ ਹੈ ਕਿ ਉਪਭੋਗਤਾ ਦੋਵਾਂ ਵਸਤੂਆਂ ਵਿੱਚੋਂ ਥੋੜ੍ਹੀ-ਥੋੜ੍ਹੀ ਚੋਣ ਕਰਦਾ ਹੈ ਪਰ ਅਜਿਹਾ ਬਹੁਤ ਘੱਟ ਹੁੰਦਾ ਹੈ ਕਿ ਕੋਈ ਵੀ ਵਿਅਕਤੀ ਹਰ ਵਸਤੂ ਦਾ ਥੋੜ੍ਹਾ-ਥੋੜ੍ਹਾ ਭਾਗ ਖਰੀਦੇ।

ਛੇਵਾਂ, ਇਸ ਮਾਨਤਾ ਦੀ ਵੀ ਆਲੋਚਨਾ ਕੀਤੀ ਗਈ ਹੈ "ਚੋਣ ਅਧਿਮਾਨ ਨੂੰ ਪ੍ਰਗਟ ਕਰਦਾ ਹੈ"। ਚੋਣ ਵਿਚਾਰਸ਼ੀਲ ਉਪਭੋਗਤਾ ਵਿਵਹਾਰ ਦੀ ਤੁਲਨਾ ਕਰਦਾ ਹੈ, ਕਿਉਂਕਿ ਇਕ ਉਪਭੋਗਤਾ ਹਰ ਸਮੇਂ ਵਿਚਾਰਸ਼ੀਲਤਾ ਨਾਲ ਕੰਮ ਨਹੀਂ ਕਰਦਾ, ਇਸ ਲਈ ਹੋ ਸਕਦਾ ਹੈ ਕਿ ਵਸਤੂਆਂ ਦੇ ਇਕ ਵਿਸ਼ੇਸ਼ ਸੰਜੋਗ ਦੀ ਚੋਣ ਉਸ ਦੇ ਪ੍ਰਤੀ ਉਪਭੋਗਤਾ ਦੇ ਅਧਿਮਾਨ ਨੂੰ ਪ੍ਰਗਟ ਨਾ ਕਰੇ। ਇਸ ਲਈ ਇਹ ਪ੍ਰਮੇਯ ਮਾਰਕੀਟ ਵਿੱਚ ਉਪਭੋਗਤਾ ਦੇ ਅਵਲੋਕਿਤ ਵਿਵਹਾਰ 'ਤੇ ਅਧਾਰਿਤ ਨਹੀਂ ਹੈ, ਸਗੋਂ ਹੋਰ ਸਾਰੇ ਆਰਥਿਕ ਸਿਧਾਂਤਾਂ ਵਾਂਗ ਇਹ ਵੀ ਅਵਿਵਹਾਰਿਕ ਅਭਿਆਸ ਹੈ।

ਸੱਤਵਾਂ, ਪ੍ਰਗਟਾਵਾ ਅਧਿਮਾਨ ਸਿਧਾਂਤ ਕੇਵਲ ਵਿਅਕਤੀਗਤ ਉਪਭੋਗਤਾ 'ਤੇ ਲਾਗੂ ਹੁੰਦਾ ਹੈ। ਇਸ ਸਿਧਾਂਤ ਦੀ ਸਹਾਇਤਾ ਨਾਲ, 'ਹੋਰ ਸਾਰੀਆਂ ਗੱਲਾਂ ਬਰਾਬਰ ਰਹਿੰਦੀਆਂ ਹਨ।' ਇਹ ਮੰਨ ਕੇ ਹਰ ਉਪਭੋਗਤਾ ਲਈ ਰਣਨਾਤਮਕ ਢਲਾਣ ਵਾਲੇ ਮੰਗ ਵਕ੍ਰ ਖਿੱਚੇ ਜਾ ਸਕਦੇ ਹਨ ਪਰ ਇਹ ਤਕਨੀਕੀ ਮਾਰਕੀਟ ਮੰਗ ਅਨੁਸੂਚੀਆਂ ਨੂੰ ਖਿੱਚਣ ਵਿੱਚ ਸਹਾਇਤਾ ਨਹੀਂ ਦਿੰਦੀ, ਕਿਉਂਕਿ ਮਾਰਕੀਟ ਵਿੱਚ ਜਦੋਂ ਵਸਤੂ X ਦੀ ਕੀਮਤ ਡਿੱਗਦੀ ਹੈ ਤਾਂ ਇਸ ਨਾਲ ਹੋਰ ਵਸਤੂਆਂ ਦੀਆਂ ਕੀਮਤਾਂ ਪ੍ਰਭਾਵਿਤ ਹੋ ਸਕਦੀਆਂ ਹਨ ਜੋ ਸਮਾਜ ਵਿੱਚ ਅਸਲੀ ਆਮਦਨ ਦੀ ਵੰਡ ਨੂੰ ਬਦਲ ਦੇਵੇਗੀ, ਜਦੋਂ ਕਿ ਇਸ ਵਸਤੂ X ਦੇ ਲਈ ਹਰੇਕ ਵਿਅਕਤੀ ਦਾ ਮੰਗ ਵਕ੍ਰ ਹੇਠਾਂ ਵੱਲ ਢੱਲਦਾ ਹੁੰਦਾ ਹੈ, ਫਿਰ ਵੀ ਕੀਮਤਾਂ ਦੇ ਕਿਸੇ ਵਿਸ਼ੇਸ਼ ਖੇਤਰ ਵਿੱਚ ਅਸਲੀ ਆਮਦਨ ਦੀ ਪੁਨਰ ਵੰਡ ਵਿੱਚ ਮਾਰਕੀਟ ਦਾ ਮੰਗ ਵਕ੍ਰ ਉਪਰ ਵੱਲ ਢਲਿਆ ਪਾਇਆ ਜਾਂਦਾ ਹੈ। ਹਿੱਕਸ-ਏਲਨ ਦਾ ਸਿਧਾਂਤ ਪ੍ਰਗਟਾਵਾ ਅਧਿਮਾਨ ਉਪ-ਕਲਪਨਾ ਤੋਂ ਸ੍ਰੇਸ਼ਠ ਹੈ, ਕਿਉਂਕਿ ਉਹ ਕੀਮਤ ਉਪਭੋਗ ਵਕ੍ਰਾਂ ਤੋਂ ਵਿਅਕਤੀ ਅਤੇ ਮਾਰਕੀਟ ਦੋਵਾਂ ਦੇ ਮੰਗ ਵਕ੍ਰਾਂ ਦਾ ਫੈਸਲਾ ਕਰ ਸਕਦਾ ਹੈ।

ਅੱਠਵਾਂ, ਟੀ. ਮਜੂਮਦਾਰ ਦੇ ਅਨੁਸਾਰ ਪ੍ਰਗਟਾਵਾ ਅਧਿਮਾਨ ਉਪ-ਕਲਪਨਾ ਉਨ੍ਹਾਂ ਸਥਿਤੀਆਂ ਲਈ ਅਸਮਰੱਥ ਹੈ, ਜਿੱਥੇ ਵਿਅਕਤੀ ਚੋਣਕਰਤਾ ਖੇਡ ਸਿਧਾਂਤ ਕਿਸਮ ਦੀਆਂ ਕੂਟਨੀਤੀਆਂ ਇਸਤੇਮਾਲ ਕਰਨ ਵਿੱਚ ਸਮਰੱਥ ਹੈ।

ਆਖਰੀ, ਪ੍ਰਗਟਾਵਾ ਅਧਿਮਾਨ ਸਿਧਾਂਤ ਉਪਭੋਗਤਾ ਦੇ ਵਿਵਹਾਰ ਵਿੱਚ ਮੁਸ਼ਕਿਲ ਜਾਂ ਅਨਿਸ਼ਚਿਤਤਾ ਵਾਲੀ ਚੋਣ ਦਾ ਵਿਸ਼ਲੇਸ਼ਣ ਕਰਨ ਵਿੱਚ ਅਸਫਲ ਰਿਹਾ ਹੈ। ਜੇਕਰ ਤਿੰਨ ਸਥਿਤੀਆਂ A, B, C ਹੋਵੇ ਤਾਂ ਉਪਭੋਗਤਾ A ਨੂੰ B ਤੋਂ ਅਧਿਮਾਨ ਦਿੰਦਾ ਹੈ ਅਤੇ C ਤੋਂ A ਨਾਲ। ਇਸ ਵਿੱਚੋਂ A ਨਿਸ਼ਚਿਤ ਹੈ ਪਰ B ਜਾਂ C ਦੀ ਸੰਭਾਵਨਾ 50-50 ਹੈ। ਅਜਿਹੀ ਸਥਿਤੀ ਵਿੱਚ ਉਪਭੋਗਤਾ ਦਾ C ਨੂੰ A ਨਾਲ ਅਧਿਮਾਨ ਦੇਣਾ ਉਸ ਦੇ ਅਵਲੋਕਨ ਵਿਵਹਾਰ 'ਤੇ ਅਧਾਰਿਤ ਨਹੀਂ ਕਿਹਾ ਜਾ ਸਕਦਾ।

5.7 ਸਾਰੰਸ਼ (Summary)

ਇਸ ਵਿਵੇਚਨ ਤੋਂ ਪਤਾ ਲੱਗਦਾ ਹੈ ਕਿ ਪ੍ਰਗਟਾਵਾ ਅਧਿਮਾਨ ਸਿਧਾਂਤ ਕਿਸੇ ਵੀ ਤਰ੍ਹਾਂ ਹਿੱਕਸ-ਏਲਨ ਦੇ ਉਦਾਸੀਨਤਾ ਵਿਸ਼ਲੇਸ਼ਣ ਵਿੱਚ ਸੁਧਾਰ ਨਹੀਂ ਹੈ, ਉਹ ਸਥਾਨਾਪੰਤਾ-ਪ੍ਰਭਾਵ ਨੂੰ ਆਮਦਨ ਪ੍ਰਭਾਵ ਤੋਂ ਅਲੱਗ ਨਹੀਂ ਕਰ ਸਕਦਾ, ਗਿੱਫਨ ਦੇ ਵਿਰੋਧਤਾ ਦੀ ਭਾਵਨਾ ਨੂੰ ਛੱਡ ਦਿੰਦਾ ਹੈ ਅਤੇ ਮਾਰਕੀਟ ਮੰਗ ਵਿਸ਼ਲੇਸ਼ਣ ਦਾ ਅਧਿਐਨ ਨਹੀਂ ਕਰ ਸਕਦਾ, ਫਿਰ ਵੀ ਇਕ-ਮੂਲ ਵਾਲੇ ਮੰਗ ਫਲਨ ਦੀ ਜਗ੍ਹਾ 'ਤੇ ਉਪਭੋਗਤਾ ਦੇ ਅਵਲੋਕਿਤ ਮਾਰਕੀਟ ਵਿਵਹਾਰ ਦਾ ਤੱਥ ਪ੍ਰਗਟਾਵਾ ਅਧਿਮਾਨ ਸਿਧਾਂਤ ਨੂੰ ਉਦਾਸੀਨਤਾ ਵਕ੍ਰ ਤਕਨੀਕ ਦੀ ਤੁਲਨਾ ਵਿੱਚ ਜ਼ਿਆਦਾ ਅਸਲੀ ਬਣਾ ਦਿੰਦਾ ਹੈ। ਇਸ ਤਰ੍ਹਾਂ, ਸੈਮਿਉਲਸਨ ਦਾ ਵਿਵਹਾਰਵਾਦੀ ਕ੍ਰਮ-ਸੰਖਿਆਤਮਕ ਉਪਯੋਗਤਾ ਵਿਸ਼ਲੇਸ਼ਣ ਹਿੱਕਸ-ਏਲਨ ਦੇ ਅੰਤਰਦਰਸ਼ੀ ਕ੍ਰਮ-ਸੰਖਿਆਤਮਕ ਉਪਯੋਗਤਾ ਸਿਧਾਂਤ ਦਾ ਸਪੱਸ਼ਟ ਵਿਕਲਪ ਹੈ।

5.8 ਸ਼ਬਦਕੋਸ਼ (Keywords)

1. **ਵਯੁਉਤਪਤੀ** (Origin)- ਉਤਪਤੀ।
2. **ਖੇਤਰ** (Zone)- ਸਥਾਨ।
3. **ਪ੍ਰਕਟਿਤ** (Revealed) ਪ੍ਰਗਟ ਕੀਤਾ ਹੋਇਆ।

5.9 ਅਭਿਆਸ ਪ੍ਰਸ਼ਨ (Review Questions)

1. ਮੰਗ ਦੇ ਨਿਯਮ ਦੇ ਬਾਰੇ ਤੁਸੀਂ ਕੀ ਜਾਣਦੇ ਹੋ?
2. ਕੀਮਤ ਵਿੱਚ ਕਮੀ ਤੋਂ ਕੀ ਭਾਵ ਹੈ?

ਨੋਟ

3. ਪ੍ਰਗਟਾਵਾ ਅਧਿਮਾਨ ਸਿਧਾਂਤ ਦੀ ਸ੍ਰੇਸ਼ਠਤਾ ਤੋਂ ਤੁਸੀਂ ਕੀ ਸਮਝਦੇ ਹੋ?

4. ਪ੍ਰਗਟਾਵਾ ਅਧਿਮਾਨ ਸਿਧਾਂਤ ਦੇ ਦੋਸ਼ਾਂ ਦਾ ਵਰਨਣ ਕਰੋ।

ਉਤਰ: ਸਵੈ ਮੁਲਾਂਕਣ (Answers: Self Assessment)

1. ਕ੍ਰਮ-ਸੰਖਿਆਤਮਕ	2. ਉਪ-ਕਲਪਨਾ	3. ਪਰਿਵਰਤਨ	4. (ਅ)
5. (ਸ)	6. (ਅ)	7. (ਅ)	8. ਸਹੀ
9. ਸਹੀ	10. ਸਹੀ		

5.10 ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕਰੋਇਕਨੋਮਿਕਸ : ਐਨ. ਐਡਵਾਂਸ ਟ੍ਰੀਟਾਇਜ਼-ਐਸ. ਪੀ. ਐਸ. ਚੌਹਾਨ, ਪੀ. ਐਚ. ਆਈ. ਲਰਨਿੰਗ।

2. ਮਾਈਕਰੋਇਕਨੋਮਿਕਸ : ਬਿਹੇਵੀਅਰ, ਇੰਸਟੀਟਿਊਸ਼ਨਜ਼ ਐਂਡ ਇਵੈਲਿਊਏਸ਼ਨ-ਸੈਮਪੂਲ ਬੋਵੈਲਸ ਆਕਸਫੋਰਡ ਯੂਨੀਵਰਸਿਟੀ ਪ੍ਰੈਸ, 2004।

3. ਮਾਈਕਰੋਇਕਨੋਮਿਕਸ : ਪ੍ਰਿੰਸੀਪਲਜ਼ ਐਪਲੀਕੇਸ਼ਨ ਐਂਡ ਟੂਲਸ-ਸੰਜੇ ਬਾਸੋਤੀਆ, ਡੀ. ਐਨ. ਡੀ. ਪਬਲੀਕੇਸ਼ਨਜ਼, 2010।

ਨੋਟ

ਇਕਾਈ-6: ਮੰਗ ਅਤੇ ਮੰਗ ਦੀ ਲੋਚ ਦੇ ਸਿਧਾਂਤ (Theory of Demand and Elasticity of Demand)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

6.1 ਮੰਗ ਦੀ ਧਾਰਨਾ (Concept of Demand)

6.2 ਮੰਗ ਤਾਲਿਕਾ ਅਤੇ ਮੰਗ ਵਕ੍ਰ (Demand Schedule and Demand Curve)

6.3 ਮੰਗ ਦੇ ਨਿਰਧਾਰਕ ਤੱਤ ਜਾਂ ਮੰਗ ਫਲਨ (Determinants of Demand or Demand Function)

6.4 ਵੱਖ-ਵੱਖ ਨਿਰਧਾਰਕ ਤੱਤ ਕਿਵੇਂ ਕੰਮ ਕਰਦੇ ਹਨ? (How do Different Determinants Work?)

6.5 ਮੰਗੀ ਗਈ ਮਾਤਰਾ ਵਿੱਚ ਪਰਿਵਰਤਨ ਅਤੇ ਮੰਗ ਵਿੱਚ ਪਰਿਵਰਤਨ
(Change in Quantity Demanded and Change in Demand)

ਜਾਂ

ਮੰਗ ਵਕ੍ਰ 'ਤੇ ਸੰਚਲਨ ਅਤੇ ਮੰਗ ਵਕ੍ਰ ਦਾ ਖਿਸਕਾਅ
(Movement Along Demand Curve and Shift of the Demand Curve)

6.6 ਮੰਗ ਵਿਚ ਵਿਸਥਾਰ ਅਤੇ ਵਾਧੇ ਵਿੱਚ ਅੰਤਰ
(Distinction between Extension and Increase in Demand)

6.7 ਮੰਗ ਵਿੱਚ ਸੰਕੁਚਨ ਅਤੇ ਕਮੀ ਵਿੱਚ ਅੰਤਰ
(Distinction between Contraction and Decrease in Demand)

6.8 ਮੰਗ ਦੀ ਲੋਚ (Elasticity of Demand)

6.9 ਮੰਗ ਦੀ ਕੀਮਤ ਲੋਚ (Price Elasticity of Demand)

6.10 ਮੰਗ ਦੀ ਕੀਮਤ ਲੋਚ ਦੀਆਂ ਦੋ ਅੰਤਿਮ ਹੱਦਾਂ
(Two Extreme Situations of Price Elasticity of Demand)

6.11 ਮੰਗ ਦੀ ਕੀਮਤ ਲੋਚ ਦੀਆਂ ਸਧਾਰਣ ਸਥਿਤੀਆਂ
(Normal Situations of Price Elasticity of Demand)

6.12 ਮੰਗ ਦੀ ਲੋਚ ਦੀਆਂ ਵੱਖ-ਵੱਖ ਸਥਿਤੀਆਂ E=1, E>1 ਅਤੇ E<1 ਨੂੰ ਪ੍ਰਗਟ ਕਰਨ ਵਾਲੀਆਂ ਮੰਗ ਵਕ੍ਰਾਂ
(Demand Curves Showing E=1, E>1 and E<1)

6.13 ਮੰਗ ਦੀ ਕੀਮਤ ਲੋਚ ਦਾ ਨਾਪ (Measurement of Price Elasticity of Demand)

6.14 ਮੰਗ ਦੀ ਲੋਚ ਨਾਲ ਸਬੰਧਿਤ ਕੁਝ ਪ੍ਰਮੇਯ (Some Theorems of Elasticity of Demand)

6.15 ਮੰਗ ਦੀ ਕੀਮਤ ਲੋਚ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ
(Factors Determining the Price Elasticity of Demand)

6.16 ਮੰਗ ਦੀ ਆਮਦਨ ਲੋਚ (Income Elasticity of Demand)

6.17 ਮੰਗ ਦੀ ਆਮਦਨ ਲੋਚ ਦਾ ਨਾਪ (Measurement of Income Elasticity of Demand)

ਨੋਟ

6.18 ਮੰਗ ਦੀ ਆਮਦਨ ਲੋਚ ਦੀਆਂ ਸ਼੍ਰੇਣੀਆਂ (Degrees of Income Elasticity of Demand)
6.19 ਮੰਗ ਦੀ ਟੇਢੀ ਲੋਚ (Cross Elasticity of Demand)
6.20 ਮੰਗ ਦੀ ਟੇਢੀ ਲੋਚ ਦਾ ਨਾਪ (Measurement of Cross Elasticity of Demand)
6.21 ਮੰਗ ਦੀ ਟੇਢੀ ਲੋਚ ਦੀ ਪ੍ਰਕਿਰਤੀ ਅਤੇ ਸ਼੍ਰੇਣੀਆਂ (Nature and Degrees of Cross Elasticity of Demand)
6.22 ਮੰਗ ਦੀ ਕੀਮਤ ਲੋਚ ਦਾ ਮਹੱਤਵ (Importance of Price Elasticity of Demand)
6.23 ਸਾਰੰਸ਼ (Summary)
6.24 ਸ਼ਬਦਕੋਸ਼ (Keywords)
6.25 ਅਭਿਆਸ ਪ੍ਰਸ਼ਨ (Review Questions)
6.26 ਸਬੰਧਿਤ ਪੁਸਤਕਾਂ (Further Readings)

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਮੰਗ ਦੀ ਧਾਰਨਾ ਜਾਨਣ ਸਬੰਧੀ।
- ਮੰਗ ਦੀ ਕੀਮਤ ਲੋਚ ਦਾ ਅਧਿਐਨ ਕਰਨ ਸਬੰਧੀ।
- ਮੰਗ ਦੀ ਆਮਦਨ ਲੋਚ ਨੂੰ ਜਾਨਣ ਸਬੰਧੀ।
- ਮੰਗ ਦੀ ਟੇਢੀ ਲੋਚ ਸਮਝਣ ਸਬੰਧੀ।

ਪ੍ਰਸਤਾਵਨਾ (Introduction)

ਅਰਥ ਸ਼ਾਸਤਰ ਵਿੱਚ 'ਮੰਗ' ਸ਼ਬਦ ਦਾ ਇਸਤੇਮਾਲ ਵਿਸ਼ੇਸ਼ ਅਰਥਾਂ ਵਿੱਚ ਕੀਤਾ ਜਾਂਦਾ ਹੈ। ਸਧਾਰਣ ਤੌਰ 'ਤੇ ਇੱਛਾ, ਜ਼ਰੂਰਤ ਅਤੇ ਮੰਗ ਸ਼ਬਦਾਂ ਦਾ ਇਸਤੇਮਾਲ ਇਕ ਹੀ ਅਰਥ ਵਿੱਚ ਕੀਤਾ ਜਾਂਦਾ ਹੈ ਪਰ ਅਰਥ ਸ਼ਾਸਤਰ ਵਿੱਚ ਇਨ੍ਹਾਂ ਤਿੰਨਾਂ ਸ਼ਬਦਾਂ ਦੇ ਅਰਥ ਵੱਖ-ਵੱਖ ਹੁੰਦੇ ਹਨ। ਇੱਛਾ ਇਕ ਅਭਿਲਾਸ਼ਾਪੂਰਨ ਵਿਚਾਰ ਹੈ। ਜੇਕਰ ਤੁਹਾਡੀ ਇਕ ਰੰਗੀਨ ਟੀ. ਵੀ. ਲੈਣ ਦੀ ਇੱਛਾ ਹੈ ਪਰ ਤੁਹਾਡੇ ਕੋਲ ਕਾਫੀ ਧਨ ਨਹੀਂ ਹੈ ਤਾਂ ਇੱਛਾ ਜਾਂ ਚਾਹੁਣਾ ਆਰਥਿਕ ਦ੍ਰਿਸ਼ਟੀ ਨਾਲ ਕੇਵਲ **ਇੱਛਾ** (Desire) ਜਾਂ **ਅਭਿਲਾਸ਼ਾਪੂਰਨ ਵਿਚਾਰ** (Wishful Thinking) ਹੀ ਹੈ। **ਮੰਗ** (Demand) ਨਹੀਂ ਅਤੇ ਜੇਕਰ ਕਾਫੀ ਧਨ ਹੁੰਦੇ ਹੋਏ ਵੀ ਤੁਸੀਂ ਇਸ ਨੂੰ ਰੰਗੀਨ ਟੀ. ਵੀ. 'ਤੇ ਖਰਚ ਕਰਨਾ ਨਹੀਂ ਚਾਹੁੰਦੇ ਤਾਂ ਇਹ ਇੱਛਾ ਕੇਵਲ **ਜ਼ਰੂਰਤ** (Want) ਹੀ ਅਖਵਾਏਗੀ, ਮੰਗ ਨਹੀਂ।

6.1 ਮੰਗ ਦੀ ਧਾਰਨਾ (Concept of Demand)

ਅਰਥ ਸ਼ਾਸਤਰ ਵਿੱਚ 'ਮੰਗ' ਸ਼ਬਦ ਦਾ ਇਸਤੇਮਾਲ ਵਿਸ਼ੇਸ਼ ਅਰਥਾਂ ਵਿੱਚ ਕੀਤਾ ਜਾਂਦਾ ਹੈ। ਸਧਾਰਣ ਤੌਰ 'ਤੇ ਇੱਛਾ, ਜ਼ਰੂਰਤ ਅਤੇ ਮੰਗ ਸ਼ਬਦਾਂ ਦਾ ਇਸਤੇਮਾਲ ਹੀ ਅਰਥ ਵਿੱਚ ਕੀਤਾ ਜਾਂਦਾ ਹੈ ਪਰ ਅਰਥ ਸ਼ਾਸਤਰ ਵਿੱਚ ਇਨ੍ਹਾਂ ਤਿੰਨਾਂ ਸ਼ਬਦਾਂ ਦੇ ਅਰਥ ਵੱਖ ਹੁੰਦੇ ਹਨ। ਇੱਛਾ ਇਕ ਅਭਿਲਾਸ਼ਾ ਪੂਰਨ ਵਿਚਾਰ ਹੈ, ਜੇਕਰ ਤੁਹਾਡੀ ਇਕ ਰੰਗੀ ਟੀ. ਵੀ. ਲੈਣ ਦੀ ਇੱਛਾ ਹੈ ਪਰ ਤੁਹਾਡੇ ਕੋਲ ਕਾਫੀ ਧਨ ਨਹੀਂ ਹੈ ਤਾਂ ਇੱਛਾ ਜਾਂ ਚਾਹੁਣਾ ਆਰਥਿਕ ਦ੍ਰਿਸ਼ਟੀ ਨਾਲ ਕੇਵਲ **ਇੱਛਾ** (Desire) ਜਾਂ **ਅਭਿਲਾਸ਼ਾਪੂਰਨ ਵਿਚਾਰ** (Wishful Thinking) ਹੀ ਹੈ। **ਮੰਗ** (Demand) ਨਹੀਂ ਅਤੇ ਜੇਕਰ ਕਾਫੀ ਧਨ ਹੁੰਦੇ ਹੋਏ ਵੀ ਤੁਸੀਂ ਇਸਨੂੰ ਰੰਗੀਨ ਟੀ. ਵੀ. 'ਤੇ ਖਰਚ ਕਰਨਾ ਨਹੀਂ ਚਾਹੁੰਦੇ ਤਾਂ ਇਹ ਇੱਛਾ ਕੇਵਲ **ਜ਼ਰੂਰਤ** (Want) ਹੀ ਅਖਵਾਏਗੀ, ਮੰਗ ਨਹੀਂ। ਇਹ ਇੱਛਾ ਉਸੇ ਸਥਿਤੀ ਵਿੱਚ ਮੰਗ ਦਾ ਰੂਪ ਧਾਰਨ ਕਰੇਗੀ, ਜਿਸ ਸਥਿਤੀ ਵਿੱਚ, ਇਕ ਨਿਸ਼ਚਿਤ ਸਮੇਂ ਅਤੇ ਨਿਸ਼ਚਿਤ ਕੀਮਤ 'ਤੇ ਤੁਸੀਂ ਰੰਗੀਨ ਟੀ. ਵੀ. ਖਰੀਦਣ ਲਈ ਤਿਆਰ ਹੋ, ਇਸ ਤਰ੍ਹਾਂ ਮੰਗ ਦਾ ਵਰਨਣ ਇਕ ਨਿਸ਼ਚਿਤ ਕੀਮਤ ਅਤੇ ਨਿਸ਼ਚਿਤ ਸਮੇਂ ਦੇ ਸਬੰਧ ਵਿੱਚ ਕੀਤਾ ਜਾਣਾ ਚਾਹੀਦਾ ਹੈ ਅਤੇ **ਮੰਗ ਕਿਸੇ ਪਦਾਰਥ ਦੀ ਉਹ ਮਾਤਰਾ ਹੈ, ਜਿਸ ਨੂੰ ਇਕ ਉਪਭੋਗਤਾ ਸਮੇਂ ਦੇ ਇਕ ਨਿਸ਼ਚਿਤ ਸਮੇਂ ਵਿੱਚ ਇਕ ਨਿਸ਼ਚਿਤ ਕੀਮਤ 'ਤੇ ਖਰੀਦਣ ਲਈ ਕੇਵਲ ਇਛੁੱਕ ਜਾਂ ਯੋਗ ਹੀ ਨਹੀਂ, ਸਗੋਂ ਤਿਆਰ ਵੀ ਹੈ।**

ਨੋਟ

ਇਕ ਸੁਤੰਤਰ ਬਾਜ਼ਾਰ ਅਰਥ ਵਿਵਸਥਾ ਵਿੱਚ ਕਿਸੇ ਵਸਤੂ ਦੀ ਮੰਗ ਦਾ ਕੀਮਤ ਦੇ ਸੰਦਰਭ ਤੋਂ ਬਿਨਾਂ ਕੋਈ ਸੁਤੰਤਰ ਹੋਂਦ ਨਹੀਂ ਹੁੰਦੀ। ਇਕ ਵਸਤੂ ਦੀ ਮੰਗ ਦਾ ਅੰਦਾਜ਼ਾ ਹਮੇਸ਼ਾ ਉਸ ਦੀ ਕੀਮਤ ਦੇ ਸਬੰਧ ਵਿੱਚ ਲਗਾਇਆ ਜਾਂਦਾ ਹੈ।

(Demand is defined as the quantity of a product which a consumer is not only desiring to purchase and able to purchase but is also ready to purchase at a given price and at given point of time.) ਹੋਰ ਸ਼ਬਦਾਂ ਵਿੱਚ, ਇਹ ਕੀਮਤ ਅਤੇ ਮੰਗ ਦਰਮਿਆਨ ਸਬੰਧ ਨੂੰ ਦੱਸਦਾ ਹੈ। **ਇਹ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਵੱਖ-ਵੱਖ ਕੀਮਤਾਂ 'ਤੇ ਇਕ ਵਸਤੂ ਦੀ ਕਿੰਨੀ ਮਾਤਰਾ ਮੰਗੀ ਜਾਵੇਗੀ।** ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਅਰਥ ਸ਼ਾਸਤਰ **ਮੰਗ** (Demand) ਅਤੇ **ਮੰਗੀ ਗਈ ਮਾਤਰਾ** (Quantity Demanded) ਦੀਆਂ ਧਾਰਨਾਵਾਂ ਵਿਚਕਾਰ ਫਰਕ ਪ੍ਰਗਟ ਕਰਦੇ ਹਨ। **ਮੰਗ ਉਹ ਮਾਤਰਾਵਾਂ ਹਨ, ਜੋ ਖਰੀਦਦਾਰ ਸਮੇਂ ਦੇ ਇਕ ਨਿਸ਼ਚਿਤ ਸਮੇਂ ਵਿੱਚ ਵੱਖ-ਵੱਖ ਜਾਂ ਵਿਕਲਪਿਕ ਕੀਮਤਾਂ 'ਤੇ ਖਰੀਦਣ ਦੇ ਇਛੁੱਕ ਅਤੇ ਯੋਗ ਹੁੰਦੇ ਹਨ।** (Demand is the quantities that buyers are willing and able to buy at alternative prices during a given period of time.) ਇਸ ਤੋਂ ਉਲਟ **ਮੰਗੀ ਗਈ ਮਾਤਰਾ ਉਹ ਵਿਸ਼ੇਸ਼ ਮਾਤਰਾ ਹੈ ਜੋ ਖਰੀਦਦਾਰ ਇਕ ਨਿਸ਼ਚਿਤ ਕੀਮਤ 'ਤੇ ਖਰੀਦਣ ਦੇ ਇਛੁੱਕ ਅਤੇ ਯੋਗ ਹੁੰਦੇ ਹਨ।** (The quantity demanded is a specific amount that buyers are willing and able to buy at one price) ਉਦਾਹਰਣ ਦੇ ਤੌਰ 'ਤੇ 1 ਰੁਪਿਆ ਪ੍ਰਤੀ ਆਈਸ ਕਰੀਮ 'ਤੇ ਉਪਭੋਗਤਾ ਵੱਲੋਂ 4 ਆਈਸ ਕਰੀਮ ਨੂੰ ਖਰੀਦਣ ਦੀ ਇੱਛਾ ਅਤੇ ਯੋਗਤਾ **ਮੰਗੀ ਗਈ ਮਾਤਰਾ** ਦਾ ਉਦਾਹਰਣ ਹੈ, ਜਦੋਂ ਕਿ ਉਪਭੋਗਤਾ ਵੱਲੋਂ 1 ਰੁਪਏ 'ਤੇ 4 ਆਈਸ ਕਰੀਮ 2 ਰੁਪਏ 'ਤੇ 3 ਆਈਸ ਕਰੀਮ ਅਤੇ 3 ਰੁਪਏ 'ਤੇ 2 ਆਈਸ ਕਰੀਮ ਖਰੀਦਣ ਦੀ ਯੋਗਤਾ ਅਤੇ ਇੱਛਾ **ਮੰਗ** ਦਾ ਉਦਾਹਰਣ ਹੈ।

ਮੰਗੀ ਗਈ ਮਾਤਰਾ ਦੀ ਧਾਰਨਾ ਸਬੰਧੀ ਦੋ ਮਹੱਤਵਪੂਰਨ ਅਵਲੋਕਨ

(i) ਵਿਸ਼ੇਸ਼ ਕੀਮਤ ਦੇ ਸਬੰਧ ਵਿੱਚ ਮੰਗੀ ਗਈ ਮਾਤਰਾ ਖਰੀਦਦਾਰ ਦੀ ਅਸਲੀ ਖਰੀਦ ਨਹੀਂ ਹੁੰਦੀ। ਇਹ ਕੇਵਲ ਇਛੁੱਕ (Intended) ਖਰੀਦ ਹੁੰਦੀ ਹੈ ਜਾਂ ਉਹ ਮਾਤਰਾ ਹੁੰਦੀ ਹੈ, ਜਿਸ ਨੂੰ ਉਪਭੋਗਤਾ ਖਰੀਦਣ ਦਾ ਇਛੁੱਕ ਹੈ।

(ii) ਮੰਗੀ ਗਈ ਮਾਤਰਾ ਪ੍ਰਵਾਹ ਧਾਰਨਾ ਹੈ ਨਾ ਕਿ ਸਟਾਕ ਧਾਰਨਾ। ਇਸ ਤੋਂ ਮਤਲਬ ਇਕ ਅਲੱਗ-ਥਲੱਗ ਖਰੀਦ ਤੋਂ ਨਹੀਂ ਹੈ, ਬਲਕਿ ਖਰੀਦ ਦੇ ਲਗਾਤਾਰ ਪ੍ਰਵਾਹ ਤੋਂ ਹੈ, ਜਿਵੇਂ ਪ੍ਰਤੀ ਦਿਨ 2 ਆਈਸ ਕਰੀਮ, ਪ੍ਰਤੀ ਹਫਤਾ 100 ਸੰਤਰੇ ਆਦਿ। ਪ੍ਰਵਾਹ ਚਰਾਂ (ਜਿਵੇਂ ਮੰਗ) ਵਿੱਚ ਸਮੇਂ ਆਕਾਰ ਹੁੰਦਾ ਹੈ, ਜਦੋਂ ਕਿ ਸਟਾਕ ਚਰਾਂ ਵਿੱਚ ਸਮਾਂ ਆਕਾਰ ਨਹੀਂ ਹੁੰਦਾ।

ਫਰਗੁਸਨ ਦੇ ਸ਼ਬਦਾਂ ਵਿੱਚ, **''ਮੰਗ ਇਕ ਵਸਤੂ ਦੀ ਮਾਤਰਾ ਨੂੰ ਦੱਸਦੀ ਹੈ ਜੋ ਉਪਭੋਗਤਾ, ਹੋਰ ਗੱਲਾਂ ਬਰਾਬਰ ਰਹਿਣ 'ਤੇ ਸਮੇਂ ਦੇ ਇਕ ਨਿਸ਼ਚਿਤ ਸਮੇਂ ਵਿੱਚ ਹਰੇਕ ਸੰਭਵ ਕੀਮਤ 'ਤੇ ਖਰੀਦਣ ਦੇ ਯੋਗ ਅਤੇ ਇਛੁੱਕ ਹੁੰਦੇ ਹਨ।''** (Demand refers to the quantities of a commodity that the consumers are able and willing to buy at each possible price during a given period of time, other things being equal.) **—Ferguson**

ਮੰਗ ਅਤੇ ਮੰਗੀ ਗਈ ਮਾਤਰਾ ਵਿੱਚ ਫਰਕ

ਮੰਗ ਤੋਂ ਮਤਲਬ ਇਕ ਉਪਭੋਗਤਾ ਵੱਲੋਂ ਆਪਣੇ ਦਿਮਾਗ ਵਿੱਚ ਬਣਾਈ ਗਈ ਉਸ ਮੰਗ ਤਾਲਿਕਾ ਤੋਂ, ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਉਹ ਕਿਸੇ ਵਸਤੂ ਦੀਆਂ ਸੰਭਵ ਕੀਮਤਾਂ 'ਤੇ ਕਿੰਨੀ ਮਾਤਰਾ ਖਰੀਦਣਾ ਚਾਹੁੰਦਾ ਹੈ, ਇਸ ਤੋਂ ਉਲਟ **ਮੰਗੀ ਗਈ ਮਾਤਰਾ** ਤੋਂ ਮਤਲਬ ਕਿਸੇ ਵਸਤੂ ਦੀ ਉਸ ਨਿਸ਼ਚਿਤ ਮਾਤਰਾ ਤੋਂ ਹੈ, ਜਿਸ ਤੋਂ ਉਪਭੋਗਤਾ ਇਕ ਨਿਸ਼ਚਿਤ ਕੀਮਤ 'ਤੇ ਖਰੀਦਣ ਦਾ ਇਛੁੱਕ ਹੈ।

ਬੀ. ਆਰ. ਸ਼ਿੱਲਰ ਦੇ ਵਿਚਾਰ ਵਿੱਚ, **''ਹੋਰ ਗੱਲਾਂ ਬਰਾਬਰ ਰਹਿਣ 'ਤੇ, ਕਿਸੇ ਦਿੱਤੇ ਹੋਏ ਸਮੇਂ ਵਿੱਚ ਵਿਕਲਪਿਕ ਕੀਮਤਾਂ 'ਤੇ ਇਕ ਵਸਤੂ ਦੀ ਵਿਸ਼ੇਸ਼ ਮਾਤਰਾ ਨੂੰ ਖਰੀਦਣ ਦੀਯੋਗਤਾ ਅਤੇ ਇੱਛਾ ਮੰਗ ਹੈ।''** (Demand is the ability and willingness to buy specific quantity of a good at alternative prices in a given time period to ceteris paribus.) **—B. R. Schiller**

ਨੋਟ

6.2 ਮੰਗ ਤਾਲਿਕਾ ਅਤੇ ਮੰਗ ਵਕ੍ਰ (Demand Schedule and Demand Curve)

ਮੈਕੌਨਲ ਦੇ ਸ਼ਬਦਾਂ ਵਿੱਚ, **''ਮੰਗ ਤਾਲਿਕਾ ਉਹ ਤਾਲਿਕਾ ਹੈ ਜੋ ਇਕ ਵਸਤੂ ਦੀਆਂ ਵੱਖ-ਵੱਖ ਕੀਮਤਾਂ ਨੂੰ ਦਰਸਾਉਂਦੀ ਹੈ ਅਤੇ ਹਰੇਕ ਕੀਮਤ 'ਤੇ ਉਸ ਵਸਤੂ ਦੀ ਮੰਗੀ ਗਈ ਮਾਤਰਾ ਨੂੰ ਦੱਸਦੀ ਹੈ।''** (Demand schedule is a table that shows different price of a good and the quantity of that good demanded at each of these prices. **—McConnell**)

ਹੋਰ ਸ਼ਬਦਾਂ ਵਿੱਚ, ਮੰਗ ਤਾਲਿਕਾ ਕਿਸੇ ਵਸਤੂ ਦੀਆਂ ਉਨ੍ਹਾਂ ਵੱਖ-ਵੱਖ ਮਾਤਰਾਵਾਂ ਨੂੰ ਪ੍ਰਗਟ ਕਰਦੀ ਹੈ, ਜਿਨ੍ਹਾਂ ਨੂੰ ਇਕ ਉਪਭੋਗਤਾ ਕਿਸੇ ਨਿਸ਼ਚਿਤ ਸਮੇਂ ਵਿੱਚ ਵੱਖ-ਵੱਖ ਸੰਭਵ ਕੀਮਤਾਂ 'ਤੇ ਖਰੀਦਣ ਲਈ ਇਛੁੱਕ ਹੁੰਦਾ ਹੈ। ਇਸ ਦੀਆਂ ਦੋ ਕਿਸਮਾਂ ਹਨ-

(1) ਵਿਅਕਤੀਗਤ ਮੰਗ ਤਾਲਿਕਾ ਅਤੇ (2) ਬਾਜ਼ਾਰ ਮੰਗ ਤਾਲਿਕਾ।

ਵਿਅਕਤੀਗਤ ਮੰਗ ਤਾਲਿਕਾ (Individual Demand Schedule)

ਵਿਅਕਤੀਗਤ ਮੰਗ ਤਾਲਿਕਾ ਉਹ ਤਾਲਿਕਾ ਹੈ, ਜਿਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਕਿਸੇ ਨਿਸ਼ਚਿਤ ਸਮੇਂ ਵਿੱਚ ਇਕ ਉਪਭੋਗਤਾ ਕਿਸੇ ਵਸਤੂ ਦੀਆਂ ਵੱਖ-ਵੱਖ ਸੰਭਵ ਕੀਮਤਾਂ 'ਤੇ ਉਸ ਦੀਆਂ ਕਿੰਨੀਆਂ ਮਾਤਰਾਵਾਂ ਦੀ ਮੰਗ ਕਰੇਗਾ। (Individual demand schedule is defined as the table which shows quantities of a given commodity which an individual will buy at all possible prices at a given time.) ਤਾਲਿਕਾ 1 ਵਿਅਕਤੀਗਤ ਮੰਗ ਤਾਲਿਕਾ। ਇਸ ਤਾਲਿਕਾ ਨਾਲ ਇਕ ਸਮੇਂ ਵਿੱਚ ਵੱਖ-ਵੱਖ ਕੀਮਤਾਂ 'ਤੇ ਇਕ ਉਪਭੋਗਤਾ ਵੱਲੋਂ ਆਈਸ ਕਰੀਮ ਦੀਆਂ ਖਰੀਦੀ ਜਾਣ ਵਾਲੀਆਂ ਵੱਖ-ਵੱਖ ਮਾਤਰਾਵਾਂ ਨੂੰ ਪ੍ਰਗਟ ਕੀਤਾ ਗਿਆ ਹੈ।

ਤਾਲਿਕਾ 1. ਵਿਅਕਤੀਗਤ ਮੰਗ ਤਾਲਿਕਾ (Individual Demand Shedule)

ਪ੍ਰਤੀ ਇਕਾਈ ਕੀਮਤ (ਰੁਪਏ)	ਮੰਗੀ ਗਈ ਮਾਤਰਾ (ਇਕਾਈਆਂ)
1	4
2	3
3	2
4	1

ਉਪਰੋਕਤ ਤਾਲਿਕਾ ਤੋਂ ਪਤਾ ਲੱਗਦਾ ਹੈ ਕਿ ਜਿਵੇਂ-ਜਿਵੇਂ ਆਈਸ ਕਰੀਮ ਦੀ ਵੱਧਦੀ ਜਾਂਦੀ ਹੈ, ਉਸ ਦੀ ਮੰਗ ਘੱਟ ਹੁੰਦੀ ਜਾਂਦੀ ਹੈ, ਜਿਵੇਂ ਆਈਸ ਕਰੀਮ ਦੀ ਕੀਮਤ 1 ਰੁਪਿਆ ਪ੍ਰਤੀ ਇਕਾਈ, ਉਦੋਂ 4 ਇਕਾਈਆਂ ਦੀ ਮੰਗ ਕੀਤੀ ਜਾਂਦੀ ਹੈ, ਜਦੋਂ ਕੀਮਤ 4 ਰੁਪਏ ਪ੍ਰਤੀ ਇਕਾਈ ਹੋ ਜਾਂਦੀ ਹੈ, ਉਦੋਂ ਕੇਵਲ 1 ਇਕਾਈ ਦੀ ਮੰਗ ਕੀਤੀ ਜਾਂਦੀ ਹੈ।

ਬਾਜ਼ਾਰ ਮੰਗ ਤਾਲਿਕਾ (Market Demand Schedule)

ਲੀਭਾਫਸਕੀ ਦੇ ਸ਼ਬਦਾਂ ਵਿੱਚ, **''ਬਾਜ਼ਾਰ ਮੰਗ ਤਾਲਿਕਾ ਦੀ ਪਰਿਭਾਸ਼ਾ ਕਿਸੇ ਵਸਤੂ ਦੀਆਂ ਉਨ੍ਹਾਂ ਮਾਤਰਾਵਾਂ ਦੇ ਰੂਪ ਵਿੱਚ ਦਿੱਤੀ ਜਾਂਦੀ ਹੈ ਜੋ ਵਸਤੂ ਦੇ ਸਾਰੇ ਉਪਭੋਗਤਾ ਕਿਸੇ ਨਿਸ਼ਚਿਤ ਸਮੇਂ 'ਤੇ ਸਾਰੀਆਂ ਸੰਭਵ ਕੀਮਤਾਂ 'ਤੇ ਖਰੀਦੇਗਾ।** (**Market demand shedule is defined as the quantities of a given commodity which all consumers will buy at all possible price at a given moment of time. -Leibhafsky**)। ਹਰੇਕ ਬਾਜ਼ਾਰ ਵਿੱਚ ਕਿਸੇ ਵਸਤੂ ਜਿਵੇਂ ਚੀਨੀ ਦੇ ਬਹੁਤ ਸਾਰੇ ਖਰੀਦਦਾਰ ਹੁੰਦੇ ਹਨ। ਜਿਸ ਤਾਲਿਕਾ ਨਾਲ ਵੱਖ-ਵੱਖ ਕੀਮਤਾਂ 'ਤੇ ਕਿਸੇ ਵਸਤੂ ਦੀ ਬਾਜ਼ਾਰ ਵਿੱਚ ਸਾਰੇ ਖਰੀਦਦਾਰਾਂ ਦੀ ਕੁੱਲ ਮੰਗ ਨੂੰ ਪ੍ਰਗਟ ਕੀਤਾ ਜਾਵੇਗਾ, ਉਸ ਨੂੰ ਬਾਜ਼ਾਰ ਮੰਗ ਤਾਲਿਕਾ ਕਿਹਾ ਜਾਵੇਗਾ। ਹੋਰ ਸ਼ਬਦਾਂ ਵਿੱਚ ਇਹ ਕਿਸੇ ਨਿਸ਼ਚਿਤ ਸਮੇਂ ਵਿੱਚ ਕਿਸੇ ਇਕ ਵਿਸ਼ੇਸ਼ ਵਸਤੂ ਦੀਆਂ ਵੱਖ-ਵੱਖ ਕੀਮਤਾਂ 'ਤੇ ਸਾਰੇ ਉਪਭੋਗਤਾਵਾਂ ਦੀ ਕੁੱਲ ਮੰਗ ਨੂੰ ਦਰਸਾਉਂਦੀ ਹੈ। ਤਾਲਿਕਾ 2 ਬਾਜ਼ਾਰ ਮੰਗ ਤਾਲਿਕਾ ਹੈ। ਇਹ ਤਾਲਿਕਾ ਅਸਾਨੀ ਦੀ ਦ੍ਰਿਸ਼ਟੀ ਨਾਲ ਇਸ ਮਾਨਤਾ 'ਤੇ ਅਧਾਰਿਤ ਹੈ ਕਿ X-ਵਸਤੂ ਦੇ A ਅਤੇ B ਦੋ ਖਰੀਦਦਾਰ ਹਨ। ਉਨ੍ਹਾਂ ਦੀ ਵਿਅਕਤੀਗਤ ਮੰਗ ਨੂੰ ਜੋੜ ਕੇ ਬਾਜ਼ਾਰ ਮੰਗ ਤਾਲਿਕਾ ਦਾ ਨਿਰਮਾਣ ਕੀਤਾ ਗਿਆ ਹੈ।

ਨੋਟ

ਤਾਲਿਕਾ 2. ਬਾਜ਼ਾਰ ਮੰਗ ਤਾਲਿਕਾ (Market Demand Schedule)			
X-ਵਸਤੂ ਦੀ ਕੀਮਤ (ਰੁ)	A ਦੀ ਮੰਗ	B ਦੀ ਮੰਗ	ਬਾਜ਼ਾਰ ਮੰਗ (ਇਕਾਈਆਂ)
1	4	5	4+5=9
2	3	4	3+4=7
3	2	3	2+3=5
4	1	2	1+2=3

ਉਪਰੋਕਤ ਤਾਲਿਕਾ ਤੋਂ ਪਤਾ ਲੱਗਦਾ ਹੈ ਕਿ ਜਦੋਂ X-ਵਸਤੂ ਦੀ ਕੀਮਤ 1 ਰੁਪਿਆ ਪ੍ਰਤੀ ਇਕਾਈ ਹੈ ਤਾਂ A ਉਪਭੋਗਤਾ ਦੀ ਮੰਗ 4 ਇਕਾਈਆਂ ਅਤੇ B ਉਪਭੋਗਤਾ ਦੀ ਮੰਗ 5 ਇਕਾਈਆਂ ਅਤੇ ਬਾਜ਼ਾਰ ਮੰਗ 9 ਇਕਾਈਆਂ ਹਨ। ਜਦੋਂ ਕੀਮਤ ਵੱਧ ਕੇ 2 ਰੁਪਏ ਪ੍ਰਤੀ ਇਕਾਈ ਹੋ ਜਾਂਦੀ ਹੈ ਤਾਂ ਬਾਜ਼ਾਰ ਮੰਗ ਘੱਟ ਕੇ 7 ਇਕਾਈਆਂ ਰਹਿ ਜਾਂਦੀ ਹੈ, ਆਦਿ।

ਬਾਜ਼ਾਰ ਮੰਗ ਬਾਜ਼ਾਰ ਵਿੱਚ ਕਿਸੇ ਚੀਜ਼ ਦੇ ਸਾਰੇਕੇਰਤਾਵਾਂਦੁਆਰਾ ਕੀਤੀ ਗਈ ਮੰਗ ਦਾ ਜੋੜ ਹੈ ।

ਮੰਗ ਤਾਲਿਕਾ ਨੂੰ ਚਿੱਤਰ ਨਾਲ ਪ੍ਰਗਟ ਕਰਨਾ ਮੰਗ ਵਕ੍ਰ ਕਹਾਉਂਦਾ ਹੈ। (The demand curve is a graphic presentation of a demand schedule.)

ਲੇਫਟਵਿਚ ਦੇ ਸ਼ਬਦਾਂ ਵਿੱਚ, **''ਮੰਗ ਵਕ੍ਰ ਵਸਤੂ ਦੀ ਉਨ੍ਹਾਂ ਜ਼ਿਆਦਾ ਮਾਤਰਾਵਾਂ ਨੂੰ ਪ੍ਰਗਟ ਕਰਦੀ ਹੈ ਜਿਨ੍ਹਾਂ ਨੂੰ ਉਪਭੋਗਤਾ ਸਮੇਂ ਦੀ ਇਕ ਸਮੇਂ ਵਿੱਚ ਵੱਖ-ਵੱਖ ਕੀਮਤਾਂ 'ਤੇ ਖਰੀਦਣਗੇ।''** (The demand curve represents the maximum quantities per unit of time that consumers will take at various pries.) **—Leftwitch**

ਲਿਪਸੀ ਦੇ ਅਨੁਸਾਰ, ''**ਉਹ ਵਕ੍ਰ ਜੋ ਕਿ ਵਸਤੂ ਦੀ ਕੀਮਤ ਅਤੇ ਵਸਤੂ ਦੀ ਮਾਤਰਾ**, ਜਿਸ ਨਾਲ ਉਪਭੋਗਤਾ ਖਰੀਦਣਾ ਚਾਹੁੰਦਾ ਹੈ, ਵਿੱਚ ਸਬੰਧ ਦਿਖਾਉਂਦਾ ਹੈ, ਮੰਗ ਵਕ੍ਰ ਕਹਾਉਂਦਾ ਹੈ।'' (The curve, which shows the relation between the price of a commodity and the amount of that commodity the consumer wishes to purchase, is called demand curve. **-Lipsey**) ਮੰਗ ਤਾਲਿਕਾ ਦੀ ਤਰ੍ਹਾਂ ਵਕ੍ਰ ਵੀ ਦੋ ਤਰ੍ਹਾਂ ਦਾ ਹੋ ਸਕਦਾ ਹੈ-(1) ਵਿਅਕਤੀਗਤ ਮੰਗ ਵਕ੍ਰ ਅਤੇ (2) ਬਾਜ਼ਾਰ ਮੰਗ ਵਕ੍ਰ।

1. **ਵਿਅਕਤੀਗਤ ਮੰਗ ਵਕ੍ਰ** (Individual Demand Curve)-ਵਿਅਕਤੀਗਤ ਮੰਗ ਵਕ੍ਰ ਉਹ ਵਕ੍ਰ ਹੈ ਜੋ ਕਿਸੇ ਵਸਤੂ ਦੀਆਂ ਵੱਖ-ਵੱਖ ਕੀਮਤਾਂ 'ਤੇ ਇਕ ਉਪਭੋਗਤਾ ਨਾਲ ਉਸ ਵਸਤੂ ਦੀ ਮੰਗੀ ਗਈ ਮਾਤਰਾ ਨੂੰ ਪ੍ਰਗਟ ਕਰਦਾ ਹੈ। ਚਿੱਤਰ 6.1 ਵਿੱਚ ਵਿਅਕਤੀਗਤ ਮੰਗ ਵਕ੍ਰ ਨੂੰ ਸਪੱਸ਼ਟ ਕੀਤਾ ਗਿਆ ਹੈ। ਇਸ ਵਿੱਚ OX-ਅਕਸ਼ 'ਤੇ ਵਸਤੂ ਦੀ ਮੰਗ ਅਤੇ OY -ਅਕਸ਼ 'ਤੇ ਕੀਮਤ ਪ੍ਰਗਟ ਕੀਤੀ ਗਈ ਹੈ। DD ਮੰਗ ਵਕ੍ਰ ਹੈ। ਇਸ ਮੰਗ ਵਕ੍ਰ DD ਦਾ ਹਰੇਕ ਬਿੰਦੂ ਵਿੱਚ ਸਬੰਧ ਪ੍ਰਗਟ ਕਰਦਾ ਹੈ। ਜਦੋਂ ਕੀਮਤ 2 ਰੁਪਏ ਹੈ ਤਾਂ ਮੰਗ 1 ਇਕਾਈ ਹੈ। ਜਦੋਂ ਕੀਮਤ 1 ਰੁਪਿਆ ਹੈ ਤਾਂ ਮੰਗ 4 ਇਕਾਈਆਂ ਹਨ। ਇਸ ਮੰਗ ਵਕ੍ਰ ਦਾ ਢਲਾਣ ਉਪਰ ਖੱਬੇ ਪਾਸੇ ਤੋਂ ਹੇਠਾਂ ਵੱਲ ਨੂੰ ਹੈ, ਜੋ ਇਹ ਦਰਸਾਉਂਦਾ ਹੈ ਕਿ ਕੀਮਤ ਜ਼ਿਆਦਾ ਹੋਣ 'ਤੇ ਮੰਗ ਘੱਟ ਹੁੰਦੀ ਹੈ ਅਤੇ ਕੀਮਤ ਘੱਟ ਹੋਣ 'ਤੇ ਮੰਗ ਜ਼ਿਆਦਾ ਹੁੰਦੀ ਹੈ।



ਚਿੱਤਰ 6.1

ਨੋਟ

2. **ਬਾਜ਼ਾਰ ਮੰਗ ਵਕ੍ਰ** (Market Demand Curve)– ਬਾਜ਼ਾਰ ਮੰਗ ਵਕ੍ਰ ਕਿਸੇ ਵਸਤੂ ਵਿਸ਼ੇਸ਼ ਦੀਆਂ ਵੱਖ-ਵੱਖ ਕੀਮਤਾਂ 'ਤੇ ਵੱਖ-ਵੱਖ ਉਪਭੋਗਤਾਵਾਂ ਵੱਲੋਂ ਮੰਗੀਆਂ ਗਈਆਂ ਮਾਤਰਾਵਾਂ ਦੇ ਜੋੜ ਨੂੰ ਪ੍ਰਗਟ ਕਰਦਾ ਹੈ। ਇਸ ਮੰਗ ਵਕ੍ਰ ਨੂੰ ਵਿਅਕਤੀਗਤ ਮੰਗ ਵਕ੍ਰਾਂ ਦੇ ਸਾਰੇ ਜੋੜ ਨਾਲ ਖਿੱਚਿਆ ਜਾਂਦਾ ਹੈ।

ਹੇਠ ਲਿਖੇ ਚਿੱਤਰ 6.2 ਵਿੱਚ ਮੰਗ ਤਾਲਿਕਾ 2 ਦੇ ਅਧਾਰ 'ਤੇ ਬਾਜ਼ਾਰ ਮੰਗ ਵਕ੍ਰ ਨੂੰ ਪ੍ਰਗਟ ਕੀਤਾ ਗਿਆ ਹੈ।

ਬਾਜ਼ਾਰ ਮੰਗ ਵਕਰ ਵਿਅਕਤੀਗਤ ਮੰਗ ਵਕਰੋਂ ਦਾ ਸਮਸਤਰੀਏ ਜੋੜ ਹੈ ।



ਚਿੱਤਰ 6.2

ਚਿੱਤਚ 6.2 ਵਿੱਚ OX-ਅਕਸ਼ 'ਤੇ ਮਾਤਰਾ ਅਤੇ OY-ਅਕਸ਼ 'ਤੇ ਕੀਮਤ ਪ੍ਰਗਟ ਕੀਤੀ ਗਈ ਹੈ। ਇਸ ਦੇ ਚਿੱਤਰ 6.2 (i) ਵਿੱਚ 'A' ਉਪਭੋਗਤਾ ਦੀ ਮੰਗ ਵਕ੍ਰ ਅਤੇ ਚਿੱਤਰ 6.2 (ii) ਵਿੱਚ 'B' ਉਪਭੋਗਤਾ ਦੀ ਮੰਗ ਵਕ੍ਰ ਅਤੇ ਚਿੱਤਰ 6.2 (iii) ਵਿੱਚ ਬਾਜ਼ਾਰ ਦੀ ਮੰਗ ਵਕ੍ਰ ਪ੍ਰਗਟ ਕੀਤੀ ਗਈ ਹੈ। ਜਦੋਂ ਕੀਮਤ 4 ਰੁਪਏ ਪ੍ਰਤੀ ਇਕਾਈ ਹੈ ਉਦੋਂ 'A' ਦੀ ਮੰਗ 1 ਇਕਾਈ ਅਤੇ 'B' ਦੀ ਮੰਗ 2 ਇਕਾਈਆਂ ਹਨ। ਜੇਕਰ ਬਾਜ਼ਾਰ ਵਿੱਚ ਕੇਵਲ ਦੋ ਉਪਭੋਗਤਾ ਹਨ ਉਦੋਂ ਬਾਜ਼ਾਰ ਮੰਗ 1+2=3 ਇਕਾਈਆਂ ਹੋਣਗੀਆਂ। ਵਿਅਕਤੀਗਤ ਮੰਗ ਵਕਰਾਂ ਦੇ **ਸਮਸਤਰ ਜੋੜ** (Horizontal Summation) ਨਾਲ ਬਾਜ਼ਾਰ ਮੰਗ ਵਕ੍ਰ ਪ੍ਰਾਪਤ ਹੋ ਜਾਂਦਾ ਹੈ, ਇਸ ਲਈ ਇਸ ਦਾ ਢਲਾਣ ਵੀ **ਰਣਾਤਮਕ** (Negative) ਹੈ।

ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)–

1. ਮੰਗ ਉਹ ਤਾਲਿਕਾ ਹੈ ਜੋ ਇਕ ਵਸਤੂ ਦੀਆਂ ਵੱਖ-ਵੱਖ .....ਨੂੰ ਦਰਸਾਉਂਦੀ ਹੈ ਅਤੇ ਹਰੇਕ ਕੀਮਤ 'ਤੇ ਉਸ ਵਸਤੂ ਦੀ ਮੰਗੀ ਗਈ ਮਾਤਰਾ ਨੂੰ ਦੱਸਦੀ ਹੈ।
2. ਸਧਾਰਣ ਤੌਰ 'ਤੇ ਕਿਸੇ ਵੀ ਵਸਤੂ ਦੀ ਮੰਗ ਉਸ ਦੀ .....ਨਾਲ ਨਿਰਧਾਰਿਤ ਹੁੰਦੀ ਹੈ।
3. ਉਪਭੋਗਤਾ ਦੀ ਆਮਦਨ ਅਤੇ ਵਸਤੂ ਦੀ ਮੰਗ ਵਿੱਚ ਸਧਾਰਣ ਤੌਰ 'ਤੇ .....ਸਬੰਧ ਪਾਇਆ ਜਾਂਦਾ ਹੈ।

6.3 ਮੰਗ ਦੇ ਨਿਰਧਾਰਕ ਤੱਤ ਜਾਂ ਮੰਗ ਫਲਨ (Determinants of Demand or Demand Function)

ਇੱਥੇ ਇਸ ਵਿਅਕਤੀਗਤ ਮੰਗ ਫਲਨ ਅਤੇ ਬਾਜ਼ਾਰ ਮੰਗ ਫਲਨ ਵਿੱਚ ਅੰਤਰ ਕਰਦੇ ਹਾਂ। ਵਿਅਕਤੀਗਤ ਮੰਗ ਫਲਨ ਕਿਸੇ ਵਸਤੂ ਦੇ ਲਈ ਮੰਗ (ਕਿਸੇ ਵਿਅਕਤੀਗਤ ਖਰੀਦਦਾਰ ਨਾਲ) ਅਤੇ ਉਸ ਦੇ ਨਿਰਧਾਰਕ ਤੱਤਾਂ ਦੇ ਵਿੱਚ **ਕੰਮਾਤਮਕ ਸਬੰਧ** (Functional Relationship) ਦਾ ਅਧਿਐਨ ਕਰਦਾ ਹੈ। ਬਾਜ਼ਾਰ ਫਲਨ ਕਿਸੇ ਵਸਤੂ ਦੇ ਲਈ ਬਾਜ਼ਾਰ ਮੰਗ ਅਤੇ ਇਸ ਦੇ ਵੱਖ-ਵੱਖ ਨਿਰਧਾਰਕ ਦੇ ਵਿੱਚ ਕੰਮਾਤਮਕ ਸਬੰਧ ਦਾ ਅਧਿਐਨ ਕਰਦਾ ਹੈ। **ਵਿਅਕਤੀਗਤ ਮੰਗ ਫਲਨ (Individual Demand Function)** ਨੂੰ ਹੇਠ ਲਿਖੇ ਤਰ੍ਹਾਂ ਨਾਲ ਪ੍ਰਗਟ ਕੀਤਾ ਜਾਂਦਾ ਹੈ–

ਨੋਟ

$$Q_x=f(P_x, P_r, Y, W, T, E)$$

(ਇੱਥੇ Q_x ਵਸਤੂ-X ਦੀ ਮੰਗੀ ਗਈ ਮਾਤਰਾ; $=P_x$ ਦੀ ਕੀਮਤ, P_r ਸਬੰਧਿਤ ਵਸਤੂ ਦੀ ਕੀਮਤ, Y= ਉਪਭੋਗਤਾ ਦੀ ਆਮਦਨ, W = ਉਪਭੋਗਤਾ ਦੀ ਸੰਪਤੀ, T= ਉਪਭੋਗਤਾ ਦੀਆਂ ਰੁਚੀਆਂ ਅਤੇ ਪਸੰਦ, E= ਉਪਭੋਗਤਾ ਦੀ ਤੁਲਨਾ ਅਤੇ ਸੰਭਾਵਨਾਵਾਂ)

ਇਸ ਦੇ ਉਲਟ **ਬਾਜ਼ਾਰ ਮੰਗ ਫਲਨ** (Market Demand Function) ਨੂੰ ਹੇਠ ਲਿਖੇ ਤਰ੍ਹਾਂ ਨਾਲ ਪ੍ਰਗਟ ਕੀਤਾ ਜਾਂਦਾ ਹੈ।

ਧਿਆਨ ਰੱਖੋ

ਮੰਗ ਦੇ ਕੁਝ ਨਿਰਧਾਰਕ ਤੱਤ ਜਿਵੇਂ (1) ਜਨਸੰਖਿਆ ਦਾ ਆਕਾਰ ਅਤੇ ਰਚਨਾ ਅਤੇ (2) ਆਮਦਨ ਦੀ ਵੰਡ ਕੇਵਲ ਬਾਜ਼ਾਰ ਮੰਗ ਨੂੰ ਨਿਰਧਾਰਿਤ ਕਰਦੇ ਹਨ। ਜੇਕਰ ਇਕ ਉਪਭੋਗਤਾ ਦੀ ਮੰਗ ਦੇ ਨਿਰਧਾਰਕ ਤੱਤਾਂ ਦੇ ਸਬੰਧ ਵਿੱਚ ਪ੍ਰਸ਼ਨ ਪੁੱਛਿਆ ਜਾਂਦਾ ਹੈ ਤਾਂ ਵਿਦਿਆਰਥੀਆਂ ਨੂੰ ਇਨ੍ਹਾਂ ਦੇ ਤੱਤਾਂ ਦਾ ਵਰਨਣ ਨਹੀਂ ਕਰਨਾ ਚਾਹੀਦਾ। ਇਸ ਦਾ ਕਾਰਨ ਇਹ ਹੈ ਕਿ ਜਦੋਂ ਇਕ ਉਪਭੋਗਤਾ ਇਕ ਫੈਸਲਾ ਲੈਂਦਾ ਹੈ ਕਿ ਵਸਤੂ ਦੀ ਕਿੰਨੀ ਮਾਤਰਾ ਖਰੀਦੀ ਜਾਵੇ ਤਾਂ ਉਹ ਜਨਸੰਖਿਆ ਦੇ ਆਕਾਰ ਅਤੇ ਆਮਦਨ ਦੀ ਵੰਡ ਨੂੰ ਧਿਆਨ ਵਿੱਚ ਨਹੀਂ ਰੱਖਦਾ।

$$Q_x = f(P_x, P_r, Y^*, T, Z, W, E)$$

(ਇੱਥੇ Q_x ਵਸਤ-X ਦੀ ਮੰਗੀ ਗਈ ਮਾਤਰਾ, = P_x ਵਸਤੂ-X ਦੀ ਕੀਮਤ, P_r ਸਬੰਧਿਤ ਵਸਤੂ ਦੀ ਕੀਮਤ, Y*= ਆਮਦਨ ਦਾ ਆਕਾਰ ਅਤੇ ਇਸ ਦੀ ਵੰਡ, T= ਉਪਭੋਗਤਾ ਦੀਆਂ ਰੁਚੀਆਂ ਅਤੇ ਪਸੰਦ, Z= ਜਨਸੰਖਿਆ ਦਾ ਆਕਾਰ ਅਤੇ ਰਚਨਾ, W= ਉਪਭੋਗਤਾ ਦੀ ਸੰਪਤੀ, E= ਉਪਭੋਗਤਾ ਦੇ ਮੁਕਾਬਲੇ ਜਾਂ ਸੰਭਾਵਨਾਵਾਂ)

ਨੋਟ- ਨਿਰਧਾਰਕ Y* ਅਤੇ Z ਬਾਜ਼ਾਰ ਮੰਗ ਫਲਨ ਵਿੱਚ ਬਿਲਕੁਲ ਅਲੱਗ ਹਨ। ਕਿਸੇ ਇਕ ਵਿਅਕਤੀ ਦੀ ਮੰਗ (ਵਿਅਕਤੀਗਤ ਮੰਗ ਫਲਨ ਦੇ ਸਬੰਧ ਵਿੱਚ) ਦਾ ਅਰਥਵਿਵਸਥਾ ਵਿੱਚ ਆਮਦਨ ਦੀ ਵੰਡ ਅਤੇ ਜਨਸੰਖਿਆ ਦੇ ਆਕਾਰ ਅਤੇ ਰਚਨਾ ਨਾਲ ਕੋਈ ਸਬੰਧ ਜਾਂ ਸਰੋਕਾਰ ਨਹੀਂ ਹੈ ਪਰ ਬਾਜ਼ਾਰ ਮੰਗ ਦੇ ਸਬੰਧ ਵਿੱਚ ਇਹ ਨਿਰਧਾਰਕ ਤੱਤ ਹਨ।

ਨੋਟਸ ਮੰਗ ਕਿਸੇ ਪਦਾਰਥ ਦੀ ਉਹ ਮਾਤਰਾ ਹੈ ਜਿਸ ਨੂੰ ਇਕ ਉਪਭੋਗਤਾ ਸਮੇਂ ਦੀ ਇਕ ਨਿਸ਼ਚਿਤ ਸਮੇਂ ਵਿੱਚ ਇਕ ਨਿਸ਼ਚਿਤ ਕੀਮਤ 'ਤੇ ਖਰੀਦਣ ਦੇ ਲਈ ਕੇਵਲ ਇਛੁੱਕ ਜਾਂ ਯੋਗ ਹੀ ਨਹੀਂ ਬਲਕਿ ਤਿਆਰ ਵੀ ਹੈ।

6.4 ਵੱਖ-ਵੱਖ ਨਿਰਧਾਰਕ ਤੱਤ ਕਿਵੇਂ ਕੰਮ ਕਰਦੇ ਹਨ? (How do Different Determinants Work?)

1. ਵਸਤੂ ਦੀ ਕੀਮਤ (Price of Commodity)

ਸਧਾਰਣ ਤੌਰ 'ਤੇ ਕਿਸੇ ਵੀ ਵਸਤੂ ਦੀ ਮੰਗ ਉਸ ਦੀ ਕੀਮਤ ਨਾਲ ਨਿਰਧਾਰਿਤ ਹੁੰਦੀ ਹੈ। ਜੇਕਰ ਹੋਰ ਨਿਰਧਾਰਕ ਤੱਤ ਸਥਿਰ ਰਹਿਣ ਜਾਂ **ਹੋਰ ਗੱਲਾਂ ਬਰਾਬਰ ਰਹਿਣ** (Ceteris Paribus) ਉਦੋਂ ਕਿਸੇ ਵਸਤੂ ਦੀ ਕੀਮਤ ਵਿੱਚ ਪਰਿਵਰਤਨ ਆਉਣ ਨਾਲ ਉਸ ਦੀ ਮੰਗ ਵਿੱਚ ਵੀ ਉਲਟ ਪਰਿਵਰਤਨ ਆਉਂਦਾ ਹੈ। ਸਧਾਰਣ ਤੌਰ 'ਤੇ ਵਸਤੂ ਦੀ ਕੀਮਤ ਵਧਣ 'ਤੇ ਵਸਤੂ ਦੀ ਮੰਗ ਘਟਦੀ ਹੈ ਇਸ ਦੇ ਉਲਟ ਵਸਤੂ ਦੀ ਕੀਮਤ ਘਟਣ 'ਤੇ ਵਸਤੂ ਦੀ ਮੰਗ ਵਧਦੀ ਹੈ। ਕੀਮਤ ਅਤੇ ਮੰਗ ਦੇ ਇਸ ਸਬੰਧ ਨੂੰ ਮੰਗ ਦਾ ਨਿਯਮ ਕਿਹਾ ਜਾਂਦਾ ਹੈ। ਹੇਠ ਲਿਖੇ ਚਿੱਤਰ ਵਿੱਚ ਇਸ ਨੂੰ ਦਿਖਾਇਆ ਗਿਆ ਹੈ।

ਚਿੱਤਰ 6.3 ਵਿੱਚ ਵਸਤੂ ਦੀ ਕੀਮਤ ਦੇ OP ਤੋਂ ਘੱਟ ਕੇ OP_2 ਹੋਣ 'ਤੇ ਮੰਗ OQ ਤੋਂ ਵੱਧ ਕੇ OQ_1 ਹੋ ਗਈ ਹੈ ਅਤੇ ਕੀਮਤ ਦੇ ਵਧਣ OP ਤੋਂ OP_1 ਹੋਣ 'ਤੇ ਮੰਗ OQ ਤੋਂ ਘੱਟ ਹੋ ਕੇ OQ_2 ਹੋ ਗਈ ਹੈ, ਇਹ ਤੱਥ ਇਸ ਸੱਚ ਨੂੰ ਦੱਸਦਾ ਹੈ ਕਿ ਵਸਤੂ ਦੀ ਕੀਮਤ ਅਤੇ ਇਸ ਦੀ ਮੰਗੀ ਗਈ ਮਾਤਰਾ ਵਿੱਚ ਉਲਟ ਸਬੰਧ (Inverse Relationship) ਹੈ।

ਨੋਟ



ਚਿੱਤਰ 6.3

2. ਸਬੰਧਿਤ ਵਸਤੂਆਂ ਦੀਆਂ ਕੀਮਤਾਂ (Prices of Related Goods)

ਕਿਸੇ ਵਸਤੂ ਦੀ ਮੰਗ ਨਾ ਕੇਵਲ ਉਸ ਵਸਤੂ ਦੀ ਆਪਣੀ ਕੀਮਤ ਬਲਕਿ ਸਬੰਧਿਤ ਵਸਤੂਆਂ ਦੀਆਂ ਕੀਮਤਾਂ 'ਤੇ ਵੀ ਨਿਰਭਰ ਕਰਦੀ ਹੈ। ਵਸਤੂਆਂ ਨੂੰ ਵਿਆਪਕ ਰੂਪ ਨਾਲ ਪ੍ਰਤੀਸਥਾਪਨ ਅਤੇ ਪੂਰਕ ਵਸਤੂਆਂ ਵਿੱਚ ਵਰਗੀਕ੍ਰਿਤ ਕੀਤਾ ਜਾਂਦਾ ਹੈ।

(i) ਪ੍ਰਤੀਸਥਾਪਨ ਵਸਤੂਆਂ (Substitute Goods)– **ਪ੍ਰਤੀਸਥਾਪਨ ਵਸਤੂਆਂ ਉਹ ਵਸਤੂਆਂ ਹਨ ਜਿਨ੍ਹਾਂ ਦਾ ਇਕ ਦੂਸਰੇ ਦੇ ਸਥਾਨ 'ਤੇ ਸਜੋਗ ਕੀਤਾ ਜਾਂਦਾ ਹੈ ਜਿਵੇਂ ਚਾਹ ਅਤੇ ਕਾਫੀ ਜਾਂ ਪੈਪਸੀ ਕੋਲਾ ਅਤੇ ਕੋਕਾ ਕੋਲਾ।** ਕੋਕਾ ਕੋਲਾ ਦੀ ਮੰਗ ਦਾ ਸਬੰਧ ਪੈਪਸੀ ਦੀ ਕੀਮਤ ਨਾਲ ਹੈ। ਜੇਕਰ ਪੈਪਸੀ ਕੋਲਾ ਦੀ ਕੀਮਤ ਵੱਧ ਜਾਂਦੀ ਹੈ ਤਾਂ ਲੋਕ ਕੋਕਾ ਕੋਲਾ ਦੀ ਮੰਗ ਜ਼ਿਆਦਾ ਕਰਨਗੇ ਅਤੇ ਜੇਕਰ ਪੈਪਸੀ ਕੋਲਾ ਦੀ ਕੀਮਤ ਘੱਟ ਹੋ ਜਾਂਦੀ ਹੈ ਤਾਂ ਕੋਕਾ ਕੋਲਾ ਦੀ ਮੰਗ ਘੱਟ ਹੋ ਜਾਵੇਗੀ। ਹੋਰ ਸ਼ਬਦਾਂ ਵਿੱਚ, **ਪ੍ਰਤੀਸਥਾਪਨ ਵਸਤੂਆਂ ਦੇ ਮਾਮਲੇ ਵਿੱਚ ਇਕ ਵਸਤੂ ਦੀ ਮੰਗੀ ਗਈ ਮਾਤਰਾ ਦਾ ਦੂਸਰੀ ਅਤੇ ਪ੍ਰਤੀਸਥਾਪਨ ਵਸਤੂ ਦੀ ਕੀਮਤ ਨਾਲ ਪ੍ਰਤੱਖ ਸਬੰਧ ਹੈ।** ਜੇਕਰ ਇਕ ਵਸਤੂ ਜਿਵੇਂ ਕੋਕਾ ਕੋਲਾ ਦੀ ਕੀਮਤ ਵੱਧਦੀ ਹੈ ਤਾਂ ਉਸ ਦੀ ਪ੍ਰਤੀਸਥਾਪਨ ਵਸਤੂ, ਪੈਪਸੀ ਕੋਲਾ ਦੀ ਮੰਗ ਵੱਧ ਜਾਵੇਗੀ। ਇਸ ਦੇ ਉਲਟ ਜੇਕਰ ਕੋਕਾ ਕੋਲਾ ਦੀ ਕੀਮਤ ਘੱਟ ਜਾਂਦੀ ਹੈ ਤਾਂ ਵੀ ਇਸ ਦੇ ਪ੍ਰਤੀਸਥਾਪਨ ਪੈਪਸੀ ਕੋਲਾ ਦੀ ਮੰਗ ਵੀ ਘੱਟ ਹੋ ਜਾਵੇਗੀ। ਚਿੱਤਰ 6.4 ਨਾਲ ਸਬੰਧ ਨੂੰ ਸਪੱਸ਼ਟ ਕੀਤਾ ਜਾ ਸਕਦਾ ਹੈ–



ਚਿੱਤਰ 6.4

ਚਿੱਤਰ 6.4 ਨਾਲ ਪ੍ਰਗਟ ਹੁੰਦਾ ਹੈ ਕਿ ਪੈਪਸੀ ਦੀ ਕੀਮਤ OP ਤੋਂ ਵੱਧ ਕੇ OP_1 ਹੋਣ 'ਤੇ ਕੋਕਾ ਕੋਲਾ ਦੀ ਮੰਗ OQ ਤੋਂ ਵੱਧ ਕੇ OQ_1 ਹੋ ਗਈ ਹੈ।

(ii) **ਪੂਰਕ ਵਸਤੂਆਂ** (Complementary Goods)– **ਪੂਰਕ ਵਸਤੂਆਂ ਉਹ ਵਸਤੂਆਂ ਹਨ ਜਿਨ੍ਹਾਂ ਦਾ ਪ੍ਰਯੋਗ ਇਕੱਠਾ ਕੀਤਾ ਜਾਂਦਾ ਹੈ ਅਤੇ ਜਿਨ੍ਹਾਂ ਦੀ ਉਪਯੋਗਤਾ ਇਕ ਦੂਸਰੇ 'ਤੇ ਨਿਰਭਰ ਕਰਦੀ ਹੈ ਜਿਵੇਂ ਕਾਰ ਅਤੇ ਪੈਟਰੋਲ ਤੇ ਪੈਨ**

ਨੋਟ

ਅਤੇ ਸਿਆਹੀ। ਪੂਰਕ ਵਸਤੂਆਂ ਦੀ ਕੀਮਤ ਅਤੇ ਮੰਗ ਵਿੱਚ ਉਲਟ ਜਾਂ ਰਣਾਤਮਕ ਸਬੰਧ (Inverse or Negative Relationship) **ਹੁੰਦਾ ਹੈ। ਇਕ ਪੂਰਕ ਵਸਤੂ ਜਿਵੇਂ ਪੈਨ ਦੀ ਕੀਮਤ ਵਧਣ ਨਾਲ ਸਿਆਹੀ ਦੀ ਮੰਗ (ਪੈਨ ਦੀ ਮੰਗ ਦੇ ਨਾ) ਵਿੱਚ ਕਮੀ ਹੋ ਜਾਂਦੀ ਹੈ। ਇਸ ਦੇ ਉਲਟ ਪੈਨ ਦੀ ਕੀਮਤ ਘੱਟ ਹੋਣ 'ਤੇ ਸਿਆਹੀ ਦੀ ਮੰਗ ਵਿੱਚ ਵਾਧਾ ਹੋ ਜਾਂਦਾ ਹੈ।** ਹੋਰ ਸਬੰਧਾਂ ਵਿੱਚ, ਜੇਕਰ ਦੋ ਵਸਤੂਆਂ ਇਕ ਦੂਸਰੇ ਦੀਆਂ ਪੂਰਕ ਹਨ ਅਤੇ ਜੇਕਰ ਇਕ ਦੀ ਕੀਮਤ ਵੱਧਦੀ ਹੈ, ਹੋਰ ਪੂਰਕ ਵਸਤੂ ਦੀ ਮੰਗ ਘੱਟ ਹੋ ਜਾਵੇਗੀ। ਇਸ ਦੇ ਉਲਟ ਜੇਕਰ ਇਕ ਦੀ ਕੀਮਤ ਵਿੱਚ ਕਮੀ ਆਉਂਦੀ ਹੈ ਤਾਂ ਦੂਸਰੀ ਪੂਰਕ ਦੀ ਮੰਗ ਵੱਧ ਜਾਵੇਗੀ। ਚਿੱਤਰ 6.5 ਨਾਲ ਇਸ ਨੂੰ ਸਪੱਸ਼ਟ ਕੀਤਾ ਜਾ ਸਕਦਾ ਹੈ।



ਚਿੱਤਰ 6.5

ਚਿੱਤਰ 6.5 ਤੋਂ ਪ੍ਰਗਟ ਹੁੰਦਾ ਹੈ ਕਿ ਪੈਨਾਂ ਦੀ ਕੀਮਤ OP ਤੋਂ ਵੱਧ ਕੇ OP_1 ਹੋਣ 'ਤੇ ਸਿਆਹੀ ਦੀ ਮੰਗ OQ ਤੋਂ ਘੱਟ ਹੋ ਕੇ OQ_1 ਹੋ ਗਈ ਹੈ।

ਅਤੇ ਪ੍ਰਤੀਸਥਾਪਨ ਵਸਤੂਆਂ ਦੇ ਮਾਮਲੇ ਵਿੱਚ ਮੰਗ ਵਕ੍ਰ ਦਾ ਢਲਾਣ ਧਨਾਤਮਕ (Positively Sloped) **ਹੁੰਦਾ ਹੇ। ਜਦੋਂ ਕਿ ਪੂਰਕ ਵਸਤੂਆਂ ਦੇ ਮਾਮਲੇ ਵਿੱਚ ਮੰਗ ਵਕ੍ਰ ਦਾ ਢਲਾਣ ਰਣਾਤਮਕ** (Negatively Sloped) **ਹੁੰਦਾ ਹੇ।**

3. ਉਪਭੋਗਤਾ ਦੀ ਆਮਦਨ (Income of the Consumer)

ਉਪਭੋਗਤਾ ਦੀ ਆਮਦਨ ਅਤੇ ਵਸਤੂ ਦੀ ਮੰਗ ਵਿੱਚ ਸਧਾਰਣ ਤੌਰ 'ਤੇ ਪ੍ਰੱਤਖ ਸਬੰਧ ਪਾਇਆ ਜਾਂਦਾ ਹੈ ਅਤੇ ਆਮਦਨ ਵਿੱਚ ਵਾਧਾ ਹੋਣ 'ਤੇ ਵਸਤੂਆਂ ਦੀ ਮੰਗ ਵਿੱਚ ਵਾਧਾ ਹੋ ਜਾਂਦਾ ਹੈ ਅਤੇ ਆਮਦਨ ਦੇ ਘੱਟ ਹੋਣ 'ਤੇ ਵਸਤੂਆਂ ਦੀ ਮੰਗ ਘੱਟ ਹੋ ਜਾਂਦੀ ਹੈ। ਅਰਥ ਸ਼ਾਸਤਰ ਵਿੱਚ ਅਜਿਹੀਆਂ ਵਸਤੂਆਂ ਦੀਆਂ **ਸਧਾਰਣ ਵਸਤੂਆਂ** (Normal Goods) ਕਿਹਾ ਜਾਂਦਾ ਹੈ। **ਸਧਾਰਣ ਵਸਤੂ ਉਹ ਵਸਤੂ ਹੈ ਜਿਸ ਦੀ ਮੰਗ ਉਪਭੋਗਤਾ ਦੀ ਆਮਦਨ ਦੇ ਵਧਣ ਦੇ ਨਾਲ ਵਧਦੀ ਹੈ।** ਕੁਝ ਵਸਤੂਆਂ ਅਜਿਹੀਆਂ ਵੀ ਹਨ ਜਿਨ੍ਹਾਂ ਨੂੰ ਹੇਠਲੀ ਕੋਟੀ ਦੀਆਂ ਵਸਤੂਆਂ ਕਿਹਾ ਜਾਂਦਾ ਹੈ। **ਹੇਠਲੀ ਕੋਟੀ ਦੀ ਵਸਤੂ** (Inferior Goods) **ਉਹ ਵਸਤੂ ਹੈ ਜਿਸ ਦੀ ਮੰਗ ਉਪਭੋਗਤਾ ਦੀ ਆਮਦਨ ਵਧਣ 'ਤੇ ਘੱਟ ਜਾਂਦੀ ਹੈ** ਅਤੇ ਇਕ ਵਸਤੂ ਦੀ ਮੰਗ ਅਤੇ ਉਪਭੋਗਤਾ ਦੀ ਆਮਦਨ ਦੇ ਵਿੱਚ ਦੇ ਸਬੰਧ ਦੀ ਵਿਆਖਿਆ ਹੇਠ ਲਿਖੀਆਂ ਤਿੰਨ ਵਰਗਾਂ ਦੇ ਸਬੰਧ ਵਿੱਚ ਕੀਤੀ ਜਾਂਦੀ ਹੈ।

(i) ਸਧਾਰਣ ਵਸਤੂਆਂ, (ii) ਹੇਠਲੀ ਕੋਟੀ ਦੀਆਂ ਵਸਤੂਆਂ, (iii) ਜ਼ਰੂਰੀ ਵਸਤੂਆਂ ਅਤੇ ਸਸਤੀਆਂ ਵਸਤੂਆਂ।

(i) ਸਧਾਰਣ ਵਸਤੂਆਂ (Normal Goods)– **ਸਧਾਰਣ ਵਸਤੂਆਂ ਉਹ ਵਸਤੂਆਂ ਹਨ ਜਿਨ੍ਹਾ ਦੀ ਮੰਗ ਉਪਭੋਗਤਾ ਦੀ ਆਮਦਨ ਵਧਣ 'ਤੇ ਵਧਦੀ ਹੈ ਅਤੇ ਆਮਦਨ ਦੇ ਘਟਣ 'ਤੇ ਘਟਦੀ ਹੈ।** ਇਸ ਤਰ੍ਹਾਂ ਉਪਭੋਗਤਾ ਦੀ ਆਮਦਨ ਅਤੇ ਮੰਗੀ ਗਈ ਮਾਤਰਾ ਵਿੱਚ ਪ੍ਰੱਤਖ ਜਾਂ ਧਨਾਤਮਕ ਸਬੰਧ ਹੈ, ਇਸ ਨਾਲ ਚਿੱਤਰ 6.6 ਦਰਸਾਇਆ ਗਿਆ ਹੈ। ਚਿੱਤਰ 6.6 ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਉਪਭੋਗਤਾ ਦੀ ਆਮਦਨ ਦੇ OY ਤੋਂ ਵੱਧ ਕੇ OY_1 ਹੋਣ 'ਤੇ ਵਸਤੂ ਦੀ ਮੰਗ OQ ਤੋਂ ਵੱਧ ਕੇ OQ_1 ਹੋਣ ਦੀ ਪ੍ਰਵਿਰਤੀ ਦਰਸਾਉਂਦੀ ਹੈ। ਮੰਗ ਵਕ੍ਰ DD ਦਾ ਢਲਾਣ ਖੱਬੇ ਤੋਂ ਸੱਜੇ ਉਪਰ ਵੱਲ ਹੈ ਜੋ ਆਮਦਨ ਅਤੇ ਮੰਗੀ ਗਈ ਮਾਤਰਾ ਦੇ ਪ੍ਰੱਤਖ ਜਾਂ ਧਨਾਤਮਕ ਸਬੰਧ ਨੂੰ ਦੱਸਦਾ ਹੈ।

(ii) **ਹੇਠਲੀ ਕੋਟੀ ਦੀਆਂ ਵਸਤੂਆਂ** (Inferior Goods)- **ਹੇਠਲੀ ਕੋਟੀ ਜਾਂ ਘਟੀਆ ਵਸਤੂਆਂ ਉਹ ਵਸਤੂਆਂ ਹਨ ਜਿਨ੍ਹਾਂ ਦੀ ਮੰਗ ਉਪਭੋਗਤਾ ਦੀ ਆਮਦਨ ਵਧਣ 'ਤੇ ਘੱਟ ਜਾਂਦੀ ਹੈ ਅਤੇ ਆਮਦਨ ਘੱਟ ਹੋਣ 'ਤੇ ਵੱਧ ਜਾਂਦੀ ਹੈ।** ਇਸ ਤਰ੍ਹਾਂ ਉਪਭੋਗਤਾ ਦੀ ਆਮਦਨ ਅਤੇ ਹੇਠਲੀ ਕੋਟੀ ਦੀ ਵਸਤੂ ਦੀ ਮੰਗ ਵਿੱਚ ਉਲਟ ਸਬੰਧ ਹੁੰਦਾ ਹੈ। ਚਿੱਤਰ 6.7 ਇਸ ਸਥਿਤੀ ਨੂੰ ਪ੍ਰਗਟ ਕਰਦਾ ਹੈ।

ਨੋਟ



ਚਿੱਤਰ 6.6

ਚਿੱਤਰ 6.7 ਤੋਂ ਪਤਾ ਲੱਗਦਾ ਹੈ ਕਿ ਉਪਭੋਗਤਾ ਦੀ ਆਮਦਨ ਦੇ OY ਤੋਂ OY_1 ਵਧਣ 'ਤੇ X ਵਸਤੂ (ਜੋ ਘਟੀਆ ਵਸਤੂ ਹੈ) ਦੀ ਮੰਗੀ ਗਈ ਮਾਤਰਾ OQ ਤੋਂ ਘੱਟ ਕੇ OQ_1 ਹੋ ਗਈ ਹੈ। ਇਸ ਦਾ ਕਾਰਨ ਇਹ ਹੈ ਕਿ ਉਪਭੋਗਤਾ ਆਮਦਨ ਵਿੱਚ ਵਾਧਾ ਹੋਣ ਨਾਲ ਘਟੀਆ ਵਸਤੂਆਂ ਦੀ ਜਗ੍ਹਾ 'ਤੇ ਵਧੀਆ ਵਸਤੂਆਂ ਦਾ ਜ਼ਿਆਦਾ ਇਸਤੇਮਾਲ ਕਰਨ ਲੱਗਦਾ ਹੈ ਅਤੇ ਘਟੀਆ ਵਸਤੂਆਂ ਦੇ ਲਈ ਆਮਦਨ ਮੰਗ ਵਕ੍ਰ DD ਰਣਾਤਮਕ ਢਾਲ ਵਾਲਾ ਹੁੰਦਾ ਹੈ।



ਚਿੱਤਰ 6.7

(iii) ਜ਼ਰੂਰੀ ਵਸਤੂਆਂ ਅਤੇ ਸਸਤੀਆਂ ਵਸਤੂਆਂ (Necessaries of Life and Inexpensive Goods)–ਉਪਭੋਗਤਾ ਦੀ ਆਮਦਨ ਅਤੇ ਜ਼ਰੂਰੀ ਅਤੇ ਸਸਤੀਆਂ ਵਸਤੂਆਂ ਦੇ ਵਿੱਚ ਦੇ ਸਬੰਧ ਦਾ ਅਧਿਐਨ ਵੀ ਜ਼ਰੂਰੀ ਹੈ। ਜ਼ਰੂਰੀ ਅਤੇ ਸਸਤੀਆਂ ਵਸਤੂਆਂ ਜਿਵੇਂ ਨਮਕ, ਮਾਚਿਸ, ਦਾਲਾਂ, ਆਲੂ ਆਦਿ ਦੀ ਮੰਗ 'ਤੇ ਉਪਭੋਗਤਾ ਦੀ ਆਮਦਨ ਵਿੱਚ ਇਕ ਹੱਦ ਦੇ ਬਾਅਦ ਹੋਣ ਵਾਲਾ ਵਾਧੇ ਦਾ ਕੋਈ ਪ੍ਰਭਾਵ ਨਹੀਂ ਪੈਂਦਾ ਅਤੇ ਮੰਗ ਸਥਿਰ ਰਹਿੰਦੀ ਹੈ। ਸ਼ੁਰੂ ਵਿੱਚ ਜਦੋਂ ਆਮਦਨ ਬਹੁਤ ਘੱਟ ਹੁੰਦੀ ਹੈ ਤਾਂ ਆਮਦਨ ਦੇ ਵਧਣ 'ਤੇ ਮੰਗ ਵੱਧ ਜਾਂਦੀ ਹੈ ਪਰ ਇਕ ਹੱਦ ਦੇ ਬਾਅਦ ਆਮਦਨ ਦੇ ਵਧਣ ਦਾ ਮੰਗ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਇਸ ਸਥਿਤੀ ਨੂੰ ਚਿੱਤਰ 6.8 ਨਾਲ ਪ੍ਰਗਟ ਕੀਤਾ ਗਿਆ ਹੈ।

ਚਿੱਤਰ 8 ਇਹ ਦਰਸਾਉਂਦਾ ਹੈ ਕਿ ਉਪਭੋਗਤਾ ਦੀ ਆਮਦਨ ਜਦੋਂ OY ਤੋਂ ਵੱਧ ਕੇ OY_1 ਹੁੰਦੀ ਹੈ, ਉਦੋਂ ਮੰਗ OQ ਤੋਂ ਵੱਧ ਕੇ OQ_1 ਹੋ ਜਾਂਦੀ ਹੈ ਅਤੇ ਮੰਗ ਵਿੱਚ ਕੇਵਲ ਥੋੜ੍ਹੀ ਜਿਹੀ ਮਾਤਰਾ ਹੀ ਵੱਧ (Moderate Stretch) ਇਸ ਦੇ ਬਾਅਦ ਮੰਗ ਸਥਿਰ ਹੋ ਜਾਂਦੀ ਹੈ। ਆਮਦਨ ਦੇ OY_2 ਜਾਂ ਉਸ ਤੋਂ ਜ਼ਿਆਦਾ ਹੋ ਜਾਣ 'ਤੇ ਵੀ ਮੰਗ ਵਿੱਚ ਕੋਈ ਪਰਿਵਰਤਨ ਨਹੀਂ ਹੋਇਆ ਹੈ।

Y- ਇੱਛਾ ਦੇ ਸਮਾਂਤਰ ਮੰਗ ਵਕ੍ਰ ਦਾ ਹਿੱਸਾ ED (Vertical Stretch) ਮੰਗ ਦੇ ਸਥਿਰ ਰਹਿਣ ਦੇ ਪ੍ਰਗਟ ਕਰ ਰਿਹਾ ਹੈ।

ਨੋਟ



ਚਿੱਤਰ 6.8

4. **ਰੁਚੀ ਅਤੇ ਪਹਿਲਕਦਮੀ** (Taste and Preferences)– ਕਿਸੇ ਵੀ ਵਸਤੂ ਜਾਂ ਸੇਵਾ ਦੀ ਮੰਗ ਵਿਅਕਤੀ ਦੀਆਂ ਰੁਚੀਆਂ ਅਤੇ ਪਹਿਲਕਦਮੀ 'ਤੇ ਨਿਰਭਰ ਕਰਦੀ ਹੈ। ਇਨ੍ਹਾਂ ਸ਼ਬਦਾਂ ਦਾ ਇਸਤੇਮਾਲ ਕਾਫੀ ਵਿਸਥਾਰ ਅਰਥਾਂ ਵਿੱਚ ਕੀਤਾ ਜਾਂਦਾ ਹੈ। ਇਨ੍ਹਾਂ ਦੇ ਅਧੀਨ ਫੈਸ਼ਨ, ਆਦਤ, ਰੀਤੀ-ਰਿਵਾਜ਼ਾਂ ਆਦਿ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਉਪਭੋਗਤਾਵਾਂ ਦੀਆਂ ਰੁਚੀਆਂ ਅਤੇ ਪਹਿਲਕਦਮੀਆਂ 'ਤੇ ਵਿਗਿਆਪਨ, ਫੈਸ਼ਨ ਵਿੱਚ ਪਰਿਵਰਤਨ, ਮੌਸਮ, ਨਵੇਂ ਚਮਤਕਾਰਾਂ ਆਦਿ ਦਾ ਪ੍ਰਭਾਵ ਪੈਂਦਾ ਹੈ। ਹੋਰ ਗੱਲਾਂ ਬਰਾਬਰ ਰਹਿਣ 'ਤੇ, ਉਪਭੋਗਤਾਵਾਂ ਦੀਆਂ ਜਿਨ੍ਹਾਂ ਵਸਤੂਆਂ ਦੇ ਲਈ ਰੁਚੀ ਅਤੇ ਪਹਿਲਕਦਮੀਆਂ ਕੀਤੀਆਂ ਜਿਨ੍ਹਾਂ ਵਸਤੂਆਂ ਦੇ ਲਈ ਰੁਚੀ ਅਤੇ ਪਹਿਲ ਵੱਧ ਜਾਂਦੀ ਹੈ ਉਨ੍ਹਾਂ ਦੀ ਮੰਗ ਵੱਧ ਜਾਂਦੀ ਹੈ। ਇਸ ਦੇ ਉਲਟ ਉਪਭੋਗਤਾ ਦੀਆਂ ਪਹਿਲਕਦਮੀਆ ਅਤੇ ਰੁਚੀਆਂ ਵਿੱਚ ਪ੍ਰਤੀਕੂਲ ਪਰਿਵਰਤਨ ਹੋਣ 'ਤੇ ਵਸਤੂ ਦੀ ਮੰਗ ਘੱਟ ਹੋ ਜਾਂਦੀ ਹੈ।

ਰੁਚੀ ਅਤੇ ਪਹਿਲ ਸ਼ਬਦ (1) ਵਿਅਕਤੀਗਤ ਪਸੰਦਗੀ ਅਤੇ ਨਾ ਪਸੰਦਗੀ (2) ਫੈਸ਼ਨ (3) ਮੌਸਮ ਜਾਂ ਜਲਵਾਯੂ ਨੂੰ ਪ੍ਰਗਟ ਕਰਦੇ ਹਨ।

5. **ਸੰਭਾਵਨਾਵਾਂ** (Expectations)–ਵਸਤੂ ਦੀਆਂ ਕੀਮਤਾਂ ਦੀ ਉਪਲੱਬਧਤਾ ਅਤੇ ਭਾਗੀ ਆਮਦਨ ਆਦਿ ਵਿੱਚ ਭਵਿੱਖ ਵਿੱਚ ਹੋਣ ਵਾਲੇ ਪਰਿਵਰਤਨਾਂ ਨਾਲ ਸਬੰਧਿਤ ਉਪਭੋਗਤਾ ਦੀਆਂ ਸੰਭਾਵਨਾਵਾਂ ਮੰਗ ਦੇ ਹੋਰ ਨਿਰਧਾਰਕ ਤੱਤ ਹਨ। ਜੇਕਰ ਉਪਭੋਗਤਾ ਨੂੰ ਇਹ ਸੰਭਾਵਨਾ ਹੈ ਕਿ ਭਵਿੱਖ ਵਿੱਚ ਕੀਮਤ ਵੱਧ ਜਾਵੇਗੀ ਤਾਂ ਉਹ ਵਰਤਮਾਨ ਵਿੱਚ ਵਸਤੂ ਜ਼ਿਆਦਾ ਮਾਤਰਾ ਵਿੱਚ ਖਰੀਦੇਗਾ, ਚਾਹੇ ਉਸ ਦੀ ਕੀਮਤ ਜ਼ਿਆਦਾ ਹੀ ਕਿਉਂ ਨਾ ਹੋਵੇ। ਇਸੇ ਤਰ੍ਹਾਂ ਜੇਕਰ ਉਪਭੋਗਤਾ ਨੂੰ ਇਹ ਉਮੀਦ ਹੈ ਕਿ ਭਵਿੱਖ ਵਿੱਚ ਵਸਤੂ ਦੀ ਕੀਮਤ ਘੱਟ ਜਾਵੇਗੀ ਤਾਂ ਉਹ ਵਰਤਮਾਨ ਵਿੱਚ ਵਸਤੂ ਦੀ ਮੰਗ ਘੱਟ ਜਾਂ ਰੱਦ ਕਰ ਦਿੱਤੀ ਜਾਵੇਗੀ। ਭਵਿੱਖ ਵਿੱਚ ਆਮਦਨ ਦੇ ਵਧਣ ਜਾਂ ਘਟਣ ਦੀ ਸੰਭਾਵਨਾ ਦਾ ਵੀ ਵਰਤਮਾਨ ਮੰਗ 'ਤੇ ਪ੍ਰਭਾਵ ਪੈਂਦਾ ਹੈ। ਆਮਦਨ ਵਿੱਚ ਵਾਧੇ ਦੀ ਸੰਭਾਵਨਾ ਅਤੇ ਵਸਤੂ ਦੀ ਮੰਗ ਵਿੱਚ ਸਧਾਰਣ ਸਿੱਧਾ ਸਬੰਧ ਹੁੰਦਾ ਹੈ। ਭਵਿੱਖ ਵਿੱਚ ਆਮਦਨ ਦੇ ਵਧਣ ਦੀ ਸੰਭਾਵਨਾ ਨਾਲ ਮੰਗ ਵਿੱਚ ਵਾਧਾ ਹੁੰਦਾ ਹੈ ਅਤੇ ਭਵਿੱਖ ਵਿੱਚ ਆਮਦਨ ਦੇ ਘੱਟ ਹੋ ਜਾਣ ਦਾ ਡਰ ਮੰਗ ਨੂੰ ਘੱਟ ਕਰ ਦਿੰਦਾ ਹੈ।

6. **ਜਨਸੰਖਿਆ ਦਾ ਆਕਾਰ ਅਤੇ ਰਚਨਾ** (Size and Composition of Population)– ਬਾਜ਼ਾਰ ਮੰਗ ਜਨਸੰਖਿਆ ਦੇ ਆਕਾਰ ਅਤੇ ਰਚਨਾ ਵਿੱਚ ਪਰਿਵਰਤਨ ਹੋਣ ਨਾਲ ਪ੍ਰਭਾਵਿਤ ਹੁੰਦਾ ਹੈ। ਜਨਸੰਖਿਆ ਵਿੱਚ ਵਾਧਾ ਹੋਣ ਨਾਲ ਸਾਰੀ ਤਰ੍ਹਾ ਦੀਆਂ ਵਸਤੂਆਂ ਦੀ ਮੰਗ ਵੱਧ ਜਾਂਦੀ ਹੈ ਅਤੇ ਜਨਸੰਖਿਆ ਵਿੱਚ ਕਮੀ ਇਨ੍ਹਾਂ ਦੀ ਮੰਗ ਨੂੰ ਵੀ ਘੱਟ ਕਰ ਦਿੰਦੀ ਹੈ। ਜਨਸੰਖਿਆ ਦੀ ਰਚਨਾ ਵੀ ਮੰਗ ਨੂੰ ਪ੍ਰਭਾਵਿਤ ਕਰਦੀ ਹੈ। ਜਨਸੰਖਿਆ ਦੀ ਰਚਨਾ ਤੋਂ ਭਾਵ ਹੈ ਕਿ ਜਨਸੰਖਿਆ ਵਿੱਚ ਬੱਚੇ, ਨੌਜਵਾਨ, ਪੁਰਸ਼, ਇਸਤਰੀਆਂ ਆਦਿ ਕਿੰਨੇ ਹਨ। ਜੇਕਰ ਜਨਸੰਖਿਆ ਦੀ ਰਚਨਾ ਵਿੱਚ ਪਰਿਵਰਤਨ ਆਉਂਦਾ ਹੈ ਜਿਵੇਂ ਇਸਤਰੀਆਂ ਦੀ ਸੰਖਿਆ ਪੁਰਸ਼ਾਂ ਦੀ ਤੁਲਨਾ ਵਿੱਚ ਵੱਧ ਜਾਵੇ ਉਦੋਂ ਉਨ੍ਹਾਂ ਵਸਤੂਆਂ ਦੀ ਮੰਗ ਵੱਧ ਜਾਵੇਗੀ ਜਿਨ੍ਹਾਂ ਨੂੰ ਇਸਤਰੀਆ ਖਰੀਦੀਆਂ ਹਨ।

7. **ਆਮਦਨ ਦੀ ਵੰਡ** (Distribution of Income)–ਸਮਾਜ ਵਿੱਚ ਹੋਣ ਵਾਲੀ ਆਮਦਨ ਦੀ ਵੰਡ ਦਾ ਵੀ ਬਾਜ਼ਾਰ ਮੰਗ 'ਤੇ ਪ੍ਰਭਾਵ ਪੈਂਦਾ ਹੈ। ਜੇਕਰ ਆਮਦਨ ਦੀ ਵੰਡ ਅਸਮਾਨ ਹੈ ਤਾਂ ਅਮੀਰ ਵਿਅਕਤੀਆਂ ਦੇ ਇਸਤੇਮਾਲ ਵਿੱਚ ਆਉਣ ਵਾਲੀਆਂ ਵਿਲਾਸਤਾ ਦੀਆਂ ਵਸਤੂਆਂ ਜਿਵੇਂ ਰੰਗੀਨ ਟੀ. ਵੀ. ਸਵਚਾਲਿਤ ਵਾਸ਼ਿੰਗ ਮਸ਼ੀਨ, ਵੀਡੀਓ

ਨੋਟ ਕੈਮਰਾ ਆਦਿ ਦੀ ਮੰਗ ਜ਼ਿਆਦਾ ਹੋ ਜਾਵੇਗੀ। ਦੂਸਰੇ ਪਾਸੇ ਜੇਕਰ ਆਮਦਨ ਦੀ ਵੰਡ ਬਰਾਬਰ ਹੈ ਤਾਂ ਵਿਲਾਸਤਾ ਦੀਆਂ ਵਸਤੂਆਂ ਦੀ ਮੰਗ ਘੱਟ ਹੋਵੇਗੀ ਅਤੇ ਜ਼ਰੂਰ ਅਤੇ ਆਰਾਮਦਾਇਕ ਵਸਤੂਆਂ ਦੀ ਮੰਗ ਜ਼ਿਆਦਾ ਹੋਵੇਗੀ।

ਕੀ ਤੁਸੀਂ ਜਾਣਦੇ ਹੋ ਸਧਾਰਣ ਵਸਤੂ ਉਹ ਵਸਤੂ ਹੈ ਜਿਸ ਦੀ ਮੰਗ ਉਪਭੋਗਤਾ ਦੀ ਆਮਦਨ ਦੇ ਵਧਣ ਦੇ ਨਾਲ ਵੱਧਦੀ ਹੈ।

6.5 ਮੰਗੀ ਗਈ ਮਾਤਰਾ ਵਿੱਚ ਪਰਿਵਰਤਨ ਅਤੇ ਮੰਗ ਵਿੱਚ ਪਰਿਵਰਤਨ (Change in Quantity Demanded and Change in Demand) ਜਾਂ ਮੰਗ ਵਕ੍ਰ 'ਤੇ ਸੰਚਲਣ ਅਤੇ ਮੰਗ ਵਕ੍ਰ ਦਾ ਖਿਸਕਾਅ (Movement Along Demand Curve and Shift of the Demand Curve)

ਅਰਥ ਸ਼ਾਸਤਰੀਆ ਦੇ ਅਨੁਸਾਰ, **''ਮੰਗੀ ਗਈ ਮਾਤਰਾ ਵਿੱਚ ਪਰਿਵਰਤਨ'' ਅਤੇ ''ਮੰਗ ਵਿੱਚ ਪਰਿਵਰਤਨ'' ਸਬੰਧੀ ਧਾਰਨਾਵਾਂ ਵਿੱਚ ਅੰਤਰ ਹੁੰਦਾ ਹੈ। ''ਮੰਗੀ ਗਈ ਮਾਤਰਾ ਵਿੱਚ ਪਰਿਵਰਤਨ'' ਵਸਤੂ ਦੀ ਕੀਮਤ ਵਿੱਚ ਹੋਣ ਵਾਲੇ ਪਰਿਵਰਤਨ ਦੀ ਮੰਗ 'ਤੇ ਪੈਣ ਵਾਲੇ ਪ੍ਰਭਾਵ ਨੂੰ ਦੱਸਦਾ ਹੈ ਜਦੋਂ ਕਿ ਮੰਗ ਦੇ ਹੋਰ ਨਿਰਧਾਰਕ ਤੱਤ ਜਿਵੇਂ ਆਮਦਨ, ਰੁਚੀਆਂ ਅਤੇ ਸਬੰਧਿਤ ਵਸਤੂਆਂ ਦੀਆਂ ਕੀਮਤਾਂ ਸਥਿਰ ਰਹਿੰਦੀਆਂ ਹਨ।** ਕਿਉਂਕਿ ਇਕ ਨਿਸ਼ਚਿਤ ਕੀਮਤ 'ਤੇ ਮੰਗੀ ਗਈ ਵਕ੍ਰ ਦੇ ਇਕ ਬਿੰਦੂ ਨਾਲ ਦਰਸਾਇਆ ਜਾਂਦਾ ਹੈ ਅਤੇ ਮੰਗੀ ਗਈ ਮਾਤਰਾ ਵਿੱਚ ਪਰਿਵਰਤਨ **ਇਕ ਹੀ ਮੰਗ ਵਕ੍ਰ ਦੇ ਵੱਖ-ਵੱਖ ਬਿੰਦੂਆਂ** (Movement along a Demand Curve) **ਜਾਂ ਸੰਗ ਵਕ੍ਰ 'ਤੇ ਸੰਚਲਨ** ਨਾਲ ਪ੍ਰਦਰਸ਼ਿਤ ਕੀਤਾ ਜਾਂਦਾ ਹੈ। ਇਸ ਦੇ ਉਲਟ **''ਮੰਗ ਵਿੱਚ ਪਰਿਵਰਤਨ''** ਵਸਤੂ ਦੀ ਕੀਮਤ ਵਿੱਚ ਪਰਿਵਰਤਨ ਦੇ ਕਾਰਨ ਨਹੀਂ ਹੁੰਦਾ, ਇਹ ਆਮਦਨ, ਰੁਚੀਆਂ, ਸਬੰਧਿਤ ਵਸਤੂਆਂ ਦੀ ਕੀਮਤ ਆਦਿ ਵਿੱਚ ਪਰਿਵਰਤਨ ਦੇ ਕਾਰਨ ਵਸਤੂ ਦੇ ਲਈ ਉਪਭੋਗਤਾ ਦੀ ਮੰਗ 'ਤੇ ਪੈਣ ਵਾਲੇ ਪ੍ਰਭਾਵ ਨੂੰ ਪ੍ਰਗਟ ਕਰਦਾ ਹੈ। ਜਦੋਂ ਕਿ ਵਸਤੂ ਦੀ ਕੀਮਤ ਸਥਿਰ ਰਹਿੰਦੀ ਹੈ। **ਮੰਗ ਵਿੱਚ ਪਰਿਵਰਤਨ** ਸੰਪੂਰਨ ਮੰਗ ਵਕ੍ਰ ਦੇ ਖੱਬੇ ਪਾਸੇ ਜਾਂ ਸੱਜੇ ਪਾਸੇ **ਖਿਸਕਾਅ** ਜਾਂ **ਤਬਦੀਲੀ** (Shift) ਨੂੰ ਪ੍ਰਦਰਸ਼ਿਤ ਕਰਦਾ ਹੈ। ਮੰਗ ਵਿੱਚ ਪਰਿਵਰਤਨ ਦੇ ਦੋਨੋਂ ਤਰ੍ਹਾ ਵਿੱਚ ਅੰਤਰ ਦਾ ਬਹੁਤ ਜ਼ਿਆਦਾ ਮਹੱਤਵ ਹੈ। ਇਕ ਹੀ ਮੰਗ ਵਕ੍ਰ 'ਤੇ ਸੰਚਲਨ ਜਾਂ ਮੰਗੀ ਗਈ ਮਾਤਰਾ ਵਿੱਚ ਪਰਿਵਰਤਨ ਬਾਜ਼ਾਰ ਕੀਮਤ ਵਿੱਚ ਪਰਿਵਰਤਨ ਦੇ ਕਾਰਨ ਉਪਭੋਗਤਾ ਨਾਲ ਮੰਗੀ ਗਈ ਮਾਤਰਾ ਵਿੱਚ ਕੀਤੇ ਗਏ ਸਮਨਵਯ ਨੂੰ ਪ੍ਰਗਟ ਕਰਦਾ ਹੈ। ਇਸ ਦੇ ਉਲਟ ਮੰਗ ਵਕ੍ਰ ਦਾ ਖਿਸਕਾਅ ਬਾਹਰੀ ਤੱਤਾਂ (ਜਿਵੇਂ ਆਮਦਨ, ਰੁਚੀਆਂ, ਸਬੰਧਿਤ ਵਸਤੂਆਂ ਦੀਆਂ ਕੀਮਤਾਂ ਆਦਿ) ਵਿੱਚ ਹੋਣ ਵਾਲੇ ਪਰਿਵਰਤਨਾਂ ਨਾਲ ਸਬੰਧਿਤ ਉਪਭੋਗਤਾ ਦੇ ਸਮਨਵਯ ਅਤੇ ਸੰਤੁਲਨ ਕੀਮਤ ਅਤੇ ਮਾਤਰਾ ਵਿੱਚ ਹੋਣ ਵਾਲੇ ਪਰਿਵਰਤਨ ਨੂੰ ਪ੍ਰਗਟ ਕਰਦਾ ਹੈ।

1. ਮੰਗੀ ਗਈ ਮਾਤਰਾ ਵਿੱਚ ਪਰਿਵਰਤਨ ਜਾਂ ਮੰਗ ਵਕ੍ਰ 'ਤੇ ਸੰਚਲਨ (Change in Quantity Demanded or Movement Along the Demand Curve)

ਹੋਰ ਗੱਲਾਂ ਬਰਾਬਰ ਰਹਿਣ 'ਤੇ, **ਜਦੋਂ ਮੰਗੀ ਗਈ ਮਾਤਰਾ ਵਿੱਚ, ਕੇਵਲ ਕੀਮਤ ਵਿੱਚ ਪਰਿਵਰਤਨ ਦੇ ਕਾਰਨ, ਪਰਿਵਰਤਨ ਹੁੰਦਾ ਹੈ** ਉਦੋਂ ਮੰਗ ਵਿੱਚ ਹੋਣ ਵਾਲੇ ਪਰਿਵਰਤਨ ਨੂੰ ਇਕ ਹੀ ਮੰਗ ਵਕ੍ਰ ਦੇ ਵੱਖ-ਵੱਖ ਬਿੰਦੂਆਂ ਨਾਲ ਪ੍ਰਗਟ ਕੀਤਾ ਜਾਂਦਾ ਹੈ। ਕੀਮਤ ਦੇ ਘੱਟ ਹੋਣ ਨਾਲ ਮੰਗ ਵਿੱਚ ਹੋਣ ਵਾਲੇ ਵਾਧੇ ਨੂੰ **ਮੰਗ ਦਾ ਵਿਸਥਾਰ** (Extension of Demand) ਅਤੇ ਕੀਮਤ ਦੇ ਵਧਣ ਨਾਲ ਮੰਗ ਵਿੱਚ ਹੋਣ ਵਾਲੀ ਕਮੀ ਨੂੰ **ਮੰਗ ਦਾ ਸੰਕੁਚਨ** (Contraction of Demand) ਕਿਹਾ ਜਾਦਾ ਹੈ। ਸੰਖੇਪ ਵਿੱਚ, ਇਕ ਹੀ ਮੰਗ ਵਕ੍ਰ 'ਤੇ ਸੰਚਲਨ ਵਸਤੂ ਦੀ ਕੀਮਤ ਵਿੱਚ ਪਰਿਵਰਤਨ ਦੇ ਫਲਸਰੂਪ ਸੰਭਵ ਹੁੰਦਾ ਹੈ। (Movements along a demand curve are in response to price changes for that good.) ਇਨ੍ਹਾਂ ਸੰਚਲਨਾਂ ਵਿੱਚ ਇਹ ਮੰਨ ਲਿਆ ਜਾਂਦਾ ਹੈ ਕਿ ਕੀਮਤ ਦੇ ਇਲਾਵਾ ਹੋਰ ਨਿਰਧਾਰਕ ਤੱਤ ਅਪਰਿਵਰਤਨ ਹਨ। ਇਕ ਦਿੱਤੀ ਗਈ ਮੰਗ ਵਕ੍ਰ 'ਤੇ ਸੰਚਲਨ ਵਸਤੂ ਦੀ ਕੀਮਤ ਵਿੱਚ ਪਰਿਵਰਤਨ ਦੇ ਕਾਰਨ ਮੰਗੀ ਗਈ ਮਾਤਰਾ ਵਿੱਚ ਪਰਿਵਰਤਨ ਨੂੰ ਦਰਸਾਉਂਦਾ ਹੈ। ਸੰਖੇਪ ਵਿੱਚ

ਕੇਵਲ ਕੀਮਤ ਵਿੱਚ ਪਰਿਵਰਤਨ
→ **ਮੰਗੀ ਗਈ ਮਾਤਰਾ ਵਿੱਚ ਪਰਿਵਰਤਨ**
→ **ਮੰਗ ਵਕ੍ਰ 'ਤੇ ਸੰਚਲਨ**

ਮੰਗੀ ਗਈ ਮਾਤਰਾ ਵਿੱਚ ਪਰਿਵਰਤਨ ਦੋ ਤਰ੍ਹਾ ਦੇ ਹੋ ਸਕਦੇ ਹਨ।

ਨੋਟ

1. **ਮੰਗ ਦਾ ਵਿਸਥਾਰ** (Extension of Demand)– **ਹੋਰ ਗੱਲਾਂ ਬਰਾਬਰ ਰਹਿਣ 'ਤੇ, ਜਦੋਂ ਕਿਸੇ ਵਸਤੂ ਦੀ ਕੀਮਤ ਵਿੱਚ ਕਮੀ ਹੋਣ ਦੇ ਫਲਸਰੂਪ ਉਸ ਦੀ ਮੰਗ ਜ਼ਿਆਦਾ ਹੋ ਜਾਂਦੀ ਹੋ ਤਾਂ ਇਸ ਨੂੰ ਮੰਗ ਦਾ ਵਿਸਥਾਰ ਕਿਹਾ ਜਾਂਦਾ ਹੈ।** (Extension of demand refers to a rise in quantity demanded as a result of fall in price)। ਜਿਵੇਂ ਕਿ ਤਾਲਿਕਾ 3 ਵਿੱਚ ਦਿਖਾਇਆ ਗਿਆ ਹੈ ਕਿ ਜਦੋਂ ਸੇਬਾਂ ਦੀ ਕੀਮਤ 5 ਰੁਪਏ ਪ੍ਰਤੀ ਕਿਲੋ ਹੈ ਤਾਂ ਸੇਬਾਂ ਦੀ ਮੰਗ 1 ਕਿਲੋ ਹੈ, ਜਦੋਂ ਕੀਮਤ ਘੱਟ ਹੋ ਕੇ 1 ਰੁਪਏ ਪ੍ਰਤੀ ਕਿਲੋ ਹੋ ਜਾਂਦੀ ਹੈ ਤਾਂ ਮੰਗ ਦਾ ਵਿਸਥਾਰ ਹੋ ਕੇ ਨਵੀਂ ਮੰਗ 5 ਕਿਲੋ ਸੇਬ ਹੋ ਜਾਂਦੀ ਹੈ।

ਤਾਲਿਕਾ 3. ਮੰਗ ਦਾ ਵਿਸਥਾਰ (Extension of Demand)		
ਕੀਮਤ (ਰੁ.)	ਮੰਗ ਦੀ ਮਾਤਰਾ (ਕਿਲੋ)	ਵਰਨਣ
5	1	ਕੀਮਤ ਵਿੱਚ ਕਮੀ ↓
1	5	ਮੰਗ ਵਿੱਚ ਵਿਸਥਾਰ



ਚਿੱਤਰ 6.9

ਮੰਗ ਦੇ ਵਿਸਥਾਰ ਨੂੰ ਚਿੱਤਰ 6.9 ਨਾਲ ਪ੍ਰਗਟ ਕੀਤਾ ਜਾ ਸਕਦਾ ਹੈ।

ਇਸ ਚਿੱਤਰ ਵਿੱਚ AB ਸੇਬਾਂ ਦੀ ਮੰਗ ਵਕ੍ਰ ਹੈ। ਸੇਬਾਂ ਦੀ ਕੀਮਤ 5 ਰੁਪਏ ਪ੍ਰਤੀ ਕਿਲੋ ਹੈ ਤਾਂ ਮੰਗ 1 ਕਿਲੋ ਹੈ। ਉਪਭੋਗਤਾ ਮੰਗ ਵਕ੍ਰ ਦੇ 'A' ਬਿੰਦੂ 'ਤੇ ਹੈ। ਜਦੋਂ ਸੇਬਾਂ ਦੀ ਕੀਮਤ ਘੱਟ ਹੋ ਕੇ 1 ਰੁਪਏ ਪ੍ਰਤੀ ਕਿਲੋ ਹੋ ਜਾਂਦੀ ਹੈ ਤਾਂ ਉਸ ਦੀ ਮੰਗ ਦਾ ਵਿਸਥਾਰ ਹੋ ਕੇ ਨਵੀਂ ਮੰਗ 5 ਕਿਲੋ ਹੋ ਜਾਂਦੀ ਹੈ ਅਤੇ ਉਪਭੋਗਤਾ ਮੰਗ ਵਕ੍ਰ ਦੇ 'B' ਬਿੰਦੂ 'ਤੇ ਪਹੁੰਚ ਜਾਂਦਾ ਹੈ ਅਤੇ ਮੰਗ ਵਕ੍ਰ ਦੇ ਉਚੇ ਬਿੰਦੂ (A) ਤੋਂ ਹੇਠਲੇ ਬਿੰਦੂ (B) ਵੱਲ ਖਿਸਕਣਾ ਮੰਗ ਦੇ ਵਿਸਥਾਰ ਨੂੰ ਪ੍ਰਗਟ ਕਰਦਾ ਹੈ।

2. **ਮੰਗ ਦਾ ਸੰਕੁਚਨ** (Contraction of Demand)–**ਹੋਰ ਗੱਲਾਂ ਬਰਾਬਰ ਰਹਿਣ 'ਤੇ, ਜਦੋਂ ਕਿਸੇ ਵਸਤੂ ਦੀ ਕੀਮਤ ਵਿੱਚ ਵਾਧਾ ਹੋਣ ਦੇ ਫਲਸਰੂਪ ਉਸ ਦੀ ਮੰਗ ਘੱਟ ਹੋ ਜਾਂਦੀ ਹੈ ਤਾਂ ਇਸ ਨੂੰ ਮੰਗ ਦਾ ਸੰਕੁਚਨ ਕਿਹਾ ਜਾਂਦਾ ਹੈ।** (Contraction of demand refers to fall in quantity demanded as a result of rise in price) ਜਿਵੇਂ ਕਿ ਤਾਲਿਕਾ 4 ਵਿੱਚ ਦਿਖਾਇਆ ਹੈ ਕਿ ਜਦੋਂ ਸੇਬਾਂ ਦੀ ਕੀਮਤ 1 ਰੁਪਿਆ ਪ੍ਰਤੀ ਕਿਲੋ ਹੈ ਤਾਂ ਸੇਬਾਂ ਦੀ ਮੰਗ 5 ਕਿਲੋ ਹੈ। ਜੇਕਰ ਸੇਬਾਂ ਦੀ ਕੀਮਤ ਵਧ ਕੇ 5 ਰੁਪਏ ਪ੍ਰਤੀ ਕਿਲੋ ਹੋ ਜਾਂਦੀ ਹੈ ਤਾਂ ਮੰਗ ਦਾ ਸੰਕੁਚਨ ਹੋ ਕੇ ਨਵੀਂ ਮੰਗ 1 ਕਿਲੋ ਹੋ ਜਾਂਦੀ ਹੈ।

ਤਾਲਿਕਾ 4. ਮੰਗ ਦਾ ਸੰਕੁਚਨ (Contraction of Demand)		
ਕੀਮਤ (ਰੁ.)	ਮੰਗ ਦੀ ਮਾਤਰਾ (ਕਿਲੋ)	ਵਰਨਣ
1	5	ਕੀਮਤ ਵਿੱਚ ਵਾਧਾ ↓
5	1	ਮੰਗ ਵਿੱਚ ਸੰਕੁਚਨ

ਨੋਟ



ਚਿੱਤਰ 6.10

ਮੰਗ ਦੇ ਸੰਕੁਚਨ ਨੂੰ ਚਿੱਤਰ 6.10 ਨਾਲ ਪ੍ਰਗਟ ਕੀਤਾ ਜਾ ਸਕਦਾ ਹੈ। ਇਸ ਚਿੱਤਰ ਵਿੱਚ AB ਸੇਬਾਂ ਦੀ ਮੰਗ ਵਕ੍ਰ ਹੈ। ਜਦੋਂ ਸੇਬਾਂ ਦੀ ਕੀਮਤ 1 ਰੁਪਿਆ ਪ੍ਰਤੀ ਕਿਲੋ ਹੈ ਤਾਂ ਮੰਗ 5 ਕਿਲੋ ਸੇਬ ਹੈ। ਉਪਭੋਗਤਾ ਮੰਗ ਵਕ੍ਰ ਦੇ 'B' ਬਿੰਦੂ 'ਤੇ ਹੈ। ਇਸ ਦੇ ਉਲਟ ਜਦੋਂ ਸੇਬਾਂ ਦੀ ਕੀਮਤ ਵੱਧ ਕੇ 5 ਰੁਪਏ ਪ੍ਰਤੀ ਕਿਲੋ ਹੋ ਜਾਂਦੀ ਹੈ ਤਾਂ ਸੇਬਾਂ ਦੀ ਮੰਗ ਦਾ ਸੰਕੁਚਨ ਹੋ ਕੇ ਨਵੀਂ ਮੰਗ 1 ਕਿਲੋ ਹੋ ਜਾਂਦੀ ਹੈ ਅਤੇ ਉਪਭੋਗਤਾ 'A' ਬਿੰਦੂ 'ਤੇ ਪਹੁੰਚ ਜਾਂਦਾ ਹੈ ਅਤੇ ਮੰਗ ਵਕ੍ਰ ਦਾ ਹੇਠਲਾ ਬਿੰਦੂ (B) ਤੋਂ ਉਚੇ ਬਿੰਦੂ (A) ਵੱਲ ਖਿਸਕਣ ਮੰਗ ਦੇ ਸੰਕੁਚਨ ਨੂੰ ਪ੍ਰਗਟ ਕਰਦਾ ਹੈ।

2. ਮੰਗ ਵਿੱਚ ਪਰਿਵਰਤਨ ਜਾਂ ਮੰਗ ਵਕ੍ਰ ਦਾ ਖਿਸਕਾਅ (Change in Demand or Shift in Demand Curve)

ਕੀਮਤ ਦੇ ਇਲਾਵਾ ਮੰਗ ਦੇ ਕਿਸੇ ਵੀ ਨਿਰਧਾਰਕ ਤੱਤ ਵਿੱਚ ਪਰਿਵਰਤਨ ਸੰਪੂਰਨ ਮੰਗ ਵਕ੍ਰ ਨੂੰ ਸੱਜੇ ਤੋਂ ਖੱਬੇ ਪਾਸੇ ਖਿਸਕਾ ਦਿੰਦਾ ਹੈ। ਮੰਗ ਵਿੱਚ ਵਾਧੇ ਨੂੰ ਸੱਜੇ ਪਾਸੇ ਤੋਂ ਖਿਸਕਾਅ ਨਾਲ ਅਤੇ ਮੰਗ ਵਿੱਚ ਕਮੀ ਨੂੰ ਖੱਬੇ ਪਾਸੇ ਖਿਸਕਾਅ ਨਾਲ ਦਿਖਾਇਆ ਜਾਂਦਾ ਹੈ। ਅਰਥ ਸ਼ਾਸਤਰੀ ਇਸ **ਮੰਗ ਵਿੱਚ ਪਰਿਵਰਤਨ** ਕਹਿੰਦੇ ਹਨ। ਮੰਗ ਵਿੱਚ ਪਰਿਵਰਤਨ, ਆਮਦਨ, ਰੁਚੀਆਂ ਜਾਂ ਸਬੰਧਿਤ ਵਸਤੂਆਂ ਦੀ ਕੀਮਤ ਵਿੱਚ ਪਰਿਵਰਤਨ ਆਦਿ ਦੇ ਕਾਰਨ ਹੁੰਦੇ ਹਨ। ਸੰਖੇਪ ਵਿੱਚ।

ਆਮਦਨ, ਰੁਚੀਆਂ ਜਾਂ ਕੇਵਲ ਕੀਮਤਾਂ ਵਿੱਚ ਪਰਿਵਰਤਨ

→ **ਮੰਗ ਵਿੱਚ ਪਰਿਵਰਤਨ**

→ **ਮੰਗ ਵਕ੍ਰ ਦਾ ਖਿਸਕਾਅ**

ਕਿਸੇ ਵਸਤੂ ਦੀ ਮੰਗ ਦੇ ਵਿਸਥਾਰ ਅਤੇ ਸੰਕੁਚਨ ਦੀ ਵਿਆਖਿਆ ਉਸ ਦੀ ਕੀਮਤ ਵਿੱਚ ਹੋਣ ਵਾਲੇ ਪਰਿਵਰਤਨ ਦੇ ਸਬੰਧ ਵਿੱਚ ਕੀਤੀ ਜਾਂਦੀ ਹੈ। ਮੰਗ ਵਿੱਚ ਵਾਧਾ ਅਤੇ ਕਮੀ ਦੀ ਵਿਆਖਿਆ ਮੰਗ ਨੂੰ ਕੀਮਤ ਦੇ ਇਲਾਵਾ ਨਿਰਧਾਰਿਤ ਕਰਨ ਵਾਲੇ ਹੋਰ ਤੱਤਾਂ ਦੇ ਸਬੰਧ ਵਿੱਚ ਕੀਤੀ ਜਾਂਦੀ ਹੈ।

ਮੰਗ ਵਕ੍ਰ ਦਾ ਸੱਜੇ ਪਾਸੇ ਖਿਸਕਾਅ ਮੰਗ ਵਿੱਖ ਵਾਧਾ ਅਤੇ ਖੱਬੇ ਪਾਸੇ ਖਿਸਕਾਅ ਮੰਗ ਵਿੱਚ ਕਮੀ ਪ੍ਰਗਟ ਕਰਦਾ ਹੈ।

ਮੰਗ ਵਿੱਚ ਕਮੀ (Decrease in Demand) **ਜਾਂ ਮੰਗ ਵਕ੍ਰ ਦੇ ਖੱਬੇ ਪਾਸੇ ਖਿਸਕਾਅ** (Leftward Shift in Demand Curve) ਦੇ ਮੁੱਖ ਕਾਰਨ ਹੇਠ ਲਿਖੇ ਹਨ–

1. ਆਮਦਨ ਵਿੱਚ ਕਮੀ
2. ਪ੍ਰਤੀਸਥਾਪਨ ਵਸਤੂ ਦੀ ਕੀਮਤ ਵਿੱਚ ਕਮੀ
3. ਪੂਰਕ ਵਸਤੂਆਂ ਦੀ ਕੀਮਤ ਵਿੱਚ ਵਾਧਾ
4. ਰੁਚੀਆਂ, ਪਸੰਦਾਂ ਅਤੇ ਪਹਿਲਕਦਮੀਆਂ ਵਿੱਚ ਪ੍ਰਤੀਕੂਲ ਪਰਿਵਰਤਨ
5. ਭਵਿੱਖ ਵਿੱਚ ਕੀਮਤ ਘਟਣ ਦੀ ਸੰਭਾਵਨਾ
6. ਜਨਸੰਖਿਆ (ਖਰੀਦਦਾਰਾਂ) ਵਿੱਚ ਕਮੀ

ਇਸੇ ਤਰ੍ਹਾ **ਮੰਗ ਵਿੱਚ ਵਾਧਾ** (Increase in Demand) ਜਾਂ **ਮੰਗ ਵਕ੍ਰ ਦੇ ਸੱਜੇ ਪਾਸੇ ਖਿਸਕਾਅ** (Rightward Shift in Demand Curve) ਦੇ ਮੁੱਖ ਕਾਰਨ ਹੇਠ ਲਿਖੇ ਹਨ- **ਨੋਟ**

1. ਆਮਦਨ ਵਿੱਚ ਵਾਧਾ
2. ਪ੍ਰਤੀਸਥਾਪਨ ਵਸਤੂ ਦੀ ਕੀਮਤ ਵਿੱਚ ਵਾਧਾ
3. ਪੂਰਕ ਵਸਤੂਆਂ ਦੀ ਕੀਮਤ ਵਿੱਚ ਕਮੀ
4. ਰੁਚੀਆਂ, ਪਸੰਦਾਂ ਅਤੇ ਪਹਿਲਕਦਮੀਆਂ ਵਿੱਚ ਅਨੁਕੂਲ ਪਰਿਵਰਤਨ
5. ਭਵਿੱਖ ਵਿੱਚ ਕੀਮਤ ਘਟਣ ਦੀ ਸੰਭਾਵਨਾ
6. ਜਨਸੰਖਿਆ (ਖਰੀਦਦਾਰਾਂ) ਵਿੱਚ ਵਾਧਾ

ਸਵੈ ਮੁਲਾਂਕਣ (Self Assessment)

ਬਹੁ ਵਿਕਲਪੀ ਪ੍ਰਸ਼ਨ (Multiple Choice Questions)-

4. ਸਧਾਰਣ ਵਸਤੂ ਉਹ ਵਸਤੂ ਹੈ ਜਿਸ ਦੀ ਮੰਗ .....ਦੀ ਆਮਦਨ ਦੇ ਵਧਣ ਦੇ ਨਾਲ ਵਧਦੀ ਹੈ।
   (ਅ) ਉਪਭੋਗਤਾ (ਬ) ਵਿਅਕਤੀ (ਸ) ਪ੍ਰਤੀਸਥਾਪਨ (ਦ) ਆਮ ਵਿਅਕਤੀ
5. ਹੇਠਲੀ ਕੋਟੀ ਦੀ ਵਸਤੂ ਉਹ ਵਸਤੂ ਹੈ ਜਿਸ ਦੀ ਮੰਗ ਉਪਭੋਗਤਾ ਦੀ ਆਮਦਨ ਵਧਣ 'ਤੇ .....ਜਾਂਦੀ ਹੈ।
   (ਅ) ਘੱਟ ਹੋਵੇ (ਬ) ਘੱਟ (ਸ) ਜ਼ਿਆਦਾ ਹੋਵੇ (ਦ) ਵੱਧ
6. ਕੀਮਤ ਦੇ ਵਧਣ ਨਾਲ ਮੰਗ ਵਿੱਚ ਹੋਣ ਵਾਲੀ ਕਮੀ ਨੂੰ ਮੰਗ ਦਾ ਕਿਹਾ ਜਾਂਦਾ ਹੈ-
   (ਅ) ਸੰਕੁਚਨ (ਬ) ਵਕ੍ਰ (ਸ) ਸੰਚਲਨ (ਦ) ਵੰਡ
7. ਵਸਤੂ ਮੰਗ ਵਿੱਚ ਵਾਧਾ ਉਦੋਂ ਹੁੰਦਾ ਹੈ ਜਦੋਂ ਵਸਤੂ ਦੀ ਕੀਮਤ ਸਥਿਰ ਰਹਿਣ 'ਤੇ ਉਹ ਖਰੀਦੀ ਜਾਂਦੀ ਹੈ-
   (ਅ) ਜ਼ਿਆਦਾ ਮਾਤਰਾ ਵਿੱਚ (ਬ) ਘੱਟ ਮਾਤਰਾ ਵਿੱਚ (ਸ) ਸੰਤੁਲਿਤ ਮਾਤਰਾ ਵਿੱਚ (ਦ) ਬਿਲਕੁਲ ਨਹੀਂ।

6.6 ਮੰਗ ਵਿੱਚ ਵਿਸਥਾਰ ਅਤੇ ਵਾਧੇ ਵਿੱਚ ਅੰਤਰ (Distinction between Extension and Increase in Demand)

ਮੰਗ ਵਿੱਚ ਵਿਸਥਾਰ ਤੋਂ ਭਾਵ ਹੈ, ਹੋਰ ਗੱਲਾਂ ਬਰਾਬਰ ਰਹਿਣ 'ਤੇ ਇਕ ਵਸਤੂ ਦੀ ਕੀਮਤ ਵਿੱਚ ਗਿਰਾਵਟ ਦੇ ਕਾਰਨ ਮੰਗ ਦਾ ਵਧਣਾ। ਇਸ ਨੂੰ ਇਕ ਹੀ ਮੰਗ ਵਕ੍ਰ ਦੇ ਉਚੇ ਬਿੰਦੂ ਤੋਂ ਹੇਠਲੇ ਬਿੰਦੂ 'ਤੇ ਸੰਚਲਨ ਜਾਂ **ਹਰਕਤ** (Movement) ਨਾਲ ਪ੍ਰਗਟ ਕੀਤਾ ਜਾਂਦਾ ਹੈ। ਦੂਸਰੇ ਪਾਸੇ **ਮੰਗ ਵਿੱਚ ਵਾਧੇ** ਤੋਂ ਭਾਵ ਹੈ ਕੀਮਤ ਦੇ ਸਥਿਰ ਰਹਿਣ 'ਤੇ ਮੰਗ ਦੇ ਹੋਰ ਨਿਰਧਾਰਕ ਤੱਤਾਂ (ਜਿਵੇਂ ਰੁਚੀਆਂ, ਉਪਭੋਗਤਾ ਦੀ ਆਮਦਨ, ਪ੍ਰਤੀਸਥਾਪਨ ਵਸਤੂ ਦੀ ਕੀਮਤ) ਵਿੱਚ ਪਰਿਵਰਤਨ ਦੇ ਕਾਰਨ ਮੰਗ ਦਾ ਵਧਣਾ। ਇਸ ਨੂੰ ਸਾਰੇ ਮਾਰਗ ਵਕ੍ਰ ਦੇ ਉਪਰ ਵੱਲ ਖਿਸਕਾਅ ਜਾਂ ਖਿਸਕਾਉਣ ਨਾਲ ਪ੍ਰਗਟ ਕੀਤਾ ਜਾਂਦਾ ਹੈ।

ਮੰਗ ਵਿੱਚ ਵਿਸਥਾਰ ਅਤੇ ਵਾਧੇ ਵਿੱਚ ਅੰਤਰ

ਕਿਸੇ ਵਸਤੂ ਦੀ ਮੰਗ ਵਿੱਚ **ਵਿਸਥਾਰ** ਉਦੋਂ ਹੁੰਦਾ ਹੈ ਜਦੋਂ ਵਸਤੂ ਦੀ **ਕੀਮਤ ਘੱਟ** ਹੋਣ 'ਤੇ ਉਸ ਦੀ ਜ਼ਿਆਦਾ ਮਾਤਰਾ ਖਰੀਦੀ ਜਾਂਦੀ ਹੈ। ਵਸਤੂ ਦੀ ਮੰਗ ਵਿੱਚ ਵਾਧਾ ਉਦੋਂ ਹੁੰਦਾ ਹੈ ਜਦੋਂ ਵਸਤੂ ਦੀ **ਕੀਮਤ ਸਥਿਰ** ਰਹਿਣ 'ਤੇ ਉਸ ਦੀ ਜ਼ਿਆਦਾ ਮਾਤਰਾ ਖਰੀਦੀ ਜਾਂਦੀ ਹੈ।

ਚਿੱਤਰ 6.11 ਵਿੱਚ ਵਿਸਥਾਰ ਅਤੇ ਮੰਗ ਵਿੱਚ ਵਾਧੇ ਦੇ ਅੰਤਰ ਨੂੰ ਸਪੱਸ਼ਟ ਕਰ ਰਿਹਾ ਹੈ। DD ਅਰੰਭਿਕ ਮੰਗ ਵਕ੍ਰ ਹੈ। ਚਿੱਤਰ 6.11 ਤੋਂ ਪਤਾ ਲੱਗਦਾ ਹੈ ਕਿ DD ਮੰਗ ਵਕ੍ਰ ਦੇ 'A' ਬਿੰਦੂ ਤੋਂ ਮੰਗ ਵਿੱਚ ਦੋ ਵੱਖ-ਵੱਖ ਵਾਧਾ ਸੰਭਵ ਹੈ। **ਇਕ** ਇਹ ਹੈ ਕਿ ਇਕ ਮੰਗ ਵਕ੍ਰ DD ਦੇ 'A' ਬਿੰਦੂ ਤੋਂ ਸੰਚਲਨ ਕਰਕੇ 'B' ਬਿੰਦੂ 'ਤੇ ਮੰਗ ਦੀ ਮਾਤਰਾ ਦਾ OQ ਤੋਂ ਵੱਧ ਕੇ OQ_1 ਹੋਣਾ। ਮੰਗੀ ਗਈ ਮਾਤਰਾ ਵਿੱਚ ਇਹ ਵਾਧਾ ਕੀਮਤ ਦੇ OP ਤੋਂ ਘੱਟ ਕੇ OP_1 ਹੋਣ ਦੇ ਕਾਰਨ ਹੋਈ ਹੈ। ਇਸੇ **ਮੰਗ ਵਿੱਚ ਵਿਸਥਾਰ** ਕਿਹਾ ਜਾਂਦਾ ਹੈ। **ਦੂਸਰਾ** ਇਹ ਹੈ ਕਿ ਸਾਰੀ ਮੰਗ ਵਕ੍ਰ DD ਦਾ ਖਿਸਕ ਕੇ D_1 D_1 ਹੋ ਜਾਣਾ। ਅਰੰਭਿਕ ਕੀਮਤ OP 'ਤੇ ਉਪਭੋਗਤਾ OQ ਮਾਤਰਾ ਖਰੀਦਦਾ ਸੀ ਜਿਸ ਨੂੰ DD ਮੰਗ ਵਕ੍ਰ ਦੇ 'A' ਬਿੰਦੂ ਨਾਲ ਦਿਖਾਇਆ ਗਿਆ ਹੈ, ਪਰ ਕੀਮਤ ਦੇ ਇਲਾਵਾ ਮੰਗ ਦੇ ਹੋਰ

ਨੋਟ ਨਿਰਧਾਰਕ ਤੱਤਾਂ ਵਿੱਚ ਪਰਿਵਰਤਨ ਹੋ ਜਾਣ ਦੇ ਫਲਸਰੂਪ ਉਪਭੋਗਤਾ OQ_1 ਮਾਤਰਾ ਖਰੀਦਦਾ ਹੈ ਜਿਸ ਨੂੰ D_1 D_1 ਮੰਗ ਵਕ੍ਰ ਦੇ 'C' ਬਿੰਦੂ ਨਾਲ ਦਿਖਾਇਆ ਗਿਆ ਹੈ। ਇਸ ਪਰਿਵਰਤਨ ਨੂੰ **ਮੰਗ ਵਿੱਚ ਵਾਧਾ** ਕਿਹਾ ਜਾਂਦਾ ਹੈ।



ਚਿੱਤਰ 6.11

6.7 ਮੰਗ ਵਿੱਚ ਸੰਕੁਚਨ ਅਤੇ ਕਮੀ ਵਿੱਚ ਅੰਤਰ (Distinction between Contraction and Decrease in Demand)

ਮੰਗ ਵਿੱਚ ਸੰਕੁਚਨ ਤੋਂ ਭਾਵ ਹੈ, ਹੋਰ ਗੱਲਾਂ ਬਰਾਬਰ ਰਹਿਣ 'ਤੇ ਇਕ ਵਸਤੂ ਦੀ ਕੀਮਤ ਵਧਣ ਦੇ ਕਾਰਨ ਮੰਗ ਦਾ ਘੱਟ ਹੋ ਜਾਣਾ। ਇਸ ਨੂੰ ਇਕ ਹੀ ਮੰਗ ਵਕ੍ਰ ਦੇ ਹੇਠਲੇ ਬਿੰਦੂ ਤੋਂ ਉਚੇ ਬਿੰਦੂ 'ਤੇ ਸੰਚਲਨ ਨਾਲ ਪ੍ਰਗਟ ਕੀਤਾ ਜਾਂਦਾ ਹੈ। ਦੂਸਰੇ ਪਾਸੇ, ਮੰਗ ਵਿੱਚ ਕਮੀ ਤੋਂ ਭਾਵ ਹੈ ਕੀਮਤ ਦੇ ਇਲਾਵਾ ਮੰਗ ਦੇ ਹੋਰ ਨਿਰਧਾਰਕ ਤੱਤਾਂ ਵਿੱਚ ਪਰਿਵਰਤਨ ਦੇ ਕਾਰਨ ਮੰਗ ਦਾ ਘੱਟ ਹੋ ਜਾਣਾ। ਇਸ ਨੂੰ ਸਾਰੀ ਮੰਗ ਵਕ੍ਰ ਦੇ ਹੇਠਾਂ ਜਾਂ ਪਿੱਛੇ ਵੱਲ ਖਿਸਕਾਅ ਨਾਲ ਪ੍ਰਗਟ ਕੀਤਾ ਜਾਂਦਾ ਹੈ।

ਮੰਗ ਵਿੱਚ ਸੰਕੁਚਨ ਅਤੇ ਮੰਗ ਵਿੱਚ ਕਮੀ ਵਿੱਚ ਅੰਤਰ ਕਿਸੇ ਵਸਤੂ ਦੀ ਮੰਗ ਵਿੱਚ ਸੰਕੁਚਨ ਉਦੋਂ ਹੁੰਦਾ ਹੈ ਜਦੋਂ ਵਸਤੂ ਦੀ ਕੀਮਤ ਜ਼ਿਆਦਾ ਹੋਣ 'ਤੇ ਉਸ ਦੀ ਘੱਟ ਮਾਤਰਾ ਖਰੀਦੀ ਜਾਂਦੀ ਹੈ। ਵਸਤੂ ਦੀ ਮੰਗ ਵਿੱਚ ਕਮੀ ਉਦੋਂ ਹੁੰਦੀ ਹੈ ਜਦੋਂ ਕੀਮਤ ਸਥਿਰ ਰਹਿਣ 'ਤੇ ਉਸ ਦੀ ਘੱਟ ਮਾਤਰਾ ਖਰੀਦੀ ਜਾਂਦੀ ਹੈ।



ਚਿੱਤਰ 6.12

ਨੋਟ

ਚਿੱਤਰ 6.12 ਮੰਗ ਵਿੱਚ ਸੰਕੁਚਨ ਅਤੇ ਮੰਗ ਵਿੱਚ ਕਮੀ ਦੇ ਅੰਤਰ ਨੂੰ ਸਪੱਸ਼ਟ ਕਰ ਰਿਹਾ ਹੈ। DD ਅਰੰਭਿਕ ਮੰਗ ਵਕ੍ਰ ਹੈ। DD ਮੰਗ ਵਕ੍ਰ ਦੇ 'A' ਬਿੰਦੂ ਨਾਲ ਮੰਗ ਵਿੱਚ ਦੋ ਵੱਖ-ਵੱਖ ਕਮੀਆਂ ਸੰਭਵ ਹਨ। **ਇਕ** ਇਹ ਹੈ ਕਿ ਇਕ ਹੀ ਮੰਗ ਵਕ੍ਰ DD ਦੇ 'A' ਬਿੰਦੂ ਤੋਂ ਸੰਚਲਨ ਕਰਕੇ 'B' ਬਿੰਦੂ 'ਤੇ ਮੰਗ ਦੀ ਮਾਤਰਾ ਦਾ OQ ਤੋਂ ਘੱਟ ਹੋ ਕੇ OQ_1 ਹੋ ਜਾਣਾ। ਮੰਗੀ ਗਈ ਮਾਤਰਾ ਦਾ ਘੱਟ ਹੋਣਾ ਕੀਮਤ ਦੇ OP ਤੋਂ ਵੱਧ ਕੇ OP_1 ਹੋਣ ਦੇ ਕਾਰਨ ਸੰਭਵ ਹੋਇਆ ਹੈ। **ਇਸ ਨੂੰ ਮੰਗ ਵਿੱਚ ਸੰਕੁਚਨ** ਕਿਹਾ ਜਾਂਦਾ ਹੈ। **ਦੂਸਰਾ** ਇਹ ਹੈ ਸਾਰੀ ਮੰਗ ਵਕ੍ਰ DD ਦਾ ਖਿਸਕ ਕੇ D_1 D_1 ਹੋ ਜਾਣਾ। ਅਰੰਭਿਕ ਕੀਮਤ OP 'ਤੇ ਉਪਭੋਗਤਾ ਵਸਤੂ ਦੀ OQ ਮਾਤਰਾ ਖਰੀਦਦਾ ਸੀ, ਜਿਸ ਨੂੰ DD ਮੰਗ ਵਕ੍ਰ ਦੇ 'A' ਬਿੰਦੂ ਨਾਲ ਦਿਖਾਇਆ ਗਿਆ ਹੈ। ਪਰ ਹੁਣ ਉਹ ਇਸ ਕੀਮਤ 'ਤੇ OQ_1 ਮਾਤਰਾ ਖਰੀਦਦਾ ਹੈ। ਜਿਸ ਨੂੰ D_1 D_1 ਵਕ੍ਰ ਦੇ 'C' ਬਿੰਦੂ ਨਾਲ ਦਿਖਾਇਆ ਗਿਆ ਹੈ। ਮੰਗ ਵਕ੍ਰ ਵਿੱਚ ਇਹ ਖਿਸਕਾਅ (DD ਤੋਂ D_1 D_1) ਕੀਮਤ ਵਿੱਚ ਪਰਿਵਰਤਨ ਦੇ ਕਾਰਨ ਨਹੀਂ, ਬਲਕਿ ਮੰਗ ਦੇ ਹੋਰ ਨਿਰਧਾਰਕ ਤੱਤਾਂ ਦੇ ਕਾਰਨ ਸੰਭਵ ਹੋਇਆ ਹੈ। ਮੰਗ ਵਿੱਚ ਇਹ ਪਰਿਵਰਤਨ **ਮੰਗ ਵਿੱਚ ਕਮੀ ਅਖਵਾਉਂਦਾ ਹੈ।**

6.8 ਮੰਗ ਦੀ ਲੋਚ (Elasticity of Demand)

ਕਿਸੇ ਵਸਤੂ ਦੀ ਮੰਗ, ਵਿਸ਼ੇਸ਼ ਰੂਪ ਵਿੱਚ ਉਸ ਦੀ ਕੀਮਤ, ਉਪਭੋਗਤਾ ਦੀ ਆਮਦਨ ਅਤੇ ਸਬੰਧਿਤ ਵਸਤੂ ਦੀ ਕੀਮਤ 'ਤੇ ਨਿਰਭਰ ਕਰਦੀ ਹੈ ਅਤੇ 'ਮੰਗ ਦੀ ਲੋਚ' ਤੋਂ ਇਹ ਪਤਾ ਲੱਗਦਾ ਹੈ ਕਿ ਕਿਸੇ ਵਸਤੂ ਦੀ ਕੀਮਤ ਅਤੇ ਉਪਭੋਗਤਾ ਦੀ ਆਮਦਨ ਤੇ ਸਬੰਧਿਤ ਵਸਤੂ ਦੀ ਕੀਮਤ ਵਿੱਚ ਪਰਿਵਰਤਨ ਹੋਣ ਨਾਲ ਉਸ ਵਸਤੂ ਦੀ ਮੰਗ ਦੀ ਮਾਤਰਾ ਵਿੱਚ ਕਿੰਨਾ ਪਰਿਵਰਤਨ ਹੋਇਆ ਹੈ। **ਡੂਲੀ** ਦੇ ਸ਼ਬਦਾਂ ਵਿੱਚ, **''ਇਕ ਵਸਤੂ ਦੀ ਕੀਮਤ, ਉਪਭੋਗਤਾ ਦੀ ਆਮਦਨ ਅਤੇ ਸਬੰਧਿਤ ਵਸਤੂ ਦੀ ਕੀਮਤ ਵਿੱਚ ਪਰਿਵਰਤਨ ਹੋਣ ਨਾਲ ਉਸ ਵਸਤੂ ਦੀ ਮੰਗੀ ਗਈ ਮਾਤਰਾ ਵਿੱਚ ਹੋਣ ਵਾਲੇ ਪਰਿਵਰਤਨ ਦੇ ਨਾਪ ਨੂੰ ਮੰਗ ਦੀ ਲੋਚ ਕਿਹਾ ਜਾਵੇਗਾ।''** (The elasticity of demand measures the responsiveness of the quantity demanded of a good to change in its price, price of other goods and changes in consumer's income. **—Dooley**) ਅਤੇ ਮੰਗ ਦੀ ਲੋਚ ਮੁੱਖ ਰੂਪ ਵਿੱਚ ਤਿੰਨ ਤਰ੍ਹਾਂ ਦੀ ਹੋ ਜਾਂਦੀ ਹੈ- 1. **ਮੰਗ ਦੀ ਕੀਮਤ ਲੋਚ** (Price Elasticity of Demand), 2. **ਮੰਗ ਦੀ ਲੋਚ** (Income Elasticity of Demand), ਅਤੇ 3. **ਮੰਗ ਦੀ ਟੇਢੀ ਲੋਚ** (Crose Elasticity of Demand)।

ਮੰਗ ਦੀ ਲੋਚ ਦਾ ਅਰਥ

ਮੰਗ ਦੀ ਲੋਚ, ਮੰਗ ਦੇ ਕਿਸੇ ਸੰਖਿਆਤਮਕ ਨਿਰਧਾਰਕ ਵਿੱਚ ਹੋਣ ਵਾਲੇ ਪ੍ਰਤੀਸ਼ਤ ਪਰਿਵਰਤਨ ਅਤੇ ਇਸ ਦੇ ਫਲਸਰੂਪ ਮੰਗ ਦੀ ਮਾਤਰਾ ਵਿੱਚ ਹੋਣ ਵਾਲੇ ਪ੍ਰਤੀਸ਼ਤ ਪਰਿਵਰਤਨ ਦਾ ਅਨੁਪਾਤ ਹੈ।

6.9 ਮੰਗ ਦੀ ਕੀਮਤ ਲੋਚ (Price Elasticity of Demand)

ਜੇਕਰ ਹੋਰ ਗੱਲਾਂ ਬਰਾਬਰ ਰਹਿਣ, ਇਕ ਵਸਤੂ ਦੀ ਕੀਮਤ ਵਿੱਚ ਪਰਿਵਰਤਨ ਹੋਣ ਨਾਲ ਉਸ ਵਸਤੂ ਦੀ ਮੰਗੀ ਗਈ ਮਾਤਰਾ ਵਿੱਚ ਹੋਣ ਵਾਲੇ ਪਰਿਵਰਤਨ ਦੇ ਨਾਪ ਨੂੰ **ਮੰਗ ਦੀ ਕੀਮਤ** ਲੋਚ ਕਿਹਾ ਜਾਂਦਾ ਹੈ। **ਇਹ ਕੀਮਤ ਵਿੱਚ ਹੋਣ ਵਾਲੇ ਪ੍ਰਤੀਸ਼ਤ ਪਰਿਵਰਤਨ ਅਤੇ ਮੰਗ ਵਿੱਚ ਹੋਣ ਵਾਲੇ ਪ੍ਰਤੀਸ਼ਤ ਪਰਿਵਰਤਨ ਦੇ ਅਨੁਪਾਤ ਦੇ ਬਰਾਬਰ ਹੁੰਦੀ ਹੈ।** (It is euqal to the ratio of the percentage change in quantity demanded to a percentage change in the price.) ਇਹ ਇਸ ਗੱਲ ਨੂੰ ਨਾਪਦੀ ਹੈ ਕਿ ਵਸਤੂ ਦੀ ਕੀਮਤ ਵਿੱਚ ਪਰਿਵਰਤਨ ਹੋਣ ਨਾਲ ਉਸ ਦੀ ਮੰਗੀ ਗਈ ਮਾਤਰਾ ਵਿੱਚ ਕਿੰਨਾ ਪਰਿਵਰਤਨ ਹੁੰਦਾ ਹੈ। ਮੰਗ ਦੀ ਲੋਚ ਉਸ ਅਨੁਪਾਤ ਨੂੰ ਪ੍ਰਗਟ ਕਰਦੀ ਹੈ, ਜਿਸ 'ਤੇ ਕੀਮਤ ਵਧਣ 'ਤੇ ਮੰਗ ਵਿੱਚ ਸੰਕੁਚਨ ਅਤੇ ਕੀਮਤ ਘਟਣ 'ਤੇ ਮੰਗ ਵਿੱਚ ਵਿਸਥਾਰ ਹੁੰਦਾ ਹੈ। ਮੰਗੀ ਗਈ ਮਾਤਰਾ ਅਤੇ ਕੀਮਤ ਵਿੱਚ ਉਲਟ ਸਬੰਧ ਪਾਇਆ ਜਾਂਦਾ ਹੈ। ਇਸ ਲਈ ਮੰਗ ਦੀ ਲੋਚ ਨੂੰ ਰਣਾਤਮਕ (—) ਚਿੰਨ੍ਹ ਨਾਲ ਪ੍ਰਗਟ ਕੀਤਾ ਜਾਂਦਾ ਹੈ। **ਲਿਪਸੀ** ਦੇ ਸ਼ਬਦਾਂ ਵਿੱਚ, **''ਕਿਉਂਕਿ ਮੰਗ ਵਕ੍ਰ ਦਾ ਢਲਾਣ ਰਣਾਤਮਕ ਹੁੰਦਾ ਹੈ, ਇਸ ਲਈ ਕੀਮਤ ਅਤੇ ਮਾਤਰਾ ਵਿੱਚ ਹਮੇਸ਼ਾ ਉਲਟ ਦਿਸ਼ਾਵਾਂ ਵਿੱਚ ਪਰਿਵਰਤਨ ਹੋਵੇਗਾ। ਇਕ ਪਰਿਵਰਤਨ ਧਨਾਤਮਕ ਅਤੇ ਦੂਸਰਾ ਰਣਾਤਮਕ ਹੋਵੇਗਾ ਜੋ ਮੰਗ ਦੀ ਲੋਚ ਦੇ ਨਾਪ ਨੂੰ ਰਣਾਤਮਕ ਬਣਾ ਦੇਵੇਗਾ।''** (Because of the negative slope of the demand curve, the price and the quantity will always change in opposite directions. One change will be positive and the other negative, making the measured elasticity of demand negative. **-Lipsey**)। ਪਰ ਪ੍ਰਥਾ ਦੇ ਅਨੁਸਾਰ ਰਣਾਤਮਕ ਚਿੰਨ੍ਹ ਨੂੰ ਛੱਡ ਦਿੱਤਾ ਜਾਂਦਾ ਹੈ ਅਤੇ ਮੰਗ ਦੀ ਕੀਮਤ ਲੋਚ ਨੂੰ ਸੰਖਿਆ ਵਿੱਚ ਪ੍ਰਗਟ ਕਰ ਦਿੱਤਾ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਜੇਕਰ ਆਈਸ ਕਰੀਮ ਦੀ ਕੀਮਤ ਵਿੱਚ 10 ਪ੍ਰਤੀਸ਼ਤ ਕਮੀ ਇਸ ਦੀ ਮੰਗੀ ਗਈ ਮਾਤਰਾ ਵਿੱਚ 15 ਪ੍ਰਤੀਸ਼ਤ ਵਾਧਾ ਲਿਆਉਂਦੀ ਹੈ, ਉਦੋਂ ਮੰਗ ਦੀ ਲੋਚ ਹੇਠ ਲਿਖੀ ਹੋਵੇਗੀ-

$$E_d = (-)\ \frac{15\%}{(-)\,10\%} = 1.5$$

ਨੋਟ **ਰਣਾਤਮਕ ਚਿੰਨ੍ਹ** ਨੂੰ ਇਸ ਲਈ ਛੱਡ ਦਿੱਤਾ ਜਾਂਦਾ ਹੈ ਤਾਂ ਕਿ ਕੋਈ ਸੰਧੀਗਧਤਾ (Ambiguity) ਪੈਦਾ ਨਾ ਹੋਵੇ। ਇਹ ਕਹਿਣਾ ਭ੍ਰਾਂਤੀਪੂਰਨ ਹੋ ਸਕਦਾ ਹੈ ਕਿ (–) 4 ਦਾ ਲੋਚ ਗੁਣਾਂਕ (Elasticity Co-efficient)– 2 ਤੋਂ ਜ਼ਿਆਦਾ ਹੋਵੇਗਾ। ਇਸ ਸੰਭਾਵਿਤ ਭ੍ਰਾਂਤੀ ਤੋਂ ਬਚਿਆ ਜਾ ਸਕਦਾ ਹੈ। ਜੇਕਰ ਅਸੀਂ ਕੇਵਲ ਇਹ ਕਹੀਏ ਕਿ 4 ਦਾ ਗੁਣਾਂਕ 2 ਦੇ ਗੁਣਾਂਕ ਦੀ ਤੁਲਨਾ ਵਿੱਚ ਜ਼ਿਆਦਾ ਲੋਚ ਨੂੰ ਪ੍ਰਗਟ ਕਰਦਾ ਹੈ ਅਤੇ ਮੰਗ ਦੀ ਕੀਮਤ ਲੋਚ ਦੇ ਮੂਲ ਤੋਂ ਪਹਿਲਾਂ ਘਟਾਉਣ (–) ਦੇ ਚਿੰਨ੍ਹ ਦਾ ਸਧਾਰਣ ਤੌਰ 'ਤੇ ਇਸਤੇਮਾਲ ਨਹੀਂ ਕੀਤਾ ਜਾਂਦਾ।

$$E_d = (-) \frac{\text{ਮੰਗ ਦੀ ਮਾਤਰਾ ਵਿੱਚ ਪ੍ਰਤੀਸ਼ਤ ਪਰਿਵਰਤਨ (Percentage Change in Quantity Demanded)}}{\text{ਕੀਮਤ ਵਿੱਚ ਪ੍ਰਤੀਸ਼ਤ ਪਰਿਵਰਤਨ (Percentage Change in price)}}$$

ਮੰਨ ਲਓ ਕੀਮਤ ਵਿੱਚ 10 ਪ੍ਰਤੀਸ਼ਤ ਕਮੀ ਹੋਣ ਦੇ ਫਲਸਰੂਪ ਮੰਗ ਵਿੱਚ 20 ਪ੍ਰਤੀਸ਼ਤ ਦਾ ਵਿਸਥਾਰ ਹੁੰਦਾ ਹੈ, ਉਦੋਂ ਮੰਗ ਦੀ ਲੋਚ ਹੋਵੇਗੀ–

$$E_d = (-) \frac{20\%}{(-)\,10\%} = 2$$

ਇਸ ਦਾ ਅਰਥ ਇਹ ਹੈ ਕਿ ਵਸਤੂ ਦੀ ਕੀਮਤ ਵਿੱਚ ਹੋਣ ਵਾਲੇ 1 ਪ੍ਰਤੀਸ਼ਤ ਪਰਿਵਰਤਨ ਦੇ ਕਾਰਨ ਮੰਗ ਦੀ ਮਾਤਰਾ ਵਿੱਚ 2 ਪ੍ਰਤੀਸ਼ਤ ਪਰਿਵਰਤਨ ਹੁੰਦਾ ਹੈ।

ਮਾਰਸ਼ਲ ਦੇ ਸ਼ਬਦਾਂ ਵਿੱਚ, **''ਮੰਗ ਦੀ ਲੋਚ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਜਾ ਸਕਦੀ ਹੈ ਕਿ ਇਹ ਮੰਗ ਦੀ ਮਾਤਰਾ ਪ੍ਰਤੀਸ਼ਤ ਪਰਿਵਰਤਨ ਨੂੰ ਕੀਮਤ ਦੇ ਪ੍ਰਤੀਸ਼ਤ ਪਰਿਵਰਤਨ ਤੋਂ ਭਾਗ ਲੈਣ 'ਤੇ ਪ੍ਰਾਪਤ ਹੁੰਦੀ ਹੈ।''** (Elasticity of demand may be defined as the percentage change in the quantity demanded divided by the percentage change in the price. **—Marshal**)

ਬੋਲਡਿੰਗ ਦੇ ਅਨੁਸਾਰ, **''ਮੰਗ ਦੀ ਕੀਮਤ ਲੋਚ ਵਿੱਚ ਹੋਣ ਵਾਲੇ ਪਰਿਵਰਤਨ ਦੇ ਫਲਸਰੂਪ ਮੰਗ ਵਿੱਚ ਹੋਣ ਵਾਲੇ ਪਰਿਵਰਤਨ ਦੀ ਪ੍ਰਤੀਕਿਰਿਆ ਨੂੰ ਨਾਪਦੀ ਹੈ।''** (Price elasticity of demand measures the responsiveness of the quantity demanded of a good to the change in its price. **—Boulding**)

ਟਾਸਕ ਮੰਗ ਦੀ ਲੋਚ ਸਬੰਧੀ ਆਪਣੇ ਵਿਚਾਰ ਪ੍ਰਗਟ ਕਰੋ।

6.10 ਮੰਗ ਦੀ ਕੀਮਤ ਲੋਚ ਦੀਆਂ ਦੋ ਅੰਤਿਮ ਹੱਦਾਂ (Two Extreme Situations of Price Elasticity of Demand)

ਮੰਗ ਦੀ ਕੀਮਤ ਲੋਚ ਦੀਆਂ ਦੋ ਅੰਤਿਮ ਹੱਦਾਂ ਜ਼ੀਰੋ ਅਤੇ ਅਨੰਤ (Two Extreme Situations of Price Elasticity of Demand Zero and Infinity) – ਮੰਗ ਦੀ ਮੁੱਲ ਸਪੇਖਸ਼ਤਾ ਦੀਆਂ ਦੋ ਅੰਤਿਮ ਹੱਦਾਂ (1) **ਜ਼ੀਰੋ** (Zero) ਅਤੇ (2) **ਅਨੰਤ** (Infinity)।

1. **ਮੰਗ ਦੀ ਜ਼ੀਰੋ ਕੀਮਤ ਲੋਚ** (Zero Price Elasticity of Demand)– ਮੰਗ ਦੀ ਲੋਚ **ਜ਼ੀਰੋ** ਉਦੋਂ ਹੁੰਦੀ ਹੈ, ਜਦੋਂ ਕੀਮਤ ਵਿੱਚ ਕੋਈ ਵੀ ਪਰਿਵਰਤਨ ਹੋਣ 'ਤੇ ਵਸਤੂ ਦੀ ਮੰਗੀ ਗਈ ਮਾਤਰਾ ਵਿੱਚ ਕੋਈ ਪਰਿਵਰਤਨ ਨਹੀਂ ਹੁੰਦਾ। ਇਸ ਦਾ ਮਤਲਬ ਇਹ ਹੈ ਕਿ ਵਸਤੂ ਦੀ ਕੀਮਤ ਵਿੱਚ ਚਾਹੇ ਕਿੰਨਾ ਵੀ ਪਰਿਵਰਤਨ ਕਿਉਂ ਨਾ ਹੋਵੇ, ਉਸ ਦੀ ਮੰਗੀ ਗਈ ਮਾਤਰਾ ਵਿੱਚ ਕੋਈ ਵਿਸਥਾਰ ਜਾਂ ਸੰਕੁਚਨ ਨਹੀਂ ਹੁੰਦਾ। ਇਸ ਸਥਿਤੀ ਵਿੱਚ ਪੂਰਨ ਤੌਰ 'ਤੇ ਬੇਲੋਚਦਾਰ ਮੰਗ (Perfectly Inelastic Demand) ਕਿਹਾ ਜਾਂਦਾ ਹੈ।

Zero Price Elasticity of Demand (E = 0)

ਨੋਟ

ਚਿੱਤਰ 6.13 ਵਿੱਚ ਇਕ ਖੜ੍ਹੀ ਹੋਈ ਸਰਲ ਰੇਖਾ (Vertical Straight Line) ਪ੍ਰਗਟ ਕੀਤੀ ਗਈ ਹੈ। ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਕੀਮਤ ਵਿੱਚ ਕਿੰਨਾ ਵੀ ਪਰਿਵਰਤਨ ਕਿਉਂ ਨਾ ਹੋਵੇ, ਵਸਤੂ ਦੀ ਮੰਗ OD ਦੇ ਬਰਾਬਰ ਸਥਿਤ ਰਹੇਗੀ। ਇਸ ਤਰ੍ਹਾਂ ਦੇ ਮੰਗ ਵਕ੍ਰ ਨੂੰ ਪੂਰਨ ਤੌਰ 'ਤੇ ਬੇਲੋਚਦਾਰ ਮੰਗ ਵਕ੍ਰ (Perfectly Inelastic Demand Curve) ਕਿਹਾ ਜਾਂਦਾ ਹੈ। ਇਸ ਮੰਗ ਵਕ੍ਰ ਨਾਲ ਮੰਗ ਦਾ ਕੋਈ ਵਿਸਥਾਰ ਜਾਂ ਸੰਕੁਚਨ ਪ੍ਰਗਟ ਨਹੀਂ ਹੁੰਦਾ।



ਚਿੱਤਰ 6.13

2. ਮੰਗ ਦੀ ਕੀਮਤ ਅਨੰਤ ਕੀਮਤ ਲੋਚ (Infinity Price Elasticity of Demand)– ਮੰਗ ਦੀ ਲੋਚ ਅਨੰਤ ਉਦੋਂ ਹੁੰਦੀ ਹੈ, ਜਦੋਂ ਕੀਮਤ ਵਿੱਚ ਬਹੁਤ ਥੋੜ੍ਹਾ ਜਿਹਾ ਪਰਿਵਰਤਨ ਹੋਣ 'ਤੇ ਵੀ ਕਿਸੇ ਵਸਤੂ ਦੀ ਮੰਗੀ ਗਈ ਮਾਤਰਾ ਵਿੱਚ ਅਨੰਤ ਪਰਿਵਰਤਨ ਹੁੰਦਾ ਹੈ। ਮੰਗ ਦੀ ਲੋਚ ਅਨੰਤ ਉਦੋਂ ਹੁੰਦੀ ਹੈ, ਜਦੋਂ ਕਿਸੇ ਵਸਤੂ ਦੀ ਪ੍ਰਚੱਲਿਤ ਕੀਮਤ 'ਤੇ ਇਕ ਫਰਮ ਦੇ ਉਤਪਾਦਨ ਦੀ ਕਿੰਨੀ ਵੀ ਮਾਤਰਾ ਦੀ ਮੰਗ ਕੀਤੀ ਜਾਂਦੀ ਹੈ ਪਰ ਜਦੋਂ ਫਰਮ ਕੀਮਤ ਵਿੱਚ ਥੋੜ੍ਹੀ ਜਿਹਾ ਵਾਧਾ ਕਰ ਦਿੰਦੀ ਹੈ ਤਾਂ ਫਰਮ ਦੇ ਉਤਪਾਦਨ ਦੀ ਬਿਲਕੁਲ ਵੀ ਮੰਗ ਨਹੀਂ ਕੀਤੀ ਜਾਂਦੀ।

(Infinite Price Elasticity of Demand (E = ∞)



ਚਿੱਤਰ 6.14

ਚਿੱਤਰ 6.14 ਵਿੱਚ **ਇਕ ਪਈ ਹੋਈ ਸਰਲ ਰੇਖਾ** (Horizontal Straight Line) ਪ੍ਰਗਟ ਕੀਤੀ ਗਈ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ OP ਕੀਮਤ 'ਤੇ ਵਸਤੂ ਦੀ ਕਿੰਨੀ ਵੀ ਮਾਤਰਾ ਖਰੀਦੀ ਜਾ ਸਕਦੀ ਹੈ ਪਰ OP ਤੋਂ ਥੋੜ੍ਹੀ ਵੀ ਕੀਮਤ ਵਧਾਉਣ 'ਤੇ ਵਸਤੂ ਦੀ ਕੋਈ ਵੀ ਮਾਤਰਾ ਨਹੀਂ ਖਰੀਦੀ ਜਾਵੇਗੀ। ਦੂਸਰੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ **ਵਸਤੂ ਦੀ ਅਨੰਤ ਮੰਗ ਤੋਂ ਜ਼ੀਰੋ ਮੰਗ ਹੋਣ 'ਤੇ ਅਨੰਤ ਪਰਿਵਰਤਨ ਹੋਇਆ ਹੈ।** (There is infinite change from infinite demand to zero demand.)। ਇਸ ਤਰ੍ਹਾਂ ਦੇ ਮੰਗ ਵਕ੍ਰ ਨੂੰ **ਪੂਰਨ ਤੌਰ 'ਤੇ ਲੋਚਦਾਰ ਮੰਗ ਵਕ੍ਰ** (Perfectly elastic demand curve) ਕਿਹਾ ਜਾਂਦਾ ਹੈ।

ਨੋਟ

6.11 ਮੰਗ ਦੀ ਕੀਮਤ ਲੋਚ ਦੀਆਂ ਸਧਾਰਣ ਸਥਿਤੀਆਂ (Normal Situations of Price Elasticity of Demand)

ਸਧਾਰਣ ਤੌਰ 'ਤੇ : ਮੰਗ ਦੀ ਕੀਮਤ ਲੋਚ ਦੀਆਂ ਹੇਠ ਲਿਖੀਆਂ ਤਿੰਨ ਸਥਿਤੀਆਂ ਹੋ ਸਕਦੀਆਂ ਹਨ–

1. **ਮੰਗ ਦੀ ਲੋਚ ਬਰਾਬਰ** = 1 (ਇਸ ਨੂੰ ਇਕਾਈ ਨਾਪ ਦੀ ਲੋਚ ਕਿਹਾ ਜਾਂਦਾ ਹੈ।)
2. **ਮੰਗ ਦੀ ਲੋਚ** > 1. (ਇਸ ਨੂੰ ਇਕਾਈ ਤੋਂ ਜ਼ਿਆਦਾ ਮੰਗ ਦੀ ਲੋਚ ਕਿਹਾ ਜਾਂਦਾ ਹੈ।) ਮੰਗ ਦੀ ਇਸ ਕੀਮਤ ਲੋਚ ਨੂੰ ਇਕਾਈ ਤੋਂ ਜ਼ਿਆਦਾ ਲੋਚਦਾਰ ਵੀ ਕਿਹਾ ਜਾਂਦਾ ਹੈ।
3. **ਮੰਗ ਦੀ ਲੋਚ** < 1. (ਇਸ ਨੂੰ ਇਕਾਈ ਤੋਂ ਘੱਟ ਮੰਗ ਦੀ ਲੋਚ ਕਿਹਾ ਜਾਂਦਾ ਹੈ।) ਇਸ ਨੂੰ ਘੱਟ ਲੋਚਦਾਰ ਮੰਗ ਵੀ ਕਿਹਾ ਜਾਂਦਾ ਹੈ। ਮੰਗ ਦੀ ਲੋਚ ਦੀਆਂ ਉਪਰੋਕਤ ਸਾਰੀਆਂ ਸਥਿਤੀਆਂ ਨੂੰ ਹੇਠ ਲਿਖੇ ਚਿੱਤਰਾਂ ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ।

6.12 ਮੰਗ ਦੀ ਲੋਚ ਵੱਖ-ਵੱਖ ਸਥਿਤੀਆਂ E=1, E>1 ਅਤੇ E<1 ਨੂੰ ਪ੍ਰਗਟ ਕਰਨ ਵਾਲੀਆਂ ਮੰਗ ਵਕ੍ਰਾਂ (Demand Curves Showing E=1, E>1 and E<1)

ਅੱਗੇ ਚਿੱਤਰ 6.15, 6.16 ਅਤੇ 6.17 ਨਾਲ ਮੰਗ ਦੀ ਲੋਚ ਦੀਆਂ ਵੱਖ-ਵੱਖ ਸਥਿਤੀਆਂ ਪ੍ਰਗਟ ਹੋ ਰਹੀਆਂ ਹਨ–

1. **ਇਕਾਈ ਲੋਚਦਾਰ ਮੰਗ E=1** (Unitary Elastic Demand)– ਇਕਾਈ ਲੋਚਦਾਰ ਮੰਗ ਉਦੋਂ ਹੁੰਦੀ ਹੈ, ਜਦੋਂ ਕੀਮਤ ਦੇ ਵਧਣ ਜਾਂ ਘੱਟ ਹੋਣ 'ਤੇ ਵਸਤੂ ਉਪਰ ਕੀਤਾ ਜਾਣ ਵਾਲਾ ਕੁੱਲ ਖਰਚ ਸਥਿਰ ਰਹਿੰਦਾ ਹੈ। ਕੁੱਲ ਖਰਚ PQ। ਇੱਥੇ P ਕੀਮਤ, Q= ਮੰਗ। ਚਿੱਤਰ 6.15 ਵਿੱਚ DD ਮੰਗ ਵਕ੍ਰ ਇਕਾਈ ਲੋਚਦਾਰ ਮੰਗ ਨੂੰ ਪ੍ਰਗਟ ਕਰ ਰਹੀ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਜਦੋਂ ਕੀਮਤ OP_1 ਹੈ ਤਾਂ ਕੁੱਲ ਖਰਚ $OQ_1 MP_1$ ਹੋਵੇਗਾ। ਇਸ ਦੇ ਉਲਟ ਜਦੋਂ ਕੀਮਤ ਘੱਟ ਹੋ ਕੇ OP_2 ਹੋ ਗਈ ਹੋਵੇ ਤਾਂ ਕੁੱਲ ਖਰਚ $OQ_2 NP_2$ ਹੋਵੇਗਾ।

ਖੇਤਰਫਲ $OQ_1 MP_1$ = ਖੇਤਰਫਲ $OQ_2 NP_2$

ਇਸ ਦਾ ਮਤਲਬ ਇਹ ਹੋਇਆ ਕਿ ਵਸਤੂ ਦੀ ਕੀਮਤ ਵਿੱਚ ਪਰਿਵਰਤਨ ਹੋਣ 'ਤੇ ਵੀ ਕੁੱਲ ਖਰਚ ਸਥਿਰ ਰਹਿੰਦਾ ਹੈ। ਇਸ ਲਈ ਮੰਗ ਦੀ ਲੋਚ ਇਕਾਈ ਦੇ ਬਰਾਬਰ ਅਤੇ E=1 (Unitary)।



ਚਿੱਤਰ 6.15



ਚਿੱਤਰ 6.16

2. **ਇਕਾਈ ਤੋਂ ਜ਼ਿਆਦਾ ਲੋਚਦਾਰ ਮੰਗ E>1** (Greater than Unitary Elastic Demand)– ਇਕਾਈ ਤੋਂ ਜ਼ਿਆਦਾ ਲੋਚਦਾਰ ਮੰਗ ਉਦੋਂ ਹੁੰਦੀ ਹੈ, ਜਦੋਂ ਵਸਤੂ ਦੀ ਕੀਮਤ ਘੱਟ ਹੋਣ 'ਤੇ ਉਸ 'ਤੇ ਕੀਤਾ ਜਾਣ ਵਾਲਾ ਕੁੱਲ ਖਰਚ ਵੱਧ ਜਾਂਦਾ ਹੈ ਅਤੇ ਕੀਮਤ ਦੇ ਵਧਣ 'ਤੇ ਕੁੱਲ ਖਰਚ ਘੱਟ ਹੋ ਜਾਂਦਾ ਹੈ। ਚਿੱਤਰ 6.16 ਵਿੱਚ DD ਮੰਗ ਵਕ੍ਰ ਇਕਾਈ ਤੋਂ ਜ਼ਿਆਦਾ ਲੋਚਦਾਰ ਮੰਗ ਨੂੰ ਪ੍ਰਗਟ ਕਰ ਰਹੀ ਹੈ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਜਦੋਂ ਕੀਮਤ OP_1 ਤਾਂ ਕੁੱਲ ਖਰਚ

OQ_1 MP_1 ਹੋਵੇਗਾ। ਇਸ ਦੇ ਉਲਟ ਜਦੋਂ ਕੀਮਤ ਘੱਟ ਹੋ ਕੇ OP_2 ਹੋ ਜਾਂਦੀ ਹੈ ਤਾਂ ਕੁਲ ਖਰਚ OQ2 NP_2 ਹੋ ਜਾਵੇਗਾ ਅਤੇ **ਨੋਟ**

ਖੇਤਰਫਲ OQ_2 NP_2 > ਖੇਤਰਫਲ OQ_1 MP_1

ਇਸ ਦਾ ਭਾਵ ਇਹ ਹੈ ਕਿ ਵਸਤੂ ਦੀ ਕੀਮਤ ਘੱਟ ਹੋਣ 'ਤੇ ਉਸ 'ਤੇ ਕੀਤਾ ਜਾਣ ਵਾਲਾ ਕੁਲ ਖਰਚ ਵੱਧ ਗਿਆ ਹੈ ਅਤੇ ਮੰਗ ਦੀ ਲੋਚ ਇਕਾਈ ਤੋਂ ਜ਼ਿਆਦਾ (E>1) ਜਾਂ ਜ਼ਿਆਦਾ ਲੋਚਦਾਰ ਹੈ।

3. **ਇਕਾਈ ਤੋਂ ਘੱਟ ਲੋਚਦਾਰ ਮੰਗ** E<1(Lesser than Unitary Elastic Demand E<1): ਇਕਾਈ ਤੋਂ ਘੱਟ ਲੋਚਦਾਰ ਮੰਗ ਉਦੋਂ ਹੁੰਦੀ ਹੈ ਜਦੋਂ ਵਸਤੂ ਦੀ ਕੀਮਤ ਘੱਟ ਹੋਣ 'ਤੇ ਉਸ 'ਤੇ ਕੀਤਾ ਜਾਣ ਵਾਲਾ ਕੁਲ ਖਰਚ ਵੀ ਘੱਟ ਹੋ ਜਾਂਦਾ ਹੈ ਅਤੇ ਕੀਮਤ ਦੇ ਵਧਣ 'ਤੇ ਕੁਲ ਖਰਚ ਵੀ ਵੱਧ ਜਾਂਦਾ ਹੈ। ਚਿੱਤਰ 6.17 ਵਿੱਚ DD ਮੰਗ ਵਕ੍ਰ ਇਕਾਈ ਤੋਂ ਘੱਟ ਲੋਚਦਾਰ ਮੰਗ ਨੂੰ ਪ੍ਰਗਟ ਕਰ ਰਹੀ ਹੈ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਜਦੋਂ ਕੀਮਤ OP_1 ਹੈ ਤਾਂ ਕੁਲ ਖਰ OQ_1 MP_1 ਹੋਵੇਗਾ। ਇਸ ਦੇ ਉਲਟ ਜਦੋਂ ਕੀਮਤ OP_2 ਹੈ ਤਾਂ ਕੁਲ ਖਰਚ OQ_2 NP_2 ਹੋ ਜਾਵੇਗਾ। ਅਤੇ

ਖੇਤਰਫਲ OQ_2 NP_2 < ਖੇਤਰਫਲ OQ_1 MP_1

ਇਸ ਦਾ ਭਾਵ ਇਹ ਹੈ ਕਿ ਵਸਤੂ ਦੀ ਕੀਮਤ ਘੱਟ ਹੋਣ 'ਤੇ ਉਸ 'ਤੇ ਕੀਤਾ ਜਾਣ ਵਾਲਾ ਕੁਲ ਖਰਚ ਵੀ ਘੱਟ ਹੋ ਗਿਆ ਹੈ ਅਤੇ ਮੰਗ ਦੀ ਲੋਚ ਇਕਾਈ ਤੋਂ ਘੱਟ (E<1) ਜਾਂ ਘੱਟ ਲੋਚਦਾਰ ਹੋਵੇਗੀ।



ਚਿੱਤਰ 6.17

6.13 ਮੰਗ ਦੀ ਕੀਮਤ ਲੋਚ ਦਾ ਨਾਪ (Measurement of Price Elasticity of Demand)

ਮੰਗ ਦੀ ਲੋਚ ਦੇ ਨਾਪ ਤੋਂ ਇਹ ਪਤਾ ਲੱਗਦਾ ਹੈ ਕਿ ਕਿਸੇ ਵਸਤੂ ਦੀ ਮੰਗ (i) ਇਕਾਈ ਜਾਂ (ii) ਇਕਾਈ ਤੋਂ ਜ਼ਿਆਦਾ ਜਾਂ (iii) ਇਕਾਈ ਤੋਂ ਘੱਟ ਲੋਚਦਾਰ ਹੈ। ਮੰਗ ਦੀ ਲੋਚ ਦੇ ਨਾਪਣ ਦੀ ਕਈ ਵਿਧੀਆਂ ਹਨ–

1. **ਕੁਲ ਖਰਚ ਵਿਧੀ** (Total Outlay or Total Expenditure Method)
2. **ਅਨੁਪਾਤਿਕ ਜਾਂ ਪ੍ਰਤੀਸ਼ਤ ਵਿਧੀ** (Proportionate or Percentage Method)
3. **ਬਿੰਦੂ ਲੋਚ ਵਿਧੀ** (Point Elasticity Method) } **ਗ੍ਰਾਫਿਕ ਵਿਧੀ**
4. **ਚਾਪ ਵਿਧੀ** (Arc Elasticity Method) } Graphic Method
5. **ਆਮਦਨ ਵਿਧੀ** (Revenue Method)

1. ਕੁਲ ਖਰਚ ਵਿਧੀ (Total Outlay or Total Expenditure Method)

ਮੰਗ ਦੀ ਲੋਚ ਨਾਪਣ ਦੀ **ਕੁਲ ਖਰਚ ਵਿਧੀ** ਦਾ ਪ੍ਰਤੀਪਾਦਨ **ਡਾ. ਮਾਰਸ਼ਲ** ਨੇ ਕੀਤਾ ਸੀ। ਇਸ ਵਿਧੀ ਦੇ ਅਨੁਸਾਰ, ਮੰਗ ਦੀ ਲੋਚ ਨੂੰ ਨਾਪਣ ਦੇ ਲਈ ਇਹ ਪਤਾ ਕਰਨਾ ਚਾਹੀਦਾ ਹੈ ਕਿ **ਕਿਸੇ ਵਸਤੂ ਦੀ ਕੀਮਤ ਵਿੱਚ ਪਰਿਵਰਤਨ ਹੋਣ ਤੋਂ ਉਸ 'ਤੇ ਕੀਤੇ ਜਾਣ ਵਾਲੇ ਕੁਲ ਖਰਚ ਵਿੱਚ ਕਿੰਨਾ ਪਰਿਵਰਤਨ ਕਿਸ ਦਿਸ਼ਾ ਵਿੱਚ ਹੁੰਦਾ ਹੈ-**

ਨੋਟ

(i) ਜਦੋਂ ਕਿਸੇ ਵਸਤੂ ਦੀ ਕੀਮਤ ਦੇ ਘੱਟ ਜਾਂ ਜ਼ਿਆਦਾ ਹੋਣ ਨਾਲ ਉਸ 'ਤੇ ਕੀਤੇ ਜਾਣ ਵਾਲੇ ਕੁਲ ਖਰਚ ਵਿੱਚ ਕੋਈ ਪਰਿਵਰਤਨ ਨਹੀਂ ਹੁੰਦਾ ਤਾਂ **ਮੰਗ ਦੀ ਲੋਚ ਇਕਾਈ** ਦੇ ਬਰਾਬਰ (E_d=1) ਹੋਵੇਗੀ।

(ii) ਜਦੋਂ ਕਿਸੇ ਵਸਤੂ ਦੀ ਕੀਮਤ ਘੱਟ ਹੋਣ ਨਾਲ ਕੁਲ ਖਰਚ ਵੱਧ ਜਾਂਦਾ ਹੈ ਅਤੇ ਕੀਮਤ ਦੇ ਵਧਣ ਨਾਲ ਕੁੱਲ ਖਰਚ ਘੱਟ ਹੋ ਜਾਂਦਾ ਹੈ ਅਤੇ ਕੁਲ ਖਰਚ, ਕੀਮਤ ਵਿੱਚ ਹੋਣ ਵਾਲੇ ਪਰਿਵਰਤਨ ਤੋਂ ਉਲਟ ਦਿਸ਼ਾ ਵਿੱਚ, ਚੱਲਦਾ ਹੈ, ਉਦੋਂ **ਮੰਗ ਦੀ ਲੋਚ ਇਕਾਈ ਤੋਂ ਜ਼ਿਆਦਾ** (E_d>1) ਹੋਵੇਗੀ।

(iii) ਜਦੋਂ ਕਿਸੇ ਵਸਤੂ ਦੀ ਕੀਮਤ ਘੱਟ ਹੋਣ ਨਾਲ ਕੁੱਲ ਖਰਚ ਘੱਟ ਹੋ ਜਾਂਦਾ ਹੈ ਅਤੇ ਕੀਮਤ ਵਧਣ ਨਾਲ ਕੁੱਲ ਖਰਚ ਵੱਧ ਜਾਂਦਾ ਹੈ ਅਤੇ ਕੁੱਲ ਖਰਚ ਉਸ ਦਿਸ਼ਾ ਵਿੱਚ ਚੱਲਦਾ ਹੈ, ਜਿਸ ਵਿੱਚ ਕੀਮਤ 'ਚ ਪਰਿਵਰਤਨ ਹੁੰਦਾ ਹੈ, ਉਦੋਂ ਉਸ ਵਸਤੂ ਦੀ **ਮੰਗ ਦੀ ਲੋਚ ਇਕਾਈ ਤੋਂ ਘੱਟ** (E_d<1) ਹੋਵੇਗੀ।

ਮੰਗ ਦੀ ਲੋਚ ਨੂੰ ਨਾਪਣ ਦੀ ਕੁੱਲ ਖਰਚ ਵਿਧੀ ਨੂੰ ਤਾਲਿਕਾ 1 ਨਾਲ ਵੀ ਸਪੱਸ਼ਟ ਕੀਤਾ ਜਾ ਸਕਦਾ ਹੈ–

ਤਾਲਿਕਾ 1. ਕੁੱਲ ਖਰਚ ਵਿਧੀ

ਵਸਤੂ ਦੀ ਕੀਮਤ (₹)	ਖਰੀਦੀ ਗਈ ਮਾਤਰਾ (ਕਿ. ਗ੍ਰਾ.)	ਕੁੱਲ ਖਰਚ (₹)	ਕੁੱਲ ਖਰਚ ਵਿੱਚ ਪਰਿਵਰਤਨ	ਮੰਗ ਦੀ ਲੋਚ
2	4	8	ਕੁੱਲ ਖਰਚ ਵਿੱਚ ਪਰਿਵਰਤਨ ਨਹੀਂ ਹੁੰਦਾ	ਇਕਾਈ ਲੋਚ
4	2	8		
1	8	8		
2	4	8	ਜਦੋਂ ਕੀਮਤ ਕੁੱਲ ਖਰਚ ਘੱਟ ਹੁੰਦਾ ਹੈ	ਇਕਾਈ ਤੋਂ ਜ਼ਿਆਦਾ ਲੋਚ ਜਾਂ ਲੋਚਦਾਰ
4	1	4	ਜਦੋਂ ਕੀਮਤ ਘੱਟ ਹੁੰਦੀ ਹੈ ਤਾਂ ਕੁੱਲ ਖਰਚ ਵੱਧਦਾ ਹੈ।	
1	10	10		
2	3	6	ਜਦੋਂ ਕੀਮਤ ਵੱਧਦੀ ਹੈ ਤਾਂ ਕੁੱਲ ਖਰਚ ਵੀ ਵੱਧਦਾ ਹੈ।	ਇਕਾਈ ਤੋਂ ਘੱਟ ਲੋਚ ਜਾਂ ਬੇਲੋਚਦਾਰ
4	2	8	ਜਦੋਂ ਕੀਮਤ ਘੱਟ ਹੁੰਦੀ ਹੈ ਤਾਂ ਕੁੱਲ ਖਰਚ ਵੀ ਘੱਟ ਹੁੰਦਾ ਹੈ।	
1	4	4		

ਤਾਲਿਕਾ 1. ਤੋਂ ਹੇਠ ਲਿਖੀ ਦੀ ਪ੍ਰਸਤਾਵਨਾ ਪ੍ਰਾਪਤ ਹੁੰਦੀ ਹੈ–

(**i**) **ਇਕਾਈ ਲੋਚਦਾਰ ਮੰਗ** (Unitary Elastic Demand)– ਤਾਲਿਕਾ 1 ਦੇ ਭਾਗ ਇਕ ਤੋਂ ਪਤਾ ਲੱਗਦਾ ਹੈ ਕਿ ਜਦੋਂ ਵਸਤੂ ਦੀ ਕੀਮਤ 2 ਰੁਪਏ ਹੈ ਤਾਂ ਵਸਤੂ 'ਤੇ ਕੁੱਲ ਖਰਚ 8 ਰੁਪਏ ਹੈ। ਇਸ ਤੋਂ ਉਲਟ ਜੇਕਰ ਕੀਮਤ ਵੱਧ ਕੇ 4 ਰੁਪਏ ਹੋ ਜਾਂਦੀ ਹੈ ਜਾਂ ਘੱਟ ਕੇ 1 ਰੁਪਿਆ ਹੋ ਜਾਂਦੀ ਹੈ ਤਾਂ ਵੀ ਕੁੱਲ ਖਰਚ 8 ਰੁਪਏ ਹੀ ਰਹਿੰਦਾ ਹੈ। **ਹੋਰ ਸ਼ਬਦਾਂ ਵਿੱਚ, ਕੀਮਤ ਵਿੱਚ ਹੋਣ ਵਾਲੇ ਪਰਿਵਰਤਨ ਦਾ ਕੁੱਲ ਖਰਚ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ।**

(**ii**) **ਇਕਾਈ ਤੋਂ ਜ਼ਿਆਦਾ ਲੋਚਦਾਰ** (Greater than Unitary Elasticity)– ਤਾਲਿਕਾ 1 ਦੇ ਦੂਸਰੇ ਭਾਗ ਤੋਂ ਪਤਾ ਲੱਗਦਾ ਹੈ ਕਿ ਜਦੋਂ ਵਸਤੂ ਦੀ ਕੀਮਤ 2 ਰੁਪਏ ਹੈ ਤਾਂ ਕੁੱਲ ਖਰਚ 8 ਰੁਪਏ ਕੀਤਾ ਜਾਂਦਾ ਹੈ, ਜੇਕਰ ਵਸਤੂ ਦੀ ਕੀਮਤ ਵੱਧ ਕੇ 4 ਰੁਪਏ ਹੋ ਜਾਂਦੀ ਹੈ ਤਾਂ ਕੁੱਲ ਖਰਚ 8 ਰੁਪਏ ਤੋਂ ਘੱਟ ਕੇ 4 ਰੁਪਏ ਹੋ ਜਾਂਦਾ ਹੈ ਅਤੇ ਜਦੋਂ ਕੀਮਤ ਘੱਟ ਕੇ 1 ਰੁਪਿਆ ਹੋ ਜਾਂਦੀ ਹੈ ਤਾਂ ਕੁੱਲ ਖਰਚ ਵੱਧ ਕੇ 10 ਰੁਪਏ ਹੋ ਜਾਂਦਾ ਹੈ। **ਹੋਰ ਸ਼ਬਦਾਂ ਵਿੱਚ, ਕੀਮਤ ਵਿੱਚ ਪਰਿਵਰਤਨ ਹੋਣ ਦੇ ਫਲਸਰੂਪ ਕੁੱਲ ਖਰਚ ਵਿੱਚ ਪਰਿਵਰਤਨ ਉਲਟ ਦਿਸ਼ਾ** (Opposite Direction) **ਵਿੱਚ ਹੁੰਦਾ ਹੈ।**

(**iii**) **ਇਕਾਈ ਤੋਂ ਘੱਟ ਲੋਚਦਾਰ** (Less than Unitary Elasticity)– ਤਾਲਿਕਾ 1 ਦੇ ਤੀਸਰੇ ਭਾਗ ਤੋਂ ਪਤਾ ਲੱਗਦਾ ਹੈ ਕਿ ਜਦੋਂ ਵਸਤੂ ਦੀ ਕੀਮਤ 2 ਰੁਪਏ ਹੈ ਤਾਂ ਕੁੱਲ ਖਰਚ 6 ਰੁਪਏ ਹੈ। ਜਦੋਂ ਕੀਮਤ ਵੱਧ ਕੇ 4 ਰੁਪਏ ਹੋ ਜਾਂਦੀ ਹੈ ਤਾਂ ਕੁੱਲ ਖਰਚ ਵੱਧ ਕੇ 8 ਰੁਪਏ ਹੋ ਜਾਂਦਾ ਹੈ। ਜਦੋਂ ਕੀਮਤ ਘੱਟ ਕੇ 1 ਰੁਪਿਆ ਹੋ ਜਾਂਦੀ ਹੈ ਤਾਂ ਕੁੱਲ ਖਰਚ ਘੱਟ ਕੇ 4 ਰੁਪਏ ਹੋ ਜਾਂਦਾ ਹੈ। **ਹੋਰ ਸ਼ਬਦਾਂ ਵਿੱਚ, ਕੀਮਤ ਵਿੱਚ ਹੋਣ ਵਾਲੇ ਪਰਿਵਰਤਨ ਦੇ ਫਲਸਰੂਪ ਕੁੱਲ ਖਰਚ ਵਿੱਚ ਪਰਿਵਰਤਨ ਬਰਾਬਰ ਦਿਸ਼ਾ** (Same Direction) ਵਿੱਚ ਹੁੰਦਾ ਹੈ।

ਨੋਟ

ਚਿੱਤਰ 6.18 ਨਾਲ ਮੰਗ ਦੀ ਲੋਚ ਨੂੰ ਨਾਪਣ ਦੀ ਕੁੱਲ ਖਰਚ ਵਿਧੀ ਨੂੰ ਸਪੱਸ਼ਟ ਕੀਤਾ ਜਾ ਸਕਦਾ ਹੈ। ਇਸ ਚਿੱਤਰ ਵਿੱਚ OX-ਅਕਸ਼ ’ਤੇ ਕੁੱਲ ਖਰਚ ਅਤੇ OY-ਅਕਸ਼ ’ਤੇ ਕੀਮਤ ਨੂੰ ਪ੍ਰਗਟ ਕੀਤਾ ਗਿਆ ਹੈ। ST **ਰੇਖਾ ਕੁੱਲ ਖਰਚ ਰੇਖਾ** (Total Expenditure Curve) ਹੈ। ST ਰੇਖਾ ਦੇ ਵਿਚਕਾਰਲਾ BC ਭਾਗ ਇਕਾਈ ਲੋਚ ਨੂੰ ਪ੍ਰਗਟ ਕਰ ਰਿਹਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਜਦੋਂ ਕੀਮਤ **OM** ਹੈ ਤਾਂ ਕੁੱਲ ਖਰਚ MC ਹੈ। ਜਦੋਂ ਕੀਮਤ ਵੱਧ ਕੇ ON ਹੋ ਜਾਂਦੀ ਹੈ ਤਾਂ ਕੁੱਲ ਖਰਚ NB (=MC) ਅਤੇ ਪਹਿਲਾਂ ਜਿੰਨਾ ਹੀ ਰਹਿੰਦਾ ਹੈ। ST ਰੇਖਾ ਦਾ TB ਭਾਗ ਇਕਾਈ ਤੋਂ ਜ਼ਿਆਦਾ ਲੋਚਦਾਰ ਮੰਗ ਨੂੰ ਪ੍ਰਗਟ ਕਰ ਰਿਹਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਜਦੋਂ ਕੀਮਤ ON ਤੋਂ ਵੱਧ ਕੇ OR ਹੋ ਜਾਂਦੀ ਹੈ ਤਾਂ ਕੁੱਲ ਖਰਚ BN ਤੋਂ ਘੱਟ ਕੇ RA ਹੋ ਜਾਂਦਾ ਹੈ ਅਤੇ ਇਸ ਤੋਂ ਉਲਟ ਦਿਸ਼ਾ ਵਿੱਚ ਪਰਿਵਰਤਨ ਹੁੰਦਾ ਹੈ। ST ਰੇਖਾ ਦਾ SC ਭਾਗ ਇਕਾਈ ਤੋਂ ਘੱਟ ਲੋਚਦਾਰ ਮੰਗ ਨੂੰ ਪ੍ਰਗਟ ਕਰ ਰਿਹਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਜਦੋਂ OM ਤੋਂ ਘੱਟ ਹੋ ਕੇ OP ਹੋ ਜਾਂਦੀ ਹੈ ਤਾਂ ਕੁੱਲ ਖਰਚ MC ਤੋਂ ਹੋ ਕੇ PD ਹੋ ਜਾਂਦਾ ਹੈ, ਭਾਵ ਬਰਾਬਰ ਦਿਸ਼ਾ ਵਿੱਚ ਬਦਲਦਾ ਹੈ।



ਚਿੱਤਰ 6.18

2. ਪ੍ਰਤੀਸ਼ਤ ਜਾਂ ਅਨੁਪਾਤਿਕ ਵਿਧੀ (Precentage or Proportionate Method)

ਮੰਗ ਦੀ ਕੀਮਤ ਲੋਚ ਨੂੰ ਨਾਪਣ ਦੀ ਦੂਸਰੀ ਵਿਧੀ ਪ੍ਰਤੀਸ਼ਤ ਜਾਂ ਅਨੁਪਾਤਿਕ ਵਿਧੀ ਅਖਵਾਉਂਦੀ ਹੈ। **ਇਸ ਵਿਧੀ ਦੇ ਅਨੁਸਾਰ, ਮੰਗ ਦੀ ਕੀਮਤ ਲੋਚਦਾਰ ਦਾ ਅੰਦਾਜ਼ਾ ਲਗਾਉਣ ਲਈ ਮੰਗ ਵਿੱਚ ਹੋਣ ਵਾਲੇ ਪ੍ਰਤੀਸ਼ਤ ਪਰਿਵਰਤਨ ਨੂੰ ਕੀਮਤ ਵਿੱਚ ਹੋਣ ਵਾਲੇ ਪ੍ਰਤੀਸ਼ਤ ਪਰਿਵਰਤਨ ਨਾਲ ਭਾਗ ਕਰ ਦਿੱਤਾ ਜਾਂਦਾ ਹੈ।** ਇਸ ਦਾ ਸੂਤਰ (Formula) ਹੇਠ ਲਿਖਿਆ ਹੈ–

$$E_d = \frac{\text{X–ਵਸਤੂ ਦੀ ਮੰਗੀ ਗਈ ਮਾਤਰਾ ਵਿੱਚ ਪ੍ਰਤੀਸ਼ਤ ਪਰਿਵਰਤਨ}}{\text{ਵਸਤੂ ਦੀ ਕੀਮਤ ਵਿੱਚ ਪ੍ਰਤੀਸ਼ਤ ਪਰਿਵਰਤਨ}}$$

$$E_d = \frac{\dfrac{\text{ਮੰਗੀ ਗਈ ਮਾਤਰਾ ਵਿੱਚ ਪਰਿਵਰਤਨ}}{\text{ਅਰੰਭਿਕ ਮੰਗ}}}{\dfrac{\text{ਕੀਮਤ ਵਿੱਚ ਪਰਿਵਰਤਨ}}{\text{ਅਰੰਭਿਕ ਮੰਗ}}} \times 100$$

$$\frac{(Q_1 - Q)}{Q} \times 100 \; \frac{\Delta Q}{Q} \times 100$$

$$= (-)\frac{Q}{\frac{(P_1 P)}{P} \times 100} = (-)\frac{Q}{\frac{\Delta P}{P} \times 100}$$

$$E_d = (-)\frac{\Delta Q}{Q} \div \frac{\Delta P}{P} = (-)\frac{\Delta Q}{Q} \times \frac{P}{\Delta P}$$

ਨੋਟ

$$E_d = (-)\frac{P}{Q} \times \frac{\Delta Q}{\Delta P}$$

(ਇੱਥੇ Q = ਵਸਤੂ ਦੀ ਮੰਗੀ ਗਈ ਅਰੰਭਿਕ ਮਾਤਰਾ Q_1 = ਪਰਿਵਰਤਿਤ ਮੰਗੀ ਗਈ ਮਾਤਰਾ, P = ਵਸਤੂ ਦੀ ਅਰੰਭਿਕ ਕੀਮਤ, P_1 = ਪਰਿਵਰਤਿਤ ਕੀਮਤ, $\Delta Q = Q_1 - Q$ (ਮੰਗੀ ਗਈ ਮਾਤਰਾ ਵਿੱਚ ਪਰਿਵਰਤਨ), $\Delta P = P_1 - P$ = ਕੀਮਤ ਵਿੱਚ ਪਰਿਵਰਤਨ; Δ= ਡੈਲਟਾ (ਇਹ ਚਿੰਨ੍ਹ ਪਰਿਵਰਤਨ ਨੂੰ ਪ੍ਰਗਟ ਕਰਦਾ ਹੈ।)

X- ਵਸਤੂ ਦੀ ਮਾਤਰਾ ਵਿੱਚ ਪ੍ਰਤੀਸ਼ਤ ਪਰਿਵਰਤਨ ਨੂੰ X- ਵਸਤੂ ਵਿੱਚ 100 ਗੁਣਾ ਪਰਿਵਰਤਨ ਦੇ ਰੂਪ ਵਿੱਚ ਪ੍ਰੀਭਾਸ਼ਿਤ ਕੀਤਾ ਜਾਂਦਾ ਹੈ, ਭਾਵ 100Δ x ਨੂੰ X ਨਾਲ ਭਾਗ ਕਰ ਦਿੱਤਾ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਜੇਕਰ ਮਾਤਰਾ 10 ਤੋਂ ਵੱਧ ਕੇ 15 ਹੋ ਜਾਂਦੀ ਹੈ, ਉਦੋਂ ਅਸੀਂ ਕਹਾਂਗੇ ਕਿ $\Delta X = 15 - 10 = 5$ ਜਾਂ X ਵਿੱਚ ਪ੍ਰਤੀਸ਼ਤ ਵਾਧਾ = $\frac{\Delta X}{X} \times 100 = \frac{5}{10} \times 100$ $= \frac{500}{10} = 50\%$, ਇਸੇ ਤਰ੍ਹਾਂ ਕੀਮਤ ਵਿੱਚ ਪ੍ਰਤੀਸ਼ਤ ਪਰਿਵਰਤਨ ਨੂੰ $\frac{\Delta P}{P} \times 100$ ਦੇ ਰੂਪ ਵਿੱਚ ਪ੍ਰਗਟ ਕੀਤਾ ਜਾਂਦਾ ਹੈ।

ਉਦਾਹਰਣ (Illustration) 1.

ਇਕ ਵਸਤੂ ਦੀ ਕੀਮਤ ਵਿੱਚ 10% ਕਮੀ ਦੇ ਕਾਰਨ ਮੰਗ ਦੀ ਮਾਤਰਾ ਵਿੱਚ ਹੋਣ ਵਾਲੇ ਪ੍ਰਤੀਸ਼ਤ ਪਰਿਵਰਤਨ ਦਾ ਅੰਦਾਜ਼ਾ ਲਗਾਏਗਾ। ਇਹ ਮੰਨ ਲਓ ਕਿ ਵਸਤੂ ਦੀ ਮੰਗ ਦੀ ਕੀਮਤ ਲੋਚ (–) 2.5 ਹੈ।

ਧਿਆਨ ਰੱਖੋ
ਪ੍ਰਤੀਸ਼ਤ ਵਿਧੀ ਦਾ ਇਸਤੇਮਾਲ ਇਸ ਸਥਿਤੀ ਵਿੱਚ ਕੀਤਾ ਜਾਂਦਾ ਹੈ, ਜਿਸ ਵਿੱਚ ਕੀਮਤ 'ਚ ਹੋਣ ਵਾਲੇ ਪਰਿਵਰਤਨ ਅਤੇ ਇਸ ਦੇ ਫਲਸਰੂਪ ਮੰਗ ਵਿੱਚ ਹੋਣ ਵਾਲਾ ਪਰਿਵਰਤਨ ਬਹੁਤ ਹੀ ਘੱਟ ਹੁੰਦਾ ਹੈ।

ਹੱਲ (Solution):

ਮੰਨ ਲਓ ਮੰਗ ਵਿੱਚ ਪ੍ਰਤੀਸ਼ਥ ਪਰਿਵਰਤਨ X ਹੁੰਦਾ ਹੈ।

$$\text{ਮੰਗ ਦੀ ਲੋਚ} = (-)\frac{\text{ਮੰਗੀ ਗਈ ਮਾਤਰਾ ਵਿੱਚ ਪ੍ਰਤੀਸ਼ਤ ਪਰਿਵਰਤਨ}}{\text{ਕੀਮਤ ਵਿੱਚ ਪ੍ਰਤੀਸ਼ਤ ਪਰਿਵਰਤਨ}}$$

$$2.5 = (-)\frac{X}{10\%}$$

$$X = 2.5 \times 10\% = 25\%$$

ਉਤਰ – ਮੰਗੀ ਗਈ ਮਾਤਰਾ ਵਿੱਚ ਪ੍ਰਤੀਸ਼ਤ ਪਰਿਵਰਤਨ 25% ਹੋਵੇਗਾ।

3. ਬਿੰਦੂ ਲੋਚ ਵਿਧੀ (Point Elasticity Method)

ਮੰਗ ਵਕ੍ਰ ਦੇ ਕਿਸੇ ਬਿੰਦੂ 'ਤੇ ਮੰਗ ਦੀ ਲੋਚ ਬਿੰਦੂ ਲੋਚ ਅਖਵਾਉਂਦੀ ਹੈ।

ਲੇਫਟਵਿਚ ਦੇ ਅਨੁਸਾਰ, **"ਮੰਗ ਵਕ੍ਰ ਦੇ ਕਿਸੇ ਬਿੰਦੂ 'ਤੇ ਕੀਮਤ ਦੇ ਸੂਖਮ ਪਰਿਵਰਤਨ ਦੇ ਫਲਸਰੂਪ ਜੋ ਲੋਚ ਮਾਪੀ ਜਾਂਦੀ ਹੈ, ਉਸ ਨੂੰ ਬਿੰਦੂ ਲੋਚ ਕਹਿੰਦੇ ਹਨ।** (Elasticity computed at a single point on the curve for infinitely small change in price is point elasticity. **—Leftwitch**)।

ਸਰਲ ਮੰਗ ਵਕ੍ਰ 'ਤੇ ਕੀਮਤ ਲੋਚ, ਵਕ੍ਰ ਦੇ ਢਲਾਣ ਅਤੇ ਉਸ ਬਿੰਦੂ, ਜਿਸ 'ਤੇ ਨਾਪ ਕੀਤਾ ਜਾਂਦਾ ਹੈ, 'ਤੇ ਨਿਰਭਰ ਕਰਦੀ ਹੈ ਅਤੇ ਇਕ ਮੰਗ ਵਕ੍ਰ ਦੇ ਵੱਖ-ਵੱਖ ਬਿੰਦੂਆਂ 'ਤੇ ਕੀਮਤ ਲੋਚ ਵੱਖ-ਵੱਖ ਹੋਵੇਗੀ। ਇਸ ਲਈ ਮੰਗ ਵਕ੍ਰ ਦੇ ਹਰੇਕ ਬਿੰਦੂ 'ਤੇ ਮੰਗ ਦੀ ਲੋਚ ਅਲੱਗ ਨਾਪੀ ਜਾਂਦੀ ਹੈ।

ਸਰਲ ਮੰਗ ਵਕ੍ਰ (Linear Demand Curve)– ਚਿੱਤਰ 6.19 ਵਿੱਚ MN ਮੰਗ ਵਕ੍ਰ ਇਕ ਸਰਲ ਰੇਖਾ ਹੈ। ਇਸ ਮੰਗ ਵਕ੍ਰ ਦੇ 'A' ਬਿੰਦੂ 'ਤੇ ਮੰਗ ਦੀ ਲੋਚ $\frac{AN}{AM}$ ਦੇ ਬਰਾਬਰ ਹੋਵੇਗੀ ਜੋ ਕਿ ਹੇਠ ਲਿਖੀ ਵਿਧੀ ਨਾਲ ਪਤਾ ਲਗਾਈ ਜਾ ਸਕਦੀ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ

ਨੋਟ

$$E_d = (-)\frac{P}{Q} \times \frac{\Delta Q}{\Delta P} \quad ...(i)$$

ਚਿੱਤਰ 6.19 ਤੋਂ ਪਤਾ ਲੱਗਦਾ ਹੈ ਕਿ

P = OP (=AQ); Q = OQ (=AP);

$\Delta P = PP_1$ (=AB); $\Delta Q = QQ_1$ (=BC);

$$\therefore \quad E_d = \frac{AQ}{AP} \times \frac{BC}{AB}$$

ਕਿਉਂਕਿ ΔABC ਅਤੇ ΔAQN ਸਮਰੂਪ ਤ੍ਰਿਭੁੱਜ (Similar triangles) ਹਨ, ਇਸ ਲਈ ਇਨ੍ਹਾਂ ਦੀਆਂ ਬਾਹਵਾਂ (Sides) ਦਾ ਅਨੁਪਾਤ ਬਰਾਬਰ ਹੋਵੇਗਾ–ਭਾਵ $\frac{BC}{AB} = \frac{QN}{AQ}$

$\frac{BC}{AB}$ ਦੀ ਜਗ੍ਹਾ 'ਤੇ ਸਮੀਕਰਣ (i) ਵਿੱਚ $\frac{QN}{AQ}$ ਲਿਖਣ ਤੋਂ ਸਾਨੂੰ ਪ੍ਰਾਪਤ ਹੁੰਦਾ ਹੈ।

$$E_d = \frac{AQ}{AP} \times \frac{QN}{AQ} = \frac{QN}{AP} = \frac{QN}{OQ} \ (AP = OQ)$$

ਕਿਉਂਕਿ ΔAQN ਅਤੇ ΔMPA ਸਮਰੂਪ ਤ੍ਰਿਭੁੱਜ ਹਨ, ਇਸ ਲਈ ਇਨ੍ਹਾਂ ਦੀਆਂ ਬਾਹਵਾਂ ਦਾ ਅਨੁਪਾਤ ਬਰਾਬਰ ਹੋਵੇਗਾ–

$$E_d = \frac{QN}{OQ} = \frac{QN}{AP} = \frac{AN}{AM} = \frac{\text{ਹੇਠਲਾ ਭਾਗ (Lower Segment)}}{\text{ਉਪਰਲਾ ਭਾਗ (Upper Segment)}}$$

ਸਰਲ ਰੇਖਾ ਦੇ ਵੱਖ-ਵੱਖ ਬਿੰਦੂਆਂ 'ਤੇ ਕੀਮਤ ਲੋਚ ਚਿੱਤਰ 6.20 ਤੋਂ ਪਤਾ ਲੱਗ ਜਾਂਦਾ ਹੈ।



ਚਿੱਤਰ 6.19

(i) ਬਿੰਦੂ P ਮੰਗ ਰੇਖਾ MN ਦੇ ਵਿਚਕਾਰ ਸਥਿਤ ਹੈ, ਇਸ ਲਈ PN (ਹੇਠਲਾ ਭਾਗ) ਅਤੇ PM (ਉਪਰਲਾ ਭਾਗ) ਬਰਾਬਰ ਹੋਣਗੇ। ਅਤੇ–

$E_d = \frac{PN}{PM} = 1$ (Unity) ਅਤੇ P ਬਿੰਦੂ 'ਤੇ ਮੰਗ ਦੀ ਲੋਚ ਇਕਾਈ ਹੋਵੇਗੀ।

ਨੋਟ

4. ਚਾਪ ਲੋਚ ਵਿਧੀ (Are Elasticity Method)

ਚਾਪ ਲੋਚ ਕੀਮਤ ਪਰਿਵਰਤਨ ਦੀ ਔਸਤ ਅਨੁਕ੍ਰਿਆ (Responsiveness) ਦਾ ਇਕ ਨਾਪ ਹੈ ਜੋ ਇਕ ਮੰਗ ਵਕ੍ਰ 'ਤੇ ਦੋ ਬਿੰਦੂਆਂ ਵਿਚਕਾਰਲੇ ਭਾਗ ਨੂੰ ਪ੍ਰਦਰਸ਼ਿਤ ਕਰਦਾ ਹੈ। **ਇਕ ਮੰਗ ਵਕ੍ਰ 'ਤੇ ਦੋ ਬਿੰਦੂਆਂ ਦੇ ਵਿਚਕਾਰਲੇ ਭਾਗ ਨੂੰ ਚਾਪ ਕਿਹਾ ਜਾਂਦਾ ਹੈ।** (An Arc is the portion between two points on a demand curve)। ਚਿੱਤਰ 6.20 ਵਿੱਚ DD ਮੰਗ ਵਕ੍ਰ 'ਤੇ A ਅਤੇ C ਬਿੰਦੂਆਂ ਦੇ ਵਿਚਕਾਰਲਾ ਭਾਗ ਚਾਪ ਹੈ। ਜਦੋਂ ਮੱਧ ਬਿੰਦੂ ਜਾਂ ਔਸਤ ਕੀਮਤ ਅਤੇ ਮਾਤਰਾ ਦੇ ਇਸਤੇਮਾਲ ਕਰਨ ਨਾਲ ਜੋ ਲੋਚ ਪ੍ਰਾਪਤ ਹੁੰਦੀ ਹੈ, ਉਸ ਨੂੰ **ਚਾਪ ਕੀਮਤ ਲੋਚ** ਕਿਹਾ ਜਾਂਦਾ ਹੈ।



ਚਿੱਤਰ 6.20

> **ਵਾਟਸਨ ਦੇ ਅਨੁਸਾਰ, ''ਚਾਪ ਕੀਮਤ ਲੋਚ ਮੰਗ ਵਕ੍ਰ ਚਾਪ ਦੇ ਮੱਧ ਦੇ ਬਿੰਦੂ ਦੀ ਕੀਮਤ ਲੋਚ ਹੋ।''** (Arc elasticity is the elasticity at the mid point of an arc of a demand curve. **—Wastson**)
>
> **ਫਾਰਗੂਸਨ** ਦੇ ਸ਼ਬਦਾਂ ਵਿੱਚ **''ਚਾਪ ਕੀਮਤ ਲੋਚ ਇਕ ਮੰਗ ਵਕ੍ਰ 'ਤੇ ਦੋ ਬਿੰਦੂਆਂ ਵਿਚਕਾਰ ਔਸਤ ਲੋਚ ਇਕ ਨਾਪ ਹੈ।''** (Arc elasticity is a measure of the average elasticity between two points on the demand. **—Ferguson)**

ਸੂਤਰ (Formula)

ਕੀਮਤ ਲੋਚ ਦੇ ਸੂਤਰ ਦੇ ਅਨੁਸਾਰ

$$E_d = \frac{P}{Q} \times \frac{\Delta Q}{\Delta P}$$

ਇਹ ਸਪੱਸ਼ਟ ਹੈ ਕਿ $\Delta Q = Q_1 - Q$ ਖਰੀਦੀ ਗਈ ਮਾਤਰਾ ਵਿੱਚ ਪਰਿਵਰਤਨ ਅਤੇ $\Delta P = P_1 - P$ ਕੀਮਤ ਵਿੱਚ ਪਰਿਵਰਤਨ ਪਰ P ਅਤੇ Q ਦੇ ਮੁੱਲ ਕੀ ਹਨ? ਕਿਉਂਕਿ ਚਾਪ AC ਦੇ ਵੱਖ-ਵੱਖ ਬਿੰਦੂਆਂ 'ਤੇ P ਅਤੇ Q ਦੇ ਵੱਖ-ਵੱਖ ਮੁੱਲ ਹੁੰਦੇ ਹਨ, ਇਸ ਲਈ ਇਨ੍ਹਾਂ ਦੇ ਕਿਸੇ ਨਿਸ਼ਚਿਤ ਮੁੱਲ ਦਾ ਇਸਤੇਮਾਲ ਕਰਨਾ ਜ਼ਰੂਰੀ ਨਹੀਂ ਹੈ। ਪ੍ਰੰਪਰਾ ਦੇ ਅਨੁਸਾਰ P ਅਤੇ Q ਦੇ ਦੋ ਮੁੱਲਾਂ ਦੀ ਔਸਤ ਦਾ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਕਿ

$$Q = \frac{(Q_1 + Q)}{2} \text{ ਅਤੇ } P = \frac{(P_1 + P)}{2}।$$

ਅਤੇ ਮੰਗ ਦੀ ਚਾਪ ਕੀਮਤ ਲੋਚ ਹੇਠ ਲਿਖੇ ਸੂਤਰ ਦੀ ਸਹਾਇਤਾ ਨਾਲ ਨਾਪੀ ਜਾਂਦੀ ਹੈ-

$$E_d = \frac{\text{ਮਾਤਰਾ ਵਿੱਚ ਪਰਿਵਰਤਨ (Change in Quantity)}}{\frac{1}{2} \text{ ਮਾਤਰਾਵਾਂ ਦਾ ਜੋੜ (Sum of Quantities)}} + \frac{\text{ਕੀਮਤ ਵਿੱਚ ਪਰਿਵਰਤਨ (Change in Price)}}{\frac{1}{2} \text{ ਕੀਮਤਾਂ ਦਾ ਜੋੜ (Sum of Price)}}$$

ਨੋਟ

$$E_d = (-)\frac{\Delta Q}{\frac{1}{2}(Q_1+Q)} \div \frac{\Delta P}{\frac{1}{2}(P_1+P)} = (-)\frac{\Delta Q}{\frac{1}{2}(Q_1+Q)} \times \frac{\frac{1}{2}(P_1+P)}{\Delta P}$$

or

$$E_d = (-)\frac{Q_1-Q}{\frac{1}{2}(Q_1+Q)} \times \frac{\frac{1}{2}(P_1+P)}{P_1-P} = (-)\frac{Q_1-Q}{Q_1+Q} \times \frac{P_1+P}{P_1-P}$$

(ਇੱਥੇ Q = ਅਰੰਭਿਕ ਮੰਗ : Q_1 = ਨਵੀਂ ਮੰਗ: P= ਅਰੰਭਿਕ ਕੀਮਤ: P_1= ਨਵੀਂ ਕੀਮਤ।)

ਚਾਪ ਲੋਚ ਵਿਧੀ ਦੇ ਅਨੁਸਾਰ ਜੇਕਰ ਇਕ ਵਸਤੂ ਦੀ ਕੀਮਤ ਵਿੱਚ ਬਰਾਬਰ ਅਨੁਪਾਤ ਵਿੱਚ ਵਾਧਾ ਜਾਂ ਕਮੀ ਹੁੰਦੀ ਹੈ ਅਤੇ ਨਤੀਜੇ ਵਜੋਂ ਵਸਤੂ ਦੀ ਮੰਗ ਵਿੱਚ ਵੀ ਉਸੇ ਅਨੁਪਾਤ 'ਚ ਸੰਕੁਚਨ ਜਾਂ ਵਿਸਥਾਰ ਹੁੰਦਾ ਹੈ, ਉਦੋਂ ਮੰਗ ਦੀ ਲੋਚ ਬਰਾਬਰ ਰਹੇਗੀ ਪਰ ਜਦੋਂ ਪ੍ਰਤੀਸ਼ਤ ਵਿਧੀ ਦਾ ਇਸਤੇਮਾਲ ਕੀਤਾ ਜਾਂਦਾ ਹੈ, ਉਦੋਂ ਉਪਰੋਕਤ ਸਥਿਤੀਆਂ ਵਿੱਚ ਮੰਗ ਦੀ ਲੋਚ ਵੱਖ-ਵੱਖ ਹੋਵੇਗੀ।

ਪਹਿਲੇ ਵਿੱਚ ਇਹ ਇਕਾਈ ਤੋਂ ਜ਼ਿਆਦਾ (6) ਜਾਂ ਲੋਚਦਾਰ ਹੋਵੇਗੀ ਅਤੇ ਦੂਸਰੇ ਵਿੱਚ ਇਹ ਇਕਾਈ ਤੋਂ ਘੱਟ $\frac{3}{4}$ ਜਾਂ ਬੇਲੋਚਦਾਰ ਹੋਵੇਗੀ।

ਅਤੇ ਚਾਪ ਲੋਚ ਵਿਧੀ, ਪ੍ਰਤੀਸ਼ਤ ਲੋਚ ਵਿਧੀ ਦੀ ਤੁਲਨਾ ਵਿੱਚ, ਜ਼ਿਆਦਾ ਅਸਲੀ ਅਤੇ ਨਿਰਭਰ ਵਿਧੀ ਹੈ।

ਮੰਗ ਦੀ ਚਾਪ ਲੋਚ ਅਤੇ ਬਿੰਦੂ ਲੋਚ ਦੇ ਵਿਚਕਾਰ ਅੰਤਰ ਵੀ ਹੈ। **ਚਾਪ ਲੋਚ, ਮੰਗ ਵਕ੍ਰ ਦੇ ਇਕ ਵਿਸ਼ੇਸ਼ ਭਾਗ 'ਤੇ ਲੋਚ ਦਾ ਔਸਤ ਮੁੱਲ ਹੈ, ਜਦੋਂ ਕਿ ਬਿੰਦੂ ਲੋਚ, ਮੰਗ ਵਕ੍ਰ ਦੇ ਇਕ ਵਿਸ਼ੇਸ਼ ਬਿੰਦੂ 'ਤੇ ਲੋਚ ਦਾ ਮੁੱਲ ਹੈ। ਬਾਮੋਲ** ਦੇ ਸ਼ਬਦਾਂ ਵਿੱਚ, **''ਮੰਗ ਦੀ ਕੀਮਤ ਬਿੰਦੂ ਲੋਚ ਮੰਗ ਵਕ੍ਰ ਦੇ ਹਰੇਕ ਬਿੰਦੂ ਨਾਲ ਸਬੰਧਿਤ ਧਾਰਨਾ ਹੈ ਪਰ ਅਜਿਹੇ ਕਿਸੇ ਵੀ ਬਿੰਦੂ 'ਤੇ ਕੀਮਤ** ($\Delta P=0$) **ਵਿੱਚ ਅਤੇ ਮਾਤਰਾ ਵਿੱਚ ਕੋਈ ਪਰਿਵਰਤਨ ਨਹੀਂ।** (Δ**Q=0**) **ਹੁੰਦਾ ਹੈ ਅਤੇ ਅਸੀਂ ਬਿੰਦੂ ਲੋਚ ਨੂੰ ਚਾਪ ਦੀ ਸੀਮਾ ਮੰਨ ਲੈਂਦੇ ਹਾਂ, ਕਿਉਂਕਿ ਜਿਵੇਂ-ਜਿਵੇਂ ਚਾਪ ਨੂੰ ਛੋਟੇ ਤੋਂ ਛੋਟਾ ਕੀਤਾ ਜਾਂਦਾ ਹੈ, ਉਹ ਬਿੰਦੂ ਬਣ ਜਾਂਦਾ ਹੈ।''** (Point elasticity of demand is the corresponding concept, for each point on the demand curve. But at any such point there is no change in price ($\Delta P=0$) or in quantity ($\Delta Q=0$). We, therefore, take point elasticity to be the limit of the arc elasticity figure as the arc is made smaller and smaller. **—Baumol**

5. ਆਮਦਨ ਵਿਧੀ (Revenue Method)

ਮੰਗ ਦੀ ਲੋਚ ਪਤਾ ਲਗਾਉਣ ਦੀ ਪੰਜਵੀਂ ਵਿਧੀ ਆਮਦਨ ਵਿਧੀ ਹੈ। ਇਕ ਫਰਮ ਨੂੰ ਉਸ ਦੇ ਉਤਪਾਦਨ ਦੀ ਵਿਕਰੀ ਤੋਂ ਜੋ ਵਿਕਰੀ ਮੁੱਲ ਪ੍ਰਾਪਤ ਹੁੰਦਾ ਹੈ, ਉਸ ਨੂੰ ਫਰਮ ਦੀ **ਆਮਦਨ** (Revenue) ਕਿਹਾ ਜਾਂਦਾ ਹੈ। ਮੰਨ ਲਓ 10 ਮੀਟਰ ਕੱਪੜਾ ਵੇਚ ਕੇ ਇਕ ਫਰਮ ਨੂੰ 50 ਰੁਪਏ ਪ੍ਰਾਪਤ ਹੁੰਦੇ ਹਨ, ਇਨ੍ਹਾਂ 50 ਰੁਪਿਆਂ ਨੂੰ ਫਰਮ ਦੀ **ਕੁੱਲ ਆਮਦਨ** (Total Revenue) ਕਿਹਾ ਜਾਵੇਗਾ, ਜੇਕਰ ਕੁੱਲ ਆਮਦਨ ਨੂੰ ਉਤਪਾਦਨ ਦੀਆਂ ਵੇਚੀਆਂ ਇਕਾਈਆਂ ਦੀ ਮਾਤਰਾ ਨਾਲ ਭਾਗ ਦੇ ਦਿੱਤਾ ਜਾਵੇ ਤਾਂ ਭਜਨ ਫਲ ਜਾਵੇਗਾ, ਉਸ ਨੂੰ **ਔਸਤ ਆਮਦਨ** (Average Revenue) ਅਤੇ ਪ੍ਰਤੀ ਇਕਾਈ ਕੀਮਤ ਕਿਹਾ ਜਾਵੇਗਾ। ਉਪਰੋਕਤ ਫਰਮ ਦੀ ਔਸਤ ਆਮਦਨ $\frac{A}{A-M}$ ਰੁਪਏ ਪ੍ਰਤੀ ਮੀਟਰ ਹੋਵੇਗੀ ਅਤੇ ਔਸਤ ਆਮਦਨ ਤੇ ਕੀਮਤ ਸਮਾਨਅਰਥ ਸ਼ਬਦ ਹਨ। ਕਿਸੇ ਵਸਤੂ ਦੀ ਜ਼ਿਆਦਾ ਇਕਾਈ ਵੇਚਣ ਨਾਲ ਕੁੱਲ ਆਮਦਨ ਵਿੱਚ ਜੋ ਅੰਤਰ ਆਉਂਦਾ ਹੈ, ਉਸ ਨੂੰ **ਸੀਮਿਤ ਆਮਦਨ** (Marginal Revenues) ਕਹਿੰਦੇ ਹਨ, ਜੇਕਰ 11 ਮੀਟਰ ਕੱਪੜਾ ਵੇਚ ਕੇ ਫਰਮ ਨੂੰ 54 ਰੁਪਏ ਪ੍ਰਾਪਤ ਹੁੰਦੇ ਹਨ ਤਾਂ ਇਸ ਦਾ ਅਰਥ ਹੈ ਕਿ 11ਵੇਂ ਮੀਟਰ ਕੱਪੜੇ ਦੀ ਸੀਮਿਤ ਆਮਦਨ 54 ਰੁਪਏ – 50 ਰੁਪਏ = 4 ਰੁਪਏ ਹੋਵੇਗੀ। ਇਕ ਫਰਮ ਦੀ ਔਸਤ ਆਮਦਨ ਵਕ੍ਰ ਨੂੰ ਮੰਗ ਵਕ੍ਰ ਵੀ ਕਿਹਾ ਜਾਂਦਾ ਹੈ। ਔਸਤ ਆਮਦਨ ਅਤੇ ਸੀਮਿਤ ਆਮਦਨ ਦੇ ਨਾਲ ਮੰਗ ਦੀ ਲੋਚ ਨੂੰ ਹੇਠ ਲਿਖੇ ਸੂਤਰ ਨਾਲ ਨਾਪਿਆ ਜਾ ਸਕਦਾ ਹੈ– (ਇੱਥੇ $E_d = \frac{A}{A-M}$ ਮੰਗ ਦੀ ਕੀਮਤ ਲੋਚ, A= ਔਸਤ ਆਮਦਨ, M= ਸੀਮਿਤ ਆਮਦਨ)

ਮੰਗ ਦੀ ਲੋਚ ਦੇ ਇਸ ਸੂਤਰ ਨੂੰ ਚਿੱਤਰ 6.21 ਦੀ ਸਹਾਇਤਾ ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ। ਇਸ ਚਿੱਤਰ ਵਿੱਚ OY-ਅਕਸ਼ 'ਤੇ ਆਮਦਨ ਅਤੇ OX-ਅਕਸ਼ 'ਤੇ ਵਸਤੂ ਦੀ ਮਾਤਰਾ ਪ੍ਰਗਟ ਕੀਤੀ ਗਈ ਹੈ। AB ਔਸਤ ਆਮਦਨ (AR) ਜਾਂ ਮੰਗ ਵਕ੍ਰ ਹੈ ਅਤੇ AN ਸੀਮਿਤ ਆਮਦਨ ਵਕ੍ਰ (MR) ਹੈ। ਮੰਗ ਵਕ੍ਰ (ਔਸਤ ਆਮਦਨ) ਦੇ 'P' ਬਿੰਦੂ 'ਤੇ ਮੰਗ ਦੀ ਲੋਚ ਹੇਠ ਲਿਖੇ ਸੂਤਰ ਦੀ ਸਹਾਇਤਾ ਨਾਲ ਪਤਾ ਲਗਾਈ ਜਾ ਸਕਦੀ ਹੈ–

$$E_d = \frac{\text{ਹੇਠਲਾ ਹਿੱਸਾ}}{\text{ਉਪਰਲਾ ਹਿੱਸਾ}} = \frac{PB}{PA}$$

ਨੋਟ ΔPMB ਅਤੇ ΔAEP ਸਮਰੂਪ ਹਨ, ਇਸ ਲਈ ਇਨ੍ਹਾਂ ਦੀਆਂ ਬਾਹਵਾਂ ਦਾ ਅਨੁਪਾਤ ਬਰਾਬਰ ਹੋਵੇਗਾ।

$$E_d = \frac{PB}{PA} = \frac{PM}{AE} \quad \text{... (1)}$$

ΔAET ਅਤੇ ΔTPL ਸਮਰੂਪ ਤ੍ਰਿਭੁੱਜ (Congruent Triangles) ਹਨ, ਇਸ ਲਈ PL = AE ।



ਚਿੱਤਰ 6.21

ਸਮੀਕਰਣ (1) ਵਿੱਚ AE ਦੀ ਜਗ੍ਹਾ 'ਤੇ PL ਲਿਖਣ ਨਾਲ

$$E_d = \frac{PM}{PL}$$

ਕਿਉਂਕਿ $PL = PM - LM$

ਇਸ ਲਈ $$E_d = \frac{PM}{PM - LM}$$

ਇੱਥੇ PM = AR ਅਤੇ LM = MR

ਅਤੇ $$E_d = \frac{PM}{PM - LM} = \frac{AR}{AR - MR} \text{ ਜਾਂ } \frac{A}{A - M}$$

$$= \frac{\text{ਔਸਤ ਆਮਦਨ}}{\text{ਔਸਤ ਆਮਦਨ - ਸੀਮਿਤ ਆਮਦਨ}}$$

ਜੇਕਰ ਉਪਰਲਾ ਸੂਤਰ ਇਸਤੇਮਾਲ ਕਰਨ ਨਾਲ E_d ਦਾ ਮੁੱਲ ਇਕ ਹੁੰਦਾ ਹੈ ਤਾਂ ਮੰਗ ਦੀ ਲੋਚ ਇਕਾਈ ਹੋਵੇਗੀ। ਜੇਕਰ ਇਹ ਇਕ ਤੋਂ ਜ਼ਿਆਦਾ ਹੈ ਤਾਂ ਮੰਗ ਦੀ ਕੀਮਤ ਲੋਚ ਇਕਾਈ ਤੋਂ ਜ਼ਿਆਦਾ ਜਾਂ ਲੋਚਦਾਰ ਹੋਵੇਗੀ ਅਤੇ ਜੇਕਰ ਇਹ ਇਕ ਤੋਂ ਘੱਟ ਹੈ ਤਾਂ ਮੰਗ ਦੀ ਕੀਮਤ ਲੋਚ ਇਕਾਈ ਤੋਂ ਘੱਟ ਜਾਂ ਬੇਲੋਚਦਾਰ ਹੋਵੇਗੀ।

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚੋਂ ਸਹੀ/ਗਲਤ ਲੱਭੋ

(State whether the following statements are True/False)–

8. ਵਿਅਕਤੀਗਤ ਮੰਗ ਵਕ੍ਰ ਉਹ ਵਕ੍ਰ ਹੈ ਜੋ ਕਿਸੇ ਵਸਤੂ ਦੀਆਂ ਵੱਖ-ਵੱਖ ਕੀਮਤਾਂ 'ਤੇ ਇਕ ਉਪਭੋਗਤਾ ਵੱਲੋਂ ਉਸ ਵਸਤੂ ਦੀ ਮੰਗੀ ਗਈ ਮਾਤਰਾ ਨੂੰ ਪ੍ਰਗਟ ਕਰਦਾ ਹੈ।

ਨੋਟ

9. ਬਾਜ਼ਾਰ ਮੰਗ ਵਕ੍ਰ ਵਿਅਕਤੀਗਤ ਮੰਗ ਵਕ੍ਰਾਂ ਦਾ ਸਮ-ਪੱਧਰੀ ਜੋੜ ਹੈ।

10. ਹੋਰ ਗੱਲਾਂ ਬਰਾਬਰ ਰਹਿਣ 'ਤੇ ਜਦੋਂ ਕਿਸੇ ਵਸਤੂ ਦੀ ਕੀਮਤ ਵਿੱਚ ਕਮੀ ਹੋਣ ਦੇ ਫਲਸਰੂਪ ਉਸ ਦੀ ਮੰਗ ਘੱਟ ਹੋ ਜਾਂਦੀ ਹੈ ਤਾਂ ਉਸ ਨੂੰ ਮੰਗ ਦਾ ਵਿਸਥਾਰ ਕਿਹਾ ਜਾਂਦਾ ਹੈ।

11. ਹੋਰ ਗੱਲਾਂ ਬਰਾਬਰ ਰਹਿਣ 'ਤੇ, ਜਦੋਂ ਕਿਸੇ ਵਸਤੂ ਦੀ ਕੀਮਤ ਵਿੱਚ ਵਾਧਾ ਹੋਣ ਦੇ ਫਲਸਰੂਪ ਉਸ ਦੀ ਮੰਗ ਜ਼ਿਆਦਾ ਹੋ ਜਾਂਦੀ ਹੈ ਤਾਂ ਉਸ ਨੂੰ ਮੰਗ ਦਾ ਸੰਕੁਚਨ ਕਿਹਾ ਜਾਂਦਾ ਹੈ।

12. ਇਕ ਵਸਤੂ ਦੀ ਕੀਮਤ, ਉਪਭੋਗਤਾ ਦੀ ਆਮਦਨ ਅਤੇ ਸਬੰਧਿਤ ਵਸਤੂ ਦੀ ਕੀਮਤ ਵਿੱਚ ਪਰਿਵਰਤਨ ਹੋਣ ਨਾਲ ਉਸ ਵਸਤੂ ਦੀ ਮੰਗੀ ਗਈ ਮਾਤਰਾ ਵਿੱਚ ਹੋਣ ਵਾਲੇ ਪਰਿਵਰਤਨ ਦੇ ਨਾਪ ਨੂੰ ਮੰਗ ਦੀ ਲੋਚ ਕਿਹਾ ਜਾਵੇਗਾ।

6.14 ਮੰਗ ਦੀ ਲੋਚ ਨਾਲ ਸਬੰਧਿਤ ਕੁਝ ਪ੍ਰਮੇਯ (Some Theorems on Elasticity of Demand)

ਪ੍ਰਮੇਯ (Theorem) 1.

ਇਕ ਸਰਲ ਮੰਗ ਵਕ੍ਰ 'ਤੇ ਉਪਰ ਤੋਂ ਹੇਠਾਂ ਵੱਲ ਮੰਗ ਦੀ ਲੋਚ ਦਾ ਮੁੱਲ ਜ਼ੀਰੋ ਤੋਂ ਲੈ ਕੇ ਅਨੰਤ ਤੱਕ ਹੁੰਦਾ ਹੈ। (The Elasticity of Demand on a straight line demand curve varies downward from zero to infinity.)

ਮੰਗ ਦੀ ਲੋਚ ਦਾ ਮੁੱਲ ਉਸ ਬਿੰਦੂ 'ਤੇ ਜ਼ੀਰੋ ਹੁੰਦਾ ਹੈ, ਜਿਸ 'ਤੇ ਮੰਗ ਵਕ੍ਰ OX- ਅਕਸ਼ ਨੂੰ ਛੂੰਹਦੀ ਹੈ ਅਤੇ ਉਸ ਬਿੰਦੂ 'ਤੇ ਅਨੰਤ ਹੁੰਦਾ ਹੈ, ਜਿਸ 'ਤੇ ਵਕ੍ਰ OY- ਅਕਸ਼ ਨੂੰ ਛੂੰਹਦੀ ਹੈ ਅਤੇ ਕੀਮਤ ਜ਼ਿਆਦਾ ਹੋਣ 'ਤੇ, ਇਕ ਸਰਲ ਮੰਗ ਵਕ੍ਰ 'ਤੇ, ਮੰਗ ਦੀ ਲੋਚ ਵੀ ਜ਼ਿਆਦਾ ਹੁੰਦੀ ਹੈ। ਇਸ ਤੱਥ ਨੂੰ ਚਿੱਤਰ 6.22 ਨਾਲ ਸਪੱਸ਼ਟ ਕੀਤਾ ਗਿਆ ਹੈ।



ਚਿੱਤਰ 6.22

ਮੰਗ ਦੀ ਕੀਮਤ ਲੋਚ ਨੂੰ ਹੇਠ ਲਿਖੇ ਤਰ੍ਹਾਂ ਨਾਲ ਨਾਪਿਆ ਜਾਂਦਾ ਹੈ–

$$E_d = -\frac{\text{X - ਵਸਤੂ ਦੀ ਮੰਗੀ ਗਈ ਮਾਤਰਾ ਨਾਲ ਪ੍ਰਤੀਸ਼ਤ ਪਰਿਵਰਤਨ}}{\text{X - ਵਸਤੂ ਦੀ ਕੀਮਤ ਵਿੱਚ ਪ੍ਰਤੀਸ਼ਤ ਪਰਿਵਰਤਨ}}$$

$$= (-)\frac{P}{Q} \times \frac{\Delta Q}{\Delta P}$$

ਉਪਰੋਕਤ ਸਮੀਕਰਣ ਹੇਠ ਲਿਖੇ ਢੰਗ ਨਾਲ ਵੀ ਲਿਖਿਆ ਜਾ ਸਕਦਾ ਹੈ

$$E_d = \frac{P}{Q} \times \left(\frac{1}{\text{ਮੰਗ ਵਕ੍ਰ ਦਾ ਢਲਾਣ}} \right)$$

ਨੋਟ

ਕਿਉਂਕਿ ਇਕ ਸਰਲ ਮੰਗ ਵਕ੍ਰ ਦਾ ਢਲਾਣ $\frac{\Delta P}{\Delta Q}$ ਦੇ ਬਰਾਬਰ ਹੁੰਦਾ ਹੈ। ਅਸੀਂ ਜਾਣਦੇ ਹਾਂ ਕਿ ਇਕ ਸਰਲ ਮੰਗ ਵਕ੍ਰ ਦਾ ਢਲਾਣ ਉਸ ਦੇ ਸਾਰੇ ਬਿੰਦੂਆਂ 'ਤੇ ਇਕ ਬਰਾਬਰ ਰਹਿੰਦਾ ਹੈ। ਇਸ ਲਈ ਢਲਾਣ ਦਾ ਵਿਲੋਮ (Reciprocal) $\frac{1}{\text{ਮੰ ਗ ਵਕ੍ਰ ਦਾ ਢਲਾਣ}}$ ਵੀ ਇਕ ਬਰਾਬਰ ਰਹੇਗਾ। ਮੰਗ ਵਕ੍ਰ AB ਦੇ ਵੱਖ-ਵੱਖ ਬਿੰਦੂਆਂ ਦੀ ਮੰਗ ਦੀ ਲੋਚ ਦੀ ਤੁਲਨਾ $\frac{P}{Q}$ ਦੀ ਤੁਲਨਾ ਨਾਲ ਕੀਤੀ ਜਾ ਸਕਦੀ ਹੈ।

(i) ਬਿੰਦੂ A 'ਤੇ ਇਹ ਅਨੁਪਾਤ = $\frac{OP}{Zero}$ = ∞ (ਅਨੰਤ)।

(ii) ਬਿੰਦੂ B 'ਤੇ ਇਹ ਅਨੁਪਾਤ = $\frac{Zero}{OB}$ = ਜ਼ੀਰੋ (Zero)।

(iii) ਜਿਵੇਂ-ਜਿਵੇਂ ਅਸੀਂ A ਬਿੰਦੂ ਤੋਂ ਹੇਠਾਂ ਵੱਲ B ਬਿੰਦੂ ਤੱਕ ਗਤੀਸ਼ੀਲ ਹੁੰਦੇ ਹਾਂ। ਸਾਨੂੰ ਪਤਾ ਲੱਗਦਾ ਹੈ ਕਿ $\frac{P}{Q}$ ਦਾ ਅਨੁਪਾਤ ਅਨੰਤ (Infinity) ਤੋਂ ਜ਼ੀਰੋ (Zero) ਤੱਕ ਡਿੱਗਦਾ ਜਾਂਦਾ ਹੈ। ਚਿੱਤਰ ਤੋਂ ਸਪੱਸ਼ਟ ਹੁੰਦਾ ਹੈ ਕਿ ਬਿੰਦੂ R 'ਤੇ ਇਹ ਅਨੁਪਾਤ $\frac{OK}{OT}$ ਦੇ ਬਰਾਬਰ ਹੈ ਅਤੇ ਬਿੰਦੂ S 'ਤੇ ਇਹ ਅਨੁਪਾਤ $\frac{OM}{ON}$ ਦੇ ਬਰਾਬਰ ਹੈ। $\frac{OM}{ON}$ ਦੀ ਤੁਲਨਾ ਵਿੱਚ $\frac{OK}{OT}$ ਦਾ ਮੁੱਲ ਨਿਸ਼ਚਿਤ ਰੂਪ ਵਿੱਚ ਜ਼ਿਆਦਾ $\left(\frac{OK}{OT} > \frac{OM}{ON}\right)$ ਹੈ ਅਤੇ ਇਹ ਸਿੱਧ ਹੋ ਜਾਂਦਾ ਹੈ ਕਿ ਜਿਵੇਂ-ਜਿਵੇਂ ਅਸੀਂ ਇਕ ਸਰਲ ਮੰਗ ਵਕ੍ਰ 'ਤੇ ਹੇਠਾਂ ਵੱਲ ਗਤੀਸ਼ੀਲ ਹੁੰਦੇ ਹਾਂ, ਵਸਤੂ ਦੀ ਕੀਮਤ ਘੱਟਦੀ ਜਾਂਦੀ ਹੈ ਅਤੇ ਉਸ ਤੋਂ ਸਬੰਧਿਤ ਮੰਗ ਦੀ ਲੋਚ ਦਾ ਮੁੱਲ ਘੱਟ ਹੁੰਦਾ ਜਾਂਦਾ ਹੈ।

6.15 ਮੰਗ ਦੀ ਕੀਮਤ ਲੋਚ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ (Factors Determining the Price Elasticity of Demand)

ਅਸਲੀ ਜੀਵਨ ਵਿੱਚ ਅਸੀਂ ਦੇਖਦੇ ਹਾਂ ਕਿ ਕੁਝ ਵਸਤੂਆਂ ਦੀ ਮੰਗ ਦੀ ਲੋਚ ਇਕਾਈ ਹੁੰਦੀ ਹੈ, ਕੁਝ ਵਸਤੂਆਂ ਦੀ ਮੰਗ ਦੀ ਲੋਚ ਇਕਾਈ ਤੋਂ ਜ਼ਿਆਦਾ ਜਾਂ **ਲੋਚਦਾਰ** (Elastic) ਹੁੰਦੀ ਹੈ ਅਤੇ ਕੁਝ ਵਸਤੂਆਂ ਦੀ ਮੰਗ ਦੀ ਲੋਚ ਇਕਾਈ ਤੋਂ ਘੱਟ ਅਤੇ **ਬੇਲੋਚਦਾਰ** (Inelastic) ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਮੰਗ ਦੀ ਲੋਚ ਕਈ ਤੱਤਾਂ ਨਾਲ ਪ੍ਰਭਾਵਿਤ ਹੁੰਦੀ ਹੈ। ਮੰਗ ਦੀ ਲੋਚ ਨੂੰ ਨਿਰਧਾਰਿਤ ਕਰਨ ਵਾਲੇ ਮੁੱਖ ਤੱਤ ਹੇਠ ਲਿਖੇ ਹਨ-

1. **ਵਸਤੂ ਦੀ ਪ੍ਰਕਿਰਤੀ** (Nature of the Commodity)- ਅਰਥ ਸ਼ਾਸਤਰ ਵਿੱਚ ਵਸਤੂਆਂ ਦਾ ਵਰਗੀਕਰਣ ਮੁੱਖ ਰੂਪ ਵਿੱਚ ਤਿੰਨ ਸ਼੍ਰੇਣੀਆਂ ਵਿੱਚ ਕੀਤਾ ਜਾਂਦਾ ਹੈ, ਉਹ ਹੈ

   (i) **ਜ਼ਰੂਰਤਾਂ ਦੀਆਂ ਵਸਤੂਆਂ** (Necessaries), (ii) **ਆਰਾਮਦਾਇਕ ਵਸਤੂਆਂ** (Comforts), ਅਤੇ (iii) **ਵਿਲਾਸਤਾ ਦੀਆਂ ਵਸਤੂਆਂ** (Luxuries) ਸਧਾਰਣ ਤੌਰ 'ਤੇ ਇਹ ਦੇਖਿਆ ਗਿਆ ਹੈ ਕਿ ਜ਼ਰੂਰੀ ਵਸਤੂਆਂ ਜਿਵੇਂ ਨਮਕ, ਮਿੱਟੀ ਦਾ ਤੇਲ, ਮਾਚਿਸ ਆਦਿ ਦੀ ਮੰਗ ਇਕਾਈ ਤੋਂ ਘੱਟ ਜਾਂ **ਬੇਲੋਚਦਾਰ** (Inelastic) ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਕ ਉਪਭੋਗਤਾ ਇਨ੍ਹਾਂ ਵਸਤੂਆਂ ਦੀ ਇਕ ਨਿਸ਼ਚਿਤ ਮਾਤਰਾ ਖਰੀਦਦਾ ਹੈ, ਚਾਹੇ ਇਨ੍ਹਾਂ ਦੀ ਕੀਮਤ ਵਿੱਚ ਵਾਧਾ ਹੋਵੇ ਜਾਂ ਕਮੀ। ਇਸ ਲਈ ਇਨ੍ਹਾਂ ਦੀਆਂ ਕੀਮਤਾਂ ਵਿੱਚ ਹੋਣ ਵਾਲੇ ਪਰਿਵਰਤਨ ਦਾ ਇਨ੍ਹਾਂ ਦੀ ਮੰਗ 'ਤੇ ਵਿਸ਼ੇਸ਼ ਪ੍ਰਭਾਵ ਨਹੀਂ ਪੈਂਦਾ। ਇਸ ਦੇ ਉਲਟ ਵਿਲਾਸਤਾ ਦੀਆਂ ਵਸਤੂਆਂ ਜਿਵੇਂ ਏਅਰਕੰਡੀਸ਼ਨਰ ਕੀਮਤੀ ਫਰਨੀਚਰ ਆਦਿ ਦੀ ਮੰਗ ਇਕਾਈ ਤੋਂ ਜ਼ਿਆਦਾ ਜਾਂ **ਲੋਚਦਾਰ** (Elastic) ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਦੀ ਕੀਮਤ ਵਿੱਚ ਹੋਣ ਵਾਲਾ ਪਰਿਵਰਤਨ ਇਨ੍ਹਾਂ ਦੀ ਮੰਗ ਨੂੰ ਕਾਫੀ ਪ੍ਰਭਾਵਿਤ ਕਰਦਾ ਹੈ। ਆਰਾਮਦਾਇਕ ਵਸਤੂਆਂ ਜਿਵੇਂ ਟ੍ਰਾਂਜਿਸਟਰ, ਕੂਲਰ, ਪੱਖਾ ਆਦਿ ਦੀ ਕੀਮਤ ਲੋਚ ਇਕਾਈ ਦੇ ਬਰਾਬਰ ਜਾਂ ਇਕਾਈ ਦੇ ਨੇੜੇ ਹੁੰਦੀ ਹੈ।

2. **ਸਥਾਨਾਪੰਨ ਵਸਤੂਆਂ ਦੀ ਉਪਲੱਬਧਤਾ** (Availability of Substitutes)- ਜਿਨ੍ਹਾਂ ਵਸਤੂਆਂ ਦੇ ਜਿੰਨੇ ਜ਼ਿਆਦਾ ਸਥਾਨਾਪੰਨ ਉਪਲੱਬਧ ਹੋਣਗੇ, ਉਨ੍ਹਾਂ ਦੀ ਮੰਗ ਦੀ ਲੋਚ ਵੀ ਉਂਨੀ ਹੀ ਜ਼ਿਆਦਾ ਹੋਵੇਗੀ। ਜਿਨ੍ਹਾਂ ਵਸਤੂਆਂ ਦੇ ਸਥਾਨਾਪੰਨ ਜਿਵੇਂ ਚਾਹ ਦਾ ਸਥਾਨਾਪੰਨ ਕੌਫੀ, ਪੈਨ ਦਾ ਸਥਾਨਾਪੰਨ ਬਾਲ ਪੈਨ, ਮਿਲਕਸ਼ੇਕ ਦਾ ਸਥਾਨਾਪੰਨ ਲੱਸੀ, ਸੈਂਡਲਾਂ ਦਾ ਸਥਾਨਾਪੰਨ ਚੱਪਲ ਆਦਿ, ਇਹ ਠੀਕ ਕੀਮਤ 'ਤੇ ਉਪਲੱਬਧ ਹੁੰਦੇ ਹਨ, ਇਸ ਲਈ ਉਨ੍ਹਾਂ ਦੀ ਮੰਗ **ਲੋਚਦਾਰ** ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਜੇਕਰ ਕਿਸੇ ਵਸਤੂ ਦੀ ਕੀਮਤ ਉਸ ਦੇ ਸਥਾਨਾਪੰਨ ਦੀ ਤੁਲਨਾ

ਵਿੱਚ ਘੱਟ ਹੋ ਜਾਂਦੀ ਹੈ ਤਾਂ ਲੋਕ ਉਸ ਵਸਤੂ ਦੀ ਜ਼ਿਆਦਾ ਮਾਤਰਾ ਖਰੀਦਣਗੇ। ਉਦਾਹਰਣ ਤੇ ਤੌਰ 'ਤੇ ਜੇਕਰ ਕੌਫੀ, ਚਾਹ ਦੀ ਤੁਲਨਾ ਵਿੱਚ, ਸਸਤੀ ਹੋ ਜਾਂਦੀ ਹੈ ਤਾਂ ਕੌਫੀ ਦੀ ਮੰਗ ਵਿੱਚ ਕਾਫੀ ਵਾਧਾ ਹੋਵੇਗਾ ਅਤੇ ਚਾਹ ਦੀ ਮੰਗ ਵਿੱਚ ਕਾਫੀ ਕਮੀ ਹੋ ਜਾਵੇਗੀ। ਜਿਨ੍ਹਾਂ ਵਸਤੂਆਂ ਦੇ ਸਥਾਨਾਪੰਨ ਨਹੀਂ ਹਨ ਜਿਵੇਂ ਸਿਗਰੇਟ, ਸ਼ਰਾਬ ਆਦਿ ਇਨ੍ਹਾਂ ਦੀ ਮੰਗ ਬੇਲੋਚਦਾਰ ਹੁੰਦੀ ਹੈ।

ਨੋਟ

3. **ਵੱਖ-ਵੱਖ ਉਪਯੋਗਾਂ ਵਾਲੀਆਂ ਵਸਤੂਆਂ** (Goods with Different Uses)- **ਇਕ ਵਸਤੂ ਦੇ ਜਿੰਨੇ ਜ਼ਿਆਦਾ ਉਪਯੋਗ ਹੁੰਦੇ ਹਨ ਉੱਨੀ ਹੀ ਉਸ ਦੀ ਮੰਗ ਜ਼ਿਆਦਾ ਲੋਚਦਾਰ ਹੁੰਦੀ ਹੈ।** ਉਹ ਵਸਤੂਆਂ ਜਿਨ੍ਹਾਂ ਨੂੰ ਵੱਖ-ਵੱਖ ਉਪਯੋਗਾਂ ਵਿੱਚ ਇਸਤੇਮਾਲ ਕੀਤਾ ਜਾਂਦਾ ਹੈ, ਉਨ੍ਹਾਂ ਦੀ ਮੰਗ **ਲੋਚਦਾਰ ਹੁੰਦੀ ਹੈ।** ਉਦਾਹਰਣ ਦੇ ਤੌਰ 'ਤੇ, ਬਿਜਲੀ ਦੇ ਵੱਖ-ਵੱਖ ਉਪਯੋਗ ਹਨ। ਇਸ ਦਾ ਪ੍ਰਯੋਗ ਬਲਬ, ਹੀਟਰ, ਪ੍ਰੈਸ ਗਰਮ ਕਰਨ ਆਦਿ ਕਈ ਕੰਮਾਂ ਵਿੱਚ ਕੀਤਾ ਜਾਂਦਾ ਹੈ।

ਜੇਕਰ ਬਿਜਲੀ ਦੀ ਕੀਮਤ ਵੱਧ ਜਾਵੇਗੀ ਤਾਂ ਇਸ ਦਾ ਇਸਤੇਮਾਲ ਮਹੱਤਵਪੂਰਨ ਕੰਮਾਂ ਜਿਵੇਂ ਰੋਸ਼ਨੀ ਦੇ ਲਈ ਬਲਬ ਜਗਾਉਣ ਵਿੱਚ ਹੀ ਕੀਤਾ ਜਾਵੇਗਾ। ਇਸ ਤਰ੍ਹਾਂ ਕੀਮਤ ਵਿੱਚ ਹੋਣ ਵਾਲੇ ਵਾਧੇ ਦੀ ਤੁਲਨਾ ਵਿੱਚ ਬਿਜਲੀ ਦੀ ਮੰਗ ਵਿੱਚ ਜ਼ਿਆਦਾ ਕਮੀ ਹੋਵੇਗੀ।

4. **ਮੰਗ ਦਾ ਰੱਦ ਹੋਣਾ** (Postponement of Demand)- **ਜਿਨ੍ਹਾਂ ਵਸਤੂਆਂ ਦੀ ਮੰਗ ਨੂੰ ਭਵਿੱਖ ਦੇ ਲਈ ਰੱਦ ਕੀਤਾ ਜਾ ਸਕਦਾ ਹੈ ਉਨ੍ਹਾਂ ਦੀ ਮੰਗ ਲੋਚਦਾਰ** (Elastic) **ਹੁੰਦੀ ਹੈ।** ਉਦਾਹਰਣ ਦੇ ਤੌਰ 'ਤੇ ਜੇਕਰ ਮਕਾਨ ਬਣਾਉਣ ਦੀ ਮੰਗ ਨੂੰ ਭਵਿੱਖ ਦੇ ਲਈ ਰੱਦ ਕੀਤਾ ਜਾ ਸਕਦਾ ਹੈ ਤਾਂ ਮਕਾਨ ਦੀ ਸਮੱਗਰੀ ਜਿਵੇਂ ਇੱਟਾਂ, ਰੇਤਾ, ਸੀਮੈਂਟ, ਚੂਨਾ ਆਦਿ ਦੀ ਮੰਗ **ਲੋਚਦਾਰ** ਹੋਵੇਗੀ। ਇਸ ਦੇ ਉਲਟ ਜਿਨ੍ਹਾਂ ਵਸਤੂਆਂ ਦੀ ਮੰਗ ਨੂੰ ਭਵਿੱਖ ਦੇ ਲਈ ਰੱਦ ਨਹੀਂ ਕੀਤਾ ਜਾ ਸਕਦਾ, ਜਿਵੇਂ ਭੁੱਖ ਲੱਗਣ 'ਤੇ ਭੋਜਨ ਅਤੇ ਪਿਆਸ ਲੱਗਣ 'ਤੇ ਪੀਣ ਵਾਲੇ ਪਦਾਰਥ, ਤਾਂ ਇਨ੍ਹਾਂ ਦੀ ਮੰਗ **ਬੇਲੋਚਦਾਰ** (Inelastic) ਹੁੰਦੀ ਹੈ।

5. **ਉਪਭੋਗਤਾ ਦੀ ਆਮਦਨ** (Income of the Consumer)- **ਜਿਨ੍ਹਾਂ ਲੋਕਾਂ ਦੀ ਆਮਦਨ ਬਹੁਤ ਜ਼ਿਆਦਾ ਜਾਂ ਬਹੁਤ ਘੱਟ ਹੁੰਦੀ ਹੈ, ਉਨ੍ਹਾਂ ਦੀ ਮੰਗ ਸਧਾਰਣ ਤੌਰ 'ਤੇ ਬੇਲੋਚਦਾਰ ਹੁੰਦੀ ਹੈ।** ਇਸ ਦਾ ਕਾਰਨ ਇਹ ਹੈ ਕਿ ਕੀਮਤ ਦੇ ਘਟਣ ਜਾਂ ਵਧਣ ਦਾ, ਇਨ੍ਹਾਂ ਲੋਕਾਂ ਵੱਲੋਂ ਕੀਤੀ ਜਾਣ ਵਾਲੀ ਮੰਗ 'ਤੇ ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਪੈਂਦਾ। ਇਸ ਦੇ ਉਲਟ ਮੱਧ ਵਰਗ ਦੇ ਲੋਕਾਂ ਦੀ ਮੰਗ **ਲੋਚਦਾਰ** ਹੁੰਦੀ ਹੈ। ਇਨ੍ਹਾਂ ਲੋਕਾਂ ਵੱਲੋਂ ਮੰਗੀਆਂ ਜਾਣ ਵਾਲੀਆਂ ਵਸਤੂਆਂ ਦੀ ਕੀਮਤ ਵਿੱਚ ਵਾਧਾ ਹੋਣ 'ਤੇ ਉਨ੍ਹਾਂ ਦੀ ਮੰਗ ਵਿੱਚ ਬਦਲੇ 'ਚ ਕਮੀ ਹੋ ਜਾਂਦੀ ਹੈ।

6. **ਉਪਭੋਗਤਾ ਦੀ ਆਦਤ** (Habit of the Consumer)- **ਉਨ੍ਹਾਂ ਵਸਤੂਆਂ ਦੀ ਮੰਗ ਬੇਲੋਚਦਾਰ ਹੁੰਦੀ ਹੈ ਜਿਨ੍ਹਾਂ ਦੇ ਲਈ ਲੋਕਾਂ ਦੀ ਆਦਤ ਬਣ ਜਾਂਦੀ ਹੈ ਜਿਵੇਂ ਸਿਗਰੇਟ, ਕੌਫੀ ਆਦਿ।** ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਵਸਤੂਆਂ ਦੀ ਕੀਮਤ ਵਿੱਚ ਵਾਧਾ ਹੋਣ 'ਤੇ ਵੀ ਉਪਭੋਗਤਾਵਾਂ ਦੀ ਮੰਗ ਵਿੱਚ ਕਮੀ ਨਹੀਂ ਆਉਂਦੀ।

7. **ਕਿਸੇ ਵਸਤੂ 'ਤੇ ਖਰਚ ਕੀਤੀ ਜਾਣ ਵਾਲੀ ਆਮਦਨ ਦਾ ਅਨੁਪਾਤ** (Proportion of Income Spent on a Commodity)- **ਆਮਦਨ ਦਾ ਜਿੰਨਾ ਜ਼ਿਆਦਾ ਅਨੁਪਾਤ ਕਿਸੇ ਵਸਤੂ 'ਤੇ ਖਰਚ ਕੀਤਾ ਜਾਦਾ ਹੈ ਉਨਾ ਹੀ ਉਸ ਵਸਤੂ ਦੇ ਲਈ ਮੰਗ ਜ਼ਿਆਦਾ ਲੋਚਦਾਰ ਹੋਵੇਗੀ।** ਜਿਨ੍ਹਾਂ ਵਸਤੂਆਂ 'ਤੇ ਉਪਭੋਗਤਾ ਆਪਣੀ ਆਮਦਨ ਦਾ ਬਹੁਤ ਘੱਟ ਅਨੁਪਾਤ ਖਰਚ ਕਰਦਾ ਹੈ ਜਿਵੇਂ ਅਖਬਾਰ, ਟੂੱਥਪੇਸਟ, ਬੂਟ ਪਾਲਿਸ਼ ਆਦਿ, ਇਨ੍ਹਾਂ ਦੀ ਮੰਗ **ਬੇਲੋਚਦਾਰ** (Inelastics) ਹੁੰਦੀ ਹੈ। ਇਨ੍ਹਾਂ ਵਸਤੂਆਂ ਦੀਆਂ ਕੀਮਤਾਂ 'ਤੇ ਇਨ੍ਹਾਂ ਦੀ ਮੰਗ ਵਿੱਚ ਕਮੀ ਨਹੀਂ ਹੁੰਦੀ। ਇਸ ਦੇ ਉਲਟ ਜਿਨ੍ਹਾਂ ਵਸਤੂਆਂ 'ਤੇ ਉਪਭੋਗਤਾ ਆਪਣੀ ਆਮਦਨ ਦਾ ਕਾਫੀ ਜ਼ਿਆਦਾ ਹਿੱਸਾ ਖਰਚ ਕਰਦਾ ਹੈ ਜਿਵੇਂ ਕੱਪੜੇ, ਵਧੀਆਂ ਭੋਜਨ, ਡੈਰਜਟ ਕੂਲਰ, ਫਲ ਆਦਿ, ਉਨ੍ਹਾਂ ਦੀ ਮੰਗ **ਲੋਚਦਾਰ** ਹੁੰਦੀ ਹੈ। ਇਨ੍ਹਾਂ ਦੀ ਕੀਮਤ ਵਧਣ 'ਤੇ ਇਨ੍ਹਾਂ ਦੀ ਮੰਗ ਘੱਟ ਹੋ ਜਾਂਦੀ ਹੈ ਕਿਉਂਕਿ ਉਪਭੋਗਤਾ ਇਨ੍ਹਾਂ ਦੀ ਸਥਾਨਾਪੰਨ ਵਸਤੂਆਂ ਲੱਭਣ ਲੱਗਦਾ ਹੈ।

8. **ਕੀਮਤ ਪੱਧਰ** (Price Level)- **ਬਹੁਤ ਜ਼ਿਆਦਾ ਕੀਮਤ ਅਤੇ ਬਹੁਤ ਘੱਟ ਕੀਮਤ ਵਾਲੀਆਂ ਵਸਤੂਆਂ ਦੀ ਮੰਗ ਬੇਲੋਚਦਾਰ ਹੁੰਦੀਆਂ ਹਨ।** ਜ਼ਿਆਦਾ ਕੀਮਤ ਵਾਲੀਆਂ ਵਸਤੂਆਂ ਜਿਵੇਂ ਹੀਰੇ, ਜਵਾਹਰਾਤ, ਕੀਮਤੀ ਗਲੀਚੇ ਆਦਿ ਦੀ ਮੰਗ **ਬੇਲੋਚਦਾਰ** ਹੁੰਦੀ ਹੈ। ਇਨ੍ਹਾਂ ਵਸਤੂਆਂ ਦੀਆਂ ਕੀਮਤਾਂ ਵਿੱਚ ਪਰਿਵਰਤਨ ਇਨ੍ਹਾਂ ਦੀ ਮੰਗ ਵਿੱਚ ਬਹੁਤ ਥੋੜ੍ਹਾ ਪਰਿਵਰਤਨ ਲਿਆਉਂਦਾ ਹੈ। ਇਸੇ ਤਰ੍ਹਾਂ ਜਿਨ੍ਹਾਂ ਵਸਤੂਆਂ ਦੀ ਕੀਮਤ ਬਹੁਤ ਘੱਟ ਹੁੰਦੀ ਹੈ ਜਿਵੇਂ ਮਾਚਿਸ, ਪੋਸਟਕਾਰਡ, ਸਸਤੀਆਂ ਸਬਜ਼ੀਆਂ ਆਦਿ ਇਨ੍ਹਾਂ ਦੀ ਮੰਗ ਵੀ **ਲੋਚਦਾਰ** ਹੁੰਦੀ ਹੈ। ਇਨ੍ਹਾਂ ਦੀਆਂ ਕੀਮਤਾਂ ਵਿੱਚ ਪਰਿਵਰਤਨ ਹੋਣ ਦਾ ਇਨ੍ਹਾਂ ਦੀ ਮੰਗ 'ਤੇ ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਪੈਂਦਾ। ਇਸ ਦੇ ਉਲਟ ਜਿਨ੍ਹਾਂ ਵਸਤੂਆਂ ਦੀ **ਕੀਮਤ ਮੱਧਮ ਸ਼੍ਰੇਣੀ** (Medium Priced goods) ਕੀਤੀ ਹੁੰਦੀ ਹੈ, ਭਾਵ ਜੋ ਨਾ ਤਾਂ ਬਹੁਤ ਸਸਤੀ ਅਤੇ ਨਾ ਹੀ ਬਹੁਤ ਮਹਿੰਗੀ ਹੁੰਦੀ ਹੈ, ਉਨ੍ਹਾਂ ਦੀ ਮੰਗ **ਲੋਚਦਾਰ** (Elastic) ਹੁੰਦੀ ਹੈ। ਇਨ੍ਹਾਂ ਵਸਤੂਆਂ ਦੀ ਕੀਮਤ ਘੱਟ ਹੋਣ 'ਤੇ ਇਨ੍ਹਾਂ ਦੀ ਮੰਗ ਵਿੱਚ ਬਦਲੇ 'ਚ ਜ਼ਿਆਦਾ ਵਾਧਾ ਹੁੰਦਾ ਹੈ।

ਨੋਟ

ਪ੍ਰਤੀਸਥਾਪਨ ਵਸਤੂਆਂ ਦੀ ਉਪਲੱਬਧਤਾ ਅਤੇ ਵਸਤੂ ਦੀ ਕੀਮਤ ਪੱਧਰ ਮੰਗ ਦੀ ਲੋਚ ਦੇ ਦੋ ਸਭ ਤੋਂ ਜ਼ਿਆਦਾ ਮਹੱਤਵਪੂਰਨ ਨਿਰਧਾਰਕ ਹਨ।

9. **ਸਮਾਂ** (Time)- **ਘੱਟ ਸਮੇਂ ਦੀ ਤੁਲਨਾ ਵਿੱਚ ਦੀਰਘ ਕਾਲ ਵਿੱਚ ਮੰਗ ਜ਼ਿਆਦਾ ਲੋਚਦਾਰ ਹੁੰਦੀ ਹੇ।** ਸਮੇਂ ਦੀ ਸਮੇਂ ਜਿੰਨੀ ਲੰਬੀ ਹੁੰਦੀ ਹੈ ਉਂਨਾ ਹੀ ਉਪਭੋਗਤਾ ਨੂੰ ਕੋਈ ਕੀਮਤ ਦੇ ਨਾਲ **ਸਮਨਵਯ** (Adjust) ਕਰਨ ਦਾ ਸਮਾਂ ਮਿਲ ਜਾਂਦਾ ਹੈ, ਇਸ ਲਈ ਮੰਗ **ਜ਼ਿਆਦਾ ਲੋਚਦਾਰ** ਹੋ ਜਾਵੇਗੀ। ਜੇਕਰ ਸਮਨਵਯ ਦੇ ਲਈ ਬਹੁਤ ਘੱਟ ਸਮਾਂ ਮਿਲਦਾ ਹੈ ਉਦੋਂ ਮੰਗ **ਲੋਚਦਾਰ** ਹੋਵੇਗੀ ਅਤੇ ਘੱਟ ਸਮੇਂ ਵਿੱਚ ਕਿਸੇ ਵਸਤੂ ਦੀ ਮੰਗ ਬੇਲੋਚਦਾਰ ਅਤੇ ਦੀਰਘ ਕਾਲ ਵਿੱਚ ਲੋਚਦਾਰ ਹੁੰਦੀ ਹੈ।

10. **ਪੂਰਕ ਵਸਤੂਆਂ** (Complementary Goods)- **ਉਹ ਵਸਤੂਆਂ ਜਿਨ੍ਹਾਂ ਦੀ ਸੰਯੁਕਤ ਜਾਂ ਪੂਰਕ ਮੰਗ ਹੁੰਦੀ ਹੈ ਉਨ੍ਹਾਂ ਦੀ ਮੰਗ ਸਾਪੇਖਤਾ ਬੇਲੋਚਦਾਰ ਹੁੰਦੀ ਹੈ** ਜਿਵੇਂ ਕਾਰ ਅਤੇ ਪੈਟਰੋਲ, ਪੈਨ ਅਤੇ ਸਿਆਹੀ, ਕੈਮਰਾ ਅਤੇ ਫਿਲਮ। ਪੈਟਰੋਲ ਦੀ ਕੀਮਤ ਵਧਣ 'ਤੇ ਵੀ ਪੈਟਰੋਲ ਦੀ ਮੰਗ ਵਿੱਚ ਕਮੀ ਹੋਵੇਗੀ, ਜੇਕਰ ਕਾਰਾਂ ਦੀ ਮੰਗ ਵਿੱਚ ਕਮੀ ਨਹੀਂ ਹੁੰਦੀ ਹੈ।

6.16 ਮੰਗ ਦੀ ਆਮਦਨ ਲੋਚ (Income Elasticity of Demand)

ਹੋਰ ਗੱਲਾਂ ਅਤੇ ਵਸਤੂ ਵਿਸ਼ੇਸ਼ ਦੀ ਕੀਮਤ, ਸਬੰਧਿਤ ਵਸਤੂਆਂ ਦੀਆਂ ਕੀਮਤਾਂ ਅਤੇ ਉਪਭੋਗਤਾ ਦੀ ਰੁਚੀ ਆਦਿ ਦੇ ਸਥਿਰ ਰਹਿਣ 'ਤੇ **ਇਕ ਉਪਭੋਗਤਾ ਦੀ ਆਮਦਨ ਵਿੱਚ ਨਿਸ਼ਚਿਤ ਪ੍ਰਤੀਸ਼ਤ ਪਰਿਵਰਤਨ ਹੋਣ ਦੇ ਫਲਸਰੂਪ ਕਿਸੇ ਵਸਤੂ ਵਿਸ਼ੇਸ਼ ਦੀ ਮੰਗ ਵਿੱਚ ਜੋ ਪ੍ਰਤੀਸ਼ਤ ਪਰਿਵਰਤਨ ਆਉਂਦਾ ਹੈ ਉਸ ਦੇ ਅਨੁਪਾਤ ਨੂੰ ਮੰਗ ਦੀ ਆਮਦਨ ਲੋਚ ਕਿਹਾ ਜਾਂਦਾ ਹੈ।**

ਵਾਟਸਨ ਦੇ ਸ਼ਬਦਾਂ ਵਿੱਚ, "**ਮੰਗ ਦੀ ਆਮਦਨ ਲੋਚ ਤੋਂ ਭਾਵ ਆਮਦਨ ਵਿੱਚ ਹੋਣ ਵਾਲੇ ਪ੍ਰਤੀਸ਼ਤ ਪਰਿਵਰਤਨ ਦੇ ਫਲਸਰੂਪ ਮੰਗੀ ਗਈ ਮਾਤਰਾ ਵਿੱਚ ਹੋਣ ਵਾਲੇ ਪ੍ਰਤੀਸ਼ਤ ਪਰਿਵਰਤਨ ਦੇ ਅਨੁਪਾਤ ਤੋਂ ਹੈ।** (Income elasticity of demand means the ratio of the percentage change in quantity demanded to percentage change in income.)

— Watson)

ਰਿਚਰਡ ਜੀ. ਲਿਪਸੀ ਦੇ ਅਨੁਸਾਰ, "**ਆਮਦਨ ਦੇ ਪਰਿਵਰਤਨ ਦੇ ਕਾਰਨ ਮੰਗ ਦੀ ਅਨੁਕਿਰਿਆਸ਼ੀਲਤਾ ਨੂੰ ਮੰਗ ਦੀ ਆਮਦਨ ਲੋਚ ਕਹਿੰਦੇ ਹਨ।**" (The responsiveness of demand to change in income is termed as income elasticity of demand.)

—Richard G. Lipsey)

6.17 ਮੰਗ ਦੀ ਆਮਦਨ ਲੋਚ ਦੀ ਨਾਪ (Measurement of Income Elasticity of Demand)

ਮੰਗ ਦੀ ਆਮਦਨ ਲੋਚ ਨੂੰ ਹੇਠ ਲਿਖੇ ਸੂਤਰ ਦੀ ਸਹਾਇਤਾ ਨਾਲ ਨਾਪਿਆ ਜਾ ਸਕਦਾ ਹੈ–

$$E_y = \frac{\text{ਮੰਗੀ ਗਈ ਮਾਤਰਾ ਵਿੱਚ ਅਨੁਪਾਤਿਕ ਜਾਂ ਪ੍ਰਤੀਸ਼ਤ ਪਰਿਵਰਤਨ}}{\text{ਆਮਦਨ ਵਿੱਚ ਅਨੁਪਾਤਿਕ ਜਾਂ ਪ੍ਰਤੀਸ਼ਤ ਪਰਿਵਰਤਨ}}$$

$$= \left(\frac{\text{Proportionate or Percentage Change in Quantity Demanded}}{\text{Proportionate or Percentage Change in Income}}\right)$$

$$E_y = \frac{\frac{\Delta Q}{Q}}{\frac{\Delta Y}{Y}} = \frac{\Delta Q}{\Delta Y} \times \frac{Y}{Q} = \frac{Y}{Q} \times \frac{\Delta Q}{\Delta Y}$$

ਨੋਟ

$$E_y = \frac{Y}{Q} \times \frac{\Delta Q}{\Delta Y}$$

(ਇੱਥੇ E_y= ਮੰਗ ਦੀ ਆਮਦਨ ਲੋਚ Q= ਅਰੰਭਿਕ ਮੰਗ; Y= ਅਰੰਭਿਕ ਆਮਦਨ; ΔQ= ਮੰਗ ਦੀ ਮਾਤਰਾ ਵਿੱਚ ਪਰਿਵਰਤਨ; ΔY= ਆਮਦਨ ਵਿੱਚ ਪਰਿਵਰਤਨ।)

ਉਦਾਹਰਣ (Illustration)

ਜਦੋਂ ਤੁਹਾਡੀ ਮਹੀਨਾਵਾਰ ਆਮਦਨ (Y) 300 ਰੁਪਏ ਹੈ ਤਾਂ ਤੁਸੀਂ 10 ਆਈਸਕਰੀਮ (Q) ਖਰੀਦਦੇ ਹੋ, ਜੇਕਰ ਤੁਹਾਡੀ ਮਹੀਨਾਵਾਰ ਆਮਦਨ ਵੱਧ ਕੇ (Y_1) 600 ਰੁਪਏ ਹੋ ਜਾਵੇ ਤਾਂ ਤੁਹਾਡੀ ਮੰਗ ਵੱਧ ਕੇ 30 ਆਈਸ ਕਰੀਮ ਹੋ ਜਾਂਦੀ ਹੈ। ਆਈਸ ਕਰੀਮ ਦੀ ਮੰਗ ਦੀ ਆਮਦਨ ਲੋਚ ਪਤਾ ਕਰੋ।

ਹੱਲ (Solution)

ਮੰਗ ਦੀ ਆਮਦਨ ਲੋਚ ਨੂੰ ਹੇਠ ਲਿਖੇ ਸੂਤਰ ਦੀ ਸਹਾਇਤਾ ਨਾਲ ਨਾਪਿਆ ਜਾ ਸਕਦਾ ਹੈ–

$$E_y = \frac{Y}{Q} \times \frac{\Delta Q}{\Delta Y}$$

(**ਇੱਥੇ** Y=300 **ਰੁ**.; Y_1= 600 ਰੁ.; ΔY1-Y=600 **ਰੁ**. – 300 ਰੁ.= 300 ਰੁ.; Q= ਆਈਸ ਕਰੀਮ ਦੀ 10 ਇਕਾਈਆਂ, Q_1= ਆਈਸ ਕਰੀਮ ਦੀਆਂ 30 ਇਕਾਈਆਂ : $\Delta Q=Q_1 - Q$=30 ਇਕਾਈਆਂ–10 ਇਕਾਈਆਂ =ਆਈਸ ਕਰੀਮ ਦੀਆਂ 20 ਇਕਾਈਆਂ।)

$$E_y = \frac{300}{10} \times \frac{20}{300} = 2 \text{ (ਇਕਾਈਆਂ ਤੋਂ ਜ਼ਿਆਦਾ)}$$

6.18 ਮੰਗ ਦੀ ਆਮਦਨ ਲੋਚ ਦੀਆਂ ਸ਼੍ਰੇਣੀਆਂ (Degrees of Income Elasticity of Demand)

ਮੰਗ ਦੀ ਆਮਦਨ ਲੋਚ ਤਿੰਨ ਤਰ੍ਹਾਂ ਦੀ ਹੁੰਦੀ ਹੈ–

1. **ਮੰਗ ਦੀ ਧਨਾਤਮਕ ਆਮਦਨ ਲੋਚ** (Positive Income elasticity of Demand)–**ਕਿਸੇ ਵਸਤੂ ਦੀ ਮੰਗ ਆਮਦਨ ਲੋਚ ਉਸ ਸਥਿਤੀ ਵਿੱਚ ਧਨਾਤਮਕ ਹੁੰਦੀ ਹੈ ਜਦੋਂ ਉਪਭੋਗਤਾ ਦੀ ਆਮਦਨ ਦੇ ਵਧਣ ਨਾਲ ਵਸਤੂ ਦੀ ਮੰਗ ਵੱਧ ਜਾਂਦੀ ਹੈ ਅਤੇ ਆਮਦਨ ਦੇ ਘਟਣ ਨਾਲ ਮੰਗ ਘੱਟ ਹੋ ਜਾਂਦੀ ਹੈ।** ਮੰਗ ਦੀ ਆਮਦਨ ਲੋਚ **ਸਧਾਰਣ ਪਦਾਰਥਾਂ** (Normal Goods) ਦੇ ਲਈ ਧਨਾਤਮਕ ਹੁੰਦੀ ਹੈ। ਇਸ ਦੀ ਵਿਆਖਿਆ ਚਿੱਤਰ 6.23 ਦੀ ਸਹਾਇਤਾ ਨਾਲ ਕੀਤੀ ਜਾ ਸਕਦੀ ਹੈ। ਚਿੱਤਰ 6.23 ਵਿੱਚ OX- ਅਕਸ਼ 'ਤੇ ਵਸਤੂ ਦੀ ਮੰਗੀ ਗਈ ਮਾਤਰਾ ਅਤੇ Oy-ਅਕਸ਼ 'ਤੇ ਉਪਭੋਗਤਾ ਦੀ ਆਮਦਨ ਨੂੰ ਪ੍ਰਗਟ ਕੀਤਾ ਗਿਆ ਹੇ। ਵਕ੍ਰ DYDY ਮੰਗ ਦੀ ਧਨਾਤਮਕ ਆਮਦਨ ਲੋਚ ਨੂੰ ਪ੍ਰਗਟ ਕਰਦਾ ਹੈ। ਇਸ ਵਕ੍ਰ ਦਾ ਢਲਾਣ ਖੱਬੇ ਤੋਂ ਸੱਜੇ ਉਪਰ ਵੱਲ ਉਠ ਰਿਹਾ ਹੈ, ਜੋ ਇਹ ਸੰਕੇਤ ਦਿੰਦਾ ਹੈ ਕਿ ਆਮਦਨ ਦੇ ਵੱਧਣ 'ਤੇ ਮੰਗ ਵੱਧਦੀ ਹੈ ਅਤੇ ਆਮਦਨ ਦੇ ਘੱਟ ਹੋਣ 'ਤੇ ਮੰਗ ਘੱਟ ਹੁੰਦੀ ਹੈ।



ਚਿੱਤਰ 6.23

ਨੋਟ ਮੰਗ ਦੀ ਧਨਾਤਮਕ ਆਮਦਨ ਲੋਚ ਤਿੰਨ ਤਰ੍ਹਾਂ ਦੀ ਹੋ ਸਕਦੀ ਹੈ–

ਸਧਾਰਣ ਵਸਤੂਆਂ ਦੀ ਮੰਗ ਦੀ ਆਮਦਨ ਲੋਚ ਧਨਾਤਮਕ ਹੁੰਦੀ ਹੈ ਜਦੋਂ ਕਿ ਘਟੀਆ ਵਸਤੂਆਂ ਦੀ ਮੰਗ ਦੀ ਆਮਦਨ ਲੋਚ ਰਣਾਤਮਕ ਹੁੰਦੀ ਹੈ।

(i) ਮੰਗ ਦੀ ਇਕਾਈ ਆਮਦਨ ਲੋਚ (Unitary Income Elasticity of Demand): **ਮੰਗ ਦੀ ਧਨਾਤਮਕ ਆਮਦਨ ਲੋਚ ਉਸ ਸਥਿਤੀ ਵਿੱਚ ਇਕਾਈ ਹੁੰਦੀ ਹੈ ਜਦੋਂ ਆਮਦਨ ਵਿੱਚ ਜਿੰਨੇ ਪ੍ਰਤੀਸ਼ਤ ਪਰਿਵਰਤਨ ਹੋਵੇ ਮੰਗ ਦੀ ਮਾਤਰਾ ਵਿੱਚ ਵੀ ਉੰਨੀ ਪ੍ਰਤੀਸ਼ਤ ਹੋਵੇ।** ਮੰਨ ਲਓ ਜੇਕਰ ਆਮਦਨ 100 ਪ੍ਰਤੀਸ਼ਤ ਵੱਧ ਜਾਂਦੀ ਹੈ ਅਤੇ ਮੰਗ ਵੀ 100 ਪ੍ਰਤੀਸ਼ਤ ਵੱਧ ਜਾਵੇ ਤਾਂ

$$E_y = \frac{100\%}{100\%} = 1 \text{ਇਕਾਈਆਂ (Unitary)}$$

(ii) ਮੰਗ ਦੀ ਇਕਾਈ ਤੋਂ ਘੱਟ ਆਮਦਨ ਲੋਚ ਜਾਂ ਆਮਦਨ ਬੇਲੋਚਦਾਰ ਮੰਗ (Less than Unitary Income Elasticity of Demand or Income Inelastic Demand): ਮੰਗ ਦੀ **ਧਨਾਤਮਕ ਆਮਦਨ ਲੋਚ ਇਕਾਈ ਨਾਲੋਂ ਘੱਟ ਉਸ ਸਥਿਤੀ ਵਿੱਚ ਹੁੰਦੀ ਹੈ ਜਦੋਂ ਮੰਗ ਵਿੱਚ ਹੋਣ ਵਾਲਾ ਪ੍ਰਤੀਸ਼ਤ ਪਰਿਵਰਤਨ ਆਮਦਨ ਵਿੱਚ ਹੋਣ ਵਾਲੇ ਪ੍ਰਤੀਸ਼ਤ ਪਰਿਵਰਤਨ ਤੋਂ ਘੱਟ ਹੈ।** ਜੇਕਰ ਆਮਦਨ 100 ਪ੍ਰਤੀਸ਼ਤ ਵੱਧ ਜਾਵੇ ਪਰ ਮੰਗ ਵਿੱਚ ਕੇਵਲ 50 ਪ੍ਰਤੀਸ਼ਤ ਹੀ ਵਾਧਾ ਹੁੰਦਾ ਹੈ ਤਾਂ

$$E_y = \frac{50\%}{100\%} = \frac{1}{2} \text{ ਇਕਾਈ ਤੋਂ ਘੱਟ (Less than Unitary)}$$

(iii) ਮੰਗ ਦੀ ਇਕਾਈ ਨਾਲ ਜ਼ਿਆਦਾ ਆਮਦਨ ਲੋਚ ਜਾਂ ਆਮਦਨ ਲੋਚਦਾਰ ਮੰਗ (More than Unitary Income Elasticity of Demand or Income Elastic Demand): **ਮੰਗ ਦੀ ਧਨਾਤਮਕ ਆਮਦਨ ਲੋਚ ਉਸ ਸਥਿਤੀ ਵਿੱਚ ਇਕਾਈ ਨਾਲ ਜ਼ਿਆਦਾ ਹੁੰਦੀ ਹੈ ਜਦੋਂ ਮੰਗ ਵਿੱਚ ਹੋਣ ਵਾਲੇ ਪ੍ਰਤੀਸ਼ਤ ਪਰਿਵਰਤਨ ਆਮਦਨ ਵਿੱਚ ਹੋਣ ਵਾਲੇ ਪ੍ਰਤੀਸ਼ਤ ਪਰਿਵਰਤਨ ਤੋਂ ਜ਼ਿਆਦਾ ਹੁੰਦੇ ਹਨ।** ਉਦਾਹਰਣ ਦੇ ਲਈ, ਜੇਕਰ ਆਮਦਨ 100 ਪ੍ਰਤੀਸ਼ਤ ਵੱਧ ਜਾਵੇ ਅਤੇ ਮੰਗ 200 ਪ੍ਰਤੀਸ਼ਤ ਵੱਧ ਜਾਵੇ ਤਾਂ

$$E_y = \frac{200\%}{200\%} = 2 \text{ ਇਕਾਈਆਂ ਤੋਂ ਜ਼ਿਆਦਾ (Greater than Unitary)}$$

2. **ਮੰਗ ਦੀ ਰਣਾਤਮਕ ਆਮਦਨ ਲੋਚ** (Negative Income Elasticity of Demand)– **ਮੰਗ ਦੀ ਆਮਦਨ ਲੋਚ ਉਸ ਸਥਿਤੀ ਵਿੱਚ ਰਣਾਤਮਕ ਹੁੰਦੀ ਹੈ ਜਦੋਂ ਉਪਭੋਗਤਾ ਦੀ ਆਮਦਨ ਵਿੱਚ ਵਾਧਾ ਹੋਣ ਨਾਲ ਕਿਸੇ ਵਸਤੂ ਦੀ ਮੰਗ ਵਿੱਚ ਕਮੀ ਹੁੰਦੀ ਹੈ ਅਤੇ ਉਪਭੋਗਤਾ ਦੀ ਆਮਦਨ ਵਿੱਚ ਕਮੀ ਹੋਣ ਨਾਲ ਵਸਤੂ ਦੀ ਮੰਗ ਵਿੱਚ ਵਾਧਾ ਹੁੰਦਾ ਹੈ।** ਮੰਗ ਦੀ ਰਣਾਤਮਕ ਆਮਦਨ ਲੋਚ **ਹੇਠਲੀ ਕੋਟੀ ਦੀਆਂ ਵਸਤੂਆਂ** (Inferior Goods) ਦੀ ਹੁੰਦੀ ਹੈ। ਉਦਾਹਰਣ ਦੇ ਲਈ, ਘਟੀਆ ਅਨਾਜ, ਮੋਟਾ ਕੱਪੜਾ ਆਦਿ ਦੀ ਮੰਗ ਦੀ ਆਮਦਨ ਲੋਚ ਰਣਾਤਮਕ ਹੁੰਦੀ ਹੈ। ਚਿੱਤਰ 6.24 ਵਿੱਚ DYDY ਮੰਗ ਵਕ੍ਰ ਰਣਾਤਮਕ ਆਮਦਨ ਲੋਚ ਨੂੰ ਪ੍ਰਗਟ ਕਰ ਰਿਹਾ ਹੈ। ਇਸ ਦਾ ਢਲਾਣ ਖੱਬੇ ਤੋਂ ਸੱਜੇ ਹੇਠਾਂ ਵੱਲ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਜਦੋਂ ਆਮਦਨ 10 ਰੁਪਏ ਹੈ ਤਾਂ ਵਸਤੂ ਦੀ ਮੰਗ 4 ਰੁਪਏ ਦੀ ਹੈ ਅਤੇ ਜਦੋਂ ਆਮਦਨ ਵੱਧ ਕੇ 20 ਰੁਪਏ ਹੋ ਜਾਂਦੀ ਹੈ ਤਾਂ ਵਸਤੂ ਦੀ ਮੰਗ ਘੱਟ ਹੋ ਕੇ 2 ਇਕਾਈਆਂ ਹੋ ਜਾਂਦੀਆਂ ਹਨ।



ਚਿੱਤਰ 6.24

ਨੋਟ

3. **ਮੰਗ ਦੀ ਜ਼ੀਰੋ ਆਮਦਨ ਲੋਚ** (Zero Income Elasticity of Demand)– **ਕਿਸੇ ਵਸਤੂ ਦੀ ਮੰਗ ਦੀ ਆਮਦਨ ਲੋਚ ਉਸ ਸਮੇਂ ਜ਼ੀਰੋ ਹੁੰਦੀ ਹੇ ਜਦੋਂ ਉਸ ਵਸਤੂ ਦੇ ਖਰੀਦਦਾਰ ਦੀ ਆਮਦਨ ਵਿੱਚ ਪਰਿਵਰਤਨ ਆਉਣ 'ਤੇ ਉਸ ਵਸਤੂ ਦੀ ਮੰਗ ਵਿੱਚ ਕੋਈ ਪਰਿਵਰਤਨ ਨਹੀਂ ਹੁੰਦਾ।** ਇਸ ਚਿੱਤਰ 6.25 ਤੋਂ ਸਪੱਸ਼ਟ ਕੀਤਾ ਗਿਆ ਹੈ। ਚਿੱਤਰ ਵਿੱਚ DYDY ਵਕ੍ਰ ਜ਼ੀਰੋ ਆਮਦਨ ਲੋਚ ਨੂੰ ਪ੍ਰਗਟ ਕਰ ਰਿਹਾ ਹੈ। ਇਹ ਵਕ੍ਰ OY-ਅਕਸ਼ ਦੇ ਸਮਾਂਤਰ ਹੈ, ਇਸ ਤੋਂ ਪ੍ਰਗਟ ਹੁੰਦਾ ਹੈ ਕਿ ਜੇਕਰ ਆਮਦਨ 10 ਰੁਪਏ ਤੋਂ ਵੱਧ ਕੇ 20 ਰੁਪਏ ਹੋ ਜਾਂਦੀ ਹੈ ਤਾਂ ਵੀ ਵਸਤੂ ਦੀ ਮੰਗ 4 ਇਕਾਈਆਂ ਹੀ ਰਹਿੰਦੀਆਂ ਹਨ। ਜ਼ਰੂਰੀ ਜ਼ਰੂਰਤਾਂ ਜਿਵੇਂ, ਮਿੱਟੀ ਦਾ ਤੇਲ, ਨਮਕ ਆਦਿ ਦੀ ਮੰਗ ਦੀ ਆਮਦਨ ਲੋਚ ਜ਼ੀਰੋ ਹੁੰਦੀਆਂ ਹਨ।



ਚਿੱਤਰ 6.25

6.19 ਮੰਗ ਦੀ ਟੇਢੀ ਲੋਚ (Cross Elasticity of Demand)

ਕਿਸੇ ਦੋ ਸਬੰਧਿਤ ਵਸਤੂਆਂ (Related Good) ਦੀ ਮੰਗ ਦੀ ਮਾਤਰਾ ਅਤੇ ਕੀਮਤ ਵਿੱਚ ਹੋਣ ਵਾਲੇ ਪਰਿਵਰਤਨ ਵਿੱਚ ਪ੍ਰਸਪਰ ਸਬੰਧ ਹੁੰਦਾ ਹੈ। ਇਕ ਵਸਤੂ ਦੀ ਕੀਮਤ ਵਿੱਚ ਪਰਿਵਰਤਨ ਦੂਸਰੀ ਵਸਤੂ ਦੀ ਮੰਗ ਦੀ ਮਾਤਰਾ ਵਿੱਚ ਪਰਿਵਰਤਨ ਦਾ ਕਾਰਨ ਬਣ ਸਕਦਾ ਹੈ, ਜਿਵੇਂ–ਚਾਹ ਦੀ ਕੀਮਤ ਵਿੱਚ ਪਰਿਵਰਤਨ ਹੋਣ 'ਤੇ ਕੌਫੀ ਦੀ ਮੰਗ ਵਿੱਚ ਪਰਿਵਰਤਨ ਆ ਜਾਂਦਾ ਹੈ। ਇਕ ਵਸਤੂ ਦੀ ਮੰਗ ਦੀ ਮਾਤਰਾ ਅਤੇ ਦੂਸਰੀ ਵਸਤੂ ਦੀ ਕੀਮਤ ਦਾ ਪਾਰਸਪ੍ਰਿਕ ਸਬੰਧ ਮੰਗ ਦੀ ਟੇਢੀ ਲੋਚ ਨਾਲ ਨਾਪਿਆ ਜਾ ਸਕਦਾ ਹੈ। **ਮੰਗ ਦੀ ਟੇਢੀ ਲੋਚ X-ਵਸਤੂ ਦੀ ਕੀਮਤ ਵਿੱਚ ਅਨੁਪਾਤਿਕ ਪਰਿਵਰਤਨ ਹੋਣ ਦੇ ਫਲਸਰੂਪ ਉਸ ਨਾਲ ਸਬੰਧਿਤ Y-ਵਸਤੂ ਦੀ ਮੰਗ ਵਿੱਚ ਹੋਣ ਵਾਲੇ ਅਨੁਪਾਤਿਕ ਪਰਿਵਰਤਨ ਦੇ ਅਨੁਪਾਤ ਦਾ ਨਾਪ ਹੈ।**

ਫਰਗੁਸਨ ਦੇ ਸ਼ਬਦਾਂ, **''ਮੰਗ ਦੀ ਟੇਢੀ ਲੋਚ ਸਬੰਧਿਤ ਵਸਤੂ-y ਦੀ ਕੀਮਤ ਵਿੱਚ ਹੋਣ ਵਾਲੇ ਅਨੁਪਾਤਿਕ ਪਰਿਵਰਤਨ ਦੇ ਕਾਰਨ X-ਵਸਤੂ ਦੀ ਮੰਗੀ ਗਈ ਮਾਤਰਾ ਵਿੱਚ ਹੋਣ ਵਾਲਾ ਅਨੁਪਾਤਿਕ ਪਰਿਵਰਤਨ ਹੈ।''**(The cross elasticity of demand is the proportional change in the quantity demanded of good-X divided by the proportional change in the price of the related good-Y.)

— Ferguson)।

ਲੀਭਾਫਸਕੀ ਦੇ ਅਨੁਸਾਰ, **''ਮੰਗ ਦੀ ਟੇਢੀ ਲੇਚ Y- ਵਸਤੂ ਦੀ ਕੀਮਤ ਵਿੱਚ ਪਰਿਵਰਤਨ ਹੋਣ ਦੇ ਫਲਸਰੂਪ X-ਵਸਤੂ ਦੀ ਖਰੀਦੀ ਜਾਣ ਵਾਲੀ ਮਾਤਰਾ ਦੀ ਅਨੁਕਿਰਿਆਸ਼ੀਲਤਾ ਦਾ ਨਾਪ ਹੈ।''** (The Cross elasticity of demand is a measure of the responsiveness of purchases of good-X to change in the price of good-Y.)

— Leibhafasky)

ਨੋਟ

6.20 ਮੰਗ ਦੀ ਟੇਢੀ ਲੋਚ ਦਾ ਨਾਪ (Measurement of Cross Elasticity of Demand)

ਮੰਗ ਦੀ ਟੇਢੀ ਲੋਚ ਨੂੰ ਹੇਠ ਲਿਖੇ ਸੂਤਰ ਨਾਲ ਨਾਪਿਆ ਜਾਂਦਾ ਹੈ–

$$E_c = \frac{\text{X– ਵਸਤੂ ਦੀ ਮੰਗੀ ਗਈ ਮਾਤਰਾ ਵਿੱਚ ਅਨੁਪਾਤਿਕ ਜਾਂ ਪ੍ਰਤੀਸ਼ਤ ਪਰਿਵਰਤਨ}}{\text{X– ਵਸਤੂ ਦੀ ਕੀਮਤ ਵਿੱਚ ਅਨੁਪਾਤਿਕ ਜਾਂ ਪ੍ਰਤੀਸ਼ਤ ਪਰਿਵਰਤਨ}}$$

$$= \frac{\text{X–ਵਸਤੂ ਦੀ ਮੰਗੀ ਗਈ ਮਾਤਰਾ ਵਿੱਚ ਪਰਿਵਰਤਨ}}{\text{Y– ਵਸਤੂ ਦੀ ਅਰੰਭਿਕ ਮਾਤਰਾ}} \times 100$$

$$= \frac{\Delta Q_x}{Q_x} = \frac{\Delta Q_x}{Q_x} = \frac{P_y}{\Delta P_y}$$

$$E_c = \frac{P_y}{Q_x} \times \frac{\Delta Q_x}{\Delta P_y}$$

(ਇੱਥੇ E_c = ਮੰਗ ਦੀ ਟੇਢੀ ਲੋਚ, P_y =Y–ਵਸਤੂ ਦੀ ਅਰੰਭਿਕ ਕੀਮਤ, ΔP_y = Y–ਵਸਤੂ ਦੀ ਕੀਮਤ ਵਿੱਚ ਪਰਿਵਰਤਨ; Q_x = X ਵਸਤੂ ਦੀ ਅਰੰਭਿਕ ਮਾਤਰਾ, ΔQ_x = X ਵਸਤੂ ਦੀ ਮੰਗੀ ਗਈ ਮਾਤਰਾ ਵਿੱਚ ਪਰਿਵਰਤਨ)

6.21 ਮੰਗ ਦੀ ਟੇਢੀ ਲੋਚ ਦੀ ਪ੍ਰਕਿਰਤੀ ਅਤੇ ਸ਼੍ਰੇਣੀਆਂ (Nature and Degrees of Cross Elasticity of Demand)

(i) ਧਨਾਤਮਕ (Positive) : **ਸਥਾਨਾਪੰਨ ਵਸਤੂਆਂ** (Substitutes) ਦੇ ਲਈ ਮੰਗ ਦੀ ਟੇਢੀ ਲੋਚ ਧਨਾਤਮਕ ਹੁੰਦੀ ਹੈ। ਹੋਰ ਸ਼ਬਦਾਂ ਵਿੱਚ, ਜਦੋਂ ਵਸਤੂਆਂ ਇਕ-ਦੂਸਰੇ ਦੀ ਸਥਾਪਨਾਪੰਨ ਹੁੰਦੀਆਂ ਹਨ ਤਾਂ ਅਜਿਹੀ ਸਥਿਤੀ ਵਿੱਚ ਇਕ ਵਸਤੂ ਦੀ ਕੀਮਤ ਵਿੱਚ ਪ੍ਰਤੀਸ਼ਤ ਵਾਧਾ ਹੋਣ 'ਤੇ ਦੂਸਰੀ ਵਸਤੂ ਦੀ ਮੰਗ ਵਿੱਚ ਵੀ ਵਾਧਾ ਹੋਵੇਗਾ। ਉਦਾਹਰਣ ਦੇ ਤੌਰ 'ਤੇ ਕੌਫੀ ਦੀ ਕੀਮਤ ਵਧਣ 'ਤੇ ਚਾਹ ਦੀ ਮੰਗ ਵੱਧ ਜਾਵੇਗੀ, ਕਿਉਂਕਿ ਇਹ ਇਕ ਦੂਸਰੇ ਦੀ ਨਜ਼ਦੀਕ ਸਥਾਨਾਪੰਨ ਹਨ।

ਉਦਾਹਰਣ (Illustration)

ਮੰਨ ਲਓ ਕੌਫੀ ਦੀ ਕੀਮਤ ਜਦੋਂ 50 ਪੈਸੇ ਪ੍ਰਤੀ ਕੱਪ ਹੈ ਤਾਂ ਚਾਹ ਦੀ ਮੰਗ 50 ਕੱਪ ਹੈ। ਜੇਕਰ ਕੌਫੀ ਦੀ ਕੀਮਤ ਵੱਧ ਕੇ 70 ਪੈਸੇ ਪ੍ਰਤੀ ਕੱਪ ਹੋ ਜਾਂਦੀ ਹੈ ਤਾਂ ਚਾਹ ਦੀ ਮੰਗ ਵੱਧ ਕੇ 100 ਕੱਪ ਹੋ ਜਾਂਦੀ ਹੈ ਅਤੇ ਚਾਹ ਦੀ ਮੰਗ ਦੀ ਟੇਢੀ ਲੋਚ ਦਾ ਅੰਦਾਜ਼ਾ ਹੇਠ ਲਿਖੇ ਸੂਤਰ ਦੇ ਅਧਾਰ 'ਤੇ ਲਗਾਇਆ ਜਾ ਸਕਦਾ ਹੈ–

ਨੋਟ

$$E_C = \frac{P_y}{Q_x} \times \frac{\Delta Q_x}{\Delta P_y}$$

Q_x = 50 ਕੱਪ; Q_{x1} = 100 ਕੱਪ; ΔQ_x = 100 ਕੱਪ −50 ਕੱਪ = 50 ਕੱਪ

P_y = 50 ਪੈਸੇ; P_{y1} = 70 ਪੈਸੇ; ΔP_y = 70 ਪੈਸੇ −50 ਪੈਸੇ=20 ਪੈਸੇ

$$E_c = \frac{50}{50} \times \frac{50}{20} = \frac{5}{2} = 2.5 \text{ (Ec>1)}$$



ਚਿੱਤਰ 6.26

ਅਤੇ ਚਾਹ ਦੇ ਲਈ ਮੰਗ ਦੀ ਟੇਢੀ ਲੋਚ ਇਕਾਈ ਤੋਂ ਜ਼ਿਆਦਾ ਜਾਂ ਲੋਚਦਾਰ ਹੈ। ਸਥਾਨਾਪੰਨ ਵਸਤੂਆਂ, ਜਿਵੇਂ ਚਾਹ ਅਤੇ ਕੌਫੀ ਦੇ ਲਈ ਮੰਗ ਦੀ ਟੇਢੀ ਲੋਚ ਨੂੰ ਚਿੱਤਰ 6.26 ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ। ਇਸ ਚਿੱਤਰ ਵਿੱਚ OX- ਅਕਸ਼ 'ਤੇ ਚਾਹ ਦੀ ਮਾਤਰਾ ਅਤੇ OY- ਅਕਸ਼ 'ਤੇ ਕੌਫੀ ਦੀ ਕੀਮਤ ਪ੍ਰਗਟ ਕੀਤੀ ਗਈ ਹੈ। ਜਦੋਂ ਕੌਫੀ ਦੀ ਕੀਮਤ OB ਹੈ ਤਾਂ ਚਾਹ ਦੀ ਮੰਗ OQ ਕੱਪ ਹੈ। ਜਦੋਂ ਕੌਫੀ ਦੀ ਕੀਮਤ ਵੱਧ ਕੇ OA ਹੋ ਜਾਂਦੀ ਹੇ ਤਾਂ ਚਾਹ ਦੀ ਮੰਗ ਵੀ ਵੱਧ ਕੇ OQ_1 ਹੋ ਜਾਵੇਗੀ। DCDC ਵਕ੍ਰ ਕੌਫੀ ਦੀਆਂ ਵੱਖ-ਵੱਖ ਕੀਮਤਾਂ 'ਤੇ ਚਾਹ ਦੀਆਂ ਮੰਗੀਆਂ ਗਈਆਂ ਵੱਖ-ਵੱਖ ਮਾਤਰਾਵਾਂ ਨੂੰ ਪ੍ਰਗਟ ਕਰ ਰਿਹਾ ਹੈ। ਇੱਕੇ ਵਕ੍ਰ ਹੇਠਾਂ ਖੱਬੇ ਤੋਂ ਉਪਰ ਸੱਜੇ ਵੱਲ ਰਿਹਾ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਕੌਫੀ ਦੀ ਕੀਮਤ ਵੱਧਣ 'ਤੇ ਚਾਹ ਦੀ ਮੰਗ ਵਧੇਗੀ ਅਤੇ ਕੌਫੀ ਦੀ ਕੀਮਤ ਘੱਟ ਹੋਣ 'ਤੇ ਚਾਹ ਦੀ ਮੰਗ ਘੱਟ ਹੋਵੇਗੀ।

(ii) ਰਣਾਤਮਕ (Negative) : **ਪੂਰਕ ਵਸਤੂਆਂ** (Complementary Goods) ਦੇ ਲਈ ਮੰਗ ਦੀਆਂ ਟੇਢੀਆਂ ਲੋਚਾਂ ਰਣਾਤਮਕ ਹੁੰਦੀਆਂ ਹਨ। ਜੋ ਵਸਤੂਆਂ ਇਕ ਦੂਸਰੇ ਦੀ **ਪੂਰਕ** (Complementary) ਜਾਂ ਜਿਨ੍ਹਾਂ ਦੀ ਮੰਗ **ਸੰਯੁਕਤ ਮੰਗ** (Joint Demand) ਹੁੰਦੀ ਹੈ, ਇਨ੍ਹਾਂ ਵਿੱਚੋਂ ਕਿਸੇ ਇਕ ਵਸਤੂ ਦੀ ਕੀਮਤ ਵਿੱਚ ਅਨੁਪਾਤਿਕ ਵਾਧਾ ਹੋਣ 'ਤੇ ਦੂਸਰੀ ਵਸਤੂ ਦੀ ਮੰਗ ਵਿੱਚ ਅਨੁਪਾਤਿਕ ਕਮੀ ਹੋ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਮੰਗ ਦੀ ਟੇਢੀ ਲੋਚ ਰਣਾਤਮਕ ਹੁੰਦੀ ਹੈ ਅਤੇ ਇਸ ਸਥਿਤੀ ਵਿੱਚ ਮੰਗ ਦੀ ਟੇਢੀ ਲੋਚ ਦੀ ਸੰਖਿਆ ਤੋਂ ਪਹਿਲਾਂ **ਘਟਾਉਣ ਦਾ ਚਿੰਨ੍ਹ** (Sign of Minus"– ") ਲਗਾਉਂਦੇ ਹਨ।

ਉਦਾਹਰਣ (Illustration)

ਡਬਲਰੋਟੀ ਅਤੇ ਮੱਖਣ ਇਕ ਦੂਸਰੇ ਦੀਆਂ ਪੂਰਕ ਵਸਤੂਆਂ ਹਨ। ਜਦੋਂ ਡਬਲਰੋਟੀ ਦੀ ਕੀਮਤ 80 ਪੈਸੇ ਹੈ ਤਾਂ ਮੱਖਣ ਦੀ ਮੰਗ 10 ਕਿ. ਗ੍ਰਾ. ਹੈ। ਜੇਕਰ ਡਬਲਰੋਟੀ ਦੀ ਕੀਮਤ ਵੱਧ ਕੇ 1 ਰੁ. 20 ਪੈਸੇ ਹੋ ਜਾਂਦੀ ਹੈ ਤਾਂ ਮੱਖਣ ਦੀ ਮੰਗ ਘੱਟ ਹੋ ਕੇ 5 ਕਿ. ਗ੍ਰਾ. ਹੋ ਜਾਂਦੀ ਹੈ। ਮੱਖਣ ਦੀ ਟੇਢੀ ਮੰਗ ਦੀ ਲੋਚ ਪਤਾ ਕਰੋ।

ਨੋਟ ਮੱਖਣ ਦੀ ਮੰਗ ਦੀ ਟੇਢੀ ਲੋਚ ਦਾ ਅੰਦਾਜ਼ਾ ਹੇਠ ਲਿਖੇ ਤਰ੍ਹਾਂ ਨਾਲ ਲਗਾਇਆ ਜਾ ਸਕਦਾ ਹੈ–

$$E_c = \frac{P_y}{Q_x} \times \frac{\Delta Q_x}{\Delta P_y}$$

P_y = 80 ਪੈਸੇ; Py_1 = 120 ਪੈਸੇ,

ΔP_y = 120 ਪੈਸੇ – 80 ਪੈਸੇ = 40 ਪੈਸੇ

Q_x = 10 ਕਿ. ਗ੍ਰਾਮ., Qx_1 = 5 ਕਿ. ਗ੍ਰਾਮ,

ΔQ_x = 5 ਕਿ. ਗ੍ਰਾਮ – 10 ਕਿ. ਗ੍ਰਾਮ = –5 ਕਿ. ਗ੍ਰਾਮ

$$E_c = \frac{80}{10} \times \frac{-5}{40} = -1$$

(ਇੱਥੇ x ਦਾ ਪ੍ਰਯੋਗ ਮੱਖਣ ਦੇ ਲਈ ਅਤੇ y ਦਾ ਪ੍ਰਯੋਗ ਡਬਲਰੋਟੀ ਦੇ ਲਈ ਕੀਤਾ ਗਿਆ ਹੈ)

ਰਣਾਤਮਕ ਮੰਗ ਦੀ ਟੇਢੀ ਲੋਚ ਨੂੰ ਹੇਠ ਲਿਖੇ ਚਿੱਤਰ 6.27 ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ। ਚਿੱਤਰ ਵਿੱਚ OX - ਅਕਸ਼ 'ਤੇ ਮੱਖਣ ਦੀ ਮਾਤਰਾ ਅਤੇ OY- ਅਕਸ਼ 'ਤੇ ਡਬਲਰੋਟੀ ਦੀ ਕੀਮਤ ਪ੍ਰਗਟ ਕੀਤੀ ਗਈ ਹੈ। DCDC ਰੇਖਾ ਮੰਗ ਦੀ ਟੇਢੀ ਲੋਚ ਨੂੰ ਪ੍ਰਗਟ ਕਰ ਰਹੀ ਹੈ। ਇਸ **ਰੇਖਾ ਦਾ ਢਲਾਣ ਖੱਬੇ ਤੋਂ ਸੱਜੇ ਹੇਠਾਂ ਵੱਲ ਹੈ** ਜੋ ਇਹ ਸਿੱਧ ਕਰਦਾ ਹੈ ਕਿ ਡਬਲਰੋਟੀ ਦੀ ਕੀਮਤ ਵਧਣ 'ਤੇ ਮੱਖਣ ਦੀ ਮੰਗ ਘੱਟ ਹੋ ਜਾਵੇਗੀ। ਬਿੰਦੂ E ਅਤੇ E_1 ਤੋਂ ਪਤਾ ਲੱਗਦਾ ਹੈ ਕਿ ਜਦੋਂ ਡਬਲਰੋਟੀ ਦੀ ਕੀਮਤ OP ਹੈ ਤਾਂ ਮੱਖਣ ਦੀ ਮੰਗ OQ ਹੈ ਅਤੇ ਜਦੋਂ ਡਬਲਰੋਟੀ ਦੀ ਕੀਮਤ ਵੱਧ ਕੇ OP_1 ਹੋ ਜਾਂਦੀ ਹੈ ਤਾਂ ਮੱਖਣ ਦੀ ਮੰਗ ਘੱਟ ਹੋ ਕੇ OQ_1 ਹੋ ਜਾਂਦੀ ਹੈ।

(iii) ਮੰਗ ਦੀ ਜ਼ੀਰੋ ਟੇਢੀ ਲੋਚ (Zero Cross Elasticity of Demand): ਮੰਗ ਦੀ ਟੇਢੀ ਲੋਚ ਉਸ ਸਥਿਤੀ ਵਿੱਚ ਜ਼ੀਰੋ ਹੁੰਦੀ ਹੈ ਜਦੋਂ ਦੋ ਵਸਤੂਆਂ ਵਿੱਚ ਪ੍ਰਸਪਰ ਕੋਈ ਸਬੰਧ ਨਾ ਹੋਵੇ। ਉਦਾਹਰਣ ਦੇ ਤੌਰ 'ਤੇ ਕਣਕ ਦੀ ਕੀਮਤ ਵਧਣ ਦਾ ਕਿਤਾਬਾਂ ਦੀ ਮੰਗ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ ਅਤੇ ਇਨ੍ਹਾਂ ਦੀ ਮੰਗ ਦੀ ਟੇਢੀ ਲੋਚ ਜ਼ੀਰੋ ਹੋਵੇਗੀ।



ਚਿੱਤਰ 6.27

ਨੋਟ

ਮੰਗ ਦੀ ਵੱਖ-ਵੱਖ ਲੋਚ -ਇਕ ਦ੍ਰਿਸ਼ਟੀ (Elasticities at a Glance)		
ਪ੍ਰਕਾਰ (Kind)	ਸੰਖਿਆਤਮਕ ਨਾਪ (Numerical Measure)	ਵੇਰਵਾ (Description)
(A) ਮੰਗ ਦੀ ਕੀਮਤ ਲੋਚ (Price Elasticity of Demand)		
(1) ਪੂਰਨ ਤੌਰ 'ਤੇ ਬੇਲੋਚਦਾਰ	ਜ਼ੀਰੋ ($E_d = 0$)	ਕੀਮਤ ਪਰਿਵਰਤਨ ਦੀ ਮਾਤਰਾ ਵਿੱਚ ਕੋਈ ਵੀ ਪਰਿਵਰਤਨ ਨਹੀਂ ਹੁੰਦਾ
(2) ਬੇਲੋਚਦਾਰ ਜਾਂ ਇਕਾਈ ਇਕਾਈ ਤੋਂ ਘੱਟ	ਜ਼ੀਰੋ ਤੋਂ ਜ਼ਿਆਦਾ ਪਰ ਇਕਾਈ ਤੋਂ ਘੱਟ ($0<E_d<1$)	ਮੰਗ ਦੀ ਮਾਤਰਾ ਵਿੱਚ ਅਨੁਪਾਤਿਕ ਪਰਿਵਰਤਨ ਕੀਮਤ ਵਿੱਚ ਅਨੁਪਾਤਿਕ ਪਰਿਵਰਤਨ ਤੋਂ ਘੱਟ
(3) ਇਕਾਈ ਲੋਚ	ਇਕ $E_d = 1$	ਮੰਗ ਦੀ ਮਾਤਰਾ ਵਿੱਚ ਅਨੁਪਾਤਿਕ ਪਰਿਵਰਤਨ ਕੀਮਤ ਵਿੱਚ ਅਨੁਪਾਤਿਕ ਪਰਿਵਰਤਨ ਦੇ ਬਰਾਬਰ
(4) ਲੋਚਦਾਰ ਜਾਂ ਇਕਾਈ ਤੋਂ ਜ਼ਿਆਦਾ	ਇਕ ਤੋਂ ਜ਼ਿਆਦਾ ਪਰ ਅਨੰਤ (Infinity) ਤੋਂ ਘੱਟ ($1<E_d>00$)	ਮੰਗ ਦੀ ਮਾਤਰਾ ਵਿੱਚ ਹੋਣ ਵਾਲਾ ਅਨੁਪਾਤਿਕ ਪਰਿਵਰਤਨ ਕੀਮਤ ਵਿੱਚ ਅਨੁਪਾਤਿਕ ਪਰਿਵਰਤਨ ਵਿੱਚ ਜ਼ਿਆਦਾ
(5) ਪੂਰਨ ਤੌਰ 'ਤੇ	ਅਨੰਤ (Infinity) ($E_d = \infty$)	ਇਕ ਨਿਸ਼ਚਿਤ ਕੀਮਤ 'ਤੇ ਕੋਈ ਵੀ ਮਾਤਰਾ ਖਰੀਦੀ ਜਾਵੇਗੀ ਪਰ ਉਚੀ ਕੀਮਤ 'ਤੇ ਕੁਝ ਵੀ ਨਹੀਂ।
(B) ਮੰਗ ਦੀ ਆਮਦਨ ਲੋਚ (Income Elasticity of Demand)		
(1) ਸਧਾਰਣ ਪਦਾਰਥ (Normal Goods)	ਧਨਾਤਮਕ (Positive)	ਆਮਦਨ ਵਿੱਚ ਵਾਧਾ ਹੋਣ 'ਤੇ ਮੰਗ ਦੀ ਮਾਤਰਾ ਵਿੱਚ ਵਾਧਾ ਹੁੰਦਾ ਹੈ।
(a) ਇਕਾਈ	ਇਕ ($E_y = 1$)	ਮੰਗ ਵਿੱਚ ਪ੍ਰਤੀਸ਼ਤ ਪਰਿਵਰਤਨ ਆਮਦਨ ਦੇ ਪ੍ਰਤੀਸ਼ਤ ਪਰਿਵਰਤਨ ਦੇ ਬਰਾਬਰ।
(b) ਇਕਾਈ ਤੋਂ ਘੱਟ ਜਾਂ ਬੇਲੋਚਦਾਰ	ਇਕ ਤੋਂ ਘੱਟ ($E_y<1$)	ਆਮਦਨ ਵਿੱਚ ਪ੍ਰਤੀਸ਼ਤ ਦੀ ਤੁਲਨਾ ਵਿੱਚ ਮੰਗ ਦੀ ਮਾਤਰਾ ਵਿੱਚ ਪ੍ਰਤੀਸ਼ਤ ਪਰਿਵਰਤਨ ਘੱਟ।
(c) ਇਕਾਈ ਤੋਂ ਜ਼ਿਆਦਾ ਜਾਂ ਲੋਚਦਾਰ	ਇਕ ਤੋਂ ਜ਼ਿਆਦਾ ($E_y< 1$)	ਆਮਦਨ ਵਿੱਚ ਪ੍ਰਤੀਸ਼ਤ ਪਰਿਵਰਤਨ ਦੀ ਤੁਲਨਾ ਵਿੱਚ ਮੰਗ ਦੀ ਮਾਤਰਾ ਵਿੱਚ ਪ੍ਰਤੀਸ਼ਤ ਪਰਿਵਰਤਨ ਜ਼ਿਆਦਾ।
(2) ਹੇਠਲੀ ਕੋਟੀ ਵਸਤੂ (Inferior Good)	ਰਣਾਤਮਕ (Negative)	ਆਮਦਨ ਵਿੱਚ ਵਾਧਾ ਹੋਣ ਨਾਲ ਮੰਗੀ ਗਈ ਮਾਤਰਾ ਘੱਟ ਹੁੰਦੀ ਹੈ।
(C) ਮੰਗ ਦੀ ਟੇਢੀ ਲੋਚ (Cross Elasticity of Demand)		
(1) ਸਥਾਨਾਪੰਨ (Substitutes)	ਧਨਾਤਮਕ (Positive)	ਸਥਾਨਾਪੰਨ ਵਸਤੂ ਦੀ ਕੀਮਤ ਵਿੱਚ ਵਾਧਾ ਹੋਣ ਨਾਲ ਸਬੰਧਿਤ ਵਸਤੂ ਦੀ ਮੰਗੀ ਗਈ ਮਾਤਰਾ ਵਿੱਚ ਵਾਧਾ ਹੁੰਦਾ ਹੈ।
(2) ਪੂਰਕ ਵਸਤੂ (Complementary)	ਰਣਾਤਮਕ (Negative)	ਪੂਰਕ ਵਸਤੂ ਦੀ ਕੀਮਤ ਵਿੱਚ ਵਾਧਾ ਹੋਣ ਨਾਲ ਸਬੰਧਿਤ ਵਸਤੂ ਦੀ ਮੰਗੀ ਗਈ ਮਾਤਰਾ ਵਿੱਚ ਕਮੀ ਆਉਂਦੀ ਹੈ।

ਨੋਟ

6.22 ਮੰਗ ਦੀ ਕੀਮਤ ਲੋਚ ਦਾ ਮਹੱਤਵ
(Importance of Price Elasticity of Demand)

ਮੰਗ ਦੀ ਕੀਮਤ ਲੋਚ ਦਾ ਸਿਧਾਂਤਕ ਅਤੇ ਵਿਵਹਾਰਿਕ ਮਹੱਤਵ ਹੇਠ ਲਿਖਿਆ ਹੈ–

1. **ਏਕਾਧਿਕਾਰ ਦੇ ਅਧੀਨ ਕੀਮਤ ਨਿਰਧਾਰਣ** (Determination of Price Under Monopoly)–ਇਕ ਏਕਾਧਿਕਾਰ ਆਪਣੀ ਵਸਤੂ ਦੀ ਕੀਮਤ ਨਿਰਧਾਰਿਤ ਕਰਦੇ ਸਮੇਂ ਮੰਗ ਦੀ ਲੋਚ ਨੂੰ ਧਿਆਨ ਵਿੱਚ ਰੱਖਦਾ ਹੈ। ਜੇਕਰ

   (i) ਮੰਗ **ਲੋਚਦਾਰ** ਹੈ ਤਾਂ ਏਕਾਧਿਕਾਰ ਉਸ ਵਸਤੂ ਦੀ ਕੀਮਤ ਘੱਟ ਰੱਖੇਗਾ। ਕੀਮਤ ਘੱਟ ਹੋਣ ਨਾਲ ਵਸਤੂ ਦੀ ਵਿਕਰੀ ਜ਼ਿਆਦਾ ਹੋਵੇਗੀ ਅਤੇ ਉਸ ਤੋਂ ਪ੍ਰਾਪਤ ਹੋਣ ਵਾਲੀ **ਕੁਲ ਆਮਦਨ** ਜ਼ਿਆਦਾ ਹੋਵੇਗੀ।

   (ii) ਜੇਕਰ ਮੰਗ **ਬੇਲੋਚਦਾਰ** ਹੈ ਤਾਂ ਏਕਾਧਿਕਾਰੀ ਉਸ ਵਸਤੂ ਦੀ ਕੀਮਤ ਜ਼ਿਆਦਾ ਰੱਖੇਗਾ। ਕੀਮਤ ਦੇ ਜ਼ਿਆਦਾ ਹੋਣ ਨਾਲ ਉਸ ਵਸਤੂ ਦੀ ਵਿਕਰੀ ਤਾਂ ਘੱਟ ਹੋਵੇਗੀ ਪਰ ਉਸ ਤੋਂ ਪ੍ਰਾਪਤ ਹੋਣ ਵਾਲੀ **ਕੁੱਲ ਆਮਦਨ** (Total Revenue) ਵਿੱਚ ਵਾਧਾ ਹੋਵੇਗਾ।

2. **ਕੀਮਤ ਵਿਭੇਦ** (Price Discrimination)– ਏਕਾਧਿਕਾਰੀ ਜਦੋਂ ਕਿਸੇ ਵਸਤੂ ਨੂੰ ਵੱਖ-ਵੱਖ ਖਰੀਦਦਾਰਾਂ ਨੂੰ ਵੱਖ-ਵੱਖ ਕੀਮਤਾਂ 'ਤੇ ਵੇਚਦਾ ਹੈ ਤਾਂ ਇਸ ਸਥਿਤੀ ਨੂੰ ਕੀਮਤ ਵਿਭੇਦ ਕਿਹਾ ਜਾਂਦਾ ਹੈ। ਇਕ ਏਕਾਧਿਕਾਰੀ ਕੀਮਤ ਵਿਭੇਦ ਦੀ ਨੀਤੀ ਨੂੰ ਉਸ ਸਮੇਂ ਅਪਣਾ ਸਕਦਾ ਹੈ ਜਦੋਂ ਕਿਸੇ ਵਸਤੂ ਦੀ ਮੰਗ ਦੀ ਲੋਚ ਵੱਖ-ਵੱਖ ਉਪਯੋਗਾਂ ਦੇ ਲਈ ਜਾਂ ਵੱਖ-ਵੱਖ ਉਪਭੋਗਤਾਵਾਂ ਦੇ ਲਈ ਵੱਖ-ਵੱਖ ਹੁੰਦੀ ਹੈ। ਉਹ ਉਨ੍ਹਾਂ ਉਪਭੋਗਤਾਵਾਂ ਨਾਲ ਵਸਤੂ ਦੀ ਕੀਮਤ ਜ਼ਿਆਦਾ ਲਵੇਗਾ ਜਿਨ੍ਹਾਂ ਦੀ ਉਸ ਵਸਤੂ ਦੇ ਲਈ ਮੰਗ **ਬੇਲੋਚਦਾਰ** ਹੈ ਅਤੇ ਉਨ੍ਹਾਂ ਲੋਕਾਂ ਤੋਂ ਉਸ ਵਸਤੂ ਦੀ ਕੀਮਤ ਘੱਟ ਲਵੇਗਾ ਜਿਨ੍ਹਾਂ ਦੀ ਉਸ ਵਸਤੂ ਦੇ ਲਈ ਮੰਗ **ਲੋਚਦਾਰ** ਹੈ। ਉਦਾਹਰਣ ਦੇ ਤੌਰ 'ਤੇ ਇਕ ਗ੍ਰਹਿਸਥੀ ਦੇ ਲਈ ਬਿਜਲੀ ਦੀ ਮੰਗ ਬੇਲੋਚਦਾਰ ਹੈ, ਇਸ ਲਈ ਬਿਜਲੀ ਕੰਪਨੀਆਂ ਘਰੇਲੂ ਉਪਯੋਗ ਦੇ ਲਈ ਬਿਜਲੀ ਕੀਮਤ ਜ਼ਿਆਦਾ ਲੈਂਦੀਆਂ ਹਨ। ਇਸ ਦੇ ਉਲਟ ਇਕ ਉਦਯੋਗ ਦੇ ਲਈ ਬਿਜਲੀ ਦੀ ਮੰਗ ਲੋਚਦਾਰ ਹੈ, ਜੇਕਰ ਬਿਜਲੀ ਦੀ ਕੀਮਤ ਜ਼ਿਆਦਾ ਹੁੰਦੀ ਹੈ ਤਾਂ ਇਕ ਉਦਯੋਗ ਆਪਣੀ ਮਸ਼ੀਨਾਂ ਨੂੰ ਚਲਾਉਣ ਦੇ ਲਈ ਬਿਜਲੀ ਦੇ ਸਥਾਨ 'ਤੇ ਤੇਲ, ਡੀਜ਼ਲ ਜਾਂ ਕੋਲੇ ਦਾ ਇਸਤੇਮਾਲ ਕਰ ਸਕਦਾ ਹੈ। ਇਸ ਲਈ ਬਿਜਲੀ ਕੰਪਨੀ/ਬੋਰਡ ਵੱਲੋਂ ਉਦਯੋਗਾਂ ਨੂੰ ਦਿੱਤੀ ਜਾਣ ਵਾਲੀ ਬਿਜਲੀ ਦੀ ਕੀਮਤ ਘੱਟ ਲਈ ਜਾਂਦੀ ਹੈ।

3. **ਸੰਯੁਕਤ ਪੂਰਤੀ ਵਾਲੀ ਵਸਤੂ ਦਾ ਕੀਮਤ ਨਿਰਧਾਰਣ** (Price Determination of Joint Supply)–ਸੰਯੁਕਤ ਪੂਰਤੀ ਵਾਲੀਆਂ ਵਸਤੂਆਂ ਉਹ ਵਸਤੂਆਂ ਹਨ ਜਿਨ੍ਹਾਂ ਦਾ ਉਤਪਾਦਨ ਇਕੱਠਾ ਹੁੰਦਾ ਹੈ ਜਿਵੇਂ-ਰੂਈਂ ਅਤੇ ਬਿਨੌਲਾ, ਤੇਲ ਅਤੇ ਖਲ ਆਦਿ। ਇਨ੍ਹਾਂ ਵਸਤੂਆਂ ਦੀ ਕੀਮਤ ਨਿਸ਼ਚਿਤ ਕਰਨ ਵਿੱਚ ਮੰਗ ਦੀ ਲੋਚ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਜੇਕਰ ਰੂਈਂ ਦੀ ਮੰਗ ਬੇਲੋਚਦਾਰ ਹੈ ਅਤੇ ਉਸ ਦੀ ਤੁਲਨਾ ਵਿੱਚ ਬਿਨੌਲਾ ਦੀ ਮੰਗ ਲੋਚਦਾਰ ਹੈ ਤਾਂ ਰੂਈਂ ਦੀ ਕੀਮਤ ਜ਼ਿਆਦਾ ਰੱਖੀ ਜਾਵੇਗੀ ਅਤੇ ਬਿਨੌਲੇ ਦੀ ਕੀਮਤ ਘੱਟ ਰੱਖੀ ਜਾਵੇਗੀ।

4. **ਕਰ ਨੀਤੀ** (Taxation Policy)– ਨਵੇਂ ਕਰ ਲਗਾਉਂਦੇ ਸਮੇਂ ਵਿੱਤ ਮੰਤਰੀ ਨੂੰ ਮੰਗ ਦੀ ਲੋਚ ਨੂੰ ਧਿਆਨ ਵਿੱਚ ਰੱਖਣਾ ਪੈਂਦਾ ਹੈ। (i) ਜਿਨ੍ਹਾਂ ਵਸਤੂਆਂ ਦੀ ਮੰਗ **ਲੋਚਦਾਰ** ਹੈ ਉਨ੍ਹਾਂ 'ਤੇ ਜ਼ਿਆਦਾ ਕਰ ਲਗਾਉਣ ਨਾਲ ਕਰਾਂ ਨਾਲ ਹੋਣ ਵਾਲੀ ਆਮਦਨ ਵਧਣ ਦੀ ਜਗ੍ਹਾ 'ਤੇ ਘੱਟ ਹੋਵੇਗੀ। ਇਸ ਦਾ ਕਾਰਨ ਇਹ ਹੈ ਕਿ ਜ਼ਿਆਦਾ ਕਰ ਲਗਾਉਣ ਨਾਲ ਉਨ੍ਹਾਂ ਦੀ ਕੀਮਤ ਵਿੱਚ ਵਾਧਾ ਹੋਵੇਗਾ, ਕੀਮਤ ਵਿੱਚ ਵਾਧਾ ਹੋਣ ਨਾਲ ਉਨ੍ਹਾਂ ਦੀ ਮੰਗ ਘੱਟ ਹੋ ਜਾਵੇਗੀ।

   (ii) ਜਿਨ੍ਹਾਂ ਵਸਤੂਆਂ ਦੀ ਮੰਗ **ਬੇਲੋਚਦਾਰ** ਹੈ, ਉਨ੍ਹਾਂ 'ਤੇ ਵਿੱਤ ਮੰਤਰੀ ਜ਼ਿਆਦਾ ਕਰ ਲਗਾ ਸਕਦਾ ਹੈ, ਜ਼ਿਆਦਾ ਕਬ ਲਗਾਉਣ ਨਾਲ ਉਨ੍ਹਾਂ ਦੀ ਕੀਮਤ ਤਾਂ ਵਧੇਗੀ ਪਰ ਮੰਗ ਵਿੱਚ ਵਿਸ਼ੇਸ਼ ਕਮੀ ਨਹੀਂ ਆਵੇਗੀ ਅਤੇ ਕਰ ਆਮਦਨ ਜ਼ਿਆਦਾ ਮਾਤਰਾ ਵਿੱਚ ਪ੍ਰਾਪਤ ਹੋ ਸਕੇਗੀ।

5. **ਕਰਾਂ ਦੇ ਭਾਰ ਦੀ ਵੰਡ** (Distribution of Burden of Taxation)– ਮੰਗ ਦੀ ਕੀਮਤ ਲੋਚ ਨਾਲ ਇਹ ਵੀ ਨਿਰਧਾਰਿਤ ਕੀਤਾ ਜਾ ਸਕਦਾ ਹੈ ਕਿ ਅਪ੍ਰਤੱਖ ਕਰਾਂ ਜਿਵੇਂ ਵਿਕਰੀ ਕਰ, ਉਤਪਾਦਨ ਕਰ ਆਦਿ ਦਾ ਉਤਪਾਦਕਾਂ ਅਤੇ ਉਪਭੋਗਤਾਵਾਂ 'ਤੇ ਕਿੰਨਾ-ਕਿੰਨਾ ਭਾਰ ਪਵੇਗਾ। ਜੇਕਰ ਕਿਸੇ ਵਸਤੂ ਦੀ ਮੰਗ **ਬੇਲੋਚਦਾਰ** ਹੈ ਤਾਂ ਅਪ੍ਰਤੱਖ ਕਰਾਂ ਦਾ ਜ਼ਿਆਦਾ ਭਾਰ ਬਦਲੇ 'ਚ ਉਪਭੋਗਤਾ 'ਤੇ ਪਵੇਗਾ। ਇਨ੍ਹਾਂ ਕਰਾਂ ਦੇ ਫਲਸਰੂਪ ਵਸਤੂ ਦੀ ਕੀਮਤ ਵਿੱਚ ਵਾਧਾ ਹੋਵੇਗਾ ਪਰ ਮੰਗ ਵਿੱਚ ਬਹੁਤ ਥੋੜ੍ਹੀ ਕਮੀ ਹੋਵੇਗੀ। ਇਸ ਦੇ ਉਲਟ ਜੇਕਰ ਵਸਤੂ ਦੀ ਮੰਗ **ਲੋਚਦਾਰ** ਹੈ ਤਾਂ ਉਪਭੋਗਤਾਵਾਂ ਨੂੰ ਅਪ੍ਰਤੱਖ ਕਰਾਂ ਦਾ ਭਾਰ ਬਦਲੇ 'ਚ ਘੱਟ ਚੁੱਕਣਾ ਪਵੇਗਾ।

ਨੋਟ

6. **ਅੰਤਰਰਾਸ਼ਟਰੀ ਵਪਾਰ** (International Trade)– ਅੰਤਰਰਾਸ਼ਟਰੀ ਵਪਾਰ ਦੇ ਖੇਤਰ ਵਿੱਚ ਵੀ ਮੰਗ ਦੀ ਲੋਚ ਦੀ ਧਾਰਨਾ ਦਾ ਬਹੁਤ ਜ਼ਿਆਦਾ ਮਹੱਤਵ ਹੈ। ਇਕ ਦੇਸ਼ ਆਪਣੇ ਨਿਰਯਾਤਾਂ ਦੀ ਕੀਮਤ ਵਿੱਚ ਵਾਧਾ ਕਰਕੇ ਉਦੋਂ ਹੀ ਲਾਭ ਪ੍ਰਾਪਤ ਕਰੇਗਾ ਜਦੋਂ ਆਯਾਤ ਕਰਨ ਵਾਲੇ ਦੇਸ਼ਾਂ ਵਿੱਚ ਇਨ੍ਹਾਂ ਨਿਰਯਾਤਕਰਤਾ ਦੇਸ਼ ਇਨ੍ਹਾਂ ਨਿਰਯਾਤ ਵਸਤੂਆਂ ਦੀ ਕੀਮਤ ਘੱਟ ਦੇਵੇਗਾ ਅਤੇ ਆਪਣੇ ਕੁਲ ਨਿਰਯਾਤਾਂ ਨੂੰ ਵਧਾਵੇਗਾ ਅਤੇ ਇਸ ਤਰ੍ਹਾਂ ਨਾਲ ਲਾਭ ਪ੍ਰਾਪਤ ਕਰੇਗਾ। ਇਸੇ ਤਰ੍ਹਾਂ ਦੇਸ਼ ਉਨ੍ਹਾਂ ਵਸਤੂਆਂ ਨੂੰ ਘੱਟ ਕੀਮਤ 'ਤੇ ਆਯਾਤ ਕਰੇਗਾ ਜਿਨ੍ਹਾਂ ਦੀ ਮੰਗ ਉਸ ਦੇ ਲਈ **ਲੋਚਦਾਰ** ਹੈ।

7. **ਗਰੀਬੀ ਦੀ ਵਿਰੋਧਤਾ** (Paradox of Poverty)–ਜਿਨ੍ਹਾਂ ਦਾ ਸਬੰਧ ਖੇਤੀ ਨਾਲ ਹੈ ਉਹ ਚੰਗੀ ਤਰ੍ਹਾ ਜਾਣਦੇ ਹਨ ਕਿ ਕਈ ਖੇਤੀ ਪਦਾਰਥਾਂ ਦੀ ਚੰਗੀ ਫਸਲ ਹੋਣ ਦੇ ਬਾਵਜੂਦ ਵੀ ਮੁਦਰਾ ਦੇ ਰੂਪ ਵਿੱਚ ਉਸ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਬਹੁਤ ਘੱਟ ਹੁੰਦੀ ਹੈ। ਇਸ ਦਾ ਅਰਥ ਇਹ ਹੋਇਆ ਕਿ ਕਿਸੇ ਵਸਤੂ ਉਤਪਾਦਨ ਵਿੱਚ ਵਾਧਾ ਹੋਣ ਨਾਲ ਉਸ ਤੋਂ ਪ੍ਰਾਪਤ ਆਮਦਨ ਵਧਣ ਦੇ ਸਥਾਨ 'ਤੇ ਪਹਿਲਾਂ ਤੋਂ ਘੱਟ ਹੋਈ ਹੈ। ਇਸ ਸੁਭਾਵਿਕ ਸਥਿਤੀ ਨੂੰ **ਗਰੀਬੀ ਦੀ ਵਿਰੋਧਤਾ** ਕਿਹਾ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਜ਼ਿਆਦਾਤਰ ਖੇਤੀ ਪਦਾਰਥਾਂ ਦੀ ਮੰਗ ਬੇਲੋਚਦਾਰ ਹੁੰਦੀ ਹੈ। ਜਦੋਂ ਇਨ੍ਹਾਂ ਵਸਤੂਆਂ ਦੀ ਪੂਰਤੀ ਵਧਣ 'ਤੇ ਉਨ੍ਹਾ ਦੀ ਕੀਮਤ ਵਿੱਚ ਕਮੀ ਹੋ ਜਾਂਦੀ ਹੈ ਹੈ ਉਦੋਂ ਇਨ੍ਹਾਂ ਦੀ ਮੰਗ ਵਿੱਚ ਵਿਸ਼ੇਸ਼ ਵਾਧਾ ਨਹੀਂ ਹੋਣ ਦਿੰਦਾ। ਇਸ ਦੇ ਫਲਸਰੂਪ ਇਨ੍ਹਾਂ ਦੀ ਵਿਕਰੀ ਤੋਂ ਪ੍ਰਾਪਤ ਆਮਦਨ ਘੱਟ ਹੋ ਜਾਂਦੀ ਹੈ।

6.23 ਸਾਰੰਸ਼ (Summary)

- ਮੰਗ ਦੀ ਲੋਚ ਦੀ ਧਾਰਨਾ ਦਾ ਉਤਪਾਦਕਾਂ ਦੇ ਲਈ ਅੱਜ-ਕੱਲ੍ਹ ਬਹੁਤ ਜ਼ਿਆਦਾ ਮਹੱਤਵ ਹੈ। ਆਪਣੀ ਆਮਦਨ ਵਧਣ ਦੇ ਲਈ ਉਨ੍ਹਾਂ ਨੂੰ ਆਪਣੇ ਉਤਪਾਦਨ ਦੀ ਕੀਮਤ ਉਸ ਸਮੇਂ ਘੱਟ ਕਰਨੀ ਚਾਹੀਦੀ ਹੈ ਜਦੋਂ ਉਨ੍ਹਾਂ ਦੇ ਉਤਪਾਦਨ ਦੀ ਮੰਗ ਦੀ ਲੋਚ ਇਕਾਈ ਤੋਂ ਜ਼ਿਆਦਾ ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਕਿਸੇ ਵਸਤੂ ਦੀ ਕੀਮਤ ਘੱਟ ਹੋਣ 'ਤੇ ਉਸ 'ਤੇ ਕੀਤੇ ਜਾਣ ਵਾਲੇ ਕੁਲ ਖਰਚ ਵਿੱਚ ਤਾਂ ਹੀ ਵਾਧਾ ਹੁੰਦਾ ਹੈ ਜਦੋਂ ਉਸ ਦੀ ਮੰਗ ਦੀ ਲੋਚ ਇਕਾਈ ਤੋਂ ਜ਼ਿਆਦਾ ਹੁੰਦੀ ਹੈ। ਮੰਗ ਦੀ ਲੋਚ ਦੇ ਇਕਾਈ ਨਾਲ ਘੱਟ ਹੋਣ ਦੀ ਸਥਿਤੀ ਵਿੱਚ ਉਤਪਾਦਕਾਂ ਨੂੰ ਵਸਤੂ ਦੀ ਕੀਮਤ ਵਿੱਚ ਵਾਧਾ ਕਰਨਾ ਚਾਹੀਦਾ ਹੈ।

6.24 ਸ਼ਬਦਕੋਸ਼ (Keywords)

1. **ਬਾਜ਼ਾਰ ਮੰਗ** (Market Demand)–ਖਰੀਦਦਾਰਾਂ ਦੀ ਕੁੱਲ ਮੰਗ।
2. **ਹੇਠਲੀ ਕੋਟੀ ਦੀਆਂ ਵਸਤੂਆਂ** (Inferior Goods)– ਘਟੀਆ ਵਸਤੂਆਂ।
3. **ਮੰਗ ਦਾ ਵਿਸਥਾਰ** (Extension of Demand)– ਮੰਗ ਜ਼ਿਆਦਾ ਹੋਣਾ।
4. **ਮੰਗ ਦਾ ਸੰਕੁਚਨ** (Contraction of Demand)– ਮੰਗ ਘੱਟ ਹੋਣਾ।

6.25 ਅਭਿਆਸ ਪ੍ਰਸ਼ਨ (Review Questions)

1. ਮੰਗ ਦੀ ਧਾਰਨਾ ਤੋਂ ਕੀ ਭਾਵ ਹੈ? ਸਪੱਸ਼ਟ ਕਰੋ।
2. ਮੰਗ ਦੀ ਕੀਮਤ ਲੋਚ ਤੋਂ ਤੁਸੀਂ ਕੀ ਸਮਝਦੇ ਹੋ?
3. ਬਿੰਦੂ ਲੋਚ ਵਿਧੀ ਕੀ ਹੈ? ਉਦਾਹਰਣ ਸਹਿਤ ਦੱਸੋ।
4. ਮੰਗ ਦੀ ਟੇਢੀ ਲੋਚ ਦੀ ਪ੍ਰਕਿਰਤੀ ਅਤੇ ਸ਼੍ਰੇਣੀਆਂ ਦਾ ਵਰਨਣ ਕਰੋ।

ਉਤਰ : ਸਵੈ ਮੁਲਾਂਕਣ (Answers: Self Assessment)

1. ਕੀਮਤਾਂ	2. ਕੀਮਤ	3. ਪ੍ਰਤੱਖ	4. (ਅ)
5. (ਬ)	6. (ਅ)	7. (ਅ)	8. ਸਹੀ
9. ਸਹੀ	10. ਗਲਤ	11. ਗਲਤ	12. ਸਹੀ।

ਨੋਟ

6.26 ਸਬੰਧਿਤ ਪੁਤਸਕਾਂ (Further Readings)

ਬੁਕਸ

1. ਮਾਈਕ੍ਰੋਇਕਨੋਮਿਕਸ-ਵ੍ਹੈਂਕ ਕਾਵੈਲ, ਆਕਸਫੋਰਡ ਯੂਨੀਵਰਸਿਟੀ ਪ੍ਰੈਸ, 2007।
2. ਮਾਈਕ੍ਰੋਇਕਨੋਮਿਕਸ- ਸਿਪਰਾ ਮੁੱਖ ਉਪਾਧਿਆਇ, ਏਨੀ. ਬੁਕਸ, 2011।
3. ਮਾਈਕ੍ਰੋਇਕਨੋਮਿਕਸ : ਐਨ ਐਡਵਾਂਸਡ ਟ੍ਰੀਟਾਈਜ-ਐਸ. ਪੀ. ਐਸ. ਚੌਹਾਨ, ਪੀ. ਐਚ. ਆਈ. ਲਰਨਿੰਗ।

ਨੋਟ

ਇਕਾਈ–7: ਮੰਗ ਸਿਧਾਂਤ ਵਿੱਚ ਨੂਤਨ ਵਿਕਾਸ (Recent Developments in Demand Theory)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

7.1 ਮੰਗ ਸਿਧਾਂਤ ਦੀ ਵਿਵਹਾਰਿਕ ਧਾਰਨਾ (The Pragmatic Approach to Demand Theory)

7.2 ਰੇਖੀ ਖਰਚ ਸਿਸਟਮ (LES) (The Linear Expenditure System)

7.3 ਪਰੋਕਸ਼ ਉਪਯੋਗਤਾ ਫਲਨ (The Indirect Utility Function)

7.4 ਖਰਚ ਫਲਨ (The Expenditure Function)

7.5 ਲੰਕਾਸਟਰ ਦਾ ਵਿਸ਼ੇਸ਼ਤਾ ਮੰਗ ਸਿਧਾਂਤ (Lancaster's Attributes or Characteristics Demand Theory)

7.6 ਸਾਰਾਂਸ਼ (Summary)

7.7 ਸ਼ਬਦਕੋਸ਼ (Keywords)

7.8 ਅਭਿਆਸ ਪ੍ਰਸ਼ਨ (Review Questions)

7.9 ਸਬੰਧਿਤ ਪੁਸਤਕਾਂ (Further Readings)

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਮੰਗ ਸਿਧਾਂਤ ਦੀ ਵਿਵਹਾਰਿਕਤਾ ਧਾਰਨਾ ਜਾਨਣ ਸਬੰਧੀ।
- ਰੇਖੀ ਖਰਚ ਸਿਸਟਮ ਸਮਝਣ ਸਬੰਧੀ।
- ਖਰਚ ਫਲਨ ਦਾ ਅਧਿਐਨ ਕਰਨ ਸਬੰਧੀ।
- ਲੰਕਾਸਟਰ ਦੀ ਵਿਸ਼ੇਸ਼ਤਾ ਮੰਗ ਸਿਧਾਂਤ ਜਾਨਣ ਲਈ।

ਪ੍ਰਸਤਾਵਨਾ (Introduction)

ਉਪਭੋਗਤਾ ਵਿਵਹਾਰ ਦੇ ਪ੍ਰੰਪਰਾਗਤ ਅਤੇ ਆਧੁਨਿਕ ਸਿਧਾਂਤ ਕ੍ਰਮ ਸੰਖਿਆ ਅਤੇ ਗਣਨ ਸੰਖਿਆ ਉਪਯੋਗਤਾ ਵਿਸ਼ਲੇਸ਼ਣ 'ਤੇ ਅਧਾਰਿਤ ਸਿਧਾਂਤਕ ਆਰਥਿਕ ਵਿਸ਼ਲੇਸ਼ਣ ਦੇ ਅਧਾਰ ਰਹੇ ਹਨ। ਹਾਲ ਹੀ ਦੇ ਸਾਲਾਂ ਵਿੱਚ, ਅਰਥ ਸ਼ਾਸਤਰੀਆਂ ਨੇ ਵਿਵਹਾਰਿਕ ਅਰਥ ਸ਼ਾਸਤਰ ਵਿੱਚ ਉਨ੍ਹਾਂ ਦੀ ਲਾਭਦਾਇਕਤਾ 'ਤੇ ਪ੍ਰਸ਼ਨ ਉਠਾਇਆ ਹੈ ਅਤੇ ਇਸ ਦੇ ਅਨੁਸਾਰ ਮੰਗ ਸਿਧਾਂਤ ਨੂੰ ਜ਼ਿਆਦਾ ਅਸਲੀ ਬਣਾਉਣ ਲਈ ਮਾਡਲਾਂ ਦਾ ਨਿਰਮਾਣ ਅਤੇ ਸਿਧਾਂਤਾਂ ਦਾ ਪ੍ਰਤੀਪਾਦਨ ਕੀਤਾ ਹੈ। ਅਸੀਂ ਇਸ ਅਧਿਆਇ ਵਿੱਚ ਮੰਗ ਸਿਧਾਂਤ ਦੀ ਵਿਵਹਾਰਿਕ ਧਾਰਨਾ, ਜਿਸ ਵਿੱਚ ਸਥਿਰ–ਲੋਚ ਮੰਗ ਫਲਨ, ਗਤਿਆਤਮਕ ਮੰਗ ਫਲਨ ਅਤੇ ਅਨੁਭਵ ਸਿੱਧ ਮੰਗ ਫਲਨ ਸ਼ਾਮਿਲ ਹਨ ਅਤੇ ਰੇਖੀ ਖਰਚ ਪ੍ਰਣਾਲੀ, ਪਰੋਕਸ਼ ਉਪਯੋਗਤਾ ਫਲਨ, ਖਰਚ ਫਲਨ ਅਤੇ ਲੰਕਾਸਟਰ ਦੇ ਵਿਸ਼ੇਸ਼ਤਾ ਸਿਧਾਂਤ ਦੀ ਵਿਵੇਚਨਾ ਕੀਤੀ।

ਨੋਟ

7.1 ਮੰਗ ਸਿਧਾਂਤ ਦੀ ਵਿਵਹਾਰਿਕ ਧਾਰਨਾ (The Pragmatic Approach to Demand Theory)

ਉਪਭੋਗਤਾ ਵਿਵਹਾਰ ਦੇ ਪ੍ਰੰਪਰਾਗਤ ਅਤੇ ਆਧੁਨਿਕ ਸਿਧਾਂਤ ਅਰਥ ਸ਼ਾਸਤਰੀਆਂ ਨੂੰ ਉਨ੍ਹਾਂ ਦੇ ਮਾਡਲਾਂ ਲਈ ਸਿਧਾਂਤਕ ਅਧਾਰ ਪ੍ਰਦਾਨ ਕਰਦੇ ਹਨ ਪਰ ਉਨ੍ਹਾਂ ਦਾ ਅਸਲੀ ਜਗਤ ਦੀਆਂ ਗੁੰਝਲਦਾਰ ਸਮੱਸਿਆਵਾਂ ਲਈ ਪ੍ਰੱਖ ਵਿਵਹਾਰਿਕ ਇਸਤੇਮਾਲ ਨਹੀਂ ਹੈ, ਫਿਰ ਵੀ ਉਹ ਪ੍ਰੱਖ ਤੌਰ 'ਤੇ ਮਾਰਕੀਟ ਅੰਕੜਿਆਂ 'ਤੇ ਅਧਾਰਿਤ ਮੰਗ ਫਲਨ 'ਤੇ ਸੰਖਿਅਕ ਅੰਦਾਜ਼ਿਆਂ ਦਾ ਅਰੰਭਿਕ ਬਿੰਦੂ ਪ੍ਰਦਾਨ ਕਰਦੇ ਹਨ। ਇਸ ਲਈ ਹਾਲ ਹੀ ਵਿੱਚ ਬਹੁਤ ਸਾਰੇ ਅਰਥ ਸ਼ਾਸਤਰੀਆਂ ਨੇ ਸਥਾਨਕ ਅਤੇ ਗਤਿਆਤਮਕ ਦੋਵਾਂ ਦ੍ਰਿਸ਼ਟੀਕੋਣਾਂ ਨਾਲ ਮੰਗ ਫਲਨਾਂ ਦਾ ਅਧਿਐਨ ਕੀਤਾ ਹੈ। ਮੰਗ ਦੇ ਮੂਲ ਨਿਯਮ ਨੂੰ ਸਵੀਕਾਰ ਕਰਦੇ ਹੋਏ ਉਨ੍ਹਾਂ ਨੇ **ਬਹੁਚਰ ਮੰਗ ਫਲਨ** (multivariate demand functions) ਪ੍ਰਤੀਪਾਦਿਤ ਕੀਤਾ ਹੈ। ਇਸ ਵਿੱਚ ਇਕ ਵਸਤੂ ਦੀ ਮੰਗ ਕੇਵਲ ਵਸਤੂ ਦੀ ਕੀਮਤ ਦਾ ਫਲਨ ਨਾ ਹੋ ਕੇ ਬਹੁਤ ਸਾਰੇ ਚਰਾਂ ਦਾ ਫਲਨ ਹੈ। ਇਨ੍ਹਾਂ ਚਰਾਂ ਵਿੱਚ ਹੋਰ ਵਸਤੂਆਂ ਦੀਆਂ ਕੀਮਤਾਂ, ਉਪਭੋਗਤਾਵਾਂ ਦੀ ਆਮਦਨ, ਉਪਭੋਗਤਾਵਾਂ ਦੀਆਂ ਰੁਚੀਆਂ ਆਦਿ ਸ਼ਾਮਿਲ ਹਨ। ਅਜਿਹੇ ਮੰਗ ਫਲਨਾਂ ਦੇ ਮੁੱਖ ਤੌਰ 'ਤੇ ਉਪਭੋਗਤਾਵਾਂ ਦੀ ਮਾਰਕੀਟ ਮੰਗ 'ਤੇ ਕੇਂਦਰਿਤ ਕੀਤਾ ਹੈ ਨਾ ਕਿ ਵਿਅਕਤੀਗਤ ਉਪਭੋਗਤਾ ਦੀ ਮੰਗ 'ਤੇ। ਫਿਰ ਕੁਝ ਮੰਗ ਫਲਨ ਵਸਤੂਆਂ ਦੇ ਵੱਖ-ਵੱਖ ਗਰੁੱਪਾਂ 'ਤੇ ਵਿਚਾਰ ਕਰਦੇ ਹਨ, ਜਿਵੇਂ ਖਾਦ ਵਸਤੂਆਂ ਦੀ ਮੰਗ, ਸੇਵਾਵਾਂ ਦੀ ਮੰਗ ਆਦਿ। ਇਹ **ਮੰਗ ਸਿਧਾਂਤ ਦੀ ਵਿਵਹਾਰਿਕ ਧਾਰਨਾ** ਹੈ। ਅਸੀਂ ਹੇਠਾਂ ਕੁਝ ਅਜਿਹੇ ਮੰਗ ਫਲਨਾਂ ਦਾ ਵਿਸ਼ਲੇਸ਼ਣ ਕਰਦੇ ਹਾਂ।

1. ਸਥਿਰ ਲੋਚ ਦਾ ਮੰਗ ਫਲਨ (The Constant Elasticity of Demand Function)

ਬਹੁਤ ਸਾਰੇ ਸੰਖਿਅਕ ਅਧਿਐਨਾਂ ਵਿੱਚ ਸਥਿਰ ਲੋਚ ਮੰਗ ਫਲਨ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਹ ਮੰਗ ਅਤੇ ਉਸ ਦੇ ਅਜਿਹੇ ਨਿਰਧਾਰਕਾਂ, ਜਿਵੇਂ ਵਸਤੂ ਦੀ ਕੀਮਤ, ਸਬੰਧਿਤ ਵਸਤੂਆਂ ਦੀਆਂ ਕੀਮਤਾਂ, ਉਪਭੋਗਤਾ ਦੀ ਆਮਦਨ ਆਦਿ ਦੇ ਦਰਮਿਆਨ ਸਬੰਧ ਸਬੰਧੀ ਬਹੁਤ ਸਰਲ ਮਾਨਤਾਵਾਂ 'ਤੇ ਅਧਾਰਿਤ ਹੈ। ਇਹ ਮੰਨ ਲਿਆ ਜਾਂਦਾ ਹੈ ਕਿ ਉਪਭੋਗਤਾ ਕਿ ਆਮਦਨ ਅਤੇ ਸਬੰਧਿਤ ਵਸਤੂਆਂ ਦੀਆਂ ਕੀਮਤਾਂ ਸਥਿਰ ਹਨ, ਇਸ ਅਧਾਰ 'ਤੇ ਮੰਗ ਫਲਨ ਵਿੱਚ ਕੀਮਤ-ਮਾਤਰਾ ਸਬੰਧ ਨੂੰ ਅਲੱਗ ਕਰ ਲਿਆ ਜਾਂਦਾ ਹੈ, ਜਿੱਥੋਂ ਤੱਕ ਮੰਗ ਫਲਨ (ਵਕ੍ਰ) ਦੀ ਅਕ੍ਰਿਤੀ ਹੈ, ਵਕ੍ਰ ਨੂੰ ਸੰਖਿਅਕ ਅੰਕੜਿਆਂ ਦੇ ਅਧਾਰ 'ਤੇ ਸਥਿਤ (Fit) ਕੀਤਾ ਜਾਂਦਾ ਹੈ ਪਰ ਵਕ੍ਰ ਇਕ ਧੋਖਾ ਹੈ, ਕਿਉਂਕਿ ਇਹ ਸਹੀ ਨਤੀਜੇ ਨੂੰ ਕਦੇ ਪ੍ਰਗਟ ਨਹੀਂ ਕਰੇਗਾ, ਸਗੋਂ ਉਸ ਦਾ ਸਨਿਕਟ (approximation) ਹੋਵੇਗਾ।

ਸਥਿਰ-ਲੋਚ ਮੰਗ ਫਲਨ ਦਾ ਸਧਾਰਣ ਰੂਪ ਹੈ,

$$Q_x = a.\ P_x^b\ P_o^c\ Y^d\ e^{st}$$

ਜਿੱਥੇ

Q_x = ਵਸਤੂ x ਦੀ ਮੰਗੀ ਗਈ ਮਾਤਰਾ

a = ਸਥਿਰ ਅੰਕ

P_x = x ਦੀ ਕੀਮਤ

b = ਮੰਗ ਦੀ ਕੀਮਤ ਲੋਚ

P_0 = ਹੋਰ ਅਸਬੰਧਿਤ ਵਸਤੂਆਂ ਦੀਆਂ ਕੀਮਤਾਂ

c = ਮੰਗ ਦੀ ਪ੍ਰਤੀ ਲੋਚ (Cross elasticity)

y = ਉਪਭੋਗਤਾ ਆਮਦਨ

d = ਮੰਗ ਦੀ ਆਮਦਨ ਲੋਚ

e = ਸਹਿਜ ਲਘੂ ਗਣਿਕਾਂ (Natural Logarithms) ਦਾ ਅਧਾਰ

f_t = ਰੁਚੀਆਂ ਦੇ ਲਈ ਪ੍ਰਵਿਰਤੀ ਘਟਕ (Trend factor)

ਉਪਰ ਸਮੀਕਰਣ (1) ਵਿੱਚ ਦਿੱਤਾ ਫਲਨ ਮੰਗ ਦਾ ਸਥਿਰ ਲੋਚ ਫਲਨ ਅਖਵਾਉਂਦਾ ਹੈ, ਕਿਉਂਕਿ ਮੰਗ ਦੀਆਂ ਲੋਚਾਂ ਦੇ ਗੁਣਾਂਕ b,c ਅਤੇ d ਸਥਿਰ ਮੰਨ ਲਏ ਗਏ ਹਨ।

ਇਸ ਦਾ ਸਬੂਤ (Its Proof)

ਇਸ ਨੂੰ ਸਿੱਧ ਕਰਨ ਲਈ ਅਸੀਂ ਮਾਤਰਾ ਅਤੇ ਵਸਤੂ X ਦੀ ਕੀਮਤ ਦੇ ਲਘੂ ਗਣਿਕ ਲੈਂਦੇ ਹਾਂ। ਮੰਗ ਫਲਨ ਹੋਰ ਨਿਰਧਾਰਕ ਚਰਾਂ ਨੂੰ ਸਥਿਰ ਮੰਨਦੇ ਹੋਏ।

ਸਥਿਰ ਕੀਮਤ ਲੋਚ ਦੇ ਮੰਗ ਫਲਨ ਦੇ ਲਈ,

ਨੋਟ

$$b = \frac{\Delta Q_x / Q_x}{\Delta P_x / P_x}$$

ਇਕ ਸਥਿਰ ਅੰਕ ਹੈ।

ਇਸ ਵਿਸ਼ੇਸ਼ਤਾ ਦਾ ਇਸਤੇਮਾਲ ਕਰਦੇ ਹੋਏ ਕਿ ਲਘੂ ਗਣਿਕਾਂ ਵਿੱਚ ਹਿਸਾਬੀ ਪਰਿਵਰਤਨ ਚਰ ਵਿੱਚ ਅਨੁਪਾਤਿਕ ਪਰਿਵਰਤਨ ਪ੍ਰਗਟ ਕਰਦੇ ਹਨ, ਅਸੀਂ ਲਿਖ ਸਕਦੇ ਹਾਂ, $\Delta log\ Q_x = b\ log\ P_x$

ਜਿੱਥੇ $\Delta \log Q_x = \Delta Q_x$, ΔQ_x, $\log P_x = \Delta P_x/P_x$, ਅਤੇ b ਮੰਗ ਦੀ ਕੀਮਚ ਲੋਚ ਹੈ,

ਜਿਸ ਤੋਂ $$b = \frac{\Delta Q_x / Q_x}{\Delta P_x / P_x}$$

ਜਿੱਥੇ *b* ਸਥਿਰ ਮੰਨ ਲਈ ਗਈ ਹੈ।

ਸਧਾਰਣੀਕਰਨ ਕਰਦੇ ਹੋਏ ਹੈ, P_x, P_Q ਅਤੇ Y ਦਾ ਸਥਿਰ-ਲੋਚ ਦਾ ਮੰਗ ਫਲਨ ਲਘੂ ਗਣਿਕਾਂ ਦੇ ਰੂਪ ਵਿੱਚ ਇਸ ਤਰ੍ਹਾਂ ਪ੍ਰਗਟ ਕੀਤਾ ਜਾ ਸਕਦਾ ਹੈ,

$$\text{Log } Q_x = \log a + b \log P_x + c \log P_o + d \log Y \quad \ldots (2)$$

ਸਰਲੀਕਰਣ ਲਈ ਸਮੀਕਰਣ (1) ਦੇ [illegible] ਪਦ ਨੂੰ ਨਹੀਂ ਲਿਆ ਗਿਆ ਹੈ।

ਸਧਾਰਣੀਕਰਨ (2) ਨੂੰ ਸਹਿਜ ਇਕਾਈਆਂ ਵਿੱਚ ਤਬਦੀਲ ਕਰਦੇ ਹੋਏ, ਇਹ ਬਣ ਜਾਂਦਾ ਹੈ,

$$Q_x = a\ P_x^b\ P_o^c\ Y^t \quad \ldots (3)$$

ਗ੍ਰਾਫੀ ਪੇਸ਼ ਕਰਨਾ (Graphic Presentation)

ਸਥਿਰ ਲੋਚ ਦੇ ਮੰਗ ਫਲਨ ਨੂੰ ਗ੍ਰਾਫੀ ਰੂਪ ਵਿੱਚ ਚਿੱਤਰ 7.1 ਵਿੱਚ ਪੇਸ਼ ਕੀਤਾ ਗਿਆ ਹੈ, ਜਿਸ ਨੂੰ ਬਿੰਦੂਆਂ ਦੇ ਸਮੂਹ ਨਾਲ ਅੰਕੜਿਆਂ ਦੇ ਉਪਕਲਪਿਤ ਸੈਟ 'ਤੇ ਫਿਟ ਕਰਕੇ ਚਿੱਤਰਿਤ ਕੀਤਾ ਗਿਆ ਹੈ। ਇਸ ਤਰ੍ਹਾਂ D ਵਕ੍ਰ ਮੰਗ ਦੀ ਸਥਿਰ ਕੀਮਤ ਲੋਚ ਦਰਸਾਉਂਦਾ ਹੈ।



ਚਿੱਤਰ 7.1

ਸਧਾਰਣ ਤੌਰ 'ਤੇ ਅਰਥ ਸ਼ਾਸਤਰੀ ਸਮੀਕਰਣ (3) ਦੇ ਮੰਗ ਫਲਨ ਨੂੰ ਜ਼ੀਰੋ ਕੋਟੀ ਦੇ ਇਕ ਸਮਰੂਪ ਫਲਨ ਦੇ ਰੂਪ ਵਿੱਚ ਪ੍ਰਗਟ ਕਰਦੇ ਹਨ। ਅਜਿਹਾ ਮੰਗ ਫਲਨ ਵਿੱਚ ਅਸਲੀ ਆਮਦਨ ਅਤੇ ਸਾਪੇਕਸ਼ ਕੀਮਤਾਂ ਨੂੰ ਮੰਗ ਫਲਨ ਵਿੱਚ ਲੈ ਕੇ ਕੀਤਾ ਜਾਂਦਾ ਹੈ ਅਤੇ

$$Q_x = \left(\frac{P_x}{P}\right)^b \cdot \left(\frac{P_o}{P}\right)^c \cdot \left(\frac{Y}{P}\right)^d \quad \ldots (4)$$

ਇੱਥੇ P ਇਕ ਸਧਾਰਣ ਕੀਮਤ ਸੂਚਕ ਹੈ।

ਨੋਟ

ਨੋਟਸ ਉਪਭੋਗਤਾ ਵਿਵਹਾਰ ਦੇ ਪ੍ਰੰਪਰਾਗਤ ਅਤੇ ਆਧੁਨਿਕ ਸਿਧਾਂਤ ਕ੍ਰਮ ਸੰਖਿਆ ਅਤੇ ਗਣਨਾ ਸੰਖਿਆ ਉਪਯੋਗਤਾ ਵਿਸ਼ਲੇਸ਼ਣ 'ਤੇ ਅਧਾਰਿਤ ਸਿਧਾਂਤਕ ਆਰਥਿਕ ਵਿਸ਼ਲੇਸ਼ਣ ਦਾ ਅਧਾਰ ਰਹੇ ਹਨ।

2. ਗਤਿਆਤਮਕ ਮੰਗ ਫਲਨ (The Dynamic Demand Functions)

ਮੰਗ ਸਿਧਾਂਤ ਵਿੱਚ ਇਕ ਹੋਰ ਨਿਊਨਤਮ ਵਿਕਾਸ ਗਤਿਆਤਮਕ ਮੰਗ ਫਲਨ ਹੈ, ਜਿਨ੍ਹਾਂ ਨੂੰ **ਮੰਗ ਦੇ ਉਲਟ ਪਸ਼ਚਤਾ ਮਾਡਲ** (Distributed lag models of demand) ਕਹਿੰਦੇ ਹਨ।

ਗਤਿਆਤਮਕ ਮਾਡਲ ਫਲਨਾਂ ਵਿੱਚ ਅਲੱਗ ਚਰਾਂ ਦੇ ਰੂਪ ਵਿੱਚ ਆਮਦਨ ਅਤੇ ਮੰਗੀ ਗਈ ਮਾਤਰਾ ਤੋਂ ਬਾਅਦ ਮੁੱਲ ਸ਼ਾਮਿਲ ਹੁੰਦੇ ਹਨ ਜੋ ਇਕ ਵਿਸ਼ੇਸ਼ ਸਮੇਂ ਵਿੱਚ ਮੰਗ ਨੂੰ ਪ੍ਰਭਾਵਿਤ ਕਰਦੇ ਹਨ। ਇਹ ਸਟਾਕ, ਸਮਾਯੋਜਨ, ਨਿਯਮ (Stock adjustment principle) 'ਤੇ ਅਧਾਰਿਤ ਹਨ ਜੋ ਇਹ ਦੱਸਦਾ ਹੈ ਕਿ ਵਰਤਮਾਨ ਮੰਗ ਫੈਸਲੇ ਪਿਛਲੇ ਵਿਵਹਾਰ ਨਾਲ ਪ੍ਰਭਾਵਿਤ ਹੁੰਦੇ ਹਨ। ਇਹ ਮਾਨਤਾ ਹੈ ਕਿ ਵਰਤਮਾਨ ਮੰਗ ਪਿਛਲੀ (Past) ਆਮਦਨ ਅਤੇ ਮੰਗ ਦੇ ਪੱਧਰਾਂ 'ਤੇ ਨਿਰਭਰ ਕਰਦੀ ਹੈ। ਇਕ ਸਥਾਈ ਉਪਭੋਗਤਾ ਵਸਤੂ ਦੇ ਲਈ, ਇਸ ਦੇ ਪਿਛਲੇ ਖਰੀਦਦਾਰ ਇਸ ਵਸਤੂ ਦਾ 'ਸਟਾਕ' ਹੁੰਦੇ ਹਨ ਜੋ ਸਪੱਸ਼ਟ ਤੌਰ 'ਤੇ ਇਸ ਦੇ ਵਰਤਮਾਨ ਅਤੇ ਭਵਿੱਖ ਦੇ ਖਰੀਦਦਾਰਾਂ (ਜਿਵੇਂ ਪੱਖੇ, ਸਲਾਈ ਮਸ਼ੀਨ ਆਦਿ) ਪ੍ਰਭਾਵਿਤ ਕਰਦੇ ਹਨ ਪਰ ਇਕ ਗੈਰ-ਸਥਾਈ ਉਪਭੋਗਤਾ ਵਸਤੂ ਜਿਵੇਂ ਖਾਦ, ਪਾਣੀ, ਸਿਗਰੇਟ ਆਦਿ ਦੇ ਲਈ ਪਿਛਲੇ ਖਰੀਦਦਾਰ ਇਕ 'ਆਦਤ' ਨੂੰ ਪ੍ਰਗਟ ਕਰਦੇ ਹਨ, ਜਿਸ ਨੂੰ ਭੂਤਕਾਲ ਵਿੱਚ ਵਸਤੂ ਦਾ ਖਰੀਦਦਾਰ ਅਤੇ ਉਪਭੋਗ ਕਰਕੇ ਬਣਾਇਆ ਜਾਂਦਾ ਹੈ ਅਤੇ ਜਿਸ ਤੋਂ ਪਿਛਲੇ ਸਮਿਆਂ ਵਿੱਚ ਖਰੀਦਦਾਰਾਂ ਦਾ ਪੱਧਰ ਮੰਗ ਦੇ ਵਰਤਮਾਨ ਅਤੇ ਭਵਿੱਖ ਦੇ ਢਾਂਚਿਆਂ ਨੂੰ ਪ੍ਰਭਾਵਿਤ ਕਰਦਾ ਹੈ, ਫਿਰ ਮੰਗ ਜਾਂ ਆਮਦਨ ਦੇ ਬਹੁਤ ਨਜ਼ਦੀਕ ਭੂਤਕਾਲ ਦੇ ਪੱਧਰਾਂ ਦਾ ਜ਼ਿਆਦਾ ਦੂਰ ਦੇ ਪੱਧਰਾਂ ਦੀ ਤੁਲਨਾ ਵਿੱਚ ਵਰਤਮਾਨ ਉਪਭੋਗ ਢਾਂਚਿਆਂ 'ਤੇ ਜ਼ਿਆਦਾ ਪ੍ਰਭਾਵ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ 5 ਜਾਂ 10 ਸਾਲ ਪਿਛਲੇ ਅਰਜਿਤ ਆਮਦਨ ਦੀ ਤੁਲਨਾ ਵਿੱਚ ਅਸੀਂ ਪਿਛਲੇ ਸਾਲ ਦੀ ਆਪਣੀ ਆਮਦਨ ਨਾਲ ਜ਼ਿਆਦਾ ਪ੍ਰਭਾਵਿਤ ਹੁੰਦੇ ਹਾਂ।

ਮੰਗ ਅਤੇ ਆਮਦਨ ਦੇ ਇਕ ਵੰਡ-ਪਸ਼ਚਤਾ ਮਾਡਲ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਜਾ ਸਕਦਾ ਹੈ,

$$Q_t = f(P_t, P_{t-l}...Q_{t-l} - Q_{1-2}...Y_t, Y_{t-1}...)$$

ਇੱਥੇ

Q_t = ਖਰੀਦੀ ਗਈ ਵਸਤੂ ਦੀ ਵਰਤਮਾਨ ਮਾਤਰਾ।

P_t = ਵਸਤੂ ਦੀ ਵਰਤਮਾਨ ਕੀਮਤ।

P_{t-1} = ਪਿਛਲਾ ਸਮਾਂ 1 ਵਿੱਚ ਕੀਮਤ।

Q_{t-1} ਅਤੇ Q_{t-2} = ਪਿਛਲੇ ਸਮਿਆਂ 1 ਅਤੇ 2 ਵਿੱਚ ਖਰੀਦੀ ਗਈ ਮਾਤਰਾ।

Y_t = ਉਪਭੋਗਤਾ ਦੀ ਵਰਤਮਾਨ ਆਮਦਨ।

Y_{t-1} = ਉਪਭੋਗਤਾ ਦਾ ਪਿਛਲਾ ਸਮਾਂ 1 ਵਿੱਚ ਆਮਦਨ।

ਇਹ ਫਲਮ ਦਰਸਾਉਂਦਾ ਹੈ ਕਿ ਵਰਤਮਾਨ ਮੰਗ ਫੈਸਲੇ ਕੀਮਤ, ਮੰਗ ਅਤੇ ਆਮਦਨ ਦੇ ਪਿਛਲੇ ਪੱਧਰਾਂ ਨਾਲ ਪ੍ਰਭਾਵਿਤ ਹੁੰਦੇ ਹਨ।

(1) **ਟਿਕਾਊ ਉਪਭੋਗਤਾ ਵਸਤੂਆਂ ਲਈ ਮੰਗ ਫਲਨ** (Demand Function for Consumer Durables)- ਉਪਰ ਦਾ ਮੰਗ ਫਲਨ **ਨੇਰਲੋਵ** (Nerlove) **ਦੇ ਸਟਾਕ ਸਮਾਯੋਜਨ ਨਿਯਮ** 'ਤੇ ਅਧਾਰਿਤ ਹੈ ਅਤੇ ਜਦੋਂ ਉਸ ਨੂੰ ਟਿਕਾਊ ਉਪਭੋਗਤਾ ਵਸਤੂਆਂ 'ਤੇ ਲਾਗੂ ਕੀਤਾ ਜਾਂਦਾ ਹੈ ਤਾਂ ਮੰਗ ਫਲਨ ਇਸ ਰੂਪ ਦਾ ਹੁੰਦਾ ਹੈ,

$$Q_t = aY_t + bQ_{t-1}$$

ਜਿੱਥੇ Q_t = ਵਰਤਮਾਨ ਖਰੀਦ Y_t = ਵਰਤਮਾਨ ਆਮਦਨ Q_{t-1} = ਪਿਛਲੇ ਸਮੇਂ ਵਿੱਚ ਖਰੀਦੀ ਗਈ ਮਾਤਰਾ ਅਤੇ *a* ਅਤੇ *b* ਤੇ ਪ੍ਰਾਚਲ (Parameters) ਹਨ।

ਇਹ ਫਲਨ ਹੇਠਲੇ ਤਰੀਕੇ ਨਾਲ ਉਤਪੰਨ ਕੀਤਾ ਜਾਂਦਾ ਹੈ।

ਟਿਕਾਊ ਵਸਤੂਆਂ ਦਾ ਇਕ ਵੰਛਿਤ (ਜਾਂ ਇਛੁੱਕ) ਪੱਧਰ Q_t ਹੈ ਜੋ ਵਰਤਮਾਨ ਆਮਦਨ Y_t ਵੱਲੋਂ ਨਿਰਧਾਰਿਤ ਹੁੰਦਾ ਹੈ।

$$Q_t = cY_t$$ ਨੋਟ

ਜਿੱਥੇ c ਪ੍ਰਾਚਲ ਹੈ।

ਪਰ ਉਪਭੋਗਤਾ ਆਪਣੀ ਸੀਮਿਤ ਆਮਦਨ, ਨਾ ਕਾਫੀ ਬੱਚਤਾਂ, ਸਾਖ ਪ੍ਰਤੀਬੰਧਾਂ ਆਦਿ ਦੇ ਕਾਰਨ ਟਿਕਾਊ ਵਸਤੂਆਂ ਦਾ ਇਛੁੱਕ ਪੱਧਰ ਜਲਦੀ ਖਰੀਦ ਨਹੀਂ ਸਕਦਾ ਹੈ। ਇਸ ਲਈ ਉਪਭੋਗਤਾ ਹਰੇਕ ਸਮੇਂ ਵਿੱਚ ਆਪਣੇ ਇੱਛਤ ਪੱਧਰ ਦਾ ਕੇਵਲ ਇਕ ਅੰਸ਼ ਹੀ ਖਰੀਦਦਾ ਹੈ। ਜੇਕਰ ਪਿਛਲੇ ਸਮੇਂ ਵਿੱਚ ਖਰੀਦੀ ਗਈ ਮਾਤਰਾ ਵਿੱਚ **ਅਸਲੀ ਪਰਿਵਰਤਨ** $Q_t - Q_{t-1}$ ਹੈ, ਤਾਂ ਇਹ ਜ਼ਰੂਰੀ ਪਰਿਵਰਤਨ ਦਾ ਕੇਵਲ ਇਕ ਅੰਸ਼ K ਹੈ, $Q_t - Q_{t-1}$ ਅਤੇ

$$Q_t - Q_{t-1} = k\,(Q_t - Q_{t-1}) \quad \ldots(3)$$

ਇੱਥੇ $Q_t - Q_{t-1}$ ਅਸਲੀ ਪਰਿਵਰਤਨ ਹੈ, $Q_t - Q_{t-1}$ ਜ਼ਰੂਰੀ ਪਰਿਵਰਤਨ ਹੈ ਅਤੇ k ਸਟਾਕ ਸਮਾਯੋਜਨ ਦਾ ਗੁਣਾਂਕ ਹੈ, ਅਤੇ $O<k<1$.

ਸਮੀਕਰਨ (2) ਨੂੰ (3) ਵਿੱਚ ਸਥਾਨਾਪੰਨ ਕਰਨ ਨਾਲ, ਸਾਨੂੰ ਪ੍ਰਾਪਤ ਹੁੰਦਾ ਹੈ

$$Q_t - Q_{t-2} = k\,(c\,Y_t - Q_{t-1})$$

ਪੁਨਰ ਵਿਵਸਥਿਤ ਕਰਨ ਨਾਲ,

$$Q_t = (kc)\,Y_t + (1 - k)\,Q_{t-1})$$

$kc = a$ ਅਤੇ $(1 - k) = b$ ਸੈਟ ਕਰਕੇ, ਅਸੀਂ ਸਮੀਕਰਨ (1) 'ਤੇ ਪਹੁੰਚਦੇ ਹਾਂ

$$Q_t = aY_t + bQ_{t-1}$$

(2) ਗੈਰ-ਟਿਕਾਊ ਉਪਭੋਗਤਾ ਵਸਤੂਆਂ ਦੇ ਲਈ ਮੰਗ ਫਲਨ (Demand Function for Consumer Non-durables)– ਹੋਥੈਕਰ ਅਤੇ ਟੇਰ1 ਨੇ ਨੇਰਲੋਵ ਸਟਾਕ-ਸਮਾਯੋਜਨ ਨਿਯਮ ਦੀ ਜਗ੍ਹਾ 'ਤੇ ਆਦਤ ਨਿਰਮਾਣ ਨਿਯਮ (Habit formation principle) ਸਥਾਨਾਪੰਨ ਕਰਕੇ ਉਸ ਨੂੰ ਗੈਰ-ਟਿਕਾਊ ਉਪਭੋਗਤਾ ਵਸਤੂਆਂ 'ਤੇ ਫੈਲਾਇਆ। ਇਸ ਮੰਗ ਫਲਨ ਵਿੱਚ, ਗੈਰ-ਟਿਕਾਊ ਵਸਤੂਆਂ ਦੇ ਲਈ ਵਰਤਮਾਨ ਮੰਗ, ਹੋਰ ਗੱਲਾਂ ਤੋਂ ਇਲਾਵਾ, ਆਦਤ 'ਤੇ ਅਧਾਰਿਤ ਵਸਤੂਆਂ ਦੀਆਂ ਪਿਛਲੀਆਂ ਕਿਰਿਆਵਾਂ (Q_{t-1}) 'ਤੇ ਨਿਰਭਰ ਕਰਦੀ ਹੈ। ਮੰਗ ਫਲਨ ਇਸ ਰੂਪ ਦਾ ਹੁੰਦਾ ਹੈ।

$$Q_t = a + b_1P_t + b_2\,\Delta P_t + b_3Y_t + b_4\,\Delta Y_t + b_5\,Q_{t-1}$$

ਇੱਥੇ a = ਸਥਿਰ ਅੰਕ, P_t ਵਰਤਮਾਨ ਕੀਮਤ, P_t = ਕੀਮਤ ਵਿੱਚ ਪਰਿਵਰਤਨ, Y_t = ਵਰਤਮਾਨ ਆਮਦਨ, ΔY_t = ਆਮਦਨ ਵਿੱਚ ਪਰਿਵਰਤਨ ਅਤੇ b_1 ਤੋਂ b_5 ਪ੍ਰਚਾਲਿਕ ਗੁਣਾਂਕ (Parametric coefficients) ਗੁਣਾਂਕ ਹਨ।

ਅਸਲ ਵਿੱਚ, ਗੈਰ-ਟਿਕਾਊ ਵਸਤੂਆਂ ਦੇ ਲਈ ਮੰਗ ਫਲਨ ਟਿਕਾਊ ਵਸਤੂਆਂ ਤੋਂ ਪੈਦਾ ਕੀਤੀ ਜਾਂਦੀ ਹੈ, ਜੋ ਕਿਸੇ ਵੀ ਸਮੇਂ ਵਿੱਚ ਵਰਤਮਾਨ ਕੀਮਤ, ਟਿਕਾਊ ਵਸਤੂਆਂ ਦੇ ਸਟਾਕ, ਗੈਰ-ਟਿਕਾਊ ਵਸਤੂਆਂ ਦੇ ਸਟਾਕ ਲਈ ਆਦਤ ਅਤੇ ਵਰਤਮਾਨ ਆਮਦਨ ਪੱਧਰ 'ਤੇ ਨਿਰਭਰ ਕਰਦਾ ਹੈ।

3. ਅਨੁਭਵ ਸਿੱਧ ਮੰਗ ਫਲਨ (Empirical Demand Function)

ਸਧਾਰਣ ਤੌਰ 'ਤੇ ਇਕ ਵਸਤੂ ਦੇ ਲਈ ਮੰਗ ਫਲਨ ਨੂੰ ਇਸ ਤਰ੍ਹਾਂ ਲਿਖਿਆ ਜਾ ਸਕਦਾ ਹੈ।

$$Q = F\,(P, P_c, P_s, Y, T)$$

ਇੱਥੇ Q = ਮੰਗੀ ਗਈ ਵਰਤੂ ਦੀ ਮਾਤਰਾ, P= ਵਸਤੂ ਦੀ ਕੀਮਤ, ਪੂਰਕ ਦੀ ਕੀਮਤ, P_s ਸਥਾਨਾਪੰਨ ਵਸਤੂਆਂ ਦੀ ਕੀਮਤ, Y = ਉਪਭੋਗਤਾ ਦੀ ਆਮਦਨ ਅਤੇ T = ਉਪਭੋਗਤਾ ਦੀਆਂ ਰੁਚੀਆਂ।

ਇਹ ਫਲਨ ਦਰਸਾਉਂਦਾ ਹੈ ਕਿ ਵਸਤੂ ਦੀ ਮੰਗ ਉਸ ਦੀ ਆਪਣੀ ਕੀਮਤ, ਆਪਣੀ ਪੂਰਕ ਅਤੇ ਸਥਾਨਾਪੰਨ ਵਸਤੂਆਂ ਦੀਆਂ ਕੀਮਤਾਂ ਅਤੇ ਉਪਭੋਗਤਾ ਦੀ ਆਮਦਨ ਅਤੇ ਰੁਚੀਆਂ 'ਤੇ ਨਿਰਭਰ ਕਰਦੀ ਹੈ।

ਪਰ ਇਹ ਫਲਨ ਇੰਨਾ ਸਧਾਰਣ ਹੈ ਕਿ ਇਸ ਦਾ ਕੋਈ ਅਨੁਭਵ ਸਿੱਧ ਠੀਕ ਨਹੀਂ ਹੋ ਸਕਦਾ। ਇਹ ਕੇਵਲ ਦੱਸਦਾ ਹੈ ਕਿ ਵਸਤੂ ਦੀ ਮੰਗੀ ਗਈ ਮਾਤਰਾ, ਨਿਰਭਰ ਚਰ Q ਅਤੇ ਸੁਤੰਤਰ ਚਰਾਂ P, P_c, P_s Y ਅਤੇ T ਦੇ ਵਿੱਚ ਸਬੰਧ ਦੇ ਲਈ ਬਿਨਾਂ ਇਕ ਵਿਸ਼ੇਸ਼ ਫਲਨਾਤਮਕ ਰੂਪ ਜਤਾਏ, ਹਰੇਕ ਨਿਰਧਾਰਕ ਦਾ ਫਲਨ ਹੈ। ਇਕ ਅਨੁਭਵੀ ਅਨੁਭਵ ਸਿੱਧ ਮੰਗ ਫਲਨ ਦਾ ਅੰਦਾਜ਼ਾ ਲਗਾਉਣ ਲਈ ਇਹ ਪ੍ਰਗਟ ਕਰਨਾ ਜ਼ਰੂਰੀ ਹੈ ਕਿ ਵਸਤੂ ਦੀ ਮੰਗ 'ਤੇ ਹੋਰ ਵਸਤੂਆਂ ਦੀਆਂ ਕੀਮਤਾਂ ਦਾ ਨਾਪਣ ਯੋਗ ਕੀ ਪ੍ਰਭਾਵ ਹੈ। ਜੇਕਰ ਰੁਚੀਆਂ ਸਮੇਂ ਅਨੁਸਾਰ ਸਥਿਰ ਰਹਿਣ ਤਾਂ ਕੋਈ ਸਮੱਸਿਆ ਪੈਦਾ ਨਹੀਂ ਹੁੰਦਾ ਅਤੇ T ਨੂੰ ਅੰਦਾਜ਼ਨ ਸਮੀਕਰਣ ਤੋਂ ਕੱਢਿਆ ਜਾ

ਨੋਟ

ਸਕਦਾ ਹੈ। ਜੇਕਰ ਰੁਚੀਆਂ ਸਮੇਂ ਅਨੁਸਾਰ (Everting) ਪਰਿਵਰਤਨ ਹੁੰਦੀਆਂ ਹਨ ਤਾਂ ਪਰਵਰਤੀ ਦੇ ਰੂਪ ਵਿੱਚ ਇਕ ਸਮੇਂ ਚਰ ਲੈ ਲਿਆ ਜਾਂਦਾ ਹੈ। ਦੂਸਰਾ ਕੁਝ ਸਮੇਂ ਲਈ ਆਰਥਿਕ ਅਤੇ ਰਾਜਨੀਤਿਕ ਘਟਨਾਵਾਂ ਦੇ ਕਾਰਨ ਰੁਚੀਆਂ ਤਬਦੀਲ ਹੋ ਸਕਦੀਆਂ ਹਨ। ਇਸ ਲਈ ਇਕ ਡੰਮੀ (ਦਿਖਾਵਟੀ) ਚਰ D ਉਸ ਸਮੇਂ ਲਈ ਇਸਤੇਮਾਲ ਕੀਤਾ ਜਾਂਦਾ ਹੈ। ਫਿਰ ਇਕ ਤਰੁਟੀ 'ਤੇ u ਵੀ ਇਕ ਫਲਨ ਵਿੱਚ ਇਸਤੇਮਾਲ ਕੀਤਾ ਜਾਂਦਾ ਹੈ।

ਆਰਥਿਕ ਅੰਕੜਿਆਂ ਦੇ ਸੰਖਿਅਕ ਵਿਸ਼ਲੇਸ਼ਣ ਦੇ ਲਈ ਬਹੁਗੁਣ ਪ੍ਰਤੀਪਗਮਨ (multiple regression) ਵਰਗੀਆਂ ਤਕਨੀਕਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਜੋ ਇਕ ਮੰਗ ਫਲਨ ਦੇ ਗੁਣਾਂਕਾਂ ਦਾ ਅੰਦਾਜ਼ਾ ਲਗਾਉਣ ਲਈ ਮੰਗ ਦਾ ਅਨੁਭਵੀ ਅੰਕੜੇ ਅਤੇ ਉਸ ਦੇ ਨਿਰਧਾਰਕਾਂ ਦਾ ਇਸਤੇਮਾਲ ਕਰਨ ਦੀ ਆਗਿਆ ਦਿੰਦਾ ਹੈ।

ਜੇਕਰ ਵੱਖ-ਵੱਖ ਸੁਤੰਤਰ ਚਰਾਂ ਨੂੰ ਮੰਗੀ ਗਈ ਮਾਤਰਾ ਦੇ ਨਾਲ ਜੋੜਦੇ ਹੋਏ ਗੁਣਾਂਕਾਂ ਦੇ ਅਕਾਰ ਦਾ ਅੰਦਾਜ਼ਾ ਲਗਾਉਣਾ ਹੋਵੇ ਤਾਂ ਇਕ ਵਿਸ਼ੇਸ਼ ਫਲਨ ਰੂਪ ਚੁਣਨ ਦੀ ਜ਼ਰੂਰਤ ਹੁੰਦੀ ਹੈ। ਦੋ ਸਧਾਰਣ ਰੂਪ ਹਨ, ਰੇਖੀ ਮੰਗ ਫਲਨ ਅਤੇ ਘਾਤੀ ਮੰਗ ਫਲਨ।

ਰੇਖੀ ਮੰਗ ਫਲਨ (Linear Demand Function) ਇਸ ਤਰ੍ਹਾਂ ਲਿਖਿਆ ਜਾ ਸਕਦਾ ਹੈ।

$$Q = a + b_t P + b_2 P_c + b_3 P_5 + b_4 Y + b_5 T + b_6 D + u$$

ਜੇਕਰ ਹਰੇਕ ਚਰ ਲਈ ਅੰਕੜੇ ਉਪਲੱਬਧ ਹਨ ਅਤੇ ਬਹੁਗੁਣ ਪ੍ਰਤੀਪਗਮਨ (Multiple regression) ਦੀ ਤਕਨੀਕ ਨੂੰ ਲਾਗੂ ਕਰਨ ਲਈ ਕਾਫੀ ਪ੍ਰੀਖਣ (Observation) ਹਨ ਤਾਂ ਅਵਰੋਧ (Intercept) a ਦੇ ਲਈ ਗੁਣਾਂਕ ਅਤੇ ਮੰਗੀ ਗਈ ਮਾਤਰਾ 'ਤੇ ਹਰੇਕ ਨਿਰਧਾਰਕ (b_t to b_6) ਦੇ ਪ੍ਰਭਾਵ ਨੂੰ ਦਿਖਾਉਂਦੇ ਹੋਏ ਗੁਣਾਂਕਾਂ ਨੂੰ ਅਨੁਮਾਨਿਤ ਕੀਤਾ ਜਾ ਸਕਦਾ ਹੈ। ਜਦੋਂ ਇਕ ਵਾਰ ਅਨੁਮਾਨਿਤ ਕੀਤੇ ਗਏ ਹੋਣ ਤਾਂ ਹਰੇਕ ਨਿਰਧਾਰਕ ਮੁੱਲਾਂ ਦੇ ਕਿਸੇ ਸੈਟ ਲਈ ਮੰਗੀ ਗਈ ਮਾਤਰਾ ਨੂੰ ਹੱਲ ਕਰਨਾ ਸੰਭਵ ਹੈ। ਅਜਿਹਾ ਇਨ੍ਹਾਂ ਮੁੱਲਾਂ ਨੂੰ ਸਮੀਕਰਣ ਵਿੱਚ ਸ਼ਾਮਿਲ ਕਰਕੇ ਕੀਤਾ ਜਾਂਦਾ ਹੈ।

ਘਾਤੀ ਮੰਗ ਫਲਨ (Exponential Demand Function) ਦੇ ਲਈ ਅਨੁਮਾਨਿਤ ਲੋਚਾਂ ਅਤੇ ਆਪਣੀ-ਕੀਮਤ (own-price) ਲੋਚ, ਪ੍ਰਤੀ-ਕੀਮਤ (Cross = price) ਲੋਚਾਂ ਅਤੇ ਲੋਚ, ਅੰਕੜਿਆਂ ਦੇ ਸਾਰੀਆਂ ਰੇਂਜਾਂ 'ਤੇ ਸਥਿਰ ਮੰਨੀਆਂ ਜਾਂਦੀਆਂ ਹਨ। ਇਹ ਵੀ ਮੰਨ ਲਿਆ ਜਾਂਦਾ ਹੈ ਕਿ ਫਲਨ ਵਿੱਚ ਰੁਚੀਆਂ ਸਥਿਰ ਹਨ ਅਤੇ ਤਰੁਟੀਆਂ ਨੂੰ ਕੱਢ ਦਿੱਤਾ ਗਿਆ ਹੈ ਤਾਂ ਕਿ ਸਰਲੀਕਰਣ ਦੇ ਲਈ T_1D ਅਤੇ u ਸਮੀਕਰਣ ਵਿੱਚ ਨਾ ਲਏ ਜਾਣ। ਇਸ ਤਰ੍ਹਾਂ ਰੇਖੀ ਮੰਗ ਫਲਨ ਦਾ ਵਿਕਲਪ ਘਾਤੀ ਮੰਗ ਫਲਨ ਹੈ, ਜਿਸ ਨੂੰ ਇਸ ਤਰ੍ਹਾਂ ਲਿਖਿਆ ਜਾ ਸਕਦਾ ਹੈ।

$$Q = P^a P_c^b P_s^c Y^d$$

ਇਸ ਰੂਪ ਵਿੱਚ a b c ਅਤੇ d ਲੋਚਾਂ ਘਾਤਕ ਹਨ ਅਤੇ ਉਪਰ ਦੇ ਮੰਗ ਫਲਨ ਨੂੰ ਲਘੂ ਗਣਕ (Logarithms) ਲੈ ਕੇ ਇਕ ਰੇਖੀ ਰੂਪ ਵਿੱਚ ਇਸ ਤਰ੍ਹਾਂ ਲਿਖਿਆ ਜਾ ਸਕਦਾ ਹੈ-

$$\log = Q = a \,.\, \log P + b.\ \log.\ P_c + c.\ \log P_s + d.\ \log$$

ਇਸ ਸਮੀਕਰਣ ਦੀ ਮੰਗ ਦੀਆਂ ਵੱਖ-ਵੱਖ ਲੋਚਾਂ ਦੇ ਸਿੱਧ ਅੰਦਾਜ਼ੇ ਦੇ ਕੇ ਬਹੁਗੁਣ ਪ੍ਰਤੀਪਗਮਨ ਦੀਆਂ ਵਿਧੀਆਂ ਦਾ ਇਸਤੇਮਾਲ ਕਰਕੇ ਅਨੁਮਾਨਿਤ ਕੀਤਾ ਜਾ ਸਕਦਾ ਹੈ।

ਸਵੈ-ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)-

1. ਬਹੁਤ ਸਾਰੇ ਸੰਖਿਅਕ ਅਧਿਐਨਾਂ ਵਿੱਚ, ਸਥਿਰ ਲੋਚ ..... ਦਾ ਇਸਤੇਮਾਲ ਕੀਤਾ ਜਾਂਦਾ ਹੈ।
2. ਸੂਚਕ ਅੰਕਾਂ ਦਾ ਨਿਰਮਾਣ ਅਨੇਕਾਂ ..... ਨਾਲ ਸਬੰਧਿਤ ਹੁੰਦਾ ਹੈ।
3. ਮੰਗ ਵਕ੍ਰ ਦਾ ਅੰਦਾਜ਼ਾ ਲਗਾਉਂਦੇ ਸਮੇਂ ..... ਦੀ ਸਮੱਸਿਆ ਪੈਦਾ ਹੋ ਜਾਂਦੀ ਹੈ।

ਅਨੁਭਵੀ ਮੰਗ ਵਕ੍ਰ (Empirical Demand Curve)- ਇਕ ਅਨੁਭਵੀ ਮੰਗ ਵਕ੍ਰ ਨੂੰ ਸਮੇਂ ਅਨੁਸਾਰ ਵੱਖ-ਵੱਖ ਕੀਮਤਾਂ 'ਤੇ ਵਸਤੂ ਦੀ ਮੰਗੀਆਂ ਗਈਆਂ ਮਾਤਰਾਵਾਂ ਦੇ ਪਰਕੇਸ਼ਿਤ (Observed) ਮਾਰਕੀਟ ਅੰਕੜਿਆਂ ਤੋਂ ਉਤਪੰਨ ਜਾਂ ਫਿਟ ਕੀਤਾ ਜਾ ਸਕਦਾ ਹੈ, ਇਹ ਮੰਨਦੇ ਹੋਏ ਕਿ ਪੂਰਕ ਅਤੇ ਸਥਾਨਾਪੰਨ ਵਸਤੂਆਂ ਦੀਆਂ ਕੀਮਤਾਂ ਅਤੇ ਉਪਭੋਗਤਾਵਾਂ ਦੀ ਆਮਦਨ ਅਤੇ ਰੁਚੀਆਂ ਸਥਿਰ ਹਨ।

ਨੋਟ



ਚਿੱਤਰ 7.2

ਇਸ ਨੂੰ ਚਿੱਤਰ 7.2 ਵਿੱਚ DD ਮੰਗ ਵਕ੍ਰ ਦਿਖਾਇਆ ਗਿਆ ਹੈ। ਜੇਕਰ ਪੂਰਕ ਅਤੇ ਸਥਾਨਾਪੰਨ ਵਸਤੂਆਂ ਦੀਆਂ ਕੀਮਤਾਂ ਅਤੇ ਉਪਭੋਗਤਾਵਾਂ ਦੀ ਆਮਦਨ ਅਤੇ ਰੁਚੀਆਂ ਸਮੇਂ ਅਨੁਸਾਰ ਤਬਦੀਲ ਹੁੰਦੇ ਹਨ ਤਾਂ ਅਨੁਭਵੀ ਮੰਗ ਵਕ੍ਰ ਉਪਰ ਜਾਂ ਹੇਠਾਂ ਵੱਲ DD_1 ਜਾਂ D_2 'ਤੇ ਖਿਸਕ ਸਕਦਾ ਹੈ।

ਮੰਗ ਫਲਨਾਂ ਦੀਆਂ ਹੱਦਾਂ (Limitations of Demand Functions)

ਮੰਗ ਸਿਧਾਂਤ ਦੀ ਵਿਵਹਾਰਿਕ ਧਾਰਨਾ ਵਿੱਚ ਉਪਰ ਵਰਨਣ ਕੀਤੇ ਗਏ ਫਲਨਾਂ ਦੇ ਅੰਦਾਜ਼ੇ ਲਗਾਉਣ ਵਿੱਚ ਅਨੇਕਾਂ ਸੈਖਿਅਕ ਸਮੱਸਿਆਵਾਂ ਹਨ।

(1) ਵਸਤੂਆਂ ਅਤੇ ਵਿਅਕਤੀਆਂ ਦੇ ਸਮੂਹ ਦੀ ਸਮੱਸਿਆ ਪੈਦਾ ਹੁੰਦੀ ਹੈ, ਜਿਸ ਨਾਲ ਸੂਚਕ ਅੰਕਾਂ ਦੇ ਇਸਤੇਮਾਲ ਦੀ ਜ਼ਰੂਰਤ ਪੈਂਦੀ ਹੈ ਪਰ ਸੂਚਕ ਅੰਕਾਂ ਦਾ ਨਿਰਮਾਣ ਅਨੇਕਾਂ ਸਮੱਸਿਆਵਾਂ ਨਾਲ ਸਬੰਧਿਤ ਹੁੰਦਾ ਹੈ।

(2) ਮੰਗ ਫਲਨ ਦਾ ਅੰਦਾਜ਼ਾ ਲਗਾਉਂਦੇ ਸਮੇਂ ਵੀ ਸਮੱਸਿਆ ਪੈਦਾ ਹੁੰਦੀ ਹੈ, ਜਦੋਂ ਮੰਗ ਦੇ ਨਿਰਧਾਰਕਾਂ ਵਿੱਚ ਇਕ ਪਰਿਵਰਤਨ ਹੁੰਦਾ ਹੈ। ਇਸ ਤੋਂ ਹਰੇਕ ਨਿਰਧਾਰਕ ਦੇ ਅਲੱਗ ਪ੍ਰਭਾਵ ਦਾ ਮੁਲਾਂਕਣ ਕਰਨ ਵਿੱਚ ਸਮੱਸਿਆ ਪੈਦਾ ਹੁੰਦੀ ਹੈ।

(3) ਮੰਗ ਫਲਨ ਦਾ ਅੰਦਾਜ਼ਾ ਲਗਾਉਣ ਵਿੱਚ ਬਹੁਗੁਣ ਪ੍ਰਤੀਪਗਮਨ ਦੀ ਵਿਧੀ ਅੰਕੜਿਆਂ ਨੂੰ 'ਸ੍ਰੇਸ਼ਠ ਫਿਟ' ਪ੍ਰਦਾਨ ਕਰਦੀ ਹੈ ਪਰ 'ਸ੍ਰੇਸ਼ਠ ਫਿਟ' ਘਟੀਆ ਹੋ ਸਕਦਾ ਹੈ ਅਤੇ ਮੰਗ ਫਲਨ ਵਿੱਚ ਪਰਿਵਰਤਨ ਕੇਵਲ ਇਕ ਬਹੁਤ ਛੋਟੇ ਅਨੁਪਾਤ ਦੀ ਵਿਆਖਿਆ ਕਰ ਸਕਦਾ ਹੈ।

(4) ਮੰਗ ਫਲਨ ਵਿੱਚ ਵਿਅਕਤੀਗਤ ਗੁਣਾਂਕਾਂ ਦੇ ਅਨੁਮਾਨਿਤ ਮੁੱਲ ਕੇਵਲ 'ਚੰਗੇ ਅੰਦਾਜ਼ੇ' ਹਨ, ਜੇਕਰ 'ਤਰੁਟੀ ਦੇ ਬਾਰੇ ਵਿੱਚ ਪ੍ਰਤੀਬੰਧਕ ਮਾਨਤਾਵਾਂ ਦੀ ਸੰਖਿਆ ਜਾਇਜ਼ (Valid) ਹੋਵੇ। ਜੇਕਰ ਅਜਿਹਾ ਨਹੀਂ ਹੈ ਤਾਂ ਸ਼ੁੱਧੀਆਂ ਕਰਨੀਆਂ ਪੈਣਗੀਆਂ ਜੋ ਸੰਤੋਸ਼ਜਨਕ ਹੋਣੀਆਂ ਜ਼ਰੂਰੀ ਨਹੀਂ ਹਨ।

(5) ਮੰਗ ਵਕ੍ਰ ਦਾ ਅੰਦਾਜ਼ਾ ਲਗਾਉਂਦੇ ਸਮੇਂ ਏਕੀਕਰਣ ਦੀ ਸਮੱਸਿਆ ਪੈਦਾ ਹੁੰਦੀ ਹੈ। ਇਕ ਵਸਤੂ ਦੀ ਕੀਮਤ ਅਤੇ ਉਨ੍ਹਾਂ ਦੀ ਮੰਗ ਨਾਲ ਸਬੰਧਿਤ ਪ੍ਰੀਖਣਾਂ ਦੇ ਇਕ ਸੈਟ ਦੇ ਅਧਾਰ 'ਤੇ ਖਿੱਚਿਆ ਗਿਆ ਮੰਗ ਵਕ੍ਰ 'ਸ੍ਰੇਸ਼ਠ ਫਿਟ' ਹੈ। ਇਸ ਦੇ ਬਾਵਜੂਦ ਜੇਕਰ ਪੂਰਤੀ ਵਕ੍ਰ ਸ਼ਿਫਟ ਕਰਦਾ ਹੈ ਤਾਂ ਪੂਰਤੀ ਵਕ੍ਰ ਨਾਲ ਟਰੇਸ ਕੀਤੇ ਗਏ ਬਿੰਦੂ ਮੰਗ ਵਕ੍ਰ ਦਾ ਵੀ ਏਕੀਕਰਣ ਕਰ ਸਕਦੇ ਹਨ। ਏਕੀਕਰਣ ਸਮੱਸਿਆ ਦੇ ਹੱਲ ਲਈ ਮੰਗ ਫਲਨ ਦੇ ਲਈ ਇਕੱਲੇ ਸਮੀਕਰਣ ਦੇ ਮੁਕਾਬਲੇ ਅਨੇਕਾਂ ਯੁਗਪਤ ਸਮੀਕਰਣ ਚਾਹੀਦੇ ਹਨ ਜੋ ਗੁੰਝਲਦਾਰ ਪ੍ਰਕਿਰਿਆ ਹੈ।

ਕੀ ਤੁਸੀਂ ਜਾਣਦੇ ਹੋ	ਇਕ ਵਸਤੂ ਦੀ ਕੀਮਤ ਅਤੇ ਉਸ ਦੀ ਮੰਗ ਨਾਲ ਸਬੰਧਿਤ ਸ਼੍ਰੇਣੀਆਂ ਦੇ ਇਕ ਸੈਟ ਦੇ ਅਧਾਰ 'ਤੇ ਖਿੱਚਿਆ ਗਿਆ ਵਕ੍ਰ 'ਸ੍ਰੇਸ਼ਠ ਫਿੱਟ' ਹੈ।

ਨੋਟ

7.2 ਰੇਖੀ ਖਰਚ ਸਿਸਟਮ (LES) (The Linear Expenditure System)

ਪ੍ਰੋ. ਆਰ. ਸਟੋਨ ਨੇ ਉਪਯੋਗਤਾ ਫਲਨ 'ਤੇ ਅਧਾਰਿਤ ਰੇਖੀ ਖਰਚ ਪ੍ਰਣਾਲੀ ਦਾ ਮਾਡਲ ਪ੍ਰਤੀਪਾਦਿਤ ਕੀਤਾ, ਜਿਸ ਤੋਂ ਇਕ ਬਜਟ ਪ੍ਰਤੀਬੰਧ ਦੇ ਅਧੀਨ ਉਪਯੋਗਤਾ ਫਲਨ ਨੂੰ ਜ਼ਿਆਦਾ ਕਰਕੇ ਮੰਗ ਫਲਨਾਂ ਨੂੰ ਸਧਾਰਣ ਤਰੀਕੇ ਨਾਲ ਉਤਪੰਨ ਕੀਤਾ ਜਾਂਦਾ ਹੈ। ਇਸ ਪਹਿਲੂ ਤੋਂ LES ਦੀ ਧਾਰਨਾ ਉਦਾਸੀਨਤਾ ਵਕ੍ਰ ਦੀ ਧਾਰਨਾ ਦੇ ਬਰਾਬਰ ਹੈ। ਫਿਰ ਵੀ ਇਨ੍ਹਾਂ ਵਿੱਚ ਦੋ ਅੰਤਰ ਹਨ– (1) ਉਦਾਸੀਨਤਾ ਵਕਰ ਵਿਅਕਤੀਗਤ ਵਸਤਾਂ ਵਲੋਂ ਸੰਬੰਧ ਰੱਖਦੇ ਹਨ ਜਦੋਂ ਕਿ LES 'ਵਸਤਾਂ ਦੇ ਗਰੁਪਾਂ' ਵਲੋਂ ਸਬੰਧਤ ਹੈ। (2) ਉਦਾਸੀਨਤਾ ਵਕਰ ਪ੍ਰਣਾਲੀ ਵਿੱਚ ਵਸਤਾਂ ਦਾ ਸਥਾਨਾਪਤਰ ਕੀਤਾ ਜਾ ਸਕਦਾ ਹੈ, ਜਦੋਂ ਕਿ LES ਵਚਿ ਗਰੁਪਾਂ ਦੇ ਵਚਿ ਸਥਾਨਾਪਤਰ ਨਹੀਂ ਕੀਤਾ ਜਾਂਦਾ ਹੈ ।

ਇਸ ਦੀਆਂ ਮਾਨਤਾਵਾਂ (Its Assumptions)

ਰੇਖੀ ਖਰਚ ਸਿਸਟਮ ਦਾ ਇਕ ਮਾਡਲ ਹੇਠ ਲਿਖੀਆਂ ਮਾਨਤਾਵਾਂ 'ਤੇ ਅਧਾਰਿਤ ਹੈ–

1. ਉਪਭੋਗਤਾ ਵਸਤੂਆਂ ਦੇ ਪੰਜ ਗਰੁੱਪ ਹਨ A, B, C, D ਅਤੇ E ।
2. ਵਸਤੂਆਂ ਦੇ ਹਰੇਕ ਗਰੁੱਪ ਵਿੱਚ ਸਾਰੇ ਸਥਾਨਾਪੰਨ ਅਤੇ ਪੂਰਕ ਸ਼ਾਮਿਲ ਹਨ।
3. ਗਰੁੱਪਾਂ ਦਰਮਿਆਨ ਵਸਤੂਆਂ ਦਾ ਕੋਈ ਸਥਾਨਾਪੰਨ ਨਹੀਂ ਹੈ ਪਰ ਇਕ ਗਰੁੱਪ ਵਿੱਚ ਸਥਾਨਾਪੰਨ ਹੋ ਸਕਦੀ ਹੈ।
4. ਉਪਭੋਗਤਾ ਦੀ ਆਮਦਨ ਦਿੱਤੀ ਹੋਈ ਅਤੇ ਸਥਿਰ ਹੈ।
5. ਉਪਭੋਗਤਾ ਵਸਤੂਆਂ ਦੀਆਂ ਕੀਮਤਾਂ 'ਤੇ ਧਿਆਨ ਦਿੱਤੇ ਬਿਨਾਂ ਹਰੇਕ ਗਰੁੱਪ ਵਿੱਚੋਂ ਵਸਤੂਆਂ ਦੀ ਕੁਝ ਨਿਊਨਤਮ ਮਾਤਰਾ ਖਰੀਦਦਾ ਹੈ, ਇਨ੍ਹਾਂ ਨੂੰ **ਜੀਵਿਕਾ ਮਾਤਰਾਵਾਂ** ਕਹਿੰਦੇ ਹਨ, ਜਿਨ੍ਹਾਂ ਨੂੰ ਉਪਭੋਗਤਾ ਆਪਣੇ ਜੀਵਨ ਜਿਊਣ ਲਈ ਖਰੀਦਦਾ ਹੈ। ਉਨ੍ਹਾਂ 'ਤੇ ਖਰਚ ਕੀਤੀ ਗਈ ਮੁਦਰਾ **ਨਿਰਵਾਹ ਆਮਦਨ** ਅਖਵਾਉਂਦੀ ਹੈ। ਬਾਕੀ ਆਮਦਨ, ਜਿਸ ਨੂੰ ਹੋਰ ਆਮਦਨ, ਉਸ ਨੂੰ ਵਸਤੂਆਂ ਦੇ ਵੱਖ–ਵੱਖ ਗਰੁੱਪਾਂ ਦੇ ਦਰਮਿਆਨ ਉਨ੍ਹਾਂ ਦੀਆਂ ਕੀਮਤਾਂ ਦੇ ਅਧਾਰ 'ਤੇ ਵੰਡ ਦਿੱਤਾ ਜਾਂਦਾ ਹੈ।
6. ਉਪਭੋਗਤਾ ਵਿਵੇਕਪੂਰਨਤਾ ਨਾਲ ਕੰਮ ਕਰਦਾ ਹੈ।
7. ਉਪਯੋਗਤਾਵਾਂ ਯੋਗਾਤਮਕ ਹਨ।

LES ਦੀ ਮਾਡਲ

ਇਹ ਮਾਨਤਾਵਾਂ ਦਿੱਤੀਆਂ ਹੋਣ 'ਤੇ ਪ੍ਰੋ. ਸਟੋਨ ਨੇ ਲਘੂ ਗੁਣਕਾਂ (logarithms) ਵਿੱਚ ਵਸਤੂਆਂ ਦੇ ਗਰੁੱਪਾਂ ਦਾ ਇਕ ਯੋਗਾਤਮਕ ਉਪਯੋਗਤਾ ਫਲਨ ਪ੍ਰਤੀਪਾਦਨ ਕੀਤਾ।

$$U \sum_{i-l}^{n} a_i \log (Q_i - C_i)$$

ਅਤੇ $U = U_A + U_B + U_C + U_D + U_E$

ਜਾਂ $U = (Q_1 - C_1)^{a1} . (Q_2 - C_2)^{a2} \ldots (Q_n - C_n)^{an}$

ਜਾਂ $U = a_1 \log (Q_1 - C_1) = a_2 \log (Q_2 - C_2) + \ldots a_n \log (Q_n - C_n)$
$[O < a_i < 1; > C; > 0; (Q_1 - C_1) > 0]$

ਉਪਭੋਗਤਾ ਆਪਣੇ ਬਜਟ (ਆਮਦਨ) ਪ੍ਰਤੀਬੰਧ ਦੇ ਅਧੀਨ ਆਪਣੀ ਕੁੱਲ ਉਪਯੋਗਤਾ ਨੂੰ ਜ਼ਿਆਦਾ ਕਰਦਾ ਹੈ, ਜਿਸ ਨਾਲ ਉਸ ਦਾ ਉਪਯੋਗਤਾ ਫਲਨ ਹੈ–

Maximise $U = a_1 \log (Q_1 - C_1) + \ldots + a_n \log (Q_n - C_n)$

Subject to $Y = \Sigma_1 P_i Q_i$

ਪ੍ਰਤੀਬੰਧਿਤ ਉਪਯੋਗਤਾ ਫਲਨ ਦਾ ਜ਼ਿਆਦਾਤਰ ਹੇਠਲਾ ਮੰਗ ਫਲਨ ਦਿੰਦਾ ਹੈ–

$$Q_i = C_i + \frac{a_i}{P_i} (Y - \Sigma_1 P_i C_i) \quad \ldots(1)$$

ਜਿੱਥੇ Q_i = ਗਰੁੱਪ i ਦੀ ਮੰਗੀ ਗਈ ਮਾਤਰਾ

C_i = ਗਰੁੱਪ i ਵਸਤੂਆਂ ਦੀ ਨਿਊਨਤਮ ਮਾਤਰਾ

ਨੋਟ

a_i = ਸੀਮਿਤ ਬਜਟ ਹਿੱਸਾ ਮਤਲਬ ਜੇਕਰ ਕੁੱਲ ਆਮਦਨ ਇਕਾਈ ਵੱਲੋਂ ਤਬਦੀਲ ਹੁੰਦੀ ਹੈ ਤਾਂ ਗਰੁੱਪ i 'ਤੇ ਕਿੰਨਾ ਖਰਚ ਵੱਧਦਾ ਹੈ।

p_i = ਗਰੁੱਪ ਦਾ ਕੀਮਤ ਸੂਚਕ

Y = ਉਪਭੋਗਤਾ ਦੀ ਕੁੱਲ ਆਮਦਨ

$(\Sigma P_i C_i)$ = ਉਪਭੋਗਤਾ ਦੀ ਨਿਰਵਾਹ-ਆਮਦਨ।

$(Y - \Sigma P_i c_i)$ = ਉਪਭੋਗਤਾ ਦੀ ਹੋਰ ਆਮਦਨ।

ਮੰਗ ਫਲਨ (1) ਇੰਝ ਵੀ ਲਿਖਿਆ ਜਾ ਸਕਦਾ ਹੈ

$$P_i Q_i = P_i C_i + a_i (Y - \Sigma P_i C_i)$$

ਉਸ ਨੂੰ ਉਪਭੋਗਤਾ ਦਾ ਗਰੁੱਪ i ਵਸਤੂਆਂ 'ਤੇ ਖਰਚ ਪੈਣਾ ਚਾਹੀਦਾ ਹੈ। $P_i Q_i + P_i C_i$ (ਉਸ ਦਾ ਨਿਰਵਾਹ-ਖਰਚ) + $[a_i (Y - \Sigma - P_i C_i)]$ ਉਸ ਦਾ ਹੋਰ ਖਰਚ।

ਸਵੈ ਮੁਲਾਂਕਣ (Self Assessment)

ਬਹੁ ਵਿਕਲਪੀ ਪ੍ਰਸ਼ਨ (Multiple Choice Questions)-

4. ਉਪਭੋਗਤਾ ਵਸਤੂਆਂ ਦੇ ਪੰਜ ਗਰੁੱਪ ਹਨ-

   (ਅ) ਕ, ਖ, ਗ, ਘ, ਙ (ਬ) A B C D ਅਤੇ E

   (ਸ) ਅ, ਬ, ਸ, ਦ (ਦ) ਯ, ਰ, ਲ, ਵ

5. ਇਕ ਵਸਤੂ ਦੀ ਕੀਮਤ ਅਤੇ ਉਸ ਦੀ ਮੰਗ ਨਾਲ ਸਬੰਧਿਤ ਪ੍ਰੀਖਣਾਂ ਦੇ ਇਕ ਸੈਟ ਦੇ ਅਧਾਰ 'ਤੇ ਖਿੱਚਿਆ ਗਿਆ ਮੰਗ ਵਕ੍ਰ ਹੈ-

   (ਅ) ਸਥਾਈ (ਬ) ਅਸਥਾਈ

   (ਸ) ਸ੍ਰੇਸ਼ਠ ਫਿਟ (ਦ) ਲਾਭਕਾਰੀ

6. ਬਾਕੀ ਆਮਦਨ ਨੂੰ ਕਹਿੰਦੇ ਹਨ-

   (ਅ) ਵਕ੍ਰ ਆਮਦਨ (ਬ) ਧਨਾਤਮਕ ਆਮਦਨ

   (ਸ) ਰਣਾਤਮਕ ਆਮਦਨ (ਦ) ਹੋਰ ਆਮਦਨ

7. ਜਿਨ੍ਹਾਂ ਨੂੰ ਉਪਭੋਗਤਾ ਆਪਣੇ ਜੀਵਨ-ਨਿਰਵਾਹ ਲਈ ਖਰੀਦਦਾ ਹੈ, ਉਨ੍ਹਾਂ ਨੂੰ ਕਹਿੰਦੇ ਹਨ-

   (ਅ) ਜੀਵਿਕਾ ਮਾਤਰਾਵਾਂ (ਬ) ਗੁਣਕ ਮਾਤਰਾਵਾਂ

   (ਸ) ਅਗੁਣਕ ਮਾਤਰਾਵਾਂ (ਦ) ਵਕ੍ਰ ਮਾਤਰਾਵਾਂ

7.3 ਪਰੋਕਸ਼ ਉਪਯੋਗਤਾ ਫਲਨ (The Indirect Utility Function)

ਪਰੋਕਸ਼ ਜਾਂ ਅਪ੍ਰੱਤਖ ਉਪਯੋਗਤਾ ਫਲਨ ਰੇਖੀ ਪ੍ਰੋਗ੍ਰਾਮਿੰਗ ਤਕਨੀਕ (Linear programming technique) ਦੀ ਸ਼ਬਦਾਵਲੀ ਵਿੱਚ ਉਪਯੋਗਤਾ ਜ਼ਿਆਦਾਤਰ ਸਮੱਸਿਆ ਦੀ ਵਿਆਖਿਆ ਕਰਦਾ ਹੈ।

ਉਪਯੋਗਤਾ ਜ਼ਿਆਦਾਤਰ ਸਮੱਸਿਆ ਨੂੰ ਹੱਲ ਕਰਨ ਲਈ ਅਸੀਂ ਇਸ ਤਰ੍ਹਾਂ ਲਿਖਦੇ ਹਾਂ-

ਨੋਟ

Max $U(X)$

Subject to $\sum_i p_i X_i \leq Y$ ... (1)

ਜਿੱਥੇ X_i = i ਵਸਤੂਆਂ ਦਾ ਉਪਭੋਗ ਬੰਡਲ

U = ਉਪਭੋਗ ਬੰਡਲ ਤੋਂ ਪ੍ਰਾਪਤ ਹੋਈ ਉਪਯੋਗਤਾ

P_i = i ਵਸਤੂਆਂ ਦੀਆਂ ਕੀਮਤਾਂ

Y = ਉਪਭੋਗਤਾ ਦੀ ਕੁੱਲ ਆਮਦਨ।

ਮੰਨ ਲਓ ਕਿ ਹੋਰ $\lambda_i = P_i/Y$ ਅਤੇ ਹੁਣ ਉਪਯੋਗਤਾ ਜ਼ਿਆਦਾਤਰ ਸਮੱਸਿਆ ਨੂੰ ਇਸ ਤਰ੍ਹਾਂ ਲਿਖਿਆ ਜਾ ਸਕਦਾ ਹੈ,

Max $U(X)$

Subject to $\sum_i \lambda_i X_i \leq 1$ ... (2)

ਜਿੱਥੇ Y_i ਸਧਾਰਣਕ੍ਰਿਤ (Normalised) ਕੀਮਤਾਂ।

ਇਸ ਰੂਪ ਵਿੱਚ ਉਪਯੋਗਤਾ ਜ਼ਿਆਦਾਤਰ ਸਮੱਸਿਆ ਦੇ n ਚਰਾਂ ਦੇ ਦੋ ਸੈਟ ਹੁੰਦੇ ਹਨ। *(i)* X ਮੁੱਲਾਂ ਦੇ ਨਾਲ ਉਪਭੋਗ ਮਾਤਰਾਵਾਂ ਅਤੇ *(ii)* ਸਧਾਰਣਕ੍ਰਿਤ ਕੀਮਤਾਂ $\lambda = \lambda_i, ..., \lambda_n$ ਮੁੱਲਾਂ ਦੇ ਨਾਲ

ਇਸ਼ਟਤਮ ਮੰਗ ਮੰਡਲ ਮੰਗ ਫਲਨ ਦੇ ਸਿਸਟਮ ਨਾਲ ਇਸ ਤਰ੍ਹਾਂ ਦਿੱਤਾ ਜਾਂਦਾ ਹੈ।

$$X_i = D_i(\lambda) \quad i = 1, ...n \qquad \text{... (3)}$$

ਜ਼ਿਆਦਾਤਰ ਉਪਯੋਗਤਾ ਪੱਧਰ ਸਮੀਕਰਣ (3) ਦੇ ਇਸ਼ਟਮ ਉਪਭੋਗ ਬੰਡਲ ਨੂੰ ਸਮੀਕਰਣ (1) ਦੇ ਉਪਭੋਗਤਾ ਫਲਨ ਵਿੱਚ ਸਥਾਨਾਪੰਨ ਕਰਕੇ ਪ੍ਰਾਪਤ ਕੀਤਾ ਜਾਂਦਾ ਹੈ। ਅੱਗੇ ਇਹ ਇਸ਼ਟਤਮ ਉਪਭੋਗ ਬੰਡਲ ਆਮਦਨ ਪੱਧਰ ਅਤੇ ਕੀਮਤਾਂ ਦੇ ਸਦਿਸ਼ (Vector) 'ਤੇ ਨਿਰਭਰ ਕਰਦਾ ਹੈ ਜੋ ਸਮੀਕਰਣ (3) ਵਿੱਚ ਮੰਗ ਫਲਨ ਦੇ ਸਿਸਟਮ ਵਿੱਚ ਪ੍ਰਤੀਬਿੰਬਤ ਹੁੰਦਾ ਹੈ। ਇਸ ਤੋਂ ਪ੍ਰਾਪਤ ਹੁੰਦਾ ਹੈ ਪ੍ਰੱਖ ਉਪਯੋਗਤਾ ਫਲਨ।

$$V(\lambda) = U(d), (\lambda), ... d_n(\lambda) \qquad \text{... (4)}$$

V ਪ੍ਰੱਖ ਉਪਯੋਗਤਾ ਫਲਨ ਅਖਵਾਉਂਦਾ ਹੈ, ਕਿਉਂਕਿ ਇਹ ਪ੍ਰੱਖ ਰੂਪ ਵਿੱਚ ਆਮਦਨ ਪੱਧਰ ਜਾਂ ਕੀਮਤ ਸਦਿਸ਼ ਜਾਂ ਸਧਾਰਣਕ੍ਰਿਤ ਕੀਮਤਾਂ ਦੇ ਇਕ ਸੈਟ y 'ਤੇ ਨਿਰਭਰ ਕਰਦੀ ਹੈ।

ਪ੍ਰੱਖ ਉਪਯੋਗਤਾ ਫਲਨ ਦੀਆਂ ਵਿਸ਼ੇਸ਼ਤਾਵਾਂ (Properties of Indirect Utility Function)

ਪ੍ਰੱਖ ਉਪਯੋਗਤਾ ਫਲਨ ਦੀ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹਨ–

1. ਜੇਕਰ U ਨਿਰੰਤਰ ਹੈ ਤਾਂ V ਵੀ λ ਦੇ ਸਾਰੇ ਧਨਾਤਮਕ ਸੈਟਾਂ 'ਤੇ ਨਿਰੰਤਰ ਹਨ।
2. U ਨਹੀਂ ਵੱਧਦਾ, ਕਿਉਂਕਿ ਜੇਕਰ ਕੀਮਤ ਵਧਾਈ ਜਾਂਦੀ ਹੈ ਜਾਂ ਆਮਦਨ ਘੱਟ ਕੀਤੀ ਜਾਂਦੀ ਹੈ ਤਾਂ ਇਹ ਜ਼ਿਆਦਾਤਰ ਉਪਯੋਗਤਾ ਨੂੰ ਨਹੀਂ ਵਧਾ ਸਕਦੀ। ਇਹ ਸਹੀ ਹੈ, ਜਦੋਂ ਕਿ U ਉਪਭੋਗ ਬੰਡਲ ith ਵਿੱਚ ਵਧ ਰਹੀ ਹੋਵੇ।
3. U ਜ਼ਰੂਰੀ ਘਟਦੀ ਨਹੀਂ ਹੈ, ਜਦੋਂ ith ਸਧਾਰਣ ਕੀਮਤ ਹੋਵੇ, ਜਦ ਕਿ U ਉਪਭੋਗ ਬੰਡਲ ith ਵਿੱਚ ਵੱਧ ਰਹੀ ਹੋਵੇ।
4. ਜੇਕਰ ਇਕ ਕੋਣਾਤਮਕ ਹੱਲ (Corner solution) ਹੋਵੇ ਅਤੇ $X_t = 0$, ਤਾਂ P ਨੂੰ ਵਧਾਉਣ ਨਾਲ ਉਪਭੋਗਤਾ ਦੀ ਉਪਯੋਗਤਾ 'ਤੇ ਕੋਈ ਪ੍ਰਭਾਵ ਨਹੀਂ ਹੁੰਦਾ। ਉਦਾਹਰਣ ਦੇ ਤੌਰ 'ਤੇ ਜੇਕਰ ਮਾਰੂਤੀ ਜੈਨ ਦੀ ਕੀਮਤ ਵਧਾ ਦਿੱਤੀ ਜਾਂਦੀ ਹੈ ਤਾਂ ਇਸ ਦਾ ਜ਼ਿਆਦਾਤਰ ਉਪਭੋਗਤਾਵਾਂ ਦੇ ਉਪਯੋਗਤਾ ਪੱਧਰਾਂ 'ਤੇ ਪ੍ਰਭਾਵ ਨਹੀਂ ਪੈਂਦਾ।

ਗ੍ਰਾਫੀ ਪੇਸ਼ ਕਰਨਾ (Graphic Presentation)

ਪ੍ਰੱਖ ਉਪਯੋਗਤਾ ਫਲਨ ਨੂੰ ਪ੍ਰੱਖ ਉਦਾਸੀਨਤਾ ਵਕ੍ਰਾਂ ਨਾਲ ਚਿੱਤਰਿਤ ਕੀਤਾ ਜਾਂਦਾ ਹੈ। ਮੰਨ ਲਓ ਕਿ ਕੇਵਲ ਦੋ ਉਪਭੋਗਤਾ ਵਸਤੂਆਂ 1 ਅਤੇ 2 ਹਨ, ਜਿਨ੍ਹਾਂ ਦੀ ਸਧਾਰਣ ਕੀਮਤਾਂ λ_1 ਅਤੇ λ_2 ਹਨ, ਜਿਨ੍ਹਾਂ ਨੂੰ ਕ੍ਰਮਵਾਰ ਸਮਾਂਤਰ ਅਤੇ ਅਨੁਲੰਬ ਅਕਸ਼ਰਾਂ

ਨੋਟ

'ਤੇ ਲਿਆ ਗਿਆ ਹੈ, ਜਿਵੇਂ ਕਿ ਚਿੱਤਰ 7.3 ਵਿੱਚ ਹੈ। ਇਕ ਪ੍ਰੱਖ ਉਦਾਸੀਨਤਾ ਵਕ੍ਰ ਜਿਵੇਂ IIC_2 ਸਧਾਰਣ ਕੀਮਤਾਂ ਦੇ ਸੰਜੋਗਾਂ ਨੂੰ y_2 ਦਰਸਾਉਂਦਾ ਹੈ ਜੋ ਜ਼ਿਆਦਾਤਰ ਉਪਯੋਗਤਾ ਪੱਧਰ ਨੂੰ ਨਾ ਬਦਲਣਯੋਗ ਛੱਡ ਦਿੰਦੇ ਹਨ। ਜੇਕਰ ਉਪਭੋਗਤਾ IIC_2 ਵਕ੍ਰ 'ਤੇ ਦੋਵਾਂ ਵਿੱਚੋਂ ਕਿਸੇ ਇਕ ਵਸਤੂ ਤੋਂ ਸੰਤੁਸ਼ਟ ਨਹੀਂ ਹਨ ਅਤੇ ਉਚੇ ਵਕ੍ਰ IIC_3 'ਤੇ ਚਲਾ ਜਾਂਦਾ ਹੈ ਤਾਂ ਦੋਵਾਂ ਵਸਤੂਆਂ ਦੀਆਂ ਸਧਾਰਣ ਕੀਮਤਾਂ ਵੱਧਦੀਆਂ ਹਨ ਅਤੇ ਉਪਯੋਗਤਾ ਵੱਧ ਜਾਂਦੀ ਹੈ, ਇਸ ਦੇ ਉਲਟ ਜੇਕਰ ਉਪਭੋਗਤਾ ਹੇਠਾਂ ਦੇ ਵਕ੍ਰ IIC_1 'ਤੇ ਚਲਾ ਜਾਂਦਾ ਹੈ ਤਾਂ ਦੋਵਾਂ ਵਸਤੂਆਂ ਦੀਆਂ ਸਧਾਰਣ ਕੀਮਤਾਂ ਘੱਟ ਹੋ ਜਾਂਦੀਆਂ ਹਨ ਅਤੇ ਉਪਯੋਗਤਾ ਵੱਧ ਜਾਂਦੀ ਹੈ। ਇਸ ਤਰ੍ਹਾਂ ਇਕ ਪ੍ਰੱਖ ਉਪਯੋਗਤਾ ਫਲਨ ਵਿੱਚ ਪ੍ਰੱਖ ਉਚੇ ਉਦਾਸੀਨਤਾ ਵਕ੍ਰਾਂ ਦੇ ਹੇਠਾਂ ਉਪਯੋਗਤਾ ਪੱਧਰ ਹੁੰਦੇ ਹਨ ਅਤੇ ਪ੍ਰੱਖ ਹੇਠਲੇ ਉਦਾਸੀਨਤਾ ਵਕ੍ਰਾਂ ਦੇ ਉਚੇ ਉਪਯੋਗਤਾ ਪੱਧਰ ਹੁੰਦੇ ਹਨ।



ਚਿੱਤਰ 7.3

ਇਸ ਦਾ ਦਵੈਤ (Its Dual)

ਉਪਯੋਗਤਾ-ਜ਼ਿਆਦਾਤਰ ਸਮੱਸਿਆ ਦੀ ਦਵੈਤ ਉਪਯੋਗਤਾ-ਨਿਊਨਤਮੀਕਰਣ ਸਮੱਸਿਆ ਹੈ, ਜਿਸ ਨੂੰ ਇਸ ਤਰ੍ਹਾਂ ਲਿਖਿਆ ਜਾ ਸਕਦਾ ਹੈ,

Min $V(\lambda)$

Subject to $$\sum_i \lambda_i X_i \leq 1 \quad \text{... (5)}$$

ਉਪਯੋਗਤਾ ਪੱਧਰ ਨੂੰ ਨਿਊਨਤਮ ਕਰਨ ਲਈ ਉਪਭੋਗ ਬੰਡਲ ਨੂੰ ਸਥਿਰ ਮੰਨ ਲਿਆ ਜਾਂਦਾ ਹੈ ਅਤੇ ਇਕ ਸਧਾਰਣ ਕੀਮਤ ਸਦਿਸ਼ y ਚੁਣਿਆ ਜਾਂਦਾ ਹੈ। ਇਸ ਨਿਊਨਤਮੀਕਰਣ ਸਮੱਸਿਆ ਦੇ ਹੱਲ ਨੂੰ n ਸਮੀਕਰਣ ਦੇ ਹੇਠਲੇ ਸੈਟ ਨਾਲ ਪ੍ਰਗਟ ਕੀਤਾ ਜਾਂਦਾ ਹੈ।

$$\lambda_i = a_i(X) \qquad i = 1, \ldots\ldots, n, \quad \text{... (6)}$$

ਕੇਵਲ ਦੋ ਵਸਤੂਆਂ 1 ਅਤੇ 2 ਲੈਂਦੇ ਹੋਏ ਨਿਊਨਤਮੀਕਰਨ ਦੀ ਸਮੱਸਿਆ ਦੀ ਬਜਟ ਸਮਾਨਤਾ ਹੈ।

$$\lambda_1 X_1 + \lambda_2 X_2 = 1$$

ਇਸ ਨੂੰ λ_2 ਦੇ ਲਈ ਹੱਲ ਕਰਦੇ ਹੋਏ

$$\lambda_2 = (1/X_2) - (X_1/X_2)\,\lambda_1$$

$1/X_2$ ਵਸਤੂ 2 ਦੇ ਲਈ ਬਜਟ ਪ੍ਰਤੀਬੰਧ ਹੈ।

ਇਸੇ ਤਰ੍ਹਾਂ λ_1 ਦੇ ਲਈ ਹੱਲ ਕਰਨ ਨਾਲ ਵਸਤੂ 1 ਦੇ ਲਈ ਬਜਟ ਪ੍ਰਤੀਬੰਧ $1/X_1$ ਹੈ।

ਉਪਰ ਦੇ ਹੱਲ ਦੇ ਅਧਾਰ 'ਤੇ ਉਪਯੋਗਤਾ ਨਿਊਤਮੀਕਰਣ ਸਮੱਸਿਆ ਨੂੰ ਚਿੱਤਰ 7.4 ਵਿੱਚ ਦਰਸਾਇਆ ਗਿਆ ਹੈ, ਜਿੱਥੇ ਅਨੁਲੰਬ ਅਵਰੋਧ $1/X_2$ ਹੈ ਅਤੇ ਸਮਾਂਤਰ ਅਵਰੋਧ $1/X_1$ ਹੈ। ਇਨ੍ਹਾਂ ਨੂੰ ਮਿਲਾਉਣ ਨਾਲ ਅਸੀਂ ਬਜਟ ਰੇਖਾ ਨੂੰ ਟਰੇਸ ਕਰਦੇ ਹਾਂ।

ਨੋਟ ਉਪਯੋਗਤਾ-ਨਿਊਨਤਮੀਕਰਨ ਦਾ ਇਸ਼ਟਤਮ ਹੱਲ ਬਿੰਦੂ M 'ਤੇ ਹੈ, ਜਿੱਥੇ ਬਜਟ ਰੇਖਾ ਪ੍ਰੱਤਖ ਉਦਾਸੀਨਤਾ ਵਕ੍ਰ IIC_2 ਨੂੰ ਛੂੰਹਦੀ ਹੈ, ਕਿਉਂਕਿ ਇਹ ਨਿਊਨਤਮ ਉਪਯੋਗਤਾ ਪੱਧਰ ਦੇ ਨਾਲ ਉਚਾ ਸੰਭਵ ਪ੍ਰੱਤਖ ਉਦਾਸੀਨਤਾ ਵਕ੍ਰ ਹੈ। ਵਕ੍ਰ IIC_1 ਇਸ਼ਟਤਮ ਉਪਯੋਗਤਾ ਨਿਊਨਤਮ ਹੱਲ ਨਹੀਂ ਦੇ ਸਕਦਾ, ਕਿਉਂਕਿ IIC_1 ਵਕ੍ਰ 'ਤੇ ਉਪਯੋਗਤਾ IIC_2 ਵਕ੍ਰ ਦੇ ਮੁਕਾਬਲੇ ਜ਼ਿਆਦਾ ਹੈ। ਇਸ ਤਰ੍ਹਾਂ ਵਕ੍ਰ IIC_3 ਇਸ਼ਟਤਮ ਹੱਲ ਨਹੀਂ ਦਿੰਦਾ, ਜਦ ਕਿ ਇਸ 'ਤੇ IIC_2 ਵਕ੍ਰ ਦੇ ਮੁਕਾਬਲੇ ਉਪਯੋਗਤਾ ਦਾ ਘੱਟ ਪੱਧਰ ਹੈ।

ਕਿਉਂਕਿ ਇਹ ਉਪਭੋਗਤਾ ਦੀ ਬਜਟ ਰੇਖਾ $1।X_2 - 1।X_1$ ਦੀ ਪਹੁੰਚ ਤੋਂ ਉਪਰ ਸਥਿਤ ਹੈ ਅਤੇ ਕੇਵਲ ਬਿੰਦੂ M ਇਸ਼ਟਤਮ ਉਪਯੋਗਤਾ ਨਿਊਨਤਮੀਕਰਨ ਦਾ ਹੈ।



ਚਿੱਤਰ 7.4

ਪ੍ਰੱਤਖ ਅਤੇ ਅਪ੍ਰੱਤਖ ਉਪਯੋਗਤਾ ਫਲਨਾਂ ਵਿੱਚ ਭੇਦ
(Difference Between Direct and Indirect Utility Functions)

ਪ੍ਰੱਤਖ ਉਪਯੋਗਤਾ ਫਲਨ ਉਦਾਸੀਨਤਾ ਵਕ੍ਰ ਪ੍ਰਣਾਲੀ ਸਬੰਧ ਰੱਖਦਾ ਹੈ ਅਤੇ ਅਪ੍ਰੱਤਖ ਉਪਯੋਗਤਾ ਫਲਨ ਦਾ ਸਬੰਧ ਵੀ ਉਦਾਸੀਨਤਾ ਵਕ੍ਰਾਂ ਨਾਲ ਹੈ ਜਿਨ੍ਹਾਂ ਨੂੰ ਅਪ੍ਰੱਤਖ ਉਦਾਸੀਨਤਾ ਵਕ੍ਰ ਕਹਿੰਦੇ ਹਨ। ਇਨ੍ਹਾਂ ਦੋਵਾਂ ਵਿੱਚ ਹੇਠ ਲਿਖੀਆਂ ਸਮਾਨਤਾਵਾਂ ਪਾਈਆਂ ਜਾਂਦੀਆਂ ਹਨ।

1. ਦੋਵੇਂ ਤਰ੍ਹਾਂ ਦੇ ਵਕ੍ਰ ਬਿਲਕੁਲ ਇੱਕੋ-ਜਿਹੇ ਲੱਗਦੇ ਹਨ।
2. ਦੋਵੇਂ ਮੂਲ ਦੇ ਉਂਤੋਦਰ (Convex) ਹਨ।
3. ਇਨ੍ਹਾਂ ਵਕ੍ਰਾਂ ਦੇ ਕਿਸੇ ਵੀ ਬਿੰਦੂ 'ਤੇ ਉਪਭੋਗਤਾ ਉਦਾਸੀਨ ਹੁੰਦਾ ਹੈ, ਕਿਉਂਕਿ ਉਸ ਨੂੰ ਹਰੇਕ 'ਤੇ ਬਰਾਬਰ ਉਪਯੋਗਤਾ ਪ੍ਰਾਪਤ ਹੁੰਦੀ ਹੈ।

ਪਰ ਇਨ੍ਹਾਂ ਦੋਵਾਂ ਤਰ੍ਹਾਂ ਦੇ ਵਕ੍ਰਾਂ ਵਿੱਚ ਇਕ ਮੁੱਖ ਅੰਤਰ ਪਾਇਆ ਜਾਂਦਾ ਹੈ। ਉਚੇ ਪ੍ਰੱਤਖ ਉਦਾਸੀਨਤਾ ਵਕ੍ਰ ਉਚੇ ਉਪਯੋਗਤਾ ਪੱਧਰਾਂ ਦੇ ਨਾਲ ਸਬੰਧਿਤ ਹੁੰਦੇ ਹਨ। ਇਸ ਦੇ ਉਲਟ ਉਚੇ ਅਪ੍ਰੱਤਖ ਉਦਾਸੀਨ ਵਕ੍ਰ ਹੇਠਲੇ ਉਪਯੋਗਤਾ ਪੱਧਰਾਂ ਦੇ ਨਾਲ ਸਬੰਧਿਤ ਹੁੰਦੇ ਹਨ।

7.4 ਖਰਚ ਫਲਨ (The Expenditure Function)

ਉਪਭੋਗਤਾ ਖਰਚ ਫਲਨ ਇਹ ਦੱਸਦਾ ਹੈ ਕਿ ਉਪਭੋਗਤਾ ਆਪਣਾ ਖਰਚ ਕਿਵੇਂ ਘੱਟ ਕਰਦਾ ਹੈ, ਵਸਤੂਆਂ ਦੀਆਂ ਕੀਮਤਾਂ ਅਤੇ ਉਪਯੋਗਤਾ ਪੱਧਰ ਦਿੱਤੇ ਹੋਣ 'ਤੇ ਉਪਭੋਗਤਾ ਖਰਚ ਫਲਨ ਦੀ ਉਤਪਤੀ ਰੇਖੀ ਪ੍ਰੋਗਰਾਮਿੰਗ ਤਕਨੀਕ 'ਤੇ ਅਧਾਰਿਤ ਹੈ। ਉਪਭੋਗਤਾ ਖਰਚ ਨੂੰ ਨਿਊਨਤਮ ਕਰਨ ਦੇ ਲਕਸ਼ ਫਲਨ ਦਾ ਹੱਲ ਹੈ-

ਨੋਟ

Min $\sum_i P_i X_i$

Subject to $U(X) \geq U$ ...(1)

ਜਿੱਥੇ $P_i X_i$ ਕੁੱਲ ਖਰਚ ਹੈ, ਜਿਸ ਨੂੰ ਨਿਊਨਤਮ ਕੀਤਾ ਜਾਣਾ ਹੈ। ਬਸ਼ਰਤੇ ਕਿ ਇਸ ਪ੍ਰਤੀਬੰਧ ਦੀ ਉਪਯੋਗਤਾ ਪੱਧਰ ਤੋਂ U ਤੋਂ ਘੱਟ ਨਾ ਹੋਵੇ। ਸਮੀਕਰਣ (1) ਦਾ ਹੱਲ ਕੀਮਤਾਂ ਦੇ ਮੁੱਲਾਂ ਅਤੇ ਉਪਯੋਗਤਾ ਪੱਧਰ 'ਤੇ ਨਿਰਭਰ ਕਰਦਾ ਹੈ, ਜਿਸ ਨੂੰ ਇਸ ਤਰ੍ਹਾਂ ਲਿਖਿਆ ਜਾ ਸਕਦਾ ਹੈ,

$$X_i = f_i (P, U) \qquad i = I, \ldots n \qquad \ldots (2)$$

ਇਸ ਫਲਨ ਨੂੰ ਲਕਸ਼ ਫਲਨ (1) ਵਿੱਚ ਸਥਾਨਾਪੰਨ ਕਰਨ ਨਾਲ ਇਕ ਫਲਨ ਪ੍ਰਾਪਤ ਹੁੰਦਾ ਹੈ ਜੋ ਖਰਚ ਦੇ ਨਿਊਨਤਮ ਪੱਧਰ ਨੂੰ ਪ੍ਰਗਟ ਕਰਦਾ ਹੈ ਜੋ ਉਪਯੋਗਤਾ ਪੱਧਰ U ਪ੍ਰਾਪਤ ਕਰ ਸਕਦਾ ਹੈ, ਕੀਮਤਾਂ P ਦਿੱਤੀ ਹੋਣ 'ਤੇ,

$$\sum_i P_i f_i (P,U) \qquad \ldots (3)$$

ਇਹ ਉਪਭੋਗਤਾ ਖਰਚ ਫਲਨ ਹੈ।

ਚਿੱਤਰ 7.5 ਖਰਚ ਫਲਨ ਦਰਸਾਉਂਦਾ ਹੈ, ਦੋ ਵਸਤੂਆਂ X_1 ਅਤੇ X_2 , ਉਨ੍ਹਾਂ ਦੀਆਂ ਕੀਮਤਾਂ P_1 ਅਤੇ P_2 ਅਤੇ ਉਪਭੋਗਤਾ ਦਾ ਆਮਦਨ ਪੱਧਰ Y_1 ਦਿੱਤੇ ਹੋਣ 'ਤੇ ਵਸਤੂ X_1 ਸਮਾਂਤਰ ਅਕਸ਼ 'ਤੇ ਅਤੇ ਵਸਤੂ X_2 ਨੂੰ ਅਨੁਲੰਬ ਅਕਸ਼ 'ਤੇ ਲਿਆ ਗਿਆ ਹੈ। ਅਵਰੋਧ Y_1/P_2 ਅਤੇ Y_1/P_2 ਨੂੰ ਮਿਲਾਉਣ ਨਾਲ ਬਜਟ ਰੇਖਾ ਹੈ ਜੋ ਉਪਭੋਗਤਾ ਦਾ ਖਰਚ ਪੱਧਰ ਦਰਸਾਉਂਦੀ ਹੈ। ਬਜਟ ਰੇਖਾ $Y_0/P_2 - Y_0/P_1$ ਹੇਠਲੇ ਆਮਦਨ ਪੱਧਰ ਨੂੰ ਪ੍ਰਤੀਬੰਧਿਤ ਕਰਦੀ ਹੈ।

ਖਰਚ ਨਿਊਨਤਮੀਕਰਨ ਸਮੱਸਿਆ (1) ਨੂੰ ਹੱਲ ਕਰਨ ਲਈ ਉਪਯੋਗਤਾ ਪੱਧਰ, U ਨੂੰ ਪ੍ਰਾਪਤ ਕਰਨਾ ਹੈ, ਜਿਸ ਨੂੰ ਇਕ ਉਦਾਸੀਨਤਾ ਵਕ੍ਰ ਨਾਲ ਪ੍ਰਗਟ ਕੀਤਾ ਜਾਂਦਾ ਹੈ ਜੋ ਇਨ੍ਹਾਂ ਬਜਟ ਰੇਖਾਵਾਂ ਵਿੱਚੋਂ ਸਭ ਤੋਂ ਹੇਠਲੀ ਬਜਟ ਰੇਖਾ ਨੂੰ ਛੂੰਹਦਾ ਹੈ। ਅਜਿਹਾ ਬਿੰਦੂ E ਹੈ, ਜਿੱਥੇ ਉਦਾਸੀਨਤਾ ਵਕ੍ਰ U ਨੂੰ ਬਜਟ ਰੇਖਾ $\lambda_1/P_2 - Y_1/P_1$ ਛੂੰਹਦੀ ਹੈ, ਇਹ ਉਹ ਬਿੰਦੂ ਹੈ, ਜਿੱਥੇ ਉਪਭੋਗਤਾ ਦੋ ਵਸਤੂਆਂ X_1 ਅਤੇ X_2 'ਤੇ ਆਪਣੇ ਖਰਚ ਦਾ ਨਿਊਨਤਮ ਕਰਦੀ ਹੈ। ਉਨ੍ਹਾਂ ਦੀਆਂ ਕੀਮਤਾਂ ਅਤੇ ਉਨ੍ਹਾਂ ਦੀ ਆਮਦਨ Y_1 ਦਿੱਤੀ ਹੋਣ 'ਤੇ ਹੈ।



ਚਿੱਤਰ 7.5

ਨੋਟ ਇਸ ਨੂੰ ਸਿੱਧ ਕਰਨ ਲਈ ਬਜਟ ਰੇਖਾ $Y_2/P_2 - Y_1/P_1$ ਲਓ ਜੋ Y_2 ਆਮਦਨ ਪੱਧਰ ਦੇ ਅਨੁਕੂਲ ਹੈ, ਜਿੱਥੇ ਉਦਾਸੀਨਤਾ ਵਕ੍ਰ U ਇਸ ਨੂੰ E_1 ਅਤੇ E_2 ਬਿੰਦੂਆਂ 'ਤੇ ਕੱਟਦਾ ਹੈ, ਉਪਭੋਗਤਾ ਉਪਯੋਗਤਾ ਪੱਧਰ U ਨੂੰ E_1 ਜਾਂ E_2 'ਤੇ ਪ੍ਰਾਪਤ ਕਰਦਾ ਹੈ ਪਰ ਉਪਭੋਗਤਾ ਦੇ ਸੰਤੁਲਨ ਦੀਆਂ ਸ਼ਰਤਾਂ ਇਨ੍ਹਾਂ ਵਿੱਚੋਂ ਕਿਸੇ ਵੀ ਬਿੰਦੂ 'ਤੇ ਪੂਰਾ ਨਹੀਂ ਕਰਦਾ। ਇਹ ਹਨ (i) ਸੰਤੁਲਨ ਬਿੰਦੂ 'ਤੇ ਬਜਟ ਰੇਖਾ ਦੀ ਢਲਾਣ ਅਤੇ ਉਦਾਸੀਨਤਾ ਵਕ੍ਰ ਦੀ ਢਲਾਣ ਬਰਾਬਰ ਹੋਵੇ ਅਤੇ (ii) ਛੂਹਣ ਬਿੰਦੂ 'ਤੇ ਉਦਾਸੀਨਤਾ ਵਕ੍ਰ ਮੂਲ ਦੇ ਉੱਤੋਦਰ ਹੋਵੇ। ਇਹ ਸ਼ਰਤ ਬਿੰਦੂ E_1 ਜਾਂ E_2 'ਤੇ ਪੂਰੀਆਂ ਨਹੀਂ ਹੁੰਦੀਆਂ। ਹੁਣ ਬਜਟ ਰੇਖਾ Y_0/P_2-Y_0/P_1 ਲਓ ਜੋ ਆਮਦਨ ਪੱਧਰ Y_0 ਦੇ ਅਨੁਕੂਲ ਹੈ ਜੋ ਉਦਾਸੀਨਤਾ ਵਕ੍ਰ U ਦੇ ਹੇਠਾਂ ਹੈ। ਜਿੱਥੇ ਉਪਭੋਗਤਾ ਉਦਾਸੀਨਤਾ ਵਕ੍ਰ U ਜੋ ਉਪਯੋਗਤਾ ਪੱਧਰ ਨੂੰ ਪ੍ਰਗਟ ਕਰਦਾ ਹੈ, ਉਸ ਦੇ ਆਮਦਨ ਪੱਧਰ Y_0 ਦੇ ਨਾਲ ਪ੍ਰਾਪਤ ਨਹੀਂ ਕਰ ਸਕਦਾ ਅਤੇ ਇਹ ਹੀ ਅਜਿਹਾ ਬਿੰਦੂ ਹੈ, ਜਿਸ 'ਤੇ ਉਪਭੋਗਤਾ ਉਪਯੋਗਤਾ ਪੱਧਰ U ਨੂੰ ਪ੍ਰਾਪਤ ਕਰਕੇ ਆਪਣੇ ਖਰਚ ਨੂੰ ਨਿਊਨਤਮ ਕਰਦਾ ਹੈ।

ਟਾਸਕ ਉਪਭੋਗਤਾ ਖਰਚ ਫਲਨ 'ਤੇ ਆਪਣੇ ਵਿਚਾਰ ਪ੍ਰਗਟ ਕਰੋ।

7.5 ਲੰਕਾਸਟਰ ਦਾ ਵਿਸ਼ੇਸ਼ਤਾ ਮੰਗ ਸਿਧਾਂਤ (Lancaster's Attributes or Characteristics Demand Theory)

ਪ੍ਰੋ. ਲੰਕਾਸਟਰ ਨੇ ਵਸਤੂਆਂ ਦੀਆਂ ਵਿਸ਼ੇਸ਼ਤਾਵਾਂ 'ਤੇ ਅਧਾਰਿਤ ਇਕ ਨਵੇਂ ਉਪਭੋਗਤਾ ਸਿਧਾਂਤ ਦਾ 1966 ਵਿੱਚ ਪ੍ਰਤੀਪਾਦਨ ਕੀਤਾ। ਇਸ ਸਿਧਾਂਤ ਦੇ ਅਨੁਸਾਰ, ਵਸਤੂਆਂ ਦੀਆਂ ਵਿਸ਼ੇਸ਼ਤਾਵਾਂ ਨਾ ਕਿ ਖੁਦ ਵਸਤੂਆਂ ਉਪਯੋਗਤਾ ਦਿੰਦੀਆਂ ਹਨ ਅਤੇ ਵਸਤੂਆਂ ਨੂੰ ਵਿਸ਼ੇਸ਼ਤਾਵਾਂ ਦੇ ਸਮੂਹ (Bundle) ਸਮਝਿਆ ਜਾਂਦਾ ਹੈ। ਬੈਡ ਦਾ ਉਦਾਹਰਣ ਲਓ, ਜਿਸ ਦੀਆਂ ਵਿਸ਼ੇਸ਼ਤਾਵਾਂ ਵਿੱਚ ਸਵਾਦ, ਕੈਲੋਰੀ, ਪ੍ਰੋਟੀਨ ਆਦਿ ਸ਼ਾਮਿਲ ਹਨ। ਫਿਰ ਵੀ ਵੱਖ-ਵੱਖ ਵਸਤੂਆਂ ਵਿੱਚ ਹੋਰ ਵਿਸ਼ੇਸ਼ਤਾਵਾਂ ਦੇ ਨਾਲ ਵੱਖ-ਵੱਖ ਸ਼ੇ੍ਣੀਆਂ (Mixtures) ਵਿੱਚ ਇਕ ਬਰਾਬਰ ਵਿਸ਼ੇਸ਼ਤਾ ਹੋ ਸਕਦੀ ਹੈ। ਸੇਬ, ਅੰਬ, ਸੰਤਰੇ ਆਦਿ ਦੀਆਂ ਅਨੇਕਾਂ ਕਿਸਮਾਂ ਵਿੱਚ ਮਿਠਾਸ, ਸੁਗੰਧ, ਰਸੀਲਾ ਪਣ, ਕੋਸ਼ਟਕਾਂ ਆਦਿ ਦੇ ਵੱਖ-ਵੱਖ ਸਮੂਹ ਹੁੰਦੇ ਹਨ। ਇਕ 'ਗੋਲਡਨ' ਸੇਬ ਵਿੱਚ ਇਕ 'ਮਿੱਠੇ ਲਾਲ' ਸੇਬ ਦੀ ਤੁਲਨਾ ਵਿੱਚ ਵਿਸ਼ੇਸ਼ਤਾਵਾਂ ਦਾ ਵੱਖ-ਵੱਖ ਸਮੂਹ ਹੁੰਦਾ ਹੈ। ਲੰਕਾਸਟਰ ਦੇ ਅਨੁਸਾਰ ਹਰੇਕ ਵਸਤੂ ਜ਼ਰੂਰੀ ਵਿਸ਼ੇਸ਼ਤਾ ਉਤਪਾਦਿਤ ਕਰਨ ਲਈ ਇਕ ਉਪਭੋਗ ਟੈਕਨਾਲੋਜੀ ਪੇਸ਼ ਕਰਦੀ ਹੈ।



ਚਿੱਤਰ 7.6

ਨੋਟ

ਇਸ ਦੀਆਂ ਮਾਨਤਾਵਾਂ (Its Assumptions)

ਲੰਕਾਸਟਰ ਦੇ ਮੰਗ ਸਿਧਾਂਤ ਦੀ ਵਿਆਖਿਆ ਕਰਨ ਲਈ ਅਸੀਂ ਹੇਠਾਂ ਵਰਨਣ ਕੀਤੀਆਂ ਮਾਨਤਾਵਾਂ ਲੈਂਦੇ ਹਨ।

1. ਸੇਬਾਂ ਦੀ A,B ਅਤੇ C ਤਿੰਨ ਕਿਸਮਾਂ ਜਾਂ ਬ੍ਰੈਂਡ ਹਨ।
2. ਉਨ੍ਹਾਂ ਦੀਆਂ ਕੇਵਲ ਦੋ ਵਿਸ਼ੇਸ਼ਤਾਵਾਂ ਹਨ-ਮਿਠਾਸ ਅਤੇ ਰਸੀਲਾ ਪਣ (ਰਸਦਾਰ)।
3. ਮਿਠਾਸ ਅਤੇ ਰਸੀਲਾ ਪਣ ਪੈਦਾ ਕਰਨ ਲਈ ਸੇਬਾਂ ਦੀਆਂ ਕੇਵਲ ਇਹੀ ਤਿੰਨ ਕਿਸਮਾਂ ਹਨ।
4. ਮਿਠਾਸ ਅਤੇ ਰਸੀਲਾ ਪਣ ਵਿੱਚ ਨਾਪੇ ਜਾ ਸਕਦੇ ਹਨ।
5. ਇਕ ਬ੍ਰੈਂਡ ਦੀ ਕੀਮਤ ਦੂਸਰੇ ਤੋਂ ਵੱਖ ਹੈ।
6. ਉਪਭੋਗਤਾ ਦੀ ਆਮਦਨ ਦਿੱਤੀ ਹੋਈ ਹੈ।
7. ਉਪਭੋਗਤਾ ਦਾ ਉਦੇਸ਼ ਵਿਸ਼ੇਸ਼ਤਾਵਾਂ ਦੇ ਇਕ ਮਿਸ਼ਰਿਤ ਸਮੂਹ ਦੇ ਨਾਲ ਆਪਣੀ ਉਪਯੋਗਤਾ ਨੂੰ ਜ਼ਿਆਦਾ ਕਰਨਾ ਹੈ।

ਸਿਧਾਂਤ (The Theory)

ਇਹ ਮਾਨਤਾਵਾਂ ਵੀ ਹੋਣ 'ਤੇ, ਇਕ ਉਪਭੋਗਤਾ ਜੋ ਸੇਬ ਦੀ ਕੇਵਲ ਇਕ ਕਿਸਮ ਦਾ ਉਪਭੋਗ ਕਰਦਾ ਹੈ, ਉਹ ਤਾਲਿਕਾ 1 ਵਿੱਚ ਵਰਨਣ ਮਿਠਾਸ ਅਤੇ ਰਸੀਲਾ ਪਣ ਦੀਆਂ ਵਿਸ਼ੇਸ਼ਤਾਵਾਂ ਦਾ ਉਸ ਕਿਸਮ ਵਿੱਚ ਪਾਏ ਗਏ ਅਨੁਪਾਤ ਵਿੱਚ ਹੀ ਉਪਭੋਗ ਕਰ ਸਕੇਗਾ।

ਤਾਲਿਕਾ 1. ਸੇਬ ਦੀ ਕੀਮਤ ਵੱਖ-ਵੱਖ ਕਿਸਮ ਦੀਆਂ ਵਿਸ਼ੇਸ਼ਤਾਵਾਂ

ਕਿਸਮ	ਮਿਠਾਸ	ਰਸੀਲਾਪਣ
A	6	2
B	4	4
C	2	5

ਚਿੱਤਰ 7.6 ਵਿੱਚ ਅਨੁਲੰਬ ਅਕਸ਼ 'ਤੇ ਮਿਠਾਸ ਅਤੇ ਸਮਾਂਤਰ ਅਕਸ਼ 'ਤੇ ਰਸੀਲਾਪਣ ਨਾਪੇ ਗਏ ਹਨ, ਜਦੋਂ ਸੇਬ ਦੀ ਹਰੇਕ ਕਿਸਮ ਦੀ ਤਾਲਿਕਾ ਵਿੱਚ ਦਿਖਾਈਆਂ ਗਈਆਂ ਵਿਸ਼ੇਸ਼ਤਾਵਾਂ ਹੋਣ ਤਾਂ ਇਕ ਕਿਸਮ ਦੀ ਜ਼ਿਆਦਾ ਮਾਤਰਾਵਾਂ ਉਪਭੋਗਤਾ ਨੂੰ ਚਿੱਤਰ ਵਿੱਚ OA, OB ਅਤੇ OC ਵਸਤੂ ਦੀਆਂ ਕਿਰਨਾਂ ਨਾਲ ਪ੍ਰਦਰਸ਼ਿਤ ਵਿਸ਼ੇਸ਼ਤਾਵਾਂ ਦੇ ਸੰਜੋਗ ਪ੍ਰਦਾਨ ਕਰਨਗੀਆਂ।

ਉਪਭੋਗਤਾ ਦੀ ਆਮਦਨ ਅਤੇ ਸੇਬ ਦੇ ਹਰੇਕ ਬ੍ਰੈਂਡ ਦੀ ਕੀਮਤ ਦਿੱਤੀ ਹੋਣ 'ਤੇ ਮੰਨ ਲਓ ਉਪਭੋਗਤਾ A ਦੀ OX ਮਾਤਰਾ ਅਤੇ B ਦੀ OY ਮਾਤਰਾ ਜਾਂ C ਦੀ OZ ਮਾਤਰਾ ਖਰੀਦ ਸਕਦਾ ਹੈ। X ਅਤੇ Y ਅਤੇ Y ਅਤੇ Z ਬਿੰਦੂਆਂ ਨੂੰ ਮਿਲਾ ਕੇ ਉਪਭੋਗਤਾ ਸੇਬ ਦੀਆਂ ਤਿੰਨੋਂ ਕਿਸਮਾਂ ਦੀਆਂ ਵੱਖ-ਵੱਖ ਮਾਤਰਾਵਾਂ ਦਾ ਸੰਜੋਗ ਕਰਕੇ ਦੋਵਾਂ ਵਿਸ਼ੇਸ਼ਤਾਵਾਂ ਦੇ ਵੱਖ-ਵੱਖ ਮਿਸ਼ਰਿਤ ਉਪਭੋਗ ਕਰ ਸਕਦਾ ਹੈ। XY ਰੇਖਾ ਉਪਭੋਗਤਾ ਦੀ ਬਜਟ ਰੇਖਾ ਜਾਂ ਵਿਸ਼ੇਸ਼ਤਾ ਸੰਭਾਵਨਾ ਸੀਮਾ (Attributes possibility frontier) ਅਤੇ ਦਕਸ਼ਤਾ ਸੀਮਾ (Efficiency frontier) ਹੈ ਜੋ ਉਨ੍ਹਾਂ ਸੰਜੋਗਾਂ ਨੂੰ ਦਰਸਾਉਂਦੀ ਹੈ, ਜਿਨ੍ਹਾਂ ਨੂੰ ਉਪਭੋਗਤਾ ਸੇਬ ਦੀ A ਅਤੇ B ਕਿਸਮਾਂ ਦੇ ਵੱਖ-ਵੱਖ ਮਿਸ਼ਰਣਾਂ 'ਤੇ ਆਪਣੀ ਦਿੱਤੀ ਹੋਈ ਆਮਦਨ ਖਰਚ ਕਰਕੇ ਪ੍ਰਾਪਤ ਕਰ ਸਕਦਾ। ਅਜਿਹਾ ਹੀ yz ਬਜਟ ਰੇਖਾ ਦੇ ਲਈ ਹੈ ਜੋ B ਅਤੇ C ਕਿਸਮਾਂ ਨਾਲ ਸਬੰਧਿਤ ਹੈ। ਇਸ ਤਰ੍ਹਾਂ ਬਜਟ ਰੇਖਾ XYZ ਦੋਵਾਂ ਵਿਸ਼ੇਸ਼ਤਾਵਾਂ ਦੇ ਵੱਖ-ਵੱਖ ਸੰਜੋਗਾਂ ਨੂੰ ਦਰਸਾਉਂਦੀ ਹੈ, ਜਿਨ੍ਹਾਂ ਨੂੰ ਉਪਭੋਗਤਾ ਸੇਬ ਦੀਆਂ ਤਿੰਨਾਂ ਕਿਸਮਾਂ ਦੀਆਂ ਕੀਮਤਾਂ ਅਤੇ ਉਸ ਦੀ ਆਮਦਨ ਦਿੱਤੀ ਹੋਣ 'ਤੇ ਪ੍ਰਾਪਤ ਕਰ ਸਕਦਾ ਹੈ।

X ਅਤੇ Z ਦੇ ਦਰਮਿਆਨ ਬਿੰਦੂਕਿਤ ਰੇਖਾ ਦੋ ਵਿਸ਼ੇਸ਼ਤਾਵਾਂ ਦੇ ਦਰਮਿਆਨ ਸੰਜੋਗਾਂ ਨੂੰ ਦਰਸਾਉਂਦੀ ਹੈ, ਜਿਨ੍ਹਾਂ ਨੂੰ ਉਪਭੋਗਤਾ ਆਪਣੀ ਸਾਰੀ ਆਮਦਨ A ਅਤੇ C ਕਿਸਮਾਂ 'ਤੇ ਖਰਚ ਕਰਕੇ ਪ੍ਰਾਪਤ ਕਰ ਸਕਦਾ ਹੈ, ਕਿਉਂਕਿ ਇਹ ਰੇਖਾ XZ ਦਕਸ਼ਤਾ ਸੀਮਾ XYZ ਦੇ ਹੇਠਾਂ ਸਥਿਤ ਹੈ, ਇਸ ਲਈ ਉਪਭੋਗਤਾ ਦੋਨੋਂ ਵਿਸ਼ੇਸ਼ਤਾਵਾਂ 'ਤੇ ਹੋਰ ਸੰਜੋਗਾਂ ਦੀ ਤੁਲਨਾ ਵਿੱਚ ਉਨੀ ਹੀ ਆਮਦਨ ਖਰਚ ਕਰਕੇ ਘੱਟ ਮਾਤਰਾਵਾਂ ਪ੍ਰਾਪਤ ਕਰਦਾ ਹੈ। ਇਸ ਕਾਰਨ, ਇਕ ਵਿਵੇਕੀ ਉਪਭੋਗਤਾ ਹੇਠਾਂ ਦੀ ਇਸ ਹੱਦ ਦੇ ਮੁਕਾਬਲਾ ਕਰੇਗਾ।

ਉਪਭੋਗਤਾ ਆਪਣੀਆਂ ਰੁਚੀਆਂ ਜਾਂ ਅਧਿਮਾਨਾਂ ਦੇ ਸਬੰਧ ਵਿੱਚ ਆਪਣੇ ਬਜਟ ਦੇ ਅੰਦਰ ਉਪਭੋਗ ਮੌਕਿਆਂ ਦਾ ਮੁਲਾਂਕਣ ਕਰਕੇ ਦੋਨੋਂ ਵਿਸ਼ੇਸ਼ਤਾਵਾਂ ਦੇ ਸੰਜੋਗਾਂ ਨੂੰ ਚੁਣਦਾ ਹੈ। ਉਪਭੋਗਤਾ ਦੇ ਅਧਿਮਾਨ ਇਕ ਉਦਾਸੀਨਤਾ ਵਕ੍ ਨਾਲ ਪ੍ਰਗਟ ਕੀਤੇ

ਨੋਟ

ਜਾਂਦੇ ਹਨ। ਵਿਸ਼ੇਸ਼ਤਾ ਸਥਾਨ ਵਿੱਚ ਉਪਭੋਗਤਾ ਦੇ ਉਦਾਸੀਨਤਾ ਵਕ੍ਰ ਅਤੇ ਬਜਟ ਹੱਦ ਵਿੱਚ ਛੂੰਹਦੀ ਵਸਤੂ ਦੀਆਂ ਕਿਸਮਾਂ ਦੇ ਸੰਜੋਗਾਂ ਨੂੰ ਦਰਸਾਉਂਦਾ ਹੈ, ਜੋ ਉਸੇ ਵਿਸ਼ੇਸ਼ਤਾਵਾਂ ਦੇ ਪ੍ਰਦਰਸ਼ਿਤ ਸੰਜੋਗ ਨੂੰ ਪ੍ਰਦਾਨ ਕਰਦਾ ਹੈ। ਉਹ ਵਿਸ਼ੇਸ਼ਤਾਵਾਂ ਦੇ ਉਸ ਸੰਜੋਗ ਦੀ ਚੋਣ ਕਰੇਗਾ ਜਿੱਥੇ ਬਜਟ ਰੇਖਾ ਜਾਂ ਹੱਦ ਉਚੀ ਸੰਭਵ ਉਦਾਸੀਨਤਾ ਵਕ੍ਰ ਨੂੰ ਛੂੰਹਦੀ ਹੈ। ਇਸ ਨੂੰ ਚਿੱਤਰ 7.7 ਵਿੱਚ ਦਰਸਾਇਆ ਗਿਆ ਹੈ ਜਿੱਥੇ OB ਅਤੇ OC ਵਸਤੂ ਕਿਰਨਾਂ ਵਿੱਚ ਉਦਾਸੀਨਤਾ ਵਕ੍ਰ I_2 ਬਜਟ ਰੇਖਾ XYZ ਭਾਗ ਨੂੰ ਭਾਗ ਨੂੰ E ਬਿੰਦੂ 'ਤੇ ਛੂੰਹਦੀ ਹੈ।



ਚਿੱਤਰ 7.7

ਦੋਨੋਂ ਵਿਸ਼ੇਸ਼ਤਾਵਾਂ ਦਾ ਨਿਸ਼ਚਿਤ ਸੰਜੋਗ ਪਤਾ ਕਰਨ ਲਈ, ਬਿੰਦੂ E ਤੋਂ OC ਕਿਰਨ ਦੇ ਸਮਾਂਤਰ OB ਕਿਰਨ ਦੇ F ਬਿੰਦੂ 'ਤੇ ਮਿਲਦੀ ਹੋਈ ਇਕ ਰੇਖਾ ਖਿੱਚੀ ਗਈ ਹੈ ਅਤੇ ਇਸੇ ਤਰ੍ਹਾਂ ਦੀ ਰੇਖਾ E ਤੋਂ ਕਿਰਨ OC ਦੇ ਸਮਾਂਤਰ OB ਦੇ ਬਿੰਦੂ G 'ਤੇ ਮਿਲਦੀ ਹੋਈ ਖਿੱਚੀ ਗਈ ਹੈ। ਉਪਭੋਗਤਾ ਸੇਬ ਦੀਆਂ ਦੋਨੋਂ ਕਿਸਮਾਂ ਦੀਆਂ ਦੋਨੋਂ ਵਿਸ਼ੇਸ਼ਤਾਵਾਂ ਦੇ ਇਸ਼ਟਤਮ ਮਿਸ਼ਰਣ ਨੂੰ ਬਿੰਦੂ E 'ਤੇ ਬ੍ਰੈਂਡ B ਦੀਆਂ ਇਕਾਈਆਂ ਨੂੰ O ਤੋਂ F 'ਤੇ OB ਕਿਰਨ ਦੇ ਨਾਲ ਗਤੀ ਕਰਕੇ ਖਰੀਦਦਾ ਹੈ ਅਤੇ ਫਿਰ F ਤੋਂ E 'ਤੇ ਗਤੀ ਕਰਕੇ ਬ੍ਰੈਂਡ C ਦੀਆਂ ਇਕਾਈਆਂ ਖਰੀਦਦਾ ਹੈ।

ਇਸੇ ਤਰ੍ਹਾਂ ਦੂਸਰੇ ਪਾਸੇ ਦੋਨੋਂ ਬ੍ਰੈਂਡ ਦੀਆਂ ਵਿਸ਼ੇਸ਼ਤਾਵਾਂ ਦੇ ਇਸ਼ਟਤਮ ਮਿਸ਼ਰਣ ਨੂੰ ਬ੍ਰੈਂਡ C ਦੇ ਲਈ O ਤੋਂ G ਬਿੰਦੂ 'ਤੇ ਗਤੀ ਕਰਕੇ ਅਤੇ ਬ੍ਰੈਂਡ B ਦੇ ਲਈ G ਤੋਂ E 'ਤੇ ਗਤੀ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

ਦੋਨੋਂ ਤਰ੍ਹਾਂ ਨਾਲ ਬਰਾਬਰ ਹੱਲ ਕੱਢਿਆ ਹੈ ਜਿਸ ਦੇ ਅਨੁਸਾਰ ਉਪਭੋਗਤਾ OF (=GE) ਬ੍ਰੈਂਡ B ਦੀਆਂ ਇਕਾਈਆਂ ਅਤੇ OG (=FE) ਬ੍ਰੈਂਡ C ਦੀਆਂ ਇਕਾਈਆਂ ਖਰੀਦਦਾ ਹੈ। ਇਸ ਤਰ੍ਹਾਂ ਉਪਭੋਗਤਾ B ਬ੍ਰੈਂਡ ਨਾਲ ਰਸੀਲੇਪਣ ਦੀਆਂ OK ਇਕਾਈਆਂ ਅਤੇ C ਬ੍ਰੈਂਡ ਨਾਲ ਰਸੀਲੇਪਣ ਦੀਆਂ KL ਇਕਾਈਆਂ ਅਤੇ C ਤੋਂ ਮਿਠਾਸ ਦੀਆਂ OM ਇਕਾਈਆਂ ਅਤੇ B ਤੋਂ MN ਇਕਾਈਆਂ ਪ੍ਰਾਪਤ ਕਰਦਾ ਹੈ।

ਇਹ ਧਿਆਨ ਦੇਣ ਯੋਗ ਹੈ ਕਿ ਉਪਭੋਗਤਾ I_1 ਉਦਾਸੀਨਤਾ ਵਕ੍ਰ 'ਤੇ ਨਹੀਂ ਹੋ ਸਕਦਾ ਕਿਉਂਕਿ ਇਹ ਉਸ ਦੀ ਬਜਟ ਹੱਦ XYZ ਤੋਂ ਹੇਠਾਂ ਹੈ ਅਤੇ ਉਹ ਕੇਵਲ ਸੇਬ ਦਾ A ਬ੍ਰੈਂਡ ਹੀ X ਬਿੰਦੂ 'ਤੇ ਖਰੀਦ ਸਕਦਾ ਹੈ ਜਦੋਂ ਕਿ ਮਾਨਤਾ ਦੇ ਅਨੁਸਾਰ ਉਸ ਨੂੰ ਦੋ ਬ੍ਰੈਂਡ ਦਾ ਮਿਸ਼ਰਣ ਖਰੀਦਣਾ ਹੈ। ਫਿਰ ਉਹ I_3 ਵਕ੍ਰ 'ਤੇ ਵੀ ਨਹੀਂ ਹੋ ਸਕਦਾ ਕਿਉਂਕਿ ਇਹ ਉਸ ਦੀ ਬਜਟ ਰੇਖਾ XYZ ਤੋਂ ਉਪਰ ਸਥਿਤ ਹੈ। ਇਸ ਲਈ ਉਹ ਕੇਵਲ I_2 ਵਕ੍ਰ ਦੇ ਬਿੰਦੂ E 'ਤੇ ਹੀ ਆਪਣੀ ਉਪਯੋਗਤਾ ਨੂੰ ਜ਼ਿਆਦਾ ਕਰਦਾ ਹੈ ਜਿੱਥੇ ਇਹ ਵਕ੍ਰ ਉਸ ਦੀ ਬਜਟ ਰੇਖਾ XYZ ਨੂੰ ਛੂੰਹਦੀ ਹੈ।

ਇਹ ਵਿਸ਼ੇਸ਼ਤਾ ਸਿਧਾਂਤ ਵਸਤੂ ਦੀ ਕੀਮਤ, ਆਮਦਨ ਅਤੇ ਕਵਾਲਟੀ ਵਿੱਚ ਪਰਿਵਰਤਨਾਂ ਦਾ ਉਪਭੋਗਤਾ ਨਾਲ ਵਸਤੂ ਦੀਆਂ ਕਿਸਮਾਂ ਦੀ ਚੋਣ 'ਤੇ ਪ੍ਰਭਾਵਾਂ ਨੂੰ ਵਿਆਖਿਆ ਉਦਾਸੀਨਤਾ ਵਕ੍ਰ ਵਿਸ਼ਲੇਸ਼ਣ ਦੀ ਤਰ੍ਹਾਂ ਕਰਦਾ ਹੈ।

ਨੋਟ

ਕੀਮਤ ਪ੍ਰਭਾਵ ਜਾਂ ਮੰਗ ਦਾ ਨਿਯਮ (The Price Effect of law of Demand)

ਲੰਕਾਸਟਰ ਦੇ ਸਿਧਾਂਤ ਵਿੱਚ ਉਪਭੋਗਤਾ ਦੀ ਮੰਗ ਵੱਲ ਵਿਸ਼ੇਸ਼ਤਾਵਾਂ ਦੀ ਚੋਣ 'ਤੇ ਵਸਤੂ ਦੇ ਇਕ ਬ੍ਰੈਂਡ ਦੀ ਕੀਮਤ ਵਿੱਚ ਪਰਿਵਰਤਨ ਦੀ ਵਿਆਖਿਆ ਕੀਤੀ ਜਾ ਸਕਦੀ ਹੈ।

ਕੀਮਤ ਵਿੱਚ ਕਮੀ (Fall in Price)- ਹੋਰ ਕਿਸਮਾਂ (ਜਾਂ ਵਸਤੂਆਂ) ਦੀਆਂ ਕੀਮਤਾਂ ਅਤੇ ਉਪਭੋਗਤਾਵਾਂ ਦੀ ਆਮਦਨ ਦੀ ਹੋਣ 'ਤੇ ਮੰਨ ਲਓ ਕਿ ਚਿੱਤਰ 7.8 ਵਿੱਚ ਉਪਭੋਗਤਾ E ਬਿੰਦੂ 'ਤੇ ਸੰਤੁਲਨ ਵਿੱਚ ਹੈ ਜਿੱਥੇ ਬਜਟ ਰੇਖਾ XYZ ਦਾ ਭਾਗ YZ ਉਦਾਸੀਨਤਾ ਵਕ੍ਰ I_1 ਨੂੰ ਛੂੰਹਦੀ ਹੈ। ਉਹ ਬ੍ਰੈਂਡ C ਤੋਂ OG (=FE) ਵਿਸ਼ੇਸ਼ਤਾਵਾਂ ਅਤੇ ਬ੍ਰੈਂਡ B ਤੋਂ OF (=GE) ਵਿਸ਼ੇਸ਼ਤਾਵਾਂ ਪ੍ਰਾਪਤ ਕਰ ਰਿਹਾ ਹੈ। ਹੁਣ ਜੇਕਰ ਬ੍ਰੈਂਡ B ਦੀ ਕੀਮਤ ਘੱਟ ਹੋ ਜਾਂਦੀ ਹੈ, ਉਪਭੋਗਤਾ ਦੀ ਆਮਦਨ ਦੀ ਹੋਣ 'ਤੇ 'ਤੇ ਕਿਰਨ OB ਦਾ ਬਿੰਦੂ Y ਕਿਰਨ ਦੇ ਨਾਲ ਉਪਰ ਵੱਲ Y_1 'ਤੇ ਗਤੀ ਕਰ ਜਾਵੇਗਾ, ਜਿਸ ਨਾਲ ਇਕ ਨਵੀਂ ਬਜਟ ਹੱਦ XYZ ਬਣ ਜਾਂਦੀ ਹੈ। XYZ_1 Z ਸੰਭਾਵੀ ਖੇਤਰ ਕਹਾਉਂਦਾ ਹੈ। ਨਵੀਂ ਸੰਤੁਲਨ ਸਥਿਤੀ ਬਿੰਦੂ E_1 'ਤੇ ਹੈ ਜਿੱਥੇ ਉਦਾਸੀਨਤਾ ਵਕ੍ਰ I_2 ਇਸ ਖੇਤਰ ਦੇ ਭਾਗ Y_1Z ਨੂੰ ਛੂੰਹਦੀ ਹੈ। ਨਤੀਜੇ ਵਜੋਂ ਉਪਭੋਗਤਾ ਬ੍ਰੈਂਡ B ਦੀ ਪਹਿਲਾਂ ਤੋਂ ਜ਼ਿਆਦਾ ਮਾਤਰਾ OF_1 ਅਤੇ ਬ੍ਰੈਂਡ AC ਦੀ ਪਹਿਲਾਂ ਤੋਂ ਘੱਟ ਮਾਤਰਾ OG_1 ਖਰੀਦਦਾ ਹੈ। ਲੰਕਾਸਟਰ ਇਸ ਨੂੰ ਦਖਸ਼ਤਾ ਪ੍ਰਭਾਵ (efficiency effect) ਕਹਿੰਦਾ ਹੈ ਜੋ B ਦੀ ਕੀਮਤ ਘੱਟ ਹੋਣ ਨਾਲ B ਅਤੇ C ਬ੍ਰੈਂਡ ਦੇ ਮਿਸ਼ਰਣ ਵਿੱਚ ਪਰਿਵਰਤਨ ਹੈ। ਇਹ ਉਦਾਸੀਨਤਾ ਵਕ੍ਰ ਵਿਸ਼ਲੇਸ਼ਣ ਦੇ ਸਥਾਨਾਪੰਨ ਪ੍ਰਭਾਵ ਦੇ ਬਰਾਬਰ ਹੈ ਸਿਵਾਏ ਇਸ ਦੇ ਕਿ ਇਹ ਵਿਸ਼ੇਸ਼ਤਾਵਾਂ ਵਿੱਚ ਸਥਾਨਾਪੰਨਤਾ ਹੈ



ਚਿੱਤਰ 7.8

B ਅਤੇ C ਦੇ ਬ੍ਰੈਂਡ-ਮਿਸ਼ਰਣ ਦਾ ਨਵਾਂ ਸੰਜੋਗ ਹੈ-ਬ੍ਰੈਂਡ B ਤੋਂ OF_1 (=G_1E_1) ਵਿਸ਼ੇਸ਼ਤਾਵਾਂ ਅਤੇ ਬ੍ਰੈਂਡ C ਤੋਂ OG_1 (=F_1E_1) ਵਿਸ਼ੇਸ਼ਤਾਵਾਂ। ਇਸ ਤਰ੍ਹਾਂ ਬ੍ਰੈਂਡ, B ਦੀ ਕੀਮਤ ਵਿੱਚ ਕਮੀ ਦਾ ਪ੍ਰਭਾਵ ਇਹ ਹੋਇਆ ਹੈ ਕਿ ਇਸ ਦੀ ਮੰਗ ਵਿੱਚ ਵਾਧਾ ਹੋਇਆ ਹੈ ਅਤੇ ਬ੍ਰੈਂਡ C ਦੀ ਮੰਗ ਵਿੱਚ ਕਮੀ। ਇਹ ਮੰਗ ਦੇ ਨਿਯਮ ਦੀ ਵਿਆਖਿਆ ਹੈ ਜਦੋਂ ਇਕ ਬ੍ਰੈਂਡ ਜਾਂ ਵਸਤੂ ਦੀ ਕੀਮਤ ਘੱਟ ਹੁੰਦੀ ਹੈ। ਇਸ ਦੇ ਉਲਟ ਕੀਮਤ ਵਿੱਚ ਵਾਧੇ ਨਾਲ ਹੁੰਦਾ ਹੈ।

ਕੀਮਤ ਵਿੱਚ ਵਾਧਾ (Rise in Price)- ਬ੍ਰੈਂਡ B ਦੀ ਕੀਮਤ ਵਿੱਚ ਵਾਧੇ ਨੂੰ ਚਿੱਤਰ 7.9 ਵਿੱਚ ਦਰਸਾਇਆ ਗਿਆ ਹੈ। ਜਿੱਥੇ ਸ਼ੁਰੂ ਵਿੱਚ ਉਪਭੋਗਤਾ ਹੈ ਬਜਟ ਰੇਖਾ XYZ ਅਤੇ I_2 ਵਕ੍ਰ ਦੇ ਛੂੰਹਦੀ ਬਿੰਦੂ E 'ਤੇ ਸੰਤੁਲਨ ਵਿੱਚ ਹੈ। ਮੰਨ ਲਓ ਕਿ B ਬ੍ਰੈਂਡ ਦੀ ਕੀਮਤ ਵਿੱਚ ਵਾਧਾ ਹੋ ਜਾਂਦਾ ਹੈ ਜਿਸ ਦੇ ਨਤੀਜੇ ਵਜੋਂ OB ਕਿਰਨ 'ਤੇ Y ਬਿੰਦੂ ਹੇਠਾਂ O ਵੱਲ ਗਤੀ ਕਰਕੇ Y_0 ਬਿੰਦੂ 'ਤੇ ਪਹੁੰਚਦਾ ਹੈ। ਹੁਣ ਹੇਠਾਂ ਦੀ ਬਜਟ ਰੇਖਾ XY_0Z ਨੂੰ I_1 ਵਕ੍ਰ E_0 ਬਿੰਦੂ 'ਤੇ ਛੂੰਹਦੀ ਹੈ ਜਿੱਥੇ ਉਪਭੋਗਤਾ ਸੰਤੁਲਨ ਵਿੱਚ ਹੈ। ਹੁਣ ਉਹ ਬ੍ਰੈਂਡ B ਦੇ ਸਥਾਨ 'ਤੇ ਬ੍ਰੈਂਡ C ਨੂੰ ਸਥਾਨਾਪੰਨ ਕਰਦਾ ਹੈ ਅਤੇ ਬ੍ਰੈਂਡ C ਦੀ GG_1 (OG_1>OG) ਜ਼ਿਆਦਾ ਮਾਤਰਾ ਖਰੀਦਦਾ ਹੈ ਅਤੇ ਬ੍ਰੈਂਡ B ਦੀ FF_1 (OF_1<OF) ਪਹਿਲਾਂ ਤੋਂ ਘੱਟ ਮਾਤਰਾ ਖਰੀਦਦਾ ਹੈ। ਇੱਥੇ B ਬ੍ਰੈਂਡ ਦੀ ਕੀਮਤ ਵਧਣ ਦਾ ਲੰਕਾਸਟਰ ਦਾ ਦਖਸ਼ਤਾ ਪ੍ਰਭਾਵ ਹੈ। B ਦੀ ਕੀਮਤ ਵਧਣ ਦਾ ਵਿਸ਼ੇਸ਼ਤਾਵਾਂ ਨਾਲ ਸਬੰਧਿਤ ਸਥਾਨਾਪੰਨਤਾ ਪ੍ਰਭਾਵ ਵੀ ਹੁੰਦਾ ਹੈ ਕਿਉਂਕਿ ਉਪਭੋਗਤਾ

ਨੋਟ

ਚਿੱਤਰ 7.9

ਰਸੀਲੇਪਣ ਨੂੰ ਮਿਠਾਸ ਦੀ ਜਗ੍ਹਾ 'ਤੇ ਸਥਾਨਾਪੰਨ ਕਰਦਾ ਹੈ ਜਦੋਂ ਉਹ ਬ੍ਰੈਂਡ C ਤੋਂ ਜ਼ਿਆਦਾ ਰਸੀਲੇਪਣ GG_1 ਨੂੰ ਘੱਟ ਮਿਠਾਸ FF_1 ਨਾਲ ਸਥਾਨਾਪੰਨ ਕਰਦਾ ਹੈ।

ਜੇਕਰ ਬ੍ਰੈਂਡ B ਦੀ ਕੀਮਤ ਉਸ ਪੱਧਰ ਤੱਕ ਵੱਧਦੀ ਹੈ ਜਿੱਥੇ ਬਜਟ ਰੇਖਾ ਇਕ ਸਰਲ ਰੇਖਾ XZ ਹੋ ਜਾਂਦੀ ਹੈ, ਤਾਂ ਉਪਭੋਗਤਾ A ਅਤੇ C ਬ੍ਰੈਂਡ-ਮਿਸ਼ਰਣ ਨੂੰ ਖਰੀਦੇਗਾ ਅਤੇ ਬ੍ਰੈਂਡ B ਬਿਲਕੁਲ ਨਹੀਂ ਖਰੀਦਿਆ ਜਾਵੇਗਾ। ਨਤੀਜੇ ਵਜੋਂ ਬ੍ਰੈਂਡ B ਦੀ ਕੀਮਤ ਜ਼ਿਆਦਾ ਹੋ ਜਾਣ ਨਾਲ ਉਹ ਮਾਰਕੀਟ ਤੋਂ ਬਾਹਰ ਹੋ ਜਾਵੇਗਾ। ਬ੍ਰੈਂਡ B ਦਾ ਉਤਪਾਦਕ ਆਪਣੀ ਕੀਮਤ ਘੱਟ ਕਰਕੇ ਮਾਰਕੀਟ ਨੂੰ ਪੁਨਰ ਪ੍ਰਾਪਤ ਕਰ ਸਕਦਾ ਹੈ ਜਦੋਂ ਉਹ XZ ਬਜਟ ਰੇਖਾ ਤੋਂ ਉਪਰ OB ਕਿਰਨ ਦੇ ਕਿਸੇ ਵੀ ਬਿੰਦੂ 'ਤੇ ਹੁੰਦੀ ਹੈ।

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾ ਵਿੱਚੋਂ ਸਹੀ/ਗਲਤ ਲੱਭੋ

(State whether the Following Statements are True/False)-

8. ਪਰੋਕਸ਼ ਉਪਯੋਗਤਾ ਫਲਨ ਨੂੰ ਪਰੋਕਸ਼ ਉਦਾਸੀਨਤਾ ਵਕ੍ਰਾਂ ਨਾਲ ਚਿੱਤਰਿਤ ਕੀਤਾ ਜਾਂਦਾ ਹੈ।
9. ਉਚੇ ਪਰੋਕਸ਼ ਉਦਾਸੀਨਤਾ ਵਕ੍ਰ ਹੇਠਲੇ ਉਪਯੋਗਤਾ ਪੱਧਰਾਂ ਦੇ ਨਾਲ ਸਬੰਧਿਤ ਹੁੰਦੇ ਹਨ।
10. ਉਪਭੋਗਤਾ ਖਰਚ ਫਲਨ ਇਹ ਦੱਸਦਾ ਹੈ ਕਿ ਉਪਭੋਗਤਾ ਆਪਣਾ ਖਰਚ ਕਿਸ ਤਰ੍ਹਾਂ ਕਰਦਾ ਹੈ।
11. ਉਪਭੋਗਤਾ ਦਾ ਉਦੇਸ਼ ਵਿਸ਼ੇਸ਼ਤਾਵਾਂ ਦੇ ਇਕ ਮਿਸ਼ਰਤ ਸਮੂਹ ਦੇ ਨਾਲ ਆਪਣੀ ਉਪਯੋਗਤਾ ਨੂੰ ਨਿਊਨਤਮ ਕਰਨਾ ਹੈ।
12. ਲੰਕਾਸਟਰ ਦੇ ਸਿਧਾਂਤ ਵਿੱਚ ਉਪਭੋਗਤਾ ਦੀ ਮੰਗ ਅਤੇ ਵਿਸ਼ੇਸ਼ਤਾਵਾਂ ਦੀ ਚੋਣ 'ਤੇ ਵਸਤੂ ਦੇ ਇਕ ਬ੍ਰੈਂਡ ਦੀ ਕੀਮਤ ਵਿੱਚ ਪਰਿਵਰਤਨ ਦੀ ਵਿਆਖਿਆ ਕੀਤੀ ਜਾ ਸਕਦੀ ਹੈ।

ਆਮਦਨ ਪ੍ਰਭਾਵ (The Income Effect)

ਉਪਭੋਗਤਾ ਦੀ ਆਮਦਨ ਵਿੱਚ ਪਰਿਵਰਤਨ ਦਾ ਵਸਤੂਆਂ ਜਾਂ ਬ੍ਰੈਂਡ ਦੀ ਮੰਗ 'ਤੇ ਪ੍ਰਭਾਵ, ਉਨ੍ਹਾਂ ਦੀਆਂ ਕੀਮਤਾਂ 'ਤੇ, ਮੰਗ ਦੇ ਵਿਸ਼ੇਸ਼ਤਾ ਸਿਧਾਂਤ ਨਾਲ ਵੀ ਵਰਨਣ ਕੀਤਾ ਜਾ ਸਕਦਾ ਹੈ ਜਿਸ ਨਾਲ ਚਿੱਤਰ 7.10 ਵਿੱਚ ਦਰਸਾਇਆ ਗਿਆ ਹੈ। ਵਿਸ਼ਲੇਸ਼ਣ ਨੂੰ ਸਰਲ ਰੱਖਣ ਦੇ ਲਈ ਕੇਵਲ ਦੋ ਬ੍ਰੈਂਡ B ਅਤੇ C ਲਈ ਜਾਂਦੇ ਹਨ, ਜਦੋਂ ਕਿ ਉਨ੍ਹਾਂ ਦੀਆਂ ਕੀਮਤਾਂ ਦਿੱਤੀ ਹੋਈ ਹੈ। ਸ਼ੁਰੂ ਵਿੱਚ ਉਪਭੋਗਤਾ E ਬਿੰਦੂ 'ਤੇ ਸੰਤੁਲਨ ਵਿੱਚ ਹਨ ਜਿੱਥੇ ਉਸ ਦੀ ਬਜਟ ਰੇਖਾ YZ ਉਦਾਸੀਨਤਾ ਵਕ੍ਰ I_1 ਨੂੰ ਛੂੰਹਦੀ ਹੈ। ਉਹ B ਦਾ OF (=GE) ਅਤੇ C ਦਾ OG (=FE) ਵਿਸ਼ੇਸ਼ਤਾ ਬ੍ਰੈਂਡ-ਮਿਸ਼ਰਣ ਖਰੀਦਦਾ ਹੈ। ਮੰਨ ਲਓ ਕਿ ਉਸ ਦੀ ਆਮਦਨ ਵੱਧ ਜਾਂਦੀ ਹੈ ਜਿਸ ਨਾਲ OB ਕਿਰਨ 'ਤੇ ਬਿੰਦੂ Y ਵੱਧ ਕੇ Y_1 'ਤੇ ਚਲਾ ਜਾਂਦਾ ਹੈ ਅਤੇ ਕਿਰਨ OC ਬਿੰਦੂ Z ਵੱਧ ਕੇ Z_1 'ਤੇ ਚਲਾ ਜਾਂਦਾ ਹੈ। ਹੁਣ ਉਸ ਦਾ ਨਵਾਂ ਸੰਤੁਲਨ E_1 ਬਿੰਦੂ 'ਤੇ ਹੁੰਦਾ ਹੈ ਜਿੱਥੇ ਬਜਟ ਰੇਖਾ Y_1Z_1 ਉਚੇ ਉਦਾਸੀਨਤਾ ਵਕ੍ਰ I_2 ਨੂੰ ਛੂਹੰਦੀ ਹੈ। ਨਤੀਜੇ

ਨੋਟ

ਵਜੋਂ ਆਮਦਨ ਵਧਣ ਨਾਲ ਉਹ B ਦਾ OF_1 (=G_1E_1) ਅਤੇ C ਦਾ OG_1 (=F_1E_1) ਉਚੀ ਵਿਸ਼ੇਸ਼ਤਾ ਬ੍ਰੈਂਡ-ਮਿਸ਼ਰਤਾ ਬ੍ਰੈਂਡ-ਮਿਸ਼ਰਣ ਖਰੀਦਦਾ ਹੈ। ਇਸ ਤਰ੍ਹਾਂ ਉਪਭੋਗਤਾ ਦੀ ਆਮਦਨ ਵਿੱਚ ਵਾਧੇ ਦਾ ਇਹ ਪ੍ਰਭਾਵ ਹੁੰਦਾ ਹੈ ਕਿ ਉਹ ਦੋਨੋਂ ਬ੍ਰੈਂਡ ਅਤੇ ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਦੀ ਪਹਿਲਾਂ ਜ਼ਿਆਦਾ ਮਾਤਰਾਵਾਂ ਖਰੀਦ ਕੇ ਆਪਣੀ ਉਪਯੋਗਤਾ ਨੂੰ ਜ਼ਿਆਦਾ ਕਰਦਾ ਹੈ। ਉਪਭੋਗਤਾ ਦੀ ਆਮਦਨ ਘੱਟ ਹੋਣ 'ਤੇ ਇਸ ਦੇ ਉਲਟ ਪ੍ਰਭਾਵ ਹੋਵੇਗਾ।



ਚਿੱਤਰ 7.10

ਵਸਤੂ ਜਾਂ ਬ੍ਰੈਂਡ ਦੇ ਗੁਣ ਵਿੱਚ ਪਰਿਵਰਤਨ (Change in Quality of Brand or Commodity)

ਮੰਗ ਦਾ ਵਿਸ਼ੇਸ਼ਤਾ ਸਿਧਾਂਤ ਉਪਭੋਗਤਾ ਦੇ ਵਿਵਹਾਰ 'ਤੇ ਇਕ ਬ੍ਰੈਂਡ ਜਾਂ ਵਸਤੂ ਦੇ ਗੁਣ ਵਿੱਚ ਪਰਿਵਰਤਨ ਦੇ ਪ੍ਰਭਾਵ ਦੀ ਵੀ ਵਿਆਖਿਆ ਕਰਦਾ ਹੈ। ਮੰਨ ਲਓ ਕਿ ਸੇਬ ਦੇ ਕੇਵਲ ਦੋ ਬ੍ਰੈਂਡ A ਅਤੇ B ਹਨ ਜਿਨ੍ਹਾਂ ਦੀ ਮਿਠਾਸ ਅਤੇ ਰਸੀਲਾਪਣ ਵਿਸ਼ੇਸ਼ਤਾਵਾਂ ਤਾਲਿਕਾ I ਵਿੱਚ ਦਿੱਤੇ ਗਏ ਅਨੁਪਾਤ ਹਨ। ਫਿਰ ਵੀ ਮੰਨ ਲਿਆ ਜਾਂਦਾ ਹੈ ਕਿ ਉਪਭੋਗਤਾ ਕੇਵਲ B ਬ੍ਰੈਂਡ ਦਾ ਉਪਭੋਗ ਕਰਦਾ ਹੈ ਕਿਉਂਕਿ ਇਸ ਵਿੱਚ ਮਿਠਾਸ ਅਤੇ ਰਸੀਲਾਪਣ ਵਿਸ਼ੇਸ਼ਤਾਵਾਂ ਦੀਆਂ ਬਰਾਬਰ ਇਕਾਈਆਂ ਹਨ। ਇਸ ਲਈ ਉਹ ਵਸਤੂ ਕਿਰਨ OB ਦੇ ਬਿੰਦੂ Y 'ਤੇ ਆਪਣੀ ਉਪਯੋਗਤਾ ਨੂੰ ਜ਼ਿਆਦਾ ਕਰਦਾ ਹੈ ਜਿੱਥੇ ਉਸ ਦਾ ਉਦਾਸੀਨਤਾ ਵਕ੍ਰ I_1 ਛੂੰਹਦੀ ਹੈ, ਜਿਵੇਂ ਕਿ ਚਿੱਤਰ 7.11 ਵਿੱਚ ਦਰਸਾਇਆ ਗਿਆ ਹੈ।



ਚਿੱਤਰ 7.11

ਹੁਣ ਮੰਨ ਲਓ ਕਿ ਇਕ ਉਤਪਾਦਕ ਸੇਬ ਦਾ ਨਵਾਂ ਬ੍ਰੈਂਡ C ਉਤਪਾਦਿਤ ਕਰਦਾ ਹੈ ਜਿਸ ਵਿੱਚ ਮਿਠਾਸ ਦੇ ਮੁਕਾਬਲੇ ਜ਼ਿਆਦਾ ਰਸੀਲਾਪਣ ਹੈ। ਇਸ ਚਿੱਤਰ ਵਿੱਚ OC ਕਿਰਨ ਨਾਲ ਦਿਖਾਇਆ ਗਿਆ ਹੈ। ਇਸ ਬ੍ਰੈਂਡ ਦੀ ਹੋਰ ਬ੍ਰੈਂਡ ਦੀ ਤੁਲਨਾ ਵਿੱਚ ਕੀਮਤ

ਨੋਟ

ਵੀ ਘੱਟ ਹੈ। ਇਹ ਮਾਨਤਾਵਾਂ ਦਿੱਤੇ ਹੋਣ 'ਤੇ ਉਪਭੋਗਤਾ ਆਪਣੇ ਅਧਿਮਾਨ ਨੂੰ B ਤੋਂ C ਬ੍ਰੈਂਡ ਵੱਲ ਤਬਦੀਲ ਕਰ ਦਿੰਦਾ ਹੈ ਜਿਸ ਨਾਲ ਉਸ ਦੀ ਬਜਟ ਰੇਖਾ XY ਕਿਰਨ OC ਦੇ ਬਿੰਦੂ Z ਤੱਕ ਵੱਧ ਕੇ XYZ ਹੋ ਜਾਂਦੀ ਹੈ। ਹੁਣ ਉਪਭੋਗਤਾ Z ਬਿੰਦੂ 'ਤੇ ਆਪਣੀ ਉਪਯੋਗਤਾ ਨੂੰ ਜ਼ਿਆਦਾ ਕਰਦਾ ਹੈ ਜਿੱਥੇ ਉਚੀ ਉਦਾਸੀਨਤਾ ਵਕ੍ਰ I_2 ਇਸ ਨਾਲ ਛੂੰਹਦੀ ਹੈ।

ਹੁਣ ਅਸੀਂ ਇਕ ਅਜਿਹੀ ਸਥਿਤੀ ਲੈਂਦੇ ਹਾਂ ਜਿਸ ਵਿੱਚ ਇਕ ਉਦਪਾਦਨ ਇਕ ਨਵੀਂ ਬ੍ਰੈਂਡ ਜਾਂ ਵਸਤੂ ਦਾ ਮਾਰਕੀਟ ਵਿੱਚ ਪ੍ਰਵੇਸ਼ ਕਰਦਾ ਹੈ, ਜਿਸ ਵਿੱਚ ਦੋਨੋਂ ਵਿਸ਼ੇਸ਼ਤਾਵਾਂ ਦੀ ਜ਼ਿਆਦਾ ਇਕਾਈਆਂ ਹਨ ਅਤੇ ਜੋ ਉਪਭੋਗਤਾ ਨੂੰ ਉਪਯੋਗਤਾ ਦਾ ਉਚਾ ਪੱਧਰ ਪ੍ਰਦਾਨ ਕਰਦਾ ਹੈ। ਇਸ ਨਾਲ ਚਿੱਤਰ 7.11 ਵਿੱਚ ਵਸਤੂ ਕਿਰਨ OD ਖਿੱਚ ਕੇ ਦਰਸਾਇਆ ਗਿਆ ਹੈ। ਇਸ ਵਿੱਚ ਬਜਟ ਹੱਦ ਉਪਰ ਵੱਲ ਵੱਧ ਕੇ XYRZ ਹੋ ਜਾਂਦੀ ਹੈ ਅਤੇ ਉਪਭੋਗਤਾ ਉਚੀ ਉਦਾਸੀਨਤਾ ਵਕ੍ਰ I_3 'ਤੇ ਚਲਾ ਜਾਂਦਾ ਹੈ ਜਿੱਥੇ ਉਹ R ਬਿੰਦੂ ਨੂੰ ਛੂੰਹਦਾ ਹੈ। ਹੁਣ ਉਪਭੋਗਤਾ ਕੇਵਲ ਇਸੇ ਬ੍ਰੈਂਡ ਦੀਆਂ ਦੋਨੋਂ ਵਿਸ਼ੇਸ਼ਤਾਵਾਂ ਦੀ ਜ਼ਿਆਦਾ ਇਕਾਈਆਂ ਦਾ ਉਪਭੋਗ ਕਰਕੇ ਆਪਣੀ ਉਦਾਸੀਨਤਾ ਨੂੰ ਜ਼ਿਆਦਾ ਕਰਦਾ ਹੈ, ਜਦੋਂ ਕਿ ਉਸ ਦੀ ਆਮਦਨ ਅਤੇ ਬ੍ਰੈਂਡ ਦੀ ਕੀਮਤ ਦਿੱਤੀ ਹੋਈ ਹੈ।

ਲੈਂਕਾਸਟਰ ਦੇ ਮੰਗ ਸਿਧਾਂਤ ਦਾ ਆਲੋਚਨਾਤਮਕ ਮੁਲਾਂਕਣ
(Critical Appraisal of Lancaster's Demand Theory)

ਮਾਰਸ਼ਲ ਦੇ ਮੰਗ ਸਿਧਾਂਤ ਉਦਾਸੀਨਤਾ ਵਕ੍ਰ ਵਿਸ਼ਲੇਸ਼ਣ ਅਤੇ ਪ੍ਰਗਟ ਸਿਧਾਂਤ ਦੀ ਤੁਲਨਾ ਵਿੱਚ ਲੈਂਕਾਸਟਰ ਦਾ ਨਵਾਂ ਮੰਗ ਸਿਧਾਂਤ ਹੇਠ ਲਿਖੇ ਕਾਰਨਾਂ ਨਾਲ ਨਾ ਕੇਵਲ ਸ੍ਰੇਸ਼ਠ ਹੈ ਬਲਕਿ ਉਨ੍ਹਾ 'ਤੇ ਸੁਧਾਰ ਹੈ।

1. ਪੂਰਵ ਸਿਧਾਂਤ ਉਪਭੋਗਤਾ ਦੀ ਮੰਗ ਦੀ ਕੇਵਲ ਇਕੱਲੀਆਂ ਵਸਤੂਆਂ ਦੇ ਲਈ ਵਿਆਖਿਆ ਕਰਦੇ ਹਨ ਪਰ ਲੈਂਕਾਸਟਰ ਦਾ ਮੰਗ ਸਿਧਾਂਤ ਇਨ੍ਹਾਂ ਸਿਧਾਂਤਾਂ ਤੋਂ ਸ੍ਰੇਸ਼ਠ ਹੈ ਕਿਉਂਕਿ ਇਹ ਵਸਤੂਆਂ ਜਾਂ ਉਨ੍ਹਾਂ ਦੇ ਬ੍ਰੈਂਡ ਵਿੱਚ ਪਾਈਆਂ ਜਾਣ ਵਾਲੀਆਂ ਵਿਸ਼ੇਸ਼ਤਾਵਾਂ 'ਤੇ ਜ਼ੋਰ ਦਿੰਦਾ ਹੈ। ਇਕ ਉਪਭੋਗਤਾ ਕਿਸੇ ਵਸਤੂ ਨੂੰ ਕੇਵਲ ਖਰੀਦਣ ਦੇ ਲਈ ਹੀ ਨਹੀਂ ਖਰੀਦਦਾ ਬਲਕਿ ਇਸ ਲਈ ਖਰੀਦਦਾ ਹੈ ਕਿ ਉਸ ਵਿੱਚ ਕੁਝ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ ਜੋ ਉਸ ਉਪਯੋਗਤਾ ਪ੍ਰਦਾਨ ਕਰਦੀਆਂ ਹਨ।
2. ਲੈਂਕਾਸਟਰ ਦਾ ਵਿਸ਼ੇਸ਼ਤਾ ਸਿਧਾਂਤ ਉਪਭੋਗਤਾ ਵਿਵਹਾਰ ਦੇ ਹੋਰ ਸਿਧਾਂਤਾਂ 'ਤੇ ਸੁਧਾਰ ਹੈ ਕਿਉਂਕਿ ਇਹ ਇਸ ਤੱਥ ਦੀ ਵਿਆਖਿਆ ਕਰਦਾ ਹੈ ਕਿ ਉਪਭੋਗਤਾ ਕੇਵਲ ਇਕ ਇਕੱਲੀ ਵਸਤੂ ਨਾ ਖਰੀਦ ਕੇ ਵਸਤੂਆਂ ਦੇ ਮਿਸ਼ਰਤ ਸਮੂਹ (ਬੰਡਲ) ਨੂੰ ਖਰੀਦਦਾ ਹੈ ਜਿਨ੍ਹਾਂ ਦੀ ਵੱਖ-ਵੱਖ ਤਰ੍ਹਾਂ ਦੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਇਹ ਜ਼ਿਆਦਾ ਅਸਲੀ ਹੈ ਕਿਉਂਕਿ, ਉਦਾਹਰਣ ਦੇ ਤੌਰ 'ਤੇ ਉਪਭੋਗਤਾ ਕੇਵਲ ਇਕ ਸਬਜੀ ਦਾ ਹੀ ਉਪਭੋਗ ਕਰਦਾ ਹੈ ਪਰ ਵੱਖ-ਵੱਖ ਤਰ੍ਹਾਂ ਦੀਆਂ ਸਬਜ਼ੀਆਂ, ਜਿਨ੍ਹਾਂ ਦੀਆਂ ਵਸਤੂਆਂ ਵੱਖ-ਵੱਖ ਹੁੰਦੀਆਂ ਹਨ, ਖਰੀਦਦਾ ਹੈ।
3. ਮੰਗ ਦੇ ਕਲਾਸਿਕੀ ਅਤੇ ਨਵੇਂ-ਕਲਾਸਿਕੀ ਸਿਧਾਂਤ ਇਸ ਪ੍ਰਸ਼ਨ ਦਾ ਉਤਰ ਪ੍ਰਦਾਨ ਨਹੀਂ ਕਰਦੇ ਕਿ ਉਪਭੋਗਤਾ ਇਕ ਵਸਤੂ ਦੇ ਵਿਸ਼ੇਸ਼ ਬ੍ਰੈਂਡ ਨੂੰ ਹੋਰ ਦੇ ਮੁਕਾਬਲੇ ਅਧਿਮਾਨ ਕਿਉਂ ਦਿੰਦਾ ਹੈ। ਲੈਂਕਾਸਟਰ ਦੇ ਸਿਧਾਂਤ ਦੇ ਅਨੁਸਾਰ ਅਜਿਹਾ ਇਸ ਲਈ ਹੈ ਕਿ ਇਕ ਵਿਸ਼ੇਸ਼ ਬ੍ਰੈਂਡ ਵਿੱਚ ਹੋਰ ਬ੍ਰੈਂਡ ਦੇ ਮੁਕਾਬਲੇ ਜ਼ਿਆਦਾ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ, ਜੋ ਉਪਭੋਗਤਾ ਦੀ ਉਪਯੋਗਤਾ ਨੂੰ ਜ਼ਿਆਦਾ ਕਰਦੀਆਂ ਹਨ।
4. ਇਹ ਨਵੀਂ ਮੰਗ ਸਿਧਾਂਤ ਕੰਪਨੀਆਂ ਅਤੇ ਮਾਰਕੀਟ ਦੇ ਸੋਧ ਕਰਤਾਵਾਂ ਦੇ ਲਈ ਇਕ ਵਿਵਹਾਰਿਕ ਔਜਾਰ ਪ੍ਰਦਾਨ ਕਰਦਾ ਹੈ ਜਿਸ ਨਾਲ ਉਹ ਵਸਤੂਆਂ ਦੀਆਂ ਨਵੀਆਂ ਕਿਸਮਾਂ ਦੇ ਲਈ ਵਿਸ਼ੇਸ਼ਤਾਵਾਂ ਦੀ ਪਹਿਚਾਣ ਕਰਦੇ ਹਨ। ਜੇਕਰ ਕਿਸੇ ਵਸਤੂ ਦਾ ਨਵਾਂ ਬ੍ਰੈਂਡ ਚਾਲੂ ਕੀਤਾ ਜਾਂਦਾ ਹੈ ਜਿਸ ਦੀ ਪਹਿਲਾਂ ਤੋਂ ਬਿਹਤਰ ਜਾਂ ਜ਼ਿਆਦਾ ਵਿਸ਼ੇਸ਼ਤਾਵਾਂ ਹਨ ਤਾਂ ਉਪਭੋਗਤਾ ਇਸ ਬ੍ਰੈਂਡ ਨੂੰ ਹੋਰ 'ਤੇ ਅਧਿਮਾਨ ਦੇਵੇਗਾ ਅਤੇ ਖਰੀਦੇਗਾ। ਕਲਾਸਿਕੀ ਅਤੇ ਨਵੇਂ -ਕਲਾਸਿਕੀ ਸਿਧਾਂਤ ਉਪਭੋਗਤਾ ਵਿਵਹਾਰ ਦੇ ਇਸ ਪਹਿਲੂ ਦੀ ਵਿਆਖਿਆ ਕਰਨ ਵਿੱਚ ਅਸਫਲ ਰਹੇ।
5. ਲੈਂਕਾਸਟਰ ਦੀ ਮੰਗ ਸਿਧਾਂਤ ਸਥਾਨਾਪੰਨਾਂ ਅਤੇ ਪੂਰਕਾਂ ਦੀਆਂ ਧਾਰਨਾਵਾਂ ਦੇ ਪ੍ਰਤੀ ਇਕ ਨਵਾਂ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ। ਲੈਂਕਾਸਟਰ ਦੇ ਅਨੁਸਾਰ, ਸਥਾਨਾਪੰਨ ਉਹ ਵਸਤੂਆਂ ਹਨ ਜਿਨ੍ਹਾਂ ਦੀਆਂ ਕੁਝ ਬਰਾਬਰ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਉਹ ਵਸਤੂਆਂ ਜਿਨ੍ਹਾਂ ਦੀਆਂ ਬਰਾਬਰ ਵਿਸ਼ੇਸ਼ਤਾਵਾਂ ਨਹੀਂ ਹੁੰਦੀਆਂ ਉਹ ਅਸਬੰਧਿਤ ਹਨ। ਦੂਸਰੇ ਪਾਸੇ ਉਹ ਵਸਤੂਆਂ ਪੂਰਕ ਹਨ ਜਿਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਦੋ ਜਾਂ ਜ਼ਿਆਦਾ ਵਸਤੂਆਂ ਇਕੱਠੀਆਂ ਜਾਂ ਮਿਸ਼ਰਤ ਕਰਕੇ ਪ੍ਰਾਪਤ ਕੀਤਾ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਕੌਫੀ, ਚੀਨੀ ਅਤੇ ਦੁੱਧ ਅਤੇ ਮੋਮਬੱਤੀ ਅਤੇ ਦੀਵਾ ਸਲਾਈ ਪੂਰਕ ਵਸਤੂਆਂ ਹਨ।

ਇਸ ਦੀਆਂ ਕਮੀਆਂ (Its Weaknesses)

ਲੈਂਕਾਸਟਰ ਦੇ ਮੰਗ ਸਿਧਾਂਤ ਦੀਆਂ ਕੁਝ ਕਮੀਆਂ ਵੀ ਹਨ ਜਿਵੇ-

ਨੋਟ

(1) ਕਿਸੇ ਵਸਤੂ ਜਾਂ ਬ੍ਰੈਂਡ ਨੂੰ ਖਰੀਦਦੇ ਸਮੇਂ ਉਪਭੋਗਤਾ ਉਸ ਦੀਆਂ ਵਿਸ਼ੇਸ਼ਤਾਵਾਂ ਦੇ ਬਾਰੇ ਜੋ ਵਿਚਾਰ ਕਰਦਾ ਹੈ, ਹਮੇਸ਼ਾ ਵਿਅਕਤੀਗਤ (Subjective) ਹੈ। ਇਕ ਵਸਤੂ ਦੀਆਂ ਵਿਸ਼ੇਸ਼ਤਾਵਾਂ ਇਕ ਉਪਭੋਗਤਾ ਤੋਂ ਦੂਸਰੇ ਉਪਭੋਗਤਾ ਦੇ ਲਈ ਵੱਖ ਹੋ ਸਕਦੀਆਂ ਹਨ। ਇਸ ਲਈ ਇਕ ਵਸਤੂ ਦੇ ਵੱਖ-ਵੱਖ ਬ੍ਰੈਂਡ ਤੋਂ ਪ੍ਰਾਪਤ ਹੋਣ ਵਾਲੀਆਂ ਵਿਸ਼ੇਸ਼ਤਾਵਾਂ ਦੀਆਂ ਇਕਾਈਆਂ ਦੇ ਬਾਰੇ ਨਿਸ਼ਚਿਤ ਰੂਪ ਨਾਲ ਨਹੀਂ ਕਿਹਾ ਜਾ ਸਕਦਾ ਹੈ ਅਤੇ ਨਾ ਹੀ ਅਜਿਹੀਆਂ ਵਿਭਿੰਨਤਾਵਾਂ ਦਾ ਨਾਪ ਕਰਨਾ ਅਤੇ ਨਾਪਣਾ ਸੰਭਵ ਹੈ।

(2) ਇਸ ਸਿਧਾਂਤ ਵਿੱਚ ਉਹੀ ਕੰਪਨੀਆਂ ਪਾਈਆਂ ਜਾਂਦੀਆਂ ਹਨ ਜੋ ਉਦਾਸੀਨਤਾ ਵਕ੍ਰ ਵਿਸ਼ਲੇਸ਼ਣ ਵਿੱਚ ਸ਼ਾਮਿਲ ਹਨ, ਕਿਉਂਕਿ ਇਸ ਵਿੱਚ ਇਕ ਵਸਤੂ ਦੀਆਂ ਵੱਖ-ਵੱਖ ਵਿਸ਼ੇਸ਼ਤਾਵਾਂ ਦੇ ਸੰਜੋਗਾਂ ਦੇ ਲਈ ਉਪਭੋਗਤਾ ਅਧਿਮਾਨਾਂ ਨੂੰ ਨਾਪਣ ਦੀ ਜ਼ਰੂਰਤ ਹੁੰਦੀ ਹੈ, ਜਿਨ੍ਹਾਂ ਦਾ ਸਹੀ ਨਾਪ ਨਹੀਂ ਕੀਤਾ ਜਾ ਸਕਦਾ ਹੈ।

(3) ਇਸ ਨਵੇਂ ਸਿਧਾਂਤ ਦੀ ਇਕ ਹੋਰ ਤਰੁਟੀ ਇਹ ਹੈ ਕਿ ਜਦੋਂ ਉਪਭੋਗਤਾ ਕਿਸੇ ਵਸਤੂ ਨੂੰ ਖਰੀਦਦੇ ਹਨ ਤਾਂ ਉਹ ਉਸ ਦੀਆਂ ਮਾਤਰਾਵਾਂ ਦੇ ਲਈ ਖਰਚ ਕਰਦੇ ਹਨ ਨਾ ਕਿ ਉਨ੍ਹਾਂ ਵਿੱਚ ਪਾਈਆਂ ਜਾਣ ਵਾਲੀਆਂ ਵਿਸ਼ੇਸ਼ਤਾਵਾਂ ਦੇ ਲਈ।

ਇਨ੍ਹਾਂ ਕਮੀਆਂ ਦੇ ਬਾਵਜੂਦ, ਲੈਂਕਾਸਟਰ ਦੀ ਮੰਗ ਦਾ ਨਵਾਂ ਸਿਧਾਂਤ ਸਥਾਨਾਪੰਨ ਅਤੇ ਪੂਰਕ ਦੀਆਂ ਧਾਰਨਾਵਾਂ, ਮਾਰਕੀਟ ਵਿੱਚ ਕਿਸੇ ਵਸਤੂ ਜਾਂ ਉਸ ਦੇ ਬ੍ਰੈਂਡ ਦੇ ਪ੍ਰਵੇਸ਼ ਅਤੇ ਮੰਗ ਸਿਧਾਂਤ ਦੇ ਵੱਖ-ਵੱਖ ਪਹਿਲੂਆਂ ਦੀਆਂ ਵਿਆਖਿਆਵਾਂ ਨਾਲ ਆਰਥਿਕ ਸਿਧਾਂਤ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ।

7.6 ਸਾਰੰਸ਼ (Summary)

- ਮੰਗ ਵਕ੍ਰ ਦਾ ਅੰਦਾਜ਼ਾ ਲਗਾਉਂਦੇ ਸਮੇਂ ਏਕੀਕਰਨ ਦੀ ਸਮੱਸਿਆ ਪੈਦਾ ਹੁੰਦੀ ਹੈ। ਇਕ ਵਸਤੂ ਦੀ ਕੀਮਤ ਅਤੇ ਉਸ ਦੀ ਮੰਗ ਨਾਲ ਸਬੰਧਿਤ ਪ੍ਰੀਖਣਾਂ ਦੇ ਇਕ ਸੈਟ ਦੇ ਅਧਾਰ 'ਤੇ ਖਿੱਚਿਆ ਗਿਆ ਮੰਗ ਵਕ੍ਰ 'ਸ੍ਰੇਸ਼ਠ ਫਿਟ' ਹੈ। ਇਸ ਦੇ ਬਾਵਜੂਦ ਜੇਕਰ ਪੂਰਤੀ ਵਕ੍ਰ ਸ਼ਿਫਟ ਕਰਦਾ ਹੈ ਤਾਂ ਪੂਰਤੀ ਵਕ੍ਰ ਨਾਲ ਟ੍ਰੇਸ ਕੀਤੇ ਗਏ ਬਿੰਦੂ ਮੰਗ ਵਕ੍ਰ ਦਾ ਵੀ ਏਕੀਕਰਣ ਕਰ ਸਕਦੇ ਹਨ। ਏਕੀਕਰਣ ਸਮੱਸਿਆ ਦੇ ਹੱਲ ਲਈ ਅਤੇ ਮੰਗ ਫਲਨ ਦੇ ਲਈ ਇਕੱਲੇ ਸਮੀਕਰਣ ਦੇ ਮੁਕਾਬਲੇ ਕਈ ਕਰ ਸਕਦੇ ਹਨ। ਏਕੀਕਰਨ ਸਮੱਸਿਆ ਦੇ ਹੱਲ ਦੇ ਲਈ ਮੰਗ ਫਲਨ ਦੇ ਲਈ ਇਕੱਲੇ ਸਮੀਕਰਣ ਦੇ ਮੁਕਾਬਲੇ ਕਈ ਯੁਗਪਤ ਸਮੀਕਰਣ ਚਾਹੀਦੇ ਹਨ ਜੋ ਇਕ ਮੁਸ਼ਕਿਲ ਪ੍ਰਕਿਰਿਆ ਹੈ।

7.7 ਸ਼ਬਦਕੋਸ਼ (Keywords)

1. **ਗੈਰ-ਟਿਕਾਊ** (Non-durable)–ਅਸਥਿਰ।
2. **ਸਿਧਾਂਤ** (Theory)– ਮਾਨਤਾਵਾਂ।
3. **ਵਿਅਕਤੀਗਤ** (Subjective)– ਵਿਅਕਤੀਗਤ।
4. **ਕਮੀਆਂ** (Weaknesses)– ਕਮੀਆਂ।

7.8 ਅਭਿਆਸ ਪ੍ਰਸ਼ਨ (Review Questions)

1. ਗਤਿਆਤਮਕ ਮੰਗ ਫਲਨ ਕੀ ਹੈ? ਸਮਝਾਓ
2. ਰੇਖੀ ਖਰਚ ਸਿਸਟਮ ਤੋਂ ਤੁਸੀਂ ਕੀ ਸਮਝਦੇ ਹੋ?
3. ਖਰਚ ਫਲਨ ਦੀ ਵਿਵੇਚਨਾ ਕਰੋ।
4. ਲੈਂਕਾਸਟਰ ਦਾ ਵਿਸ਼ੇਸ਼ਤਾ ਮੰਗ ਸਿਧਾਂਤ ਕੀ ਹੈ?

ਉਤਰ: ਸਵੈ ਮੁਲਾਂਕਣ (Answers: Self Assessment)

1. ਮੰਗ ਫਲਨ	2. ਸਮੱਸਿਆਵਾਂ	3. ਏਕੀਕਰਨ	4. (ਬ)
5. (ਸ)	6. (ਦ)	7. (ਅ)	8. ਸਹੀ
9. ਸਹੀ	10. ਸਹੀ	11. ਗਲਤ	12. ਸਹੀ।

ਨੋਟ

7.9 ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕ੍ਰੋਇਕਨੋਮਿਕਸ : ਐਨ ਐਡਵਾਂਸਡ ਟ੍ਰੀਟਾਈਜ਼-ਐਸ. ਪੀ. ਐਸ. ਚੌਹਾਨ, ਪੀ. ਐਚ. ਆਈ. ਲਰਿੰਗ।
2. ਮਾਈਕ੍ਰੋਇਕਨੋਮਿਕਸ : ਬਿਹੇਵਿਅਰ, ਇੰਸਟੀਟਿਊਸ਼ਨ ਐਂਡ ਇਵੋਲਿਊਸ਼ਨ-ਸੈਮਪੂਲ ਬੋਵੈਲਸ ਆਕਸਫੋਰਡ ਯੂਨੀਵਰਸਿਟੀ ਪ੍ਰੈਸ, 2004।
3. ਮਾਈਕ੍ਰੋਇਕਨੋਮਿਕਸ : ਪ੍ਰਿੰਸੀਪਲਸ ਐਪਲੀਕੇਸ਼ਨ ਐਂਡ ਟੂਲਸ-ਸੰਜੈ ਬਾਸੋਤੀਆ, ਡੀ. ਐਨ. ਡੀ. ਪਬਲੀਕੇਸ਼ਨ, 2010।

ਨੋਟ

ਇਕਾਈ–8: ਉਤਪਾਦਨ ਫਲਨ ਅਤੇ ਉਤਪਾਦਨ ਦੇ ਨਿਯਮ (Production Function and Law of Production)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

8.1 ਉਤਪਾਦਨ ਫਲਨ (Production Function)

8.2 ਉਤਪਾਦਨ ਦੇ ਸਥਿਰ ਅਤੇ ਪਰਿਵਰਤਨਸ਼ੀਲ ਆਗਤ ਜਾਂ ਸਾਧਨ (Fixed and Variable Inputs or Factors of Production)

8.3 ਸਮਾਂ ਹੱਦ (Time Period)

8.4 ਉਤਪਾਦਨ ਜਾਂ ਉਤਪਾਦ ਦੀਆਂ ਧਾਰਨਾਵਾਂ (Concepts of Output or Product)

8.5 ਉਤਪਾਦਨ ਦੇ ਨਿਯਮ (Laws of Production)

8.6 ਸਾਧਨ ਦੇ ਪ੍ਰਤੀਫਲ : ਘਟਦੇ-ਵਧਦੇ ਅਨੁਪਾਤ ਦਾ ਨਿਯਮ (Returns to a Factor: Law of Variable Proportions)

8.7 ਲਾਗੂ ਹੋਣ ਦੀਆਂ ਦਸ਼ਾਵਾਂ ਜਾਂ ਕਾਰਨ (Conditions of Applicability or Causes of Application)

8.8 ਨਿਯਮ ਦਾ ਸੱਥਗਨ (Postponement of the Law)

8.9 ਸਾਧਨ ਦੇ ਪ੍ਰਤੀਫਲ-ਵੱਖ-ਵੱਖ ਸਥਿਤੀਆਂ ਦਾ ਵਿਸਥਾਰ ਅਧਿਐਨ (Returns to a Factor – A Detailed Study of Different Situations)

8.10 ਸਾਧਨ ਦੇ ਘਟਦੇ ਪ੍ਰਤੀਫਲ ਦੇ ਲਾਗੂ ਹੋਣ ਦੇ ਕਾਰਨ (Causes of Diminishing Returns to a Factor)

8.11 ਉਤਪਾਦਨ ਦੀਆਂ ਤਿੰਨ ਸਥਿਤੀਆਂ (Three Stages of Production)

8.12 ਉਤਪਾਦਨ ਦੀਆਂ ਸਥਿਤੀਆਂ ਦਾ ਮਹੱਤਵ (Significance of the Stage of Production)

8.13 ਠੀਕ ਫੈਸਲੇ ਦੀ ਸਥਿਤੀ (Stage of Rational Decision)

8.14 ਪੈਮਾਨੇ ਦੇ ਪ੍ਰਤੀਫਲ (Returns to Scale)

8.15 ਪੈਮਾਨੇ ਦੇ ਪ੍ਰਤੀਫਲ ਦੀਆਂ ਤਿੰਨ ਵੱਖ-ਵੱਖ ਸਥਿਤੀਆਂ (Three Different Situations of Returns to Scale)

8.16 ਪੈਮਾਨੇ ਦੀਆਂ ਬਚਤਾਂ ਜਾਂ ਪੈਮਾਨੇ ਦੇ ਵਧਦੇ ਪ੍ਰਤੀਫਲ ਦੇ ਲਾਗੂ ਹੋਣ ਦੇ ਕਾਰਨ (Economies of Scale or Causes of Increasing Returns to Scale)

8.17 ਅੰਦਰੂਨੀ ਬੱਚਤਾਂ (Internal Economies)

8.18 ਸਾਰਾਂਸ਼ (Summary)

8.19 ਸ਼ਬਦਕੋਸ਼ (Keywords)

8.20 ਅਭਿਆਸ ਪ੍ਰਸ਼ਨ (Review Questions)

8.21 ਸਬੰਧਿਤ ਪੁਸਤਕਾਂ (Further Readings)

ਨੋਟ

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਉਤਪਾਦਨ ਫਲਨ ਜਾਨਣ ਸਬੰਧੀ।
- ਉਤਪਾਦਨ ਦੇ ਨਿਯਮਾਂ ਦਾ ਅਧਿਐਨ ਕਰਨ ਸਬੰਧੀ।
- ਨਿਯਮ ਦੇ ਰੱਦ ਹੋਣ ਨੂੰ ਜਾਨਣ ਸਬੰਧੀ।
- ਪੈਮਾਨੇ ਦੇ ਪ੍ਰਤੀਫਲ ਸਮਝਣ ਸਬੰਧੀ।

ਪ੍ਰਸਤਾਵਨਾ (Introduction)

ਜਦੋਂ ਉਤਪਾਦਨ ਦੇ ਇਕ ਸਾਧਨ ਦੀ ਮਾਤਰਾ ਨੂੰ ਵਧਾ ਦਿੱਤਾ ਜਾਂਦਾ ਹੈ ਪਰ ਬਾਕੀ ਸਾਧਨਾਂ ਦੀ ਮਾਤਰਾ ਸਥਿਰ ਰਹਿੰਦੀ ਹੈ, ਤਾਂ ਸਾਧਨਾਂ ਦੇ ਅਨੁਪਾਤ ਵਿੱਚ ਅੰਤਰ ਆ ਜਾਂਦਾ ਹੈ। ਮੰਨ ਲਓ ਉਤਪਾਦਨ ਦੇ ਦੋ ਸਾਧਨ ਹਨ–ਭੂਮੀ ਅਤੇ ਮਿਹਨਤ। ਭੂਮੀ ਇਕ ਸਥਿਰ (Fixed) ਸਾਧਨ ਹੈ। ਮਿਹਨਤੀ ਇਕ ਪਰਿਵਰਤਨਸ਼ੀਲ (Variable) ਸਾਧਨ ਹੈ। ਮੰਨ ਲਓ ਤੁਹਾਡੇ ਕੋਲ 2 ਹੈਕਟੇਅਰ ਭੂਮੀ ਹੈ। ਤੁਸੀਂ 1 ਮਜ਼ਦੂਰ ਨੂੰ ਕੰਮ 'ਤੇ ਲਗਾ ਕੇ ਟਮਾਟਰ ਦੀ ਖੇਤੀ ਕਰਦੇ ਹੋ ਅਤੇ ਮਿਹਨਤ ਤੇ ਭੂਮੀ ਦਾ ਅਨੁਪਾਤ 1 : 2 ਹੋਵੇਗਾ। ਜੇਕਰ ਤੁਸੀਂ ਮਜ਼ਦੂਰਾਂ ਦੀ ਸੰਖਿਆ ਵਧਾ ਕੇ 2 ਕਰ ਦਿੰਦੇ ਹੋ ਤਾਂ ਭੂਮੀ ਅਤੇ ਮਿਹਨਤ ਦਾ ਅਨੁਪਾਤ ਵੱਧ ਕੇ 2 : 2 ਹੋ ਜਾਵੇਗਾ ਅਤੇ ਜੇਕਰ ਪਹਿਲੇ ਪ੍ਰਤੀ ਮਜ਼ਦੂਰ 2 ਹੈਕਟੇਅਰ ਭੂਮੀ ਸੀ ਤਾਂ ਹੁਣ ਪ੍ਰਤੀ ਮਜ਼ਦੂਰ 1 ਹੈਕਟੇਅਰ ਭੂਮੀ ਰਹਿ ਗਈ ਅਤੇ **ਸਾਧਨਾਂ ਦੇ ਅਨੁਪਾਤ** ਵਿੱਚ ਪਰਿਵਰਤਨ ਹੋਣ ਦੇ ਕਾਰਨ ਉਤਪਾਦਨ ਦੀ ਮਾਤਰਾ ਵਿੱਚ ਵੱਖ-ਵੱਖ ਦਰਾਂ ਨਾਲ ਪਰਿਵਰਤਨ ਹੋਵੇਗਾ।

8.1 ਉਤਪਾਦਨ ਫਲਨ (Production Function)

ਉਤਪਾਦਨ ਫਲਨ ਕਿਸੇ ਵਸਤੂ ਦੀ ਉਤਪਾਦਨ ਦੀ ਮਾਤਰਾ ਅਤੇ ਉਸ ਦੇ ਉਤਪਾਦਨ ਦੇ ਲਈ ਜ਼ਰੂਰੀ ਉਤਪਾਦਨ ਦੇ ਸਾਧਨਾਂ ਦੇ ਭੌਤਿਕ ਜਾਂ ਤਕਨੀਕੀ ਸਬੰਧ ਨੂੰ ਦੱਸਦਾ ਹੈ।

ਵਾਟਸਨ ਦੇ ਅਨੁਸਾਰ, **''ਇਕ ਫਰਮ ਦੇ ਭੌਤਿਕ ਉਤਪਾਦਨ ਅਤੇ ਉਤਪਾਦਨ ਦੇ ਭੌਤਿਕ ਸਾਧਨਾਂ ਦੇ ਸਬੰਧ ਨੂੰ ਉਤਪਾਦਨ ਫਲਨ ਦਾ ਨਾਮ ਦਿੱਤਾ ਜਾਂਦਾ ਹੈ।''** (The relation between a firm's physical production (output) and the material factors of production (input) is referred to as production function. –**Watson**)

ਤੁਹਾਡੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਉਤਪਾਦਨ ਫਲਨ ਭੌਤਿਕ ਉਤਪਾਦ ਅਤੇ ਭੌਤਿਕ ਆਗਤਾਂ ਦੇ ਤਕਨੀਕੀ ਸਬੰਧ ਨੂੰ ਪ੍ਰਗਟ ਕਰਦਾ ਹੈ ਪਰ ਜੋ ਤਕਨੀਕੀ ਕੁਸ਼ਲ ਹੈ (ਇਸ ਨੂੰ ਇੰਜੀਨੀਅਰ ਤੈਅ ਕਰਦੇ ਹਨ।) ਉਸ ਦਾ ਆਰਥਿਕ ਕੁਸ਼ਲ (ਜਿਵੇਂ ਅਰਥਸ਼ਾਸਤਰੀ ਤੈਅ ਕਰਦੇ ਹਨ। ਹੋਣਾ ਜ਼ਰੂਰੀ ਨਹੀਂ ਹੈ।

ਫਰਗੁਸਨ ਦੇ ਸ਼ਬਦਾਂ ਵਿੱਚ, ''**ਉਤਪਾਦਨ ਫਲਨ ਉਹ ਤਾਲਿਕਾ (ਗਿਣਤੀ ਸਮੀਕਰਨ) ਹੈ ਜੋ ਉਸ ਜ਼ਿਆਦਾ ਉਤਪਾਦਨ ਨੂੰ ਪ੍ਰਗਟ ਕਰਦੀ ਹੈ ਜਿਸ ਦਾ ਦਿੱਤੀ ਹੋਈ ਤਕਨੀਕ ਦੇ ਨਾਲ ਕਿਸੇ ਆਗਤਾਂ ਦੇ ਨਿਸ਼ਚਿਤ ਸਮੂਹ ਨਾਲ ਉਤਪਾਦਨ ਕੀਤਾ ਜਾ ਸਕਦਾ ਹੈ।''** (A production function is a schedule (or table or mathematical equation) showing the maximum amount of output that can be produced from any specified set of inputs, given the existing technology. –**Ferguson**)

ਇੱਥੇ ਇਹ ਧਿਆਨ ਦੇਣਾ ਜ਼ਰੂਰੀ ਹੈ ਕਿ ਉਤਪਾਦਨ ਫਲਨ ਨੂੰ ਜਦੋਂ ਭੌਤਿਕ ਆਗਤਾਂ (Physical Inputs) ਅਤੇ ਭੌਤਿਕ ਉਤਪਾਦ (Physical Output) ਦੇ ਵਿੱਚ ਕੰਮਾਤਮਕ ਸਬੰਧ (Functional Relationship) ਦੇ ਰੂਪ ਵਿੱਚ ਪ੍ਰਭਾਸ਼ਿਤ ਕੀਤਾ ਜਾਂਦਾ ਹੈ, ਉਦੋਂ ਉਤਪਾਦਨ ਦੀ ਧਾਰਨਾ ਇਕ ਪ੍ਰਵਾਹ ਧਾਰਨਾ (Flow Concept) ਦੇ ਰੂਪ ਵਿੱਚ ਸਮਝਿਆ ਜਾਣਾ ਚਾਹੀਦਾ ਹੈ। **ਇਕ ਪ੍ਰਵਾਹ ਚਰ ਪ੍ਰਵਿਰਤੀ ਦੇ ਰੂਪ ਵਿੱਚ ਉਤਪਾਦਨ ਤੋਂ ਭਾਵ ਸਮੇਂ ਦੀ ਹਰੇਕ ਸਮੇਂ ਵਿੱਚ ਉਤਪਾਦਨ (ਵਸਤੂ) ਦੀਆਂ ਇਕਾਈਆਂ ਨਾਲ ਹੈ।** (As a flow variable production refers to units of output per period of time.) । ਉਦਾਹਰਣ ਦੇ ਤੌਰ 'ਤੇ ਜਦੋਂ ਉਤਪਾਦਨ ਦਾ ਪੱਧਰ 500 ਇਕਾਈਆਂ ਤੋਂ ਵੱਧ ਕੇ 550 ਇਕਾਈਆਂ ਹੋ ਜਾਂਦਾ ਹੈ ਤਾਂ ਇਸ ਦਾ ਇਹ ਅਰਥ ਨਹੀਂ ਲਗਾਉਣਾ ਚਾਹੀਦਾ ਕਿ ਪਿਛਲੇ ਮਹੀਨੇ ਵਿੱਚ ਉਤਪਾਦਨ 500 ਇਕਾਈਆਂ ਸਨ ਅਤੇ ਚਾਲੂ ਮਹੀਨੇ ਵਿੱਚ ਇਹ ਵੱਧ ਕੇ 550 ਇਕਾਈਆਂ ਹੋ ਗਈਆਂ। ਬਲਕਿ ਇਸ ਦਾ ਅਰਥ ਇਹ ਹੈ ਕਿ ਉਤਪਾਦਨ ਦਾ ਪੱਧਰ 500 ਇਕਾਈਆ ਪ੍ਰਤੀ ਮਹੀਨੇ ਤੋਂ ਵੱਧ ਕੇ 550 ਇਕਾਈਆਂ ਪ੍ਰਤੀ ਮਹੀਨਾ ਹੋ ਗਿਆ ਹੈ।

ਸੰਖਿਅਕ ਦ੍ਰਿਸ਼ਟੀ ਨਾਲ, ਉਤਪਾਦਨ ਫਲਨ ਨੂੰ ਹੇਠ ਲਿਖੇ ਰੂਪ ਵਿੱਚ ਪ੍ਰਗਟ ਕੀਤਾ ਜਾ ਸਕਦਾ ਹੈ। ਨੋਟ

$$Q = \Psi (f_1 ..... f_m)$$

Q = ਉਤਪਾਦਨ

f_1 – ..... f_m = m ਵੱਖ-ਵੱਖ ਉਤਪਾਦਾਂ ਦੀਆਂ ਮਾਤਰਾਵਾਂ (Quantities of *m* different inputs)

ਉਤਪਾਦਨ ਫਲਨ, ਜਿਵੇਂ ਕਿ ਉਪਰ ਸਪੱਸ਼ਟ ਕੀਤਾ ਗਿਆ ਹੈ, ਕੇਵਲ **ਪ੍ਰਵਾਹ ਪ੍ਰਵਿਰਤੀਆਂ ਚਰਾਂ** (Flow Variables) ਨਾਲ ਪ੍ਰਗਟ ਕੀਤਾ ਜਾਂਦਾ ਹੈ। ਉਤਪਾਦ ਅਤੇ **ਆਗਤ ਚਰ ਪ੍ਰਵਿਰਤੀਆਂ** (Input Variable) ਨੂੰ ਸਮੇਂ ਦੀ ਸਮੇਂ ਵਿੱਚ ਮਾਤਰਾਵਾਂ ਦੇ ਰੂਪ ਵਿੱਚ ਪ੍ਰਗਟ ਕੀਤਾ ਜਾਂਦਾ ਹੈ।

8.2 ਉਤਪਾਦਨ ਦੇ ਸਥਿਰ ਅਤੇ ਪਰਿਵਰਤਨਸ਼ੀਲ ਆਗਤ ਜਾਂ ਸਾਧਨ (Fixed and Variable Inputs or Factors of Production)

ਇਕ ਫਰਮ ਆਪਣਾ ਉਤਪਾਦਨ ਕਰਨ ਦੇ ਲਈ ਕਈ ਤਰ੍ਹਾਂ ਦੇ ਆਗਤਾਂ ਦਾ ਇਸਤੇਮਾਲ ਕਰਦੀ ਹੈ। ਉਤਪਾਦਨ ਦੀ ਮਾਤਰਾ ਵਿੱਚ ਪਰਿਵਰਤਨ ਕਰਨ ਦੇ ਲਈ ਆਗਤਾਂ ਦੀ ਮਾਤਰਾ ਵਿੱਚ ਵੀ ਪਰਿਵਰਤਨ ਕਰਨਾ ਪੈਂਦਾ ਹੈ। ਕੁਝ ਆਗਤਾਂ ਦੀ ਮਾਤਰਾ ਵਿੱਚ ਪਰਿਵਰਤਨ ਘੱਟ ਸਮੇਂ ਵਿੱਚ ਵੀ ਕੀਤਾ ਜਾ ਸਕਦਾ ਹੈ ਪਰ ਕੁਝ ਆਗਤਾਂ ਦੀ ਮਾਤਰਾ ਵਿੱਚ ਕੇਵਲ ਦੀਰਘ ਕਾਲ ਵਿੱਚ ਹੀ ਪਰਿਵਰਤਨ ਕਰਨਾ ਸੰਭਵ ਹੁੰਦਾ ਹੈ। ਇਸ ਅਧਾਰ 'ਤੇ ਆਗਤਾਂ ਜਾਂ ਉਤਪਾਦਨ ਦੇ ਸਾਧਨਾਂ ਦਾ ਹੇਠ ਲਿਖੇ ਦੋ ਹਿੱਸਿਆਂ ਵਿੱਚ ਵਰਗੀਕਰਨ ਕੀਤਾ ਜਾ ਸਕਦਾ ਹੈ।

(i) ਸਥਿਰ ਆਗਤ ਜਾਂ ਉਤਪਾਦਨ ਦੇ ਸਾਧਨ (Fixed Inputs or Factors of Production)– ਉਤਪਾਦਨ ਦਾ ਸਥਿਰ ਸਾਧਨ ਜਾਂ ਆਗਤ ਉਹ ਹੈ ਜਿਸ ਦੀ ਮਾਤਰਾ ਵਿੱਚ ਘੱਟ ਸਮੇਂ ਵਿੱਚ ਪਰਿਵਰਤਨ ਨਹੀਂ ਕੀਤਾ ਜਾ ਸਕਦਾ। ਸਥਿਰ ਸਾਧਨ ਦੇ ਕੁਝ ਉਦਾਹਰਣ ਹਨ- ਪਲਾਂਟਸ, ਇਮਾਰਤਾਂ, ਪ੍ਰਬੰਧਕੀ ਸੇਵਾਵਾਂ, ਕੁਸ਼ਲ ਕਰਮਚਾਰੀਆਂ ਦੀ ਪੂਰਤੀ ਆਦਿ।

(ii) ਪਰਿਵਰਤਨਸ਼ੀਲ ਆਗਤ ਜਾਂ ਉਤਪਾਦਨ ਦੇ ਸਾਧਨ (Variable Inputs or Factors of Production)– ਉਤਪਾਦਨ ਦਾ ਪਰਿਵਰਤਨਸ਼ੀਲ ਸਾਧਨ ਉਹ ਸਾਧਨ ਹੈ ਜਿਸ ਦੀ ਮਾਤਰਾ ਵਿੱਚ ਘੱਟ ਸਮੇਂ ਪਰਿਵਰਤਨ ਕੀਤਾ ਜਾ ਸਕਦਾ ਹੈ। ਪਰਿਵਰਤਨਸ਼ੀਲ ਆਗਤ ਦੇ ਕੁਝ ਉਦਾਹਰਣ ਹਨ-ਕੱਚਾ ਮਾਲ, ਮਿਹਨਤ ਦੀਆਂ ਸੇਵਾਵਾਂ ਆਦਿ।

ਸਥਰਿ ਸਾਧਨਾਂ ਅਤੇ ਪਰਵਰਤਨਸ਼ੀਲ ਸਾਧਨਾਂ ਵਿੱਚ ਕੇਵਲ ਅਲਪਕਾਲ ਦੇ ਸੰਬੰਧ ਵਿੱਚ ਹੀ ਅੰਤਰ ਕੀਤਾ ਜਾ ਸਕਦਾ ਹੈ ।

ਸਥਿਰ ਅਤੇ ਪਰਿਵਰਤਨਸ਼ੀਲ ਆਗਤਾਂ ਦੀਆਂ ਧਾਰਨਾਵਾਂ ਨੂੰ ਇਕ ਉਦਾਹਰਣ ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ। ਜੇਕਰ ਇਕ ਫਰਮ ਪ੍ਰਤੀਸ਼ਤ 1,000 ਪੁਸਤਕਾਂ ਛਾਪ ਰਹੀ ਹੈ ਉਸ ਨੂੰ ਇਸ ਦੀ ਮਾਤਰਾ ਵਧਾ ਕੇ 2,000 ਕਰਨੀ ਹੋਵੇ ਤਾਂ ਫਰਮ ਕੀ ਕਰੇਗੀ। ਨਿਸ਼ਚਿਤ ਹੀ ਇਸ ਦੇ ਲਈ ਜ਼ਿਆਦਾ ਸਾਧਨਾਂ ਦੀ ਜ਼ਰੂਰਤ ਹੈ ਪਰ ਘੱਟ ਸਮੇਂ ਵਿੱਚ ਕੁਝ ਸਾਧਨ ਜਿਵੇਂ ਪ੍ਰਿੰਟਿੰਗ ਪ੍ਰੈਸ, ਇਮਾਰਤ ਆਦਿ ਦੀ ਮਾਤਰਾ ਨੂੰ ਵਧਾਉਣਾ ਸੰਭਵ ਨਹੀਂ ਹੋਵੇਗਾ। ਫਲਸਰੂਪ ਪੁਸਤਕਾਂ ਦਾ ਉਤਪਾਦਨ ਵਧਾਉਣ ਦੇ ਲਈ ਇਸ ਫਰਮ ਨੂੰ ਇਨ੍ਹਾਂ ਸਾਧਨਾਂ 'ਤੇ ਆਸ਼ਰਿਤ ਹੋਣਾ ਪਵੇਗਾ ਜਿਨ੍ਹਾਂ ਦੀ ਮਾਤਰਾ ਇਕਦਮ ਪਰਿਵਰਤਨਸ਼ੀਲ ਹੈ। ਜਿਵੇਂ-**ਮਿਹਨਤ, ਕੱਚਾ ਮਾਲ ਆਦਿ।** ਇਸ ਤਰ੍ਹਾਂ ਉਕਤ ਉਦਾਹਰਣ ਵਿੱਚ ਪ੍ਰਿੰਟਿੰਗ ਪ੍ਰੈਸ ਅਤੇ ਇਮਾਰਤ **ਸਥਿਰ ਸਾਧਨ** ਕਹਾਵੇਗੀ ਜਦੋਂ ਕਿ ਮਿਹਨਤ ਅਤੇ ਕੱਚੇ ਮਾਲ **ਪਰਿਵਰਤਨਸ਼ੀਲ ਸਾਧਨ** ਹੋਣਗੇ। ਇੱਥੇ ਧਿਆਨ ਰੱਖਣ ਯੋਗ ਗੱਲ ਇਹ ਹੈ ਕਿ **ਸਾਧਨਾਂ ਦੀ ਸਥਿਰਤਾ ਅਤੇ ਪਰਿਵਰਤਨਸ਼ੀਲਤਾ ਸਮਾਂ ਹੱਦ 'ਤੇ ਨਿਰਭਰ ਕਰਦੀ ਹੈ।**

8.3 ਸਮਾਂ ਹੱਦ (Time Period)

ਇਹ ਧਿਆਨ ਦੇਣ ਯੋਗ ਹੈ ਕਿ ਆਗਤਾਂ ਜਾਂ ਸਾਧਨਾਂ ਦੀ ਸਥਿਰਤਾ ਜਾਂ ਪਰਿਵਰਤਨਸ਼ੀਲਤਾ ਉਸ ਸਮਾਂ ਹੱਦ 'ਤੇ ਨਿਰਭਰ ਕਰਦੀ ਹੈ ਜਿਸ ਦੇ ਅਧੀਨ ਉਤਪਾਦਨ ਦੀ ਮਾਤਰਾ ਵਿੱਚ ਹੋਣ ਵਾਲੇ ਪਰਿਵਰਤਨ ਦੇ ਅਨੁਸਾਰ ਆਗਤਾਂ ਦੀ ਮਾਤਰਾ ਵਿੱਚ ਪਰਿਵਰਤਨ ਕਰਨਾ ਜ਼ਰੂਰੀ ਹੋ ਜਾਂਦਾ ਹੈ। ਅਰਥ ਸ਼ਾਸਤਰੀ ਇਸ ਸਮਾਂ ਹੱਦ ਦਾ ਹੇਠ ਲਿਖੇ ਦੋ ਹਿੱਸਿਆਂ ਵਿੱਚ ਵਰਗੀਕਰਨ ਕਰਦੇ ਹਨ-

(i) ਘੱਟ ਸਮਾਂ (Short Period or Short Run)– ਘੱਟ ਸਮੇਂ ਦੀ ਉਹ ਹੱਦ ਹੈ ਜਿਸ ਵਿੱਚ ਉਤਪਾਦਨ ਦਾ ਘੱਟ ਤੋਂ ਘੱਟ ਇਕ ਜਾਂ ਇਕ ਤੋਂ ਕੁਝ ਜ਼ਿਆਦਾ ਸਾਧਨ ਜਾਂ ਆਗਤ ਸਥਿਰ ਹੁੰਦੇ ਹਨ ਅਤੇ ਬਾਕੀ ਦੇ ਸਾਧਨ ਪਰਿਵਰਤਨ ਹੁੰਦੇ ਹਨ। (Short run is defined as that period of time in which at least one or more factors of

ਨੋਟ

production or inputs are fixed and others are variable.) ਅਤੇ ਘੱਟ ਸਮੇਂ ਵਿੱਚ ਪਰਿਵਰਤਨ ਸਾਧਨਾਂ ਦੀ ਮਾਤਰਾ ਵਿੱਚ ਪਰਿਵਰਤਨ ਨਾਲ ਹੀ ਉਤਪਾਦਨ ਦੀ ਮਾਤਰਾ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਹੋਰ ਸ਼ਬਦਾਂ ਵਿੱਚ ਘੱਟ ਸਮੇਂ ਵਿੱਚ ਪਰਿਵਰਤਨਸ਼ੀਲ ਅਤੇ ਸਥਿਰ ਦੋਨੋਂ ਤਰ੍ਹਾਂ ਦੇ ਹੀ ਸਾਧਨ ਜਾਂ ਆਗਤ ਹੁੰਦੇ ਹਨ ਅਤੇ ਜੇਕਰ ਉਤਪਾਦਨ ਘੱਟ ਸਮੇਂ ਵਿੱਚ ਉਤਪਾਦਨ ਵਿੱਚ ਵਾਧਾ ਕਰਨਾ ਚਾਹੁੰਦੇ ਹਨ ਤਾਂ ਉਹ ਅਜਿਹਾ ਮੌਜੂਦਾ ਪਲਾਂਟਸ ਜਾਂ ਮਸ਼ੀਨਾਂ ਅਤੇ ਔਜ਼ਾਰਾਂ ਦੇ ਨਾਲ ਕੱਚੇ ਮਾਲ ਅਤੇ ਮਿਹਨਤ ਦੀ ਜ਼ਿਆਦਾ ਮਾਤਰਾ ਦਾ ਇਸਤੇਮਾਲ ਕਰਕੇ ਹੀ ਕਰ ਸਕਦੇ ਹਨ। ਇਸ ਦੇ ਉਲਟ ਜੇਕਰ ਉਹ ਘੱਟ ਸਮੇਂ ਵਿੱਚ ਉਤਪਾਦਨ ਵਿੱਚ ਕਮੀ ਕਰਨਾ ਚਾਹੁੰਦੇ ਹਨ ਤਾਂ ਉਹ ਕੱਚੇ ਮਾਲ ਦੀ ਘੱਟ ਮਾਤਰਾ ਅਤੇ ਘੱਟ ਮਜ਼ਦੂਰਾਂ ਦਾ ਇਸਤੇਮਾਲ ਕਰਕੇ ਕਰ ਸਕਦੇ ਹਨ ਪਰ ਉਹ ਕਾਰਖਾਨੇ ਦੀ ਇਮਾਰਤ ਜਾਂ ਪਲਾਂਟ ਨੂੰ ਤੁਰੰਤ ਖਤਮ ਨਹੀਂ ਕਰ ਸਕਦੇ ਚਾਹੇ ਘੱਟ ਸਮੇਂ ਵਿੱਚ ਉਨ੍ਹਾਂ ਦਾ ਇਸਤੇਮਾਲ ਬਿਲਕੁਲ ਵੀ ਨਹੀਂ ਕੀਤਾ ਜਾਵੇ।

(ii) ਦੀਰਘ ਕਾਲ (Long Period or Long Run)– ਦੀਰਘ ਕਾਲ ਸਮੇਂ ਦੀ ਉਹ ਹੱਦ ਹੈ ਜਿਸ ਵਿੱਚ ਉਤਪਾਦਨ ਦੇ ਸਾਰੇ ਸਾਧਨ ਜਾਂ ਆਗਤ ਪਰਿਵਰਤਨਸ਼ੀਲ ਹੁੰਦੇ ਹਨ। (Long period or long run is defined as that period of time in which all factors of production or inputs as variable.) ਦੀਰਘ ਕਾਲ ਵਿੱਚ ਕੋਈ ਸਥਿਰ ਸਾਧਨ ਨਹੀਂ ਹੁੰਦਾ। ਸਾਰੇ ਸਾਧਨ ਪਰਿਵਰਤਨਸ਼ੀਲ ਹੁੰਦੇ ਹਨ। ਹੋਰ ਸ਼ਬਦਾਂ ਵਿੱਚ ਦੀਰਘ ਕਾਲ ਤੋਂ ਭਾਵ ਸਮੇਂ ਦੀ ਉਸ ਦੀ ਹੱਦ ਨਾਲ ਹੈ ਜਿਸ ਵਿੱਚ ਸਾਰੇ ਸਾਧਨਾਂ ਦੀ ਮਾਤਰਾ ਨੂੰ ਘਟਾਇਆ ਅਤੇ ਵਧਾਇਆ ਜਾ ਸਕਦਾ ਹੈ।

8.4 ਉਤਪਾਦਨ ਜਾਂ ਉਤਪਾਦ ਦੀਆਂ ਧਾਰਨਾਵਾਂ (Concepts of Output or Product)

ਉਤਪਾਦਨ ਦੀਆਂ ਤਿੰਨ ਮਹੱਤਵਪੂਰਨ ਧਾਰਨਾਵਾਂ ਹਨ– **(i) ਕੁੱਲ ਉਤਪਾਦ** (Total Product), **(ii) ਔਸਤ ਉਤਪਾਦ** (Average Product), **(iii) ਸੀਮਿਤ ਉਤਪਾਦ** (Marginal Product) ।

(i) ਕੁਲ ਉਤਪਾਦ (TP)– ਇਕ ਪਰਿਵਰਤਨਸ਼ੀਲ ਸਾਧਨ ਦਾ ਕੁਲ ਉਤਪਾਦ ਉਹ ਜ਼ਿਆਦਾ ਮਾਤਰਾ ਹੈ ਜੋ ਉਸ ਸਾਧਨ ਦੀ ਇਕ ਦਿੱਤੀ ਹੋਈ ਮਾਤਰਾ ਦਾ ਸਥਿਰ ਸਾਧਨ ਦੇ ਨਾਲ ਇਸਤੇਮਾਲ ਕਰਨ 'ਤੇ ਉਤਪਾਦਨ ਹੁੰਦਾ ਹੈ। (Total product of a variable factor is the maximum output produced by combining a given input of that factor with the fixed factor.)

$$TR = AP \times L$$

or

$$TP = \Sigma MP$$

(ਇੱਥੇ TP = ਕੁਲ ਉਤਪਾਦ, AP = ਔਸਤ ਉਤਪਾਦ , L = ਉਤਪਾਦ ਦਾ ਪਰਿਵਰਤਨਸ਼ੀਲ ਆਗਤ, MP = ਸੀਮਿਤ ਉਤਪਾਦਨ।)

(ii) ਔਸਤ ਉਤਪਾਦ (AP)– ਪਰਿਵਰਤਨਸ਼ੀਲ ਸਾਧਨ ਦੇ ਔਸਤ ਉਤਪਾਦਨ ਤੋਂ ਭਾਵ ਉਤਪਾਦਨ ਦੀ ਉਸ ਮਾਤਰਾ ਤੋਂ ਹੈ ਜਿਸ ਦਾ ਅੰਦਾਜ਼ਾ ਕੁਲ ਉਤਪਾਦਨ ਨੂੰ ਪਰਿਵਰਤਨਸ਼ੀਲ ਸਾਧਨ ਦੀ ਇਸਤੇਮਾਲ ਕੀਤੀ ਜਾਣ ਵਾਲੀਆਂ ਕੁਲ ਇਕਾਈਆਂ ਨਾਲ ਭਾਗ ਦੇ ਕੇ ਲਗਾਇਆ ਜਾਂਦਾ ਹੈ। ਇਸ ਵੱਲੋਂ ਪਰਿਵਰਤਨਸ਼ੀਲ ਸਾਧਨ ਦੀ ਹਰੇਕ ਇਕਾਈ ਦਾ ਔਸਤ ਉਤਪਾਦ ਪਤਾ ਹੁੰਦਾ ਹੈ। (The average product of a variable factor is simply the total product of the factor divided by the total units of the variable factor.)

$$AP = \frac{TP}{L}$$

(ਇੱਥੇ AP = ਔਸਤ ਉਤਪਾਦ, TP = ਉਤਪਾਦ, L = ਪਰਿਵਰਤਨਸ਼ੀਲ ਸਾਧਨ ਜਿਵੇਂ ਮਿਹਨਤ ਦੀਆਂ ਕੁਲ ਇਕਾਈਆਂ)।

(iii) ਸੀਮਿਤ ਉਤਪਾਦ (MP)– ਪਰਿਵਰਤਨਸ਼ੀਲ ਸਾਧਨ ਦਾ ਸੀਮਿਤ ਉਤਪਾਦ ਉਸ ਸਾਧਨ ਦੀ ਇਕ ਜ਼ਿਆਦਾ ਜਾਂ ਘੱਟ ਇਕਾਈ ਦਾ ਇਸਤੇਮਾਲ ਕਰਨ ਨਾਲ ਕੁਲ ਉਤਪਾਦ ਵਿੱਚ ਹੋਣ ਵਾਲਾ ਪਰਿਵਰਤਨ (Marginal product of a variable factor is the change in total product resulting from the use of one more or one less unit of the variable factor.)

ਹੋਰ ਸ਼ਬਦਾਂ ਵਿੱਚ, ਸੀਮਿਤ ਉਤਪਾਦ ਪਰਿਵਰਤਨਸ਼ੀਲ ਸਾਧਨ ਨੂੰ ਮਾਤਰਾ ਵਿੱਚ ਹੋਣ ਵਾਲੇ ਪਰਿਵਰਤਨ ਦੇ ਕਾਰਨ ਕੁਲ ਉਤਪਾਦਨ ਵਿੱਚ ਹੋਣ ਵਾਲੇ ਪਰਿਵਰਤਨ ਦੀ ਦਰ ਦਾ ਨਾਪ ਹੈ।

ਨੋਟ

$$MP = \frac{\Delta TP}{\Delta L}$$

(ਇੱਥੇ MP = ਸੀਮਿਤ ਉਤਪਾਦ, ΔTP = ਕੁਲ ਉਤਪਾਦ ਵਿੱਚ ਪਰਿਵਰਤਨ, ΔL = ਪਰਿਵਰਤਨਸ਼ੀਲ ਸਾਧਨ ਜਿਵੇਂ ਮਿਹਨਤ ਵਿੱਚ ਪਰਿਵਰਤਨ)

ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)–

1. ਉਤਪਾਦਨ ਫਲਨ ਭੌਤਿਕ ਉਤਪਾਦ ਅਤੇ ਭੌਤਿਕ ਆਗਤਾਂ ਦੇ .....ਸਬੰਧ ਨੂੰ ਪ੍ਰਗਟ ਕਰਦਾ ਹੈ।
2. ਉਤਪਾਦਨ ਫਲਨ ਉਹ ਤਾਲਿਕਾ (ਹਿਸਾਬੀ ਸਮੀਕਰਣ) ਹੈ ਜੋ ਉਸ ਜ਼ਿਆਦਾ.....ਨੂੰ ਪ੍ਰਗਟ ਕਰਦੀ ਹੈ।
3. ਇਕ ਪ੍ਰਵਾਹ ਚਰ ਪ੍ਰਵਿਰਤੀ ਦੇ ਰੂਪ ਵਿੱਚ, ਉਤਪਾਦਨ ਤੋਂ ਭਾਵ ਸਮੇਂ ਦੀ ਹਰੇਕ ਹੱਦ ਵਿੱਚ ਉਤਪਾਦਨ ਦੀ ..... ਤੋਂ ਹੈ।

8.5 ਉਤਪਾਦਨ ਦੇ ਨਿਯਮ (Laws of Production)

ਉਤਪਾਦਨ ਦੇ ਨਿਯਮ ਉਨ੍ਹਾਂ ਵਿਧੀਆਂ ਦਾ ਵਰਨਣ ਕਰਦੇ ਹਨ ਜੋ ਉਤਪਾਦਨ ਦੇ ਪੱਧਰ ਨੂੰ ਵਧਾਉਣ ਦੇ ਲਈ ਤਕਨੀਕੀ ਦ੍ਰਿਸ਼ਟੀ ਨਾਲ ਸੰਭਵ ਹੁੰਦੀਆਂ ਹਨ। ਉਤਪਾਦਨ ਵਿੱਚ ਕਈ ਤਰੀਕਿਆਂ ਨਾਲ ਵਾਧਾ ਕੀਤਾ ਜਾ ਸਕਦਾ ਹੈ। ਉਤਪਾਦਨ ਫਲਨ ਦੀ ਪ੍ਰਕਿਰਤੀ ਦਾ ਵਿਸ਼ਲੇਸ਼ਣ ਕਰਦੇ ਸਮੇਂ ਅਸੀਂ ਇਹ ਪੜ੍ਹ ਚੁੱਕੇ ਹਾਂ ਕਿ ਘੱਟ ਸਮੇਂ ਵਿੱਚ ਪਰਿਵਰਤਨਸ਼ੀਲ ਸਾਧਨ ਦੀ ਮਾਤਰਾ ਵਿੱਚ ਵਾਧਾ ਕਰਕੇ ਹੀ ਉਤਪਾਦਨ ਵਿੱਚ ਵਾਧਾ ਕੀਤਾ ਜਾ ਸਕਦਾ ਹੈ ਅਤੇ ਹੋਰ ਸਾਰੇ ਸਾਧਨਾਂ ਦੇ ਸਥਿਰ ਰਹਿਣ 'ਤੇ ਕੇਵਲ ਪਰਿਵਰਤਨਸ਼ੀਲ ਸਾਧਨ ਦੀ ਮਾਤਰਾ ਵਿੱਚ ਪਰਿਵਰਤਨ ਹੋਣ 'ਤੇ ਉਤਪਾਦਨ ਦੀ ਮਾਤਰਾ ਵਿੱਚ ਹੋਣ ਵਾਲੇ ਪਰਿਵਰਤਨ ਦੀ ਪ੍ਰਕਿਰਿਆ ਨੂੰ **ਸਾਧਨ ਦਾ ਪ੍ਰਤੀਫਲ** (Returns to a Factor) ਕਿਹਾ ਜਾਂਦਾ ਹੈ। ਇਸ ਦੇ ਉਲਟ ਦੀਰਘ ਕਾਲ ਵਿੱਚ ਸਾਰੇ ਸਾਧਨਾਂ ਦੀ ਮਾਤਰਾ ਨੂੰ ਵਧਾ ਕੇ ਉਤਪਾਦਨ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਸਾਰੇ ਸਾਧਨਾਂ ਦੇ ਅਕਾਰ ਜਾਂ ਪੈਮਾਨੇ ਵਿੱਚ ਪਰਿਵਰਤਨ ਕਰਕੇ ਉਤਪਾਦਨ ਵਿੱਚ ਪਰਿਵਰਤਨ ਕਰਨ ਦੀ ਪ੍ਰਕਿਰਿਆ ਨੂੰ **ਪੈਮਾਨੇ ਦੇ ਪ੍ਰਤੀਫਲ** (Returns to the Scale) ਕਹਿੰਦੇ ਹਨ–

8.6 ਸਾਧਨ ਦੇ ਪ੍ਰਤੀਫਲ: ਘਟਦੇ-ਵਧਦੇ ਅਨੁਪਾਤ ਦਾ ਨਿਯਮ (Returns to a Factor : Law of Variable Proportions)

ਘੱਟ ਸਮੇਂ ਵਿੱਚ ਜਦੋਂ ਕਿਸੇ ਵਸਤੂ ਦਾ ਉਤਪਾਦਨ ਵਧਾਉਣ ਦੇ ਲਈ ਸਥਿਰ ਸਾਧਨਾਂ ਦੀ ਦਿੱਤੀ ਹੋਈ ਮਾਤਰਾ ਦੇ ਨਾਲ ਪਰਿਵਰਤਨਸ਼ੀਲ ਸਾਧਨ ਦੀਆਂ ਹੋਰ ਮਾਤਰਾਵਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਤਾਂ **ਘਟਦੇ-ਵਧਦੇ ਅਨੁਪਾਤ ਦਾ ਨਿਯਮ ਲਾਗੂ ਹੁੰਦਾ ਹੈ। ਘਟਦੇ-ਵਧਦੇ ਅਨੁਪਾਤ ਦਾ ਨਿਯਮ ਉਹ ਨਿਯਮ ਹੈ ਜੋ ਸਥਿਰ ਅਤੇ ਪਰਿਵਰਤਨਸ਼ੀਲ ਸਾਧਨਾਂ ਦੇ ਵੱਖ-ਵੱਖ ਅਨੁਪਾਤਾਂ ਵਿੱਚ ਇਸਤੇਮਾਲ ਕਰਨ ਦੇ ਫਲਸਰੂਪ ਕੁਲ ਉਤਪਾਦਨ ਵਿੱਚ ਹੋਣ ਵਾਲੇ ਪਰਿਵਰਤਨਾਂ ਨੂੰ ਪ੍ਰਗਟ ਕਰਦਾ ਹੈ**

ਜਦੋਂ ਉਤਪਾਦਨ ਦੇ ਇਕ ਸਾਧਨ ਦੀ ਮਾਤਰਾ ਨੂੰ ਵਧਾ ਦਿੱਤਾ ਜਾਂਦਾ ਹੈ ਪਰ ਬਾਕੀ ਸਾਧਨਾਂ ਦੀ ਮਾਤਰਾ ਸਥਿਰ ਰਹਿੰਦੀ ਹੈ ਤਾਂ ਸਾਧਨਾਂ ਦੇ ਅਨੁਪਾਤ ਵਿੱਚ ਅੰਤਰ ਆ ਜਾਂਦਾ ਹੈ। ਮੰਨ ਲਓ ਉਤਪਾਦਨ ਦੇ ਦੋ ਸਾਧਨ ਹਨ–ਭੂਮੀ ਅਤੇ ਮਿਹਨਤ। ਭੂਮੀ ਇਕ ਸਥਿਰ (Fixed) ਸਾਧਨ ਹੈ। ਮਿਹਨਤ ਇਕ ਪਰਿਵਰਤਨਸ਼ੀਲ (Variable) ਸਾਧਨ ਹੈ। ਮੰਨ ਲਓ ਤੁਹਾਡੇ ਕੋਲ 2 ਹੈਕਟੇਅਰ ਭੂਮੀ ਹੈ। ਤੁਸੀਂ 1 ਮਜ਼ਦੂਰ ਨੂੰ ਕੰਮ 'ਤੇ ਲਗਾ ਕੇ ਟਮਾਟਰ ਦੀ ਖੇਤੀ ਕਰਦੇ ਹੋ ਅਤੇ ਮਿਹਨਤ ਅਤੇ ਭੂਮੀ ਦਾ ਅਨੁਪਾਤ 1 : 2 ਹੋਵੇਗਾ। ਜੇਕਰ ਤੁਸੀਂ ਮਜ਼ਦੂਰਾਂ ਦੀ ਸੰਖਿਆ ਵਧਾ ਕੇ 2 ਕਰ ਦਿੰਦੇ ਹਨ ਤਾਂ ਭੂਮੀ ਅਤੇ ਮਿਹਨਤ ਦਾ ਅਨੁਪਾਤ ਵੱਧ ਕੇ 2 : 2 ਹੋ ਜਾਵੇਗਾ, ਜੇਕਰ ਪਹਿਲੇ ਪ੍ਰਤੀ ਮਜ਼ਦੂਰ 2 ਹੈਕਟੇਅਰ ਭੂਮੀ ਸੀ ਤਾਂ ਹੁਣ ਪ੍ਰਤੀ ਮਜ਼ਦੂਰ 1 ਹੈਕਟੇਅਰ ਭੂਮੀ ਰਹਿ ਗਈ ਅਤੇ **ਸਾਧਨਾਂ ਦੇ ਅਨੁਪਾਤ** ਵਿੱਚ ਪਰਿਵਰਤਨ ਹੋਣ ਕਾਰਨ ਉਤਪਾਦਨ ਦੀ ਮਾਤਰਾ ਵਿੱਚ ਵੱਖ-ਵੱਖ ਦਰਾਂ ਨਾਲ ਪਰਿਵਰਤਨ ਹੋਵੇਗਾ।

ਅਰਥ ਸ਼ਾਸਤਰ ਵਿੱਚ ਪ੍ਰਵਿਰਤੀ ਨੂੰ **ਘਟਦੇ-ਵੱਧਦੇ ਅਨੁਪਾਤ ਦਾ ਨਿਯਮ** (Law of Variable Proportions) ਕਿਹਾ ਜਾਂਦਾ ਹੈ। **ਇਸ ਨਿਯਮ ਤੋਂ ਪਤਾ ਲੱਗਦਾ ਹੈ ਕਿ ਉਤਪਾਦਨ ਦੇ ਸਾਧਨਾਂ ਦੇ ਅਨੁਪਾਤ ਵਿੱਚ ਪਰਿਵਰਤਨ ਕਰਨ ਨਾਲ ਉਤਪਾਦਨ ਦੀ ਮਾਤਰਾ ਵਿੱਚ ਪਹਿਲਾਂ ਵੱਧਦੇ ਹੋਏ ਅਨੁਪਾਤ ਵਿੱਚ ਪਰਿਵਰਤਨ** ਹੁੰਦਾ ਹੈ, ਉਸ ਤੋਂ ਬਾਅਦ **ਬਰਾਬਰ ਅਨੁਪਾਤ ਵਿੱਚ ਪਰਿਵਰਤਨ ਹੁੰਦਾ ਹੈ ਅਤੇ ਇਸ ਤੋਂ ਬਾਅਦ ਘਟਦੇ ਹੋਏ ਅਨੁਪਾਤ ਵਿੱਚ ਪਰਿਵਰਤਨ ਹੁੰਦਾ ਹੈ।** ਪੰਪਰਾਵਾਦੀ ਅਰਥ ਸ਼ਾਸਤਰੀ ਇਸ ਨਿਯਮ ਨੂੰ **ਘਟਦੇ ਪ੍ਰਤੀਫਲ ਦਾ ਨਿਯਮ** (Law of Diminishing Returns) ਕਹਿੰਦੇ ਸਨ। ਉਨ੍ਹਾਂ ਨੇ ਇਸ ਦਾ ਅਧਿਐਨ ਵਿਸ਼ੇਸ਼ ਰੂਪ ਵਿੱਚ ਖੇਤੀ ਦੇ ਸਬੰਧ

ਨੋਟ

ਵਿੱਚ ਕੀਤਾ ਸੀ। ਉਨ੍ਹਾਂ ਦੇ ਅਨੁਸਾਰ ਜਦੋਂ ਭੂਮੀ ਦੇ ਇਕ ਨਿਸ਼ਚਿਤ ਖੇਤਰ 'ਤੇ ਮਿਹਨਤ ਦੀ ਜ਼ਿਆਦਾ ਮਾਤਰਾ ਦਾ ਇਸਤੇਮਾਲ ਕੀਤਾ ਜਾਵੇਗਾ ਤਾਂ ਘਟਦੇ ਪ੍ਰਤੀਫਲ ਪ੍ਰਾਪਤ ਹੋਣਗੇ ਪਰ ਅਸਲ ਵਿੱਚ ਇਹ ਇਕ **ਸਧਾਰਣ ਸਿਧਾਂਤ** ਹੈ, ਜੋ ਖੇਤੀ, ਉਦਯੋਗ, ਭਵਨ, ਨਿਰਮਾਣ ਆਦਿ ਕਿਸੇ ਵੀ ਉਤਪਾਦਨ ਪ੍ਰਕਿਰਿਆ 'ਤੇ ਲਾਗੂ ਹੁੰਦਾ ਹੈ। ਆਧੁਨਿਕ ਸਮੇਂ ਵਿੱਚ ਇਸ ਨੂੰ ਸਧਾਰਣ ਤੌਰ 'ਤੇ ਘਟਦੇ-ਵੱਧਦੇ ਅਨੁਪਾਤ ਦਾ ਨਿਯਮ ਕਿਹਾ ਜਾਂਦਾ ਹੈ। ਇਸ ਨੂੰ **ਘਟਦੇ ਸੀਮਿਤ ਉਤਪਾਦ ਦਾ ਨਿਯਮ** (Law of Diminishing Marginal Product) ਜਾਂ **ਘਟਦੇ ਸੀਮਿਤ ਪ੍ਰਤੀਫਲ** (Diminishing Marginal Returns) ਜਾਂ ਕੇਵਲ **ਘਟਦੇ ਪ੍ਰਤੀਫਲ** ਵੀ (Diminishing Returns) ਕਿਹਾ ਜਾ ਸਕਦਾ ਹੈ।

ਲੇਫਟਵਿਚ ਦੇ ਅਨੁਸਾਰ, **''ਘਟਦੇ-ਵੱਧਦੇ ਅਨੁਪਾਤ ਦਾ ਨਿਯਮ ਇਹ ਦੱਸਦਾ ਹੈ ਕਿ ਜੇਕਰ ਪ੍ਰਤੀ ਇਕਾਈ ਸਮੇਂ ਅਨੁਸਾਰ ਇਕ ਸਾਧਨ ਦੀ ਮਾਤਰਾ ਵਿੱਚ ਬਰਾਬਰ ਇਕਾਈਆਂ ਵਿੱਚ ਵਾਧਾ ਕੀਤਾ ਜਾਂਦਾ ਹੈ ਅਤੇ ਹੋਰ ਸਾਧਨਾਂ ਦੀਆਂ ਮਾਤਰਾਵਾਂ ਸਥਿਰ ਰੱਖੀਆਂ ਜਾਂਦੀਆਂ ਹਨ ਤਾਂ ਵਸਤੂ ਦੀ ਕੁੱਲ ਉਤਪਤੀ ਵਿੱਚ ਵਾਧਾ ਹੋਵੇਗਾ ਪਰ ਇਕ ਬਿੰਦੂ ਤੋਂ ਬਾਅਦ ਉਤਪਤੀ ਦੇ ਵਾਧੇ ਹੌਲੀ-ਹੌਲੀ ਘੱਟ ਹੁੰਦੇ ਜਾਣਗੇ।''** (The law of variable proportion states that if the input of one resource is increased by equal increments per unit of time while the inputs of other resources are held constant, total output will increase, but beyond some point the resulting output increases will become smaller and a smaller. **—Leftwitch**)

ਕਾਲਵੋ ਅਤੇ ਵਾਗ ਦੇ ਅਨੁਸਾਰ, **''ਘਟਦੇ-ਵੱਧਦੇ ਅਨੁਪਾਤ ਦੇ ਨਿਯਮ ਤੋਂ ਪਤਾ ਲੱਗਦਾ ਹੈ ਕਿ ਜੇਕਰ ਇਕ ਸਾਧਨ ਦੀ ਘਟਦੀ-ਵੱਧਦੀ ਮਾਤਰਾ ਦਾ ਹੋਰ ਸਾਧਨਾਂ ਦੀ ਸਥਿਰ ਮਾਤਰਾ ਨਾਲ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਪਰਿਵਰਤਨਸ਼ੀਲ ਸਾਧਨ ਦੀ ਹਰੇਕ ਇਕਾਈ 'ਚ ਲਗਾਉਣ ਦੇ ਉਤਪਾਦਨ ਵਿੱਚ ਵਾਧਾ ਹੋਵੇਗਾ ਪਰ ਇਕ ਨਿਸ਼ਚਿਤ ਬਿੰਦੂ ਤੋਂ ਬਾਅਦ ਇਹ ਲਗਾਤਾਰ ਘੱਟ ਹੁੰਦੀ ਜਾਵੇਗੀ। ਨਤੀਜੇ ਵਜੋਂ ਕੁੱਲ ਉਤਪਾਦਨ ਵਧੇਰੇ ਪੱਧਰ 'ਤੇ ਪਹੁੰਚਣ ਤੋਂ ਅੰਤ ਵਿੱਚ ਘੱਟ ਹੋਣਾ ਆਰੰਭ ਕਰ ਦਿੰਦਾ ਹੈ।''** (The law of variable proportions states that if a variable quantity of one resource is applied to a fixed amount of other inputs, output per unit of variable input will increase but beyond some point the resulting increases will be less and less, with total output reaching maximum before it finally begins to decline. **—Calvo and Waugh**)

ਮਾਨਤਾਵਾਂ (Assumptions)

ਘਟਦੇ-ਵੱਧਦੇ ਅਨੁਪਾਤ ਦੇ ਨਿਯਮ ਦੀਆਂ ਮੁੱਖ ਮਾਨਤਾਵਾਂ ਹੇਠ ਲਿਖੀਆਂ ਹਨ-

(1) ਉਤਪਾਦਨ ਦਾ ਇਕ ਸਾਧਨ ਪਰਿਵਰਤਨਸ਼ੀਲ ਹੈ ਅਤੇ ਬਾਕੀ ਹੋਰ ਸਾਰੇ ਸਾਧਨ ਸਥਿਰ ਹਨ। (2) ਪਰਿਵਰਤਨਸ਼ੀਲ ਸਾਧਨ ਦੀਆਂ ਸਾਰੀਆਂ ਇਕਾਈਆਂ ਸਮਰੂਪ ਹਨ ਜਾਂ ਬਰਾਬਰ ਰੂਪ ਵਿੱਚ ਕੁਸ਼ਲ ਹਨ। (3) ਉਤਪਾਦਨ ਤਕਨੀਕ ਵਿੱਚ ਕੋਈ ਪਰਿਵਰਤਨ ਨਹੀਂ ਹੁੰਦਾ। (4) ਉਤਪਾਦਨ ਦੇ ਸਾਧਨਾਂ ਦਾ ਵੱਖ-ਵੱਖ ਅਨੁਪਾਤਾਂ ਵਿੱਚ ਇਸਤੇਮਾਲ ਕੀਤਾ ਜਾ ਸਕਦਾ ਹੈ। ਉਦਾਹਰਣ ਦੇ ਤੌਰ 'ਤੇ 2 ਹੈਕਟੇਅਰ ਭੂਮੀ 'ਤੇ ਖੇਤੀ ਕਰਨ ਲਈ ਇਕ ਮਜ਼ਦੂਰ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ ਜਾਂ 2 ਹੈਕਟੇਅਰ ਭੂਮੀ 'ਤੇ 4 ਮਜ਼ਦੂਰਾਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ।

ਨੋਟਸ ਸਾਰੇ ਸਾਧਨਾਂ ਦੇ ਆਕਾਰ ਜਾਂ ਪੈਮਾਨੇ ਵਿੱਚ ਪਰਿਵਰਤਨ ਕਰਕੇ ਉਤਪਾਦਨ ਵਿੱਚ ਪਰਿਵਰਤਨ ਕਰਨ ਦੀ ਪ੍ਰਕਿਰਿਆ ਨੂੰ ਪੈਮਾਨੇ ਦਾ ਪ੍ਰਤੀਫਲ ਕਹਿੰਦੇ ਹਨ।

8.7 ਲਾਗੂ ਹੋਣ ਦੀਆਂ ਦਸ਼ਾਵਾਂ ਜਾਂ ਕਾਰਨ (Conditions of Applicability or Causes of Application)

ਘਟਦੇ-ਵੱਧਦੇ ਪ੍ਰਤੀਫਲ ਨਿਯਮ ਦੇ ਲਾਗੂ ਹੋਣ ਦੀਆਂ ਮੁੱਖ ਦਿਸ਼ਾਵਾਂ ਜਾਂ ਕਾਰਨ ਹੇਠ ਲਿਖੇ ਹਨ-

1. **ਸਾਧਨ ਦੀ ਵੰਡ** (Indivisibility of Factors)- ਵੱਧਦੇ ਪ੍ਰਤੀਫਲ ਦੀ ਸਥਿਤੀ ਦੇ ਲਾਗੂ ਹੋਣ ਦਾ ਮੁੱਖ ਕਾਰਨ ਇਹ ਹੈ ਕਿ ਉਤਪਾਦਨ ਦੇ ਕੁਝ ਸਾਧਨ ਵੰਡੇ ਹੁੰਦੇ ਹਨ। ਇਸ ਦਾ ਅਰਥ ਇਹ ਹੋਇਆ ਕਿ ਕਿਸੇ ਵਸਤੂ ਦੀ ਇਕ ਦਿੱਤੀ ਹੋਈ ਮਾਤਰਾ ਦਾ ਉਤਪਾਦਨ ਕਰਨ ਲਈ ਸਥਿਰ ਸਾਧਨ ਦੀ ਘੱਟੋ-ਘੱਟ ਇਕ ਇਕਾਈ ਦਾ ਇਸਤੇਮਾਲ ਕਰਨਾ

ਨੋਟ

ਜ਼ਰੂਰੀ ਹੈ। ਉਤਪਾਦਨ ਦੀ ਅਰੰਭਿਕ ਸਥਿਤੀ ਵਿੱਚ ਉਤਪਾਦਨ ਦੇ ਸਥਿਰ ਸਾਧਨ ਜਿਵੇਂ ਮਸ਼ੀਨ ਦਾ ਘੱਟ ਇਸਤੇਮਾਲ ਹੁੰਦਾ ਹੈ। ਇਸ ਦੇ ਪੂਰਨ ਇਸਤੇਮਾਲ ਲਈ ਪਰਿਵਰਤਨਸ਼ੀਲ ਸਾਧਨ, ਜਿਵੇਂ ਮਿਹਨਤ ਦੀਆਂ ਜ਼ਿਆਦਾ ਇਕਾਈਆਂ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਅਰੰਭਿਕ ਸਥਿਤੀ ਵਿੱਚ ਪਰਿਵਰਤਨਸ਼ੀਲ ਸਾਧਨ ਦੀਆਂ ਹੋਰ ਇਕਾਈਆਂ ਦਾ ਇਸਤੇਮਾਲ ਕਰਨ ਦੇ ਫਲਸਰੂਪ ਸਥਿਰ ਸਾਧਨ ਦਾ ਪੂਰਨ ਇਸਤੇਮਾਲ ਹੋਣ ਲੱਗਦਾ ਹੈ। ਪਰਿਵਰਤਨਸ਼ੀਲ ਸਾਧਨ ਦੀਆਂ ਹੋਰ ਇਕਾਈਆਂ ਦਾ ਇਸਤੇਮਾਲ ਕਰਨ ਨਾਲ **ਪ੍ਰਕਿਰਿਆ ਅਧਾਰਿਤ** (Process Based) ਮਿਹਨਤ ਵੰਡ ਸੰਭਵ ਹੋ ਜਾਂਦੀ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਪਰਿਵਰਤਨਸ਼ੀਲ ਸਾਧਨ ਦੀ ਕਾਰਜਕੁਸ਼ਲਤਾ ਵੱਧ ਜਾਂਦੀ ਹੈ। ਸਥਿਰ ਅਤੇ ਪਰਿਵਰਤਨਸ਼ੀਲ ਸਾਧਨਾਂ ਦੇ ਸਮਨਵਯ ਦਾ ਪੱਧਰ ਵੀ ਵੱਧ ਜਾਂਦਾ ਹੈ। ਇਸ ਦੇ ਫਲਸਰੂਪ ਸੀਮਿਤ ਉਤਪਾਦਨ ਵੱਧਦਾ ਹੈ ਅਤੇ ਕੁੱਲ ਉਤਪਾਦਨ ਵੀ ਵੱਧਦੀ ਦਰ 'ਤੇ ਵੱਧਦਾ ਹੈ।

2. **ਸਾਧਨ ਅਨੁਪਾਤ ਵਿੱਚ ਪਰਿਵਰਤਨ** (Change in Factor Ratio)– ਘਟਦੇ ਪ੍ਰਤੀਫਲ ਦੀ ਸਥਿਤੀ ਦੇ ਲਾਗੂ ਹੋਣ ਦਾ ਮੁੱਖ ਕਾਰਨ ਇਹ ਹੈ ਕਿ ਉਤਪਾਦਨ ਦਾ ਕੋਈ ਇਕ ਸਾਧਨ ਪਰਿਵਰਤਨਸ਼ੀਲ ਹੈ ਅਤੇ ਬਾਕੀ ਸਾਧਨ ਸਥਿਰ ਹਨ, ਜਦੋਂ ਪਰਿਵਰਤਨਸ਼ੀਲ ਸਾਧਨ ਦਾ ਸਥਿਰ ਸਾਧਨਾਂ ਦੇ ਨਾਲ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਪਰਿਵਰਤਨਸ਼ੀਲ ਸਾਧਨ ਦੀ ਤੁਲਨਾ ਵਿੱਚ ਉਨ੍ਹਾਂ ਦਾ ਅਨੁਪਾਤ ਘੱਟ ਹੁੰਦਾ ਜਾਂਦਾ ਹੈ। ਕਿਸੇ ਵਸਤੂ ਦਾ ਉਤਪਾਦਨ ਸਾਰੇ ਸਾਧਨਾਂ ਦੇ ਸਹਿਯੋਗ ਦਾ ਫਲ ਹੈ, ਜਦੋਂ ਪਰਿਵਰਤਨਸ਼ੀਲ ਸਾਧਨ ਵੀ ਇਕ ਹੋਰ ਇਕਾਈ ਨੂੰ ਸਥਿਰ ਸਾਧਨ ਦੇ ਮੁਕਾਬਲੇ ਘੱਟ ਇਕਾਈਆਂ ਦੇ ਸਹਿਯੋਗ ਨਾਲ ਉਤਪਾਦਨ ਕਰਨਾ ਪੈਂਦਾ ਹੈ ਤਾਂ ਪਰਿਵਰਤਨਸ਼ੀਲ ਸਾਧਨ ਦਾ ਸੀਮਿਤ ਪ੍ਰਤੀਫਲ ਘਟਣਾ ਸ਼ੁਰੂ ਹੋ ਜਾਂਦਾ ਹੈ।

   ਉਦਾਹਰਣ ਦੇ ਤੌਰ 'ਤੇ 10 ਹੈਕਟੇਅਰ ਦੇ ਇਕ ਖੇਤ 'ਤੇ 5 ਮਜ਼ਦੂਰ ਕੰਮ ਕਰਦੇ ਹਨ। ਇਨ੍ਹਾਂ 5 ਮਜ਼ਦੂਰਾਂ ਦੀ ਮਿਹਨਤ ਕਾਰਨ ਭੂਮੀ ਦਾ ਪੂਰਨ ਇਸਤੇਮਾਲ ਹੁੰਦਾ ਰਹਿੰਦਾ ਹੈ। ਇਸ ਸਥਿਤੀ ਵਿੱਚ ਭੂਮੀ-ਮਿਹਨਤ ਅਨੁਪਾਤ 2 : 1 ਹੈ। ਇਸ ਦੇ ਉਲਟ ਜੇਕਰ ਮਜ਼ਦੂਰਾਂ ਦੀ ਸੰਖਿਆ ਨੂੰ ਵਧਾ ਕੇ 10 ਕਰ ਦਿੱਤਾ ਜਾਵੇ ਤਾਂ ਭੂਮੀ-ਮਿਹਨਤ ਅਨੁਪਾਤ 1 : 1 ਹੋ ਜਾਵੇਗਾ। ਇਹ ਸਪੱਸ਼ਟ ਹੈ ਕਿ 1 ਮਜ਼ਦੂਰ 1 ਹੈਕਟੇਅਰ ਭੂਮੀ ਤੋਂ 2 ਹੈਕਟੇਅਰ ਭੂਮੀ ਦੀ ਤੁਲਨਾ ਵਿੱਚ ਘੱਟ ਉਤਪਾਦਨ ਕਰੇਗਾ। ਇਸ ਲਈ ਜਦੋਂ ਭੂਮੀ (ਸਥਿਰ ਸਾਧਨ) ਦਾ ਪਰਿਵਰਤਨਸ਼ੀਲ ਸਾਧਨ (ਮਜ਼ਦੂਰ) ਦੀ ਤੁਲਨਾ ਵਿੱਚ ਅਨੁਪਾਤ ਘੱਟ ਹੋਵੇਗਾ ਤਾਂ ਪਰਿਵਰਤਨਸ਼ੀਲ ਸਾਧਨ ਅਤੇ ਮਜ਼ਦੂਰ ਦਾ ਸੀਮਿਤ ਉਤਪਾਦਨ ਘੱਟ ਹੋਵੇਗਾ।

3. **ਅਪੂਰਨ ਸਥਾਨਾਪੰਨ** (Imperfect Substitutes)–**ਸ਼੍ਰੀਮਤੀ ਜੋਨ ਰੋਬਿੰਨਸਨ** ਦੇ ਅਨੁਸਾਰ ਘਟਦੀ ਪ੍ਰਤੀਫਲ ਦੀ ਸਥਿਤੀ ਦੇ ਲਾਗੂ ਹੋਣ ਦਾ ਮੁੱਖ ਕਾਰਨ ਉਤਪਾਦਨ ਦੇ ਸਾਧਨਾਂ ਵਿੱਚ ਪਾਈ ਜਾਣ ਵਾਲੀ **ਅਪੂਰਨ ਸਥਾਨਾਪੰਨਤਾ** ਹੈ। ਇਸ ਸਾਧਨ ਦੀ ਜਗ੍ਹਾ 'ਤੇ ਦੂਸਰੇ ਸਾਧਨ ਦਾ ਪੂਰੀ ਤਰ੍ਹਾਂ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਜੇਕਰ ਸਥਿਰ ਸਾਧਨ ਦਾ ਪੂਰਨ ਸਥਾਨਾਪੰਨ ਸੰਭਵ ਹੁੰਦਾ ਹੈ ਤਾਂ ਸਥਿਰ ਸਾਧਨਾਂ ਦੇ **ਇਸ਼ਟਤਮ ਪ੍ਰਯੋਗ** (Optimum Use) ਤੋਂ ਬਾਅਦ ਜਦੋਂ ਪਰਿਵਰਤਨਸ਼ੀਲ ਸਾਧਨਾਂ ਦੀਆਂ ਜ਼ਿਆਦਾ ਇਕਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਤਾਂ ਸਥਿਰ ਸਾਧਨ ਦੇ ਸਥਾਨਾਪੰਨ ਦਾ ਇਸਤੇਮਾਲ ਕਰਕੇ ਉਸ ਦੀ ਮਾਤਰਾ ਨੂੰ ਵੀ ਵਧਾਇਆ ਜਾ ਸਕਦਾ ਸੀ। ਇਸ ਸਥਿਤੀ ਵਿੱਚ ਉਤਪਾਦਨ 'ਚ ਪਹਿਲੇ ਅਨੁਪਾਤ 'ਚ ਹੀ ਵਾਧਾ ਕਰਨਾ ਸੰਭਵ ਹੁੰਦਾ ਪਰ ਅਸਲੀ ਜੀਵਨ ਵਿੱਚ ਉਤਪਾਦਨ ਦੇ ਸਾਧਨ ਅਪੂਰਨ ਸਥਾਨਾਪੰਨ ਹੁੰਦੇ ਹਨ। ਇਸ ਲਈ ਉਤਪਾਦਨ ਦੇ ਇਕ ਸਾਧਨ ਦੀ ਜਗ੍ਹਾ 'ਤੇ ਦੂਸਰੇ ਸਾਧਨ ਦਾ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਇਸ ਲਈ ਜਦੋਂ ਸਥਿਰ ਅਤੇ ਪਰਿਵਰਤਨਸ਼ੀਲ ਸਾਧਨਾਂ ਦਾ ਉਪਯੁਕਤ ਅਨੁਪਾਤ ਵਿੱਚ ਇਸਤੇਮਾਲ ਕਰਨਾ ਸੰਭਵ ਨਹੀਂ ਹੁੰਦਾ ਤਾਂ ਪਰਿਵਰਤਨਸ਼ੀਲ ਸਾਧਨ ਦਾ ਸੀਮਿਤ ਉਤਪਾਦਨ ਘਟਣ ਲੱਗਦਾ ਹੈ।

8.8 ਨਿਯਮ ਦਾ ਸੱਥਗਨ (Postponement of the Law)

ਘਟਦੇ-ਵੱਧਦੇ ਪ੍ਰਤੀਫਲ ਦੇ ਨਿਯਮ ਦਾ ਹੇਠ ਲਿਖੀਆਂ ਦਿਸ਼ਾਵਾਂ ਵਿੱਚ ਰੱਦ ਹੋਣਾ ਸੰਭਵ ਹੈ-

(i) **ਉਤਪਾਦ ਤਕਨੀਕ ਵਿੱਚ ਸੁਧਾਰ** (Improvement in the Technique of Production)–ਉਤਪਾਦਨ ਤਕਨੀਕ ਵਿੱਚ ਹੋਣ ਵਾਲੇ ਸੁਧਾਰਾਂ ਦੇ ਫਲਸਰੂਪ ਇਸ ਨਿਯਮ ਨੂੰ ਰੱਦ ਕੀਤਾ ਜਾ ਸਕਦਾ ਹੈ। ਹੋਰ ਸ਼ਬਦਾਂ ਵਿੱਚ ਸੁਧਰੀ ਹੋਈ ਤਕਨੀਕ ਦਾ ਇਸਤੇਮਾਲ ਕਰਨ ਦੇ ਫਲਸਰੂਪ ਉਤਪਾਦਕਤਾ ਵਿੱਚ ਵਾਧਾ ਹੁੰਦਾ ਹੈ ਅਤੇ ਉਤਪਾਦਨ ਲਾਗਤ ਘੱਟ ਹੋ ਜਾਂਦੀ ਹੈ। ਇਸ ਦੇ ਫਲਸਰੂਪ ਘਟਦੇ-ਵੱਧਦੇ ਪ੍ਰਤੀਫਲ ਦੇ ਨਿਯਮ ਨੂੰ ਲਾਗੂ ਹੋਣ ਤੋਂ ਰੋਕਿਆ ਜਾ ਸਕਦਾ ਹੈ।

ਘਟਦੇ-ਵੱਧਦੇ ਪ੍ਰਤੀਫਲ ਦੇ ਨਿਯਮ ਨੂੰ ਹਮੇਸ਼ਾ ਲਈ ਰੱਦ ਨਹੀਂ ਕੀਤਾ ਜਾ ਸਕਦਾ। ਇਸ ਨਿਯਮ ਨੂੰ ਜ਼ਿਆਦਾ ਤੋਂ ਜ਼ਿਆਦਾ ਥੋੜ੍ਹੇ ਜਿਹੇ ਸਮੇਂ ਲਈ ਉਸ ਸਥਿਤੀ ਵਿੱਚ ਰੱਦ ਕੀਤਾ ਜਾ ਸਕਦਾ ਹੈ, ਜਦੋਂ ਕਿਸੇ ਨਵੀਂ ਤਕਨੀਕ ਦੀ ਖੋਜ ਕੀਤੀ ਜਾਂਦੀ ਹੈ।

(ii) ਜੇਕਰ ਉਤਪਾਦਨ ਦੇ ਸਾਧਨ **ਪੂਰਨ ਤੌਰ 'ਤੇ ਸਥਾਨਾਪੰਨ** (Perfect Substitutes) ਹੋਣ ਅਤੇ ਇਕ ਸਾਧਨ ਦਾ ਦੂਸਰੇ ਸਾਧਨ ਦੇ ਲਈ ਇਸਤੇਮਾਲ ਕੀਤਾ ਜਾ ਸਕੇ ਤਾਂ ਇਸ ਨਿਯਮ ਨੂੰ ਰੱਦ ਕੀਤਾ ਜਾ ਸਕਦਾ ਹੈ। ਇਸ ਸਥਿਤੀ ਵਿੱਚ ਸਾਧਨ ਦੇ ਸਥਿਰ ਹੋਣ ਦੀ ਪਾਬੰਦੀ ਲਾਗੂ ਨਹੀਂ ਹੁੰਦੀ।

ਨੋਟ

8.9 ਸਾਧਨ ਦੇ ਪ੍ਰਤੀਫਲ-ਵੱਖ-ਵੱਖ ਸਥਿਤੀਆਂ ਦਾ ਵਿਸਥਾਰਪੂਰਵਕ ਅਧਿਐਨ (Returns to a Factor – A Detailed Study of Different Situations)

ਉਤਪਾਦਨ ਦੇ ਸਥਿਰ ਸਾਧਨ ਦੇ ਨਾਲ ਪਰਿਵਰਤਨਸ਼ੀਲ ਸਾਧਨ ਦੀਆਂ ਵੱਧਦੀਆਂ ਹੋਈਆਂ ਇਕਾਈਆਂ ਦਾ ਇਸਤੇਮਾਲ ਕਰਨ ਦੇ ਫਲਸਰੂਪ ਉਤਪਾਦਨ ਦੀਆਂ ਹੇਠ ਲਿਖੀਆਂ ਤਿੰਨ ਸਥਿਤੀਆਂ ਪ੍ਰਗਟ ਹੁੰਦੀਆਂ ਹਨ–

ਸਥਿਤੀ (Situation) 1: ਸਾਧਨ ਦੇ ਵੱਧਦੇ ਪ੍ਰਤੀਫਲ (Increasing Returns to a Factor)

ਸਾਧਨ ਦੇ ਵੱਧਦੇ ਪ੍ਰਤੀਫਲ ਉਹ ਸਥਿਤੀ ਹੈ, ਜਿਸ ਵਿੱਚ ਕੁੱਲ ਉਤਪਾਦਨ ਉਸ ਸਮੇਂ ਵੱਧਦੀ ਹੋਈ ਦਰ 'ਤੇ ਵੱਧਦਾ ਹੈ, ਜਦੋਂ ਸਥਿਰ ਸਾਧਨ (ਸਾਧਨਾਂ) ਦੀ ਨਿਸ਼ਚਿਤ ਇਕਾਈ ਦੇ ਨਾਲ ਪਰਿਵਰਤਨਸ਼ੀਲ ਸਾਧਨ ਦੀਆਂ ਜ਼ਿਆਦਾ ਇਕਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਸ ਸਥਿਤੀ ਵਿੱਚ ਪਰਿਵਰਤਸ਼ੀਲ ਸਾਧਨ ਦਾ ਸੀਮਿਤ ਉਤਪਾਦਨ ਵੱਧਦਾ ਜਾਂਦਾ ਹੈ। ਹੋਰ ਸ਼ਬਦਾਂ ਵਿੱਚ **ਉਤਪਾਦਨ ਦੀ ਸੀਮਿਤ ਲਾਗਤ** ਘੱਟ ਹੋ ਜਾਂਦੀ ਹੈ।

ਬੇਨਹਮ ਦੇ ਸ਼ਬਦਾਂ ਵਿੱਚ, **''ਜਦੋਂ ਸਾਧਨਾਂ ਦੇ ਸੰਜੋਗ ਵਿੱਚ ਇਕ ਸਾਧਨ ਦੇ ਅਨੁਪਾਤ ਨੂੰ ਵਧਾਇਆ ਜਾਂਦਾ ਹੈ, ਉਦੋਂ ਇਕ ਹੱਦ ਤੱਕ ਉਸ ਸਾਧਨ ਦੀ ਸੀਮਿਤ ਉਤਪਾਦਕਤਾ ਵਿੱਚ ਵਾਧਾ ਹੋਵੇਗਾ।''** (Increasing returns to a factor states as the proportion of one factor in a combination of factors is increased upto a point, the marginal productivity of the factor will increase. **—Benham**)

ਜਾਨ ਰਾਬਿਨਸਨ ਦੇ ਅਨੁਸਾਰ, **''ਵੱਧਦੇ ਪ੍ਰਤੀਫਲ ਦੇ ਨਿਯਮ ਤੋਂ ਪਤਾ ਲੱਗਦਾ ਹੈ ਕਿ ਜਦੋਂ ਉਤਪਾਦਨ ਦੇ ਕਿਸੇ ਸਾਧਨ ਦੀ ਵੱਧਦੀ ਹੋਈ ਮਾਤਰਾ ਦਾ ਕਿਸੇ ਕੰਮ ਦੇ ਲਈ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਸਿਰਫ ਸਥਿਤੀ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਇਸ ਦੇ ਫਲਸਰੂਪ ਸਾਧਨ ਦੀਆਂ ਇਕਾਈਆਂ ਜ਼ਿਆਦਾ ਕੁਸ਼ਲ ਹੋ ਜਾਣਗੀਆਂ ਅਤੇ ਉਤਪਾਦਨ ਵਿੱਚ ਵਾਧਾ ਕਰਨ ਲਈ ਸਾਧਨਾਂ ਦੀ ਭੌਤਿਕ ਮਾਤਰਾ ਵਿੱਚ ਉਸੇ ਅਨੁਪਾਤ 'ਚ ਵਾਧਾ ਕਰਨ ਦੀ ਜ਼ਰੂਰਤ ਨਹੀਂ ਪਵੇਗੀ।''** (Law of Increasing Returns states that when an increasing amount of a factor of production is employed it generally brings about at improvement in organisation. As a result of it, units of the factor concerned become more efficient and to increase production it will not be necessary to increase the physical quantity of the factor in the same proportion. **—John Robinson**)

ਕੀ ਤੁਸੀਂ ਜਾਣਦੇ ਹੋ	ਸਾਧਨਾਂ ਦੀ ਸਥਿਰਤਾ ਅਤੇ ਪਰਿਵਰਤਨਸ਼ੀਲਤਾ ਸਮੇਂ 'ਤੇ ਨਿਰਭਰ ਕਰਦੀ ਹੈ।

ਉਦਾਹਰਣ (Illustration)

ਸਾਧਨ ਦੇ ਵੱਧਦੇ ਪ੍ਰਤੀਫਲ ਦੀ ਤਾਲਿਕਾ 1 ਅਤੇ ਚਿੱਤਰ 8.1 ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ।

ਤਾਲਿਕਾ 1. ਸਾਧਨਾਂ ਦੇ ਵਧਦੇ ਪ੍ਰਤੀਫਲ (Increasing Returns to a Factor)

ਮਿਹਨਤ ਦੀਆਂ ਇਕਾਈਆਂ	ਪੂੰਜੀ ਦੀਆਂ ਇਕਾਈਆਂ	ਕੁੱਲ ਉਤਪਾਦਨ	ਸੀਮਿਤ ਉਤਪਾਦਨ
1	1	4	4
2	1	10	10–4=6
3	1	18	18–10=8
4	1	28	28–18=10
5	1	40	40–28=12

ਉਪਰੋਕਤ ਤਾਲਿਕਾ ਤੋਂ ਪਤਾ ਲੱਗਦਾ ਹੈ ਕਿ ਜਦੋਂ ਪੂੰਜੀ ਦੀ ਸਥਿਰ ਮਾਤਰਾ ਮਿਹਨਤ ਦੀਆਂ ਜ਼ਿਆਦਾ ਇਕਾਈਆਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ ਤਾਂ ਕੁਲ ਉਤਪਾਦਨ ਵਧਦੀ ਹੋਈ ਦਰ 'ਤੇ ਵੱਧ ਰਿਹਾ ਹੈ। ਪਰਿਵਰਤਨ ਸਾਧਨ (ਮਿਹਨਤ) ਦਾ ਸੀਮਿਤ ਉਤਪਾਦਨ ਵੱਧ ਰਿਹਾ ਹੈ।

ਨੋਟ



ਚਿੱਤਰ 8.1

ਚਿੱਤਰ 8.1 (A) ਤੋਂ ਪਤਾ ਲੱਗਦਾ ਹੈ ਕਿ ਕੁੱਲ ਉਤਪਾਦਨ ਵੱਧਦੀ ਦਰ 'ਤੇ ਵੱਧ ਰਿਹਾ ਹੈ ਜਦੋਂ ਕਿ ਚਿੱਤਰ 8.1 (B) ਤੋਂ ਪਤਾ ਲੱਗਦਾ ਹੈ ਕਿ ਪਰਿਵਰਤਨਸ਼ੀਲ ਸਾਧਨ ਦਾ ਸੀਮਿਤ ਉਤਪਾਦਨ ਵੱਧਦਾ ਜਾ ਰਿਹਾ ਹੈ।

ਸਾਧਨ ਦੇ ਵੱਧਦੇ ਪ੍ਰਤੀਫਲ ਦੇ ਕਾਰਨ (Causes of Increasing Returns to a Factor)

ਸਾਧਨ ਦੇ ਵੱਧਦੇ ਪ੍ਰਤੀਫਲ ਦੇ ਮੁੱਖ ਕਾਰਨ ਹੇਠ ਲਿਖੇ ਹਨ–

(i) **ਸਥਿਰ ਸਾਧਨ ਦਾ ਘੱਟ ਇਸਤੇਮਾਲ** (Under-utilisation of Fixed Factor)–ਉਤਪਾਦਨ ਦੀ ਅਰੰਭਿਕ ਸਥਿਤੀ ਵਿੱਚ ਉਤਪਾਦਨ ਦੇ ਸਥਿਰ ਸਾਧਨ ਜਿਵੇਂ ਮਸ਼ੀਨ ਦਾ ਘੱਟ ਇਸਤੇਮਾਲ ਹੁੰਦਾ ਹੈ। ਇਸ ਦੇ ਪੂਰਨ ਇਸਤੇਮਾਲ ਲਈ ਪਰਿਵਰਤਨਸ਼ੀਲ ਸਾਧਨ ਜਿਵੇਂ ਮਿਹਨਤ ਦੀਆਂ ਜ਼ਿਆਦਾ ਇਕਾਈਆਂ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਅਰੰਭਿਕ ਸਥਿਤੀ ਵਿੱਚ ਪਰਿਵਰਤਨਸ਼ੀਲ ਸਾਧਨ ਦੀਆਂ ਹੋਰ ਇਕਾਈਆਂ ਦਾ ਇਸਤੇਮਾਲ ਕਰਨ ਦੇ ਫਲਸਰੂਪ ਕੁੱਲ ਉਤਪਾਦਨ ਵਿੱਚ ਵਾਧਾ ਹੁੰਦਾ ਹੈ। ਹੋਰ ਸ਼ਬਦਾਂ ਵਿੱਚ ਪਰਿਵਰਤਨਸ਼ੀਲ ਸਾਧਨ ਦਾ ਸੀਮਿਤ ਉਤਪਾਦਨ ਵਧਣ ਲੱਗਦਾ ਹੈ। ਉਦਾਹਰਣ ਦੇ ਤੌਰ 'ਤੇ ਕੱਪੜੇ ਬਣਾਉਣ ਦੇ ਇਕ ਟੁੱਕੜੇ ਪਲਾਂਟ ਤੋਂ ਕੱਪੜੇ ਦਾ ਉਤਪਾਦਨ ਕੀਤਾ ਜਾ ਰਿਹਾ ਹੈ। ਘੱਟ ਸਮੇਂ ਵਿੱਚ ਪਲਾਂਟ ਦਾ ਅਕਾਰ ਸਥਿਰ ਰਹੇਗਾ। ਇਸ ਪਲਾਂਟ ਤੋਂ ਜ਼ਿਆਦਾ ਉਤਪਾਦਨ ਕਰਨ ਲਈ 5 ਮਜ਼ਦੂਰਾਂ ਦੀ ਜ਼ਰੂਰਤ ਹੋਵੇਗੀ। ਜੇਕਰ ਇਸ ਫੈਕਟਰੀ ਵਿੱਚ ਕੇਵਲ 1 ਜਾਂ 2 ਮਜ਼ਦੂਰਾਂ ਨੂੰ ਹੀ ਕੰਮ 'ਤੇ ਲਗਾਇਆ ਜਾਂਦਾ ਹੈ ਤਾਂ ਪਲਾਂਟ ਦਾ ਪੂਰਨ ਕੁਸ਼ਲਤਾਪੂਰਵਕ ਇਸਤੇਮਾਲ ਨਹੀਂ ਹੋ ਸਕੇਗਾ ਪਰ ਜਿਵੇਂ-ਜਿਵੇਂ ਮਜ਼ਦੂਰਾਂ ਦੀ ਸੰਖਿਆ ਵਿੱਚ 5 ਤੱਕ ਵਾਧਾ ਕੀਤਾ ਜਾਵੇਗਾ, ਪਲਾਂਟ ਦਾ ਜ਼ਿਆਦਾ ਕੁਸ਼ਲਤਾਪੂਰਵਕ ਇਸਤੇਮਾਲ ਕੀਤਾ ਜਾ ਸਕੇਗਾ। ਇਸ ਦੇ ਫਲਸਰੂਪ ਹਰੇਕ ਹੋਰ ਮਜ਼ਦੂਰ ਜਾਂ ਸੀਮਿਤ ਉਤਪਾਦਨ ਵੱਧਦਾ ਜਾਵੇਗਾ ਅਤੇ ਕੁੱਲ ਉਤਪਾਦਨ ਵਿੱਚ ਵੀ ਵਾਧਾ ਹੋਵੇਗਾ।

(ii) **ਕੁਸ਼ਲਤਾ ਵਿੱਚ ਵਾਧਾ** (Increase in Efficiency)–**ਐਡਮ ਸਮਿੱਥ, ਮਾਰਸ਼ਲ ਅਤੇ ਰਾਬਿਨਸਨ** ਦਾ ਇਹ ਵਿਚਾਰ ਸੀ ਕਿ ਕਈ ਤਰ੍ਹਾਂ ਦੀਆਂ ਉਤਪਾਦਨ ਕਿਰਿਆਵਾਂ ਵਿੱਚ ਘਟਦੇ-ਵੱਧਦੇ ਸਾਧਨ ਦਾ ਜ਼ਿਆਦਾ ਇਸਤੇਮਾਲ ਕਰਨ ਨਾਲ ਉਸ ਸਾਧਨ ਦੀ ਕਾਰਜਕੁਸ਼ਲਤਾ ਵੱਧ ਜਾਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਘਟਦੇ-ਵੱਧਦੇ ਸਾਧਨ ਦੀਆਂ ਇਕਾਈਆਂ ਵਿੱਚ ਵਾਧਾ ਹੋਣ ਦੇ ਫਲਸਰੂਪ **ਵਿਸ਼ੇਸ਼ੀਕਰਣ ਅਤੇ ਮਿਹਨਤ-ਵੰਡ** ਦੀ ਸੰਭਾਵਨਾ ਵੱਧਦੀ ਜਾਂਦੀ ਹੈ। ਮਿਹਨਤ-ਵੰਡ ਦੇ ਫਲਸਰੂਪ ਕਾਰਜਕੁਸ਼ਲਤਾ ਵਿੱਚ ਵਾਧਾ ਹੁੰਦਾ ਹੈ ਅਤੇ ਕਾਰਜਕੁਸ਼ਲਤਾ ਵਿੱਚ ਵਾਧਾ ਹੋਣ ਦੇ ਫਲਸਰੂਪ ਉਤਪਾਦਨ ਵਿੱਚ ਅਨੁਪਾਤਿਕ ਵਾਧਾ ਜ਼ਿਆਦਾ ਹੋਣ ਲੱਗਦਾ ਹੈ। **ਰਾਬਿਨਸਨ** ਦੇ ਅਨੁਸਾਰ ਜੇਕਰ ਉਤਪਾਦਨ ਦੇ ਸਾਧਨਾਂ ਦਾ ਪੂਰਨ ਰੂਪ ਵਿੱਚ ਵਿਸ਼ੇਸ਼ੀਕਰਣ ਹੋ ਜਾਵੇ ਅਤੇ ਇਕ ਸਾਧਨ ਕੇਵਲ ਇਕ ਹੀ ਕੰਮ ਕਰੇ ਤਾਂ ਟਰੇਨਿੰਗ, ਔਜ਼ਾਰ, ਸਮੇਂ ਆਦਿ ਦੀ ਕਾਫੀ ਬੱਚਤ ਸੰਭਵ ਹੋ ਸਕੇਗੀ। ਇਸ ਬੱਚਤ ਦੇ ਫਲਸਰੂਪ ਵੱਧਦੇ ਪ੍ਰਤੀਫਲ ਦਾ ਨਿਯਮ ਲਾਗੂ ਹੋਵੇਗਾ।

(iii) **ਸਾਧਨਾਂ ਵਿੱਚ ਠੀਕ ਸਮਨਵਯ** (Better Co-ordination between the Factors)–ਜਦੋਂ ਤੱਕ ਉਤਪਾਦਨ ਦੇ ਸਥਿਰ ਸਾਧਨ ਦਾ ਘੱਟ ਇਸਤੇਮਾਲ ਹੁੰਦਾ ਹੈ, ਪਰਿਵਰਤਨਸ਼ੀਲ ਸਾਧਨ ਦੀਆਂ ਹੋਰ ਇਕਾਈਆਂ ਦਾ ਇਸਤੇਮਾਲ ਕਰਨ ਨਾਲ ਸਥਿਰ ਅਤੇ ਪਰਿਵਰਤਨਸ਼ੀਲ ਸਾਧਨ ਦੀ ਸਮਨਵਯਤਾ ਵਿੱਚ ਵਾਧਾ ਹੁੰਦਾ ਹੈ। ਇਸ ਦੇ ਫਲਸਰੂਪ ਕੁੱਲ ਉਤਪਾਦਨ ਵਿੱਚ ਵੱਧਦੀ ਹੋਈ ਦਰ ਨਾਲ ਵਾਧਾ ਹੁੰਦਾ ਹੈ।

ਨੋਟ

ਹੱਦਾਂ (Limitations)

ਉਤਪਾਦਨ ਦੀ ਅਰੰਭਿਕ ਸਥਿਤੀ ਵਿੱਚ ਪਰਿਵਰਤਨਸ਼ੀਲ ਸਾਧਨ ਦਾ ਸਥਿਰ ਸਾਧਨ ਦੀ ਤੁਲਨਾ ਵਿੱਚ ਘੱਟ ਇਸਤੇਮਾਲ ਕੀਤੇ ਜਾਣ ਦੇ ਕਾਰਨ ਸਥਿਰ ਸਾਧਨ ਦਾ ਪੂਰਨ ਇਸਤੇਮਾਲ ਨਹੀਂ ਹੁੰਦਾ, ਇਸ ਲਈ ਜਦੋਂ ਪਰਿਵਰਤਨਸ਼ੀਲ ਸਾਧਨ ਦੀ ਜ਼ਿਆਦਾ ਮਾਤਰਾ ਦਾ ਇਸਤੇਮਾਲ ਕੀਤੇ ਜਾਣ ਦੇ ਫਲਸਰੂਪ ਸਥਿਰ ਸਾਧਨ ਦਾ ਪੂਰਨ ਇਸਤੇਮਾਲ ਹੋਣ ਲੱਗਦਾ ਹੈ ਤਾਂ ਵੱਧਦੇ ਪ੍ਰਤੀਫਲ ਦਾ ਨਿਯਮ ਲਾਗੂ ਹੁੰਦਾ ਹੈ ਪਰ ਇਹ ਸਥਿਤੀ ਅਨਿਸ਼ਚਿਤ ਕਾਲ ਤੱਕ ਬਣੀ ਨਹੀਂ ਰਹਿੰਦੀ। ਜੇਕਰ ਵੱਧਦੇ ਪ੍ਰਤੀਫਲ ਅਨਿਸ਼ਚਿਤ ਕਾਲ ਤੱਕ ਬਿਨਾਂ ਕਿਸੇ ਹੱਦ ਦੇ ਪ੍ਰਾਪਤ ਹੁੰਦੇ ਰਹਿੰਦੇ ਹਨ ਤਾਂ **ਕਿਚਨ ਗਾਰਡਨ ਜਾਂ ਫੁੱਲਾਂ ਦੇ ਗਮਲੇ ਦੀ ਸਥਿਰ ਭੂਮੀ 'ਤੇ ਪੂੰਜੀ ਅਤੇ ਮਿਹਨਤ ਦੀ ਜ਼ਿਆਦਾ ਤੋਂ ਜ਼ਿਆਦਾ ਇਕਾਈਆਂ ਲਗਾ ਕੇ ਸਾਰੇ ਸੰਸਾਰ ਦਾ ਭੋਜਨ ਪ੍ਰਾਪਤ ਕੀਤਾ ਜਾ ਸਕਦਾ ਹੈ।** (If increasing returns were operative without limitations indefinitely, the world could be fed from a kitchen garden or a flower pot simply by adding enough labour and capital to the fixed land.) ਇਸ ਦੇ ਫਲਸਰੂਪ ਸੰਸਾਰ ਦੇ ਕਿਸੇ ਵੀ ਹਿੱਸੇ ਵਿੱਚ ਕੋਈ ਖਾਦ ਸਮੱਸਿਆ ਨਹੀਂ ਹੁੰਦੀ ਪਰ ਵੱਧਦੇ ਪ੍ਰਤੀਫਲ ਦਾ ਨਿਯਮ ਇਕ ਹੱਦ ਤੋਂ ਬਾਅਦ ਲਾਗੂ ਨਹੀਂ ਹੁੰਦਾ। ਇਕ ਸਥਿਤੀ ਅਜਿਹੀ ਆ ਜਾਂਦੀ ਹੈ, ਜਿਸ ਤੋਂ ਬਾਅਦ ਸੀਮਿਤ ਉਤਪਾਦਨ ਨੂੰ ਨਹੀਂ ਵਧਾਇਆ ਜਾ ਸਕਦਾ। ਵੱਧਦੇ ਪ੍ਰਤੀਫਲ ਦੀ ਹੱਦ **ਉਤਪਾਦਨ ਦੇ ਕਿਸੇ ਇਕ ਸਾਧਨ ਦਾ ਸੀਮਿਤ ਹੋਣਾ ਹੈ।** ਇਕ ਸਥਿਤੀ ਅਜਿਹੀ ਆਉਂਦੀ ਹੈ, ਜਦੋਂ ਪਰਿਵਰਤਨਸ਼ੀਲ ਸਾਧਨ ਦੀ ਹਰੇਕ ਹੋਰ ਇਕਾਈ ਨੂੰ ਸਥਿਰ ਸਾਧਨ ਦੇ ਮੁਕਾਬਲੇ ਘੱਟ ਇਕਾਈਆਂ ਦੇ ਸੰਜੋਗ ਨਾਲ ਉਤਪਾਦਨ ਕਰਨਾ ਪੈਂਦਾ ਹੈ। ਇਸ ਦੇ ਫਲਸਰੂਪ ਪਰਿਵਰਤਨਸ਼ੀਲ ਸਾਧਨ ਦੀਆਂ ਹੋਰ ਇਕਾਈਆਂ ਦਾ ਸੀਮਿਤ ਉਤਪਾਦਨ ਘੱਟ ਹੁੰਦਾ ਹੈ।

ਸਥਿਤੀ (Situation) 2: ਸਾਧਨ ਦੇ ਬਰਾਬਰ ਪ੍ਰਤੀਫਲ (Constant Returns to a Factor)

ਸਾਧਨ ਦੇ ਬਰਾਬਰ ਪ੍ਰਤੀਫਲ ਤੋਂ ਭਾਵ ਉਸ ਸਥਿਤੀ ਤੋਂ ਹੈ, ਜਿਸ ਵਿੱਚ ਪਰਿਵਰਤਨਸ਼ੀਲ ਸਾਧਨ ਦੀਆਂ ਹੋਰ ਇਕਾਈਆਂ ਦਾ ਇਸਤੇਮਾਲ ਕਰਨ ਨਾਲ ਉਸ ਦੇ ਸੀਮਿਤ ਉਤਪਾਦਨ ਵਿੱਚ ਵਾਧਾ ਨਹੀਂ ਹੁੰਦਾ। ਇਸ ਸਥਿਤੀ ਵਿੱਚ ਸੀਮਿਤ ਉਤਪਾਦਨ ਸਥਿਰ ਹੋ ਜਾਂਦਾ ਹੈ। ਇਸ ਦੇ ਫਲਸਰੂਪ ਕੁੱਲ ਉਤਪਾਦਨ ਵਿੱਚ ਬਰਾਬਰ ਦਰ ਨਾਲ ਵਾਧਾ ਹੁੰਦਾ ਹੈ।

ਹੈਨਸਨ ਦੇ ਅਨੁਸਾਰ, **''ਸਾਧਨ ਦੇ ਸੀਮਿਤ ਪ੍ਰਤੀਫਲ ਉਸ ਸਮੇਂ ਪ੍ਰਾਪਤ ਹੁੰਦੇ ਹਨ, ਜਦੋਂ ਪਰਿਵਰਤਨਸ਼ੀਲ ਸਾਧਨ ਦੀਆਂ ਹੋਰ ਇਕਾਈਆਂ ਦਾ ਇਸਤੇਮਾਲ ਕਰਨ ਨਾਲ ਉਤਪਾਦਨ ਵਿੱਚ ਬਰਾਬਰ ਦਰ ਨਾਲ ਵਾਧਾ ਹੁੰਦਾ ਹੈ।''** (Constant returns to a factor occurs when additional application of the variable factor increases output only at a constant rate. **–Hansen**)

ਉਦਾਹਰਣ **(Illustration):** ਤਾਲਿਕਾ 2 ਅਤੇ ਚਿੱਤਰ 8.2 ਨਾਲ ਸਾਧਨ ਦੇ ਬਰਾਬਰ ਪ੍ਰਤੀਫਲ ਦੇ ਨਿਯਮ ਦੀ ਵਿਆਖਿਆ ਕੀਤੀ ਜਾ ਸਕਦੀ ਹੈ–

ਤਾਲਿਕਾ 2. ਸਾਧਨਾਂ ਦੇ ਬਰਾਬਰ ਪ੍ਰਤੀਫਲ (Constant Returns to a Factor)

ਮਿਹਨਤ ਇਕਾਈਆਂ	ਪੂੰਜੀ ਇਕਾਈਆਂ	ਕੁੱਲ ਉਤਪਾਦਨ (ਮੀਟਰ)	ਸੀਮਿਤ ਉਤਪਾਦਨ (ਮੀਟਰ)
6	1	52	12
7	1	64	12
8	1	76	12
9	1	88	12
10	1	100	12

ਤਾਲਿਕਾ 2 ਤੋਂ ਪਤਾ ਲੱਗਦਾ ਹੈ ਕਿ ਜਿਵੇਂ-ਜਿਵੇਂ ਪੂੰਜੀ ਦੀ ਸਥਿਰ ਇਕਾਈ ਦੇ ਨਾਲ ਮਿਹਨਤ ਦੀਆਂ ਜ਼ਿਆਦਾ ਇਕਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਕੁੱਲ ਉਤਪਾਦਨ ਬਰਾਬਰ ਦਰ ਨਾਲ ਵੱਧਦਾ ਜਾਂਦਾ ਹੈ ਅਤੇ ਪਰਿਵਰਤਨਸ਼ੀਲ ਸਾਧਨ ਦਾ ਸੀਮਿਤ ਉਤਪਾਦਨ **ਸਥਿਰ** (Constant) ਰਹਿੰਦਾ ਹੈ।

ਨੋਟ



ਚਿੱਤਰ 8.2

ਉਪਰੋਕਤ ਚਿੱਤਰ 8.2 (A) ਵਿੱਚ ਉਪਰ ਉਠਦੀ ਹੋਈ TP ਤੋਂ ਪਤਾ ਲੱਗਦਾ ਹੈ ਕਿ ਕੁੱਲ ਉਤਪਾਦਨ ਬਰਾਬਰ ਦਰ ਨਾਲ ਵੱਧ ਰਿਹਾ ਹੈ। ਚਿੱਤਰ 8.2 (B) ਵਿੱਚ OX ਅਕਸ਼ ਦੇ ਸਮਾਂਤਰ MP ਵਕ੍ਰ ਤੋਂ ਪਤਾ ਲੱਗਦਾ ਹੈ ਕਿ ਪਰਿਵਰਤਨਸ਼ੀਲ ਸਾਧਨ ਦਾ ਸੀਮਿਤ ਉਤਪਾਦਨ ਸਥਿਰ ਹੈ।

ਸਾਧਨ ਦੇ ਬਰਾਬਰ ਪ੍ਰਤੀਫਲ ਦੇ ਕਾਰਨ (Causes of Constant Returns to a Factor)

ਸਾਧਨ ਦੇ ਬਰਾਬਰ ਪ੍ਰਤੀਫਲ ਦੇ ਮੁੱਖ ਕਾਰਨ ਹੇਠ ਲਿਖੇ ਹਨ–

(i) **ਸਥਿਰ ਸਾਧਨ ਦਾ ਅਨੁਕੂਲ ਇਸਤੇਮਾਲ** (Optimum Utilisation of the Fixed Factor)– ਜਦੋਂ ਪਰਿਵਰਤਨਸ਼ੀਲ ਸਾਧਨ ਦੀਆਂ ਜ਼ਿਆਦਾ ਇਕਾਈਆਂ ਦਾ ਇਸਤੇਮਾਲ ਕਰਨ ਵਿੱਚ ਉਤਪਾਦਨ 'ਚ ਵਾਧਾ ਹੁੰਦਾ ਹੈ ਤਾਂ ਇਕ ਅਜਿਹੀ ਸਥਿਤੀ ਆਉਂਦੀ ਹੈ, ਜਦੋਂ ਸਥਿਰ ਸਾਧਨ ਦਾ ਅਨੁਕੂਲ ਇਸਤੇਮਾਲ ਹੋਣ ਲੱਗਦਾ ਹੈ। ਇਸ ਸਥਿਤੀ ਵਿੱਚ ਪਰਿਵਰਤਨਸ਼ੀਲ ਸਾਧਨ ਦਾ ਸੀਮਿਤ ਉਤਪਾਦਨ ਜ਼ਿਆਦਾ ਹੁੰਦਾ ਹੈ ਅਤੇ ਸਥਿਰ ਰਹਿੰਦਾ ਹੈ।

(ii) **ਆਦਰਸ਼ ਸਾਧਨ ਅਨੁਪਾਤ** (Ideal Factor Ratio)– ਜਦੋਂ ਸਥਿਰ ਅਤੇ ਪਰਿਵਰਤਨਸ਼ੀਲ ਸਾਧਨ ਦਾ ਆਦਰਸ਼ ਅਨੁਪਾਤ ਵਿੱਚ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਬਰਾਬਰ ਪ੍ਰਤੀਫਲ ਦੀ ਸਥਿਤੀ ਪੈਦਾ ਹੁੰਦੀ ਹੈ। ਇਸ ਸਥਿਤੀ ਵਿੱਚ ਸਾਧਨ ਦਾ ਸੀਮਿਤ ਉਤਪਾਦਨ ਜ਼ਿਆਦਾ ਮੁੱਲ 'ਤੇ ਸਥਿਰ ਹੋ ਜਾਂਦਾ ਹੈ।

(iii) **ਪਰਿਵਰਤਨਸ਼ੀਲ ਸਾਧਨ ਦਾ ਕੁਸ਼ਲ ਇਸਤੇਮਾਲ** (Most Efficient Utilisation of the Variable Factor)– ਜਦੋਂ ਸਥਿਰ ਸਾਧਨ ਦੇ ਨਾਲ ਪਰਿਵਰਤਨਸ਼ੀਲ ਸਾਧਨ ਦੀਆਂ ਵੱਧਦੀਆਂ ਹੋਈਆਂ ਇਕਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਇਕ ਅਜਿਹੀ ਸਥਿਤੀ ਆਉਂਦੀ ਹੈ, ਜਿਸ ਵਿੱਚ ਸਭ ਤੋਂ ਜ਼ਿਆਦਾ ਉਪਯੁਕਤ ਮਿਹਨਤ-ਵੰਡ ਸੰਭਵ ਹੁੰਦੀ ਹੈ। ਇਸ ਦੇ ਫਲਸਰੂਪ ਪਰਿਵਰਤਨਸ਼ੀਲ ਸਾਧਨ ਜਿਵੇਂ ਮਿਹਨਤ ਦਾ ਸਭ ਤੋਂ ਉਪਯੁਕਤ ਇਸਤੇਮਾਲ ਸੰਭਵ ਹੁੰਦੀ ਹੈ ਅਤੇ ਉਸ ਦਾ ਸੀਮਿਤ ਉਤਪਾਦਨ ਜ਼ਿਆਦਾ ਮਾਤਰਾ ਵਿੱਚ ਸਥਿਰ ਹੋ ਜਾਂਦਾ ਹੈ।

ਸਥਿਤੀ (Situation) 3: ਸਾਧਨ ਦੇ ਘਟਦੇ ਪ੍ਰਤੀਫਲ ਜਾਂ ਘਟਦੇ ਪ੍ਰਤੀਫਲ ਦਾ ਨਿਯਮ (Diminishing Returns to a Factor or Law of Diminishing Returns)

ਸਾਧਨ ਦੇ ਘਟਦੇ ਪ੍ਰਤੀਫਲ ਜਾਂ ਘਟਦੇ ਪ੍ਰਤੀਫਲ ਦਾ ਨਿਯਮ ਉਹ ਸਥਿਤੀ ਹੈ, ਜਿਸ ਵਿੱਚ ਕੁੱਲ ਉਤਪਾਦਨ ਉਸ ਸਮੇਂ ਘਟਦੀ ਹੋਈ ਦਰ 'ਤੇ ਵੱਧਦਾ ਹੈ, ਜਦੋਂ ਸਥਿਰ ਸਾਧਨ ਜਾਂ ਸਾਧਨਾਂ ਦੀ ਨਿਸ਼ਚਿਤ ਇਕਾਈ ਦੇ ਨਾਲ ਪਰਿਵਰਤਨਸ਼ੀਲ ਸਾਧਨ ਦੀਆਂ ਜ਼ਿਆਦਾ ਇਕਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਸ ਸਥਿਤੀ ਵਿੱਚ ਪਰਿਵਰਤਨਸ਼ੀਲ ਸਾਧਨ ਦਾ ਸੀਮਿਤ ਉਤਪਾਦਨ ਘੱਟ ਹੁੰਦਾ ਜਾਂਦਾ ਹੈ। ਹੋਰ ਸ਼ਬਦਾਂ ਵਿੱਚ, **ਉਤਪਾਦਨ ਦੀ ਸੀਮਿਤ ਲਾਗਤ ਵੱਧਦੀ ਜਾਂਦੀ ਹੈ।**

ਮਾਰਸ਼ਲ ਦੇ ਅਨੁਸਾਰ, **"ਜੇਕਰ ਖੇਤੀ ਕਲਾ ਵਿੱਚ ਉਨਤੀ ਨਾ ਹੋਵੇ ਤਾਂ ਭੂਮੀ 'ਤੇ ਲਗਾਈ ਗਈ ਪੂੰਜੀ ਅਤੇ ਮਿਹਨਤ ਦੀਆਂ ਇਕਾਈਆਂ ਵਿੱਚ ਵਾਧਾ ਕਰਨ ਨਾਲ ਕੁੱਲ ਉਪਜ ਵਿੱਚ ਸਧਾਰਣ ਤੌਰ 'ਤੇ ਉਸ ਤੋਂ ਘੱਟ ਅਨੁਪਾਤ ਵਿੱਚ ਵਾਧਾ ਹੁੰਦਾ ਹੈ।"** (An increase in the amount of capital and labour applied in the cultivation of land causes, in general a less than

ਨੋਟ

proportionate increase in the amount of produce raised unless it happens to coincide with an improvement in the art of agriculture. **—Marshall**)

ਬੋਲਡਿੰਗ ਦੇ ਅਨੁਸਾਰ, **''ਜਿਵੇਂ-ਜਿਵੇਂ ਅਸੀਂ ਹੋਰ ਬੱਝੇ ਸਾਧਨਾਂ ਦੇ ਨਾਲ ਇਸਤੇਮਾਲ ਵਿੱਚ ਆਉਣ ਵਾਲੇ ਕਿਸੇ ਇਕ ਸਾਧਨ ਦੀ ਮਾਤਰਾ ਨੂੰ ਵਧਾਉਂਦੇ ਜਾਂਦੇ ਹਾਂ, ਉਵੇਂ-ਉਵੇਂ ਉਸ ਘਟਦੇ-ਵੱਧਦੇ ਸਾਧਨ ਦੀ ਭੌਤਿਕ ਸੀਮਿਤ ਉਤਪਾਦਕਤਾ ਜ਼ਰੂਰ ਘੱਟ ਹੁੰਦੀ ਜਾਵੇਗੀ।''** (As we increase the quantity for any one input which is combined with fixed quantity of other inputs, the marginal physical productivity of the variable input must eventually decline. **—Boulding**)

ਉਦਾਹਰਣ (Illustration) ਤਾਲਿਕਾ 3 ਅਤੇ ਚਿੱਤਰ 8.3 ਦੇ ਨਾਲ ਸਾਧਨ ਦੇ ਘਟਦੇ ਪ੍ਰਤੀਫਲ ਨੂੰ ਸਪੱਸ਼ਟ ਕੀਤਾ ਜਾ ਸਕਦਾ ਹੈ।

ਤਾਲਿਕਾ 3. ਸਾਧਨ ਦੇ ਘਟਦੇ ਪ੍ਰਤੀਫਲ (Diminishing Returns to a Factor)

ਮਿਹਨਤ ਦੀਆਂ ਇਕਾਈਆਂ	ਪੂੰਜੀ ਦੀਆਂ ਇਕਾਈਆਂ	ਕੁੱਲ ਉਤਪਾਦਨ	ਸੀਮਿਤ ਉਤਪਾਦਨ
13	1	110	10
14	1	118	8
15	1	124	6
16	1	128	4
17	1	128	0
18	1	126	−2

ਉਪਰੋਕਤ ਤਾਲਿਕਾ ਤੋਂ ਪਤਾ ਲੱਗਦਾ ਹੈ ਕਿ ਜਿਵੇਂ-ਜਿਵੇਂ ਮਿਹਨਤ ਦੀਆਂ ਜ਼ਿਆਦਾ ਇਕਾਈਆਂ ਦਾ ਪੂੰਜੀ ਦੀਆਂ ਸਥਿਰ ਇਕਾਈਆਂ ਨਾਲ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਕੁੱਲ ਉਤਪਾਦਨ ਘਟਦੀ ਦਰ 'ਤੇ ਵੱਧਦਾ ਹੈ ਅਤੇ 5ਵੀਂ ਇਕਾਈ ਤੋਂ ਬਾਅਦ ਡਿੱਗਣਾ ਸ਼ੁਰੂ ਹੋ ਜਾਂਦਾ ਹੈ। ਪਰਿਵਰਤਨਸ਼ੀਲ ਸਾਧਨ ਅਤੇ ਮਿਹਨਤ ਦਾ ਸੀਮਿਤ ਉਤਪਾਦਨ ਘਟਦਾ ਜਾਂਦਾ ਹੈ। ਇਹ ਇਕ ਬਿੰਦੂ ਤੋਂ ਬਾਅਦ ਜ਼ੀਰੋ ਅਤੇ ਰਣਾਤਮਕ ਵੀ ਹੋ ਸਕਦਾ ਹੈ।

ਚਿੱਤਰ 8.3 (A) ਤੋਂ ਪਤਾ ਲੱਗਦਾ ਹੈ ਕਿ ਕੁੱਲ ਉਤਪਾਦਨ ਘਟਦੀ ਦਰ 'ਤੇ ਵੱਧ ਰਿਹਾ ਹੈ ਅਤੇ ਬਿੰਦੂ P ਤੋਂ ਬਾਅਦ ਡਿੱਗਣਾ ਸ਼ੁਰੂ ਹੋ ਜਾਂਦਾ ਹੈ। ਚਿੱਤਰ 8.3 (B) ਵਿੱਚ ਹੇਠਾਂ ਵੱਲ ਡਿੱਗਦੀ ਹੋਈ MP ਵਕ੍ਰ ਤੋਂ ਪਤਾ ਲੱਗਦਾ ਹੈ ਕਿ ਪਰਿਵਰਤਨਸ਼ੀਲ ਸਾਧਨ ਦਾ ਸੀਮਿਤ ਉਤਪਾਦਨ ਘਟਦਾ ਜਾ ਰਿਹਾ ਹੈ। **ਉਤਪਾਦਨ ਤਕਨੀਕ ਵਿੱਚ ਸੁਧਾਰ ਕਰਕੇ ਇਸ ਨਿਯਮ ਨੂੰ ਰੱਦ ਕੀਤਾ ਜਾ ਸਕਦਾ ਹੈ।**



ਚਿੱਤਰ 8.3

ਸਵੈ-ਮੁਲਾਂਕਣ (Self Assessment) ਨੋਟ

ਬਹੁ-ਵਿਕਲਪੀ ਪ੍ਰਸ਼ਨ (Multiple Choice Questions)–

4. ਸਾਧਨਾਂ ਦੀ ਸਥਿਰਤਾ ਅਤੇ ਪਰਿਵਰਤਨਸ਼ੀਲ ਸਮੇਂ ਦੀ ..... 'ਤੇ ਨਿਰਭਰ ਕਰਦੀ ਹੈ।
   (ਅ) ਸਮਾਂ (ਬ) ਚਾਲ (ਸ) ਵਕ੍ਰਤਾ (ਦ) ਹੱਦ

5. ਪਰਿਵਰਤਨਸ਼ੀਲ ਆਗਤ ਦੇ ਕੁਝ ਉਦਾਹਰਣ ਹਨ–ਕੱਚਾ ਮਾਲ, ... ਦੀਆਂ ਸੇਵਾਵਾਂ ਆਦਿ।
   (ਅ) ਮਜ਼ਦੂਰਾਂ (ਬ) ਕਰਮਚਾਰੀਆਂ (ਸ) ਮਿਹਨਤ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

6. ਉਤਪਾਦਨ ਦਾ ਪਰਿਵਰਤਨਸ਼ੀਲ ਸਾਧਨ ਉਹ ਸਾਧਨ ਹੈ, ਜਿਸ ਦੀ ਮਾਤਰਾ ਵਿੱਚ ਪਰਿਵਰਤਨ ਕੀਤਾ ਜਾ ਸਕਦਾ ਹੈ–
   (ਅ) ਧੀਰਘ ਕਾਲ 'ਚ (ਬ) ਘੱਟ ਸਮੇਂ ਵਿੱਚ (ਸ) ਮੱਧਕਾਲ ਵਿੱਚ
   (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

7. ਘੱਟ ਸਮੇਂ ਵਿੱਚ ਪਰਿਵਰਤਨਸ਼ੀਲ ਸਾਧਨਾਂ ਦੀ ਮਾਤਰਾ ਵਿੱਚ ਪਰਿਵਰਤਨ ਨਾਲ ਹੀ ਉਤਪਾਦਨ ਦੀ ਮਾਤਰਾ ਵਿੱਚ ਕੀਤੀ ਜਾ ਸਕਦੀ ਹੈ–
   (ਅ) ਕਮੀ (ਬ) ਵਾਧਾ (ਸ) ਤਟਸਥ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

8.10 ਸਾਧਨ ਦੇ ਘਟਦੇ ਪ੍ਰਤੀਫਲ ਦੇ ਲਾਗੂ ਹੋਣ ਦੇ ਕਾਰਨ (Causes of Diminishing Returns to a Factor)

ਘਟਦੇ ਪ੍ਰਤੀਫਲ ਦੇ ਨਿਯਮ ਦੇ ਲਾਗੂ ਹੋਣ ਦੇ ਮੁੱਖ ਕਾਰਨ ਹੇਠ ਲਿਖੇ ਹਨ–

(i) **ਸਾਧਨ ਦੀ ਸਥਿਰਤਾ** (Fixity of Factor)– ਇਸ ਨਿਯਮ ਦੇ ਲਾਗੂ ਹੋਣ ਦਾ ਮੁੱਖ ਕਾਰਨ ਇਹ ਹੈ ਕਿ ਉਤਪਾਦਨ ਦਾ ਕੋਈ ਨਾ ਕੋਈ ਸਾਧਨ ਸਥਿਰ ਹੁੰਦਾ ਹੈ, ਜਦੋਂ ਉਹ ਸਥਿਰ ਸਾਧਨ ਪਰਿਵਰਤਨਸ਼ੀਲ ਸਾਧਨਾਂ ਦੇ ਨਾਲ ਇਸਤੇਮਾਲ ਵਿੱਚ ਲਿਆਂਦਾ ਜਾਂਦਾ ਹੈ ਤਾਂ ਪਰਿਵਰਤਨਸ਼ੀਲ ਸਾਧਨਾਂ ਦੀ ਤੁਲਨਾ ਵਿੱਚ ਇਸ ਦਾ ਅਨੁਪਾਤ ਘੱਟ ਹੋ ਜਾਂਦਾ ਹੈ। ਇਸ ਲਈ ਜਦੋਂ ਪਰਿਵਰਤਨਸ਼ੀਲ ਸਾਧਨ ਦੀ ਇਕ ਹੋਰ ਇਕਾਈ ਨੂੰ ਇਸ ਦੇ ਮੁਕਾਬਲੇ ਘੱਟ ਸਥਿਰ ਸਾਧਨ ਦੀਆਂ ਇਕਾਈਆਂ ਦੇ ਨਾਲ ਉਤਪਾਦਨ ਕਰਨਾ ਪੈਂਦਾ ਹੈ ਤਾਂ ਪਰਿਵਰਤਨਸ਼ੀਲ ਸਾਧਨ ਦਾ ਸੀਮਿਤ ਉਤਪਾਦਨ ਘੱਟ ਹੋਣ ਲੱਗਦਾ ਹੈ।

(ii) **ਅਪੂਰਣ ਸਾਧਨ ਸਥਾਨਾਪੰਨਤਾ** (Imperfect Factor Substitutability)– **ਸ਼੍ਰੀਮਤੀ ਜੋਨ ਰੋਬਿਨਸਨ** ਦੇ ਅਨੁਸਾਰ, ਘਟਦੇ ਪ੍ਰਤੀਫਲ ਦੇ ਨਿਯਮ ਦੇ ਲਾਗੂ ਹੋਣ ਦਾ ਮੁੱਖ ਕਾਰਨ ਸਾਧਨਾਂ ਵਿੱਚ ਪਾਈ ਜਾਣ ਵਾਲੀ ਅਪੂਰਣ ਸਥਾਨਾਪੰਨਤਾ ਹੈ। ਇਕ ਸਾਧਨ ਦੀ ਜਗ੍ਹਾ 'ਤੇ ਦੂਸਰੇ ਸਾਧਨ ਦਾ ਪੂਰੀ ਤਰ੍ਹਾਂ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਇਸ ਲਈ ਜਦੋਂ ਸਥਿਰ ਸਾਧਨ ਦਾ ਇਸ਼ਟਤਮ ਇਸਤੇਮਾਲ ਹੋਣ ਲੱਗਦਾ ਹੈ ਤਾਂ ਉਸ ਦੇ ਸਾਧਨ 'ਤੇ ਕਿਸੇ ਦੂਸਰੇ ਸਾਧਨ ਦਾ ਸਥਾਨਾਪੰਨਤਾ ਨਹੀਂ ਕੀਤਾ ਜਾ ਸਕਦਾ। ਇਸ ਦੇ ਫਲਸਰੂਪ ਪਰਿਵਰਤਨਸ਼ੀਲ ਸਾਧਨਾਂ ਅਤੇ ਸਥਿਰ ਸਾਧਨਾਂ ਦਾ ਅਨੁਪਾਤ ਠੀਕ ਨਹੀਂ ਹੁੰਦਾ ਅਤੇ ਪਰਿਵਰਤਨਸ਼ੀਲ ਸਾਧਨ ਦਾ ਸੀਮਿਤ ਉਤਪਾਦਨ ਘੱਟ ਹੋਣ ਲੱਗਦਾ ਹੈ।

(iii) **ਸਾਧਨਾਂ ਦੀ ਖਰਾਬ ਸਮਨਵਯਤਾ** (Poor Co-ordination between the Factors)– ਸਥਿਰ ਸਾਧਨ ਦੇ ਨਾਲ ਪਰਿਵਰਤਨਸ਼ੀਲ ਸਾਧਨ ਦੇ ਲਗਾਤਾਰ ਵੱਧਦੇ ਹੋਏ ਇਸਤੇਮਾਲ ਦੇ ਕਾਰਨ ਉਨ੍ਹਾਂ ਵਿੱਚ **ਆਦਰਸ਼ ਸਾਧਨ ਅਨੁਪਾਤ** (Ideal Factor Ratio) ਨਹੀਂ ਰਹਿੰਦਾ, ਇਸ ਦੇ ਫਲਸਰੂਪ ਪਰਿਵਰਤਨਸ਼ੀਲ ਅਤੇ ਸਥਿਰ ਸਾਧਨਾਂ ਦਾ ਉਪਯੁਕਤ ਸਮਨਵਯ ਨਹੀਂ ਰਹਿੰਦਾ ਅਤੇ ਪਰਿਵਰਤਨਸ਼ੀਲ ਸਾਧਨ ਦਾ ਸੀਮਿਤ ਉਤਪਾਦਨ ਘੱਟ ਹੋਣ ਲੱਗਦਾ ਹੈ। **ਸਾਧਨਾਂ ਦੀ ਸਮਨਵਯਤਾ ਇੰਨੀ ਖਰਾਬ ਹੋ ਜਾਂਦੀ ਹੈ ਕਿ ਕੁੱਲ ਉਤਪਾਦਨ ਘਟਣ ਲੱਗਦਾ ਹੈ। ਇਸ ਦੇ ਫਲਸਰੂਪ ਪਰਿਵਰਤਨਸ਼ੀਲ ਸਾਧਨ ਦੀ ਸੀਮਿਤ ਉਤਪਾਦਕਤਾ ਜ਼ੀਰੋ ਜਾਂ ਰਣਾਤਮਕ ਹੋ ਜਾਂਦੀ ਹੈ।**

ਨਿਯਮ ਦਾ ਮਹੱਤਵ (Importance of the Law)

ਘਟਦੇ ਪ੍ਰਤੀਫਲ ਦਾ ਨਿਯਮ ਅਰਥ ਸ਼ਾਸਤਰ ਦਾ ਬਹੁਤ ਹੀ ਮਹੱਤਵਪੂਰਨ ਨਿਯਮ ਹੈ। ਇਸ ਨਿਯਮ ਦਾ ਮਹੱਤਵ ਹੇਠ ਲਿਖੀਆਂ ਗੱਲਾਂ ਤੋਂ ਸਪੱਸ਼ਟ ਹੋ ਜਾਂਦਾ ਹੈ–

1. **ਜਨਸੰਖਿਆ ਦੇ ਸਿਧਾਂਤ ਦਾ ਅਧਾਰ** (Basis of the Theory of Population)–**ਮਾਲਥਸ** (Malthus) ਦਾ ਜਨਸੰਖਿਆ ਸਿਧਾਂਤ ਇਸ ਨਿਯਮ 'ਤੇ ਅਧਾਰਿਤ ਹੈ। **ਮਾਲਥਸ** ਦੇ ਅਨੁਸਾਰ ਖਾਦਾਂ ਦੇ ਉਤਪਾਦਨ ਵਿੱਚ ਵਾਧਾ

ਨੋਟ

ਜਨਸੰਖਿਆ ਦੀ ਤੁਲਨਾ ਵਿੱਚ ਘੱਟ ਹੁੰਦੀ ਹੈ। ਅਜਿਹਾ ਇਸ ਲਈ ਹੁੰਦਾ ਹੈ, ਕਿਉਂਕਿ ਖੇਤੀ ਵਿੱਚ ਘਟਦੇ ਪ੍ਰਤੀਫਲ ਦਾ ਨਿਊਨਤਮ ਲਾਗੂ ਹੁੰਦਾ ਹੈ।

2. **ਲਗਾਨ ਦੇ ਸਿਧਾਂਤ ਦਾ ਅਧਾਰ** (Basis of the Theory of Rent)– **ਰਿਕਾਰਡੋ** ਦਾ ਲਗਾਨ ਸਿਧਾਂਤ ਵੀ ਇਸ ਨਿਯਮ 'ਤੇ ਅਧਾਰਿਤ ਹੈ। ਭੂਮੀ 'ਤੇ ਮਿਹਨਤ ਅਤੇ ਪੂੰਜੀ ਦੀ ਪਹਿਲੀ ਇਕਾਈ ਨਾਲ ਪ੍ਰਾਪਤ ਉਤਪਾਦਨ ਦੂਸਰੀ ਇਕਾਈ ਦੇ ਮੁਕਾਬਲੇ ਜ਼ਿਆਦਾ ਹੁੰਦਾ ਹੈ। ਪਹਿਲੀ ਅਤੇ ਦੂਸਰੀ ਇਕਾਈ ਦੇ ਉਤਪਾਦਨ ਦਾ ਅੰਤਰ ਹੀ ਲਗਾਨ ਅਖਵਾਉਂਦਾ ਹੈ।

3. **ਵੰਡ ਦੇ ਸਿਧਾਂਤ ਦਾ ਅਧਾਰ** (Basis of the Theory of Distribution)– ਵੰਡ ਦਾ ਸੀਮਿਤ ਉਤਪਾਦਕਤਾ ਸਿਧਾਂਤ ਵੀ ਇਸ ਨਿਯਮ 'ਤੇ ਅਧਾਰਿਤ ਹੈ। ਜਿਵੇਂ-ਜਿਵੇਂ ਉਤਪਾਦਨ ਦੇ ਕਿਸੇ ਸਾਧਨ ਦਾ ਜ਼ਿਆਦਾ ਇਸਤੇਮਾਲ ਕੀਤਾ ਜਾਂਦਾ ਹੈ, ਉਸ ਦੀ **ਸੀਮਿਤ ਉਤਪਾਦਕਤਾ** (Marginal Productivity) ਘੱਟ ਹੁੰਦੀ ਜਾਂਦੀ ਹੈ ਅਤੇ ਨਤੀਜੇ ਵਜੋਂ ਉਸ ਦੀ ਆਮਦਨ ਵੀ ਘੱਟ ਹੁੰਦੀ ਜਾਂਦੀ ਹੈ।

4. **ਸੰਤੁਲਿਤ ਉਤਪਾਦਨ ਦਾ ਅਧਾਰ** (Basis of Equilibrium Production)– ਇਕ ਉਤਪਾਦਕ ਇਸ ਨਿਯਮ ਦੀ ਸਹਾਇਤਾ ਨਾਲ ਸੰਤੁਲਿਤ ਉਤਪਾਦਨ ਦੀ ਮਾਤਰਾ ਦਾ ਪਤਾ ਲਗਾ ਸਕਦਾ ਹੈ। ਸੰਤੁਲਿਤ ਉਤਪਾਦਨ ਉਸ ਬਿੰਦੂ 'ਤੇ ਹੁੰਦਾ ਹੈ, ਜਿਸ 'ਤੇ ਵੱਧਦੀ ਹੋਈ ਸੀਮਿਤ ਲਾਗਤ ਸੀਮਿਤ ਆਮਦਨ ਦੇ ਬਰਾਬਰ ਹੋ ਜਾਂਦੀ ਹੈ।

8.11 ਉਤਪਾਦਨ ਦੀਆਂ ਤਿੰਨ ਸਥਿਤੀਆਂ (Three Stages of Production)

ਘਟਦੇ-ਵੱਧਦੇ ਅਨੁਪਾਤ ਦੇ ਨਿਯਮ ਦੇ ਸਬੰਧ ਵਿੱਚ ਅਰਥ ਸ਼ਾਸਤਰੀਆਂ ਨੇ **ਉਤਪਾਦਨ ਦੀਆਂ ਤਿੰਨ ਸਥਿਤੀਆਂ ਦਾ ਵਰਨਣ ਕੀਤਾ ਹੈ, ਉਹ ਹਨ :** (i) **ਵੱਧਦੇ ਪ੍ਰਤੀਫਲ ਦੀ ਸਥਿਤੀ,** (ii) **ਬਰਾਬਰ ਪ੍ਰਤੀਫਲ ਦੀ ਸਥਿਤੀ ਅਤੇ** (iii) **ਰਣਾਤਮਕ ਪ੍ਰਤੀਫਲ ਦੀ ਸਥਿਤੀ।** ਤਾਲਿਕਾ 4 ਅਤੇ ਚਿੱਤਰ 8.4 ਨਾਲ ਇਨ੍ਹਾਂ ਦੀ ਵਿਆਖਿਆ ਕੀਤੀ ਗਈ ਹੈ।

ਤਾਲਿਕਾ 4. ਉਤਪਾਦਨ ਦੀਆਂ ਤਿੰਨ ਸਥਿਤੀਆਂ (Three Stages of Production)

ਭੂਮੀ ਦੀਆਂ ਇਕਾਈਆਂ (ਹੈਕਟੇਅਰ)	ਮਿਹਨਤ ਦੀ ਇਕਾਈਆਂ	ਕੁੱਲ ਉਤਪਾਦਨ (TP)	ਸੀਮਿਤ ਉਤਪਾਦਨ (MP)	ਸਥਿਤੀਆਂ
1	1	2	2	**ਪਹਿਲੀ ਸਥਿਤੀ** : MP ਦਾ ਵਧਣਾ, TP ਦਾ ਵੱਧਦੀ ਦਰ ਨਾਲ ਵਧਣਾ
1	2	5	3	
1	3	9	4	
1	4	12	3	**ਦੂਸਰੀ ਸਥਿਤੀ** : MP ਦਾ ਘਟਣਾ, TP ਦਾ ਵੱਧਦੀ ਦਰ ਨਾਲ ਵਧਣਾ
1	5	14	2	
1	6	15	1	
1	7	15	0	
1	8	14	−1	**ਤੀਸਰੀ ਸਥਿਤੀ** : MP ਦਾ ਰਣਾਤਮਕ ਹੋਣਾ, TP ਦਾ ਘਟਣਾ

ਨੋਟ-ਪਹਿਲੀ ਸਥਿਤੀ ਦਾ ਅੰਤ ਦੂਸਰੀ ਸਥਿਤੀ ਦਾ ਅਰੰਭ : ਦੂਸਰੀ ਸਥਿਤੀ ਦਾ ਅੰਤ ਅਤੇ ਤੀਸਰੀ ਸਥਿਤੀ ਦਾ ਆਰੰਭ।

ਤਾਲਿਕਾ 4 ਤੋਂ ਸਪੱਸ਼ਟ ਹੈ ਕਿ ਉਤਪਾਦਨ ਦੀ **ਪਹਿਲੀ ਸਥਿਤੀ** ਵਿੱਚ ਜਿਵੇਂ ਹੀ ਪਰਿਵਰਤਨਸ਼ੀਲ ਸਾਧਨ ਦੀ ਆਗਤ ਵਿੱਚ ਵਾਧਾ ਹੁੰਦਾ ਹੈ, ਸੀਮਿਤ ਉਤਪਾਦਨ ਵਧਣ ਲੱਗਦਾ ਹੈ। ਫਲਸਰੂਪ TP ਵੱਧਦੀ ਦਰ ਨਾਲ ਵੱਧਦਾ ਹੈ।

ਦੂਸਰੀ ਸਥਿਤੀ ਵਿੱਚ, ਪਰਿਵਰਤਨਸ਼ੀਲ ਸਾਧਨ ਦੀ ਆਗਤ ਵਿੱਚ ਵਾਧਾ ਹੋਣ ਨਾਲ ਸੀਮਿਤ ਉਤਪਾਦਨ ਘਟਣ ਲੱਗਦਾ ਹੈ। ਫਲਸਰੂਪ TP ਵਿੱਚ ਵਾਧਾ ਘਟਦੀ ਦਰ ਨਾਲ ਹੁੰਦਾ ਹੈ।

ਨੋਟ

ਤੀਸਰੀ ਸਥਿਤੀ ਵਿੱਚ, ਪਰਿਵਰਤਨਸ਼ੀਲ ਸਾਧਨ ਦੀ ਆਗਤ ਵਿੱਚ ਵਾਧਾ ਹੋਣ ਨਾਲ ਸੀਮਿਤ ਉਤਪਾਦਨ ਰਣਾਤਮਕ ਹੋ ਜਾਂਦਾ ਹੈ। ਫਲਸਰੂਪ ਕੁੱਲ ਉਤਪਾਦਨ ਘਟਣ ਲੱਗਦਾ ਹੈ। ਚਿੱਤਰ 8.4 ਵਿੱਚ ਪਰਿਵਰਤਨਸ਼ੀਲ ਸਾਧਨ ਦੀ OL ਇਕਾਈਆਂ ਲਗਾਉਮ ਨਾਲ MP ਵਿੱਚ ਵਧਣ ਦੀ ਪ੍ਰਵਿਰਤੀ ਪਾਈ ਜਾਂਦੀ ਹੈ। ਇਹ ਵੱਧਦੇ ਪ੍ਰਤੀਫਲ ਦੀ ਸਥਿਤੀ ਹੈ। ਵੱਧ ਰਹੀ MP ਦੇ ਅਨੁਸਾਰ TP ਵੱਧਦੀ ਦਰ ਨਾਲ ਵੱਧਦੀ (O ਤੋਂ J ਤੱਕ) ਹੈ। ਪਰਿਵਰਤਨਸ਼ੀਲ ਸਾਧਨ ਦੀ L ਅਤੇ K ਇਕਾਈਆਂ ਦਰਮਿਆਨ MP ਵਿੱਚ ਘਟਣ ਦੀ ਪ੍ਰਵਿਰਤੀ ਪਾਈ ਜਾਂਦੀ ਹੈ। ਇਹ ਘਟਦੇ ਪ੍ਰਤੀਫਲ ਦੀ ਸਥਿਤੀ ਹੈ। ਇਸ ਸਥਿਤੀ ਵਿੱਚ TP ਵਿੱਚ ਵਾਧਾ ਘਟਦੀ ਦਰ ਨਾਲ ਹੁੰਦਾ ਹੈ। (J ਤੋਂ T ਤੱਕ)। ਜਦੋਂ ਪਰਿਵਰਤਨਸ਼ੀਲ ਸਾਧਨ ਦੀ ਇਕਾਈ K ਤੋਂ ਜ਼ਿਆਦਾ ਇਕਾਈਆਂ ਨੂੰ ਲਗਾਇਆ ਜਾਂਦਾ ਹੈ, ਉਦੋਂ ਸੀਮਿਤ ਉਤਪਾਦਨ ਰਣਾਤਮਕ ਹੋ ਜਾਂਦਾ ਹੈ। ਜਿਸ ਦੇ ਕਾਰਨ TP ਘਟਣ ਲੱਗਦਾ ਹੈ। ਇਹ ਰਣਾਤਮਕ ਪ੍ਰਤੀਫਲ ਦੀ ਸਥਿਤੀ ਹੈ, ਜਿਵੇਂ ਕਿ TP ਵਕ੍ਰ 'ਤੇ T ਬਿੰਦੂ ਸੱਜੇ ਪਾਸੇ ਦਿਖਾਇਆ ਗਿਆ ਹੈ। ਜਿਸ ਕਾਰਨ TP ਘਟਣ ਲੱਗਦਾ ਹੈ। ਇਹ ਰਣਾਤਮਕ ਪ੍ਰਤੀਫਲ ਦੀ ਸਥਿਤੀ ਹੈ, ਜਿਵੇਂ ਕਿ TP ਵਕ੍ਰ 'ਤੇ T ਬਿੰਦੂ ਦੇ ਸੱਜੇ ਪਾਸੇ ਦਿਖਾਇਆ ਗਿਆ ਹੈ।



ਚਿੱਤਰ 8.4

8.12 ਉਤਪਾਦਨ ਦੀਆਂ ਸਥਿਤੀਆਂ ਦਾ ਮਹੱਤਵ (Significance of the Stages of Production)

ਕੀ ਇਕ ਉਤਪਾਦਕ ਹੋਣ ਦੇ ਨਾਤੇ ਤੁਸੀਂ ਉਤਪਾਦਨ ਦੀ ਪਹਿਲੀ ਸਥਿਤੀ (First Stage) **ਵਿੱਚ ਉਤਪਾਦਨ ਨੂੰ ਰੋਕ ਦਿਓਗੇ?**

ਨਹੀਂ। ਕਿਉਂਕਿ ਘਟਦੇ-ਵੱਧਦੇ ਸਾਧਨ ਦੀ ਹਰੇਕ ਹੋਰ ਇਕਾਈ ਦੇ ਲਗਾਉਣ ਨਾਲ (ਹੋਰ ਗੱਲਾਂ ਬਰਾਬਰ ਰਹਿਣ 'ਤੇ) ਸੀਮਿਤ ਉਤਪਾਦਨ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਕੀ ਇਕ ਉਤਪਾਦਕ ਦੇ ਰੂਪ ਵਿੱਚ ਤੁਸੀਂ ਤੀਸਰੀ ਸਥਿਤੀ (Third Stage) **ਉਤਪਾਦਨ ਕਰਨਾ ਚਾਹੋਗੇ?**

ਨਹੀਂ। ਕਿਉਂਕਿ ਘਟਦੇ-ਵੱਧਦੇ ਸਾਧਨ ਦੀ ਹਰੇਕ ਹੋਰ ਇਕਾਈ ਦੇ ਲਗਾਉਣ ਨਾਲ (ਹੋਰ ਗੱਲਾਂ ਬਰਾਬਰ ਰਹਿਣ 'ਤੇ) ਕੁੱਲ ਉਤਪਾਦਨ ਵਿੱਚ ਲਗਾਤਾਰ ਕਮੀ ਹੋ ਰਹੀ ਹੈ। (**ਸੀਮਿਤ ਉਤਪਾਦਨ ਰਣਾਤਮਕ ਹੈ**)। ਅਸਲ ਵਿੱਚ ਕੁੱਲ ਉਤਪਾਦਨ ਅਤੇ ਕੁੱਲ

ਨੋਟ ਆਮਦਨ ਵਿੱਚ ਲਗਾਤਾਰ ਕਮੀ ਨੂੰ ਪ੍ਰਾਪਤ ਕਰਨਾ ਮੂਰਖਤਾ ਹੈ, ਵਿਸ਼ੇਸ਼ ਕਰਕੇ ਜਦੋਂ ਘਟਦੇ-ਵੱਧਦੇ ਸਾਧਨ ਦੀ ਹੋਰ ਇਕਾਈ ਨੂੰ ਲਗਾਉਣ ਨਾਲ ਤੁਹਾਡੀ ਲਾਗਤ ਵੱਧਦੀ ਹੈ।

ਅਤੇ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਇਕ ਉਤਪਾਦਨ ਕੇਵਲ ਉਤਪਾਦਨ ਦੀ **ਦੂਸਰੀ ਸਥਿਤੀ** (Second Stage) ਵਿੱਚ ਹੀ ਉਤਪਾਦਨ ਕਰੇਗਾ। ਤਕਨੀਕੀ ਭਾਸ਼ਾ ਵਿੱਚ ਇਸ ਦਾ ਅਰਥ ਇਹ ਹੈ ਕਿ ਇਕ ਉਤਪਾਦਕ ਸੰਤੁਲਨ ਦੀ ਸਥਿਤੀ ਵਿੱਚ (ਜ਼ਿਆਦਾ ਲਾਭ ਦੀ ਸਥਿਤੀ) **ਕੇਵਲ ਦੂਸਰੀ ਸਥਿਤੀ ਵਿੱਚ ਹੀ ਹੋਵੇਗਾ, ਜਿੱਥੇ ਸੀਮਿਤ ਉਤਪਾਦਨ** (MP) **ਘੱਟ ਰਿਹਾ ਹੈ ਪਰ ਧਨਾਤਮਕ ਹੁੰਦੀ ਹੈ।**

ਟਾਸਕ ਉਤਪਾਦਨ ਦੀਆਂ ਤਿੰਨ ਸਥਿਤੀਆਂ 'ਤੇ ਆਪਣੇ ਵਿਚਾਰ ਪ੍ਰਗਟ ਕਰੋ।

8.13 ਸਹੀ ਫੈਸਲੇ ਦੀ ਸਥਿਤੀ (Stage of Rational Decision)

ਇਕ ਪੂਰਨ ਪ੍ਰਤੀਯੋਗੀ ਫਰਮ ਜ਼ਿਆਦਾ ਲਾਭ ਪ੍ਰਾਪਤ ਕਰਨ ਲਈ ਇਸ ਨਿਯਮ ਦੀ **ਦੂਸਰੀ ਸਥਿਤੀ** ਵਿੱਚ ਉਤਪਾਦਨ ਕਰੇਗੀ। ਇਸ ਦਾ ਕਾਰਨ ਇਹ ਹੈ ਕਿ-

ਪਹਿਲੀ ਸਥਿਤੀ (Stage I) ਵਿੱਚ ਜਦ ਕਿ **ਪਰਿਵਰਤਨਸ਼ੀਲ** (Variable Input) ਤੋਂ ਮਿਲਣ ਵਾਲਾ ਔਸਤ ਪ੍ਰਤੀਫਲ ਤਾਂ ਵੱਧ ਰਿਹਾ ਹੈ ਪਰ **ਸਥਿਰ ਸਾਧਨ** ਦਾ ਅਣ-ਆਰਥਿਕ ਇਸਤੇਮਾਲ ਅਤੇ ਸਮਰੱਥਾ ਤੋਂ ਘੱਟ ਇਸਤੇਮਾਲ ਹੋ ਰਿਹਾ ਹੈ। ਇਸ ਲਈ ਇਸ ਸਥਿਤੀ ਵਿੱਚ ਜਿਵੇਂ-ਜਿਵੇਂ ਉਤਪਾਦਨ ਵੱਧਦਾ ਜਾਂਦਾ ਹੈ, ਸੀਮਿਤ ਉਤਪਾਦਨ (MP) ਵੱਧਦਾ ਜਾਂਦਾ ਹੈ ਅਤੇ ਸੀਮਿਤ ਲਾਗਤ (MC) ਘੱਟਦੀ ਜਾਂਦੀ ਹੈ, ਜੇਕਰ ਸਥਿਰ ਕੀਮਤ (AR) ਨੂੰ ਮੰਨ ਲਿਆ ਜਾਵੇ ਅਤੇ ਇਹ ਮੰਨ ਲਿਆ ਜਾਵੇ ਕਿ MR ਸਥਿਰ ਹੈ, ਇਸ ਦਾ ਇਹ ਅਰਥ ਹੋਵੇਗਾ ਕਿ MR ਅਤੇ MC ਦਰਮਿਆਨ ਅੰਤਰ ਵੱਧ ਰਿਹਾ ਹੈ। MR ਅਤੇ MC ਦਰਮਿਆਨ ਵੱਧਦਾ ਅੰਤਰ (Widening Gap) ਵੱਧਦੇ ਲਾਭ ਦੀ ਸਥਿਤੀ (ਜਦੋਂ MR>MC) ਨੂੰ ਪ੍ਰਗਟ ਕਰਦਾ ਹੈ। ਇਕ ਵਿਚਾਰਵਾਨ ਉਤਪਾਦਨ ਵੱਧਦੇ ਲਾਭਾਂ ਦੀ ਸਥਿਤੀ ਵਿੱਚ ਆਪਣਾ ਉਤਪਾਦਨ ਕਦੇ ਵੀ ਰੋਕੇਗਾ ਨਹੀਂ।

ਪਹਿਲੀਆਂ ਅਤੇ ਤੀਸਰੀਆਂ ਸਥਿਤੀਆਂ ਆਰਥਿਕ ਦ੍ਰਿਸ਼ਟੀ ਨਾਲ ਗੈਰ-ਜ਼ਰੂਰੀ ਹਨ। ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਸਥਿਤੀਆਂ ਵਿੱਚ ਫਰਮ ਕਦੇ ਵੀ ਸਥਿਰਤਾ ਦੀ ਸਥਿਤੀ ਵਿੱਚ ਨਹੀਂ ਹੋਵੇਗਾ।

ਵਿਚਾਰਵਾਨ ਉਤਪਾਦਕ ਤੀਸਰੀ ਸਥਿਤੀ ਵਿੱਚ ਕਦੇ ਉਤਪਾਦਨ ਨਹੀਂ ਕਰੇਗਾ, ਕਿਉਂਕਿ ਇਸ ਸਥਿਤੀ ਵਿੱਚ ਕੁੱਲ ਉਤਪਾਦਨ ਘੱਟ ਹੁੰਦਾ ਜਾਂਦਾ ਹੈ। **ਫਾਰਗੂਸਨ** ਦੇ ਸ਼ਬਦਾਂ ਵਿੱਚ, **''ਜੇਕਰ ਪਰਿਵਰਤਨਸ਼ੀਲ ਸਾਧਨ ਦੀਆਂ ਇਕਾਈਆਂ ਮੁਫਤ ਵਿੱਚ ਵੀ ਮਿਲਦੀਆਂ ਤਾਂ ਵੀ ਇਕ ਵਿਚਾਰਵਾਨ ਉਤਪਾਦਕ ਪਰਿਵਰਤਨਸ਼ੀਲ ਸਾਧਨਾਂ ਦੀਆਂ ਇਕਾਈਆਂ ਦਾ ਇਸਤੇਮਾਲ ਜ਼ੀਰੋ ਸੀਮਿਤ ਉਤਪਾਦਨ ਦੇ ਬਿੰਦੂ ਤੋਂ ਅੱਗੇ ਨਹੀਂ ਕਰੇਗਾ, ਕਿਉਂਕਿ ਇਨ੍ਹਾਂ ਦਾ ਇਸਤੇਮਾਲ ਕਰਨ ਨਾਲ ਕੁੱਲ ਉਤਪਾਦਨ ਘੱਟ ਹੋ ਜਾਵੇਗਾ।''** (Even if units of the variable input were free, a rational producer would not employ them beyond the point of zero marginal product because their use entails a reduction in total output. **—Ferguson**)

ਸੰਖੇਪ ਵਿੱਚ, ਇਕ ਵਿਚਾਰਵਾਨ ਫਰਮ ਹਮੇਸ਼ਾ **ਦੂਸਰੀ ਸਥਿਤੀ** ਵਿੱਚ, ਜਿਸ 'ਚ ਘਟਦੇ ਪ੍ਰਤੀਫਲ ਪ੍ਰਾਪਤ ਹੋਣੇ ਸ਼ੁਰੂ ਹੋ ਜਾਂਦੇ ਹਨ, ਉਤਪਾਦਨ ਕਰਦੀਆਂ ਹਨ। ਪੂਰਨ ਪ੍ਰਤੀਯੋਗੀ ਫਰਮ **ਪਹਿਲੀ ਜਾਂ ਤੀਸਰੀ** ਸਥਿਤੀ ਵਿੱਚ ਉਤਪਾਦਨ ਨਹੀਂ ਕਰੇਗੀ, ਉਹ ਕੇਵਲ ਦੂਸਰੀ ਸਥਿਤੀ ਵਿੱਚ ਹੀ ਉਤਪਾਦਨ ਕਰੇਗੀ। ਦੂਸਰੀ ਸਥਿਤੀ ਵਿੱਚ ਕੀਤੇ ਜਾਣ ਵਾਲੇ ਉਤਪਾਦਨ ਦੀ ਅਸਲੀ ਮਾਤਰਾ ਉਤਪਾਦਨ ਦੇ ਸਾਧਨਾਂ ਅਤੇ ਉਤਪਾਦਨ ਦੀਆਂ ਕੀਮਤਾਂ 'ਤੇ ਨਿਰਭਰ ਕਰੇਗੀ। ਸੰਤੁਲਨ ਉਥੇ ਸਥਾਪਿਤ ਹੋਵੇਗਾ, ਜਿੱਤੇ ਹੋਰ ਆਮਦਨ (MR) ਅਤੇ ਹੋਰ ਲਾਗਤ (MC) ਬਰਾਬਰ (Equal) ਹਨ।

ਚਿੱਤਰ ਦੇ ਰੂਪ ਵਿੱਚ ਕੁੱਲ ਉਤਪਾਦਨ, ਔਸਤ ਉਤਪਾਦਨ ਅਤੇ ਸੀਮਿਤ ਉਤਪਾਦਨ (TP, AP and MP : A Diagrammatic Presentation): ਮਿਹਨਤ ਸਮੇਂ ਪੂਰਨ ਤੌਰ 'ਤੇ ਵੰਡਿਆ ਹੋਣ ਕਾਰਨ ਚਿੱਤਰ 8.5 ਵਿੱਚ TP, AP ਅਤੇ MP ਵਕ੍ਰ ਸਮਤਲ ਦਿਖਾਏ ਗਏ ਹਨ। AP ਵਕ੍ਰ H' ਬਿੰਦੂ ਤੱਕ ਉਪਰ ਵੱਲ ਉਠ ਰਹੀ ਹੈ, ਫਿਰ ਡਿੱਗਣ ਲੱਗਦੀ ਹੈ। (ਪਰ ਧਨਾਤਮਕ ਬਣੀ ਰਹਿੰਦੀ ਹੈ, ਜਦੋਂ ਤੱਕ TP ਧਨਾਤਮਕ ਹੈ) MP ਵਕ੍ਰ ਬਿੰਦੂ G' ਤੱਕ ਉਪਰ ਵੱਲ ਉਠਦੀ ਹੈ, I' ਬਿੰਦੂ 'ਤੇ ਜ਼ੀਰੋ ਹੋ ਜਾਂਦੀ ਹੈ ਅਤੇ ਉਸ ਤੋਂ ਬਾਅਦ ਰਣਾਤਮਕ ਬਣ ਜਾਂਦੀ ਹੈ, ਜਦੋਂ AP ਵਕ੍ਰ ਉਪਰ ਵੱਲ ਉਠ ਰਹੀ ਹੁੰਦੀ ਹੈ, ਉਦੋਂ MP ਵਕ੍ਰ ਉਸ ਦੇ ਉਪਰ ਹੁੰਦੀ ਹੈ।

ਜਦੋਂ AP ਵਕ੍ਰ ਡਿੱਗ ਰਹੀ ਹੁੰਦੀ ਹੈ ਤਾਂ MP ਵਕ੍ ਉਸ ਦੇ ਹੇਠਾਂ ਹੁੰਦੀ ਹੈ ਅਤੇ ਜਦੋਂ AP ਵਕ੍ਰ ਉਚੇ ਬਿੰਦੂ 'ਤੇ ਹੁੰਦੀ ਹੈ (ਜਿਵੇਂ H' ਬਿੰਦੂ) ਤੱਕ MP=AP।

ਨੋਟ



ਚਿੱਤਰ 8.5

ਕੁੱਲ ਉਤਪਾਦਨ ਅਤੇ ਸੀਮਾਂਤ ਉਤਪਾਦਨ ਵਿੱਚ ਸਬੰਧ
(Relation between Total Production and Marginal Production)

(1) ਜਦੋਂ ਸੀਮਿਤ ਉਤਪਾਦਨ ਵੱਧਦਾ ਹੈ, ਉਦੋਂ ਕੁੱਲ ਉਤਪਾਦਨ ਵੱਧਦੀ ਦਰ ਨਾਲ ਵੱਧਦਾ ਹੈ।

(2) ਜਦੋਂ ਸੀਮਿਤ ਉਤਪਾਦਨ ਬਰਾਬਰ ਰਹਿੰਦਾ ਹੈ, ਉਦੋਂ ਕੁੱਲ ਉਤਪਾਦਨ ਬਰਾਬਰ ਦਰ ਨਾਲ ਵੱਧਦਾ ਹੈ।

(3) ਜਦੋਂ ਸੀਮਿਤ ਉਤਪਾਦਨ ਘੱਟਦਾ ਹੈ, ਉਦੋਂ ਕੁੱਲ ਉਤਪਾਦਨ ਘੱਟਦੀ ਦਰ ਨਾਲ ਵੱਧਦਾ ਹੈ।

(4) ਜਦੋਂ ਸੀਮਿਤ ਉਤਪਾਦਨ ਰਣਾਤਮਕ ਹੁੰਦਾ ਹੈ, ਉਦੋਂ ਕੁੱਲ ਉਤਪਾਦਨ ਘਟਣਾ ਸ਼ੁਰੂ ਹੋ ਜਾਂਦਾ ਹੈ।

ਸੀਮਾਂਤ ਉਤਪਾਦਨ ਅਤੇ ਔਸਤ ਉਤਪਾਦਨ ਵਿੱਚ ਸਬੰਧ
(Relation between Average Product and Marginal Product)

(1) ਜਦੋਂ ਸੀਮਿਤ ਉਤਪਾਦਨ, ਔਸਤ ਉਤਪਾਦਨ ਤੋਂ ਘੱਟ ਹੁੰਦਾ ਹੈ, ਉਦੋਂ ਔਸਤ ਉਤਪਾਦਨ ਵੱਧਦਾ ਹੈ।

(2) ਜਦੋਂ ਸੀਮਿਤ ਉਤਪਾਦਨ ਅਤੇ ਔਸਤ ਉਤਪਾਦਨ ਦੋਵੇਂ ਬਰਾਬਰ ਹੁੰਦੇ ਹਨ ਅਤੇ ਔਸਤ ਉਤਪਾਦਨ ਜ਼ਿਆਦਾ ਹੁੰਦਾ ਹੈ।

(3) ਜਦੋਂ ਸੀਮਿਤ ਉਤਪਾਦਨ, ਔਸਤ ਉਤਪਾਦਨ ਤੋਂ ਘੱਟ ਹੁੰਦਾ ਹੈ, ਉਦੋਂ ਔਸਤ ਉਤਪਾਦਨ ਘੱਟਦਾ ਹੈ।

(4) ਸੀਮਿਤ ਉਤਪਾਦਨ ਧਨਾਤਮਕ, ਜ਼ੀਰੋ ਦਾ ਰਣਾਤਮਕ ਹੋ ਸਕਦਾ ਹੈ ਪਰ ਔਸਤ ਉਤਪਾਦਨ ਹਮੇਸ਼ਾ ਧਨਾਤਮਕ ਹੁੰਦਾ ਹੈ।

(5) ਚਿੱਤਰ ਕੇ ਦ੍ਰਿਸ਼ਟੀਕੋਣ ਤੋਂ MP ਵਕ੍ਰ ਹਮੇਸ਼ਾ AP ਵਕ੍ਰ ਦੇ ਸੱਜੇ ਪਾਸੇ ਹੁੰਦੀ ਹੈ।

ਨੋਟ

ਨਤਿਪ੍ਵਰਤਕ ਬਿੰਦੂ (Point of Inflexion)

ਇਹ ਉਹ ਬਿੰਦੂ ਹੈ, ਜਿੱਥੇ TP ਦੀ ਢਾਲ ਵਿੱਚ ਪਰਿਵਰਤਨ ਹੁੰਦਾ ਹੈ। ਚਿੱਤਰ 5 ਵਿੱਚ TP ਵਕ੍ਰ 'ਤੇ ਇਹ ਬਿੰਦੂ G ਹੈ। ਇਸ ਬਿੰਦੂ ਤੱਕ TP ਵੱਧਦੀ ਦਰ 'ਤੇ ਵੱਧ ਰਿਹਾ ਹੈ। ਇਸ ਬਿੰਦੂ ਤੋਂ ਬਾਅਦ TP ਵਿੱਚ ਵਾਧਾ ਜ਼ਰੂਰ ਹੁੰਦਾ ਹੈ ਪਰ ਘੱਟਦੀ ਦਰ 'ਤੇ।

ਇਹ ਉਹ ਬਿੰਦੂ ਹੈ ਜੋ ਉਤਪਾਦਨ ਦੀ ਪਹਿਲੀ ਸਥਿਤੀ ਦੇ ਅਖੀਰ ਤੋਂ (Coincide) ਹੈ, ਕਿਉਂਕਿ ਇਸ ਬਿੰਦੂ 'ਤੇ MP ਦਾ ਵਧਣਾ ਰੁਕ ਜਾਂਦਾ ਹੈ ਅਤੇ ਇਹ ਉਹ ਬਿੰਦੂ ਹੈ ਜੋ ਉਤਪਾਦਨ ਦੀ ਦੂਸਰੀ ਸਥਿਤੀ ਦੇ ਅਰੰਭ (Beginning) ਨੂੰ ਦੱਸਦਾ ਹੈ (ਕਿਉਂਕਿ ਇਸ ਬਿੰਦੂ ਤੋਂ ਬਾਅਦ MP ਘਟਣਾ ਸ਼ੁਰੂ ਹੋ ਜਾਂਦਾ ਹੈ)

8.14 ਪੈਮਾਨੇ ਦੇ ਪ੍ਰਤੀਫਲ (Returns to Scale)

ਪੈਮਾਨੇ ਦੇ ਪ੍ਰਤੀਫਲ ਕੁੱਲ ਉਤਪਾਦਨ ਵਿੱਚ ਹੋਣ ਵਾਲੇ ਪਰਿਵਰਤਨ ਦੇ ਉਸ ਵਿਵਹਾਰ ਦਾ ਵਰਨਣ ਕਰਦੇ ਹਨ ਜੋ ਸਾਰੇ ਅਗਾਤਾਂ ਵਿੱਚ ਬਰਾਬਰ ਅਨੁਪਾਤ ਵਿੱਚ ਪਰਿਵਰਤਨ ਹੋਣ ਦੇ ਕਾਰਨ ਪੈਦਾ ਹੁੰਦਾ ਹੈ। ਇਹ ਇਕ ਦੀਰਘ ਕਾਲੀਨ ਧਾਰਨਾ ਹੈ।

ਦੀਰਘ ਕਾਲ ਵਿੱਚ ਉਤਪਾਦਨ ਦੇ ਸਾਰੇ ਸਾਧਨ ਪਰਿਵਰਤਨਸ਼ੀਲ ਹੁੰਦੇ ਹਨ, ਕੋਈ ਸਾਧਨ ਬੱਝਾ ਹੋਇਆ ਨਹੀਂ ਹੁੰਦਾ। ਇਸ ਲਈ ਸਾਰੇ ਸਾਧਨਾਂ ਦੀ ਮਾਤਰਾ ਵਿੱਚ ਬਰਾਬਰ ਰੂਪ ਵਿੱਚ ਪਰਿਵਰਤਨ ਕਰਕੇ ਉਤਪਾਦਨ ਦੇ ਪੈਮਾਨੇ ਨੂੰ ਤਬਦੀਲ ਕੀਤਾ ਜਾ ਸਕਦਾ ਹੈ।

ਕੌਤਸੁਵਿਆਨੀ ਦੇ ਅਨੁਸਾਰ, **''ਪੈਮਾਨੇ ਦੇ ਪ੍ਰਤੀਫਲ ਸ਼ਬਦ ਦਾ ਸਬੰਧ ਸਾਰੇ ਸਾਧਨਾਂ ਵਿੱਚ ਬਰਾਬਰ ਅਨੁਪਾਤ ਨਾਲ ਹੋਣ ਵਾਲੇ ਪਰਿਵਰਤਨ ਦੇ ਕਾਰਨ ਉਤਪਾਦਨ ਵਿੱਚ ਹੋਣ ਵਾਲੇ ਪਰਿਵਰਤਨ ਨਾਲ।''** (The term returns to scale refers to the change in output as all factors change by the same proportion. — **Koutsoyiannis**)

ਸਾਧਨ ਦੇ ਪ੍ਰਤੀਫਲ ਅਤੇ ਪੈਮਾਨੇ ਦੇ ਪ੍ਰਤੀਫਲ ਵਿੱਚ ਮੁੱਖ ਅੰਤਰ

ਸਾਧਨ ਦੇ ਪ੍ਰਤੀਫਲ ਉਤਪਾਦਨ ਦੇ ਵਿਵਹਾਰ ਦੀ ਉਸ ਸਥਿਤੀ ਦਾ ਅਧਿਐਨ ਕਰਦੇ ਹਨ, ਜਿਸ ਵਿੱਚ ਉਤਪਾਦਨ ਦੇ ਇਕ ਸਥਿਰ ਸਾਧਨ ਦੇ ਨਾਲ ਤਬਦੀਲ ਸਾਧਨ ਦੀਆਂ ਜ਼ਿਆਦਾ ਇਕਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਸ ਸਥਿਤੀ ਵਿੱਚ ਉਤਪਾਦਨ ਦਾ ਪੈਮਾਨਾ ਸਥਿਰ ਰਹਿੰਦਾ ਹੈ ਪਰ ਸਾਧਨ ਅਨੁਪਾਤ ਵਿੱਚ ਪਰਿਵਰਤਨ ਆ ਜਾਂਦਾ ਹੈ। ਇਸ ਦੇ ਉਲਟ ਪੈਮਾਨੇ ਦੇ ਪ੍ਰਤੀਫਲ ਉਤਪਾਦਨ ਦੀ ਉਸ ਸਥਿਤੀ ਦਾ ਅਧਿਐਨ ਕਰਦੇ ਹਾਂ, ਜਿਸ ਵਿੱਚ ਉਤਪਾਦਨ ਦਾ ਪੈਮਾਨਾ ਬਦਲ ਜਾਂਦਾ ਹੈ। ਇਸ ਸਥਿਤੀ ਵਿੱਚ ਉਤਪਾਦਨ ਦਾ ਪੈਮਾਨਾ ਬਦਲ ਜਾਂਦਾ ਹੈ ਪਰ ਉਤਪਾਦਨ ਦੇ ਸਾਧਨਾਂ ਦਾ ਅੰਦਾਜ਼ਾ ਸਥਿਰ ਰਹਿੰਦਾ ਹੈ।

ਦੀਰਘ ਕਾਲ ਵਿੱਚ ਸਾਰੇ ਸਾਧਨਾਂ ਨੂੰ ਇਕ ਹੀ ਅਨੁਪਾਤ ਵਿੱਚ ਜਾਂ ਵੱਖ-ਵੱਖ ਅਨੁਪਾਤਾਂ ਵਿੱਚ ਵਧਾ ਕੇ ਕਿਸੇ ਵਸਤੂ ਦੇ ਉਤਪਾਦਨ ਨੂੰ ਵਧਾਇਆ ਜਾ ਸਕਦਾ ਹੈ। ਸਧਾਰਣ ਤੌਰ 'ਤੇ ਪੈਮਾਨੇ ਦੇ ਪੱਧਰ ਦੇ ਨਿਯਮ ਤੋਂ ਮਤਲਬ ਸਾਰੇ ਸਾਧਨਾਂ ਵਿੱਚ ਬਰਾਬਰ ਅਨੁਪਾਤ ਵਿੱਚ ਵਾਧਾ ਹੋਣ ਕਾਰਨ ਉਤਪਾਦਨ ਵਿੱਚ ਹੋਣ ਵਾਲੇ ਵਾਧੇ ਨਾਲ ਹੈ। ਉਤਪਾਦਨ ਵਿੱਚ ਹੋਣ ਵਾਲੀ ਇਸ ਦ੍ਰਿਸ਼ਟੀ ਨੂੰ **ਪੈਮਾਨੇ ਦਾ ਪ੍ਰਤੀਫਲ** (Returns to Scale) ਕਿਹਾ ਜਾਂਦਾ ਹੈ।

ਮੰਨ ਲਓ ਅਰੰਭਿਕ ਉਤਪਾਦਨ ਫਲਨ ਹੇਠ ਲਿਖੇ ਤਰ੍ਹਾਂ ਹੈ:

$$P = f [L, K]$$

ਜੇਕਰ ਉਤਪਾਦਨ ਦੇ ਦੋਵਾਂ ਸਾਧਨਾਂ ਜਿਵੇਂ ਮਿਹਨਤ (L) ਅਤੇ ਪੂੰਜੀ (K) ਨੂੰ ਬਰਾਬਰ ਅਨੁਪਾਤ (m) ਵਿੱਚ ਵਧਾਇਆ ਜਾਵੇਗਾ ਤਾਂ ਕੁੱਲ ਉਤਪਾਦਨ ਵੱਧ ਕੇ P_1 ਹੋ ਜਾਵੇਗਾ ਅਤੇ

$$P_1 = f[mL, mK]$$

(1) ਜੇਕਰ P_1 ਉਸੇ ਅਨੁਪਾਤ ਵਿੱਚ ਵੱਧਦਾ ਹੈ ਜਿਸ ਅਨੁਪਾਤ ਵਿੱਚ ਅਨੁਪਾਤ ਦੇ ਸਾਧਨਾਂ ਵਿੱਚ ਵਾਧਾ ਹੋਇਆ ਹੈ ਅਤੇ $\frac{P_1}{P} = m$ ਤਾਂ **ਪੈਮਾਨੇ ਦਾ ਬਰਾਬਰ ਪ੍ਰਤੀਫਲ** (Constant Returns to Scale) ਕਿਹਾ ਜਾਵੇਗਾ (2) ਜੇਕਰ ਸਾਧਨਾਂ ਵਿੱਚ ਹੋਣ ਵਾਲੇ ਪਰਿਵਰਤਨ ਦੇ ਅਨੁਪਾਤ ਵਿੱਚ ਉਤਪਾਦਨ ਦੀ ਮਾਤਰਾ P_1 ਵਿੱਚ ਘੱਟ ਅਨੁਪਾਤ ਹੁੰਦਾ ਹੈ ਅਤੇ $\frac{P_1}{P} < m$ ਹੋਵੇ ਤਾਂ ਉਸ ਨੂੰ **ਪੈਮਾਨੇ ਦਾ ਘਟਦਾ ਹੋਇਆ ਪ੍ਰਤੀਫਲ** (Diminishing Returns to Scale) ਕਿਹਾ ਜਾਵੇਗਾ। (3) ਜੇਕਰ ਸਾਧਨਾਂ ਵਿੱਚ

ਹੋਣ ਵਾਲੇ ਪਰਿਵਰਤਨ ਦੇ ਅਨੁਪਾਤ ਵਿੱਚ ਉਤਪਾਦਨ ਦੀ ਮਾਤਰਾ P_1 ਵਿੱਚ ਜ਼ਿਆਦਾ ਅਨੁਪਾਤ ਵਿੱਚ ਪਰਿਵਰਤਨ ਹੁੰਦਾ ਹੈ ਅਤੇ $\frac{P_1}{P} > m$ ਤਾਂ **ਉਸ ਨੂੰ ਪੈਮਾਨੇ ਦਾ ਵੱਧਦਾ ਹੋਇਆ ਪ੍ਰਤੀਫਲ** (Increasing Returns to Scale) ਕਿਹਾ ਜਾਵੇਗਾ।

ਨੋਟ

ਅਸੀਂ ਪੈਮਾਨੇ ਦੇ ਪ੍ਰਤੀਫਲ ਨੂੰ ਹੇਠ ਲਿਖੀ ਤਾਲਿਕਾ 5 ਨਾਲ ਸਪੱਸ਼ਟ ਕਰ ਸਕਦੇ ਹਾਂ–

ਤਾਲਿਕਾ 5. ਪੈਮਾਨੇ ਦੇ ਪ੍ਰਤੀਫਲ (Returns to Scale)

ਮਿਹਨਤ ਦੀਆਂ ਇਕਾਈਆਂ (1)	ਪੂੰਜੀ ਦੀਆਂ ਇਕਾਈਆਂ (2)	ਮਿਹਨਤ ਅਤੇ ਪੂੰਜੀ ਵਿੱਚ ਪ੍ਰਤੀਸ਼ਤ ਵਾਧਾ (3)	ਕੁੱਲ ਉਤਪਾਦ (4)	ਕੁੱਲ ਉਤਪਾਦ ਵਿੱਚ ਪ੍ਰਤੀਸ਼ਤ ਵਾਧਾ (5)	ਪੈਮਾਨੇ ਦੇ ਪ੍ਰਤੀਫਲ (6)
1	2	–	10	–	
2	4	100%	30	200%	**ਵੱਧਦੇ ਹੋਏ (Increasing)**
3	6	50%	60	100%	
4	**8**	**33%**	**80**	**33%**	**ਸਥਿਰ (Constant)**
5	10	25%	100	25%	
6	12	20%	110	10%	**ਘੱਟਦੇ ਹੋਏ (Decreasing**
7	14	16 %	120	9%	
8	16	14%	125	4%	

(i) ਕਾਲਸ (3) ਤਿੰਨ ਵਿੱਚ ਪ੍ਰਗਟ ਕੀਤੀ ਗਈ ਮਿਹਨਤ ਅਤੇ ਪੂੰਜੀ ਵਿੱਚ ਹੋਣ ਵਾਲਾ ਪ੍ਰਤੀਸ਼ਤ ਵਾਧੇ ਦੀ ਗਣਨਾ ਹੇਠ ਲਿਖੀ ਵਿਧੀ ਨਾਲ ਕੀਤੀ ਗਈ ਹੈ–

ਮਿਹਨਤ ਵਿੱਚ ਪ੍ਰਤੀਸ਼ਤ ਪਰਿਵਰਤਨ $= \frac{2-1}{1} \times 100 = 100\%$

$= \frac{3-2}{2} \times 100 = 50\%$ ਆਦਿ

ਇਸ ਤਰ੍ਹਾਂ ਪੂੰਜੀ ਦੇ ਪ੍ਰਤੀਸ਼ਤ ਪਰਿਵਰਤਨ ਦੀ ਗਣਨਾ ਕੀਤੀ ਗਈ ਹੈ।

$= \frac{4-2}{2} \times 100 = 100\%$ ਆਦਿ

$= \frac{6-4}{4} \times 100 = 50\%$ ਆਦਿ

ਇਹ ਸਪੱਸ਼ਟ ਹੋ ਜਾਂਦਾ ਹੈ ਕਿ ਮਿਹਨਤ ਅਤੇ ਪੂੰਜੀ ਵਿੱਚ ਹੋਣ ਵਾਲਾ ਪ੍ਰਤੀਸ਼ਤ ਪਰਿਵਰਤਨ ਇਕ ਦੂਸਰੇ ਦੇ ਬਰਾਬਰ ਹੈ ਕਿਉਂਕਿ ਇਨ੍ਹਾਂ ਦੋਨਾਂ ਵਿੱਚ ਬਰਾਬਰ ਅਨੁਪਾਤ ਵਿੱਚ ਪਰਿਵਰਤਨ ਹੈ।

(ii) ਕਾਲਮ 5 ਵਿੱਚ ਪ੍ਰਗਟ ਕੀਤੇ ਗਏ ਕੁੱਲ ਉਤਪਾਦਨ ਦੇ ਪ੍ਰਤੀਸ਼ਤ ਪਰਿਵਰਤਨ ਦੀ ਗਣਨਾ ਹੇਠ ਲਿਖੀ ਵਿਧੀ ਨਾਲ ਕੀਤੀ ਗਈ ਹੈ–

$= \frac{30-10}{10} \times 100 = 200\%$

$= \frac{60-30}{30} \times 100 = 100\%$ ਆਦਿ

ਨੋਟ

8.15 ਪੈਮਾਨੇ ਦੇ ਪ੍ਰਤੀਫਲ ਦੀਆਂ ਤਿੰਨ ਵੱਖ-ਵੱਖ ਸਥਿਤੀਆਂ (Three Different Situations of Returns to Scale)

ਇਕ ਸਾਧਨ ਦੇ ਪ੍ਰਤੀਫਲ ਦੀ ਤਰ੍ਹਾਂ ਪੈਮਾਨੇ ਦੇ ਪ੍ਰਤੀਫਲ ਦੀਆਂ ਵੀ ਤਿੰਨ ਸਥਿਤੀਆਂ ਹਨ–

(i) ਪੈਮਾਨੇ ਦੇ ਵੱਧਦੇ ਪ੍ਰਤੀਫਲ (Increasing Returns to Scale)

(ii) ਪੈਮਾਨੇ ਦੇ ਸਥਿਰ ਪ੍ਰਤੀਫਲ (Constant Returns to Scale)

(iii) ਪੈਮਾਨੇ ਦੇ ਘੱਟਦੇ ਪ੍ਰਤੀਫਲ (Diminishing Returns to Scale)

(i) ਪੈਮਾਨੇ ਦੇ ਵੱਧਦੇ ਪ੍ਰਤੀਫਲ (Increasing Returns to Scale)

ਪੈਮਾਨੇ ਦੇ ਵੱਧਦੇ ਪ੍ਰਤੀਫਲ, ਉਤਪਾਦਨ ਦੀ ਉਸ ਸਥਿਤੀ ਨੂੰ ਪ੍ਰਗਟ ਕਰਦੇ ਹਨ ਜਿਸ ਵਿੱਚ ਸਾਰੇ ਸਾਧਨਾਂ ਨੂੰ ਇਕ ਨਿਸ਼ਚਿਤ ਅਨੁਪਾਤ ਵਿੱਚ ਵਧਾਇਆ ਜਾਵੇ ਤਾਂ ਉਤਪਾਦਨ ਵਿੱਚ ਉਸ ਤੋਂ ਜ਼ਿਆਦਾ ਅਨੁਪਾਤ ਵਿੱਚ ਵਾਧਾ ਹੁੰਦਾ ਹੈ। (Increasing returns to scale occurs when a given percentage increase in all factor inputs (in some constant ratio) causes proportionately greater increase in output.) ਅਤੇ ਜੇਕਰ ਉਤਪਾਦਨ ਦੇ ਸਾਧਨਾਂ ਜਿਵੇਂ ਮਿਹਨਤ ਅਤੇ ਪੂੰਜੀ ਦੀਆਂ ਮਾਤਰਾਵਾਂ ਵਿੱਚ 10% ਵਾਧਾ ਕਰਨ ਨਾਲ ਉਤਪਾਦਨ ਵਿੱਚ 15% ਤੋਂ ਜ਼ਿਆਦਾ ਵਾਧਾ ਹੁੰਦਾ ਹੈ ਇਸ ਨੂੰ ਪੈਮਾਨੇ ਦੇ ਵੱਧਦੇ ਪ੍ਰਤੀਫਲ ਕਿਹਾ ਜਾਵੇਗਾ।

ਚਿੱਤਰ 8.6 ਤੋਂ ਪਤਾ ਲੱਗਦਾ ਹੈ ਕਿ ਉਤਪਾਦਨ ਦੇ ਸਾਧਨਾਂ ਵਿੱਚ 10% ਵਾਧਾ ਹੋਣ 'ਤੇ ਉਤਪਾਦਨ ਦੀ ਮਾਤਰਾ ਵਿੱਚ ਉਸ ਤੋਂ ਜ਼ਿਆਦਾ ਅਤੇ 15% ਵਾਧਾ ਹੋ ਰਿਹਾ ਹੈ ਅਤੇ 15% ਵਾਧਾ ਹੋਦ 'ਤੇ ਉਤਪਾਦਨ ਵਿੱਚ 25% ਦਾ ਵਾਧਾ ਹੋ ਰਿਹਾ ਹੈ ਅਤੇ ਵੱਧਦੇ ਪ੍ਰਤੀਫਲ ਦਾ ਨਿਯਮ ਉਦੋਂ ਲਾਗੂ ਹੁੰਦਾ ਹੈ ਜਦੋਂ ਉਤਪਾਦਨ ਦੇ ਸਾਧਨਾਂ ਵਿੱਚ ਹੋਣ ਵਾਲੇ ਪ੍ਰਤੀਸ਼ਤ ਵਾਧੇ ਦੀ ਤੁਲਨਾ ਵਿੱਚ ਉਤਪਾਦਨ ਵਿੱਚ ਪ੍ਰਤੀਸ਼ਤ ਵਾਧਾ ਜ਼ਿਆਦਾ ਹੁੰਦਾ ਹੈ।



ਚਿੱਤਰ 8.6

ਪੈਮਾਨੇ ਦੇ ਵੱਧਦੇ ਪ੍ਰਤੀਫਲ ਦੇ ਲਾਗੂ ਹੋਣ ਦਾ ਮੁੱਖ ਕਾਰਨ ਇਹ ਹੈ ਕਿ ਉਤਪਾਦਨ ਦਾ ਪੈਮਾਨਾ ਵੱਧਣ ਦੇ ਫਲਸਰੂਪ ਮਿਹਨਤ ਵੰਡ ਅਤੇ ਵਿਸ਼ੇਸ਼ੀਕਰਨ ਦੇ ਕਾਰਨ ਕਈ ਤਰ੍ਹਾਂ ਦੀਆਂ **ਬੱਚਤਾਂ** (Economies) ਉਪਲੱਬਧ ਹੁੰਦੀਆਂ ਹਨ। ਇਨ੍ਹਾਂ ਬਚਤਾਂ ਦੇ ਕਾਰਨ ਪ੍ਰਤੀਫਲ ਵਿੱਚ ਸਾਧਨਾਂ ਦੇ ਅਨੁਪਾਤ ਵਿੱਚ ਹੋਦ ਵਾਲੇ ਵਾਧੇ ਨਾਲ ਜ਼ਿਆਦਾ ਵਾਧਾ ਹੁੰਦਾ ਹੈ। ਇਹ ਬਚਤਾਂ ਕੇਵਲ **ਅੰਦੂਰਨੀ ਬੱਚਤਾਂ** ਹਨ ਕਿਉਂਕਿ ਇਹ ਸਬੰਧਿਤ ਫਰਮ ਦੇ ਉਤਪਾਦਨ ਦੇ ਆਕਾਰ ਨਾਲ ਸਬੰਧਿਤ ਹੈ।

(ii) ਪੈਮਾਨੇ ਦੇ ਸਥਿਰ ਪ੍ਰਤੀਫਲ (Constant Returns to Scale)

ਪੈਮਾਨੇ ਦੇ ਸਥਿਰ ਜਾਂ ਬਰਾਬਰ ਪ੍ਰਤੀਫਲ, ਉਤਪਾਦਨ ਦੀ ਉਸ ਸਥਿਤੀ ਨੂੰ ਪ੍ਰਗਟ ਕਰਦੇ ਹਨ ਜਿਸ ਵਿੱਚ ਜੇਕਰ ਸਾਰੇ ਸਾਧਨਾਂ ਨੂੰ ਇਕ

ਨੋਟ

ਨਿਸ਼ਚਿਤ ਅਨੁਪਾਤ ਵਿੱਚ ਵਧਾਇਆ ਜਾਵੇਗਾ ਤਾਂ ਉਤਪਾਦਨ ਵਿੱਚ ਉਸੇ ਅਨੁਪਾਤ ਵਿੱਚ ਵਾਧਾ ਹੋਵੇਗਾ। (Constant Returns to Scale occurs when a given percentage increase in all factor inputs (in some constant ratio) causes equal percentage increase in output.) ਇਸ ਨਿਯਮ ਦੇ ਅਨੁਸਾਰ ਮੰਨ ਲਓ ਮਿਹਨਤ ਅਤੇ ਪੂੰਜੀ ਦੀ ਮਾਤਰਾ ਵਿੱਚ 10 ਪ੍ਰਤੀਸ਼ਤ ਦਾ ਵਾਧਾ ਹੁੰਦਾ ਹੈ ਅਤੇ ਇਸ ਦੇ ਫਲਸਰੂਪ ਉਤਪਾਦਨ ਵਿੱਚ ਵੀ 10 ਪ੍ਰਤੀਸ਼ਤ ਦਾ ਵਾਧਾ ਹੋਵੇਗਾ।

ਚਿੱਤਰ 8.7 ਵਿੱਚ OQ ਵਕ੍ਰ ਪੈਮਾਨੇ ਦੇ ਬਰਾਬਰ ਪ੍ਰਤੀਫਲ ਨੂੰ ਪ੍ਰਗਟ ਕਰ ਰਹੀ ਹੈ। ਚਿੱਤਰ ਤੋਂ ਪਤਾ ਲੱਗਦਾ ਹੈ ਕਿ ਸਾਰੇ ਸਾਧਨਾਂ ਵਿੱਚ 10 ਪ੍ਰਤੀਸ਼ਤ ਵਾਧਾ ਕਰਨ 'ਤੇ ਉਤਪਾਦਨ ਵਿੱਚ ਵੀ 10 ਪ੍ਰਤੀਸ਼ਤ ਦਾ ਵਾਧਾ ਹੋ ਰਿਹਾ ਹੈ। ਇਸ ਤਰ੍ਹਾਂ ਸਾਧਨਾਂ ਵਿੱਚ 20% ਦਾ ਵਾਧਾ ਹੋਣ 'ਤੇ ਉਤਪਾਦਨ ਵਿੱਚ 20% ਦਾ ਵਾਧਾ ਹੋ ਰਿਹਾ ਹੈ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਾਧਨਾਂ ਵਿੱਚ ਜਿੰਨੇ ਪ੍ਰਤੀਸ਼ਤ ਦਾ ਵਾਧਾ ਹੁੰਦਾ ਹੈ ਉਤਪਾਦਨ ਵਿੱਚ ਵੀ ਉਂਨਾ ਹੀ ਪ੍ਰਤੀਸ਼ਤ ਦਾ ਵਾਧਾ ਹੋ ਰਿਹਾ ਹੈ। ਇਸ ਲਈ OQ ਰੇਖਾ ਮੂਲ ਬਿੰਦੂ O ਤੋਂ



ਚਿੱਤਰ 8.7

45% ਇਸ ਨਿਯਮ ਦੇ ਲਾਗੂ ਹੋਣ ਦਾ ਕਾਰਨ ਇਹ ਹੈ ਕਿ ਉਤਪਾਦਨ ਦੇ ਇਕ ਨਿਸ਼ਚਿਤ ਪੱਧਰ 'ਤੇ ਪੈਮਾਨੇ ਦੀਆਂ ਬੱਚਤਾਂ ਅਤੇ ਹਾਨੀਆਂ ਇਕ ਦੂਸਰੇ ਦੇ ਬਰਾਬਰ ਹੋ ਜਾਂਦੀਆਂ ਹਨ। ਹਿਸਾਬ ਦੀ ਸ਼ਬਦਾਵਲੀ ਵਿੱਚ ਉਸ ਉਤਪਾਦਨ ਫਲਨ ਨੂੰ ਜੋ ਬਰਾਬਰ ਪ੍ਰਤੀਫਲ ਨੂੰ ਪ੍ਰਗਟ ਕਰਦਾ ਹੈ **ਸਮਰੂਪ ਉਤਪਾਦਨ ਫਲਨ** (Homogeneous Production Function) ਕਿਹਾ ਜਾਂਦਾ ਹੈ। ਇਸ ਫਲਨ ਦੇ ਅਨੁਸਾਰ ਜੇਕਰ ਮਿਹਨਤ ਅਤੇ ਪੂੰਜੀ ਨੂੰ ਬਰਾਬਰ ਦੇ ਅਨੁਪਾਤ ਨਾਲ ਵਧਾਇਆ ਜਾਵੇਗਾ ਤਾਂ ਉਤਪਾਦਨ ਵੀ ਉਸੇ ਅਨੁਪਾਤ ਵਿੱਚ ਵਧੇਗਾ।

(iii) ਪੈਮਾਨੇ ਦੇ ਘੱਟਦੇ ਪ੍ਰਤੀਫਲ (Diminishing Returns to Scale)

ਪੈਮਾਨੇ ਦੇ ਘੱਟਦੇ ਪ੍ਰਤੀਫਲ, ਉਤਪਾਦਨ ਦੀ ਉਸ ਸਥਿਤੀ ਨੂੰ ਪ੍ਰਗਟ ਕਰਦੇ ਹਨ ਜਿਸ ਵਿੱਚ ਜੇਕਰ ਸਾਰੇ ਸਾਧਨਾਂ ਨੂੰ ਇਕ ਨਿਸ਼ਚਿਤ ਅਨੁਪਾਤ ਵਿੱਚ ਵਧਾਇਆ ਜਾਵੇਗਾ ਤਾਂ ਉਤਪਾਦਨ ਵਿੱਚ ਉਸ ਤੋਂ ਘੱਟ ਅਨੁਪਾਤ ਵਿੱਚ ਵਾਧਾ ਹੋਵੇਗਾ। (Diminishing Returns to Scale occurs when given percentage increase in all factor inputs (in some constant Ratio) causes proportionately lesser increase in output.) ਜੇਕਰ ਸਾਧਨਾਂ ਵਿੱਚ 15 ਪ੍ਰਤੀਸ਼ਤ ਦਾ ਵਾਧਾ ਕਰਨ ਨਾਲ ਉਤਪਾਦਨ ਵਿੱਚ 10 ਪ੍ਰਤੀਸ਼ਤ ਦਾ ਵਾਧਾ ਹੁੰਦਾ ਹੈ, ਤਾਂ ਇਹ ਕਿਹਾ ਜਾਵੇਗਾ ਕਿ ਪੈਮਾਨੇ ਦਾ ਘੱਟਦਾ ਪ੍ਰਤੀਫਲ ਲਾਗੂ ਹੋ ਰਿਹਾ ਹੈ। ਚਿੱਤਰ 8.8 ਘੱਟਦੇ ਪ੍ਰਤੀਫਲ ਦੇ ਨਿਯਮ ਨੂੰ ਪ੍ਰਗਟ ਕਰ ਰਿਹਾ ਹੈ। OQ ਰੇਖਾ ਤੋਂ ਪਤਾ ਲੱਗਦਾ ਹੈ ਕਿ ਸਾਧਨਾ ਵਿੱਚ 15% ਦਾ ਵਾਧਾ ਹੋਣ 'ਤੇ ਉਤਪਾਦਨ ਵਿੱਚ 10% ਦਾ ਵਾਧਾ ਹੋ ਰਿਹਾ ਹੈ ਅਤੇ 25% ਦਾ ਵਾਧਾ ਹੋਣ 'ਤੇ 15% ਦਾ ਵਾਧਾ ਹੋ ਰਿਹਾ ਹੈ। ਇਸ ਨਾਲ ਪ੍ਰਗਟ ਹੁੰਦਾ ਹੈ ਪੈਮਾਨੇ ਦੇ ਪ੍ਰਤੀਫਲ ਘੱਟ ਹੋ ਰਹੇ ਹਨ।

ਪੈਮਾਨੇ ਦੇ ਘੱਟਦੇ ਪ੍ਰਤੀਫਲ ਦੇ ਲਾਗੂ ਹੋਣ ਦਾ ਮੁੱਖ ਕਾਰਨ ਇਹ ਹੈ ਕਿ ਪੈਮਾਨੇ ਦੀਆਂ **ਹਾਨੀਆਂ** (Diseconomies) **ਬੱਚਤਾਂ** (Economies) ਤੋਂ ਕਿਤੇ ਜ਼ਿਆਦਾ ਹਨ।

ਨੋਟ



ਚਿੱਤਰ 8.8

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚੋਂ ਸਹੀ/ਗਲਤ ਲੱਭੋ

(State whether the following statements are True/False)–

8. ਸੰਤੁਲਨ ਉਤਪਾਦਨ ਉਸ ਬਿੰਦੂ 'ਤੇ ਹੁੰਦਾ ਹੈ ਪਰ ਵੱਧਦੀ ਹੋਈ ਸੀਮਿਤ ਲਾਗਤ ਸੀਮਿਤ ਆਮਦਨ ਦੇ ਬਰਾਬਰ ਹੋ ਜਾਂਦੀ ਹੈ।

9. ਜਦੋਂ ਸੀਮਿਤ ਉਤਪਾਦਨ ਵੱਧਦਾ ਹੈ ਉਦੋਂ ਕੁਲ ਉਤਪਾਦਨ ਵੱਧਦੀ ਦਰ ਨਾਲ ਵੱਧਦਾ ਹੈ।

10. ਜਦੋਂ ਸੀਮਿਤ ਉਤਪਾਦਨ, ਔਸਤ ਉਤਪਾਦਨ ਤੋਂ ਘੱਟ ਹੁੰਦਾ ਹੈ ਉਦੋਂ ਔਸਤ ਉਤਪਾਦਨ ਘੱਟਦਾ ਹੈ।

11. ਜਦੋਂ ਸੀਮਿਤ ਉਤਪਾਦਨ ਰਣਾਤਮਕ ਹੁੰਦਾ ਹੈ, ਉਦੋਂ ਕੁਲ ਉਤਪਾਦਨ ਵੱਧਣਾ ਸ਼ੁਰੂ ਹੋ ਜਾਂਦਾ ਹੇ।

12. ਹਿਸਾਬ ਦੀ ਸ਼ਬਦਾਵਲੀ ਵਿੱਚ ਉਸ ਉਤਪਾਦਨ ਫਲਨ ਨੂੰ ਜੋ ਪੈਮਾਨੇ ਦੇ ਬਰਾਬਰ ਪ੍ਰਤੀਫਲ ਨੂੰ ਪ੍ਰਗਟ ਕਰਦਾ ਹੈ ਸਮਰੂਪ ਉਤਪਾਦਨ ਫਲਨ ਕਿਹਾ ਜਾਂਦਾ ਹੈ।

8.16 ਪੈਮਾਨੇ ਦੀਆਂ ਬੱਚਤਾਂ ਜਾਂ ਪੈਮਾਨੇ ਦੇ ਵੱਧਦੇ ਪ੍ਰਤੀਫਲ ਦੇ ਲਾਗੂ ਹੋਣ ਦੇ ਕਾਰਨ (Economies of Scale or Causes of Increasing Returns to Scale)

ਵੱਧਦੇ ਪ੍ਰਤੀਫਲ ਪੈਮਾਨੇ ਦੀਆਂ ਬੱਚਤਾਂ ਦੇ ਕਾਰਨ ਲਾਗੂ ਹੁੰਦੇ ਹਨ। **ਪੈਮਾਨੇ ਦੀਆਂ ਬਚਤਾਂ ਤੋਂ ਭਾਵ ਉਸ ਸਥਿਤੀ ਨਾਲ ਹੈ ਜਿਸ ਵਿੱਚ ਉਤਪਾਦਨ ਦੇ ਪੱਘਰ ਨੂੰ ਵਧਾਉਣ ਦੇ ਫਲਸਰੂਪ ਜਾਂ ਤਾਂ ਪ੍ਰਤੀ ਇਕਾਈ ਉਤਪਾਦਨ ਲਾਗਤ ਘੱਟ ਹੋ ਜਾਂਦੀ ਹੈ ਜਾਂ ਪ੍ਰਤੀ ਇਕਾਈ ਸਾਧਨ ਦਾ ਉਤਪਾਦਨ ਵੱਧ ਜਾਂਦਾ ਹੈ।** (Economies of scale refer to the situation in which increasing the scale of production reduces the unit cost of production or raises output per unit of the factor inputs.)

ਕੌਤਸੁਵਿਆਨੀ ਦੇ ਅਨੁਸਾਰ, "**ਪੈਮਾਨੇ ਦੇ ਪ੍ਰਤੀਫਲ, ਪੈਮਾਨੇ ਦੀਆਂ ਬਚਤਾਂ ਦਾ ਕੇਵਲ ਇਕ ਹਿੱਸਾ ਹੈ। ਪੈਮਾਨੇ ਦੇ ਪ੍ਰਤੀਫਲ ਕੇਵਲ ਤਕਨੀਕੀ ਹੈ ਜਦੋਂ ਕਿ ਪੈਮਾਨੇ ਦੀਆਂ ਬਚਤਾਂ ਵਿੱਚ ਤਕਨੀਕੀ ਅਤੇ ਮੌਦ੍ਰਿਕ ਦੋਨੋਂ ਤਰ੍ਹਾਂ ਦੀਆਂ ਬੱਚਤਾਂ ਸ਼ਾਮਿਲ ਹੁੰਦੀਆਂ ਹਨ।**" (Returns to scale are only one part of the economies of scale. Returns to scale are technical, while economies of scale include the technical as well as monetary economies. —**Koutsoyiannis**)

(a) **ਪੈਮਾਨੇ ਦੀਆਂ ਅੰਦੂਰਨੀ ਬੱਚਤਾਂ** (Internal Economies of Scale)–ਅੰਦੂਰਨੀ ਬੱਚਤਾਂ ਅਜਿਹੀਆਂ ਬੱਚਤਾਂ ਹਨ ਜੋ ਕਿਸੇ ਫਰਮ ਦੇ ਆਕਾਰ ਵਿੱਚ ਵਿਸਥਾਰ ਹੋਣ ਦੇ ਕਾਰਨ ਪੈਦਾ ਹੁੰਦੀਆਂ ਹਨ ਅਤੇ ਕੇਵਲ ਉਸ ਫਰਮ ਨੂੰ ਪ੍ਰਾਪਤ ਹੁੰਦੀਆਂ ਹਨ।

(b) **ਪੈਮਾਨੇ ਦੀਆਂ ਬਾਹਰੀ ਬੱਚਤਾਂ** (External Economies of Scale)–ਪੈਮਾਨੇ ਦੀਆਂ ਬਾਹਰੀ ਬੱਚਤਾਂ ਉਹ ਬੱਚਤਾਂ ਹਨ ਜੋ ਕਿਸੇ ਉਦਯੋਗ ਅਤੇ ਕਈ ਫਰਮਾਂ ਦੇ ਆਕਾਰ ਵਿੱਚ ਵਿਸਥਾਰ ਹੋਣ ਦੇ ਕਾਰਨ ਪੈਦਾ ਹੁੰਦੀਆਂ ਹਨ ਅਤੇ ਉਦਯੋਗ ਦੀਆਂ ਸਾਰੀਆਂ ਫਰਮਾਂ ਨੂੰ ਪ੍ਰਾਪਤ ਹੁੰਦੀਆ ਹਨ।

ਨੋਟ

8.17 ਅੰਦਰੂਨੀ ਬਚਤਾਂ (Internal Economies)

ਜਦੋਂ ਤੱਕ ਫਰਮ ਆਪਣੇ ਉਤਪਾਦਨ ਦੇ ਪੈਮਾਨੇ ਦਾ ਵਿਸਥਾਰ ਕਰਦੀ ਹੈ ਤਾਂ ਉਸ ਨੂੰ ਕਈ ਤਰ੍ਹਾਂ ਦੀਆਂ ਬੱਚਤਾਂ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਬੱਚਤਾਂ ਨੂੰ **ਅੰਦੂਰਨੀ ਬੱਚਤਾਂ** ਕਿਹਾ ਜਾਂਦਾ ਹੈ। ਪੈਮਾਨੇ ਦੇ ਵੱਧਦੇ ਪ੍ਰਤੀਫਲ ਅੰਦੂਰਨੀ ਬੱਚਤਾਂ ਦੇ ਕਾਰਨ ਪ੍ਰਾਪਤ ਹੁੰਦੇ ਹਨ। **ਅੰਦੂਰਨੀ ਬਚਤਾਂ ਉਹ ਬਚਤਾਂ ਹਨ ਜੋ ਕੇਵਲ ਫਰਮ ਨੂੰ ਹੀ ਪ੍ਰਾਪਤ ਹੁੰਦੀਆਂ ਹਨ।** (Internal Economies are those economies which are firm specific.) ਇਹ ਬੱਚਤਾਂ ਉਦਯੋਗ ਦੀ ਉਸ ਫਰਮ ਨੂੰ ਪ੍ਰਾਪਤ ਹੁੰਦੀਆਂ ਹਨ ਜੋ ਆਪਣੇ ਉਤਪਾਦਨ ਦਾ ਪੈਮਾਨਾ ਵਧਾ ਕੇ ਉਤਪਾਦਨ ਦੇ ਪੱਧਰ ਨੂੰ ਵਧਾਉਂਦੀਆਂ ਹਨ। ਇਨ੍ਹਾਂ ਬੱਚਤਾਂ ਨੂੰ ਅੰਦੂਰਨੀ ਇਸ ਲਈ ਕਿਹਾ ਜਾਂਦਾ ਹੈ। ਕਿਉਂਕਿ ਉਦਯੋਗ ਦੀਆਂ ਉਨ੍ਹਾਂ ਫਰਮਾਂ ਨੂੰ ਇਹ ਬਚਤਾਂ ਪ੍ਰਾਪਤ ਨਹੀਂ ਹੁੰਦੀਆਂ ਜੋ ਆਪਣੇ ਉਤਪਾਦਨ ਦੇ ਪੈਮਾਨੇ ਦਾ ਵਿਸਥਾਰ ਨਹੀਂ ਕਰਦੀਆਂ ਹਨ।

ਕੇਰਨਕ੍ਰਾਸ ਦੇ ਅਨੁਸਾਰ, **''ਅੰਦੂਰਨੀ ਬਚਤਾਂ ਉਹ ਬੱਚਤਾਂ ਹਨ ਜੋ ਕੋਈ ਇਕੱਲਾ ਕਾਰਖਾਨਾ ਜਾਂ ਇਕੱਲੀ ਫਰਮ ਬਿਨਾਂ ਕਿਸੇ ਦੂਸਰੀ ਫਰਮ ਦੀ ਕਿਰਿਆ ਦੇ ਪ੍ਰਾਪਤ ਕਰਦੀ ਹੈ। ਇਹ ਬੱਚਤਾਂ ਉਤਪਾਦਨ ਵਿੱਚ ਵਾਧਾ ਹੋਣ ਨਾਲ ਪ੍ਰਾਪਤ ਹੁੰਦੀਆਂ ਹਨ ਅਤੇ ਬਿਨਾਂ ਉਤਪਾਦਨ ਵਧਾਏ ਪ੍ਰਾਪਤ ਨਹੀਂ ਹੋ ਸਕਦੀਆਂ।''** (Internal Economies are those which are open to a single factory or a single firm independently of the action of other firms. They result from an increase in the scale of output of a firm and cannot be achieved unless output increases. **—Cairncross**)

ਅੰਦੂਰਨੀ ਬੱਚਤਾਂ ਦੀਆਂ ਕਿਸਮਾਂ (Types of Internal Economies)–**ਕੌਤਸੁਵਿਆਨੀ** ਨੇ ਅੰਦੂਰਨੀ ਬੱਚਤਾਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੈ–

(i) ਅਸਲੀ ਬੱਚਤਾਂ (Real Economies) ਅਤੇ

(ii) ਧਨ ਸਬੰਧੀ ਬੱਚਤਾਂ (Pecuniary Economies)।

(i) ਅਸਲੀ ਬੱਚਤਾਂ (Real Economies)

ਅਸਲੀ ਬੱਚਤਾਂ ਉਹ ਬੱਚਤਾਂ ਹਨ ਜੋ ਕਿਸੇ ਵਸਤੂ ਦੀ ਹਰੇਕ ਇਕਾਈ ਦਾ ਪਹਿਲਾਂ ਜਿੰਨਾ ਉਤਪਾਦਨ ਕਰਨ ਦੇ ਲਈ ਕੱਚੇ ਮਾਲ, ਪੂੰਜੀ, ਮਿਹਨਤ ਆਦਿ ਸਾਧਨਾਂ ਦੀ ਪਹਿਲਾਂ ਤੋਂ ਘੱਟ ਮਾਤਰਾ ਦਾ ਇਸਤੇਮਾਲ ਕਰਨ ਦੇ ਫਲਸਰੂਪ ਪੈਦਾ ਹੁੰਦੀਆਂ ਹਨ। (Real economies are those associated with a reduction in the physical quantity of inputs, raw materials, various types of labour and various types of capital.)

ਅਸਲੀ ਬੱਚਤਾਂ ਕੀ ਹਨ?

ਅਸਲੀ ਬੱਚਤਾਂ ਉਹ ਬੱਚਤਾਂ ਹਨ ਜੋ ਉਤਪਾਦਨ ਦੀ ਪ੍ਰਤੀ ਇਕਾਈ ਆਗਤਾਂ ਦੀਆਂ ਬੱਚਤਾਂ ਦੇ ਰੂਪ ਵਿੱਚ ਪ੍ਰਾਪਤ ਹੁੰਦੀਆਂ ਹਨ।

8.18 ਸਾਰੰਸ਼ (Summary)

- ਉਤਪਾਦਨ ਦੀ ਅਰੰਭਿਕ ਸਥਿਤੀ ਵਿੱਚ ਪਰਿਵਰਤਨਸ਼ੀਲ ਸਾਧਨ ਦਾ ਸਥਿਰ ਸਾਧਨ ਦੀ ਤੁਲਨਾ ਵਿੱਚ ਘੱਟ ਇਸਤੇਮਾਲ ਕੀਤੇ ਜਾਣ ਦੇ ਕਾਰਲ ਸਥਿਰ ਸਾਧਨ ਦਾ ਪੂਰਨ ਇਸਤੇਮਾਲ ਨਹੀਂ ਹੋ ਸਕਦਾ ਇਸ ਲਈ ਜਦੋਂ ਪਰਿਵਰਤਨਸ਼ੀਲ ਸਾਧਨ ਦੀ ਜ਼ਿਆਦਾ ਮਾਤਰਾ ਦਾ ਇਸਤੇਮਾਲ ਕੀਤੇ ਜਾਣ ਦੇ ਫਲਸਰੂਪ ਸਥਿਰ ਸਾਧਨ ਦਾ ਪੂਰਨ ਇਸਤੇਮਾਲ ਹੋਣ ਲੱਗਦਾ ਹੈ ਤਾਂ ਵੱਧਦੇ ਪ੍ਰਤੀਫਲ ਦਾ ਨਿਯਮ ਲਾਗੂ ਹੁੰਦਾ ਹੈ ਪਰ ਇਹ ਸਥਿਤੀ ਅਨਿਸ਼ਚਿਤ ਕਾਲ ਤੱਕ ਬਣੀ ਨਹੀਂ ਰਹਿੰਦੀ। ਜੇਕਰ ਵੱਧਦੇ ਪ੍ਰਤੀਫਲ ਅਨਿਸ਼ਚਿਤ ਕਾਲ ਤੱਕ ਬਿਨਾ ਕਿਸੇ ਹੱਦ ਦੇ ਪ੍ਰਾਪਤ ਹੁੰਦੇ ਰਹਿੰਦੇ ਹਨ ਤਾਂ ਕਿਚਨ ਗਾਰਡਨ ਜਾਂ ਫੁੱਲਾਂ ਦੇ ਗਮਲੇ ਦੀ ਸਥਿਰ ਭੂਮੀ 'ਤੇ ਪੂੰਜੀ ਅਤੇ ਮਿਹਨਤ ਦੀਆਂ ਜ਼ਿਆਦਾ ਤੋਂ ਜ਼ਿਆਦਾ ਇਕਾਈਆਂ ਲਗਾ ਕੇ ਸਾਰੇ ਸੰਸਾਰ ਦਾ ਭੋਜਨ ਪ੍ਰਾਪਤ ਕੀਤਾ ਜਾ ਸਕਦਾ ਹੈ।

ਨੋਟ

8.19 ਸ਼ਬਦਕੋਸ਼ (Keywords)

1. **ਉਤਪਾਦਨ ਫਲਨ** (Production Function)–ਉਤਪਾਦਨ ਦੀ ਮਾਤਰਾ।
2. **ਘੱਟ ਸਮਾਂ** (Short Period)– ਘੱਟ ਸਮਾਂ।
3. **ਵੱਧਦੇ ਪ੍ਰਤੀਫਲ** (Increasing Returns)–ਵੱਧਦਾ ਉਤਪਾਦਨ।
4. **ਘੱਟਦੇ ਪ੍ਰਤੀਫਲ** (Diminishing Returns)– ਘੱਟਦਾ ਉਤਪਾਦਨ।

8.20 ਅਭਿਆਸ ਪ੍ਰਸ਼ਨ (Review Questions)

1. ਉਤਪਾਦਨ ਫਲਨ ਤੋਂ ਤੁਸੀਂ ਕੀ ਸਮਝਦੇ ਹੋ?ਦੱਸੋ।
2. ਸਾਧਨ ਦੇ ਵੱਧਦੇ ਪ੍ਰਤੀਫਲ ਦੇ ਕਾਰਨ ਦੱਸੋ।
3. ਉਤਪਾਦਨ ਦੀਆਂ ਤਿੰਨ ਸਥਿਤੀਆਂ ਦਾ ਵਰਨਣ ਕਰੋ।
4. ਪੈਮਾਨੇ ਦੇ ਪ੍ਰਤੀਫਲ ਤੋਂ ਕੀ ਭਾਵ ਹੈ? ਸਪੱਸ਼ਟ ਕਰੋ।

ਉਤਰ: ਸਵੈ ਮੁਲਾਂਕਣ (Answers: Self Assessment)

1. ਤਕਨੀਕੀ	2. ਉਤਪਾਦਨ	3. ਇਕਾਈਆਂ	4. (ਅ)
5. (ਸ)	6. (ਬ)	7. (ਬ)	8. ਸਹੀ
9. ਸਹੀ	10. ਸਹੀ	11. ਗਲਤ	12. ਸਹੀ।

8.21 ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਇਕ੍ਰੋਇਕਨੋਮਿਕ–ਡੇਵਿਡ ਬੇਸੈਨਕੋ ਐਂਡ ਰੋਨਾਲਡ ਬਰੂਟੀਗੈਮ, ਵਿਲੇ ਇੰਡੀਆ, 2011, ਪੀ. ਬੀ. ਕੇ ਚੌਥਾ ਐਡੀਸ਼ਨ।
2. ਮਾਇਕ੍ਰੋਇਕਨੋਮਿਕ : ਐਨ. ਐਡਵਾਂਸਡ ਟ੍ਰੀਟਾਈਜ਼–ਐਸ. ਪੀ. ਐਸ. ਚੌਹਾਨ, ਪੀ. ਐਚ. ਆਈ. ਲਰਨਿੰਗ
3. ਮਾਇਕ੍ਰੋਇਕਨੋਮਿਕਸ : ਬਿਹੇਵੀਅਰ, ਇੰਸਟੀਟਿਊਸ਼ਨ ਐਂਡ ਇਵੋਲਿਊਸ਼ਨ–ਸੈਂਪੁਲ ਬੋਵੈਲਸ ਆਕਸਫੋਰਡ ਯੂਨੀਵਰਸਿਟੀ ਪ੍ਰੈਸ, 2004।

ਨੋਟ

ਇਕਾਈ–9: ਲਾਗਤਾਂ ਅਤੇ ਆਗਮ ਦੇ ਸਿਧਾਂਤ (Theory of Costs and Revenue)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

9.1 ਲਾਗਤ ਦੀਆਂ ਧਾਰਨਾਵਾਂ (Concepts of Cost)

9.2 ਘੱਟ ਸਮੇਂ ਵਿੱਚ ਲਾਗਤਾਂ (Costs in the Short Run)

9.3 ਕੁੱਲ ਲਾਗਤ (Total Cost)

9.4 ਕੁੱਲ ਲਾਗਤ, ਕੁੱਲ ਸਥਿਰ ਲਾਗਤ ਅਤੇ ਕੁੱਲ ਪਰਿਵਰਤਨਸ਼ੀਲ ਲਾਗਤ ਦੇ ਵਿੱਚਵਾਰ ਸਬੰਧ (Relation among Total Cost, Total Fixed Cost and Total Variable Cost)

9.5 ਔਸਤ ਲਾਗਤ (Average Cost)

9.6 ਘੱਟ ਸਮਾਂ ਔਸਤ ਲਾਗਤ ਵਕ੍ਰ 'U' ਆਕਾਰ ਦੀ ਕਿਉਂ ਹੁੰਦੀ ਹੈ? (Why is the Short Run Average Cost Curve 'U' Shaped?)

9.7 ਸੀਮਾਂਤ ਲਾਗਤ (Marginal Cost)

9.8 ਸੀਮਾਂਤ ਲਾਗਤ ਵਕ੍ਰ U- ਆਕਾਰ ਦੀ ਕਿਉਂ ਹੁੰਦੀ ਹੈ? (Why is MC Curve U-shaped?)

9.9 ਔਸਤ ਲਾਗਤ ਅਤੇ ਸੀਮਾਂਤ ਲਾਗਤ ਵਿੱਚ ਸਬੰਧ (Relation between Average Cost and Marginal Cost)

9.10 ਘੱਟ ਸਮੇਂ ਵਿੱਚ ਵੱਖ-ਵੱਖ ਲਾਗਤ ਵਕ੍ਰਾਂ ਵਿੱਚ ਸਬੰਧ (Relationship of Different Cost Curves in the Short Period)

9.11 ਲਾਗਤ ਵਕ੍ਰਾਂ ਅਤੇ ਉਤਪਾਦਕਤਾ ਵਕ੍ਰਾਂ ਵਿੱਚ ਸਬੰਧ (Relationship between Cost Curves and Productivity Curves)

9.12 ਦੀਰਘ ਕਾਲ ਵਿੱਚ ਲਾਗਤ (Costs in long Run)

9.13 ਦੀਰਘ ਕਾਲੀਨ ਕੁੱਲ ਲਾਗਤ (Long Run Total Cost – LTC)

9.14 ਦੀਰਘ ਕਾਲੀਨ ਔਸਤ ਲਾਗਤ ਵਕ੍ਰ ਜਾਂ ਲਿਫਾਫਾ ਵਕ੍ਰ (Long Run Average Cost Curve or Envelope Curve)

9.15 ਦੀਰਘ ਕਾਲੀਨ ਸੀਮਾਂਤ ਲਾਗਤ (Long Run Marginal Cost)

9.16 ਲਾਗਤ ਵਕ੍ਰਾਂ ਦਾ ਆਧੁਨਿਕ ਸਿਧਾਂਤ (Modern Theory of Cost Curves)

9.17 ਦੀਰਘ ਕਾਲੀਨ ਸੀਮਾਂਤ ਲਾਗਤ ਵਕ੍ਰ (Long Run Marginal Cost Curve)

9.18 ਤਕਨੀਕੀ ਪਰਿਵਰਤਨ : ਅਤਿ ਦੀਰਘ ਕਾਲ (Technical Change : The Very Long Run)

9.19 ਸਾਰਾਂਸ਼ (Summary)

9.20 ਸ਼ਬਦਕੋਸ਼ (Keywords)

9.21 ਅਭਿਆਸ ਪ੍ਰਸ਼ਨ (Review Questions)

9.22 ਸਬੰਧਿਤ ਪੁਸਤਕਾਂ (Further Readings)

ਨੋਟ

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਲਾਗਤ ਦੀਆਂ ਧਾਰਨਾਵਾਂ ਜਾਨਣ ਸਬੰਧੀ।
- ਔਸਤ ਲਾਗਤ ਦਾ ਅਧਿਐਨ ਕਰਨ ਸਬੰਧੀ।
- ਸੀਮਿਤ ਲਾਗਤ ਜਾਨਣ ਸਬੰਧੀ।
- ਦੀਰਘ ਕਾਲੀਨ ਕੁੱਲ ਲਾਗਤ ਸਮਝਣ ਸਬੰਧੀ।

ਪ੍ਰਸਤਾਵਨਾ (Introduction)

ਇਕ ਫਰਮ ਦਾ ਆਪਣੇ ਲਾਭ ਨੂੰ ਜ਼ਿਆਦਾ ਕਰਨ ਦਾ ਫੈਸਲਾ ਉਸ ਦੇ ਉਤਪਾਦਨ ਦੀ ਲਾਗਤ ਅਤੇ ਆਗਾਮ ਦੀ ਤੁਲਨਾ 'ਤੇ ਨਿਰਭਰ ਕਰਦਾ ਹੈ। ਇਸ ਅਧਿਆਇ ਵਿੱਚ ਅਸੀਂ ਲਾਗਤਾਂ ਦੇ ਸਿਧਾਂਤ ਦਾ ਅਧਿਐਨ ਕਰਾਂਗਾ। ਇਕ ਫਰਮ ਦੀ ਉਤਪਾਦਨ ਲਾਗਤ ਤੋਂ ਮਤਲਬ ਸਧਾਰਣ ਤੌਰ 'ਤੇ ਉਨ੍ਹਾਂ ਮੌਦ੍ਰਿਕ ਖਰਚਿਆਂ ਤੋਂ ਲਿਆ ਜਾਂਦਾ ਹੈ ਜੋ ਉਸ ਵਸਤੂ ਦਾ ਉਤਪਾਦਨ ਕਰਨ ਦੇ ਸਬੰਧ ਵਿੱਚ ਕੀਤੇ ਜਾਂਦੇ ਹਨ। ਕਿਸੇ ਵਸਤੂ ਦਾ ਉਤਪਾਦਨ ਕਰਨ ਲਈ ਹਰੇਕ ਫਰਮ ਨੂੰ ਉਤਪਾਦਨ ਦੇ ਸਾਧਨਾਂ ਅਤੇ ਗੈਰ ਸਾਧਨ ਅਗਾਤਾਂ ਦਾ ਇਸਤੇਮਾਲ ਕਰਨਾ ਪੈਂਦਾ ਹੈ। ਆਮ ਬੋਲਚਾਲ ਦੀ ਭਾਸ਼ਾ ਵਿੱਚ ਇਨ੍ਹਾਂ ਆਗਤਾਂ 'ਤੇ ਕੀਤੇ ਗਏ ਮੌਦ੍ਰਿਕ ਖਰਚਿਆਂ ਨੂੰ ਉਤਪਾਦਨ ਲਾਗਤ ਕਿਹਾ ਜਾਂਦਾ ਹੈ। ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਅਗਾਤਾਂ 'ਤੇ ਕੀਤੇ ਜਾਣ ਵਾਲੇ ਮੌਦ੍ਰਿਕ ਖਰਚੇ ਲਾਗਤ ਦੀ ਧਾਰਨਾ ਦੀ ਕੇਵਲ ਇਕ ਕਿਸਮ ਹੈ। ਲਾਗਤ ਸਬੰਧੀ ਕਈ ਧਾਰਨਾਵਾਂ ਹਨ, ਜਿਵੇਂ ਮੌਦ੍ਰਿਕ ਲਾਗਤ, ਅਵਸਰ ਲਾਗਤ ਅਤੇ ਸਮਾਜਿਕ ਲਾਗਤ ਆਦਿ।

9.1 ਲਾਗਤ ਦੀਆਂ ਧਾਰਨਾਵਾਂ (Concepts of Cost)

1. ਮੌਦ੍ਰਿਕ ਲਾਗਤ (Monetary Cost)

ਕਿਸੇ ਵਸਤੂ ਦਾ ਉਤਪਾਦਨ ਕਰਨ ਲਈ ਮੁਦਰਾ ਦੇ ਰੂਪ ਵਿੱਚ ਜੋ ਧਨ ਖਰਚ ਕਰਨਾ ਪੈਂਦਾ ਹੈ, ਉਸ ਨੂੰ ਉਸ ਵਸਤੂ ਦੀ ਮੌਦ੍ਰਿਕ ਲਾਗਤ ਕਹਿੰਦੇ ਹਨ। ਆਮ ਬੋਲਚਾਲ ਦੀ ਭਾਸ਼ਾ ਵਿੱਚ **'ਲਾਗਤ'** ਸ਼ਬਦ ਦਾ ਇਸਤੇਮਾਲ ਮੌਦ੍ਰਿਕ ਲਾਗਤ ਲਈ ਕੀਤਾ ਜਾਂਦਾ ਹੈ।

ਜੇ. ਐਲ. ਹੈਨਸਨ ਦੇ ਸ਼ਬਦਾਂ ਵਿੱਚ, **''ਕਿਸੇ ਵਸਤੂ ਦੀ ਇਕ ਨਿਸ਼ਚਿਤ ਮਾਤਰਾ ਦਾ ਉਤਪਾਦਨ ਕਰਨ ਲਈ ਉਤਪਾਦਨ ਦੇ ਸਾਧਨਾਂ ਨੂੰ ਜੋ ਕੁਝ ਮੌਦ੍ਰਿਕ ਭੁਗਤਾਨ ਕਰਨਾ ਪਿਆ ਹੈ, ਉਸ ਨੂੰ ਮੌਦ੍ਰਿਕ ਲਾਗਤ ਕਹਿੰਦੇ ਹਨ।''** (The money cost of producing a certain output of a commodity is the sum of all the payments of the factors of production engaged in the production of that commodity.) **—J. L. Hanson**

ਮੌਦ੍ਰਿਕ ਲਾਗਤ ਵਿੱਚ ਹੇਠ ਲਿਖੇ ਖਰਚੇ ਸ਼ਾਮਿਲ ਕੀਤੇ ਜਾਂਦੇ ਹਨ– (i) ਮਜ਼ਦੂਰਾਂ ਨੂੰ ਦਿੱਤੀ ਜਾਣ ਵਾਲੀ ਮਜ਼ਦੂਰੀ, (ii) ਕਰਜ਼ਿਆਂ ਦੇ ਲਈ ਦਿੱਤਾ ਜਾਣ ਵਾਲਾ ਵਿਆਜ, (iii) ਇਮਾਰਤਾਂ ਦੇ ਲਈ ਦਿੱਤਾ ਜਾਣ ਵਾਲਾ ਕਿਰਾਇਆ, (iv) ਕੱਚੇ ਮਾਲ ਅਤੇ ਮਸ਼ੀਨਾਂ 'ਤੇ ਕੀਤਾ ਗਿਆ ਖਰਚ, (v) ਬੀਮਾ, (vi) ਕਰ, (vii) ਚਾਲਕ ਸ਼ਕਤੀ, ਰੌਸ਼ਨੀ, ਈਂਧਣ ਆਦਿ 'ਤੇ ਕੀਤਾ ਗਿਆ ਖਰਚ,

(viii) ਆਵਾਜਾਈ ਲਈ ਕੀਤਾ ਗਿਆ ਹੈ।

2. ਅਸਲੀ ਲਾਗਤ (Real Cost)

ਕਿਸੇ ਵਸਤੂ ਦਾ ਉਤਪਾਦਨ ਕਰਨ ਦੇ ਲਈ ਜੋ ਮਾਨਸਿਕ ਅਤੇ ਸਰੀਰਿਕ ਯਤਨ ਅਤੇ ਤਿਆਗ ਕਰਨਾ ਪੈਂਦਾ ਹੈ, ਉਹ ਉਸ ਵਸਤੂ ਦੀ ਅਸਲੀ ਲਾਗਤ ਹੁੰਦੀ ਹੈ। **ਅਸਲੀ ਲਾਗਤ ਉਹ ਲਾਗਤ ਹੈ ਜੋ ਉਤਪਾਦਨ ਦੇ ਸਾਧਨਾਂ ਦੇ ਮਾਲਿਕਾਂ ਵੱਲੋਂ ਉਨ੍ਹਾਂ ਦੀ ਪੂਰਤੀ ਕਰਨ ਵਿੱਚ ਕਸ਼ਟ, ਦੁੱਖ, ਪ੍ਰੇਸ਼ਾਨੀ ਆਦਿ ਦੇ ਰੂਪ ਵਿੱਚ ਉਠਾਉਣੀ ਪੈਂਦੀ ਹੈ।** (Real cost refers to the pain, the discomfort involved, in supplying the factors of production by their owners.) **ਮਾਰਸ਼ਲ** ਦੇ ਸ਼ਬਦਾਂ ਵਿੱਚ, **''ਕਿਸੇ ਵਸਤੂ ਦੇ ਉਤਪਾਦਨ ਵਿੱਚ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਲੱਗੇ ਹੋਏ ਵੱਖ-ਵੱਖ ਤਰ੍ਹਾਂ ਦੇ ਮਿਹਨਤ ਅਤੇ ਉਸ ਨੂੰ ਤਿਆਰ ਕਰਨ ਵਿੱਚ ਲੱਗੀ ਪੂੰਜੀ ਲਈ ਬੱਚਤ ਕਰਨ ਲਈ ਜ਼ਰੂਰੀ ਉਪਭੋਗ ਰੱਦ** (Abstinence) **ਅਤੇ ਇੰਤਜ਼ਾਰ ਵਿੱਚ ਸ਼ਾਮਿਲ ਸਾਰੇ ਯਤਨ ਅਤੇ ਤਿਆਗ ਮਿਲ ਕੇ ਉਸ ਵਸਤੂ ਦੀ ਅਸਲੀ ਉਤਪਾਦਨ ਲਾਗਤ ਅਖਵਾਏਗੀ।''** (The exertions of all the different kinds of labour that are directly or indirectly involved in making it (a commodity) together with the abstinences

ਨੋਟ

or rather the waiting required for saving the capital used in making it, will be called the real cost of production of commodity.) **—Marshall**

ਸੰਖੇਪ ਵਿੱਚ ਅਸਲੀ ਲਾਗਤ ਨੂੰ ਕਿਸੇ ਵਸਤੂ ਦੇ ਉਤਪਾਦਨ ਲਈ ਉਠਾਏ ਗਏ **ਕਸ਼ਟ, ਤਿਆਗ ਅਤੇ ਯਤਨਾਂ ਦੇ ਰੂਪ ਵਿੱਚ ਪ੍ਰਗਟ ਕੀਤਾ ਜਾਂਦਾ ਹੈ।** ਉਦਾਹਰਣ ਦੇ ਤੌਰ 'ਤੇ ਇਕ ਘੁਮਿਆਰ ਨੂੰ ਮਿੱਟੀ ਦਾ ਇਕ ਖਿਡੌਣਾ ਬਣਾਉਣ ਵਿੱਚ 8 ਘੰਟੇ ਦੀ ਮਿਹਨਤ ਕਰਨੀ ਪੈਂਦੀ ਹੈ ਤਾਂ 8 ਘੰਟੇ ਦੀ ਮਿਹਨਤ ਉਸ ਖਿਡੌਣੇ ਦੀ ਅਸਲੀ ਲਾਗਤ ਅਖਵਾਏਗੀ। ਅਸਲੀ ਲਾਗਤ ਦੀ ਧਾਰਨਾ ਇਕ **ਭਾਵਗਤ** (Subjective) ਧਾਰਨਾ ਹੈ। ਇਸ ਨੂੰ ਨਾਪਣਾ ਸੰਭਵ ਨਹੀਂ ਹੈ, ਇਸ ਲਈ ਅੱਜ-ਕੱਲ੍ਹ ਇਸ ਧਾਰਨਾ ਨੂੰ ਜ਼ਿਆਦਾ ਮਹੱਤਵ ਨਹੀਂ ਦਿੱਤਾ ਜਾਂਦਾ।

3. ਲੇਖਾਕਰਮ ਜਾਂ ਕਾਰੋਬਾਰੀ ਲਾਗਤ (Accounting or Business Cost)

ਲੇਖਾਕਰਮ ਲਾਗਤ ਤੋਂ ਭਾਵ ਉਨ੍ਹਾਂ ਨਕਦ ਭੁਗਤਾਨਾਂ ਤੋਂ ਹੈ ਜੋ ਫਰਮ ਸਾਧਨ ਅਗਾਤਾਂ, ਗੈਰ ਸਾਧਨ ਅਗਾਤਾਂ ਅਤੇ ਘਸਾਈ ਖਰਚ ਦੇ ਰੂਪ ਵਿੱਚ ਕਰਦੀਆਂ ਹਨ ਅਤੇ ਹੋਰ ਉਹੀ ਖਾਤਾ ਪ੍ਰਵਿਸ਼ਟੀਆਂ ਤੋਂ ਹੈ।

ਨਿਕਲਸਨ ਦੇ ਸ਼ਬਦਾਂ ਵਿੱਚ, **''ਲੇਖਾਕਰਮ ਲਾਗਤ ਤੋਂ ਭਾਵ ਨਕਦ ਖਰਚੇ, ਇਤਿਹਾਸਿਕ ਲਾਗਤਾਂ, ਘਸਾਈ ਅਤੇ ਹੋਰ ਬਹੀ ਖਾਤਾ ਪ੍ਰਵਿਸ਼ਟੀਆਂ ਤੋਂ ਹੈ।''** (Accounting cost refers to out of pocket expenses, historical costs, depreciation and other book keeping entries.) **—Nicholson**

ਇਸ ਪਰਿਭਾਸ਼ਾ ਦੇ ਅਧੀਨ **ਆਊਟ ਆਫ ਪਾਕਿਟ** (Out of Pocket) ਖਰਚਿਆਂ ਤੋਂ ਭਾਵ ਬਾਹਰੀ ਵਿਅਕਤੀਆਂ ਨੂੰ ਕੀਤੇ ਜਾਣ ਵਾਲੇ ਤੁਰੰਤ ਭੁਗਤਾਨਾਂ ਤੋਂ ਹੈ, ਕਿਸੇ ਪ੍ਰੀ-ਸੰਪਤੀ ਦੀ **ਇਤਿਹਾਸਿਕ ਲਾਗਤ** (Historical Cost) ਉਹ ਅਸਲੀ ਖਰਚ ਹੈ ਜੋ ਕਿਸੇ ਪ੍ਰੀ-ਸੰਪਤੀ ਨੂੰ ਅਸਲ ਵਿੱਚ ਖਰੀਦਦੇ ਸਮੇਂ ਕੀਤਾ ਜਾਂਦਾ ਹੈ। ਲੇਖਾਕਰਮ ਲਾਗਤ ਨੂੰ ਬਹੀ ਖਾਤਿਆਂ ਵਿੱਚ ਲਿਖਿਆ ਜਾਂਦਾ ਹੈ। ਇਸ ਨੂੰ **ਅਸਲੀ ਲਾਗਤ** (Actual Cost), **ਪ੍ਰਾਪਤੀ ਲਾਗਤ** (Acquisition Cost), **ਨਿਰਪੱਖ ਲਾਗਤ, ਸਪੱਸ਼ਟ ਲਾਗਤ** (Explicit Cost) **ਜਾਂ ਪ੍ਰਤੱਖ ਲਾਗਤ** (Direct Cost) ਵੀ ਕਿਹਾ ਜਾਂਦਾ ਹੈ।

4. ਅਵਸਰ ਲਾਗਤ (Opportunity Cost)

ਆਰਥਿਕ ਵਿਸ਼ਲੇਸ਼ਣ ਵਿੱਚ ਅਵਸਰ ਲਾਗਤ ਦੀ ਧਾਰਨਾ ਦਾ ਬਹੁਤ ਜ਼ਿਆਦਾ ਮਹੱਤਵ ਹੈ। ਅਸੀਂ ਜਾਣਦੇ ਹਾਂ ਕਿ ਕਿਸੇ ਵਸਤੂ ਦੀ ਲਾਗਤ ਤੋਂ ਭਾਵ ਉਨ੍ਹਾਂ ਅਗਾਤਾਂ ਦੀਆਂ ਕੀਮਤਾਂ ਤੋਂ ਹੈ, ਜਿਨ੍ਹਾਂ ਦਾ ਉਸ ਵਸਤੂ ਦੇ ਉਤਪਾਦਨ ਲਈ ਇਸਤੇਮਾਲ ਕੀਤਾ ਜਾਂਦਾ ਹੈ। ਇਕ ਆਗਾਤ ਦਾ ਮੁੱਲ ਇਸ ਲਈ ਹੁੰਦਾ ਹੈ, ਕਿਉਂਕਿ ਉਹ ਦੁਰਲੱਭ ਜਾਂ ਸੀਮਿਤ ਹੁੰਦਾ ਹੈ। ਜੇਕਰ ਅਸੀਂ ਕਿਸੇ ਆਗਾਤ ਦਾ ਇਸਤੇਮਾਲ ਇਕ ਵਸਤੂ ਦੇ ਉਤਪਾਦਨ ਦੇ ਲਈ ਕਰ ਲੈਂਦੇ ਹਾਂ ਤਾਂ ਉਹ ਕਿਸੇ ਦੂਸਰੀ ਵਸਤੂ ਦੇ ਉਤਪਾਦਨ ਦੇ ਲਈ ਉਪਲੱਬਧ ਨਹੀਂ ਹੁੰਦਾ। ਕਿਸੇ ਵਸਤੂ ਦੇ ਉਤਪਾਦਨ ਕਰਨ ਦੀ ਲਾਗਤ ਨੂੰ ਉਸ ਦਾ ਉਤਪਾਦਨ ਕਰਨ ਦੇ ਫਲਸਰੂਪ ਜੋ ਦੂਸਰੇ ਸਰਵਸ੍ਰੇਸ਼ਠ ਵਿਕਲਪ ਦਾ ਤਿਆਗ ਕਰਨਾ ਪੈਂਦਾ ਹੈ, ਦੇ ਰੂਪ ਵਿੱਚ ਨਾਪਿਆ ਜਾਂਦਾ ਹੈ। ਜਦੋਂ ਅਸੀਂ ਕਿਸੇ ਵਸਤੂ ਦੇ ਉਤਪਾਦਨ 'ਤੇ ਮੁਦਰਾ ਦੀ ਕੁਝ ਮਾਤਰਾ ਖਰਚ ਕਰਦੇ ਹਾਂ ਤਾਂ ਮੁਦਰਾ ਦੀ ਖਰਚ ਕੀਤੀ ਗਈ ਮਾਤਰਾ ਉਸ ਦੀ ਲਾਗਤ ਨਹੀਂ ਹੈ, ਸਗੋਂ ਉਸ ਦਾ ਉਤਪਾਦਨ ਕਰਨ ਦੇ ਫਲਸਰੂਪ ਜਿਨ੍ਹਾਂ ਵਿਕਲਪਾਂ ਦਾ **ਪਰੀਤਿਯਕਤ** (Foregone) ਜਾਂ ਤਿਆਗ ਕਰਨਾ ਪਿਆ ਹੈ, ਉਨ੍ਹਾਂ ਦੇ ਮੁੱਲ ਦਾ ਨਾਪ ਹੈ। ਜੇਕਰ ਕਿਸੇ ਵਸਤੂ ਦਾ ਉਤਪਾਦਨ ਕਰਨ ਦੇ ਫਲਸਰੂਪ ਕਈ ਵਿਕਲਪਾਂ ਦਾ ਤਿਆਗ ਕਰਨਾ ਪਿਆ ਹੈ ਤਾਂ ਤਿਆਗੇ ਜਾਣ ਵਾਲੇ **ਦੂਸਰੇ ਸਰਵਸ੍ਰੇਸ਼ਠ ਅਵਸਰ ਜਾਂ ਵਿਕਲਪ** (Next Best Opportunity) ਦਾ ਮੁੱਲ ਹੈ। ਇਸ ਲਈ ਇਸ ਨੂੰ **ਅਵਸਰ ਲਾਗਤ ਕਹਿੰਦੇ ਹਨ ਅਤੇ ਅਵਸਰ ਲਾਗਤ ਦੂਸਰੇ ਸਰਵਸ੍ਰੇਸ਼ਠ ਵਿਕਲਪ ਦੀ ਲਾਗਤ ਹੈ, ਜਿਸ ਦਾ ਤਿਆਗ ਕੀਤਾ ਗਿਆ ਹੈ।** (The Opportunity Cost is the Cost of Next-best Alternative Foregone)। **ਇਸ ਨੂੰ ਵਿਕਲਪਿਕ ਲਾਗਤ** (Alternative Cost) ਵੀ ਕਿਹਾ ਜਾਂਦਾ ਹੈ।

ਮੰਨ ਲਓ ਇਕ ਕਿਸਾਨ ਇਕ ਖੇਤ ਵਿੱਚ ਕਣਕ ਅਤੇ ਛੋਲੇ ਦੋਵੇਂ ਫਸਲਾਂ ਪੈਦਾ ਕਰ ਸਕਦਾ ਹੈ, ਜਦੋਂ ਇਕ ਹੈਕਟੇਅਰ ਖੇਤ ਵਿੱਚ ਉਹ ਕੇਵਲ ਕਣਕ ਪੈਦਾ ਕਰਦਾ ਹੈ ਤਾਂ ਉਸ ਨੂੰ ਛੋਲਿਆਂ ਦਾ ਤਿਆਗ ਕਰਨਾ ਪਵੇਗਾ। ਜੇਕਰ ਛੋਲਿਆਂ ਦੀ ਤਿਆਗ ਕੀਤੀ ਜਾਣ ਵਾਲੀ ਮਾਤਰਾ ਦੀ ਕੀਮਤ 1,000 ਰੁਪਏ ਹੈ ਤਾਂ ਕਣਕ ਦੀ ਅਵਸਰ ਲਾਗਤ 1,000 ਰੁਪਏ ਹੋਵੇਗੀ। ਛੋਲਿਆਂ ਦੀ ਉਹ ਕੀਮਤ, ਜਿਸ ਦਾ ਕਿਸਾਨ ਨੂੰ ਕਣਕ ਪੈਦਾ ਕਰਨ ਲਈ ਤਿਆਗ ਕਰਨਾ ਪਵੇਗਾ। ਕਣਕ ਦੀ ਅਵਸਰ ਲਾਗਤ ਅਖਵਾਏਗੀ। ਇਸ ਤਰ੍ਹਾਂ ਇਕ ਫਰਮ ਦੇ ਲਈ ਕਿਸੇ ਵਸਤੂ ਦੇ ਉਤਪਾਦਨ ਦੇ ਲਈ ਇਸਤੇਮਾਲ ਕੀਤੇ ਜਾਣ ਵਾਲੇ ਸਾਧਨਾਂ ਦੀ ਅਵਸਰ ਲਾਗਤ ਉਹ **ਆਮਦਨ** (Revenue) ਹੈ, ਇਸ ਦਾ ਇਸ ਸਾਧਨਾਂ ਦਾ ਉਨ੍ਹਾਂ ਦੇ ਦੂਸਰੇ ਸਰਵਸ੍ਰੇਸ਼ਟ ਪ੍ਰਯੋਗ ਵਿੱਚ ਇਸਤੇਮਾਲ ਨਹੀਂ ਕੀਤੇ ਜਾ ਸਕਣ ਦੇ ਫਲਸਰੂਪ ਤਿਆਗ ਕਰਨਾ ਪੈਂਦਾ ਹੈ।

ਲੇਫਟਵਿਚ ਦੇ ਅਨੁਸਾਰ, **''ਕਿਸੇ ਵਸਤੂ ਦੀ ਅਵਸਰ ਲਾਗਤ ਉਨ੍ਹਾਂ ਪਰਿਤਯਕਤ** (Foregone) **ਵਿਕਲਪਿਕ ਪਦਾਰਥਾਂ ਦਾ ਮੁੱਲ ਹੁੰਦੀ ਹੈ, ਜਿਨ੍ਹਾਂ ਨੂੰ ਇਸ ਵਸਤੂ ਦੇ ਉਤਪਾਦਨ ਵਿੱਚ ਲਗਾਏ ਗਏ ਸਾਧਨਾਂ ਨਾਲ ਪੈਦਾ ਕੀਤਾ ਜਾ ਸਕਦਾ ਹੈ।** (Opportunity cost

ਨੋਟ

of a particular product is the value of the foregone alternative products that resources used in its production, could have produced.)

—Leftwitch

ਫਰਗੂਸਨ ਦੇ ਅਨੁਸਾਰ, **''X ਵਸਤੂ ਦੀ ਇਕ ਇਕਾਈ ਉਤਪੰਨ ਕਰਨ ਦੀ ਅਵਸਰ ਲਾਗਤ Y ਵਸਤੂ ਦੀ ਉਹ ਮਾਤਰਾ ਹੈ, ਜਿਸ ਦਾ ਤਿਆਗ ਕਰਨਾ ਪਵੇਗਾ ਤਾਂ ਕਿ ਸਾਧਨਾਂ ਦਾ ਇਸਤੇਮਾਲ Y ਵਸਤੂ ਦੀ ਜਗ੍ਹਾ 'ਤੇ X ਵਸਤੂ ਦਾ ਉਤਪਾਦਨ ਕਰਨ ਲਈ ਕੀਤਾ ਜਾ ਸਕੇ।''** (The alternative or opportunity cost of producing one unit of commodity X is the amount of commodity Y that must be sacrificed in order to use resources to produce X rather than Y.)

—Ferguson

ਉਦਾਹਰਣ (Illustration)

ਅਵਸਰ ਲਾਗਤ ਦੀ ਧਾਰਨਾ ਨੂੰ ਚਿੱਤਰ 9.1 ਨਾਲ ਵੀ ਸਪੱਸ਼ਟ ਕੀਤਾ ਜਾ ਸਕਦਾ ਹੈ। ਇਸ ਚਿੱਤਰ ਤੋਂ ਪਤਾ ਲੱਗਦਾ ਹੈ ਕਿ ਜੇਕਰ ਸਾਧਨਾਂ ਦੀ ਇਕ ਨਿਸ਼ਚਿਤ ਮਾਤਰਾ ਨੂੰ X-ਵਸਤੂ ਅਤੇ Y-ਵਸਤੂ ਦੋਵਾਂ ਦਾ ਉਤਪਾਦਨ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਹੇਠ ਲਿਖੇ ਢੰਗ ਨਾਲ ਉਤਪਾਦਨ ਕੀਤਾ ਜਾ ਸਕਦਾ ਹੈ। (i) Y-ਵਸਤੂ ਦੀਆਂ 12 ਇਕਾਈਆਂ ਅਤੇ X-ਵਸਤੂ ਦੀ ਕੋਈ ਵੀ ਇਕਾਈ ਨਹੀਂ। (ii) X-ਵਸਤੂ ਦੀਆਂ 6 ਇਕਾਈਆਂ ਅਤੇ Y-ਵਸਤੂ ਦੀ ਕੋਈ ਵੀ ਇਕਾਈ ਨਹੀਂ।



ਚਿੱਤਰ 9.1

(iii) PP' ਰੇਖਾ ਨਾਲ ਪ੍ਰਗਟ ਕੀਤੇ ਜਾਣ ਵਾਲੇ X-ਵਸਤੂ ਅਤੇ Y-ਵਸਤੂ ਦੇ ਵੱਖ-ਵੱਖ ਸੰਜੋਗ। ਇਸ ਰੇਖਾ ਤੋਂ ਪਤਾ ਲੱਗਦਾ ਹੈ ਕਿ X-ਵਸਤੂ ਦਾ ਉਤਪਾਦਨ ਕਰਨ ਲਈ Y-ਵਸਤੂ ਦਾ ਉਤਪਾਦਨ ਕਰਨ ਦੇ ਅਵਸਰ ਦਾ ਤਿਆਗ ਕਰਨਾ ਪੈਂਦਾ ਹੈ। ਇਸ ਨੂੰ ਹੀ Y ਦੇ ਰੂਪ ਵਿੱਚ X-ਵਸਤੂ ਦੀ ਅਵਸਰ ਲਾਗਤ ਕਿਹਾ ਜਾਂਦਾ ਹੈ। ਇਸ ਚਿੱਤਰ ਤੋਂ ਪਤਾ ਲੱਗਦਾ ਹੈ ਕਿ X-ਵਸਤੂ ਦੀ ਇਕ ਇਕਾਈ ਦੀ ਅਵਸਰ ਲਾਗਤ $\frac{12}{6}$ Y=2Y ਹੈ। ਇਸ ਦਾ ਅਰਥ ਇਹ ਹੈ ਕਿ ਉਤਪਾਦਨ ਦੇ ਸਾਧਨਾਂ ਦੀ ਜਿਸ ਮਾਤਰਾ ਤੋਂ X-ਵਸਤੂ ਦੀ ਇਕ ਇਕਾਈ ਦਾ ਉਤਪਾਦਨ ਹੋ ਸਕਦਾ ਹੈ, ਉਸੇ ਮਾਤਰਾ ਵਿੱਚ Y-ਵਸਤੂ ਦੀਆਂ ਦੋ ਇਕਾਈਆਂ ਦਾ ਉਤਪਾਦਨ ਹੋ ਸਕਦਾ ਹੈ। ਇਸ ਲਈ Y-ਵਸਤੂ ਦੇ ਰੂਪ ਵਿੱਚ X-ਵਸਤੂ ਦੀ ਅਵਸਰ ਲਾਗਤ 2 ਹੈ। ਇਸ ਤਰ੍ਹਾਂ X-ਵਸਤੂ ਦੇ ਰੂਪ ਵਿੱਚ Y-ਵਸਤੂ ਦੀ ਇਕ ਇਕਾਈ ਹੀ ਅਵਸਰ ਲਾਗਤ $\frac{6}{12}$ =0.5 Y ਹੈ। ਇਸ ਦਾ ਅਰਥ ਇਹ ਹੈ ਕਿ ਉਤਪਾਦਨ ਦੇ ਸਾਧਨਾਂ ਦੀ ਇਸ ਮਾਤਰਾ ਦੇ ਇਸਤੇਮਾਲ ਨਾਲ Y ਵਸਤੂ ਦੀ ਇਕ ਇਕਾਈ ਦਾ ਉਤਪਾਦਨ ਹੁੰਦਾ ਹੈ, ਉਸੇ ਤੋਂ Y-ਵਸਤੂ ਦੀ 0.5 ਇਕਾਈ ਦਾ ਉਤਪਾਦਨ ਹੋ ਸਕਦਾ ਹੈ। ਇਸ ਲਈ X ਦੇ ਰੂਪ ਵਿੱਚ Y-ਵਸਤੂ ਦੀ ਅਵਸਰ ਲਾਗਤ 0.5 ਹੈ। ਯਾਨੀਕਿ ਅਵਸਰ ਲਾਗਤ ਉਸ ਸਾਧਨ ਦਾ ਉਹ ਮੁੱਲ ਹੈ ਜੋ ਉਸ ਨੂੰ ਆਪਣੇ ਦੂਸਰੇ ਸਰਵਸ੍ਰੇਸ਼ਠ ਵਿਕਲਪ ਵਿੱਚ ਪ੍ਰਾਪਤ ਹੋ ਸਕਦਾ ਹੈ। ਸਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ **ਅਵਸਰ ਲਾਗਤ ਦੀ ਧਾਰਨਾ ਦਾ ਅਧਾਰ ਮੌਦ੍ਰਿਕ ਭੁਗਤਾਨ ਨਹੀਂ ਹੈ, ਸਗੋਂ ਤਿਆਗੀ ਜਾਣ ਵਾਲੀ ਵਸਤੂ ਦਾ ਵਿਕਲਪ ਹੈ।**

ਨੋਟ

ਤੁਹਾਨੂੰ ਇਹ ਜ਼ਰੂਰ ਪਤਾ ਹੋਣਾ ਚਾਹੀਦਾ ਹੈ।

ਅਵਸਰ ਲਾਗਤ ਦੇ ਅਧੀਨ ਉਤਪਾਦਨ ਦੀ ਸਪੱਸ਼ਟ ਅਤੇ ਸ਼ਾਮਿਲ ਦੋਵੇਂ ਤਰ੍ਹਾਂ ਦੀਆਂ ਲਾਗਤਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਕਿਸੇ ਵਸਤੂ ਦੀ ਅਵਸਰ ਲਾਗਤ ਉਸ ਵਸਤੂ ਦੀ ਉਤਪਾਦਨ ਕਰਨ ਦੀ ਅਵਸਰ ਪ੍ਰਾਪਤੀ ਦੇ ਲਈ ਕਿਸੇ ਹੋਰ ਵਸਤੂ ਦੇ ਉਤਪਾਦਨ ਦੇ ਅਵਸਰ ਦੇ ਤਿਆਗ ਦਾ ਮੁੱਲ ਹੈ।

(We should also note that the undercurrent of the concept of opportunity cost is not money payments but sacrificed opportunities or alternatives) ਉਦਾਹਰਣ ਦੇ ਤੌਰ 'ਤੇ ਇਕ ਫਰਮ ਆਪਣੇ **ਖੁਦ ਮਾਲਿਕ** (Self-owned) ਅਤੇ **ਖੁਦ ਇਸਤੇਮਾਲ** (Self-employed) ਵਾਲੇ ਸਾਧਨਾਂ ਅਤੇ ਆਪਣੇ ਨਿੱਜੀ ਸਾਧਨਾਂ ਲਈ ਕੋਈ ਭੁਗਤਾਨ ਨਹੀਂ ਕਰਦੀ ਪਰ ਉਨ੍ਹਾਂ ਦੀ ਵੀ ਅਵਸਰ ਲਾਗਤ ਹੁੰਦੀ ਹੈ, ਕਿਉਂਕਿ ਉਨ੍ਹਾਂ ਵੱਲੋਂ ਕਿਸੇ ਇਕ ਵਸਤੂ ਦਾ ਉਤਪਾਦਨ ਕਰਨ ਲਈ ਕਿਸੇ ਵਸਤੂ ਦਾ, ਜਿਸ ਦਾ ਉਨ੍ਹਾਂ ਦੀ ਸਹਾਇਤਾ ਨਾਲ ਉਤਪਾਦਨ ਹੋ ਸਕਦਾ ਸੀ, ਤਿਆਗ ਕਰਨਾ ਪੈਂਦਾ ਹੈ, ਖੁਦ ਮਾਲਿਕ ਅਤੇ ਖੁਦ ਇਸਤੇਮਾਲ ਸਾਧਨ ਦੀ ਲਾਗਤ ਨੂੰ ਨਿਹਿਤ ਲਾਗਤਾਂ (Implicit Costs) ਕਿਹਾ ਜਾਂਦਾ ਹੈ। ਇਸ ਦੇ ਉਲਟ ਫਰਮ ਵੱਲੋਂ ਬਾਹਰੀ ਵਿਅਕਤੀਆਂ ਨੂੰ ਉਨ੍ਹਾਂ ਦੀਆਂ ਸੇਵਾਵਾਂ ਅਤੇ ਵਸਤੂਆਂ ਦੇ ਲਈ ਜੋ ਨਕਦ ਭੁਗਤਾਨ ਕੀਤਾ ਜਾਂਦਾ ਹੈ, ਉਹ **ਸਪੱਸ਼ਟ ਲਾਗਤ** (Explicit Costs) ਅਖਵਾਉਂਦਾ ਹੈ। **ਅਵਸਰ ਲਾਗਤ ਦੇ ਅਧੀਨ ਸਪੱਸ਼ਟ ਲਾਗਤਾਂ ਅਤੇ ਮੌਜੂਦ ਲਾਗਤਾਂ ਦੋਵੇਂ ਹੀ ਸ਼ਾਮਿਲ ਹੁੰਦੀਆਂ ਹਨ।**

ਨੋਟਸ ਅਸਲੀ ਲਾਗਤ ਉਹ ਲਾਗਤ ਹੈ ਜੋ ਉਤਪਾਦਨ ਦੇ ਸਾਧਨਾਂ ਦੇ ਮਾਲਿਕਾਂ ਵੱਲੋਂ ਉਨ੍ਹਾਂ ਦੀ ਪੂਰਤੀ ਕਰਨ ਵਿੱਚ ਕਸ਼ਟ, ਦੁੱਖ, ਪ੍ਰੇਸ਼ਾਨੀ ਆਦਿ ਦੇ ਰੂਪ ਵਿੱਚ ਉਠਾਉਣੀ ਪੈਂਦੀ ਹੈ।

5. ਆਰਥਿਕ ਲਾਗਤ (Economic Cost)

ਆਰਥਿਕ ਵਿਸ਼ਲੇਸ਼ਣ ਵਿੱਚ **ਆਰਥਿਕ ਲਾਗਤ** ਦੇ ਅਧੀਨ ਲੇਖਾਕਰਮ ਲਾਗਤਾਂ ਅਤੇ ਖੁਦ ਮਾਲਿਕ ਅਤੇ ਖੁਦ ਇਸਤੇਮਾਲ ਮਾਲਿਕਾਂ ਦੀਆਂ ਲਾਗਤਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ।

''ਆਰਥਿਕ ਲਾਗਤਾਂ ਦੀ ਪਰਿਭਾਸ਼ਾ ਉਨ੍ਹਾਂ ਮੌਦ੍ਰਿਕ ਭੁਗਤਾਨਾਂ ਜੋ ਇਕ ਫਰਮ ਵੱਲੋਂ ਉਨ੍ਹਾਂ ਬਾਹਰੀ ਵਿਅਕਤੀਆਂ ਜੋ ਸਾਧਨਾਂ ਦੀ ਪੂਰਤੀ ਕਰਦੇ ਹਨ, ਜ਼ਰੂਰ ਦਿੱਤੇ ਜਾਣੇ ਚਾਹੀਦੇ ਹਨ, ਦੇ ਰੂਪ ਵਿੱਚ ਅਤੇ ਖੁਦ ਮਾਲਿਕ ਅਤੇ ਖੁਦ ਇਸਤੇਮਾਲ ਸਾਧਨਾਂ ਦੀ ਉਸ ਤਿਆਗੀ ਗਈ ਆਮਦਨ ਜੋ ਉਹ ਸਰਵਸ੍ਰੇਸ਼ਠ ਵਿਕਲਪਿਕ ਇਸਤੇਮਾਲ ਵਿੱਚ ਪ੍ਰਾਪਤ ਕਰ ਸਕਦੇ ਹਨ, ਦੇ ਰੂਪ ਵਿੱਚ ਕੀਤੀ ਜਾ ਸਕਦੀ ਹੈ।'' (Economic costs may be defined as those monetary payments a firm must make of those outsiders how supply resources and none expenditure payments of self-owned and self-employed resources which they could have earned in their best alternative opportunities.)

ਅਤੇ **ਲੇਖਾਕਾਰ ਲਾਗਤਾਂ** (Accounting Costs) ਵਿੱਚ ਕੇਵਲ **ਸਪੱਸ਼ਟ ਲਾਗਤਾਂ** (Explicit Costs) ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਇਸ ਦੇ ਉਲਟ ਆਰਥਿਕ ਲਾਗਤ ਵਿੱਚ ਸਪੱਸ਼ਟ ਲਾਗਤਾਂ ਅਤੇ ਮੌਜੂਦ ਲਾਗਤਾਂ ਦੋਵਾਂ ਨੂੰ ਹੀ ਸ਼ਾਮਿਲ ਕੀਤਾ ਜਾਂਦਾ ਹੈ।

ਆਰਥਿਕ ਲਾਗਤ ਦੀ ਧਾਰਨਾ ਨੂੰ ਕਾਲਜ ਵਿੱਚ ਇਕ ਸਾਲ ਤੱਕ ਸਿੱਖਿਆ ਪ੍ਰਾਪਤ ਕਰਨ ਦੀ ਲਾਗਤ ਦੇ ਉਦਾਹਰਣ ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ। ਮੰਨ ਲਓ ਕਾਲਜ ਵਿੱਚ ਇਕ ਸਾਲ ਤੱਕ ਸਿੱਖਿਆ ਪ੍ਰਾਪਤ ਕਰਨ ਲਈ ਦਿੱਤੀ ਜਾਣ ਵਾਲੀ, ਫੀਸ, ਹੋਸਟਲ ਦੇ ਖਰਚੇ ਅਤੇ ਹੋਰ ਖਰਚਿਆਂ ਦਾ ਜੋੜ 6,000 ਰੁਪਏ ਹੈ। ਹੋਰ ਸ਼ਬਦਾਂ ਵਿੱਚ ਕਾਲਜ ਵਿੱਚ 1 **ਸਾਲ ਤੱਕ ਸਿੱਖਿਆ ਪ੍ਰਾਪਤ ਕਰਨ ਦੀ ਲੇਖਾਕਰਮ ਲਾਗਤ** (Accounting Costs) 6,000 ਰੁਪਏ ਹੈ ਪਰ ਆਰਥਿਕ ਲਾਗਤ ਵਿੱਚ ਮੌਦ੍ਰਿਕ ਖਰਚਿਆਂ ਤੋਂ ਇਲਾਵਾ ਉਸ ਆਮਦਨ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ ਜੋ ਇਕ ਵਿਦਿਆਰਥੀ ਕਾਲਜ ਵਿੱਚ ਸਿੱਖਿਆ ਪ੍ਰਾਪਤ ਕਰਨ ਲਈ ਲਗਾਏ ਜਾਣ ਵਾਲੇ ਸਮੇਂ ਅਤੇ ਧਨ ਦਾ ਕਿਸੇ ਵਿਕਲਪਿਕ ਕੰਮ ਵਿੱਚ ਇਸਤੇਮਾਲ ਕਰਕੇ ਕਮਾ ਸਕਦਾ ਸੀ। ਜੇਕਰ ਉਹ ਸਾਲ ਭਰ ਕਾਲਜ ਨਹੀਂ ਜਾਂਦਾ ਤਾਂ ਕੋਈ ਕੰਮ ਕਰਕੇ 5,000 ਰੁਪਏ ਕਮਾ ਸਕਦਾ ਸੀ। ਕਾਲਜ ਦੀ ਪੜ੍ਹਾਈ 'ਤੇ ਖਰਚ ਕੀਤੇ ਜਾਣ ਵਾਲੇ 6,000 ਰੁਪਏ ਨੂੰ ਬੈਂਕ ਵਿੱਚ ਜਮ੍ਹਾਂ ਕਰਕੇ ਉਹ 5 ਪ੍ਰਤੀਸ਼ਤ ਪ੍ਰਤੀ ਸਾਲ ਦੀ ਦਰ ਨਾਲ 300 ਰੁਪਏ ਵਿਆਜ਼ ਦੇ ਰੂਪ ਵਿੱਚ ਪ੍ਰਾਪਤ ਕਰ ਸਕਦਾ ਸੀ ਅਤੇ ਕਾਲਜ ਵਿੱਚ ਸਾਲ ਭਰ ਸਿੱਖਿਆ ਪ੍ਰਾਪਤ ਕਰਨ ਦੀ ਆਰਥਿਕ ਲਾਗਤ (**ਮੌਦ੍ਰਿਕ ਖਰਚੇ-ਤਿਆਗੀ ਗਈ ਕਮਾਈ**) **ਤਿਆਗਿਆ ਗਿਆ ਵਿਆਜ਼** + **6,000 ਰੁ.**, + **5,000 ਰੁ.** + **300 ਰੁ.** = **11,300 ਰੁਪਏ ਹੋਵੇਗੀ**,। ਕਿਉਂਕਿ

ਨੋਟ ਆਰਥਿਕ ਲਾਗਤ ਵਿੱਚ ਲੇਖਾਕਰਮ ਲਾਗਤ ਅਤੇ ਅਵਸਰ ਲਾਗਤ ਦੋਵਾਂ ਨੂੰ ਹੀ ਸ਼ਾਮਿਲ ਕੀਤਾ ਜਾਂਦਾ ਹੈ, ਇਸ ਲਈ ਉਹ ਕਿਸੇ ਵਸਤੂ ਦੇ ਉਤਪਾਦਨ ਦੀ ਸਹੀ ਲਾਗਤ ਨੂੰ ਪ੍ਰਗਟ ਕਰਦੀ ਹੈ।

ਆਰਥਿਕ ਲਾਗਤਾਂ ਲੇਖਾਕਰਮ ਲਾਗਤਾਂ ਤੋਂ ਅਲੱਗ ਹਨ।

ਲੇਖਾਕਰਮ ਲਾਗਤ ਵਿੱਚ ਕੇਵਲ ਸਪੱਸ਼ਟ ਲਾਗਤ ਨੂੰ ਸ਼ਾਮਿਲ ਕੀਤਾ ਜਾਂਦਾ ਹੈ, ਇਸ ਦੇ ਉਲਟ ਆਰਥਿਕ ਲਾਗਤ ਵਿੱਚ ਸਪੱਸ਼ਟ ਲਾਗਤ ਅਤੇ ਮੌਜੂਦ ਲਾਗਤ ਦੋਵਾਂ ਨੂੰ ਹੀ ਸ਼ਾਮਿਲ ਕੀਤਾ ਜਾਂਦਾ ਹੈ।

6. ਸਮਾਜਿਕ ਲਾਗਤ (Social Cost)

ਸਮਾਜਿਕ ਲਾਗਤ ਉਹ ਲਾਗਤ ਹੈ ਜੋ ਕਿਸੇ ਆਰਥਿਕ ਕਿਰਿਆ ਦੇ ਲਈ ਸਾਰੇ ਸਮਾਜ ਨੂੰ ਚੁਕਾਉਣੀ ਪੈਂਦੀ ਹੈ। ਹਰੇਕ ਸਮਾਜ ਦੇ ਆਰਥਿਕ ਸੰਗਠਨ ਨਾਲ ਸਬੰਧਿਤ ਕਈ ਤਰ੍ਹਾਂ ਦੀਆਂ ਸਮਾਜਿਕ ਲਾਗਤਾਂ ਹਨ, ਜਿਵੇਂ **ਪ੍ਰਦੂਸ਼ਣ** ਅਤੇ **ਸ਼ੋਰ** ਆਦਿ ਜਿਨ੍ਹਾਂ ਨੂੰ ਇਕ ਫਰਮ ਵੱਲੋਂ ਆਪਣੇ ਉਤਪਾਦਨ ਦੀ ਕੀਮਤ ਨਿਰਧਾਰਿਤ ਕਰਦੇ ਸਮੇਂ ਧਿਆਨ ਵਿੱਚ ਨਹੀਂ ਰੱਖਿਆ ਜਾਂਦਾ। ਸਮਾਜਿਕ ਲਾਗਤ ਕਿਸੇ ਇਕ ਫਰਮ ਜਾਂ ਵਿਅਕਤੀ ਦੀ ਅਵਸਰ ਲਾਗਤ ਨਾ ਹੋ ਕੇ ਸਾਰੇ ਸਮਾਜ ਦੀ ਅਵਸਰ ਲਾਗਤ ਹੈ।

ਸਮਾਜਿਕ ਲਾਗਤ ਵਿਅਕਤੀਗਤ ਲਾਗਤ ਤੋਂ ਅਲੱਗ ਹੈ-

ਸਮਾਜਿਕ ਲਾਗਤ ਦਾ ਭਾਰ ਸਾਰੇ ਸਮਾਜ ਨੂੰ ਚੁੱਕਣਾ ਪੈਂਦਾ ਹੈ, ਜਿਵੇਂ ਵਾਯੂ ਪ੍ਰਦੂਸ਼ਣ, ਜਲ ਪ੍ਰਦੂਸ਼ਣ, ਸ਼ੋਰ ਪ੍ਰਦੂਸ਼ਣ ਦਾ ਭਾਰ ਸਾਰੇ ਸਮਾਜ 'ਤੇ ਪੈਂਦਾ ਹੈ। ਵਿਅਕਤੀਗਤ ਲਾਗਤ ਦਾ ਭਾਰ ਕੇਵਲ ਉਸੇ ਵਿਅਕਤੀਗਤ ਫਰਮ ਨੂੰ ਚੁੱਕਣਾ ਪੈਂਦਾ ਹੈ ਜੋ ਉਸ ਵਸਤੂ ਦਾ ਉਤਪਾਦਨ ਕਰਦੀ ਹੈ।

ਆਧੁਨਿਕ ਅਰਥ ਸ਼ਾਸਤਰ ਦੇ ਸ਼ਬਦਕੋਸ਼ ਦੇ ਅਨੁਸਾਰ, **''ਕਿਸੇ ਉਤਪਾਦਨ ਦੀ ਸਮਾਜਿਕ ਲਾਗਤ ਦੀ ਪਰਿਭਾਸ਼ਾ ਮੁਦਰਾ ਦੀ ਉਸ ਮਾਤਰਾ ਦੇ ਰੂਪ ਵਿੱਚ ਕੀਤੀ ਜਾ ਸਕਦੀ ਹੈ ਜੋ ਉਸ ਵਸਤੂ ਦੇ ਉਤਪਾਦਨ ਦੇ ਕਾਰਨ ਜਿਨ੍ਹਾਂ ਲੋਕਾਂ ਨੂੰ ਹਾਨੀ ਉਠਾਉਣੀ ਪੈਂਦੀ ਹੈ, ਉਨ੍ਹਾਂ ਦੀ ਨੁਕਸਾਨ ਦੀ ਭਰਵਾਈ ਕਰਕੇ ਉਨ੍ਹਾਂ ਨੂੰ ਉਪਯੋਗਤਾ ਦੇ ਪਹਿਲੇ ਪੱਧਰ 'ਤੇ ਕਾਇਮ ਰੱਖਣ ਲਈ ਕਾਫੀ ਹੁੰਦੀ ਹੈ।''** (Social cost of a given output is defined as the sum of money which is just adequate when paid as compensation to restore to their original utility levels all who lose as a result of the production of the output.)

—Dictionary of Modern Economics

ਸਮਾਜਿਕ ਲਾਗਤ ਉਹ ਲਾਗਤ ਹੈ ਜੋ ਸਾਰੇ ਸਮਾਜ ਨੂੰ ਕਿਸੇ ਵਸਤੂ ਦਾ ਉਤਪਾਦਨ ਕਰਨ ਲਈ ਚੁਕਾਉਣੀ ਪੈਂਦੀ ਹੈ। (Social cost is the cost incurred by the whole society for producing a commodity) ਉਦਾਹਰਣ ਦੇ ਤੌਰ 'ਤੇ ਕੱਪੜੇ ਦੇ ਉਤਪਾਦਨ ਦੇ ਦੌਰਾਨ ਕੱਪੜਾ ਮਿੱਲਾਂ ਦੀਆਂ ਚਿਮਨੀਆਂ ਤੋਂ ਜੋ ਧੂੰਆਂ ਫੈਲਦਾ ਹੈ, ਉਸ ਦੇ ਫਲਸਰੂਪ ਲੋਕਾਂ ਨੂੰ ਆਪਣੇ ਕੱਪੜਿਆਂ ਦੀ ਧਵਾਈ 'ਤੇ ਜ਼ਿਆਦਾ ਖਰਚ ਕਰਨਾ ਪਵੇਗਾ। ਵਾਯੂ ਦੇ ਦੂਸ਼ਿਤ ਹੋਣ ਦੇ ਕਾਰਨ ਸਿਹਤ ਖਰਾਬ ਹੋਣ ਦੇ ਫਲਸਰੂਪ ਲੋਕਾਂ ਨੂੰ ਇਲਾਜ 'ਤੇ ਧਨ ਖਰਚ ਕਰਨਾ ਪਵੇਗਾ। ਇਹ ਸਾਰੇ ਖਰਚ ਨਿੱਜੀ ਫਰਮ ਨੂੰ ਨਹੀਂ ਕਰਨੇ ਪੈਂਦੇ। ਇਨ੍ਹਾਂ ਦਾ ਬੋਝ ਸਮਾਜ ਨੂੰ ਹੀ ਚੁੱਕਣਾ ਪੈਂਦਾ ਹੈ, ਇਸ ਲਈ ਇਸ ਤਰ੍ਹਾਂ ਦੇ ਖਰਚਿਆਂ ਨੂੰ **ਸਮਾਜਿਕ ਲਾਗਤ** ਕਿਹਾ ਜਾਂਦਾ ਹੈ। ਹੋਰ ਸ਼ਬਦਾਂ ਵਿੱਚ ਕਿਸੇ ਵਸਤੂ ਜਾਂ ਸੇਵਾ ਦੀ ਸਮਾਜਿਕ ਲਾਗਤ ਵਿੱਚ ਉਸ ਵਸਤੂ ਜਾਂ ਸੇਵਾ ਦੇ ਉਤਪਾਦਕਾਂ ਵੱਲੋਂ ਖਰਚ ਕੀਤੀ ਗਈ ਲਾਗਤ (ਨਿੱਜੀ ਲਾਗਤ) ਅਤੇ ਉਨ੍ਹਾਂ ਲੋਕਾਂ ਵੱਲੋਂ ਲਗਾਈ ਜਾਣ ਵਾਲੀ ਜੋ **ਰਣਾਤਮਕ ਬ੍ਰਾਹਮਤਾ** (**Negative Externalities**) ਦਾ ਅਨੁਭਵ ਕਰਦੇ ਹਨ ਜਾਂ ਬਾਹਰੀ ਲਾਗਤ ਵੀ ਸ਼ਾਮਿਲ ਹੁੰਦੀ ਹੈ।

7. ਨਿੱਜੀ ਲਾਗਤ (Private Cost)

ਨਿੱਜੀ ਲਾਗਤ ਉਹ ਲਾਗਤ ਹੈ ਜੋ ਇਕ ਫਰਮ ਨੂੰ ਕਿਸੇ ਵਸਤੂ ਦਾ ਉਤਪਾਦਨ ਕਰਨ ਦੇ ਲਈ ਖਰਚ ਕਰਨੀ ਪੈਂਦੀ ਹੈ, ਇਸ ਵਿੱਚ **ਸਪੱਸ਼ਟ ਲਾਗਤ** ਅਤੇ **ਮੌਜੂਦ ਲਾਗਤ** ਦੋਵੇਂ ਹੀ ਸ਼ਾਮਿਲ ਹੁੰਦੇ ਹਨ।

ਮਿੱਲਰ ਦੇ ਅਨੁਸਾਰ, **''ਨਿੱਜੀ ਲਾਗਤ ਉਹ ਲਾਗਤ ਹੈ ਜੋ ਕਿਸੇ ਫਰਮ ਜਾਂ ਵਿਅਕਤੀਗਤ ਉਤਪਾਦਕ ਨੂੰ ਆਪਣੇ ਖੁਦ ਦੇ ਫੈਸਲਿਆਂ ਦੇ ਕਾਰਨ ਖਰਚ ਕਰਨੀ ਪੈਂਦੀ ਹੈ।''** (Private costs are the costs incurred by the firms of the individual producers as a result of their own decision.) -**Miller.** ਉਦਾਹਰਣ ਦੇ ਤੌਰ 'ਤੇ ਕੱਪੜਾ ਬਣਾਉਣ ਵਾਲੀ ਫਰਮ ਨੂੰ ਕੱਚਾ ਮਾਲ, ਮਜ਼ਦੂਰੀ, ਕਿਰਾਇਆ, ਬਿਜਲੀ ਆਦਿ 'ਤੇ ਜੋ ਧਨ ਖਰਚ ਕਰਨਾ ਪੈਂਦਾ ਹੈ, ਉਸ ਨੂੰ ਨਿੱਜੀ ਲਾਗਤ ਕਹਿੰਦੇ ਹਨ।

ਸਮਾਜਿਕ ਲਾਗਤ ਅਤੇ ਨਿੱਜੀ ਲਾਗਤ ਵਿੱਚ ਅੰਤਰ ਪਾਏ ਜਾਣ ਦਾ ਇਕ ਮੁੱਖ ਕਾਰਨ **ਬ੍ਰਾਹਮ ਲਾਗਤ** (External Costs) ਹਨ। ਬ੍ਰਾਹਮ ਲਾਗਤਾਂ ਉਹ ਲਾਗਤਾਂ ਹਨ ਜੋ ਉਨ੍ਹਾਂ ਲੋਕਾਂ ਨੂੰ ਉਠਾਉਣੀਆਂ ਪੈਂਦੀਆਂ ਹਨ, ਜਿਨ੍ਹਾਂ ਨੂੰ ਕਿਸੇ ਵਸਤੂ ਦੇ ਉਤਪਾਦਨ ਦੇ ਫਲਸਰੂਪ ਰਣਾਤਮਕ **ਬ੍ਰਾਹਮਤਾਵਾਂ** (Externalities) ਦਾ ਅਨੁਭਵ ਹੁੰਦਾ ਹੈ। ਸੰਖੇਪ ਵਿੱਚ ਨਿੱਜੀ ਲਾਗਤ = **ਸਮਾਜਿਕ ਲਾਗਤ** (Private Cost = Social Cost – External Cost)

ਨੋਟ

੪. ਸਪੱਸ਼ਟ ਲਾਗਤਾਂ (Explicit Costs)

ਇਕ ਫਰਮ ਨੂੰ ਕਈ **ਆਗਤ** (Inputs) ਖਰੀਦਣੇ ਜਾਂ ਕਿਰਾਏ 'ਤੇ ਲੈਣੇ ਪੈਂਦੇ ਹਨ। ਫਰਮ ਵੱਲੋਂ ਉਨ੍ਹਾਂ ਬਾਹਰੀ ਵਿਅਕਤੀਆਂ ਨੂੰ ਜੋ ਉਸ ਮਿਹਨਤ, ਕੱਚੇ ਮਾਲ, ਈਂਧਣ, ਆਵਾਜਾਈ, ਚਾਲਕ ਸ਼ਕਤੀ ਆਦਿ ਦੀ ਪੂਰਤੀ ਕਰਦੇ ਹਨ, ਮੌਦ੍ਰਿਕ ਭੁਗਤਾਨ ਕਰਨੇ ਪੈਂਦੇ ਹਨ। ਫਰਮ ਵੱਲੋਂ ਦੂਸਰਿਆਂ ਨੂੰ ਕੀਤੇ ਗਏ ਇਨ੍ਹਾਂ ਮੌਦ੍ਰਿਕ ਭੁਗਤਾਨਾਂ ਨੂੰ ਸਪੱਸ਼ਟ ਲਾਗਤਾਂ ਕਿਹਾ ਜਾਂਦਾ ਹੈ।

ਲੇਫਟਵਿਚ ਦੇ ਅਨੁਸਾਰ,"**ਸਪੱਸ਼ਟ ਲਾਗਤਾਂ, ਉਹ ਨਕਦ ਭੁਗਤਾਨ ਹਨ ਜੋ ਫਰਮ ਵੱਲੋਂ ਬਾਹਰੀ ਵਿਅਕਤੀਆਂ ਨੂੰ ਉਨ੍ਹਾਂ ਦੀਆਂ ਸੇਵਾਵਾਂ ਅਤੇ ਵਸਤੂਆਂ ਦੇ ਲਈ ਕੀਤੇ ਜਾਂਦੇ ਹਨ।**" (Explicit costs are those cash payments which firms make to outsiders for their services and goods. **—Leftwitch**)

ਫਰਮ ਵੱਲੋਂ ਦਿੱਤੀ ਜਾਣ ਵਾਲੀ ਮਜ਼ਦੂਰੀ, ਕੱਚੇ ਅਤੇ ਅਰਧ ਬਣੇ ਮਾਲ ਦੇ ਭੁਗਤਾਨ, ਕਰਜ਼ਿਆਂ 'ਤੇ ਦਿੱਤਾ ਜਾਣ ਵਾਲਾ ਵਿਆਜ ਅਤੇ **ਘਸਾਈ** (Depreciation) 'ਤੇ ਕੀਤੇ ਜਾਣ ਵਾਲੇ ਭੁਗਤਾਨ ਆਦਿ ਸਪੱਸ਼ਟ ਲਾਗਤਾਂ ਕਹਾਉਂਦੀਆਂ ਹਨ। ਇਨ੍ਹਾਂ ਨੂੰ **ਨਿਰਪੱਖ ਲਾਗਤਾਂ** (Absolute Costs), **ਉਤਪਾਦਨ ਲਾਗਤਾਂ** (Outlay Costs), ਜਾਂ **ਅਸਲੀ ਲਾਗਤਾਂ** (Actual Costs) ਵੀ ਕਿਹਾ ਜਾਂਦਾ ਹੈ।

੯. ਸ਼ਾਮਿਲ ਲਾਗਤਾਂ (Implicit Costs)

ਇਕ ਫਰਮ ਦੇ ਕੋਲ ਉਤਪਾਦਨ ਦੀਆਂ ਕਈ **ਆਗਤ** (Inputs) ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਉਹ ਮਾਲਕ ਖੁਦ ਹੁੰਦਾ ਹੈ ਅਤੇ ਜਿਨ੍ਹਾਂ ਦਾ ਇਸਤੇਮਾਲ ਵੀ ਉਹ ਖੁਦ ਹੀ ਕਰਦਾ ਹੈ। ਇਨ੍ਹਾਂ ਦੇ ਲਈ ਫਰਮ ਨੂੰ ਕਿਸੇ ਬਾਹਰੀ ਵਿਅਕਤੀ ਨੂੰ ਭੁਗਤਾਨ ਨਹੀਂ ਕਰਨਾ ਪੈਂਦਾ ਪਰ ਜੇਕਰ ਫਰਮ ਉਨ੍ਹਾਂ ਦਾ ਖੁਦ ਇਸਤੇਮਾਲ ਕਰਦੀ ਹੈ ਤਾਂ ਉਸ ਨੂੰ ਇਨ੍ਹਾਂ ਦੀ ਵਿੱਕਰੀ ਕਰਨ ਜਾਂ ਉਨ੍ਹਾਂ ਨੂੰ ਕਿਰਾਏ 'ਤੇ ਦੇਣ ਨਾਲ ਪ੍ਰਾਪਤ ਹੋਣ ਵਾਲੀ ਆਮਦਨ ਦੇ ਮੌਕੇ ਦਾ ਤਿਆਗ ਕਰਨਾ ਪੈਂਦਾ ਹੈ। ਉਦਾਹਰਣਦੇ ਤੌਰ 'ਤੇ ਜਦੋਂ ਇਕ ਫਰਮ ਆਪਣੀ ਇਮਾਰਤ ਦਾ ਖੁਦ ਇਸਤੇਮਾਲ ਕਰਦੀ ਹੈ ਤਾਂ ਉਸ ਨੂੰ ਕਿਸੇ ਨੂੰ ਕਿਰਾਇਆ ਨਹੀਂ ਦੇਣਾ ਪੈਂਦਾ ਪਰ ਇਸ ਇਮਾਰਤ ਨੂੰ ਕਿਸੇ ਹੋਰ ਵਿਅਕਤੀ ਨੂੰ ਕਿਰਾਏ 'ਤੇ ਦੇਣ ਨਾਲ ਜੋ ਕਿਰਾਇਆ ਪ੍ਰਾਪਤ ਹੋ ਸਕਦਾ ਸੀ ਉਸ ਦਾ ਨੁਕਸਾਨ ਚੁੱਕਣਾ ਪਵੇਗਾ। **ਅਰਥ ਸ਼ਾਸਤਰ ਵਿੱਚ ਇਕ ਫਰਮ ਦੇ ਆਪਣੇ ਸਾਧਨਾਂ ਦੇ ਇਸਤੇਮਾਲ ਦੀ ਅਵਸਰ ਲਾਗਤ ਨੂੰ ਸ਼ਾਮਿਲ ਲਾਗਤ ਕਿਹਾ ਜਾਂਦਾ ਹੈ।**

ਲੇਫਟਵਿਚ ਦੇ ਅਨੁਸਾਰ, "**ਉਤਪਾਦਨ ਦੀਆਂ ਸ਼ਾਮਿਲ ਲਾਗਤਾਂ ਖੁਦ ਦੀ ਮਲਕੀਅਤ ਅਤੇ ਖੁਦ ਵੱਲੋਂ ਲਗਾਏ ਗਏ ਸਾਧਨਾਂ ਦੀਆਂ ਲਾਗਤਾਂ ਹਨ।**" (Implicit costs are costs of self-owned and self-employed resources.

—Leftwitch)

ਇਕ ਫਰਮ ਦੇ ਲਈ ਸ਼ਾਮਿਲ ਲਾਗਤਾਂ ਉਹ ਮੌਦ੍ਰਿਕ ਭੁਗਤਾਨ ਹਨ ਜਿਨ੍ਹਾਂ ਨੂੰ ਉਹ ਫਰਮ ਆਪਣੇ ਸਾਧਨਾਂ ਨੂੰ ਸਰਵਸ੍ਰੇਸ਼ਠ ਵਿਕਲਪਿਕ ਇਸਤੇਮਾਲ ਦੇ ਲਈ ਵੇਚ ਕੇ ਜਾਂ ਕਿਰਾਏ 'ਤੇ ਦੇ ਕੇ ਪ੍ਰਾਪਤ ਕਰ ਸਕਦੀ ਹੈ। ਸਪੱਸ਼ਟ ਲਾਗਤਾਂ ਦੀ ਤਰ੍ਹਾਂ ਸ਼ਾਮਿਲ ਲਾਗਤਾਂ ਵੀ ਫਰਮ ਵੱਲੋਂ ਕੀਤਾ ਜਾਣ ਵਾਲਾ ਤਿਆਗ ਹੈ ਪਰ ਸਪੱਸ਼ਟ ਲਾਗਤਾਂ ਦੇ ਉਲਟ ਇਨ੍ਹਾਂ ਦਾ ਭੁਗਤਾਨ ਦੂਸਰੇ ਲੋਕਾਂ ਨੂੰ ਨਹੀਂ ਕੀਤਾ ਜਾਂਦਾ। ਸ਼ਾਮਿਲ ਲਾਗਤਾਂ ਖੁਦ ਮਾਲਕ ਅਤੇ ਖੁਦ ਇਸਤੇਮਾਲ ਵਾਲੇ ਸਾਧਨਾਂ ਦੇ ਉਸ **ਅਰੋਪਿਤ ਮੂਲ** (Imputed Value) ਦੇ ਬਰਾਬਰ ਹੁੰਦੀਆਂ ਹਨ ਜਿਸ ਨੂੰ ਉਹ ਸਰਵਸ੍ਰੇਸ਼ਠ ਵਿਕਲਪਿਕ ਇਸਤੇਮਾਲ ਵਿੱਚ ਪ੍ਰਾਪਤ ਕਰ ਸਕਦੀਆਂ ਹਨ। ਇਕ ਅਰਥ ਸ਼ਾਸਤਰੀ ਦੇ ਲਈ ਕਿਸੇ ਸਾਧਨ ਦੀ ਸ਼ਾਮਿਲ ਲਾਗਤ ਉਸ ਕੀਮਤ ਦੇ ਬਰਾਬਰ ਹੁੰਦੀ ਹੈ ਜੋ ਫਰਮ ਨੂੰ ਉਤਪਾਦਨ ਕਰਨ ਦੇ ਲਈ ਆਪਣੇ ਖੁਦ ਦੇ ਸਾਧਨ ਦੇ ਸਥਾਨ 'ਤੇ ਕਿਸੇ ਹੋਰ ਫਰਮ ਦੇ ਸਾਧਨ ਦੇ ਇਸਤੇਮਾਲ ਕਰਨ 'ਤੇ ਖਰਚ ਕਰਨੀ ਪੈਂਦੀ। ਉਦਾਹਰਣ ਦੇ ਤੌਰ 'ਤੇ ਰਾਮ ਕਿਤਾਬਾਂ ਦੀ ਇਕ ਦੁਕਾਨ ਦਾ ਇਕੱਲਾ ਮਾਲਕ (Sole Proprietor) ਹੈ। ਦੁਕਾਨ ਦੀ ਇਮਾਰਤ ਉਸ ਦੀ ਆਪਣੀ ਹੈ। ਉਹ ਆਪਣੇ ਕਾਰੋਬਾਰ ਵਿੱਚ ਖੁਦ ਆਪਣੀ ਪੂੰਜੀ ਲਗਾਉਂਦਾ ਹੇ ਅਤੇ ਖੁਦ ਹੀ ਕੰਮ ਕਰਦਾ ਹੈ। ਇਸ ਤਰ੍ਹਾਂ ਜਦ ਕਿ ਉਸ ਨੂੰ ਆਪਣਾ ਕਾਰੋਬਾਰ ਚਲਾਉਣ ਵਿੱਚ ਆਪਣੀ ਪੂੰਜੀ ਲਗਾਉਂਦਾ ਹੈ ਅਤੇ ਖੁਦ ਹੀ ਕੰਮ ਕਰਦਾ ਹੈ। ਇਸ ਤਰ੍ਹਾਂ ਜਦਕਿ ਉਸ ਨੂੰ ਆਪਣਾ ਕਾਰੋਬਾਰ ਚਲਾਉਣ ਦੇ ਲਈ ਕਿਸੇ ਹੋਰ ਵਿਅਕਤੀ ਨੂੰ ਕਿਰਾਏ, ਮਜ਼ਦੂਰੀ ਜਾਂ ਵਿਆਜ ਦੇ ਰੂਪ ਵਿੱਚ ਕੋਈ ਭੁਗਤਾਨ ਨਹੀਂ ਕਰਨਾ ਪੈਂਦਾ ਅਤੇ ਕੋਈ **ਸਪੱਸ਼ਟ ਲਾਗਤ** (Explicit Cost) ਨਹੀਂ ਲਗਾਉਣੀ ਪੈਂਦੀ। ਪਰ ਉਸ ਨੂੰ ਕਿਰਾਏ, ਵਿਆਜ ਜਾਂ ਮਜ਼ਦੂਰੀ ਦੇ ਰੂਪ ਵਿੱਚ **ਸ਼ਾਮਿਲ ਲਾਗਤਾਂ** (Implicit Costs) ਖੁਦ ਸਹਿਣ ਕਰਨੀਆਂ ਪੈਂਦੀਆਂ ਹਨ। ਆਪਣੀ ਦੁਕਾਨ ਦੀ ਇਮਾਰਤ ਨੂੰ ਕਿਸੇ ਹੋਰ ਵਿਅਕਤੀ ਨੂੰ ਕਿਰਾਏ 'ਤੇ ਦੇ ਕੇ ਉਹ 400 ਰੁਪਏ ਮਹੀਨਾ ਕਮਾ ਸਕਦਾ ਹੈ। ਇਸ ਤਰ੍ਹਾਂ ਆਪਣੀ ਦੁਕਾਨ ਦੀ ਇਮਾਰਤ ਦਾ ਖੁਦ ਇਸਤੇਮਾਲ ਕਰਕੇ ਉਹ ਕਿਰਾਏ ਦੇ ਰੂਪ ਵਿੱਚ ਪ੍ਰਾਪਤ ਹੋ ਸਕਣ ਵਾਲੇ 400 ਰੁਪਏ ਦਾ ਤਿਆਗ ਕਰ ਰਿਹਾ ਹੈ। ਇਸੇ ਤਰ੍ਹਾਂ ਉਸ

ਨੋਟ

ਨੂੰ ਆਪਣੀ ਪੂੰਜੀ ਤੋਂ ਪ੍ਰਾਪਤ ਹੋ ਸਕਣ ਵਾਲੇ ਵਿਆਜ ਦਾ ਤਿਆਗ ਕਰਨਾ ਪੈਂਦਾ ਰਿਹਾ ਹੈ। ਜੇਕਰ ਰਾਮ ਆਪਣੀ ਦੁਕਾਨ ਖੁਦ ਨਹੀਂ ਚਲਾਉਂਦਾ ਤਾਂ ਉਹ ਕਿਸੇ ਦੂਸਰੀ ਦੁਕਾਨ 'ਤੇ ਕੰਮ ਕਰਕੇ ਤਨਖਾਹ ਪ੍ਰਾਪਤ ਕਰ ਸਕਦਾ ਸੀ ਪਰ ਆਪਣੇ ਖੁਦ ਦਾ ਕਾਰੋਬਾਰ ਚਲਾਉਣ ਦੇ ਕਾਰਨ ਉਸ ਨੂੰ ਇਸ ਤਨਖਾਹ ਦਾ ਤਿਆਗ ਕਰਨਾ ਪੈ ਰਿਹਾ ਹੈ। ਰਾਮ ਨੂੰ ਆਪਣਾ ਖੁਦ ਦਾ ਕਾਰੋਬਾਰ ਚਲਾਉਂਦੇ ਰਹਿਣ ਦੇ ਲਈ ਜਿੰਨੀ ਨਿਊਨਤਮ ਆਮਦਨ ਮਿਲਦੀ ਰਹਿਣੀ ਚਾਹੀਦੀ ਹੈ ਉਸ ਨੂੰ **ਸਧਾਰਣ ਲਾਭ** (Normal Profit) ਕਿਹਾ ਜਾਂਦਾ ਹੈ। ਸਧਾਰਣ ਲਾਭ, ਰਾਮ ਦੇ ਉਦਯੋਗ ਦੀ ਸ਼ਾਮਿਲ ਲਾਗਤ ਹੈ। ਇਹ ਵੀ ਕੁੱਲ ਲਾਗਤ ਵਿੱਚ ਸ਼ਾਮਿਲ ਹੁੰਦਾ ਹੈ **ਅਤੇ ਕੁਲ ਲਾਗਤ ਵਿੱਚ ਸਪੱਸ਼ਟ ਲਾਗਤ ਅਤੇ ਸ਼ਾਮਿਲ ਲਾਗਤ ਦੋਨੋਂ ਹੀ ਸ਼ਾਮਿਲ ਹੁੰਦੇ ਹਨ।**

9.2 ਘੱਟ ਸਮੇਂ ਵਿੱਚ ਲਾਗਤਾਂ (Costs in the Short Run)

ਘੱਟ ਸਮੇਂ ਦੀਆਂ ਲਾਗਤਾਂ ਦਾ, ਕਿਉਕਿ ਘੱਟ ਸਮੇਂ ਦੀ ਉਤਪਾਦਕਤਾ ਨਾਲ ਗਹਿਰਾ ਸਬੰਧ ਹੈ ਇਸ ਲਈ ਘੱਟ ਸਮੇਂ ਦੀ ਉਤਪਾਦਕਤਾ ਦੇ ਹਰੇਕ ਨਾਪ ਨਾਲ ਸਬੰਧਿਤ ਇਕ ਘੱਟ ਸਮਾਂ ਲਾਗਤ ਹੁੰਦੀ ਹੈ, ਜਿਸ ਤਰ੍ਹਾਂ ਸਥਿਰ ਅਤੇ ਪਰਿਵਰਤਨਸ਼ੀਲ ਸਾਧਨ ਹੁੰਦੇ ਹਨ, ਉਸੇ ਤਰ੍ਹਾਂ ਸਥਿਰ ਅਤੇ ਪਰਿਵਰਤਨਸ਼ੀਲ ਲਾਗਤਾਂ ਹੁੰਦੀਆਂ ਹਨ। ਇਸੇ ਤਰ੍ਹਾਂ ਜਿਸ ਪ੍ਰਕਾਰ ਉਤਪਾਦਕਤਾ ਦੇ ਕੁੱਲ, ਔਸਤ ਅਤੇ ਸੀਮਿਤ ਨਾਪ ਹੁੰਦੇ ਹਨ, ਉਸੇ ਤਰ੍ਹਾਂ ਲਾਗਤ ਦੇ ਵੀ ਕੁੱਲ, ਔਸਤ ਅਤੇ ਸੀਮਿਤ ਨਾਪ ਹੁੰਦੇ ਹਨ। ਸੰਖੇਪ ਵਿੱਚ ਲਾਗਤ ਅਤੇ ਉਤਪਾਦਕਤਾ ਵਿੱਚ ਪਾਰਸਪ੍ਰਿਕ ਸਬੰਧ ਹੁੰਦਾ ਹੈ।



ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)–

1. ਆਮ ਬੋਲਚਾਲ ਦੀ ਭਾਸ਼ਾ ਵਿੱਚ 'ਲਾਗਤ' ਸ਼ਬਦ ਦਾ ਇਸਤੇਮਾਲ ..... ਲਾਗਤ ਲਈ ਕੀਤਾ ਜਾਂਦਾ ਹੈ।
2. ਅਵਸਰ ਲਾਗਤ ਦੂਸਰੇ ਸਰਵਸ੍ਰੇਸ਼ਠ ..... ਦੀ ਲਾਗਤ ਹੈ, ਜਿਸ ਦਾ ਤਿਆਗ ਕੀਤਾ ਗਿਆ ਹੈ।
3. ਅਵਸਰ ਲਾਗਤ ਅਧੀਨ ਸਪੱਸ਼ਟ ਲਾਗਤਾਂ ਅਤੇ ..... ਲਾਗਤਾਂ ਸ਼ਾਮਿਲ ਹੁੰਦੀਆਂ ਹਨ।

9.3 ਕੁੱਲ ਲਾਗਤ (Total Cost)

ਇਕ ਵਸਤੂ ਦੇ ਵੱਖ-ਵੱਖ ਪੱਧਰਾਂ ਦਾ ਉਤਪਾਦਨ ਕਰਨ ਲਈ ਜੋ ਧਨ ਖਰਚ ਕਰਨਾ ਪੈਂਦਾ ਹੈ, ਉਸ ਨੂੰ ਕੁੱਲ ਲਾਗਤ ਕਹਿੰਦੇ ਹਨ, ਕਿਉਂਕਿ ਘੱਟ ਸਮੇਂ ਵਿੱਚ ਅਸੀਂ ਸਾਧਨਾਂ ਨੂੰ ਸਥਿਰ ਅਤੇ ਪਰਿਵਰਤਨਸ਼ੀਲ ਦੋ ਸ਼੍ਰੇਣੀਆਂ ਵਿੱਚ ਵੰਡ ਲੈਂਦੇ ਹਾਂ, ਇਸ ਤਰ੍ਹਾਂ ਫਰਮ ਦੀ ਕੁੱਲ ਉਤਪਾਦਨ ਲਾਗਤ ਨੂੰ ਵੀ ਦੋ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ। ਸਥਿਰ ਸਾਧਨਾਂ ਦੀ ਲਾਗਤ ਨੂੰ ਕੁੱਲ ਸਥਿਰ ਲਾਗਤਾਂ ਅਤੇ ਪਰਿਵਰਤਨਸ਼ੀਲ ਸਾਧਨਾਂ ਦੀਆਂ ਲਾਗਤਾਂ ਨੂੰ ਕੁੱਲ ਪਰਿਵਰਤਨਸ਼ੀਲ ਲਾਗਤਾਂ ਕਿਹਾ ਜਾਂਦਾ ਹੈ ਅਤੇ ਕੁੱਲ ਲਾਗਤ, ਕੁੱਲ ਸਥਿਰ ਲਾਗਤ ਅਤੇ ਕੁੱਲ ਪਰਿਵਰਤਨਸ਼ੀਲ ਲਾਗਤ ਦਾ ਜੋੜ ਹੈ।

$$TC = TFC + TVC$$

(ਜਿੱਥੇ TC = ਕੁੱਲ ਲਾਗਤ, TFC = ਕੁੱਲ ਸਥਿਰ ਲਾਗਤ, TVC ਕੁੱਲ ਪਰਿਵਰਤਨਸ਼ੀਲ ਲਾਗਤ। ਨੋਟ

ਬਰਾਊਨਿੰਗ ਦੇ ਸ਼ਬਦਾਂ ਵਿੱਚ, **''ਕੁੱਲ ਲਾਗਤ** (TC) **ਉਤਪਾਦਨ ਦੇ ਹਰੇਕ ਪੱਧਰ 'ਤੇ ਕੁੱਲ ਸਥਿਰ ਲਾਗਤ ਅਤੇ ਕੁੱਲ ਪਰਿਵਰਤਨਸ਼ੀਲ ਲਾਗਤ ਦਾ ਜੋੜ ਹੈ।''** (Total cost (TC) is the sum of total fixed cost and total variable cost for each output level) **- Browning**. ਕੁੱਲ ਲਾਗਤ ਨਾਲ ਕਿਸੇ ਵਸਤੂ ਦੇ ਉਤਪਾਦਨ ਦੇ ਲਈ ਜ਼ਰੂਰੀ ਸਾਰੀਆਂ ਸਥਿਰ ਅਤੇ ਪਰਿਵਰਤਨਸ਼ੀਲ ਸਾਧਨਾਂ ਦੀ ਲਾਗਤ ਦਾ ਜੋੜ ਪ੍ਰਗਟ ਹੁੰਦਾ ਹੈ। **ਕੁੱਲ ਲਾਗਤ ਹਮੇਸ਼ਾ ਉਤਪਾਦਨ ਦੇ ਨਾਲ ਵੱਧਦੀ ਜਾਂਦੀ ਹੈ।** ਇਸ ਦਾ ਕਾਰਨ ਇਹ ਹੈ ਕਿ ਉਤਪਾਦਨ ਵਿੱਚ ਵਾਧਾ ਕਰਨ ਦੇ ਲਈ ਹਮੇਸ਼ਾ ਜ਼ਿਆਦਾ ਸਾਧਨਾਂ ਦੀ ਜ਼ਰੂਰਤ ਪੈਂਦੀ ਹੈ।

ਕੁੱਲ ਸਥਿਰ ਜਾਂ ਪੂਰਕ ਲਾਗਤ (Total Fixed or Supplementary Costs)

ਘੱਟ ਸਮੇਂ ਵਿੱਚ ਸਥਿਰ ਸਾਧਨਾਂ ਦੀ ਲਾਗਤ ਨੂੰ ਸਥਿਰ ਲਾਗਤ ਕਿਹਾ ਜਾਂਦਾ ਹੈ। ਸਥਿਰ ਲਾਗਤ, ਸਥਿਰ ਸਾਧਨਾਂ ਦੀਆਂ ਇਕਾਈਆਂ ਅਤੇ ਉਨ੍ਹਾਂ ਦੀਆਂ ਕੀਮਤਾਂ ਦਾ ਗੁਣਾਂਕ ਫਲ ਹੈ।

ਕੁੱਲ ਸਥਿਰ ਲਾਗਤ (TFC) = **ਸਥਿਰ ਸਾਧਨਾਂ ਦੀਆਂ ਇਕਾਈਆਂ** × **ਸਥਿਰ ਸਾਧਨਾਂ ਦੀ ਕੀਮਤ**

ਇਹ ਲਾਗਤਾਂ ਉਤਪਾਦਨ ਦੀ ਮਾਤਰਾ ਦੇ ਨਾਲ ਤਬਦੀਲ ਨਹੀਂ ਹੁੰਦੀਆਂ। ਜੇਕਰ ਉਤਪਾਦਨ ਜ਼ੀਰੋ ਹੋਵੇ ਜਾਂ ਜ਼ਿਆਦਾ ਹੋਵੇ, ਸਥਿਰ ਲਾਗਤ ਇੰਨੀ ਹੀ ਰਹੇਗੀ।

ਫਰਗੁਸਨ ਦੇ ਸ਼ਬਦਾਂ ਵਿੱਚ, **''ਕੁਝ ਸਥਿਰ ਲਾਗਤ ਇਕ ਉਦਮੀ ਵੱਲੋਂ ਲਗਾਈਆਂ ਜਾਣ ਵਾਲੀਆਂ ਕੁੱਲ ਸਪੱਸ਼ਟ ਲਾਗਤਾਂ ਅਤੇ ਮੌਜੂਦ ਘੱਟ ਸਮਾਂ ਲਾਗਤਾਂ ਦਾ ਜੋੜ ਹੈ।''** (Total fixed cost is the sum of the short run explicit fixed costs and the implicit costs incurred by an entrepreneu.) **—Furguson**

ਕੁੱਲ ਸਥਿਰ ਲਾਗਤਾਂ ਉਤਪਾਦਨ ਦੀ ਮਾਤਰਾ ਦੇ ਨਾਲ ਤਬਦੀਲ ਨਹੀਂ ਹੁੰਦੀਆਂ। ਜੇਕਰ ਇਕ ਫਰਮ ਕੁਝ ਸਮੇਂ ਲਈ ਉਤਪਾਦਨ ਕਰਨਾ ਬੰਦ ਕਰ ਦਿੰਦੀ ਹੈ ਤਾਂ ਵੀ ਉਸ ਨੂੰ ਕੁੱਲ ਸਥਿਰ ਲਾਗਤ ਖਰਚ ਕਰਨੀ ਪੈਂਦੀ ਹੈ। ਦਰੀ ਦੇ ਕਾਰਖਾਨੇ ਵਿੱਚ ਜ਼ਿਆਦਾ ਤੋਂ ਜ਼ਿਆਦਾ 6 ਦਰੀਆਂ ਪ੍ਰਤੀ ਦਿਨ ਬਣ ਸਕਦੀਆਂ ਹਨ। ਦਰੀ ਬਣਾਉਣ ਦੀ ਸਥਿਰ ਲਾਗਤ ਸੌ ਰੁਪਏ ਹੈ। ਉਸ ਕਾਰਖਾਨੇ ਵਿੱਚ ਚਾਹੇ ਕਿਸੇ ਦਿਨ ਇਕ ਵੀ ਦਰੀ ਨਾ ਬਣੇ, ਸਥਿਰ ਲਾਗਤ ਸੌ ਰੁਪਏ ਹੀ ਰਹੇਗੀ, ਜੇਕਰ ਦੂਸਰੇ ਦਿਨ 6 ਦਰੀਆਂ ਬਣ ਜਾਣ ਤਾਂ ਵੀ ਸਥਿਰ ਲਾਗਤ ਸੌ ਰੁਪਏ ਹੀ ਹੋਵੇਗੀ। **ਇਨ੍ਹਾਂ ਨੂੰ ਪੂਰਕ ਲਾਗਤਾਂ** (Supplementary Costs) ਜਾਂ **ਅਪ੍ਰਤੱਖ ਲਾਗਤਾਂ** (Indirect Costs) ਜਾਂ ਉਪਰੀ ਲਾਗਤਾਂ (Over Head Costs), ਇਤਿਹਾਸਿਕ ਲਾਗਤਾਂ (Historical Costs) ਜਾਂ ਜ਼ਰੂਰੀ ਲਾਗਤਾਂ (Unavoidable Costs) ਵੀ ਕਿਹਾ ਜਾਂਦਾ ਹੈ। ਸਥਿਰ ਲਾਗਤ ਵਿੱਚ ਹੇਠ ਲਿਖਿਆ ਖਰਚ ਸ਼ਾਮਿਲ ਕੀਤੇ ਜਾਂਦੇ ਹਨ,

(1) ਕਿਰਾਇਆ, (2) ਘਸਾਈ, (3) ਪ੍ਰਬੰਧਕ, ਕਰਮਚਾਰੀਆਂ ਦੀ ਤਨਖਾਹ, (4) ਸਥਿਰ ਪੂੰਜੀ 'ਤੇ ਵਿਆਜ, (5) ਲਾਇਸੈਂਸ ਫੀਸ, (6) ਸਧਾਰਣ ਲਾਭ ਅਤੇ (7) ਘਸਾਈ ਖਰਚ, ਬੀਮਾ ਆਦਿ ਸਥਿਰ ਲਾਗਤਾਂ ਨੂੰ ਤਾਲਿਕਾ 1 ਅਤੇ ਚਿੱਤਰ 9.2 ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ।

ਤਾਲਿਕਾ 1 ਤੋਂ ਪਤਾ ਲੱਗਦਾ ਹੈ ਕਿ ਉਤਪਾਦਨ ਦੀ ਮਾਤਰਾ ਵਿੱਚ ਪਰਿਵਰਤਨ ਆਉਣ 'ਤੇ ਸਥਿਰ ਲਾਗਤਾਂ ਵਿੱਚ ਕੋਈ ਅੰਤਰ ਨਹੀਂ ਆਉਂਦਾ ਹੈ। ਉਤਪਾਦਨ ਦੀ ਮਾਤਰਾ ਜ਼ੀਰੋ ਹੋਣ 'ਤੇ ਵੀ ਲਾਗਤ 10 ਰੁਪਏ ਹੀ ਰਹੇਗੀ। ਜੇਕਰ ਉਤਪਾਦਨ ਦੀ ਮਾਤਰਾ ਵੱਧ ਕੇ 2 ਜਾਂ 4 ਜਾਂ 6 ਰੁਪਏ ਹੋ ਜਾਂਦੀ ਹੈ ਤਾਂ ਵੀ ਸਥਿਰ ਲਾਗਤ 10 ਰੁਪਏ ਹੀ ਰਹੇਗੀ।

ਤਾਲਿਕਾ 1. ਸਥਿਰ ਲਾਗਤ (Fixed Cost)

ਉਤਪਾਦਨ (Output)	ਸਥਿਰ ਲਾਗਤ (ਰੁ.) (Fixed Cost)
0	10
1	10
2	10
3	10
4	10
5	10
6	10
7	10
8	10

ਨੋਟ



ਚਿੱਤਰ 9.2

ਚਿੱਤਰ 9.2 ਵਿੱਚ OY ਅਕਸ਼ ’ਤੇ ਉਤਪਾਦਨ ਦੀ ਲਾਗਤ ਅਤੇ OX ਅਕਸ਼ ’ਤੇ ਉਤਪਾਦਨ ਦੀਆਂ ਇਕਾਈਆਂ ਦਿੱਤੀਆਂ ਗਈਆਂ ਹਨ। FC ਰੇਖਾ ਬੰਧੀ ਲਾਗਤਾਂ (Fixed Costs) ਨੂੰ ਪ੍ਰਗਟ ਕਰ ਰਹੀ ਹੈ। ਇਹ ਰੇਖਾ OX ਅਕਸ਼ ਦੇ ਸਮਾਂਤਰ ਹੈ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਲਾਗਤ ਸਥਿਰ ਰਹੇਗੀ, ਚਾਹੇ ਉਤਪਾਦਨ ਘੱਟ ਹੋਵੇ ਜਾਂ ਜ਼ਿਆਦਾ ਹੋਵੇ। ਇਹ FC ਰੇਖਾ OY ਅਕਸ਼ ਨੂੰ ਬਿੰਦੂ F ’ਤੇ ਛੂਹ ਰਹੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਉਤਪਾਦਨ ਜ਼ੀਰੋ (Zero) ਹੈ ਤਾਂ ਵੀ ਬੰਧੀ ਲਾਗਤ 10 ਰੁਪਏ ਹੀ ਹੋਵੇਗੀ।

ਕੁੱਲ ਪਰਿਵਰਤਨਸ਼ੀਲ ਲਾਗਤਾਂ (Total Variable Cost)

ਪਰਿਵਰਤਨਸ਼ੀਲ ਲਾਗਤਾਂ ਉਹ ਹਨ ਜੋ ਉਤਪਾਦਨ ਦੇ ਘਟਦੇ-ਵੱਧਦੇ ਸਾਧਨਾਂ ਦੇ ਇਸਤੇਮਾਲ ਲਈ ਖਰਚ ਕਰਨੀ ਪੈਂਦੀ ਹੈ।

ਫਰਗੁਸਨ ਦੇ ਅਨੁਸਾਰ, **‘‘ਕੁੱਲ ਪਰਿਵਰਤਨਸ਼ੀਲ ਲਾਗਤ ਉਤਪਾਦਨ ਦੇ ਲਈ ਇਸਤੇਮਾਲ ਕੀਤੇ ਜਾਣ ਵਾਲੀ ਹਰੇਕ ਪਰਿਵਰਤਨਸ਼ੀਲ ਸਾਧਨ ’ਤੇ ਖਰਚ ਕੀਤੀ ਜਾਣ ਵਾਲੀ ਰਕਮ ਦਾ ਜੋੜ ਹੈ।’’** (Total variable cost is the sum of amounts spent for each of the variable inputs used.) **—Ferguson.**

ਸਵੈ ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions)–

4. ਆਰਥਿਕ ਲਾਗਤਾਂ ..... ਲਾਗਤਾਂ ਤੋਂ ਅਲੱਗ ਹਨ।

   (ਅ) ਲੇਖਾਕਰਮ (ਬ) ਵਕ੍ਰ (ਸ) ਸਿੱਧੀ (ਦ) ਸਮਾਜਿਕ

5. ਸਮਾਜਿਕ ਲਾਗਤ ..... ਲਾਗਤ ਤੋਂ ਅਲੱਗ ਹੈ।

   (ਅ) ਲੇਖਾਕਰਮ (ਬ) ਸਮਾਜਿਕ (ਸ) ਵਕ੍ਰ (ਦ) ਵਿਅਕਤੀਗਤ

6. ਉਤਪਾਦਨ ਦੀਆਂ ਮੌਜੂਦ ਲਾਗਤਾਂ ਖੁਦ ਦੇ ਮਾਲਕਾਨਾ ਹੱਕ ਅਤੇ ਖੁਦ ਲਗਾਏ ਗਏ ..... ਦੀਆਂ ਲਾਗਤਾਂ ਹਨ।

   (ਅ) ਸਾਧਨਾਂ (ਬ) ਸਮਾਜ (ਸ) ਵਸਤੂਆਂ (ਦ) ਧਨ

7. ਸਮਾਜਿਕ ਲਾਗਤ ਅਤੇ ਨਿੱਜੀ ਲਾਗਤ ਵਿੱਚ ਅੰਤਰ ਪਾਏ ਜਾਣ ਦਾ ਇਕ ਮੁੱਖ ਕਾਰਨ ਹੈ–

   (ਅ) ਬ੍ਰਾਹਮ ਲਾਗਤਾਂ (ਅ) ਮੌਜੂਦ ਲਾਗਤਾਂ (ਸ) ਨਿੱਜੀ ਲਾਗਤਾਂ (ਦ) ਮੌਦ੍ਰਿਕ ਲਾਗਤਾਂ

8. ਕੁੱਲ ਸਥਿਰ ਲਾਗਤਾਂ ਉਤਪਾਦਨ ਦੀ ਮਾਤਰਾ ਦੇ ਨਾਲ ਨਹੀਂ ਹੁੰਦੀਆਂ–

   (ਅ) ਸਥਿਰ (ਬ) ਅਸਥਿਰ (ਸ) ਤਬਦੀਲ (ਦ) ਤਬਦੀਲ ਨਾ ਹੋਣ ਯੋਗ

‘‘ਘਟਦੀ-ਵੱਧਦੀ ਲਾਗਤ ਉਹ ਲਾਗਤ ਹੈ ਜੋ ਉਤਪਾਦਨ ਦੀ ਮਾਤਰਾ ਵਿੱਚ ਪਰਿਵਰਤਨ ਹੋਣ ’ਤੇ, ਤਬਦੀਲ ਹੁੰਦੀ ਹੈ।’’ (Variable cost is one which varies as the level of output varies.) ਉਤਪਾਦਨ ਵਿੱਚ ਪਰਿਵਰਤਨ ਆਉਣ ਨਾਲ ਇਨ੍ਹਾਂ

ਨੋਟ

ਲਾਗਤਾਂ ਵਿੱਚ ਵੀ ਪਰਿਵਰਤਨ ਆਉਂਦਾ ਹੈ। ਜੇਕਰ ਉਤਪਾਦਨ ਘੱਟ ਹੋ ਜਾਂਦਾ ਹੈ ਤਾਂ ਇਹ ਲਾਗਤਾਂ ਘੱਟ ਹੋ ਜਾਂਦੀਆਂ ਹਨ ਅਤੇ ਉਤਪਾਦਨ ਦੇ ਵਧਣ 'ਤੇ ਇਹ ਲਾਗਤਾਂ ਵੱਧ ਜਾਂਦੀਆਂ ਹਨ। ਜੇਕਰ ਉਤਪਾਦਨ ਜ਼ੀਰੋ ਹੋ ਜਾਂਦਾ ਹੈ ਤਾਂ ਇਹ ਲਾਗਤਾਂ ਵੀ ਜ਼ੀਰੋ ਹੋ ਜਾਂਦੀਆਂ ਹਨ। ਇਨ੍ਹਾਂ ਲਾਗਤਾਂ ਨੂੰ **ਪ੍ਰਮੁੱਖ ਲਾਗਤਾਂ** (Prime Costs) ਜਾਂ **ਪ੍ਰਤੱਖ ਲਾਗਤਾਂ** (Direct Costs) ਜਾਂ ਪਰਿਹਾਰ ਲਾਗਤਾਂ (Avoidable Costs) ਵੀ ਕਿਹਾ ਜਾਂਦਾ ਹੈ। ਘਟਦੀ-ਵਧਦੀ ਲਾਗਤ ਵਿੱਚ ਹੇਠ ਲਿਖੇ ਖਰਚ ਸ਼ਾਮਿਲ ਕੀਤੇ ਜਾਂਦੇ ਹਨ- (1) ਕੱਚੇ ਮਾਲ 'ਤੇ ਕੀਤੇ ਜਾਣ ਵਾਲੇ ਖਰਚ, (2) ਪ੍ਰਤੱਖ ਮਿਹਨਤ ਦੀ ਮਜ਼ਦੂਰੀ, (3) ਚਾਲਕ ਸ਼ਕਤੀ ਜਿਵੇਂ ਬਿਜਲੀ ਦਾ ਖਰਚ ਅਤੇ (4) ਟੁੱਟ-ਭੱਜ 'ਤੇ ਖਰਚ ਆਦਿ।

ਤਾਲਿਕਾ 2 ਅਤੇ ਚਿੱਤਰ 9.3 ਨਾਲ ਘਟਦੀਆਂ-ਵਧਦੀਆਂ ਲਾਗਤਾਂ ਨੂੰ ਸਪੱਸ਼ਟ ਕੀਤਾ ਜਾ ਸਕਦਾ ਹੈ।

ਤਾਲਿਕਾ 2. ਪਰਿਵਰਤਨਸ਼ੀਲ ਲਾਗਤਾਂ (Variable Cost)

ਉਤਪਾਦਨ (Output)	ਪਰਿਵਰਤਨਸ਼ੀਲ ਲਾਗਤ (Variable Cost)
0	0
1	10
2	18
3	24
4	28
5	32
6	38
7	46
8	62

ਤਾਲਿਕਾ 2 ਤੋਂ ਪਤਾ ਲੱਗਦਾ ਹੈ ਕਿ ਜਿਵੇਂ-ਜਿਵੇਂ ਉਤਪਾਦਨ ਦੀ ਮਾਤਰਾ ਵੱਧ ਰਹੀ ਹੈ, ਘਟਦੀਆਂ-ਵੱਧਦੀਆਂ ਲਾਗਤਾਂ ਵੀ ਵੱਧ ਰਹੀਆਂ ਹਨ। ਜਦੋਂ ਉਤਪਾਦਨ ਜ਼ੀਰੋ (Zero) ਸੀ ਤਾਂ ਘਟਦੀਆਂ-ਵੱਧਦੀਆਂ ਲਾਗਤਾਂ ਵੀ ਜ਼ੀਰੋ ਸਨ।

ਇਸ ਤੋਂ ਉਲਟ ਜਦੋਂ ਉਤਪਾਦਨ ਵੱਧ ਕੇ ਇਕ ਹੋ ਗਿਆ ਤਾਂ ਘਟਦੀਆਂ-ਵੱਧਦੀਆਂ ਲਾਗਤਾਂ ਵੱਧ ਕੇ 10 ਰੁਪਏ ਹੋ ਗਈਆਂ। ਜਦੋਂ ਉਤਪਾਦਨ ਵੱਧ ਕੇ 6 ਹੋ ਗਿਆ ਤਾਂ ਲਾਗਤਾਂ ਵੱਧ ਕੇ 38 ਰੁਪਏ ਹੋ ਗਈਆਂ।

ਉਪਰੋਕਤ ਤਾਲਿਕਾ ਤੋਂ ਪਤਾ ਲੱਗਦਾ ਹੈ ਕਿ ਉਤਪਾਦਨ ਦੀ ਹਰੇਕ ਇਕਾਈ ਦੀ ਪਰਿਵਰਤਨਸ਼ੀਲ ਲਾਗਤਾਂ ਵਿੱਚ ਇਕ ਸਧਾਰਣ ਪਰਿਵਰਤਨ ਨਹੀਂ ਹੁੰਦਾ। ਉਤਪਾਦਨ ਦੀਆਂ 4 ਇਕਾਈਆਂ ਤੱਕ ਪਰਿਵਰਤਨਸ਼ੀਲ ਲਾਗਤਾਂ ਵਿੱਚ ਹੋਣ ਵਾਲਾ ਵਾਧਾ ਪਹਿਲਾਂ ਦੀ ਤੁਲਨਾ ਵਿੱਚ ਘੱਟ ਹੁੰਦੀ ਗਈ ਹੈ। ਚੌਥੀ ਅਤੇ ਪੰਜਵੀਂ ਇਕਾਈ ਦੀਆਂ ਪਰਿਵਰਤਨਸ਼ੀਲ ਲਾਗਤਾਂ ਵਿੱਚ ਬਰਾਬਰ ਮਾਤਰਾ ਵਿੱਚ ਵਾਧਾ ਹੋਇਆ ਹੈ। ਇਸ ਤੋਂ ਬਾਅਦ ਉਤਪਾਦਨ ਦੀ ਹਰੇਕ ਇਕਾਈ ਦੀ ਪਰਿਵਰਤਨਸ਼ੀਲ ਲਾਗਤ ਵੱਧਦੀ ਜਾ ਰਹੀ ਹੈ। ਇਸ ਦਾ ਮੁੱਖ ਕਾਰਨ ਘੱਟਦੇ-ਵੱਧਦੇ ਉਤਪਾਦਨ ਦੇ ਨਿਯਮ ਦਾ ਲਾਗੂ ਹੋਣਾ ਹੈ।

ਚਿੱਤਰ 9.3 ਤੋਂ ਵੀ ਘੱਟਦੀਆਂ-ਵੱਧਦੀਆਂ ਲਾਗਤਾਂ ਨੂੰ ਸਪੱਸ਼ਟ ਕੀਤਾ ਜਾ ਸਕਦਾ ਹੈ, ਇਸ ਚਿੱਤਰ ਵਿੱਚ OX ਅਕਸ਼ ਦੀ ਉਤਪਾਦਨ ਦੀ ਮਾਤਰਾ ਅਤੇ OY ਅਕਸ਼ 'ਤੇ ਲਾਗਤ ਪ੍ਰਗਟ ਕੀਤੀ ਗਈ ਹੈ। VC ਘਟਦੀ-ਵੱਧਦੀ ਲਾਗਤ ਵਕ੍ਰ ਹੈ। ਇਹ ਵਕ੍ਰ **ਉਲਟੇ** S (Inverse S) ਦੀ ਤਰ੍ਹਾਂ ਹੈ। ਇਹ ਵਕ੍ਰ ਉਪਰ ਵੱਲ ਉਠ ਰਹੀ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਇਹ ਘਟਦੇ-ਵੱਧਦੇ ਪ੍ਰਤੀਫਲ ਦੇ ਨਿਯਮ ਨੂੰ ਪ੍ਰਗਟ ਕਰ ਰਿਹਾ ਹੈ। ਇਸ ਨਿਯਮ ਤੋਂ ਪਤਾ ਲੱਗਦਾ ਹੈ ਕਿ ਉਤਪਾਦਨ ਦੀ ਅਰੰਭਿਕ ਸਥਿਤੀ ਵਿੱਚ ਜਿਵੇਂ-ਜਿਵੇਂ ਉਤਪਾਦਨ ਦੀ ਮਾਤਰਾ ਵੱਧ ਰਹੀ ਹੈ, ਘਟਦੀਆਂ-ਵੱਧਦੀਆਂ ਲਾਗਤਾਂ ਵੀ ਵੱਧ ਰਹੀਆਂ ਹਨ। ਸਥਿਰ ਸਾਧਨ ਦੀ ਇਕ ਦਿੱਤੀ ਹੋਈ ਮਾਤਰਾ ਦੇ ਨਾਲ ਜਿਵੇਂ-ਜਿਵੇਂ ਪਰਿਵਰਤਨਸ਼ੀਲ ਸਾਧਨ ਦੀ ਜ਼ਿਆਦਾ ਮਾਤਰਾ ਦਾ ਇਸਤੇਮਾਲ ਕੀਤਾ ਜਾਂਦਾ ਹੈ, ਪਰਿਵਰਤਨਸ਼ੀਲ ਸਾਧਨ ਦੀ ਉਤਪਾਦਕਤਾ ਵੱਧਦੀ ਹੈ ਅਤੇ ਔਸਤ ਪਰਿਵਰਤਨਸ਼ੀਲ ਲਾਗਤ ਘੱਟ ਹੁੰਦੀ ਹੈ। ਇਹ ਸਥਿਤੀ ਉਸ ਬਿੰਦੂ ਤੱਕ ਜਾਰੀ ਰਹਿੰਦੀ ਹੈ, ਜਿਸ 'ਤੇ ਸਥਿਰ ਅਤੇ ਪਰਿਵਰਤਨਸ਼ੀਲ ਸਾਧਨ ਦਾ ਆਦਰਸ਼ ਸੰਜੋਗ ਹੁੰਦਾ ਹੈ। ਇਸ ਤੋਂ ਬਾਅਦ ਜਿਵੇਂ-ਜਿਵੇਂ ਪਰਿਵਰਤਨਸ਼ੀਲ ਸਾਧਨ ਦੀਆਂ ਜ਼ਿਆਦਾ ਇਕਾਈਆਂ ਦਾ ਸਥਿਰ ਸਾਧਨਾਂ ਦੇ ਨਾਲ ਇਸਤੇਮਾਲ ਕੀਤਾ ਜਾਂਦਾ ਹੈ, ਪਰਿਵਰਤਨਸ਼ੀਲ ਸਾਧਨ ਦੀ ਉਤਪਾਦਕਤਾ ਘੱਟ ਹੋ ਜਾਂਦੀ ਹੈ ਅਤੇ ਔਸਤ ਘਟਦੀ-ਵੱਧਦੀ ਲਾਗਤ ਵੱਧ ਜਾਂਦੀ ਹੈ।

ਨੋਟ



ਚਿੱਤਰ 9.3

ਜਦੋਂ ਸੀਮਿਤ ਲਾਗਤ (MC) ਘੱਟ ਹੋ ਰਹੀ ਹੁੰਦੀ ਹੈ ਤਾਂ ਕੁੱਲ ਪਰਿਵਰਤਨਸ਼ੀਲ ਲਾਗਤ (TVC) ਘਟਦੀ ਦਰ ਨਾਲ ਵੱਧਦੀ ਹੈ ਪਰ ਜਦੋਂ ਸੀਮਿਤ ਲਾਗਤ ਵੱਧ ਰਹੀ ਹੁੰਦੀ ਹੈ ਤਾਂ ਕੁੱਲ ਪਰਿਵਰਤਨਸ਼ੀਲ ਲਾਗਤ (TVC) ਵੱਧਦੀ ਜਾਂਦੀ ਹੈ। (**ਨੋਟ** : ਸੀਮਿਤ ਲਾਗਤ TVC ਦੀ ਦਰ ਨੂੰ ਦੱਸਦੀ ਹੈ : ਵੱਧਦੀ MC ਦਾ ਅਰਥ ਹੈ ਕਿ TVC ਵੱਧਦੀ ਦਰ 'ਤੇ ਵੱਧ ਰਹੀ ਹੈ। ਡਿੱਗਦੀ MC ਦਾ ਅਰਥ ਹੈ ਕਿ TVC ਘਟਦੀ ਦਰ 'ਤੇ ਵੱਧ ਰਹੀ ਹੈ।

ਕੀ ਤੁਸੀਂ ਜਾਣਦੇ ਹੋ

ਉਤਪਾਦਨ ਦੀਆਂ ਮੌਜੂਦ ਲਾਗਤਾਂ ਖੁਦ ਦੀ ਮਲਕੀਅਤ ਅਤੇ ਖੁਦ ਲਗਾਏ ਗਏ ਸਾਧਨਾਂ ਦੀਆਂ ਲਾਗਤਾਂ ਹਨ।

9.4 ਕੁੱਲ ਲਾਗਤ, ਕੁੱਲ ਸਥਿਰ ਲਾਗਤ ਅਤੇ ਕੁੱਲ ਪਰਿਵਰਤਨਸ਼ੀਲ ਲਾਗਤ ਦੇ ਵਿਚਕਾਰ ਸਬੰਧ (Relation Among Total Cost, Total Fixed Cost and Total Variable Cost)

ਘੱਟ ਸਮੇਂ ਵਿੱਚ ਉਤਪਾਦਨ 'ਚ ਵੱਖ-ਵੱਖ ਪੱਧਰਾਂ ਲਈ ਕੁੱਲ ਸਥਿਰ ਲਾਗਤ ਅਤੇ ਕੁੱਲ ਪਰਿਵਰਤਨਸ਼ੀਲ ਲਾਗਤ ਦੇ ਜੋੜ ਨੂੰ ਕੁੱਲ ਲਾਗਤ ਕਿਹਾ ਜਾਂਦਾ ਹੈ।

ਕੁੱਲ ਲਾਗਤ, ਸਥਿਰ ਲਾਗਤ ਅਤੇ ਪਰਿਵਰਤਨਸ਼ੀਲ ਲਾਗਤ ਦੇ ਸਬੰਧ ਨੂੰ ਤਾਲਿਕਾ 3 ਅਤੇ ਚਿੱਤਰ 9.4 ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ।

ਤਾਲਿਕਾ 3. ਕੁੱਲ ਲਾਗਤ (Total Cost)

ਉਤਪਾਦਨ (Output)	ਸਥਿਰ ਲਾਗਤ (ਰੁਪਏ) (Fixed Cost)	ਪਰਿਵਰਤਨਸ਼ੀਲ ਲਾਗਤ (ਰੁਪਏ) (Variable Cost)	ਕੁੱਲ ਲਾਗਤ (ਰੁਪਏ) (Total Cost)
0	10	0	10
1	10	10	20
2	10	18	28
3	10	24	34
4	10	28	38

ਨੋਟ

5	10	32	42
6	10	38	48
7	10	46	56
8	10	62	72

ਤਾਲਿਕਾ 3 ਵਿੱਚ ਕੁੱਲ ਲਾਗਤ ਦਾ ਅੰਦਾਜ਼ਾ ਸਥਿਰ ਲਾਗਤਾਂ ਅਤੇ ਘੱਟਦੀਆਂ-ਵੱਧਦੀਆਂ ਲਾਗਤਾਂ ਦੇ ਜੋੜ ਨਾਲ ਲਗਾਇਆ ਗਿਆ ਹੈ। ਉਤਪਾਦਨ ਦੀ ਮਾਤਰਾ ਦੇ ਵਧਣ ਦੇ ਨਾਲ ਕੁੱਲ ਲਾਗਤਾਂ ਵੀ ਵੱਧਦੀਆਂ ਜਾ ਰਹੀਆਂ ਹਨ। ਜਦੋਂ ਉਤਪਾਦਨ ਜ਼ੀਰੋ ਹੈ, ਉਦੋਂ ਵੀ ਕੁੱਲ ਲਾਗਤਾਂ 10 ਰੁਪਏ ਹਨ, ਕਿਉਂਕਿ ਸਥਿਰ ਲਾਗਤਾਂ 10 ਰੁਪਏ ਹਨ। ਜਦੋਂ ਕਿ ਘੱਟਦੀਆਂ-ਵੱਧਦੀਆਂ ਲਾਗਤਾਂ **ਜ਼ੀਰੋ** (Zero) ਹੈ। ਜਦੋਂ ਉਤਪਾਦਨ ਵੱਧ ਕੇ 6 ਇਕਾਈ ਹੋ ਗਿਆ ਹੈ ਤਾਂ ਕੁੱਲ ਲਾਗਤ ਵੱਧ ਕੇ 48 ਰੁਪਏ (38 ਰੁ. + 10 ਰੁ.) ਹੋ ਗਈ ਹੈ। ਕੁੱਲ ਲਾਗਤ ਨੂੰ ਚਿੱਤਰ 9.2 ਨਾਲ ਵੀ ਸਪੱਸ਼ਟ ਕੀਤਾ ਜਾ ਸਕਦਾ ਹੈ। ਚਿੱਤਰ 9.4 ਵਿੱਚ OX ਅਕਸ਼ 'ਤੇ ਉਤਪਾਦਨ ਦੀ ਮਾਤਰਾ ਅਤੇ OY ਅਕਸ਼ 'ਤੇ ਲਾਗਤ ਪ੍ਰਗਟ ਕੀਤੀ ਗਈ ਹੈ। FC ਬੱਝੀ ਲਾਗਤ ਵਕ੍ਰ ਹੈ। VC ਘੱਟਦੀ-ਵੱਧਦੀ ਲਾਗਤ ਵਕ੍ਰ ਹੈ ਅਤੇ TC ਕੁੱਲ ਲਾਗਤ ਵਕ੍ਰ ਹੈ, ਇਹ ਵਕ੍ਰ FC ਅਤੇ VC (ਘੱਟਦੀਆਂ-ਵੱਧਦੀਆਂ ਲਾਗਤਾਂ) ਦੇ ਜੋੜ ਨੂੰ ਪ੍ਰਗਟ ਕਰ ਰਿਹਾ ਹੈ। TC ਵਕ੍ਰ FC ਵਕ੍ਰ ਦੇ ਅਰੰਭਿਕ ਬਿੰਦੂ ਤੋਂ ਸ਼ੁਰੂ ਹੁੰਦੀ ਹੈ। ਬਿੰਦੂ O 'ਤੇ ਉਤਪਾਦਨ ਜ਼ੀਰੋ ਹੈ ਪਰ ਸਥਿਰ ਲਾਗਤ (FC) 10 ਰੁਪਏ ਹੈ। ਇਸ ਲਈ ਕੁੱਲ ਲਾਗਤ ਵੀ 10 ਰੁਪਏ ਹੈ। ਕੁੱਲ ਲਾਗਤ ਅਤੇ ਘੱਟਦੀ-ਵੱਧਦੀ ਲਾਗਤ ਦਾ ਅੰਤਰ ਇੱਕੋ ਜਿਹਾ ਰਿਹਾ ਹੈ। ਇਹ ਸਥਿਰ ਲਾਗਤਾਂ ਦੇ ਬਰਾਬਰ ਹੈ। ਇਸ ਲਈ ਕੁੱਲ ਲਾਗਤ ਵਕ੍ਰ (TC) ਅਤੇ ਘੱਟਦੀ-ਵੱਧਦੀ ਲਾਗਤ (VC) ਵਕ੍ਰ ਦੇ ਮੱਧ ਵਿੱਚ ਹਮੇਸ਼ਾ ਬਰਾਬਰ ਫਾਸਲਾ ਰਹਿੰਦਾ ਹੈ। ਇਸ ਲਈ ਇਹ ਦੋਵੇਂ ਵਕ੍ਰ ਜਿਵੇਂ TC ਅਤੇ VC ਇਕ-ਦੂਸਰੇ ਦੇ ਸਮਾਂਤਰ ਰਹਿੰਦੀ ਹੈ।



ਚਿੱਤਰ 9.4

ਸਥਿਰ-ਲਾਗਤ ਅਤੇ ਘੱਟਦੀਆਂ-ਵੱਧਦੀਆਂ ਲਾਗਤਾਂ ਵਿੱਚ ਅੰਤਰ ਦਾ ਮਹੱਤਵ

(Significance of Difference Between the Fixed and Variable Costs)

ਘੱਟ ਸਮੇਂ ਵਿੱਚ ਸਥਿਰ ਅਤੇ ਘੱਟਦੀਆਂ-ਵੱਧਦੀਆਂ ਲਾਗਤਾਂ ਵਿੱਚ ਪਾਏ ਜਾਣ ਵਾਲੇ ਅੰਤਰ ਦਾ ਹੇਠ ਲਿਖਿਆ ਮਹੱਤਵ ਹੈ-

ਮੰਦੀ ਦੇ ਸਮੇਂ ਉਤਪਾਦਨ ਫੈਸਲਾ (Production Decision during Depression of Decision Regarding Shut Down)-ਘੱਟ ਸਮੇਂ ਵਿੱਚ ਮੰਦੀ ਦੇ ਕਾਰਨ ਵਸਤੂ ਦੀ ਮੰਗ ਅਤੇ ਕੀਮਤ ਘੱਟ ਹੋ ਜਾਂਦੀ ਹੈ। ਫਰਮ ਨੂੰ ਇਹ ਫੈਸਲਾ ਲੈਣਾ ਪੈਂਦਾ ਹੈ ਕਿ ਮੰਦੀ ਦੇ ਦੌਰਾਨ ਉਹ ਉਤਪਾਦਨ ਜਾਰੀ ਰੱਖੇ ਜਾਂ ਉਤਪਾਦਨ ਬੰਦ ਕਰ ਦੇਵੇ। ਘੱਟ ਸਮੇਂ ਵਿੱਚ ਉਤਪਾਦਨ ਬੰਦ ਕਰਨ 'ਤੇ ਵੀ ਫਰਮ ਨੂੰ ਸਥਿਰ ਲਾਗਤਾਂ ਜਿਵੇਂ ਇਮਾਰਤ ਦਾ ਕਿਰਾਇਆ, ਸਥਿਰ ਪੂੰਜੀ 'ਤੇ ਵਿਆਜ ਆਦਿ ਖਰਚ ਕਰਨੇ ਪੈਣਗੇ। ਇਸ ਲਈ ਫਰਮ ਨੂੰ ਘੱਟ ਸਮੇਂ ਵਿੱਚ ਕੰਮ ਬੰਦ ਕਰਨ ਦਾ ਫੈਸਲਾ ਲੈਣ 'ਤੇ ਵੀ ਸਥਿਰ ਲਾਗਤਾਂ ਦੀ ਹਾਨੀ ਉਠਾਉਣੀ ਹੀ ਪਵੇਗੀ ਅਤੇ ਜੇਕਰ ਮੰਦੀ ਦੇ ਸਮੇਂ ਵਸਤੂ ਦੀ ਕੀਮਤ ਘੱਟ ਹੋ ਕੇ ਘੱਟਦੀਆਂ-ਵੱਧਦੀਆਂ ਲਾਗਤਾਂ ਦੇ ਬਰਾਬਰ ਵੀ ਹੋ ਜਾਂਦੀ ਹੈ ਤਾਂ ਵੀ ਫਰਮ

ਨੋਟ ਉਤਪਾਦਨ ਜਾਰੀ ਰੱਖਣ ਦਾ ਹੀ ਫੈਸਲਾ ਲਵੇਗੀ। ਉਹ ਸਥਿਰ ਲਾਗਤ ਦੀ ਹਾਨੀ ਸਹਿਣ ਕਰ ਲਵੇਗੀ। ਫਰਮ ਉਸ ਸਮੇਂ ਤੱਕ ਉਤਪਾਦਨ ਕਰਦੀ ਰਹੇਗੀ, ਜਦੋਂ ਤੱਕ ਉਸ ਨੂੰ ਘੱਟਦੀਆਂ-ਵੱਧਦੀਆਂ ਲਾਗਤਾਂ ਪ੍ਰਾਪਤ ਹੁੰਦੀਆਂ ਰਹਿਣਗੀਆਂ ਪਰ ਜੇਕਰ ਫਰਮ ਨੂੰ ਪਰਿਵਰਤਨਸ਼ੀਲ ਲਾਗਤ ਵੀ ਪ੍ਰਾਪਤ ਨਹੀਂ ਹੋਵੇਗੀ ਤਾਂ ਉਹ ਉਤਪਾਦਨ ਕਰਨਾ ਬੰਦ (Shut Down) ਕਰ ਦੇਵੇਗੀ।

9.5 ਔਸਤ ਲਾਗਤ (Average Cost)

ਕਿਸੇ ਵਸਤੂ ਦੀ ਪ੍ਰਤੀ ਇਕਾਈ ਲਾਗਤ ਨੂੰ ਔਸਤ ਲਾਗਤ ਕਿਹਾ ਜਾਂਦਾ ਹੈ। **''ਕੁੱਲ ਲਾਗਤ ਨੂੰ ਉਤਪਾਦਨ ਦੀ ਮਾਤਰਾ ਵਿੱਚ ਭਾਗ ਦੇਣ 'ਤੇ ਔਸਤ ਲਾਗਤ ਪਤਾ ਲੱਗਦੀ ਹੈ।''** (Average cost is total cost divided by output.) ਕੁੱਲ ਲਾਗਤ ਵਾਂਗ ਔਸਤ ਲਾਗਤ ਦੇ ਵੀ ਤਿੰਨ ਪਹਿਲੂ ਹਨ: (i) ਔਸਤ ਸਥਿਰ ਲਾਗਤ (Average fixed cost); **(ii) ਔਸਤ ਪਰਿਵਰਤਨਸ਼ੀਲ ਲਾਗਤ** (Average Variable Cost); ਅਤੇ (iii) **ਔਸਤ ਕੁੱਲ ਲਾਗਤ** (Average Total Cost) ਜਾਂ **ਔਸਤ ਲਾਗਤ** (Average Cost)।

(i) ਔਸਤ ਸਥਿਰ ਲਾਗਤ (Average Fixed Cost)

ਔਸਤ ਸਥਿਰ ਲਾਗਤ ਪ੍ਰਤੀ ਇਕਾਈ ਸਥਿਰ ਲਾਗਤ ਹੈ। ਕੁੱਲ ਸਥਿਰ ਲਾਗਤ ਨੂੰ ਉਤਪਾਦਨ ਦੀ ਮਾਤਰਾ ਨਾਲ ਭਾਗ ਦੇਣ 'ਤੇ ਜੋ ਭਾਗਫਲ ਆਉਂਦਾ ਹੈ, ਉਸ ਨੂੰ ਔਸਤ ਸਥਿਰ ਲਾਗਤ ਕਹਿੰਦੇ ਹਨ। (Average fixed cost equals to total fixed cost divided by output.) ਜਾਂ

$$AFC = \frac{FC}{Q}$$

(ਇੱਥੇ AFC = ਔਸਤ ਸਥਿਰ ਲਾਗਤ; FC = ਸਥਿਰ ਲਾਗਤ, Q = ਉਤਪਾਦਨ ਦੀ ਮਾਤਰਾ

ਕਿਉਂਕਿ ਸਥਿਰ ਲਾਗਤ ਸਥਿਰ (Constant) ਰਹਿੰਦੀ ਹੈ। ਇਸ ਲਈ ਉਤਪਾਦਨ ਜਿੰਨਾ ਜ਼ਿਆਦਾ ਹੁੰਦਾ ਹੈ, ਪ੍ਰਤੀ ਇਕਾਈ ਸਥਿਰ ਲਾਗਤ ਉਨੀ ਹੀ ਘੱਟ ਹੁੰਦੀ ਹੈ।

ਤਾਲਿਕਾ 4 ਅਤੇ ਚਿੱਤਰ 9.5 ਨਾਲ ਔਸਤ ਸਥਿਰ ਲਾਗਤ ਦੀ ਵਿਆਖਿਆ ਕੀਤੀ ਜਾ ਸਕਦੀ ਹੈ।

ਤਾਲਿਕ 4. ਔਸਤ ਸਥਿਰ ਲਾਗਤ (Average Fixed Cost)

ਉਤਪਾਦਨ (Output) (1)	ਸਥਿਰ ਲਾਗਤ (ਰੁ.) (Fixed Cost) (2)	ਔਸਤ ਸਥਿਰ ਲਾਗਤ (ਰੁ.) (Average Fixed Cost) (3) = (2 ÷ 1)
1	10	10.0
2	10	5.0
3	10	3.3
4	10	2.5
5	10	2.0
6	10	1.7
7	10	1.4
8	10	1.2

ਤਾਲਿਕਾ 4 ਤੋਂ ਪਤਾ ਲੱਗਦਾ ਹੈ ਕਿ ਜਦੋਂ ਇਕ ਇਕਾਈ ਦਾ ਉਤਪਾਦਨ ਕੀਤਾ ਜਾਂਦਾ ਹੈ ਤਾਂ ਔਸਤ ਸਥਿਰ ਲਾਗਤ = 10 ਰੁ. ਹੈ। ਇਸ ਦੇ ਉਲਟ ਜਦੋਂ 5 ਇਕਾਈਆਂ ਦਾ ਉਤਪਾਦਨ ਕੀਤਾ ਜਾਂਦਾ ਹੈ ਤਾਂ ਔਸਤ ਲਾਗਤ ਘੱਟ ਹੋ ਕੇ 2 ਰੁਪਏ ਹੋ ਜਾਂਦੀ ਹੈ। ਔਸਤ ਸਥਿਰ ਲਾਗਤ ਉਤਪਾਦਨ ਵਿੱਚ ਹੋਣ ਵਾਲੇ ਵਾਧੇ ਦੇ ਨਾਲ ਘੱਟਦੀ ਜਾਂਦੀ ਹੈ।

ਨੋਟ

ਔਸਤ ਸਥਿਰ ਲਾਗਤ ਵਕ੍ਰ ਇਕ ਰੈਕਟੈਂਗੂਲਰ ਹਾਈਪਰਬੋਲਾ ਹੈ

ਇਸ ਦਾ ਕਾਰਨ ਇਹ ਹੈ ਕਿ ਇਕ ਰੈਕਟੈਂਗੂਲਰ ਹਾਈਪਰਬੋਲਾ ਦੇ ਹੇਠਾਂ ਖਿੱਚੇ ਗਏ ਹਰੇਕ ਰੈਕਟੈਂਗੂਲਰ ਦਾ ਖੇਤਰ ਫਲ ਬਰਾਬਰ ਹੁੰਦਾ ਹੈ ਅਤੇ ਹਰੇਕ ਖੇਤਰਫਲ ਸਥਿਰ ਲਾਗਤ ਨੂੰ ਪ੍ਰਗਟ ਕਰਦਾ ਹੈ ਜੋ ਸਥਿਰ ਹੁੰਦੀ ਹੈ।

ਚਿੱਤਰ 9.5 ਵਿੱਚ AFC ਰੇਖਾ ਔਸਤ ਸਥਿਰ ਲਾਗਤ ਨੂੰ ਪ੍ਰਗਟ ਕਰ ਰਹੀ ਹੈ। ਉਹ ਰੇਖਾ ਸੱਜੇ ਪਾਸੇ ਹੇਠਾਂ ਵੱਲ ਝੁਕੀ ਹੋਈ ਹੈ। ਔਸਤ ਸਥਿਰ ਲਾਗਤ ਵਕ੍ਰ ਦੇ ਹੇਠਾਂ ਵੱਲ ਡਿੱਗਣ ਦੀ ਪ੍ਰਵਿਰਤੀ ਤੋਂ ਇਹ ਸਪੱਸ਼ਟ ਹੈ ਕਿ ਇਹ ਵਕ੍ਰ OX ਅਕਸ਼ ਨੂੰ ਕਿਤੇ ਨਾ ਕਿਤੇ ਜ਼ਰੂਰ ਛੂਹੇਗੀ ਪਰ ਅਜਿਹਾ ਸੰਭਵ ਨਹੀਂ ਹੈ ਕਿ ਜਿਸ ਬਿੰਦੂ 'ਤੇ AFC ਵਕ੍ਰ OX-ਅਕਸ਼ ਨੂੰ ਛੂਹੇਗਾ, ਉਥੇ AFC ਜ਼ੀਰੋ ਹੋਣੀ ਚਾਹੀਦੀ ਹੈ ਪਰ AFC ਜ਼ੀਰੋ ਕਦੇ ਨਹੀਂ ਹੋ ਸਕਦੀ, ਕਿਉਂਕਿ FC ਜ਼ੀਰੋ ਨਹੀਂ ਹੋ ਸਕਦੀ। ਇਸ ਤੋਂ ਸਿੱਧ ਹੁੰਦਾ ਹੈ ਕਿ ਉਤਪਾਦਨ ਵੱਧਣ 'ਤੇ ਔਸਤ ਸਥਿਰ ਲਾਗਤਾਂ ਘੱਟਦੀਆਂ ਜਾਂਦੀਆਂ ਹਨ। ਔਸਤ ਸਥਿਰ ਲਾਗਤ ਵਕ੍ਰ **ਰੈਕਟੈਂਗੂਲਰ ਹਾਈਪਰਬੋਲਾ** (Rectangular Hyperbola) ਹੁੰਦੀ ਹੈ, ਕਿਉਂਕਿ ਇਸ ਦੇ ਹਰੇਕ ਬਿੰਦੂ 'ਤੇ ਕੁੱਲ ਸਥਿਰ ਲਾਗਤ ਇਕ ਬਰਾਬਰ ਹੁੰਦੀ ਹੈ।



ਚਿੱਤਰ 9.5

(ii) ਔਸਤ ਪਰਿਵਰਤਨਸ਼ੀਲ ਲਾਗਤ (Average Variable Cost)

ਔਸਤ ਪਰਿਵਰਤਨਸ਼ੀਲ ਲਾਗਤ ਪ੍ਰਤੀ ਇਕਾਈ ਔਸਤ ਲਾਗਤ ਹੈ। ਇਸ ਦਾ ਅੰਦਾਜ਼ਾ ਕੁੱਲ ਪਰਿਵਰਤਨਸ਼ੀਲ ਲਾਗਤ ਨੂੰ ਉਤਪਾਦਨ ਦੀ ਮਾਤਰਾ ਨਾਲ ਭਾਗ ਦੇ ਕੇ ਲਗਾਇਆ ਜਾ ਸਕਦਾ ਹੈ। (Average variable cost is variable cost divided by output.) ਜਾਂ

$$AVC = \frac{TVC}{Q}$$

(ਇੱਥੇ AVC = ਔਸਤ ਪਰਿਵਰਤਨਸ਼ੀਲ ਲਾਗਤ; TVC = ਕੁੱਲ ਪਰਿਵਰਤਨਸ਼ੀਲ ਲਾਗਤ; Q = ਉਤਪਾਦਨ ਦੀ ਮਾਤਰਾ)
ਔਸਤ ਪਰਿਵਰਤਨਸ਼ੀਲ ਲਾਗਤ ਨੂੰ ਤਾਲਿਕਾ 5 ਅਤੇ ਚਿੱਤਰ 9.6 ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ।

ਤਾਲਿਕਾ 5. ਔਸਤ ਪਰਿਵਰਤਨਸ਼ੀਲ ਲਾਗਤ (Average Variable Cost)

ਉਤਪਾਦਨ (Output) (1)	ਕੁੱਲ ਪਰਿਵਰਤਨਸ਼ੀਲ ਲਾਗਤ (ਰੁਪਏ) (Total Variable Cost) (2)	ਔਸਤ ਪਰਿਵਰਤਨਸ਼ੀਲ ਲਾਗਤ (ਰੁਪਏ) (Average Variable Cost) (3) = (2 ÷ 1)
1	10	10
2	18	9

ਨੋਟ

3	24	8
4	28	7
5	32	6.4
6	38	6.3
7	46	6.6
8	62	7.8

ਤਾਲਿਕਾ 5 ਤੋਂ ਪਤਾ ਲੱਗਦਾ ਹੈ ਕਿ ਉਤਪਾਦਨ ਦੇ ਵਧਣ 'ਤੇ ਔਸਤ ਪਰਿਵਰਤਨਸ਼ੀਲ ਲਾਗਤ 6ਵੀਂ ਇਕਾਈ ਤੱਕ ਘੱਟ ਹੋ ਰਹੀ ਹੈ ਪਰ 7ਵੀਂ ਇਕਾਈ ਤੋਂ ਵਧਣ ਸ਼ੁਰੂ ਹੋ ਜਾਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਉਤਪਾਦਨ ਦੇ ਆਰੰਭ ਵਿੱਚ ਵੱਧਦੇ ਪ੍ਰਤੀਫਲ ਦਾ ਨਿਯਮ ਲਾਗੂ ਹੁੰਦਾ ਹੈ। ਇਸ ਲਈ ਔਸਤ ਪਰਿਵਰਤਨਸ਼ੀਲ ਲਾਗਤ ਘੱਟ ਹੁੰਦੀ ਜਾਂਦੀ ਹੈ। ਇਕ ਹੱਦ ਤੋਂ ਬਾਅਦ ਉਤਪਾਦਨ 'ਤੇ ਘੱਟਦੇ ਪ੍ਰਤੀਫਲ ਦਾ ਨਿਯਮ ਲਾਗੂ ਹੋਣ ਲੱਗਦਾ ਹੈ। ਇਸ ਲਈ ਇਹ ਲਾਗਤਾਂ ਵਧਣ ਲੱਗਦੀਆਂ ਹਨ।

ਚਿੱਤਰ 9.6 ਵਿੱਚ OX ਅਕਸ਼ 'ਤੇ ਉਤਪਾਦਨ ਦੀ ਮਾਤਰਾ ਅਤੇ OY ਅਕਸ਼ 'ਤੇ ਉਤਪਾਦਨ ਲਾਗਤ ਪ੍ਰਗਟ ਕੀਤੀ ਗਈ ਹੈ। AVC ਵਕ੍ਰ ਦੀ ਅਕ੍ਰਿਤੀ ਅੰਗਰੇਜ਼ੀ ਭਾਸ਼ਾ ਦੇ 'U' ਸ਼ਬਦ ਵਾਂਗ ਹੈ। ਪਹਿਲਾਂ ਇਹ ਵਕ੍ਰ 6 ਇਕਾਈਆਂ ਤੱਕ ਹੇਠਾਂ ਵੱਲ ਡਿੱਗ ਰਹੀ ਹੈ। ਇਸ ਦਾ ਅਰਥ ਹੈ ਕਿ ਉਤਪਾਦਨ ਦੀ ਮਾਤਰਾ ਵਧਣ 'ਤੇ ਔਸਤ ਪਰਿਵਰਤਨਸ਼ੀਲ ਲਾਗਤ ਘੱਟ ਹੋ ਰਹੀ ਹੈ। 7ਵੀਂ ਇਕਾਈ ਤੋਂ ਇਹ ਵਕ੍ਰ ਉਪਰ ਵੱਲ ਉਠ ਰਿਹਾ ਹੈ। ਇਸ ਦਾ ਅਰਥ ਇਹ ਹੋਇਆ ਕਿ ਔਸਤ ਪਰਿਵਰਤਨਸ਼ੀਲ ਲਾਗਤਾਂ ਵੱਧ ਰਹੀਆਂ ਹਨ। ਚਿੱਤਰ 9.6 ਤੋਂ ਪਤਾ ਲੱਗਦਾ ਹੈ ਕਿ AVC ਰੇਖਾ U ਅਕਾਰ ਦੀ ਹੈ ਅਤੇ ਆਰੰਭ ਤੋਂ ਔਸਤ ਘੱਟਦੀਆਂ–ਵੱਧਦੀਆਂ ਲਾਗਤਾਂ ਘੱਟ ਹੋ ਰਹੀਆਂ ਹਨ। ਇਸ ਤੋਂ ਬਾਅਦ ਇਕ ਨਿਊਨਤਮ ਬਿੰਦੂ ਤੱਕ ਪਹੁੰਚ ਗਈਆਂ ਹਨ ਅਤੇ ਫਿਰ 7ਵੀਂ ਇਕਾਈ ਤੋਂ ਬਾਅਦ ਇਹ ਰੇਖਾ ਉਪਰ ਵੱਲ ਉਠਣ ਲੱਗਦੀ ਹੈ ਅਤੇ ਪਰਿਵਰਤਨਸ਼ੀਲ ਲਾਗਤਾਂ ਵੱਧ ਰਹੀਆਂ ਹਨ। ਔਸਤ ਪਰਿਵਰਤਨਸ਼ੀਲ ਲਾਗਤਾਂ ਦਾ U ਅਕਾਰ ਦਾ ਹੋਣਾ **ਘਟਦੇ-ਵੱਧਦੇ ਪ੍ਰਤੀਫਲ ਦੇ ਨਿਯਮ** (Law of Variable Proportion) 'ਤੇ ਨਿਰਭਰ ਕਰਦੀ ਹੈ। ਕਿਸੇ ਵਸਤੂ ਦੇ ਉਤਪਾਦਨ ਦੀ ਅਰੰਭਿਕ ਸਥਿਤੀ ਵਿੱਚ ਔਸਤ ਪਰਿਵਰਤਨਸ਼ੀਲ ਲਾਗਤਾਂ ਘੱਟ ਹੁੰਦੀਆਂ ਹਨ ; ਇਸ ਤੋਂ ਬਾਅਦ ਬਰਾਬਰ ਹੋ ਜਾਂਦੀਆਂ ਹਨ ਅਤੇ ਅੰਤ ਵਿੱਚ ਵਧਣ ਲੱਗਦੀਆਂ ਹਨ।



ਚਿੱਤਰ 9.6

(iii) ਔਸਤ ਕੁੱਲ ਲਾਗਤ ਜਾਂ ਔਸਤ ਲਾਗਤ (Average Total Cost or Average Cost)

ਕਿਸੇ ਵਸਤੂ ਦੀ ਪ੍ਰਤੀ ਇਕਾਈ ਲਾਗਤ ਨੂੰ ਔਸਤ ਲਾਗਤ ਕਿਹਾ ਜਾਂਦਾ ਹੈ।

ਫਰਗੁਸਨ ਦੇ ਅਨੁਸਾਰ, **''ਕੁੱਲ ਲਾਗਤ ਨੂੰ ਉਤਪਾਦਨ ਦੀ ਮਾਤਰਾ ਨਾਲ ਭਾਗ ਦੇਣ 'ਤੇ ਔਸਤ ਲਾਗਤ ਪਤਾ ਲੱਗਦੀ ਹੈ।''**
(Average cost is total cost divided by output.) **—Ferguson.**

ਨੋਟ

ਅਸੀਂ ਔਸਤ ਲਾਗਤ ਨੂੰ ਔਸਤ ਸਥਿਰ ਅਤੇ ਔਸਤ ਪਰਿਵਰਤਨਸ਼ੀਲ ਲਾਗਤ ਦੇ ਯੋਗ ਦੇ ਰੂਪ ਵਿੱਚ ਵੀ ਪ੍ਰਭਾਸ਼ਿਤ ਕਰ ਸਕਦੇ ਹਾਂ। ਇਹ ਸਾਰੇ ਸਥਿਰ ਅਤੇ ਪਰਿਵਰਤਨਸ਼ੀਲ ਸਾਧਨਾਂ ਦੀ ਪ੍ਰਤੀ ਇਕਾਈ ਔਸਤ ਲਾਗਤ ਦਾ ਨਾਪ ਹੈ। ਇਸ ਨੂੰ ਹੇਠ ਲਿਖੇ ਢੰਗ ਨਾਲ ਖਰਚ ਕੀਤਾ ਜਾ ਸਕਦਾ ਹੈ–

$$AC = \frac{TC}{Q} = AFC + AVC$$

(ਇੱਥੇ AC = ਔਸਤ ਲਾਗਤ, TC = ਕੁੱਲ ਲਾਗਤ, Q = ਉਤਪਾਦਨ ਦੀ ਮਾਤਰਾ ਹੈ, AFC = ਔਸਤ ਬੱਝੀ ਲਾਗਤ, AVC = ਔਸਤ ਪਰਿਵਰਤਨਸ਼ੀਲ ਲਾਗਤ)

ਮੰਨ ਲਓ ਕਿਸੇ ਵਸਤੂ ਦੀਆਂ 6 ਇਕਾਈਆਂ ਦੀ ਕੁੱਲ ਲਾਗਤ 180 ਰੁਪਏ ਹੈ ਤਾਂ ਪ੍ਰਤੀ ਇਕਾਈ ਲਾਗਤ ਜਾਂ ਔਸਤ ਲਾਗਤ

$\frac{180}{6}$ = 30 ਰੁਪਏ ਹੋਵੇਗੀ।

ਔਸਤ ਲਾਗਤ ਦੀ ਤਾਲਿਕਾ 6 ਅਤੇ ਚਿੱਤਰ 9.7 ਦੀ ਸਹਾਇਤਾ ਨਾਲ ਵਿਆਖਿਆ ਕੀਤੀ ਜਾ ਸਕਦੀ ਹੈ।

ਤਾਲਿਕਾ 6. ਔਸਤ ਕੁੱਲ ਲਾਗਤ (Average Total Cost)

ਉਤਪਾਦਨ ਦੀ ਮਾਤਰਾ (Output)	ਔਸਤ ਸਥਿਰ ਲਾਗਤ (ਰੁਪਏ) AFC	ਔਸਤ ਪਰਿਵਰਤਨਸ਼ੀਲ ਲਾਗਤ (ਰੁਪਏ) AVC	ਔਸਤ ਲਾਗਤ (ਰੁਪਏ) AC = AVC + AFC
1	10	10	20
2	5	9	14
3	3.3	8	11.3
4	2.5	7.0	9.5
5	2.0	6.4	8.4
6	1.7	6.3	8
7	1.4	6.6	8
8	1.2	7.8	9

ਤਾਲਿਕਾ 6 ਵਿੱਚ ਔਸਤ ਪਰਿਵਰਤਨਸ਼ੀਲ ਲਾਗਤ ਅਤੇ ਔਸਤ ਸਥਿਰ ਲਾਗਤ ਨੂੰ ਜੋੜਨ ਨਾਲ ਔਸਤ ਲਾਗਤ ਦਾ ਅੰਦਾਜ਼ਾ ਲਗਾਇਆ ਗਿਆ ਹੈ। 7ਵੀਂ ਇਕਾਈ ਤੱਕ ਔਸਤ ਲਾਗਤ ਘੱਟ ਹੋ ਰਹੀ ਹੈ, ਕਿਉਂਕਿ ਔਸਤ ਸਥਿਰ ਅਤੇ ਔਸਤ ਪਰਿਵਰਤਨਸ਼ੀਲ ਲਾਗਤਾਂ ਵੀ ਘੱਟ ਹੋ ਰਹੀਆਂ ਹਨ। 7ਵੀਂ ਇਕਾਈ ਦੀ ਔਸਤ ਲਾਗਤ **ਨਿਊਨਤਮ** (Minimum) ਹੋ ਗਈ ਹੈ, ਇਸ ਤੋਂ ਬਾਅਦ ਔਸਤ ਲਾਗਤ ਵੱਧ ਰਹੀ ਹੈ, ਕਿਉਂਕਿ ਔਸਤ ਘਟਦੀ–ਵੱਧਦੀ ਲਾਗਤ (AVC) ਵੀ ਵੱਧ ਰਹੀ ਹੈ।

ਔਸਤ ਲਾਗਤ ਨੂੰ ਚਿੱਤਰ 9.7 ਨਾਲ ਵੀ ਸਪੱਸ਼ਟ ਕੀਤਾ ਜਾ ਸਕਦਾ ਹੈ। ਚਿੱਤਰ 9.7 ਵਿੱਚ OX ਅਕਸ਼ 'ਤੇ ਉਤਪਾਦਨ ਅਤੇ OY ਅਕਸ਼ 'ਤੇ ਲਾਗਤ ਪ੍ਰਗਟ ਕੀਤੀ ਗਈ ਹੈ। AC ਵਕ੍ਰ ਔਸਤ ਲਾਗਤ ਨੂੰ ਪ੍ਰਗਟ ਕਰ ਰਹੀ ਹੈ। ਇੱਥੇ ਵਕ੍ ਅੰਗਰੇਜ਼ੀ ਭਾਸ਼ਾ ਦੇ 'U' ਸ਼ਬਦ ਦੀ ਤਰ੍ਹਾਂ ਹੈ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਉਤਪਾਦਨ ਦੀ ਮਾਤਰਾ ਵਧਾਉਣ 'ਤੇ ਆਰੰਭ ਵਿੱਚ ਔਸਤ ਲਾਗਤ ਘੱਟ ਹੁੰਦੀ ਹੈ। ਇਕ ਹੱਦ ਤੋਂ ਬਾਅਦ ਇਹ ਵੱਧਦੀ ਆਰੰਭ ਹੋ ਜਾਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਆਰੰਭ ਵਿੱਚ ਜਦੋਂ ਉਤਪਾਦਨ ਵਿੱਚ ਵਾਧਾ ਕੀਤਾ ਜਾਂਦਾ ਹੈ ਤਾਂ ਵੱਧਦੇ ਪ੍ਰਤੀਫਲ ਜਾਂ ਘੱਟਦੀ ਲਾਗਤ ਦਾ ਨਿਯਮ ਲਾਗੂ ਹੁੰਦਾ ਹੈ। ਇਕ ਹੱਦ ਤੋਂ ਬਾਅਦ ਉਤਪਾਦਨ ਵਧਾਉਣ 'ਤੇ ਘੱਟਦੇ ਪ੍ਰਤੀਫਲ ਜਾਂ ਵੱਧਦੀ ਲਾਗਤ ਦਾ ਨਿਯਮ ਲਾਗੂ ਹੋ ਜਾਂਦਾ ਹੈ। ਇਸ ਲਈ ਇਹ ਵਕ੍ਰ ਉਪਰ ਵੱਲ ਉਠਣ ਲੱਗਦਾ ਹੈ।

ਨੋਟ



ਚਿੱਤਰ 9.7

9.6 ਘੱਟ ਸਮਾਂ ਔਸਤ ਲਾਗਤ ਵਕ੍ਰ 'U' ਆਕਾਰ ਦੀ ਕਿਉਂ ਹੁੰਦੀ ਹੈ? (Why is the Short Run Average Cost Curve 'U' Shaped?)

ਘੱਟ ਸਮਾਂ ਔਸਤ ਲਾਗਤ ਵਕ੍ਰ 'U' ਆਕਾਰ ਦੀ ਹੁੰਦੀ ਹੈ। ਇਸ ਦਾ ਭਾਵ ਇਹ ਹੋਇਆ ਕਿ ਇਹ ਵਕ੍ਰ ਪਹਿਲਾਂ ਹੇਠਾਂ ਵੱਲ ਡਿੱਗਦੀ ਹੈ। ਇਸ ਦੇ ਬਾਅਦ ਇਕ ਨਿਊਨਤਮ ਬਿੰਦੂ 'ਤੇ ਪਹੁੰਚਦਾ ਹੈ ਅਤੇ ਫਿਰ ਉਪਰ ਉਠਣ ਲੱਗਦਾ ਹੈ। ਔਸਤ ਲਾਗਤ ਵਕ੍ਰ ਦੇ U ਆਕਾਰ ਦ ਹੋਣ ਦੀ ਵਿਆਖਿਆ ਹੇਠ ਲਿਖਿਆਂ ਤਿੰਨ ਤਰ੍ਹਾਂ ਨਾਲ ਕੀਤੀ ਜਾ ਸਕਦੀ ਹੈ–

(i) ਔਸਤ ਸਥਿਰ ਲਾਗਤ ਅਤੇ ਔਸਤ ਪਰਿਵਰਤਨਸ਼ੀਲ ਲਾਗਤ ਦਾ ਅੰਦੂਰਨੀ ਕਾਰ-ਵਿਹਾਰ (Interaction of Average Fixed Cost and Average Variable Cost)–ਔਸਤ ਲਾਗਤ (AC), ਔਸਤ ਸਥਰਿ ਲਾਗਤ (AFC) ਅਤੇ ਔਸਤ ਪਰਵਰਤਨਸ਼ੀਲ ਲਾਗਤ (AVC) ਦਾ ਜੋੜ ਹੈ। ਉਤਪਾਦਨ ਵਿੱਚ ਜਿਵੇਂ–ਜਿਵੇਂ ਵਾਧਾ ਹੁੰਦਾ ਜਾਂਦਾ ਹੈ ਔਸਤ ਸਥਿਰ ਲਾਗਤ ਘੱਟਦੀ ਜਾਂਦੀ ਹੈ, ਔਸਤ ਪਰਿਵਰਤਨਸ਼ੀਲ ਲਾਗਤ ਵਿੱਚ ਵੀ ਸ਼ੁਰੂ ਵਿੱਚ ਕਮੀ ਆਉਂਦੀ ਹੈ। ਇਸ ਲਈ ਸ਼ੁਰੂ ਵਿੱਚ ਔਸਤ ਲਾਗਤ ਵੀ ਘੱਟਦੀ ਜਾਂਦੀ ਹੈ ਜਿਵੇਂ ਕਿ ਚਿੱਤਰ 9.7 ਦੇ A ਬਿੰਦੂ ਤੱਕ ਔਸਤ ਲਾਗਤ ਵਕ੍ਰ ਹੇਠਾਂ ਵੱਲ ਡਿੱਗ ਰਿਹਾ ਹੈ। ਔਸਤ ਲਾਗਤ ਵਕ੍ਰ ਡਿੱਗਦੇ–ਡਿੱਗਦੇ A ਬਿੰਦੂ 'ਤੇ ਨਿਊਨਤਮ ਹੋ ਗਈ ਹੈ। ਇਸ ਸਥਿਤੀ ਵਿੱਚ ਫਰਮ ਦੀ ਉਤਪਾਦਨ ਸਮਰਥਾ ਦਾ ਪੂਰਾ ਇਸਤੇਮਾਲ ਹੋਣ ਲੱਗਾ ਹੈ। ਉਤਪਾਦਨ ਦੀ ਇਸ ਮਾਤਰਾ ਨੂੰ **ਆਦਰਸ਼ ਉਤਪਾਦਨ** (Optimum Output) ਵੀ ਕਹਿੰਦੇ ਹਨ। ਉਤਪਾਦਨ ਦੀ ਮਾਤਰਾ ਨੂੰ ਇਸ ਹੱਦ ਨਾਲ ਅੱਗੇ ਵਧਾਉਣ 'ਤੇ ਜਦ ਕਿ ਔਸਤ ਸਥਿਰ ਲਾਗਤ ਵਕ੍ਰ (AFC) ਤਾਂ ਡਿੱਗ ਜਾਂਦੀ ਹੈ ਪਰ ਔਸਤ ਪਰਿਵਰਤਨਸ਼ੀਲ ਲਾਗਤ ਵਕ੍ਰ (AVC) ਵਿੱਚ ਵਾਧਾ ਹੋਣ ਲੱਗੇਗਾ। ਇਸ ਦੇ ਫਲਸਰੂਪ ਔਸਤ ਲਾਗਤ ਵਕ੍ਰ ਵੀ ਉਪਰ ਵੱਲ ਉਠਣ ਲੱਗਦਾ ਹੈ। **ਇਸ ਦਾ ਕਾਰਨ ਇਹ ਹੈ ਕਿ AVC ਦੇ ਵੱਧਣ ਦੀ ਦਰ AFC ਦੇ ਘੱਟਣ ਦੀ ਦਰ ਤੋਂ ਕਿਤੇ ਜ਼ਿਆਦਾ ਹੈ।** ਇਸ ਦੇ ਨਤੀਜੇ ਵਜੋਂ ਕੁੱਲ ਪ੍ਰਭਾਵ ਔਸਤ ਲਾਗਤ ਦੇ ਵੱਧਣ ਅਤੇ AC ਵਕ੍ਰ ਦੇ ਉਪਰ ਵੱਲ ਉਠਣ ਦੇ ਰੂਪ ਵਿੱਚ ਆਉਂਦਾ ਹੈ। ਇਸ ਤਰ੍ਹਾਂ ਔਸਤ ਲਾਗਤ ਵਕ੍ਰ, ਔਸਤ ਪਰਿਵਰਤਨਸ਼ੀਲ ਲਾਗਤਾਂ ਅਤੇ ਔਸਤ ਸਥਿਰ ਲਾਗਤਾਂ ਦਾ ਜੋੜ ਹੋਣ ਦੇ ਕਾਰਨ ਪਹਿਲਾਂ ਹੇਠਾਂ ਡਿੱਗਦੀ ਹੈ ਇਸ ਦੇ ਬਾਅਦ ਨਿਊਨਤਮ ਲਾਗਤਾਂ ਅਤੇ ਔਸਤ ਸਥਿਰ ਲਾਗਤਾਂ ਦਾ ਜੋੜ ਹੋਣ ਦੇ ਕਾਰਨ ਪਹਿਲਾਂ ਹੇਠਾਂ ਡਿੱਗਦਾ ਹੈ, ਇਸ ਦੇ ਬਾਅਦ ਨਿਊਨਤਮ ਬਿੰਦੂ 'ਤੇ ਪਹੁੰਚਦੀ ਹੈ ਫਿਰ ਇਸ ਦੇ ਬਾਅਦ ਸ਼ੁਰੂ ਹੋ ਜਾਂਦੀ ਹੈ।

(ii) ਘੱਟਦੇ-ਵੱਧਦੇ ਅਨੁਪਾਤ ਦੇ ਨਿਯਮ ਦਾ ਲਾਗੂ ਹੋਣਾ (Application of the Law of Variable Proportions)–ਘੱਟ ਸਮੇਂ ਵਿੱਚ ਉਤਪਾਦਨ ਦੇ ਕਿਸੇ ਇਕ ਸੀਮਿਤ ਸਾਧਨ ਦੇ ਨਾਲ ਹੋਰ ਘੱਟਦੇ–ਵੱਧਦੇ ਸਾਧਨਾਂ ਦਾ ਇਸਤੇਮਾਲ ਕਰਨ ਨਾਲ ਉਤਪਾਦਨ ਘੱਟਦੇ–ਵੱਧਦੇ ਅਨੁਪਾਤ ਦੇ ਨਿਯਮ ਅਨੁਸਾਰ ਹੁੰਦਾ ਹੈ। ਸ਼ੁਰੂ ਵਿੱਚ ਜਦੋਂ ਇਕ ਸਥਿਰ ਸਾਧਨ ਦੇ ਨਾਲ ਪਰਿਵਰਤਨਸ਼ੀਲ ਸਾਧਨਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਸਥਿਰ ਦਾ ਜ਼ਿਆਦਾ ਕੁਸ਼ਲਤਾਪੂਰਵਕ ਇਸਤੇਮਾਲ ਹੋਣ ਲੱਗਦਾ ਹੈ। ਇਸ ਦੇ ਫਲਸਰੂਪ ਔਸਤ ਲਾਗਤ ਘੱਟ ਹੋਣ ਲੱਗਦੀ ਹੈ। ਚਿੱਤਰ 9.7 ਤੋਂ ਪਤਾ ਲੱਗਦਾ ਹੈ ਕਿ A ਬਿੰਦੂ ਤੋਂ ਪਹਿਲਾਂ ਉਤਪਾਦਨ 'ਤੇ **ਵੱਧਦੇ ਪ੍ਰਤੀਫਲ ਜਾਂ ਘੱਟਦੀ ਲਾਗਤ ਦਾ ਨਿਯਮ** (Law of Increasing Returns of Law of Diminishing Costs) ਲਾਗੂ ਹੋਣ ਲੱਗਦਾ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਉਤਪਾਦਨ ਦੇ

ਨੋਟ

ਸਥਿਰ ਸਾਧਨਾਂ ਦਾ ਜ਼ਿਆਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਇਹ ਸਥਿਤੀ ਕੁਝ ਹੱਦ ਤੱਕ ਬਣੀ ਰਹਿੰਦੀ ਹੈ ਅਤੇ ਫਿਰ ਇਕ ਹੱਦ ਦੇ ਬਾਅਦ ਉਤਪਾਦਨ 'ਤੇ **ਬਰਾਬਰ ਪ੍ਰਤੀਫਲ ਜਾਂ ਬਰਾਬਰ ਲਾਗਤ ਦਾ ਨਿਯਮ** (Law of Constant Returns or Constant Cost) ਲਾਗੂ ਹੋ ਸਕਦਾ ਹੈ, ਇਹ ਸਥਿਤੀ ਬਿੰਦੂ A 'ਤੇ ਨਜ਼ਰ ਆ ਰਹੀ ਹੈ। ਬਿੰਦੂ A ਦੇ ਬਾਅਦ ਜਦੋਂ ਸਥਿਰ ਸਾਧਨਾਂ ਦੀ ਪੂਰਨ ਸਮਰੱਥਾ ਦਾ ਇਸਤੇਮਾਲ ਹੋਣ ਲੱਗਦਾ ਹੈ ਤਾਂ ਪਰਿਵਰਤਨਸ਼ੀਲ ਸਾਧਨਾਂ ਦਾ ਜ਼ਿਆਦਾ ਇਸਤੇਮਾਲ ਕਰਨ ਨਾਲ ਉਨ੍ਹਾਂ ਦਾ ਹੋਰ ਬੱਝੇ ਸਾਧਨਾਂ ਦਾ ਪਰਿਵਰਤਨਸ਼ੀਲ ਸਾਧਨ ਦੀ ਕਾਰਜਕੁਸ਼ਲਤਾ ਘੱਟ ਹੋ ਜਾਂਦੀ ਹੈ। ਉਤਪਾਦਨ ਵਿੱਚ ਹੋਣ ਵਾਲਾ ਵਾਧੇ ਵਾਧੇ ਦੀ ਦਰ ਘੱਟਣ ਲੱਗਦੀ ਹੈ ਅਤੇ ਉਤਪਾਦਨ 'ਤੇ **ਘੱਟਦੇ ਪ੍ਰਤੀਫਲ ਜਾਂ ਵੱਧਦੀ ਲਾਗਤ ਦਾ ਨਿਯਮ** (Law of Diminishing Returns or Law of Increasing Costs) ਲਾਗੂ ਹੋਣ ਲੱਗਦਾ ਹੈ। ਵੱਧਦੀ ਲਾਗਤ ਦੇ ਨਿਯਮ ਦੇ ਲਾਗੂ ਹੋਣ ਦੇ ਕਾਰਨ ਬਿੰਦੂ A ਦੇ ਬਾਅਦ ਔਸਤ ਲਾਗਤ ਉਪਰ ਵੱਲ ਉਠਣ ਲੱਗਦੀ ਹੈ।

ਔਸਤ ਲਾਗਤ ਵਕ੍ਰ ਦੇ U ਆਕਾਰ ਹੋਣ ਦਾ ਕਾਰਨ ਸਾਧਨ ਦੇ ਪ੍ਰਤੀਫਲ ਦਾ ਲਾਗੂ ਹੋਣਾ ਹੈ। ਔਸਤ ਲਾਗਤ ਵਕ੍ਰ ਦੇ ਡਿੱਗਣ ਦੀ ਪ੍ਰਵਿਰਤੀ ਵੱਧਦੇ ਪ੍ਰਤੀਫਲ ਦੇ ਕਾਰਨ ਹੈ, ਇਸ ਦੀ ਸਥਿਰ ਰਹਿਣ ਦੀ ਸਥਿਤੀ ਪ੍ਰਤੀਫਲ ਦੇ ਕਾਰਨ ਹੈ ਅਤੇ ਅੰਤ ਵਿੱਚ ਉਪਰ ਉਠਣ ਦੀ ਪ੍ਰਵਿਰਤੀ ਘੱਟਦੇ ਪ੍ਰਤੀਫਲ ਦੇ ਕਾਰਨ ਹਨ।

9.7 ਸੀਮਾਂਤ ਲਾਗਤ (Marginal Cost)

ਕਿਸੇ ਵਸਤੂ ਦੀ ਇਕ ਹੋਰ ਇਕਾਈ ਦਾ ਉਤਪਾਦਨ ਕਰਨ ਨਾਲ ਕੁਲ ਲਾਗਤ ਵਿੱਚ ਜੋ ਅੰਤਰ ਆਉਂਦਾ ਹੈ ਉਸ ਨੂੰ ਸੀਮਿਤ ਲਾਗਤ ਕਹਿੰਦੇ ਹਨ। ਇਸ ਨੂੰ ਹੇਠ ਲਿਖੇ ਸੂਤਰਾਂ ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ। ਮੰਨ ਲਓ 5 ਵਸਤੂਆਂ ਦੀ ਕੁਲ ਲਾਗਤ 135 ਰੁਪਏ ਹੈ ਅਤੇ 6 ਵਸਤੂਆਂ ਦੀ ਕੁਲ ਲਾਗਤ 180 ਰੁਪਏ ਹੈ ਅਤੇ ਛੇਵੀਂ ਵਸਤੂ ਦੀ ਸੀਮਿਤ ਲਾਗਤ ਇਸ ਤਰ੍ਹਾਂ ਕੱਢੀ ਜਾ ਸਕਦੀ ਹੈ।

ਸੀਮਿਤ ਲਾਗਤ = 180 ਰੁਪਏ – 135 ਰੁਪਏ = 45 ਰੁਪਏ

ਅਤੇ ਛੇਵੀਂ ਇਕਾਈ ਦੀ ਸੀਮਿਤ ਲਾਗਤ 45 ਰੁਪਏ ਹੋਵੇਗੀ।

ਮੈਕੋਨਲ ਦੇ ਅਨੁਸਾਰ, "**ਸੀਮਿਤ ਲਾਗਤ ਦੀ ਪ੍ਰੀਭਾਸ਼ਾ ਵਸਤੂ ਦੀ ਇਕ ਜ਼ਿਆਦਾ ਇਕਾਈ ਦਾ ਉਤਪਾਦਨ ਕਰਨ ਦੀ ਹੋਰ ਲਾਗਤ ਦੇ ਰੂਪ ਵਿੱਚ ਕੀਤੀ ਜਾ ਸਕਦੀ ਹੈ**" (Marginal cost may be defined as the additional cost of producing one more unit of output.) —**Mc Connell.**

ਫਰਗੁਸਨ ਦੇ ਅਨੁਸਾਰ, "**ਉਤਪਾਦਨ ਵਿੱਚ ਇਕ ਇਕਾਈ ਦਾ ਵਾਧਾ ਕਰਨ ਨਾਲ ਕੁੱਲ ਲਾਗਤ ਵਿੱਚ ਜੋ ਵਾਧਾ ਹੁੰਦਾ ਹੈ ਉਸ ਨੂੰ ਸੀਮਿਤ ਲਾਗਤ ਕਹਿੰਦੇ ਹਨ।**" (Marginal cost is the addition to total cost due to the addition of one unit of output.) —**Ferguson.**

ਕੁਲ ਲਾਗਤ ਵਿੱਚ ਪਰਿਵਰਤਨ ਉਤਪਾਦਨ ਵਿੱਚ ਪਰਿਵਰਤਨ ਨਾਲ ਵੰਡ ਕਰਕੇ ਜਾਂ n ਇਕਾਈਆਂ ਦੀ ਕੁੱਲ ਲਾਗਤ ਵਿੱਚੋਂ n-1 ਇਕਾਈਆਂ ਦੀ ਕੁੱਲ ਲਾਗਤ ਨੂੰ ਘਟਾ ਕੇ ਸੀਮਿਤ ਲਾਗਤ ਨੂੰ ਪਤਾ ਕੀਤਾ ਜਾ ਸਕਦਾ ਹੈ। ਇਸ ਨੂੰ ਹੇਠ ਲਿਖੇ ਸੂਤਰਾਂ ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ–

$$MC = \frac{\Delta TC}{\Delta Q} = TC_n - TC_{n-1}$$

(ਇੱਥੇ MC = ਸੀਮਿਤ ਲਾਗਤ, TC_n = n ਮਾਤਰਾ ਦੀ ਕੁਲ ਲਾਗਤ, TC_{n-1} =n-1 ਮਾਤਰਾ ਦੀ ਕੁੱਲ ਲਾਗਤ ΔTC = ਕੁੱਲ ਲਾਗਤ ਵਿੱਚ ਪਰਿਵਰਤਨ ਅਤੇ ΔQ = ਉਤਪਾਦਨ ਦੀ ਮਾਤਰਾ ਵਿੱਚ ਪਰਿਵਰਤਨ)

$\Delta FC = 0$

ਇਸ ਦਾ ਕਾਰਨ ਇਹ ਹੈ ਕਿ ਪ੍ਰੀਭਾਸ਼ਾ ਦੇ ਅਨੁਸਾਰ ਸਥਿਰ ਲਾਗਤ ਵਿੱਚ ਪਰਿਵਰਤਨ ਨਹੀਂ ਹੁੰਦਾ।

ਇਹ ਧਿਆਨ ਰੱਖਣਾ ਚਾਹੀਦਾ ਹੈ ਕਿਉਂਕਿ ਸਥਿਰ ਲਾਗਤ (FC) ਵਿੱਚ ਉਤਪਾਦਨ ਵਿੱਚ ਹੋਣ ਵਾਲੇ ਪਰਿਵਰਤਨ ਦੇ ਨਾਲ ਪਰਿਵਰਤਨ ਨਹੀਂ ਹੁੰਦਾ, ਇਸ ਲਈ $\frac{\Delta FC}{\Delta Q}$ ਹਮੇਸ਼ਾ ਜ਼ੀਰੋ ਦੇ ਬਰਾਬਰ ਹੁੰਦੀ ਹੈ। ਇਸ ਲਈ ਫਰਮ ਦੀ ਸੀਮਿਤ ਲਾਗਤ 'ਤੇ ਉਸ

ਨੋਟ

ਦੀ ਸਥਿਰ ਲਾਗਤ ਦਾ ਪ੍ਰਭਾਵ ਨਹੀਂ ਪੈਂਦਾ। ਸੀਮਿਤ ਲਾਗਤ 'ਤੇ ਕੁੱਲ ਪਰਿਵਰਤਨਸ਼ੀਲ ਲਾਗਤ (VC) ਦਾ ਪ੍ਰਭਾਵ ਪੈਂਦਾ ਹੈ। ਇਸ ਦਾ ਅੰਦਾਜ਼ਾ ਕੁੱਲ ਪਰਿਵਰਤਨਸ਼ੀਲ ਲਾਗਤ ਵਿੱਚ ਹੋਣ ਵਾਲੇ ਪਰਿਵਰਤਨ (ΔVC) ਨੂੰ ਉਤਪਾਦਨ ਦੀ ਮਾਤਰਾ ਵਿੱਚ ਹੋਣ ਵਾਲੇ ਪਰਿਵਰਤਨ (ΔQ) ਨਾਲ ਭਾਗ ਦੇ ਕੇ ਲਗਾਇਆ ਜਾ ਸਕਦਾ ਹੈ।

$$MC = \frac{\Delta TC}{\Delta Q} = \frac{\Delta FC}{\Delta Q} + \frac{\Delta VC}{\Delta Q} = \frac{\Delta VC}{\Delta Q}, \therefore \frac{\Delta FC}{\Delta Q} = 0$$

ਸੀਮਿਤ ਲਾਗਤ ਦੀ ਧਾਰਨਾ ਦੀ ਵਿਆਖਿਆ ਤਾਲਿਕਾ 7 ਅਤੇ ਚਿੱਤਰ 9.8 ਦੀ ਸਹਾਇਤਾ ਨਾਲ ਕੀਤੀ ਜਾ ਸਕਦੀ ਹੈ।

ਤਾਲਿਕਾ 7. ਸੀਮਿਤ ਲਾਗਤ (Marginal Cost)

ਉਤਪਾਦਨ	ਕੁਲ ਲਾਗਤ (ਰੁਪਏ)	ਸੀਮਿਤ ਲਾਗਤ (ਹਰੁਪਏ)
(Unit of Output)	(Total Cost)	(Marginal Cost)
1	20	20 – 0 = 20
2	28	28 – 20 = 8
3	34	34 – 28 = 6
4	38	38– 34 = 4
5	42	42 –38 = 4
6	48	48 –42 = 6
7	56	56 – 48 = 8
8	72	72 – 56 = 16



ਚਿੱਤਰ 9.8

ਤਾਲਿਕਾ 7 ਤੋਂ ਪਤਾ ਲੱਗਦਾ ਹੈ ਕਿ ਪਹਿਲੀ ਇਕਾਈ ਦਾ ਉਤਪਾਦਨ ਕਰਨ ਨਾਲ ਕੁੱਲ ਲਾਗਤ ਵਿੱਚ 20 ਰੁਪਏ ਦਾ ਵਾਧਾ ਹੁੰਦਾ ਹੈ ਅਤੇ ਪਹਿਲੀ ਇਕਾਈ ਦੀ ਸੀਮਿਤ ਲਾਗਤ 20 ਰੁਪਏ ਦੀ ਹੋਵੇਗੀ। ਦੂਸਰੀ ਇਕਾਈ ਦੀ ਸੀਮਿਤ ਲਾਗਤ (28 ਰੁ.–20 ਰੁ.) =8 ਰੁ. ਹੋਵੇਗੀ ਅਤੇ ਤੀਸਰੀ ਇਕਾਈ ਦੀ ਸੀਮਿਤ ਲਾਗਤ (34 ਰੁ. –28 ਰੁ.) =6 ਰੁਪਏ ਹੋਵੇਗੀ। ਇਸ ਤਾਲਿਕਾ ਤੋਂ ਸਪੱਸ਼ਟ ਹੁੰਦਾ ਹੈ ਕਿ ਉਤਪਾਦਨ ਦੇ ਵੱਧਣ ਨਾਲ ਪਹਿਲਾਂ ਸੀਮਿਤ ਲਾਗਤ ਘੱਟ ਹੁੰਦੀ ਹੇ। ਇਸ ਦਾ ਬਾਅਦ ਇਹ ਵੱਧਣ ਲੱਗਦੀ ਹੈ।

ਸੀਮਿਤ ਲਾਗਤ ਨੂੰ ਚਿੱਤਰ 9.8 ਨਾਲ ਵੀ ਸਪੱਸ਼ਟ ਕੀਤਾ ਜਾ ਸਕਦਾ ਹੈ। ਇਸ ਚਿੱਤਰ ਵਿੱਚ OX ਅਕਸ਼ 'ਤੇ ਉਤਪਾਦਨ ਅਤੇ OY ਅਕਸ਼ 'ਤੇ ਸੀਮਿਤ ਲਾਗਤ ਪ੍ਰਗਟ ਕੀਤੀ ਗਈ ਹੈ। MC ਵਕ੍ਰ ਸੀਮਿਤ ਲਾਗਤ ਵਕ੍ਰ ਹੈ। ਇਹ ਵਕ੍ਰ U ਦੇ ਆਕਾਰ ਦਾ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਉਤਪਾਦਨ ਦੇ ਸ਼ੁਰੂ ਵਿੱਚ ਸੀਮਿਤ ਲਾਗਤ ਘੱਟ ਹੋ ਰਹੀ ਹੈ ਇਸ ਦੇ ਬਾਅਦ ਵੱਧ ਰਹੀ ਹੈ।

ਨੋਟ

9.8 ਸੀਮਾਂਤ ਲਾਗਤ U- ਆਕਾਰ ਦੀ ਕਿਉਂ ਹੁੰਦੀ ਹੈ? (Why is MC Curve U-Shaped?)

ਸੀਮਿਤ ਲਾਗਤ ਕੁਲ ਲਾਗਤ ਜਾਂ ਪਰਿਵਰਤਨਸ਼ੀਲ ਲਾਗਤ (VC) ਵਿੱਚ ਇਕ ਇਕਾਈ ਜ਼ਿਆਦਾ ਜਾਂ ਘੱਟ ਦਾ ਉਤਪਾਦਨ ਕਰਨ ਦੇ ਕਾਰਨ ਹੋਣ ਵਾਲੇ ਪਰਿਵਰਤਨ ਨੂੰ ਪ੍ਰਗਟ ਕਰਦੀ ਹੈ। ਸ਼ੁਰੂ ਵਿੱਚ ਜਦੋਂ ਉਤਪਾਦਨ ਨੂੰ ਵਧਾਇਆ ਜਾਂਦਾ ਹੈ ਤਾਂ ਕੁਲ ਲਾਗਤ ਅਤੇ ਪਰਿਵਰਤਨਸ਼ੀਲ ਲਾਗਤ ਘੱਟਦੀ ਦਰ ਨਾਲ ਵੱਧਦੀ ਹੈ। ਇਸ ਦਾ ਕਾਰਨ ਇਹ ਹੈ ਕਿ ਉਤਪਾਦਨ ਦੇ ਸ਼ੁਰੂ ਵਿੱਚ ਵੱਧਦੇ ਪ੍ਰਤੀਫਲ ਦਾ ਨਿਯਮ ਲਾਗੂ ਹੁੰਦਾ ਹੈ। ਫਰਮ ਨੂੰ ਕਈ ਤਰ੍ਹਾਂ ਦੀਆਂ ਬੱਚਤਾਂ ਪ੍ਰਾਪਤ ਹੁੰਦੀਆਂ ਹਨ। ਇਸ ਦਾ ਪ੍ਰਭਾਵ ਇਹ ਹੁੰਦਾ ਹੈ ਕਿ ਹਰੇਕ **ਹੋਰ ਇਕਾਈ** (Additional Unit) ਦੀ ਲਾਗਤ ਪਿਛਲੀਆਂ ਇਕਾਈਆਂ ਦੇ ਮੁਕਾਬਲੇ ਘੱਟ ਹੁੰਦੀ ਜਾਂਦੀ ਹੈ, ਇਸ ਲਈ ਸ਼ੁਰੂ ਵਿੱਚ MC ਡਿੱਗਦੀ ਹੈ। ਇਕ ਨਿਸ਼ਚਿਤ ਹੱਦ ਦੇ ਬਾਅਦ ਕੁਲ ਲਾਗਤ ਅਤੇ ਪਰਿਵਰਤਨਸ਼ੀਲ ਲਾਗਤ ਵਿੱਚ ਹੋਣ ਵਾਲੇ ਵਾਧੇ ਦੀ ਦਰ ਨਿਊਨਤਮ ਹੋ ਜਾਂਦੀ ਹੈ ਤਾਂ MC ਵੀ ਨਿਊਨਤਮ ਹੁੰਦੀ ਹੈ। ਇਸ ਦੇ ਬਾਅਦ ਕੁਲ ਲਾਗਤ ਅਤੇ ਪਰਿਵਰਤਨਸ਼ੀਲ ਲਾਗਤ ਵੱਧਦੀ ਹੋਈ ਦਰ ਨਾਲ ਵੱਧਦੀ ਹੈ। ਇਸ ਦਾ ਕਾਰਨ ਇਹ ਹੈ ਕਿ ਉਤਪਾਦਨ ਵਿੱਚ ਘੱਟਦੇ ਪ੍ਰਤੀਫਲ ਦਾ ਨਿਯਮ ਲਾਗੂ ਹੋਣ ਲੱਗਦਾ ਹੈ। ਫਰਮ ਨੂੰ ਕਈ ਤਰ੍ਹਾਂ ਦੀਆਂ ਹਾਨੀਆਂ ਹੁੰਦੀਆਂ ਹਨ। ਹਰੇਕ ਹੋਰ ਇਕਾਈ ਦੀ ਲਾਗਤ ਪਿਛਲੀ ਇਕਾਈ ਦੀ ਲਾਗਤ ਤੋਂ ਜ਼ਿਆਦਾ ਹੁੰਦੀ ਹੈ ਇਸ ਲਈ MC ਵੀ ਵੱਧਦੀ ਹੈ। ਇਸ ਤਰ੍ਹਾਂ MC ਸ਼ੁਰੂ ਵਿੱਚ ਡਿੱਗਦੀ ਹੈ ਫਿਰ ਨਿਊਨਤਮ ਬਿੰਦੂ 'ਤੇ ਪਹੁੰਚਣ ਦੇ ਬਾਅਦ ਵੱਧਣ ਲੱਗਦੀ ਹੈ।

ਨੋਟਸ ਸੀਮਿਤ ਲਾਗਤ ਦੀ ਪ੍ਰੀਭਾਸ਼ਾ ਵਸਤੂ ਦੀ ਇਕ ਜ਼ਿਆਦਾ ਇਕਾਈ ਦਾ ਉਤਪਾਦਨ ਕਰਨ ਦੀ ਹੋਰ ਲਾਗਤ ਦੇ ਰੂਪ ਵਿੱਚ ਕੀਤੀ ਜਾ ਸਕਦੀ ਹੈ।

9.9 ਔਸਤ ਲਾਗਤ ਅਤੇ ਸੀਮਿਤ ਲਾਗਤ ਵਿੱਚ ਸਬੰਧ (Relation between Average Cost and Marginal Cost)

ਆਰਥਿਕ ਵਿਸ਼ਲੇਸ਼ਣ, ਵਿਸ਼ੇਸ਼ ਕਰਕੇ **ਵਸਤੂ ਕੀਮਤ ਨਿਰਧਾਰਣ** (Product-Pricing) ਦੇ ਅਧਿਐਨ ਵਿੱਚ ਔਸਤ ਲਾਗਤ ਅਤੇ ਸੀਮਿਤ ਲਾਗਤ ਦੇ ਆਪਸੀ ਸਬੰਧ ਦੀ ਵਿਸਥਾਰਪੂਰਵਕ ਵਿਆਖਿਆ ਬਹੁਤ ਜ਼ਰੂਰੀ ਹੈ। ਇਸ ਦੇ ਸਬੰਧ ਦੀ ਵਿਆਖਿਆ ਤਾਲਿਕਾ 8 ਨਾਲ ਕੀਤੀ ਗਈ ਹੈ–

ਤਾਲਿਕਾ 8. ਉਤਪਾਦਨ ਦੀ ਔਸਤ ਲਾਗਤ ਅਤੇ ਸੀਮਿਤ ਲਾਗਤ (Average Cost and Marginal Cost of Product)

ਉਤਪਾਦਨ	TC	FC	VC	AFC	AVC	AC	MC
0	10	10	0	∞	0	∞	∞
1	20	10	10	10	10	20	10
2	28	10	18	5	9	14	8
3	34	10	24	3.3	8	11.3	6
4	38	10	28	2.5	7	9.5	4
5	42	10	32	2.0	6.4	8.4	4
6	48	10	38	1.7	6.3	8	6
7	56	10	46	1.4	6.6	8	8
8	72	10	62	1.2	7.8	9	16

ਨੋਟ

1. **ਜਦੋਂ ਔਸਤ ਲਾਗਤ (AC) ਵਕ੍ਰ ਡਿੱਗਦੀ ਹੈ ਤਾਂ ਸੀਮਿਤ ਲਾਗਤ (MC) ਵਕ੍ਰ ਤੋਂ ਘੱਟ ਹੁੰਦੀ ਹੈ** (When AC Falls, MC is less than AC)– ਜਦੋਂ AC ਵਕ੍ਰ ਡਿੱਗਦੀ ਹੈ ਤਾਂ MC ਵਕ੍ਰ ਇਸ ਦੇ ਹੇਠਾਂ ਹੋਵੇਗੀ ਇਸ ਦਾ ਕਾਰਨ ਇਹ ਹੈ ਕਿ ਔਸਤ ਲਾਗਤ (AC), ਔਸਤ ਸਥਿਰ ਲਾਗਤ (AFC) ਅਤੇ ਔਸਤ ਪਰਿਵਰਤਨਸ਼ੀਲ ਲਾਗਤ (AVC) ਦਾ ਜੋੜ ਹੈ ਜਦੋਂ ਕਿ ਸੀਮਿਤ ਲਾਗਤ ਵਿੱਚ ਕੇਵਲ ਪਰਿਵਰਤਨਸ਼ੀਲ ਲਾਗਤ (VC) ਵਿੱਚ ਹੋਣ ਵਾਲੇ ਪਰਿਵਰਤਨ ਸ਼ਾਮਿਲ ਹੁੰਦੇ ਹਨ। ਚਿੱਤਰ 9.9 ਵਿੱਚ MC ਵਕ੍ਰ ਦਾ BF ਹਿੱਸਾ ਇਹ ਸਪੱਸ਼ਟ ਕਰਦਾ ਹੈ ਕਿ ਪਰਿਵਰਤਨਸ਼ੀਲ ਲਾਗਤ ਦੇ ਘੱਟ ਹੋਣ ਦੀ ਦਰ ਪਰਿਵਰਤਨਸ਼ੀਲ ਅਤੇ ਸਥਿਰ ਦੋਨੋਂ ਲਾਗਤਾਂ ਦੇ ਜੋੜ ਦੇ ਘੱਟ ਹੋਣ ਦੀ ਦਰ ਤੋਂ ਜ਼ਿਆਦਾ ਹੁੰਦੀ ਹੈ। ਚਿੱਤਰ 9.9 ਤੋਂ ਇਹ ਪਤਾ ਲੱਗਦਾ ਹੈ ਕਿ ਬਿੰਦੂ F ਦੇ ਬਾਅਦ ਹੋਰ ਪਰਿਵਰਤਨਸ਼ੀਲ ਲਾਗਤ ਜਾਂ ਸੀਮਿਤ ਲਾਗਤ ਵੱਧਣੀ ਸ਼ੁਰੂ ਹੋ ਜਾਂਦੀ ਹੈ ਜਦੋਂ ਕਿ ਸਥਿਰ ਅਤੇ ਪਰਿਵਰਤਨਸ਼ੀਲ ਲਾਗਤ ਦੇ ਜੋੜ ਦਾ ਔਸਤ (ਔਸਤ ਲਾਗਤ) AC ਵਕ੍ਰ ਦੇ ਬਿੰਦੂ E ਤੱਕ ਡਿੱਗਦੀ ਜਾਂਦੀ ਹੈ। ਬਿੰਦੂ E 'ਤੇ AC ਅਤੇ MC ਦੋਨੋਂ ਬਰਾਬਰ ਹੋ ਜਾਂਦੀਆਂ ਹਨ।



ਚਿੱਤਰ 9.9

ਜਦੋਂ AC ਘੱਟ ਹੋ ਰਹੀ ਹੁੰਦੀ ਹੈ ਤਾਂ ਕੀ MC ਵੱਧ ਰਹੀ ਹੁੰਦੀ ਹੈ? (Does MC rise when AC is decreasing?): ਸਾਮਾਨਇਿਤ: ਇਹ ਕਹਿਾ ਜਾਂਦਾ ਹੈ ਕ ਿਜਦੋਂ AC ਘੱਟ ਹੁੰਦੀ ਹੈ ਤਾਂ MC ਵੀ ਘੱਟ ਹੁੰਦੀ ਹੈ ਪਰ ਇਹ ਕਥਨ ਉਤਪਾਦਨ ਦੇ ਹਰ ਇੱਕ ਪੱਧਰ ਲਈ ਠੀਕ ਨਹੀਂ ਹੈ । ਇਹ ਸੰਭਵ ਹੈ ਕਿ ਜਦੋਂ AC ਡਿੱਗ ਰਹੀ ਹੁੰਦੀ ਹੈ ਤਾਂ MC ਵੱਧ ਰਹੀ ਹੁੰਦੀ ਹੈ । ਚਿੱਤਰ 9.9 ਤੋਂ ਪਤਾ ਲੱਗਦਾ ਹੈ ਕਿ ਉਤਪਾਦਨ ਦੇ OQ ਪੱਧਰ ਤੱਕ ਅਤੇ MC ਦੋਨੋਂ ਘੱਟ ਹੋ ਰਹੀਆਂ ਹਨ। ਪਰ ਇਸ ਦੇ ਬਾਅਦ (ਬਿੰਦੂ F ਦੇ ਬਾਅਦ) ਜਦੋਂ MC ਵੱਧਣ ਲੱਗੀ ਹੈ, AC ਡਿੱਗਣਾ ਜਾਰੀ ਹੈ। ਇਸ ਦਾ ਕਾਰਨ ਇਹ ਹੈ ਕਿ MC ਕਾ ਨਿਊਨਤਮ ਬਿੰਦੂ F, AC ਕੇ ਨਿਊਨਤਮ ਬਿੰਦੂ E ਤੋਂ ਪਹਿਲਾਂ ਆ ਜਾਂਦਾ ਹੈ ਕਿਉਂਕਿ AC ਦੀ ਤੁਲਨਾ ਵਿੱਚ MC ਜ਼ਿਆਦਾ ਤੇਜ਼ੀ ਨਾਲ ਡਿੱਗਦੀ ਹੈ। ਬਿੰਦੂ F ਦੇ ਬਾਅਦ ਹੋਰ ਪਰਿਵਰਤਨਸ਼ੀਲ ਲਾਗਤ ਜਾਂ ਸੀਮਿਤ ਲਾਗਤ ਵੱਧਣ ਲੱਗਦੀ ਹੈ ਪਰ ਪਰਿਵਰਤਨਸ਼ੀਲ ਲਾਗਤ ਅਤੇ ਸਥਿਰ ਲਾਗਤ ਦਾ ਸੰਯੁਕਤ ਔਸਤ AC ਵਕ੍ਰ E ਬਿੰਦੂ ਤੱਕ ਡਿੱਗਦਾ ਜਾਂਦਾ ਹੈ। ਬਿੰਦੂ E ਤੇ AC ਅਤੇ MC ਇਕ ਦੂਸਰੇ ਦੇ ਬਰਾਬਰ ਹੋ ਜਾਂਦੀ ਹੈ।

MC ਦੇ ਵੱਧਦੇ ਰਹਿਣ 'ਤੇ ਵੀ AC ਦੀ ਉਸ ਸਮਰਥਾ ਤੱਕ ਡਿੱਗਦੇ ਰਹਿਣ ਦੀ ਪ੍ਰਵਿਰਤੀ ਹੋ ਸਕਦੀ ਹੈ ਜਦੋਂ ਤੱਕ ਸਾਰੀ ਔਸਤ ਮੂਲ ਸੀਮਿਤ ਮੂਲ ਤੋਂ ਘੱਟ ਹੁੰਦੇ ਹਨ।

2. **ਜਦੋਂ AC ਵੱਧਦੀ ਹੈ ਤਾਂ AC ਦੀ ਤੁਲਨਾ ਵਿੱਚ MC ਜ਼ਿਆਦਾ ਹੁੰਦੀ ਹੈ** (When AC rises, MC is greater than AC) – ਜਦੋਂ ਔਸਤ ਲਾਗਤ ਵੱਧਦੀ ਹੈ ਤਾਂ ਸੀਮਿਤ ਲਾਗਤ ਵੀ ਵੱਧਦੀ ਹੈ ਪਰ ਸੀਮਿਤ ਲਾਗਤ ਵਿੱਚ ਵਾਧਾ ਔਸਤ ਲਾਗਤ ਦੀ ਤੁਲਨਾ ਵਿੱਚ ਜ਼ਿਆਦਾ ਤੇਜ਼ੀ ਨਾਲ ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ **ਘੱਟਦੇ ਪ੍ਰਤੀਫਲ ਦੇ ਨਿਯਮ** (Law of Diminishing Returns) ਦੇ ਕਾਰਨ ਪਰਿਵਰਤਨਸ਼ੀਲ ਲਾਗਤ ਦੇ ਵੱਧਣ ਦੀ ਦਰ ਸਥਿਰ ਲਾਗਤ ਅਤੇ ਪਰਿਵਰਤਨਸ਼ੀਲ ਲਾਗਤ ਦੇ ਸੰਯੁਕਤ ਔਸਤ ਦੇ ਵੱਧਣ ਦੀ ਦਰ ਤੋਂ ਜ਼ਿਆਦਾ ਹੁੰਦੀ ਹੈ। ਔਸਤ ਲਾਗਤ (AC) ਵਿੱਚ ਸਥਿਰ ਲਾਗਤ (FC) ਦਾ ਅੰਸ਼ ਉਸ ਦੇ ਵੱਧਣ ਦੀ ਦਰ ਨੂੰ ਘੱਟ ਕਰ ਦਿੰਦਾ ਹੈ। ਸੀਮਿਤ ਅਤੇ ਔਸਤ ਲਾਗਤ ਵਕ੍ਰਾਂ ਦਾ ਢਲਾਣ ਉਪਰ ਵੱਲ ਹੁੰਦਾ ਹੈ ਤਾਂ MC ਵਕ੍ਰ AC ਵਕ੍ਰ ਦੇ ਉਪਰ ਹੁੰਦੀ ਹੈ।

3. **ਸੀਮਿਤ ਲਾਗਤ ਵਕ੍ਰ ਔਸਤ ਲਾਗਤ ਵਕ੍ਰ ਨੂੰ ਉਸ ਦੇ ਨਿਊਨਤਮ ਬਿੰਦੂ 'ਤੇ ਕੱਟਦਾ ਹੈ** (MC cuts AC at its Lowest Point)– ਜਦੋਂ ਔਸਤ ਲਾਗਤ ਨਿਊਨਤਮ ਹੋਵੇਗੀ ਤਾਂ ਸੀਮਿਤ ਲਾਗਤ ਉਸ ਦੇ ਬਰਾਬਰ ਹੋਵੇਗੀ। ਹੋਰ ਸ਼ਬਦਾਂ ਵਿੱਚ

ਨੋਟ

ਸੀਮਿਤ ਲਾਗਤ ਵਕ੍ਰ U ਆਕਾਰ ਦੀ ਔਸਤ ਲਾਗਤ ਵਕ੍ਰ ਨੂੰ ਉਸ ਦੇ ਨਿਊਨਤਮ ਬਿੰਦੂ 'ਤੇ ਕੱਟਦਾ ਹੈ। ਤਾਲਿਕਾ 8 ਤੋਂ ਪਤਾ ਲੱਗਦਾ ਹੈ ਕਿ ਨਿਊਨਤਮ ਔਸਤ ਲਾਗਤ ਸੱਤਵੀਂ ਇਕਾਈ ਦੀ ਹੈ ਅਤੇ 8 ਰੁਪਏ ਹੈ। ਸੱਤਵੀਂ ਇਕਾਈ ਦੀ ਸੀਮਿਤ ਲਾਗਤ (MC) ਵੀ 8 ਰੁਪਏ ਹੈ। ਚਿੱਤਰ 9.9 ਤੋਂ ਪਤਾ ਲੱਗਾ ਹੈ ਕਿ ਸੀਮਿਤ ਲਾਗਤ ਵਕ੍ਰ (MC) ਲਾਗਤ (AC) ਵਕ੍ਰ ਨੂੰ ਸਭ ਤੋਂ ਨਿਊਨਤਮ ਬਿੰਦੂ E 'ਤੇ ਕੱਟ ਰਿਹਾ ਹੈ। ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਸੀਮਿਤ ਲਾਗਤ ਦੇ ਨਿਊਨਤਮ ਬਿੰਦੂ ਦੀ ਸਥਿਤੀ ਔਸਤ ਲਾਗਤ ਦੇ ਨਿਊਨਤਮ ਬਿੰਦੂ ਤੋਂ ਪਹਿਲਾਂ ਆ ਜਾਂਦੀ ਹੈ। ਤਾਲਿਕਾ 8 ਤੋਂ ਪਤਾ ਲੱਗਦਾ ਹੈ ਕਿ ਸੀਮਿਤ ਲਾਗਤ (MC) ਦਾ ਨਿਊਨਤਮ ਬਿੰਦੂ 5ਵੀਂ ਇਕਾਈ 'ਤੇ ਆ ਗਿਆ ਸੀ ਜਦੋਂ ਕਿ ਔਸਤ ਲਾਗਤ ਦਾ ਨਿਊਨਤਮ ਬਿੰਦੂ 7ਵੀਂਆਂ ਇਕਾਈਆਂ 'ਤੇ ਪ੍ਰਾਪਤ ਹੋ ਸਕਿਆ ਹੈ। ਇਹ ਪ੍ਰਸ਼ਨ ਪੈਦਾ ਹੁੰਦਾ ਹੈ ਅਜਿਹਾ ਕਿਉਂ ਹੁੰਦਾ ਹੈ। ਇਸ ਦਾ ਕੋਈ ਆਰਥਿਕ ਕਾਰਨ ਨਹੀਂ ਹੈ। ਇਸ ਦਾ ਮੁੱਖ ਕਾਰਨ ਸੀਮਿਤ ਅਤੇ ਔਸਤ ਵਕ੍ਰਾਂ ਦੀ ਹਿਸਾਬੀ (Mathematical) ਵਿਸ਼ੇਸ਼ਤਾ ਹੈ।

ਜਦੋਂ AC ਸਥਿਰ ਹੁੰਦਾ ਹੈ ਉਦੋਂ AC = MC। ਇਸ ਦੇ ਉਲਟ ਜਦੋਂ AC ਡਿੱਗ ਰਹੀ ਹੁੰਦੀ ਹੈ ਉਦੋਂ AC > MC ਪਰ ਜਦੋਂ AC ਵੱਧ ਰਹੀ ਹੁੰਦੀ ਹੈ ਉਦੋਂ MC>AC।

9.10 ਘੱਟ ਸਮੇਂ ਵਿੱਚ ਵੱਖ-ਵੱਖ ਲਾਗਤ ਵਕ੍ਰਾਂ ਵਿੱਚ ਸਬੰਧ (Relationship of Different Cost Curves in the Short Period)

ਘੱਟ ਸਮਾਂ ਲਾਗਤਾਂ ਜਿਵੇਂ ਬੱਝੀ ਲਾਗਤ (FC), ਘੱਟਦੀ ਵੱਧਦੀ ਲਾਗਤ (VC) ਔਸਤ ਬੱਝੀ ਲਾਗਤ (AFC), ਔਸਤ ਘੱਟਦੀ, ਵੱਧਦੀ ਲਾਗਤ (AVC), ਔਸਤ ਲਾਗਤ (AC) ਅਤੇ ਸੀਮਿਤ ਲਾਗਤ (MC) ਦਾ ਇਕੱਠਾ ਅਧਿਐਨ ਚਿੱਤਰ 9.10 ਦੀ ਸਹਾਇਤਾ ਨਾਲ ਕੀਤਾ ਜਾ ਸਕਦਾ ਹੈ।

1. **AFC (ਔਸਤ ਬੱਝੀ ਲਾਗਤ ਵਕ੍ਰ ਹੈ)**-ਇਹ ਉਪਰ ਤੋਂ ਹੇਠਾਂ ਵੱਲ ਝੁਕੀ ਹੋਈ ਹੈ। ਉਸ ਤੋਂ ਪਤਾ ਲੱਗਦਾ ਹੈ ਕਿ ਜਿਵੇਂ-ਜਿਵੇਂ ਉਤਪਾਦਨ ਵੱਧਦਾ ਜਾਂਦਾ ਹੈ AFC ਘੱਟ ਹੁੰਦੀ ਜਾਂਦੀ ਹੈ। ਸ਼ੁਰੂ ਵਿੱਚ ਇਹ ਤੇਜ਼ੀ ਨਾਲ ਡਿੱਗਦੀ ਹੈ। ਇਸ ਦੇ ਬਾਅਦ ਇਸ ਵਿੱਚ ਹੋਣ ਵਾਲੀ ਕਮੀ ਦੀ ਦਰ ਬਹੁਤ ਹੌਲੀ ਹੁੰਦੀ ਹੈ।
2. **AVC (ਔਸਤ ਘੱਟਦੀ ਵੱਧਦੀ ਲਾਗਤ ਵਕ੍ਰ ਹੈ)**-ਇਹ ਬਿੰਦੂ A ਤੱਕ ਹੇਠਾਂ ਵੱਲ ਡਿੱਗਦੀ ਹੈ। ਬਿੰਦੂ A ਇਸ ਦਾ ਨਿਊਨਤਮ ਬਿੰਦੂ ਹੈ। ਇਸ ਬਿੰਦੂ 'ਤੇ MC ਵਕ੍ਰ AVC ਦੇ ਬਰਾਬਰ ਹੈ। ਬਿੰਦੂ A ਦੇ ਬਾਅਦ ਇਹ ਵਕ੍ਰ ਉਪਰ ਵੱਲ ਉਠ ਰਹੀ ਹੈ। ਇਹ ਵੀ U- ਆਕਾਰ ਦੀ ਹੈ ਪਰ AC ਵਕ੍ਰ ਦੀ ਤਰ੍ਹਾਂ ਇਹ ਜ਼ਿਆਦਾ ਡਿੱਗਦੀ ਨਹੀਂ ਹੈ।



ਚਿੱਤਰ 9.10

3. **SAC (ਘੱਟ ਸਮਾਂ ਔਸਤ ਲਾਗਤ ਵਕ੍ਰ ਹੈ)** - ਇਹ ਵੀ U ਆਕਾਰ ਦੀ ਹੈ। ਇਹ ਪਹਿਲਾਂ ਡਿੱਗਦੀ ਹੈ, ਨਿਊਨਤਮ ਬਿੰਦੂ B 'ਤੇ ਪਹੁੰਚਦੀ ਹੈ ਅਤੇ ਬਾਅਦ ਵਿੱਚ ਹੌਲੀ-ਹੌਲੀ ਵੱਧਦੀ ਹੈ ਜਦੋਂ AC ਨਿਊਨਤਮ B 'ਤੇ ਪਹੁੰਚਦੀ ਹੈ ਉਦੋਂ MC ਇਸ ਦੇ (SAC) ਬਰਾਬਰ ਹੁੰਦੀ ਹੈ। ਔਸਤ ਘੱਟਦੀ ਵੱਧਦੀ ਲਾਗਤ (AVC) ਦਾ ਨਿਊਨਤਮ ਬਿੰਦੂ 'A' ਔਸਤ ਲਾਗਤ ਵਕ੍ਰ (AC) ਦੇ ਨਿਊਨਤਮ ਬਿੰਦੂ 'B' ਤੋਂ ਪਹਿਲਾਂ ਆਉਂਦਾ ਹੈ। ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਔਸਤ ਲਾਗਤ ਅਤੇ ਔਸਤ ਘੱਟਦੀਆਂ ਵੱਧਦੀਆਂ ਲਾਗਤਾਂ ਦਾ ਅੰਤਰ ਹੌਲੀ-ਹੌਲੀ ਘੱਟ ਹੋ ਜਾਂਦਾ ਹੈ। ਇਸ ਦਾ

ਨੋਟ

ਕਾਰਨ ਇਹ ਹੈ ਕਿ ਇਹ ਅੰਤਰ ਔਸਤ ਬੱਝੀ ਲਾਗਤ ਦੇ ਬਰਾਬਰ ਹੁੰਦਾ ਹੈ। ਔਸਤ ਬੱਝੀ ਲਾਗਤ ਜਿਵੇਂ-ਜਿਵੇਂ ਘੱਟ ਹੁੰਦੀ ਜਾਂਦੀ ਹੈ, ਉਂਝ-ਉਂਝ ਇਨ੍ਹਾਂ ਦਾ ਅੰਤਰ ਵੀ ਘੱਟ ਹੁੰਦਾ ਜਾਂਦਾ ਹੈ।

MC ਵਕਰ, AVC ਬ ਵਕਰ ਅਤੇ । ਟਬ ਵਕਰ ਦੋਨਾਂ ਨੂੰ ਉਨ੍ਹਾਂ ਦੇ ਹੇਠਲਾ ਬਿੰਦੀ ਉੱਤੇ ਕੱਟਦੀ ਹੈ, ਜਵਿੇ ਕਿ ਚਿੱਤਰ 9.10 ਦੇ ਬਿੰਦੀ A ਅਤੇ B ਵਲੋ ਗਿਆਤ ਹੁੰਦਾ ਹੈ ।

4. **MC (ਘੱਟ ਸਮਾਂ ਸੀਮਿਤ ਲਾਗਤ ਵਕ੍ਰ ਹੈ)**-(MC) ਸੀਮਿਤ ਲਾਗਤ ਵਕ੍ਰ ਵੀ U ਆਕਾਰ ਹੁੰਦੀ ਹੈ। ਇਸ ਦਾ ਅਰਥ ਹੈ ਕਿ ਇਹ ਪਹਿਲਾਂ ਘੱਟਦੀ ਹੈ, ਨਿਊਨਤਮ ਬਿੰਦੂ A 'ਤੇ ਪਹੁੰਚਦੀ ਹੈ ਅਤੇ ਬਾਅਦ ਵਿੱਚ ਉਪਰ ਵੱਲ ਵੱਧਦੀ ਹੈ। ਇਹ ਵਕ੍ਰ ਔਸਤ ਘੱਟਦੀ ਲਾਗਤ (AVC) ਵਕ੍ਰ ਅਤੇ ਔਸਤ ਲਾਗਤ (AC) ਵਕ੍ਰ ਨੂੰ ਉਨ੍ਹਾਂ ਦੇ ਨਿਊਨਤਮ ਬਿੰਦੂ 'ਤੇ ਕੱਟਦੀ ਹੈ। ਜਦੋਂ AVC ਅਤੇ AC ਡਿੱਗ ਰਹੀ ਹੁੰਦੀ ਹੈ ਉਦੋਂ MC ਵਕ੍ਰ ਇਨ੍ਹਾਂ ਦੇ ਹੇਠਾਂ ਹੁੰਦੀ ਹੈ ਅਤੇ ਜਦੋਂ ਇਹ ਵੱਧਦੀ ਹੈ ਉਦੋਂ MC ਵਕ੍ਰ ਇਨ੍ਹਾਂ ਦੇ ਉਪਰ ਹੋ ਜਾਂਦੀ ਹੈ।

9.11 ਲਾਗਤ ਵਕ੍ਰਾਂ ਅਤੇ ਉਤਪਾਦਕਤਾ ਵਕ੍ਰਾਂ ਵਿੱਚ ਸਬੰਧ (Relationship between Cost Curves and Productivity Curves)

ਲਾਗਤ ਵਕ੍ਰਾਂ ਅਤੇ ਉਤਪਾਦਕਤਾ ਵਕ੍ਰਾਂ ਵਿੱਚ ਉਲਟ ਸਬੰਧ ਹੈ। ਲਾਗਤ ਅਤੇ ਉਤਪਾਦਕਤਾ ਵਕ੍ਰਾਂ ਦੇ ਸਬੰਧ ਨੂੰ ਹੇਠ ਲਿਖੇ ਚਿੱਤਰ ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ-

ਚਿੱਤਰ 9.11 ਵਿੱਚ OX ਅਕਸ਼ 'ਤੇ ਉਤਪਾਦਕਤਾ ਨੂੰ ਪ੍ਰਗਟ ਕੀਤਾ ਗਿਆ ਹੈ। ਚਿੱਤਰ 9.11 (A) ਵਿੱਚ OY ਅਕਸ਼ 'ਤੇ ਉਤਪਾਦਕਤਾ ਅਤੇ 11 (B) ਵਿੱਚ OY ਅਕਸ਼ 'ਤੇ ਲਾਗਤ ਨੂੰ ਪ੍ਰਗਟ ਕੀਤਾ ਗਿਆ ਹੈ। ਚਿੱਤਰ 11 (A) ਵਿੱਚ MP ਵਕ੍ਰ ਸੀਮਿਤ ਉਤਪਾਦਕਤਾ ਵਕ੍ਰ ਅਤੇ AP ਵਕ੍ਰ ਔਸਤ ਉਤਪਾਦਕਤਾ ਵਕ੍ਰ ਹੈ। ਚਿੱਤਰ 9.11 (B) ਵਿੱਚ MC ਵਕ੍ਰ ਸੀਮਿਤ ਲਾਗਤ ਵਕ੍ਰ ਅਤੇ AC ਵਕ੍ਰ ਔਸਤ ਲਾਗਤ ਵਕ੍ਰ ਹੈ। ਚਿੱਤਰ 9.11 (A) ਅਤੇ 9.11 (B) ਤੋਂ ਹੇਠ ਲਿਖੀਆਂ ਗੱਲਾਂ ਸਪੱਸ਼ਟ ਹੋ ਜਾਂਦੀਆਂ ਹਨ-

ਤੁਹਾਨੂੰ ਇਹ ਸੱਮਝ ਲੈਣਾ ਚਾਹੀਦਾ ਹੈ ਕ ਿਲਾਗਤ ਅਤੇ ਉਤਪਾਦਕਤਾ ਇੱਕ ਦੂੱਜੇ ਦੇ ਵਪਿਰੀਤ ਹੁੰਦੀਆਂ ਹਨ । ਇਸਲਈ AC ਅਤੇ MC ਕਰਮਸ਼: AP ਅਤੇ MP ਦੇ ਵਪਿਰੀਤ ਹਨ ।

(1) ਜਦੋਂ ਤੱਕ MP ਵੱਧ ਰਹੀ ਹੈ MC ਡਿੱਗ ਰਹੀ ਹੈ ਪਰ ਜਦੋਂ MP ਡਿੱਗ ਰਹੀ ਹੈ ਤਾਂ MC ਵੱਧ ਰਹੀ ਹੈ। ਜਦੋਂ MP ਜ਼ਿਆਦਾ ਹੁੰਦੀ ਹੈ। (ਬਿੰਦੂ A 'ਤੇ) ਉਦੋਂ MC ਨਿਊਨਤਮ ਹੁੰਦੀ ਹੈ (ਬਿੰਦੂ C 'ਤੇ)।

(2) ਜਦੋਂ ਤੱਕ AP ਵੱਧ ਰਹੀ ਹੈ, AC ਡਿੱਗ ਰਹੀ ਹੈ ਪਰ ਜਦੋਂ AP ਡਿੱਗ ਰਹੀ ਹੈ ਤਾਂ AC ਵੱਧ ਰਹੀ ਹੈ। ਜਦੋਂ AP ਜ਼ਿਆਦਾ ਹੁੰਦੀ ਹੈ (ਬਿੰਦੂ B 'ਤੇ) ਉਦੋਂ AC ਨਿਊਨਤਮ ਹੁੰਦੀ ਹੈ (ਬਿੰਦੂ D 'ਤੇ)।

(3) MP ਤੱਕ, AP ਵਕ੍ਰ ਨੂੰ ਉਸ ਦੇ ਉਚੇ ਬਿੰਦੂ 'B' 'ਤੇ ਕੱਟਦੀ ਹੈ ਅਤੇ AP ਦੀ ਤੁਲਨਾ ਵਿੱਚ ਜ਼ਿਆਦਾ ਤੋਂ ਘੱਟ ਹੁੰਦੀ ਹੈ। MC ਵਕ੍ਰ, AC ਵਕ੍ਰ ਨੂੰ ਉਸ ਦੇ ਬਿੰਦੂ (D) 'ਤੇ ਕੱਟਦੀ ਹੈ ਅਤੇ AC ਦੀ ਤੁਲਨਾ ਵਿੱਚ ਜ਼ਿਆਦਾ ਤੇਜ਼ੀ ਨਾਲ ਵੱਧਦੀ ਹੈ।



ਚਿੱਤਰ 9.11

9.12 ਦੀਰਘ ਕਾਲ ਵਿੱਚ ਲਾਗਤਾਂ (Costs in Long Run)

ਨੋਟ

ਦੀਰਘ ਕਾਲ ਦੀ ਉਹ ਹੱਦ ਹੈ ਜਿਸ ਵਿੱਚ ਸਾਰੇ ਸਾਧਨ ਪਰਿਵਰਤਨਸ਼ੀਲ ਹੁੰਦੇ ਹਨ। ਫਰਮ ਦੇ ਕੋਲ ਸਾਰੇ ਸਾਧਨਾਂ ਦਾ ਜ਼ਰੂਰਤ ਅਨੁਸਾਰ ਇਸਤੇਮਾਲ ਕਰਕੇ ਨਿਊਨਤਮ ਲਾਗਤ 'ਤੇ ਉਤਪਾਦਨ ਕਰਨ ਦੇ ਲਈ ਕਾਫੀ ਸਮਾਂ ਹੁੰਦਾ ਹੈ। ਹੋਰ ਸ਼ਬਦਾਂ ਵਿੱਚ ਦੀਰਘ ਕਾਲ ਦਾ ਇਕ ਹੋਰ ਪਹਿਲੂ ਹੈ ਕਿ ਇਸ ਸਮੇਂ ਵਿੱਚ ਫਰਮ ਨਿਊਨਤਮ ਲਾਗਤ 'ਤੇ ਉਤਪਾਦਨ ਕਰਨ ਦੀ ਯੋਜਨਾ ਬਣਾ ਸਕਦੀ ਹੈ। ਦੀਰਘ ਕਾਲ ਵਿੱਚ ਫਰਮ ਭਵਿੱਖ ਦੀ ਯੋਜਨਾ ਬਣਾ ਸਕਦੀਆਂ ਹਨ ਅਤੇ ਘੱਟ ਸਮੇਂ ਦੀਆਂ ਵੱਖ-ਵੱਖ ਉਤਪਾਦਨ ਵਿਧੀਆਂ ਵਿੱਚੋਂ ਇਹ ਚੋਣ ਕਰ ਸਕਦੀਆਂ ਹਨ ਕਿ ਦੀਰਘ ਕਾਲ ਵਿੱਚ ਉਹ ਕਿਹੜੀ ਉਤਪਾਦਨ ਵਿਧੀ ਅਪਣਾਏਗੀ। ਇਕ ਤਰ੍ਹਾਂ ਨਾਲ ਦੀਰਘ ਕਾਲ ਵਿੱਚ ਸਾਰੇ ਘੱਟ ਸਮਾਂ ਉਤਪਾਦਨ ਵਿਧੀਆਂ ਉਪਲੱਬਧ ਹੁੰਦੀਆਂ ਹਨ ਜਿਨ੍ਹਾਂ ਵਿੱਚ ਫਰਮ ਚੋਣ ਕਰ ਸਕਦੀ ਹੈ। ਸੰਖੇਪ ਵਿੱਚ ਹਰੇਕ ਫਰਮ ਉਤਪਾਦਨ ਦੀ ਘੱਟ ਸਮਾਂ ਸਥਿਤੀ ਵਿੱਚ **ਕੰਮ** (Operate) ਕਰਦੀ ਹੈ ਪਰ ਉਹ ਉਤਪਾਦਨ ਸਬੰਧੀ ਯੋਜਨਾਵਾਂ ਦੀਰਘ ਕਾਲ ਦੇ ਲਈ ਬਣਾਉਂਦੀ ਹੈ ਅਤੇ ਇਕ ਫਰਮ ਦੀ ਉਤਪਾਦਨ ਸਬੰਧੀ ਯੋਜਨਾ ਦਾ ਗਿਆਨ ਪ੍ਰਾਪਤ ਕਰਨ ਦੇ ਲਈ **ਦੀਰਘ ਕਾਲ ਲਾਗਤਾਂ** (Long Run-Cost) ਦਾ ਅਧਿਐਨ ਕਰਨਾ ਜ਼ਰੂਰੀ ਹੋ ਜਾਂਦਾ ਹੈ। ਘੱਟ ਸਮੇਂ ਵਿੱਚ ਵੀ ਦੀਰਘ ਕਾਲ ਦੀਆਂ ਤਿੰਨ ਧਾਰਨਾਵਾਂ ਹਨ- (1) **ਦੀਰਘ ਕਾਲੀਨ ਕੁੱਲ ਲਾਗਤ** (LTC), (2) **ਦੀਰਘ ਕਾਲੀਨ ਔਸਤ ਲਾਗਤ** (LAC) ਅਤੇ (3) **ਦੀਰਘ ਕਾਲੀਨ ਸੀਮਿਤ ਲਾਗਤ** (LMC)।

9.13 ਦੀਰਘ ਕਾਲੀਨ ਕੁੱਲ ਲਾਗਤ (Long Run Total Cost–LTC)

ਘੱਟ ਸਮੇਂ ਵਿੱਚ ਅਸੀਂ ਤਿੰਨ ਤਰ੍ਹਾਂ ਦੀ ਕੁੱਲ ਲਾਗਤ ਵਿੱਚ ਅੰਤਰ ਕਰ ਸਕਦੇ ਹਾਂ, ਕੁੱਲ ਸਥਿਰ ਲਾਗਤ (TFC), ਕੁੱਲ ਪਰਿਵਰਤਨਸ਼ੀਲ ਲਾਗਤ (TVC) ਅਤੇ ਘੱਟ ਸਮਾਂ ਕੁੱਲ ਲਾਗਤ (STC) ਪਰ ਦੀਰਘ ਕਾਲ ਵਿੱਚ ਇਕ ਹੀ ਤਰ੍ਹਾਂ ਦੀ ਕੁੱਲ ਲਾਗਤ (LTC) ਹੁੰਦੀ ਹੈ। **ਦੀਰਘ ਕਾਲੀਨ ਕੁੱਲ ਲਾਗਤ ਉਹ ਨਿਊਨਤਮ ਲਾਗਤ ਹੈ, ਜਿਸ 'ਤੇ ਹਰੇਕ ਪੱਧਰ ਦਾ ਉਤਪਾਦਨ ਕੀਤਾ ਜਾ ਸਕਦਾ ਹੈ।** (The long-run total cost is the minimum cost at which each level of output can be produced.)

ਲੀਭਾਫਾਸਕੀ ਦੇ ਅਨੁਸਾਰ, **''ਦੀਰਘ ਕਾਲੀਨ ਕੁੱਲ ਲਾਗਤ ਉਤਪਾਦਨ ਦੇ ਕਿਸੇ ਪੱਧਰ ਦੀ ਨਿਊਨਤਮ ਕੁੱਲ ਲਾਗਤ ਹੈ। ਜਦ ਕਿ ਸਾਰੇ ਸਾਧਨ ਪਰਿਵਰਤਨਸ਼ੀਲ ਹੋਣ।''** (The long run total cost of production (LTC) is the least possible cost of producing any given level of output when all inputs are variable.) **- Leibhafasky.**

ਦੀਰਘ ਕਾਲ ਵਿੱਚ ਇਕ ਫਰਮ ਵਸਤੂਆਂ ਦੀ ਇਕ ਨਿਸ਼ਚਿਤ ਮਾਤਰਾ ਦਾ ਨਿਊਨਤਮ ਲਾਗਤ 'ਤੇ ਉਤਪਾਦਨ ਕਰ ਸਕਦੀ ਹੈ। ਇਸ ਦਾ ਕਾਰਨ ਇਹ ਹੈ ਕਿ ਫਰਮ ਦੇ ਕੋਲ ਕਾਫੀ ਸਮਾਂ ਹੁੰਦਾ ਹੈ, ਜਿਸ ਵਿੱਚ ਉਹ (i) ਆਦਰਸ਼ ਅਕਾਰ ਦੇ ਪਲਾਂਟ ਦੀ ਚੋਣ ਕਰ ਸਕਦੀ ਹੈ। (ii) **ਨਿਊਨਤਮ ਲਾਗਤ ਸਾਧਨ ਅਨੁਪਾਤ** (Least Cost Factor Proportion) ਦੀ ਚੋਣ ਕਰ ਸਕਦੀ ਹੈ। ਇਸ ਦਾ ਮਤਲਬ ਇਹ ਹੈ ਕਿ ਦੀਰਘ ਕਾਲੀਨ ਕੁੱਲ ਲਾਗਤ ਹਮੇਸ਼ਾ ਘੱਟ ਸਮੇਂ ਦੀ ਕੁੱਲ ਲਾਗਤ ਤੋਂ ਘੱਟ ਹੋਵੇਗੀ ਜਾਂ ਉਸ ਦੇ ਬਰਾਬਰ ਹੋਵੇਗੀ ਪਰ ਦੀਰਘ ਕਾਲੀਨ ਲਾਗਤ ਘੱਟ ਸਮੇਂ ਦੀ ਲਾਗਤ ਤੋਂ ਕਦੇ ਵੀ ਜ਼ਿਆਦਾ ਨਹੀਂ ਹੋਵੇਗੀ। ਇਸ ਤੱਥ ਨੂੰ ਅਸੀਂ ਹੇਠ ਲਿਖੇ ਸੂਤਰ ਨਾਲ ਸਪੱਸ਼ਟ ਕਰ ਸਕਦੇ ਹਾਂ- LTC ≤ STC।

ਇਸ ਨੂੰ ਪੜ੍ਹਿਆ ਜਾਵੇਗਾ- ਦੀਰਘ ਕਾਲੀਨ ਕੁੱਲ ਲਾਗਤ (LTC), ਘੱਟ ਸਮਾਂ ਕੁੱਲ ਲਾਗਤ (STC) ਤੋਂ ਘੱਟ (<) ਜਾਂ ਇਸ ਦੇ ਬਰਾਬਰ (=) ਹੁੰਦੀ ਹੈ।

ਮਹੱਤਵਪੂਰਨ ਅਵਲੋਕਨ

ਉਤਪਾਦਨ ਦੇ ਹਰੇਕ ਪੱਧਰ ਦੇ ਲਈ ਲਾਗਤ ਵਕ੍ਰ 'ਤੇ ਇਕ ਬਿੰਦੂ ਹੁੰਦੀ ਹੈ ਜੋ ਘੱਟ ਸਮਾਂ ਨਿਊਨਤਮ ਲਾਗਤ ਨੂੰ ਪ੍ਰਗਟ ਕਰਦਾ ਹੈ। ਦੀਰਘ ਕਾਲੀਨ ਲਾਗਤ ਵਕ੍ਰ ਅਜਿਹੇ ਸਾਰੇ ਬਿੰਦੂਆਂ ਦਾ ਬਿੰਦੂ ਪੱਥ (Locus) ਹੈ। ਇਸ ਲਈ ਦੀਰਘ ਕਾਲੀਨ ਲਾਗਤ ਵਕ੍ਰ ਘੱਟ ਸਮਾਂ ਲਾਗਤ ਵਕ੍ਰਾਂ ਦਾ ਲਿਫਾਫਾ ਹੈ।

ਦੀਰਘ ਕਾਲੀਨ ਕੁੱਲ ਲਾਗਤ ਵਕ੍ਰ ਉਤਪਾਦਨ ਦੀਆਂ ਵੱਖ-ਵੱਖ ਮਾਤਰਾਵਾਂ 'ਤੇ ਨਿਊਨਤਮ ਲਾਗਤਾਂ (Least Costs) ਨੂੰ ਪ੍ਰਗਟ ਕਰਦੀ ਹੈ ਅਤੇ ਇਹ ਉਹ ਵਕ੍ਰ ਹੈ ਜੋ ਘੱਟ ਸਮਾਂ ਕੁੱਲ ਲਾਗਤ ਦੇ ਕਿਸੇ ਇਕ ਬਿੰਦੂ 'ਤੇ ਉਸ ਦੀ **ਛੂੰਹਦੀ ਰੇਖਾ** (Tangent) ਹੈ। ਇਸ ਨੂੰ ਚਿੱਤਰ 9.12 ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ। ਚਿੱਤਰ 9.12 ਵਿੱਚ STC_1 ਅਤੇ STC_2 ਦੋ ਵੱਖ-ਵੱਖ ਅਕਾਰ ਦੇ ਪਲਾਟਾਂ ਦੀ ਘੱਟ ਸਮਾਂ ਕੁੱਲ ਲਾਗਤ ਵਕ੍ਰ ਹਨ। ਦੀਰਘ ਕਾਲੀਨ ਕੁੱਲ ਲਾਗਤ (LTC) ਵਕ੍ਰ ਵੱਖ-ਵੱਖ ਘੱਟ ਸਮਾਂ ਲਾਗਤ ਵਕ੍ਰਾਂ ਦੇ ਨਿਊਨਤਮ ਬਿੰਦੂਆਂ ਨੂੰ ਮਿਲਾ ਕੇ ਖਿੱਚੀ ਜਾਂਦੀ ਹੈ। ਉਤਪਾਦਨ ਦੀ ਇਕ ਨਿਸ਼ਚਿਤ ਮਾਤਰਾ ਦੀ ਦੀਰਘ ਕਾਲੀਨ ਲਾਗਤ ਨਿਊਨਤਮ ਲਾਗਤ ਹੈ, ਜਿਸ ਦੀ ਚੋਣ ਸਾਰੇ ਉਪਲੱਬਧ ਪਲਾਟਾਂ ਵਿੱਚੋਂ ਕੀਤਾ ਜਾਂਦਾ ਹੈ। ਦੀਰਘ ਕਾਲੀਨ ਕੁੱਲ ਲਾਗਤ

ਨੋਟ ਵਕ੍ਰ ਘੱਟ ਸਮਾਂ ਕੁੱਲ ਲਾਗਤ ਵਕ੍ਰਾਂ ਦੀ **ਛੂੰਹਦੀ ਰੇਖਾ** (Tangent) ਹੁੰਦਾ ਹੈ। **ਇਸ ਲਈ** LTC **ਵਕ੍ਰ** STC **ਵਕ੍ਰਾਂ ਨੂੰ ਢੱਕ ਲੈਂਦੀ ਹੈ ਅਤੇ** (**Envelope**) **ਕਰ ਲੈਂਦੀ ਹੈ।**



ਚਿੱਤਰ 9.12

ਚਿੱਤਰ 9.13 ਵਿੱਚ ਦੀਰਘ ਕਾਲੀਨ ਲਾਗਤ (LTC) ਵਕ੍ਰ ਪ੍ਰਗਟ ਕੀਤੀ ਗਈ ਹੈ। ਇਹ ਵਕ੍ਰ **ਉਲਟੇ S** (Inverse S) ਦੇ ਅਕਾਰ ਦੀ ਹੁੰਦੀ ਹੈ। ਇਸ ਵਕ੍ਰ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ–

(i) ਚਿੱਤਰ 9.13 ਵਿੱਚ ਦੀਰਘ ਕਾਲੀਨ ਕੁੱਲ ਲਾਗਤ ਵਕ੍ਰ ਮੂਲ ਬਿੰਦੂ O ਤੋਂ ਸ਼ੁਰੂ ਹੁੰਦੀ ਹੈ, ਜਦੋਂ ਕਿ ਘੱਟ ਸਮਾਂ ਕੁੱਲ ਲਾਗਤ ਵਕ੍ ਜਿਵੇਂ ਕਿ ਚਿੱਤਰ 9.12 ਤੋਂ ਪਤਾ ਲੱਗਦਾ ਹੈ ਕਿ OY ਅਕਸ਼ ਦੇ ਕਿਸੇ ਵੀ ਬਿੰਦੂ ਤੋਂ ਆਰੰਭ ਹੁੰਦੀ ਹੈ। ਇਸ ਦਾ ਮਤਲਬ ਇਹ ਹੋਇਆ ਕਿ ਦੀਰਘ ਕਾਲ ਵਿੱਚ ਸਾਰੀਆਂ ਲਾਗਤਾਂ ਦੇ ਪਰਿਵਰਤਨਸ਼ੀਲ ਹੋਣ ਦੇ ਕਾਰਨ ਜਦੋਂ ਉਤਪਾਦਨ ਦੀ ਮਾਤਰਾ ਜ਼ੀਰੋ ਹੁੰਦੀ ਹੈ ਤਾਂ ਕੁੱਲ ਲਾਗਤ ਵੀ ਜ਼ੀਰੋ ਹੋ ਜਾਂਦੀ ਹੈ, ਜਦੋਂ ਕਿ ਘੱਟ ਸਮਾਂ ਕੁੱਲ ਲਾਗਤ ਕਦੇ ਵੀ ਜ਼ੀਰੋ ਨਹੀਂ ਹੁੰਦੀ।



ਚਿੱਤਰ 9.13

(ii) ਦੀਰਘ ਕਾਲੀਨ ਕੁੱਲ ਲਾਗਤ ਵਕ੍ਰ ਦਾ ਢਲਾਣ ਧਨਾਤਮਕ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਉਤਪਾਦਨ ਦੀ ਜ਼ਿਆਦਾ ਮਾਤਰਾ ਦੀ ਲਾਗਤ ਜ਼ਿਆਦਾ ਹੁੰਦੀ ਹੈ।

(iii) LTC ਵਕ੍ਰ ਪਹਿਲਾਂ ਘੱਟਦੀ ਦਰ 'ਤੇ ਇਸ ਤੋਂ ਬਾਅਦ ਬਰਾਬਰ ਦਰ 'ਤੇ ਅਤੇ ਅਖੀਰ ਵਿੱਚ ਵੱਧਦੀ ਦਰ 'ਤੇ ਵੱਧ ਰਹੀ ਹੈ।

ਸਵੈ ਮੁਲਾਂਕਣ (Self Assessment) ਨੋਟ

ਹੇਠ ਲਿਖੇ ਕਥਨਾਂ ਵਿੱਚੋਂ ਸਹੀ/ਗਲਤ ਲੱਭੋ

(State whether the following statements are True/False)–

9. ਕੁੱਲ ਲਾਗਤ ਨੂੰ ਉਤਪਾਦਨ ਦੀ ਮਾਤਰਾ ਨਾਲ ਭਾਗ ਦੇਣ 'ਤੇ ਔਸਤ ਲਾਗਤ ਪਤਾ ਲੱਗਦੀ ਹੈ।
10. ਔਸਤ ਸਥਿਰ ਲਾਗਤ ਵਕ੍ਰ ਇਕ ਰੈਕਟੈਂਗੂਲਰ ਹਾਈਪਰਬੋਲਾ ਹੈ।
11. ਉਤਪਾਦਨ ਵਿੱਚ ਇਕ ਇਕਾਈ ਵਿੱਚ ਵਾਧਾ ਕਰਨ ਨਾਲ ਕੁੱਲ ਲਾਗਤ ਵਿੱਚ ਜੋ ਵਾਧਾ ਹੁੰਦਾ ਹੈ, ਉਸ ਨੂੰ ਔਸਤ ਲਾਗਤ ਕਹਿੰਦੇ ਹਨ।
12. ਦੀਰਘ ਕਾਲੀਨ ਕੁੱਲ ਲਾਗਤ ਉਹ ਨਿਊਨਤਮ ਲਾਗਤ ਹੈ, ਜਿਸ 'ਤੇ ਹਰੇਕ ਪੱਧਰ ਦਾ ਉਤਪਾਦਨ ਕੀਤਾ ਜਾ ਸਕਦਾ ਹੈ।

9.14 ਦੀਰਘ ਕਾਲੀਨ ਔਸਤ ਲਾਗਤ ਵਕ੍ਰ ਜਾਂ ਲਿਫਾਫਾ ਵਕ੍ਰ (Long Run Average Cost Curve or Envelope Curve)

ਦੀਰਘ ਕਾਲੀਨ ਔਸਤ ਲਾਗਤ, ਦੀਰਘ ਕਾਲੀਨ ਵਿੱਚ ਕਿਸੇ ਵਸਤੂ ਦੀਆਂ ਵੱਖ-ਵੱਖ ਮਾਤਰਾਵਾਂ ਨੂੰ ਪੈਦਾ ਕਰਨ ਦੀ ਪ੍ਰਤੀ ਇਕਾਈ ਨਿਊਨਤਮ ਸੰਭਵ ਲਾਗਤ ਹੁੰਦੀ ਹੈ। **ਮੈਂਸਫੀਲਡ** ਦੇ ਸ਼ਬਦਾਂ ਵਿੱਚ, **''ਦੀਰਘ ਕਾਲੀਨ ਔਸਤ ਲਾਗਤ ਵਕ੍ਰ ਉਹ ਵਕ੍ਰ ਹੈ ਜੋ ਉਤਪਾਦਕਤਾ ਦੇ ਵੱਖ-ਵੱਖ ਪੱਧਰਾਂ ਦੇ ਸਬੰਧ ਵਿੱਚ ਉਤਪਾਦਨ ਦੇ ਹਰੇਕ ਪੱਧਰ ਦੀ ਪ੍ਰਤੀ ਇਕਾਈ ਨਿਊਨਤਮ ਲਾਗਤ ਨੂੰ ਪ੍ਰਗਟ ਕਰਦੀ ਹੈ।''** (The long run average cost curve is that curve which shown the minimum cost per unit of producing each output level, corresponding to different scales of productivity.) **—Mansfield.**

ਇਸ ਦਾ ਅੰਦਾਜ਼ਾ ਦੀਰਘ ਕਾਲੀਨ ਕੁੱਲ ਉਤਪਾਦਨ ਲਾਗਤ ਨੂੰ ਉਤਪਾਦਨ ਦੀ ਮਾਤਰਾ ਨਾਲ ਭਾਗ ਦੇ ਕੇ ਲਗਾਇਆ ਜਾ ਸਕਦਾ ਹੈ। ਇਹ ਨਿਊਨਤਮ ਔਸਤ ਲਾਗਤ ਹੈ ਜੋ ਉਸ ਸਮੇਂ ਪ੍ਰਾਪਤ ਹੁੰਦੀ ਹੈ, ਜਦੋਂ ਸਾਰੇ ਪਰਿਵਰਤਨਸ਼ੀਲ ਹੁੰਦੇ ਹਨ ਅਤੇ ਜਦੋਂ ਕਿਸੇ ਵੀ ਅਕਾਰ ਦੇ ਪਲਾਂਟ ਦਾ ਫੈਸਲਾ ਕੀਤਾ ਜਾ ਸਕਦਾ ਹੈ।

ਦੀਰਘ ਕਾਲੀਨ ਵਿੱਚ ਹਰੇਕ ਫਰਮ ਵੱਖ-ਵੱਖ ਅਕਾਰ ਦੇ ਪਲਾਟਾਂ ਦਾ ਇਸਤੇਮਾਲ ਕਰ ਸਕਦੀ ਹੈ। ਇਕ ਨਿਸ਼ਚਿਤ ਉਤਪਾਦਨ ਦੀ ਮਾਤਰਾ ਦੇ ਲਈ ਇਕ ਵਿਸ਼ੇਸ਼ ਤਰ੍ਹਾਂ ਦਾ ਪਲਾਂਟ ਉਪਯੁਕਤ ਰਹਿੰਦਾ ਹੈ, ਕਿਉਂਕਿ ਉਸ ਪਲਾਂਟ ਦੀ ਸਹਾਇਤਾ ਨਾਲ ਉਤਪਾਦਨ ਕਰਨ ਨਾਲ ਔਸਤ ਲਾਗਤ ਨਿਊਨਤਮ ਹੁੰਦੀ ਹੈ। ਦੀਰਘ ਕਾਲੀਨ ਵਿੱਚ ਇਕ ਉਤਪਾਦਕ ਉਸ ਪਲਾਂਟ ਤੋਂ ਉਤਪਾਦਨ ਕਰੇਗਾ, ਜਿਸ ਨਾਲ ਔਸਤ ਲਾਗਤ ਨਿਊਨਤਮ ਹੋ ਜਾਵੇ। ਉਤਪਾਦਨ ਦੀ ਮੰਗ ਵਿੱਚ ਪਰਿਵਰਤਨ ਹੋਣ ਦੇ ਨਾਲ-ਨਾਲ ਉਹ ਪਲਾਂਟ ਦੇ ਅਕਾਰ ਵਿੱਚ ਵੀ ਪਰਿਵਰਤਨ ਕਰਦਾ ਜਾਵੇਗਾ। **ਹਰੇਕ ਪਲਾਂਟ ਦੀ ਇਕ ਘੱਟ ਸਮਾਂ ਔਸਤ ਲਾਗਤ ਵਕ੍ਰ** (SAC) **ਹੁੰਦੀ ਹੈ। ਇਸ ਦੀ ਸਹਾਇਤਾ ਨਾਲ ਅਸੀਂ ਦੀਰਘ ਕਾਲੀਨ ਔਸਤ ਲਾਗਤ** (LAC) **ਦਾ ਅੰਦਾਜ਼ਾ ਲਗਾ ਸਕਦੇ ਹਾਂ।**

ਮੰਨ ਲਓ ਇਕ ਫਰਮ ਦੋ ਅਕਾਰ ਦੇ ਪਲਾਟਾਂ ਦਾ ਇਸਤੇਮਾਲ ਕਰ ਸਕਦੀ ਹੈ ਇਕ **ਛੋਟਾ** (Small) ਪਲਾਂਟ ਹੈ, ਉਸ ਦੀ ਘੱਟ ਸਮਾਂ ਲਾਗਤ ਵਕ੍ਰ SAC_1 ਹੈ, ਦੂਸਰਾ **ਵੱਡਾ** (Big) ਪਲਾਂਟ ਹੈ, ਇਸ ਦੀ ਘੱਟ ਸਮਾਂ ਲਾਗਤ ਵਕ੍ਰ SAC_2 ਹੈ। ਦੀਰਘ ਕਾਲੀਨ ਵਿੱਚ ਫਰਮ ਇਨ੍ਹਾਂ ਦੋਵਾਂ ਪਲਾਟਾਂ ਵਿੱਚੋਂ ਸਾਰਿਆਂ ਤੋਂ ਲਾਭਦਾਇਕ ਪਲਾਂਟ 'ਤੇ ਨਿਵੇਸ਼ ਕਰਨ ਦੀ ਯੋਜਨਾ ਬਣਾ ਸਕਦੀ ਹੈ। ਉਤਪਾਦਨ ਦੀਆਂ ਵੱਖ-ਵੱਖ ਮਾਤਰਾਵਾਂ 'ਤੇ ਇਨ੍ਹਾਂ ਦੋਵਾਂ ਘੱਟ ਸਮਾਂ ਲਾਗਤ ਵਕ੍ਰਾਂ ਦੀ ਸਹਾਇਤਾ ਨਾਲ ਇਹ ਪਤਾ ਲਗਾਇਆ ਜਾ ਸਕਦਾ ਹੈ ਕਿ ਉਤਪਾਦਨ ਦੀਆਂ ਵੱਖ-ਵੱਖ ਮਾਤਰਾਵਾਂ 'ਤੇ ਕਿਹੜੇ ਪਲਾਟਾਂ ਨਾਲ ਉਤਪਾਦਨ ਕਰਨ ਨਾਲ ਔਸਤ ਲਾਗਤ ਨਿਊਨਤਮ ਹੋਵੇਗਾ।

ਚਿੱਤਰ 9.14 ਵਿੱਚ ਦੋ ਤਰ੍ਹਾਂ ਦੇ ਪਲਾਟਾਂ ਦੀ ਘੱਟ ਸਮਾਂ ਔਸਤ ਲਾਗਤ ਵਕ੍ਰਾਂ ਪ੍ਰਗਟ ਕੀਤੀਆਂ ਗਈਆਂ ਹਨ, SAC_1 ਛੋਟੇ ਪਲਾਂਟ ਦੀ ਅਤੇ SAC_2 ਵੱਡੇ ਪਲਾਂਟ ਦੀ ਔਸਤ ਲਾਗਤ ਵਕ੍ਰ ਹੈ। ਜੇਕਰ ਫਰਮ OM ਮਾਤਰਾ ਦਾ ਉਤਪਾਦਨ ਕਰਨਾ ਚਾਹੁੰਦੀ ਹੈ ਤਾਂ ਉਹ ਛੋਟੇ ਪਲਾਂਟ ਨੂੰ ਚੁਣੇਗੀ। ਇਸ ਪਲਾਂਟ ਦੀ ਸਹਾਇਤਾ ਨਾਲ OM ਇਕਾਇਯੋਂ ਦਾ ਉਤਪਾਦਨ ਹੇਠਲਾ ਔਸਤ ਲਾਗਤ BM ਉੱਤੇ ਹੋਵੇਗਾ ਜਿਵੇਂ ਕਿ SAC_1 ਵਕਰ ਵਲੋਂ ਗਿਆਤ ਹੁੰਦਾ ਹੈ । ਇਸਦੇ ਵਪਿਰੀਤ OM ਇਕਾਈਆਂ ਦਾ ਉਤਪਾਦਨ ਵੱਡੇ ਪਲਾਟਾਂ ਨਾਲ ਕਰਨ ਨਾਲ ਔਸਤ ਲਾਗਤ ਵੱਧ ਕੇ AM ਹੋ ਜਾਵੇਗੀ। ਪਰ ਜੇਕਰ ਫਰਮ ਨੂੰ ON ਇਕਾਈਆਂ ਦਾ ਉਤਪਾਦਨ ਕਰਨਾ ਹੈ ਤਾਂ ਫਰਮ ਵੱਡੇ ਪਲਾਂਟ ਦਾ ਇਸਤੇਮਾਲ ਕਰੇਗੀ। ਇਸ ਪਲਾਂਟ ਦੇ ਨਾਲ ON ਇਕਾਈਆਂ ਦਾ ਉਤਪਾਦਨ ਨਿਊਨਤਮ ਔਸਤ ਲਾਗਤ CN ਦੇ ਨਾਲ ਕੀਤਾ ਜਾਵੇਗਾ, ਜਦੋਂ ਕਿ ਛੋਟੇ ਪਲਾਂਟ ਨਾਲ ON ਮਾਤਰਾ ਦਾ ਉਤਪਾਦਨ ਕਰਨ 'ਤੇ ਔਸਤ ਲਾਗਤ ਵੱਧ ਕੇ DN ਹੋ ਜਾਵੇਗੀ। ਜੇਕਰ ਅਸੀਂ ਇਹ ਮੰਨ ਲਈਏ ਕਿ ਫਰਮ ਨੂੰ ਵੱਖ-ਵੱਖ ਅਕਾਰਾਂ ਦੇ ਬਹੁਤ ਸਾਰੇ ਪਲਾਂਟ ਉਪਲੱਬਧ ਹਨ ਤਾਂ

ਨੋਟ **ਉਨ੍ਹਾਂ ਪਲਾਟਾਂ ਦੇ ਹਰੇਕ ਪੱਧਰ ਦੀ ਨਿਊਨਤਮ ਲਾਗਤ ਨੂੰ ਪ੍ਰਗਟ ਕਰਨ ਵਾਲੀ ਵਕ੍ਰ ਦੀਰਘ ਕਾਲੀਨ ਔਸਤ ਲਾਗਤ ਵਕ੍ਰ** (LAC) **ਅਖਵਾਏਗੀ** ਅਤੇ OM ਮਾਤਰਾ ਦਾ ਨਿਊਨਤਮ ਔਸਤ ਲਾਗਤ 'ਤੇ ਉਤਪਾਦਨ ਛੋਟੇ ਪਲਾਂਟ (SAC_1) ਨਾਲ ਕੀਤਾ ਜਾਵੇਗਾ ਅਤੇ ON ਮਾਤਰਾ ਦਾ ਨਿਊਨਤਮ ਔਸਤ ਲਾਗਤ ਉਤਪਾਦਨ ਵੱਡੇ ਪਲਾਂਟ (SAC_2) ਦੇ ਨਾਲ ਕੀਤਾ ਜਾਵੇਗਾ।



ਚਿੱਤਰ 9.14

ਤੁਹਾਨੂੰ ਇਹ ਜ਼ਰੂਰ ਸਮਝਣਾ ਚਾਹੀਦਾ ਹੈ

ਅਗਾਤਾਂ ਦੀ ਘੱਟ ਸਮਾਂ ਇਸ਼ਟਤਮ ਸਥਿਤੀ (ਨਿਊਨਤਮ ਲਾਗਤ ਸੰਜੋਗ) ਹਮੇਸ਼ਾ ਦੀਰਘ ਕਾਲੀਨ ਇਸ਼ਟਤਮ ਸਥਿਤੀ ਦੇ ਬਰਾਬਰ ਨਹੀਂ ਹੁੰਦੀ। ਇਸ ਦਾ ਕਾਰਨ ਇਹ ਹੈ ਕਿ ਘੱਟ ਸਮਾਂ ਇਸ਼ਟਤਮ ਸਥਿਤੀ ਦੇ ਸਮੇਂ ਵਿੱਚ ਉਤਪਾਦਨ ਦਾ ਘੱਟੋ-ਘੱਟ ਇਕ ਸਾਧਨ ਜ਼ਰੂਰ ਹੀ ਸਥਿਰ ਰਹਿੰਦਾ ਹੈ, ਜਦੋਂ ਕਿ ਦੀਰਘ ਕਾਲ ਵਿੱਚ ਇਸ ਤਰ੍ਹਾਂ ਦੀ ਕੋਈ ਰੁਕਾਵਟ ਨਹੀਂ ਹੁੰਦੀ। ਇਸ ਲਈ ਦੀਰਘ ਕਾਲ ਵਿੱਚ ਇਸ਼ਟਤਮ ਲਾਗਤ ਅਨੁਪਾਤ ਨੂੰ ਉਤਪਾਦਨ ਦੇ ਸਾਰੇ ਪੱਧਰਾਂ 'ਤੇ ਕਾਇਮ ਰੱਖਿਆ ਜਾ ਸਕਦਾ ਹੈ ਪਰ ਘੱਟ ਸਮੇਂ ਵਿੱਚ ਇਹ ਕੇਵਲ ਉਤਪਾਦਨ ਦੇ ਇਕ ਹੀ ਪੱਧਰ 'ਤੇ ਸੰਭਵ ਹੁੰਦਾ ਹੈ। ਘੱਟ ਸਮਾਂ ਇਸ਼ਟਤਮ ਸਥਿਤੀ ਉਤਪਾਦਨ ਦੇ ਕੇਵਲ ਉਸੇ ਪੱਧਰ 'ਤੇ ਬਰਾਬਰ ਹੁੰਦੀ ਹੈ, ਜਿਸ 'ਤੇ ਉਹ ਦੀਰਘ ਕਾਲੀਨ ਵਿਸਥਾਰ ਪੱਥ 'ਤੇ ਸਥਿਰ ਹੁੰਦੀ ਹੈ। ਇਸ ਲਈ ਦੀਰਘ ਕਾਲੀਨ ਲਾਗਤ ਵਕ੍ਰ ਘੱਟ ਸਮਾਂ ਲਾਗਤ ਵਕ੍ਰ ਨੂੰ ਇਕ ਹੀ ਬਿੰਦੂ 'ਤੇ ਛੂਹ (Tangent) ਕਰਦਾ ਹੈ।

ਚਿੱਤਰ 9.15 ਵਿੱਚ ਦੀਰਘ ਕਾਲੀਨ ਔਸਤ ਲਾਗਤ (LAC) ਨੂੰ ਪ੍ਰਗਟ ਕੀਤਾ ਗਿਆ ਹੈ। ਦੀਰਘ ਕਾਲੀਨ ਔਸਤ ਲਾਗਤ ਵਕ੍ਰ ਹਰੇਕ ਘੱਟ ਸਮਾਂ ਔਸਤ ਲਾਗਤ ਵਕ੍ਰ ਨੂੰ **ਕਿਸੇ ਨਾ ਕਿਸੇ ਬਿੰਦੂ 'ਤੇ ਜ਼ਰੂਰ ਛੂੰਹਦੀ ਹੈ।** ਦੀਰਘ ਕਾਲੀਨ ਔਸਤ ਲਾਗਤ ਦੇ ਨਿਊਨਤਮ ਬਿੰਦੂ M ਤੋਂ ਸੱਜੇ ਵੱਲ ਇਹ **ਛੂੰਹਦੀ ਬਿੰਦੂ** (Point of Tangency) ਅਲਪਕਾਲੀਨ ਔਸਤ ਲਾਗਤਾਂ ਦੇ ਹੇਠਾਂ ਦੇ ਵੱਲ ਡਗਿਦੇ ਹੋਏ ਹਸਿੀਆਂ ਉੱਤੇ ਹੈ। ਇਸਦਾ ਕਾਰਨ ਇਹ ਹੈ ਕਿ ਹੇਠਲਾ ਬਦਿੀ ਤੱਕ ਦੀਰਘਕਾਲੀਨ ਔਸਤ ਲਾਗਤਾਂ ਦੇ ਹੇਠਾਂ ਦੇ ਵੱਲ ਡਗਿਦੇ ਹੋਏ ਹਸਿੀਆਂ ਉੱਤੇ ਹੈ । ਇਸਦਾ ਕਾਰਨ ਇਹ ਹੈ ਕਿ ਹੇਠਲਾ ਬਦਿੀ M ਤੱਕ ਦੀਰਘਕਾਲੀਨ ਔਸਤ ਲਾਗਤ (LAC) ਵਕ੍ਰ ਦਾ ਢਲਾਣ ਰਣਾਤਮਕ (Nagative) ਹੈ। ਇਸ ਲਈ ਘੱਟ ਸਮਾਂ ਔਸਤ ਲਾਗਤ (SAC) ਵਕ੍ਰ ਦਾ ਢਲਾਣ ਵੀ ਰਣਾਤਮਕ ਹੋਵੇਗਾ ਕਿਉਂਕਿ ਛੂੰਹਦੀ ਬਿੰਦੂ 'ਤੇ ਦੋਨੋਂ ਵਕ੍ਰਾਂ ਦੇ ਢਲਾਣ ਬਰਾਬਰ ਹੁੰਦੇ ਹਨ। ਨਿਊਨਤਮ ਬਿੰਦੂ M ਤੋਂ ਉਪਰ ਛੂੰਹਦੀ ਬਿੰਦੂ ਔਸਤ ਲਾਗਤ ਵਕ੍ਰਾਂ ਦੇ ਉਪਰ ਵੱਲ ਉਠਦੇ ਹੋਏ ਹਿੱਸਿਆਂ 'ਤੇ ਹੋਵੇਗੀ। ਬਿੰਦੂ M ਦੇ ਬਾਅਦ ਦੀਰਘਕਾਲੀਨ ਔਸਤ ਲਾਗਤ ਵਕ੍ਰ ਉਪਰ ਵੱਲ ਉਠ ਰਹੀ ਹੈ। ਬਿੰਦੂ M ਦੇ ਬਾਅਦ ਦੀਰਘ ਕਾਲੀਨ ਨਿਊਨਤਮ ਔਸਤ ਲਾਗਤ ਅਤੇ ਘੱਟ ਸਮਾਂ ਨਿਊਨਤਮ ਔਸਤ ਲਾਗਤ ਇਕ-ਦੂਸਰੇ ਦੇ ਬਰਾਬਰ ਹੁੰਦੀ ਹੈ।

ਅਤੇ ਇਹ ਧਿਆਨ ਰੱਖਣਾ ਚਾਹੀਦਾ ਹੈ ਜਿਵੇਂ ਕਿ **ਹਾਲੈਂਡ** ਨੇ ਕਿਹਾ ਹੈ, **''ਹਰੇਕ ਘੱਟ ਸਮਾਂ ਔਸਤ ਲਾਗਤ ਵਕ੍ਰ ਦਾ ਨਿਊਨਤਮ ਬਿੰਦੂ ਦੀਰਘ ਕਾਲੀਨ ਔਸਤ ਲਾਗਤ ਵਕ੍ਰ ਦਾ ਛੂੰਹਦੀ ਬਿੰਦੂ** (Point of Tangency) **ਹੋਣਾ ਜ਼ਰੂਰੀ** ਨਹੀਂ ਹੈ। **ਇਕ ਘੱਟ ਸਮਾਂ ਔਸਤ ਲਾਗਤ ਵਕ੍ਰ ਦਾ ਨਿਊਨਤਮ ਬਿੰਦੂ ਦੀਰਘ ਕਾਲੀਨ ਔਸਤ ਲਾਗਤ ਵਕ੍ਰ ਨੂੰ ਛੂੰਹਦੀ ਬਿੰਦੂ ਕੇਵਲ ਉਸ ਸਥਿਤੀ ਵਿੱਚ ਹੁੰਦੀ ਹੈ ਜਦੋਂ ਦੀਰਘ ਕਾਲੀਨ ਔਸਤ ਲਾਗਤ ਵੀ ਨਿਊਨਤਮ ਹੁੰਦੀ ਹੈ।''** (The lowest point on each SAC curve, however, may not be the point of tangency with the LAC Curve. The lowest point on an SAC Curve is tangent to the LAC Curve only at the lowest point of the LAC curve.) —**Holland.**

ਅਤੇ ਕੇਵਲ M ਬਿੰਦੂ 'ਤੇ ਹੀ ਘੱਟ ਸਮੇਂ ਪਲਾਂਟ ਦਾ ਆਦਰਸ਼ ਇਸਤੇਮਾਲ (Optimum Use) ਹੁੰਦਾ ਹੈ। ਨੋਟ



ਚਿੱਤਰ 9.15

ਵੱਖ-ਵੱਖ ਨਾਮ (Different Names)

ਦੀਰਘ ਕਾਲੀਨ ਔਸਤ ਲਾਗਤ ਵਕ੍ਰ ਨੂੰ ਹੇਠ ਲਿਖੇ ਨਾਵਾਂ ਨਾਲ ਬੁਲਾਇਆ ਜਾਂਦਾ ਹੈ।

1. **ਲਿਫਾਫਾ ਵਕ੍ਰ** (Envelope Curve)– ਇਸ ਵਕ੍ਰ ਨੂੰ ਲਿਫਾਫੇ ਵਕ੍ਰ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਸਾਰੇ ਘੱਟ ਸਮਾਂ ਔਸਤ ਰੇਖਾਵਾਂ ਨੂੰ ਢੱਕ ਲੈਂਦੀ ਹੈ ਅਤੇ (Envelope) ਕਰ ਲੈਂਦੀ ਹੈ। ਇਸ ਦਾ ਅਰਥ ਇਹ ਹੋਇਆ ਕਿ ਦੀਰਘ ਕਾਲ ਵਿੱਚ ਔਸਤ ਲਾਗਤ ਘੱਟ ਸਮਾਂ ਔਸਤ ਲਾਗਤ ਤੋਂ ਜ਼ਿਆਦਾ ਨਹੀਂ ਹੋ ਸਕਦੀ ਕਿਉਂਕਿ ਦੀਰਘ ਕਾਲ ਵਿੱਚ **ਅਣ-ਵੰਡਣਯੋਗ** (Indivisible) ਸਾਧਨਾਂ ਦੀ ਪੂਰੀ ਸਮਰੱਥਾ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਲਈ ਦੀਰਘ ਕਾਲੀਨ ਔਸਤ ਲਾਗਤ ਵਕ੍ਰ SAC ਵਕ੍ਰਾਂ ਨੂੰ ਘੇਰੀ ਰੱਖੇਗੀ। ਉਹ ਉਨ੍ਹਾਂ ਨੂੰ ਕੱਟ ਕੇ ਉਪਰ ਨਹੀਂ ਚੜ੍ਹੇਗਾ।
2. **ਯੋਜਨਾ ਵਕ੍ਰ** (Planning Curve)– ਦੀਰਘ ਕਾਲੀਨ ਔਸਤ ਲਾਗਤ ਵਕ੍ਰ ਨੂੰ ਯੋਜਨਾ ਵੀ ਕਹਿੰਦੇ ਹਨ। ਇਸ ਵਕ੍ਰ ਦੀ ਸਹਾਇਤਾ ਨਾਲ ਫਰਮ ਇਹ ਯੋਜਨਾ ਬਣਾ ਸਕਦੀ ਹੈ ਕਿ ਉਹ ਉਤਪਾਦਨ ਦੀਆਂ ਵੱਖ-ਵੱਖ ਮਾਤਰਾਵਾਂ ਦੇ ਲਈ ਕਿਹੜੇ ਪਲਾਂਟ ਦਾ ਇਸਤੇਮਾਲ ਕਰਨ ਜਿਸ ਨਾਲ ਉਤਪਾਦਨ ਨਿਊਨਤਮ ਲਾਗਤ 'ਤੇ ਕੀਤਾ ਜਾ ਸਕੇ। **ਕੌਤਸੁਵਯਾਨੀ** ਦੇ ਸ਼ਬਦਾਂ ਵਿੱਚ, **''ਦੀਰਘ ਕਾਲੀਨ ਔਸਤ ਲਾਗਤ ਵਕ੍ਰ** ਇਕ ਯੋਜਨਾ **ਵਕ੍ਰ ਹੈ ਕਿਉਂਕਿ ਇਹ ਭਵਿੱਖ ਵਿੱਚ ਉਤਪਾਦਨ ਦੇ ਵਿਸਥਾਰ ਦੀ ਯੋਜਨਾ ਦੇ ਸਬੰਧ ਵਿੱਚ ਫੈਸਲਾ** ਲੈਣ ਦੇ ਲਈ **ਇਕ ਉਦਮੀ ਦਾ ਮਾਰਗ ਦਰਸ਼ਨ ਹੈ।''** (The long-run average cost curve is a planning curve, in the sense that it is a guide to the entrepreneur in his decision to plan the future expansion of his output. —**Koutsoyiannis**)

ਦੀਰਘ ਕਾਲੀਨ ਲਾਗਤ ਵਕ੍ਰ U- ਆਕਾਰ ਦੀ ਕਿਉਂ ਹੁੰਦੀ ਹੈ? (Why is LAC Curve U-Shaped?)

ਦੀਰਘ ਕਾਲੀਨ ਲਾਗਤ ਵਕ੍ਰ ਭਾਸ਼ਾ ਦੇ U ਸ਼ਬਦ ਦੀ ਤਰ੍ਹਾਂ ਹੁੰਦੀ ਹੈ। ਇਸ ਦਾ ਭਾਵ ਇਹ ਹੋਇਆ ਕਿ ਜਦੋਂ ਕੋਈ ਫਰਮ ਉਤਪਾਦਨ ਸ਼ੁਰੂ ਕਰਦੀ ਹੈ ਤਾਂ LAC ਉਪਰ ਤੋਂ ਹੇਠਾਂ ਵੱਲ ਡਿੱਗ ਰਹੀ ਹੁੰਦੀ ਹੈ। ਇਸ ਸਥਿਤੀ ਵਿੱਚ ਉਤਪਾਦਨ ਦੀ ਮਾਤਰਾ ਵੱਧਣ ਨਾਲ LAC ਘੱਟ ਹੋ ਜਾਂਦੀ ਹੈ। ਇਸ ਦੇ ਬਾਅਦ LAC ਸਥਿਰ (Constant) ਰਹਿੰਦੀ ਹੈ। ਉਤਪਾਦਨ ਦੀ ਇਕ ਨਿਸ਼ਚਿਤ ਮਾਤਰਾ ਦੇ ਬਾਅਦ LAC ਵੱਧਣਾ ਸ਼ੁਰੂ ਕਰ ਦਿੰਦੀ ਹੈ। ਦੀਰਘ ਕਾਲੀਨ ਔਸਤ ਲਾਗਤ ਵਕ੍ਰ ਵੀ ਉਤਪਾਦਨ ਦੇ ਪੈਮਾਨੇ ਦੀਆਂ **ਬੱਚਤਾਂ** (Economies) ਅਤੇ **ਹਾਨੀਆਂ** (Diseconomies) ਦੇ ਕਾਰਨ U- ਆਕਾਰ ਦੀ ਹੁੰਦੀ ਹੈ।

> ਦੀਰਘ ਕਾਲ ਵਿੱਚ ਲਾਗਤ ਵਕ੍ਰ ਪੈਮਾਨੇ ਵੱਧਦੇ ਪ੍ਰਤੀਫਲ ਦੇ ਕਾਰਨ ਡਿੱਗਦੀ ਹੈ, ਪੈਮਾਨੇ ਦੇ ਬਰਾਬਰ ਪ੍ਰਤੀਫਲ ਦੇ ਕਾਰਨ ਸਥਿਰ ਰਹਿੰਦੀ ਹੈ ਅਤੇ ਪੈਮਾਨੇ ਦੇ ਘੱਟਦੇ ਪ੍ਰਤੀਫਲ ਦੇ ਕਾਰਲ ਉਪਰ ਵੱਲ ਉਠਦੀ ਹੈ।

1. **ਪੈਮਾਨੇ ਦੀਆਂ ਬੱਚਤਾਂ** (Economies of Scale)- ਇਕ ਫਰਮ LAC ਵਕ੍ਰ ਦੇ ਹੇਠਾਂ ਡਿੱਗਦੇ ਹੋਏ ਭਾਗ ਦਾ ਮੁੱਖ ਕਾਰਨ ਉਤਪਾਦਨ ਵਿੱਚ ਵਾਧਾ ਹੋਣ ਦੇ ਫਲਸਰੂਪ ਪ੍ਰਾਪਤ ਹੋਣ ਵਾਲੇ **ਪੈਮਾਨੇ ਦੀਆਂ ਬੱਚਤਾਂ** (Economies of Scale) ਹਨ। ਇਹ ਬੱਚਤਾਂ ਹੇਠ ਲਿਖੇ ਕਾਰਨਾਂ ਤੋਂ ਪੈਦਾ ਹੁੰਦੀਆਂ ਹਨ।

ਨੋਟ

(i) **ਮਿਹਨਤ ਵੰਡ ਅਤੇ ਮਿਹਨਤ ਦਾ ਵਿਸ਼ੇਸ਼ੀਕਰਨ** (Division and Specialisation of Labour)–**ਲੇਫਟਵਿਚ** ਦੇ ਅਨੁਸਾਰ, **ਇਕ ਵੱਡੇ ਪਲਾਂਟ ਤੋਂ ਜ਼ਿਆਦਾ ਸੰਖਿਆ ਵਿੱਚ ਕੱਟ ਕਰਨ ਵਾਲੇ ਮਜਦੂਰਾਂ ਨੂੰ ਵਿਸ਼ੇਸ਼ੀਕਰਨ** (Specialisation) **ਕਰਨ ਦੇ ਲਈ ਬਦਲੇ 'ਚ ਜ਼ਿਆਦਾ ਅਵਸਰ ਹੁੰਦੇ ਹਨ।** ਉਤਪਾਦਨ ਦਾ ਪੈਮਾਨਾ ਵੱਡਾ ਹੋਣ ਦੇ ਕਾਰਨ ਕੰਮ ਨੂੰ ਕੋਈ ਛੋਟੇ-ਛੋਟੇ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਕੰਮ ਦੇ ਹਰੇਕ ਹਿੱਸੇ ਨੂੰ ਕਰਨ ਵਿੱਚ ਇਕ ਮਜਦੂਰ ਵਿਸ਼ੇਸ਼ੀਕਰਨ ਪ੍ਰਾਪਤ ਕਰ ਸਕਦਾ ਹੈ। ਇਸ ਦੇ ਕਾਰਨ ਮਜਦੂਰ ਉਸ ਵਿਸ਼ੇਸ਼ ਕੰਮ ਵਿੱਚ ਨਿਪੁੰਨਤਾ ਪ੍ਰਾਪਤ ਕਰ ਲੈਂਦਾ ਹੈ, ਜਿਸ ਨਾਲ ਕਾਰਜ-ਕੁਸ਼ਲਤਾ ਵਿੱਚ ਵਾਧਾ ਹੁੰਦਾ ਹੈ। ਇਸ ਦੇ ਇਲਾਵਾ ਇਕ ਵਿਸ਼ੇਸ਼ ਕੰਮ ਵਿੱਚ ਵਿਸ਼ੇਸ਼ੀਕਰਨ ਕਰਨ ਨਾਲ ਸਮੇਂ ਅਤੇ ਪੂੰਜੀ ਦੀ ਬਚਤ ਹੁੰਦੀ ਹੈ। ਮਿਹਨਤ ਵੰਡ ਦੇ ਕਾਰਨ ਨਵੇਂ ਚਮਤਕਾਰਾਂ ਦੇ ਮੌਕੇ ਵੀ ਵੱਧ ਜਾਂਦੇ ਹਨ। ਇਸ ਦੇ ਫਲਸਰੂਪ ਪ੍ਰਤੀ ਇਕਾਈ ਉਤਪਾਦਨ ਲਾਗਤ ਘੱਟ ਹੋ ਜਾਂਦੀ ਹੈ।

(ii) ਤਕਨੀਕੀ ਬੱਚਤਾਂ (Technical Economies)– ਦੀਰਘ ਕਾਲ ਵਿੱਚ ਉਤਪਾਦਨ ਦਾ ਪੈਮਾਨਾ ਵਧਾਉਣ ਦੇ ਫਲਸਰੂਪ ਕਈ ਤਰ੍ਹਾ ਦੀਆਂ ਤਕਨੀਕੀ ਬੱਚਤਾਂ ਪ੍ਰਾਪਤ ਹੁੰਦੀਆਂ ਹਨ ਜਿਵੇਂ **ਆਪਣੇ-ਆਪ ਚੱਲਦੀਆਂ ਮਸ਼ੀਨਾਂ** (Automatic Machines) ਦਾ ਜ਼ਿਆਦਾ ਇਸਤੇਮਾਲ। ਉਤਪੰਨ ਤਕਨੀਕ ਨਾਲ ਪੈਦਾ ਲਾਗਤਾਂ ਨੂੰ ਘੱਟ ਕੀਤਾ ਜਾ ਸਕਦਾ ਹੈ। ਇਸ ਲਈ ਤਕਨੀਕੀ ਬੱਚਤਾਂ ਦੇ ਕਾਰਨ ਔਸਤ ਲਾਗਤ ਘੱਟ ਹੁੰਦੀ ਜਾਂਦੀ ਹੈ।

(iii) **ਅਣ ਵੰਡਣਯੋਗ ਦੀਆਂ ਬੱਚਤਾਂ** (Economies of indivisibility)– **ਜੇ. ਐਸ. ਬੇਨ** (J.S.Bain) ਦੇ ਅਨੁਸਾਰ ਉਤਪਦਨ ਦੇ ਸਾਧਨਾਂ ਦੀਆਂ ਅਵਿਭਾਜਤਾਵਾਂ ਦੇ ਫਲਸਰੂਪ ਵੀ ਉਤਪਾਦਨ ਵਿੱਚ ਵਾਧਾ ਕਰਨ 'ਤੇ ਔਸਤ ਲਾਗਤ ਘੱਟ ਹੋਣ ਲੱਗਦੀ ਹੈ। ਉਤਪਾਦਨ ਦੇ ਕਈ ਸਾਧਨਾਂ ਦੀ ਇਕ ਨਿਸ਼ਚਿਤ ਮਾਤਰਾ ਦਾ ਇਸਤੇਮਾਲ ਕਰਨਾ ਜ਼ਰੂਰੀ ਹੁੰਦਾ ਹੈ, ਚਾਹੇ ਉਤਪਾਦਨ ਘੱਟ ਹੋਵੇ ਜਾਂ ਜ਼ਿਆਦਾ ਹੋਵੇ। ਉਦਾਹਰਣ ਦੇ ਤੌਰ 'ਤੇ ਇਕ ਵੱਡੀ ਫਰਮ ਇਕ **ਉਤਪਾਦਨ ਮੈਨੇਜਰ** (Production Manager) ਦਾ ਉਸ ਦੀ ਪੂਰੀ ਸਮਰਥਾ ਤੱਕ ਇਸਤੇਮਾਲ ਕਰ ਸਕਦੀ ਹੈ ਪਰ ਇਕ ਛੋਟੀ ਫਰਮ ਉਤਪਾਦਨ ਮੈਨੇਜਰ ਦੀ ਸਮਰੱਥਾ ਦੇ ਦੱਸਵੇਂ ਹਿੱਸੇ ਦਾ ਵੀ ਇਸੇਤਮਾਲ ਨਹੀਂ ਕਰ ਸਕਦੀ ਹੈ ਅਤੇ ਉਤਪਾਦਨ ਦੀ ਮਾਤਰਾ ਜਿਵੇਂ-ਜਿਵੇਂ ਵੱਧਦੀ ਹੈ ਅਣ ਵੰਡੇ ਸਾਧਨਾਂ ਦਾ ਉਨ੍ਹਾਂ ਦੀ ਪੂਰੀ ਸਮਰੱਥਾ ਤੱਕ ਇਸਤੇਮਾਲ ਹੁੰਦਾ ਜਾਂਦਾ ਹੈ ਅਤੇ ਔਸਤ ਲਾਗਤ ਘੱਟ ਹੁੰਦੀ ਜਾਂਦੀ ਹੈ।

2. **ਪੈਮਾਨੇ ਦੀਆਂ ਹਾਨੀਆਂ** (Diseconomies of Scale)– ਦੀਰਘ ਕਾਲੀਨ ਔਸਤ ਲਾਗਤ ਦੇ ਉਪਰ ਵੱਲ ਉਠਦੇ ਹੋਏ ਹਿੱਸੇ ਦਾ ਮੁੱਖ ਕਾਰਨ ਉਤਪਾਦਨ ਵਿੱਚ ਵਾਧਾ ਹੋਣ ਦੇ ਕਾਰਨ **ਪੈਮਾਨੇ ਦੀਆਂ ਹੋਣ ਵਾਲੀਆਂ ਹਾਨੀਆਂ** (Diseconomies of Scale) ਹਨ। ਇਕ ਫਰਮ ਦਾ ਕੁਸ਼ਲ ਪ੍ਰਬੰਧ ਕਰਨ ਅਤੇ **ਸਮਨਿਵਤ** (Co-ordination) ਕਰਨ ਵਿੱਚ **ਪ੍ਰਬੰਧ ਦੀ ਕਾਰਜ-ਕੁਸ਼ਲਤਾਂ ਦੀਆਂ ਆਪਣੀਆਂ ਹੱਦਾਂ** (Limitations of the Efficiency of Management) ਹੁੰਦੀਆਂ ਹਨ। ਇਹ ਹੱਦਾਂ ਪੈਮਾਨੇ ਦੀਆਂ **ਹਾਨੀਆਂ** (diseconomies) ਕਹਾਉਂਦੀਆਂ ਹਨ। ਇਕ ਫਰਮ ਦੇ ਉਤਪਾਦਨ ਦੇ ਪੈਮਾਨੇ ਵਿੱਚ ਜਿਵੇਂ-ਜਿਵੇਂ ਵਾਧਾ ਕੀਤਾ ਜਾਂਦਾ ਹੈ, **ਪ੍ਰਬੰਧ** (Management) ਕੰਮਾਂ ਦੀ ਵੰਡ ਅਤੇ ਵਿਸ਼ੇਸ਼ੀਕਰਨ ਦੇ ਜ਼ਰੀਏ ਜ਼ਿਆਦਾ ਕਾਰਜਕੁਸ਼ਲਤਾ ਹੋ ਜਾਂਦਾ ਹੈ ਪਰ ਇਕ ਹੱਦ ਦੇ ਬਾਅਦ ਫਰਮ ਦਾ ਪ੍ਰਬੰਧ ਕਰਨ ਨਾਲ ਸਬੰਧਿਤ ਕਠਿਨਾਈਆਂ ਵਧਣ ਲੱਗਦੀਆਂ ਹਨ। **ਮੁੱਖ ਪ੍ਰਬੰਧਕਾਂ** (Top-Management) ਦਾ, ਕਾਰੋਬਾਰ ਦੇ ਰੋਜ਼ਾਨਾ ਕੰਮਾਂ ਨਾਲ ਸੰਪਰਕ ਹੌਲੀ-ਹੌਲੀ ਦੂਰ ਹੁੰਦਾ ਜਾਂਦਾ ਹੈ। ਇਸ ਦੇ ਫਲਸਰੂਪ ਉਤਪਾਦਨ ਦੇ ਵੱਖ-ਵੱਖ ਵਿਭਾਗਾਂ ਦੇ ਸੰਚਾਲਨ ਦੀ ਕਾਰਜਕੁਸ਼ਲਤਾ ਘਟਣ ਲੱਗਦੀ ਹੈ। ਫੈਸਲਾ ਕਰਨ ਦੀ ਜ਼ਿੰਮੇਵਾਰੀ ਹੋਰ ਵਿਅਕਤੀਆਂ ਨੂੰ ਸੌਂਪਣੀ ਪੈਂਦੀ ਹੈ। **ਕਾਗਜ਼ੀ ਕੰਮ** (Paper Work), ਯਾਤਰਾ ਖਰਚ, ਟੈਲੀਫੋਨ ਬਿੱਲਾਂ ਆਦਿ ਦਾ ਖਰਚਾ ਵੱਧ ਜਾਂਦਾ ਹੈ। ਕਦੀ-ਕਦੀ ਵੱਖ-ਵੱਖ ਫੈਸਲੇ ਲੈਣ ਵਾਲੇ ਕਰਮਚਾਰੀਆਂ ਦੀਆਂ ਯੋਜਨਾਵਾਂ ਵਿੱਚ ਪ੍ਰਸਪਰ ਸਮਨਵਯ ਨਹੀਂ ਹੋ ਸਕਦਾ ਹੈ। ਇਸ ਦੇ ਫਲਸਰੂਪ ਉਤਪਾਦਨ ਵਿੱਚ ਕਮੀ ਆ ਜਾਂਦੀ ਹੇ ਅਤੇ ਔਸਤ ਲਾਗਤਾਂ ਵਧਣ ਲੱਗੀਆਂ ਹਨ।

9.15 ਦੀਰਘ ਕਾਲੀਨ ਸੀਮਾਂਤ ਲਾਗਤ (Long Run Marginal Cost)

ਦੀਰਘ ਕਾਲ ਵਿੱਚ ਕਿਸੇ ਵਸਤੂ ਦੀ ਇਕ ਜ਼ਿਆਦਾ ਜਾਂ ਘੱਟ ਇਕਾਈ ਪੈਦਾ ਕਰਨ ਨਾਲ ਕੁਲ ਲਾਗਤ ਵਿੱਚ ਜੋ ਅੰਤਰ ਆਉਂਦਾ ਹੈ ਉਸ ਨੂੰ ਦੀਰਘ ਕਾਲੀਨ ਸੀਮਿਤ ਲਾਗਤ ਕਿਹਾ ਜਾਂਦਾ ਹੈ।

ਫਰਗੁਸਨ ਦੇ ਸ਼ਬਦਾਂ ਵਿੱਚ, "**ਦੀਰਘ ਕਾਲ ਸੀਮਿਤ ਲਾਗਤ ਉਤਪਾਦਨ ਦੀ ਇਕ ਜ਼ਿਆਦਾ ਇਕਾਈ ਦਾ ਇਸਤੇਮਾਲ ਕਰਨ ਨਾਲ ਕੁਲ ਲਾਗਤ ਵਿੱਚ ਹੋਣ ਵਾਲਾ ਵਾਧਾ ਹੈ ਜਦੋਂ ਸਾਰੀ ਆਗਤ ਕਿਰਿਆਤਮਕ ਰੂਪ ਨਾਲ ਸ਼ਾਮਿਲ ਹੁੰਦੇ ਹਨ।**" (Long-run marginal cost is the addition to total cost attributable to an additional unit of output when all inputs are operationally adjusted. —**Ferguson**)

ਦੀਰਘ ਕਾਲੀਨ ਸੀਮਿਤ ਲਾਗਤ ਵਕ੍ਰ ਨੂੰ ਚਿੱਤਰ 9.16 ਨਾਲ ਸਪੱਸ਼ਟ ਕੀਤਾ ਗਿਆ ਹੈ। LMC ਦੀਰਘ ਕਾਲੀਨ ਸੀਮਿਤ ਲਾਗਤ ਵਕ੍ਰ ਹੈ। ਇਹ ਪਹਿਲਾਂ ਡਿੱਗਦੀ ਹੋਈ ਨਿਊਨਤਮ ਹੋ ਜਾਂਦੀ ਹੈ ਅਤੇ ਇਸ ਦੇ ਬਾਅਦ ਉਪਰ ਵੱਲ ਉਠਣ ਲੱਗਦੀ ਹੈ।

ਨੋਟ

(i) ਦੀਰਘ ਕਾਲੀਨ ਸੀਮਿਤ ਲਾਗਤ ਅਤੇ ਘੱਟ ਸਮੇਂ ਸੀਮਿਤ ਲਾਗਤ ਵਿੱਚ ਸਬੰਧ (Relation between Long Run and Short Run Marginal Cost)- ਇਕ ਘੱਟ ਸਮੇਂ ਸੀਮਿਤ ਲਾਗਤ ਵਕ੍ਰ ਤੋਂ ਇਹ ਪਤਾ ਲੱਗਦਾ ਹੈ ਕਿ ਘੱਟਦੇ-ਵੱਧਦੇ ਸਾਧਨਾਂ ਵਿੱਚ ਪਰਿਵਰਤਨ ਨਾਲ ਕਿਸੇ ਵਸਤੂ ਦੀ ਇਕ ਜ਼ਿਆਦਾ ਜਾਂ ਘੱਟ ਮਾਤਰਾ ਦਾ ਉਤਪਾਦਨ ਕਰਨ ਦੇ ਫਲਸਰੂਪ ਕੁਲ ਲਾਗਤ 'ਤੇ ਕੀ ਪ੍ਰਭਾਵ ਪਵੇਗਾ। ਇਸ ਦੇ ਉਲਟ ਇਕ ਦੀਰਘ ਕਾਲੀਨ ਸੀਮਿਤ ਲਾਗਤ ਵਕ੍ਰ ਤੋਂ ਇਹ ਪਤਾ ਲੱਗਦਾ ਹੈ ਕਿ ਸਾਰੇ ਸਾਧਨਾਂ ਵਿੱਚ ਪਰਿਵਰਤਨ ਹੋਣ ਨਾਲ ਕਿਸੇ ਵਸਤੂ ਦੀ ਇਕ ਜ਼ਿਆਦਾ ਜਾਂ ਘੱਟ ਮਾਤਰਾ ਦਾ ਉਤਪਾਦਨ ਕਰਨ ਦੇ ਫਲਸਰੂਪ ਕੁਲ ਲਾਗਤ 'ਤੇ ਕੀ ਪ੍ਰਭਾਵ ਪਵੇਗਾ।



ਚਿੱਤਰ 9.16

ਅਸੀਂ ਇਹ ਜਾਣਦੇ ਹਾਂ ਕਿ ਦੀਰਘ ਕਾਲ ਵਿੱਚ ਸਾਰੇ ਸਾਧਨ ਪਰਿਵਰਤਨਸ਼ੀਲ ਹੁੰਦੇ ਹਨ। ਦੀਰਘ ਕਾਲ ਸੀਮਿਤ ਲਾਗਤ ਵਕ੍ਰ ਨੂੰ ਘੱਟ ਸਮਾਂ ਸੀਮਿਤ ਲਾਗਤ ਵਕ੍ਰਾਂ ਤੋਂ ਪਤਾ ਕੀਤਾ ਜਾਂਦਾ ਹੈ ਪਰ ਇਹ ਉਨ੍ਹਾਂ ਨੂੰ ਘੇਰਦੀ (Envelope) ਨਹੀਂ ਹੈ। ਉਤਪਾਦਨ ਦੇ ਉਸ ਪੱਧਰ 'ਤੇ ਦੀਰਘ ਕਾਲੀਨ ਸੀਮਿਤ ਲਾਗਤ (LMC) ਘੱਟ ਸਮਾਂ ਸੀਮਿਤ ਲਾਗਤ (SMC) ਦੇ ਬਰਾਬਰ ਜ਼ਰੂਰੀ ਹੋਵੇਗੀ ਜਿਸ 'ਤੇ SMC ਨਾਲ ਸਬੰਧਿਤ SAC ਦੀਰਘ ਕਾਲੀਨ ਔਸਤ ਲਾਗਤ ਵਕ੍ਰ (LAC) ਦੀ **ਛੂੰਹਦੀ ਰੇਖਾ** (Tangent) ਹੁੰਦੀ ਹੈ। ਜਦੋਂ ਫਰਮ ਵਸਤੂ ਦੀ ਦਿੱਤੀ ਹੋਈ ਮਾਤਰਾ ਦੇ ਉਤਪਾਦਨ ਦੇ ਲਈ ਇਕ ਪਲਾਂਟ ਦਾ ਇਕ ਠੀਕ ਪੈਮਾਨਾ ਬਣਾ ਲੈਂਦੀ ਹੈ ਤਾਂ ਉਤਪਾਦਨ ਦੀ ਇਸ ਮਾਤਰਾ 'ਤੇ ਘੱਟ ਸਮਾਂ ਅਤੇ ਦੀਰਘ ਕਾਲੀਨ ਸੀਮਿਤ ਲਾਗਤ ਵਕ੍ਰ ਬਰਾਬਰ ਹੋ ਜਾਂਦੀ ਹੈ। ਜਿਵੇਂ ਕਿ ਚਿੱਤਰ 9.17 ਤੋਂ ਪਤਾ ਲੱਗਦਾ ਹੈ ਕਿ ਇਸ਼ਟਤਮ ਉਤਪਾਦਨ OQ 'ਤੇ SMC = LMC । ਜੇਕਰ ਉਤਪਾਦਨ ਇਸ਼ਟਤਮ ਪੱਧਰ OQ ਤੋਂ ਘੱਟ ਹੋਵੇਗਾ ਤਾਂ SMC ਘੱਟ ਹੋਵੇਗੀ ਅਤੇ LMC ਉਨ੍ਹਾਂ ਦੇ ਮੁਕਾਬਲੇ ਜ਼ਿਆਦਾ ਹੋਵੇਗੀ। ਇਸ ਦੇ ਉਲਟ ਜੇਕਰ ਉਤਪਾਦਨ ਇਸ਼ਟਤਮ ਪੱਧਰ OQ ਤੋਂ ਜ਼ਿਆਦਾ ਹੋਵੇਗਾ ਤਾਂ SMC ਜ਼ਿਆਦਾ ਹੋਵੇਗੀ ਅਤੇ LMC ਉਸ ਦੇ ਮੁਕਾਬਲਾ ਘੱਟ ਹੋਵੇਗੀ। ਦੀਰਘ ਕਾਲੀਨ ਸੀਮਿਤ ਲਾਗਤ (LMC) ਘੱਟ ਸਮਾਂ ਸੀਮਿਤ ਲਾਗਤ (SMC) ਦੀ ਤੁਲਨਾ ਵਿੱਚ ਜ਼ਿਆਦਾ **ਚਪਟੀ** (Flatter) ਹੁੰਦੀ ਹੈ।

ਜਦੋਂ ਉਤਪਾਦਨ ਵੇਫ ਇੱਕ ਵਿਸ਼ੇਸ਼ ਪੱਧਰ ਉੱਤੇ ਅਲਪਕਾਲੀਨ AC ਦੀਰਘਕਾਲੀਨ AC ਵੇਫ ਬਰਾਬਰ ਹੁੰਦੀ ਹੈ ਤਾਂ ਉਸ ਪੱਧਰ ਉੱਤੇ ਅਲਪਕਾਲੀਨ MC ਦੀਰਘਕਾਲੀਨ MC ਵੇਫ ਬਰਾਬਰ ਹੋਵੇਗੀ। ਇਸ ਲਈ ਦੀਰਘਕਾਲੀਨ MC ਉਤਪਾਦਨ ਵੇਫ ਉਸ ਪੱਧਰ ਉੱਤੇ ਦੀਰਘਕਾਲੀਨ MC ਵੇਫ ਬਰਾਬਰ ਹੋਵੇਗੀ ਜਿਸ ਉੱਤੇ ਅਲਪਕਾਲੀਨ AC ਅਤੇ ਦੀਰਘਕਾਲੀਨ AC ਇੱਕ ਦੂੱਜੇ ਵੇਫ ਬਰਾਬਰ ਹੁੰਦੀ ਹੈ।

(ii) ਦੀਰਘ ਕਾਲੀਨ ਸੀਮਿਤ ਲਾਗਤ ਅਤੇ ਦੀਰਘ ਕਾਲੀਨ ਔਸਤ ਲਾਗਤ ਵਿੱਚ ਸਬੰਧ (Relation between LMC and LAC) : LMC ਅਤੇ LAC ਵਿੱਚ ਸਬੰਧ ਵੀ ਚਿੱਤਰ 9.17 ਤੋਂ ਸਪੱਸ਼ਟ ਹੋ ਜਾਂਦਾ ਹੈ। ਇਸ ਚਿੱਤਰ ਤੋਂ ਪਤਾ ਲੱਗਦਾ ਹੈ ਕਿ ਦੀਰਘ ਕਾਲ ਵਿੱਚ LMC ਅਤੇ LAC ਦਾ ਉਹ ਸਬੰਧ ਹੁੰਦਾ ਹੈ ਜੋ ਘੱਟ ਸਮੇਂ ਵਿੱਚ ਹੈ। ਜਦੋਂ LAC ਡਿੱਗਦੀ ਹੈ LMC ਉਸਤੋਂ ਘੱਟ ਹੁੰਦੀ ਹੈ। LAC ਦੇ ਹੇਠਲੇ ਬਿੰਦੀ P ਉੱਤੇ LMC ਉਸਦੇ ਬਰਾਬਰ ਹੋ ਜਾਂਦੀ ਹੈ। ਇਸ ਚਿੱਤਰ ਵਲੋਂ ਇਹ ਵੀ ਗਮਿਾਤ ਹੁੰਦਾ ਹੈ ਕਿ LMC ਵਕਰ LAC ਦੀ ਆਸ਼ਾ ਜਮਿਾਦਾ ਤੇਜੀ ਵਲੋਂ ਹੇਠਾਂ ਦੇ ਵੱਲ ਡਿੱਗਦੀ ਹੈ ਅਤੇ ਜ਼ਿਆਦਾ ਤੇਜ਼ੀ ਨਾਲ ਉਪਰ ਵੱਲ ਉਠਦੀ ਹੈ। ਇਸ਼ਟਤਮ ਉਤਪਾਦਨ ਦੇ ਬਿੰਦੂ P 'ਤੇ SAC = SMC = LAC = LMC।

ਨੋਟ



ਚਿੱਤਰ 9.17

9.16 ਲਾਗਤ ਵਕ੍ਰਾਂ ਦਾ ਆਧੁਨਿਕ ਸਿਧਾਂਤ (Modern Theory of Cost Curves)

ਲਾਗਤ ਵਕ੍ਰਾਂ ਦੇ ਆਧੁਨਿਕ ਸਿਧਾਂਤ ਦਾ ਪ੍ਰਤੀਪਦਾਨ ਸਿਟਗਲਰ (Stigler), **ਏਂਡ੍ਰਯੂਜ** (Andrews) ਸਾਰਜੇਂਟ ਫਲੋਰੇਂਸ (Sargent Florence) ਅਤੇ **ਫਰੀਡਮੈਨ** (Friedman) ਆਦਿ ਅਰਥ ਸ਼ਾਸਤਰੀਆਂ ਨੇ ਕੀਤਾ ਹੈ। **ਪ੍ਰੰਪਰਾਵਾਦੀ ਲਾਗਤ ਵਕ੍ਰ ਸਿਧਾਂਤ** (Traditional Theory of Cost Curves) ਦੇ ਅਨੁਸਾਰ ਲਾਗਤ ਵਕ੍ਰ U-**ਆਕਾਰ** (U-shaped) ਹੁੰਦੇ ਹਨ ਪਰ ਆਧੁਨਿਕ ਸਿਧਾਂਤ ਦੇ ਅਨੁਸਾਰ ਅਸਲੀ ਜੀਵਨ ਵਿੱਚ ਲਾਗਤ ਵਕ੍ਰ U-ਆਕਾਰ ਦੇ ਨਾ ਹੋ ਕੇ L-**ਆਕਾਰ** (L-shaped) ਦੇ ਹੁੰਦੇ ਹਨ। **L-ਆਕਾਰ ਦੀ ਲਾਗਤ ਵਕ੍ਰ ਤੋਂ ਭਾਵ ਹੈ ਕਿ ਉਤਪਾਦਨ ਦੇ ਵੱਧਣ ਦੇ ਨਾਲ-ਨਾਲ ਉਤਪਾਦਨ ਲਾਗਤ ਲਗਾਤਾਰ ਘੱਟ ਹੁੰਦੀ ਜਾਵੇਗੀ।**

ਆਧੁਨਿਕ ਸਿਧਾਂਤ ਦੇ ਅਨੁਸਾਰ ਦੀਰਘ ਕਾਲੀਨ ਲਾਗਤਾਂ ਮੁੱਖ ਰੂਪ ਨਾਲ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ–

(1) **ਉਤਪਾਦਨ ਲਾਗਤ** (Production Cost) ਅਤੇ (2) **ਪ੍ਰਬੰਧਕ ਲਾਗਤ** (Managerial Cost)– ਉਤਪਾਦਨ ਵਿੱਚ ਵਾਧਾ ਹੋਣ ਦੇ ਫਲਸਰੂਪ **ਉਤਪਾਦਨ ਲਾਗਤ** ਲਗਾਤਾਰ ਘੱਟ ਹੋ ਜਾਂਦੀ ਹੈ। ਇਸ ਦੇ ਉਲਟ ਉਤਪਾਦਨ ਦੇ ਬਹੁਤ ਵੱਡੇ ਪੈਮਾਨੇ 'ਤੇ **ਪ੍ਰਬੰਧਕ ਲਾਗਤਾਂ** ਵੱਧ ਸਕਦੀਆਂ ਹਨ ਪਰ ਉਤਪਾਦਨ ਲਾਗਤ ਵਿੱਚ ਹੋਣ ਵਾਲੀ ਕਮੀ ਪ੍ਰਬੰਧਕ ਲਾਗਤ ਵਿੱਚ ਹੋਣ ਵਾਲੇ ਵਾਧੇ ਨਾਲ ਜ਼ਿਆਦਾ ਹੁੰਦਾ ਹੈ। ਇਸ ਲਈ ਦੀਰਘ ਕਾਲ ਵਿੱਚ ਉਤਪਾਦਨ ਵਿੱਚ ਵਾਧਾ ਹੋਣ ਦੇ ਨਾਲ–ਨਾਲ **ਦੀਰਘ ਕਾਲੀਨ ਔਸਤ ਲਾਗਤ ਵਕ੍ਰ** (LAC) ਘੱਟ ਹੋ ਜਾਂਦੀ ਹੈ। ਦੀਰਘ ਕਾਲ ਵਿੱਚ ਹਰੇਕ ਫਰਮ ਵੱਖ–ਵੱਖ ਆਕਾਰ ਦੇ ਪਲਾਂਟਾਂ ਦਾ ਇਸਤੇਮਾਲ ਕਰਦੀ ਹੈ। ਇਕ ਨਿਸ਼ਚਿਤ ਉਤਪਾਦਨ ਦੀ ਮਾਤਰਾ ਦੇ ਲਈ ਇਕ ਵਿਸ਼ੇਸ਼ ਤਰ੍ਹਾਂ ਦਾ ਪਲਾਂਟ ਉਪਯੁਕਤ ਰਹਿੰਦਾ ਹੈ। ਹਰੇਕ ਪਲਾਂਟ ਦਾ ਇਕ **ਘੱਟ ਸਮਾਂ** ਔਸਤ **ਲਾਗਤ ਵਕ੍ਰ** (SAC) ਹੁੰਦੀ ਹੈ।



ਚਿੱਤਰ 9.18

ਨੋਟ

ਅਸੀਂ ਇਸ ਦੀ ਸਹਾਇਤਾ ਨਾਲ LAC ਦਾ ਅੰਦਾਜ਼ਾ ਲਗਾ ਸਕਦੇ ਹਾਂ। ਮੰਨ ਲਓ ਇਕ ਫਰਮ ਚਾਰ ਤਰ੍ਹਾਂ ਦੇ ਆਕਾਰ ਦੇ ਲਪਾਂਟਾਂ ਦਾ ਇਸਤੇਮਾਲ ਕਰ ਸਕਦੀ ਹੈ। ਇਨ੍ਹਾਂ ਦੀ ਘੱਟ ਸਮਾਂ ਲਾਗਤ ਵਕ੍ਰ SAC_1, SAC_2, SAC_3 ਅਤੇ SAC_4 ਹਨ। **ਲਾਗਤ ਵਕ੍ਰਾਂ ਦੇ ਆਧੁਨਿਕ ਸਿਧਾਂਤ** ਦੇ ਅਨੁਸਾਰ ਦੀਰਘ ਕਾਲੀਨ ਉਤਪਾਦਨ ਸਬੰਧੀ ਅੰਕੜਿਆਂ ਨਾਲ ਇਹ ਪ੍ਰਗਟ ਹੁੰਦਾ ਹੈ ਕਿ ਇਕ ਫਰਮ ਸਧਾਰਣ ਰੂਪ ਨਾਲ ਕਿਸੇ ਪਲਾਂਟ ਦੀ ਦੋ ਤਿਹਾਈ (2/3) ਉਤਪਾਦਨ ਸਮਰੱਥਾ ਦਾ ਇਸਤੇਮਾਲ ਕਰਦੀ ਹੈ। ਉਹ ਕੁਲ ਉਤਪਾਦਨ ਸਮਰੱਥਾ ਦਾ ਇਸਤੇਮਾਲ ਨਹੀਂ ਕਰਦੀ। ਹਰੇਕ ਪਲਾਂਟ ਦੀ 2/3 ਉਤਪਾਦਨ ਸਮਰੱਥਾ ਨਾਲ ਸਬੰਧਿਤ SAC ਦੀ ਸਹਾਇਤਾ ਨਾਲ LAC ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਚਿੱਤਰ 9.18 ਵਿੱਚ ਦੀਰਘ ਕਾਲੀਨ LAC ਨੂੰ ਦਰਸਾਇਆ ਗਿਆ ਹੈ। ਵੱਖ-ਵੱਖ ਘੱਟ ਸਮੇਂ ਲਾਗਤਾਂ ਵਕ੍ਰਾਂ SAC_1, SAC_2, SAC_3, SAC_4 ਦੀ 2/3 ਉਤਪਾਦਨ ਸਮਰੱਥਾ ਨਾਲ ਸਬੰਧਿਤ ਲਾਗਤ ਦੇ ਬਿੰਦੂਆਂ ਨੂੰ ਮਿਲਾ ਕੇ ਦੀਰਘ ਕਾਲੀਨ ਔਸਤ ਲਾਗਤ ਵਕ੍ਰ ਬਣਾਈ ਗਈ ਹੈ।

ਚਿੱਤਰ 9.18 ਤੋਂ ਪਤਾ ਲੱਗਦਾ ਹੈ ਕਿ ਦੀਰਘ ਕਾਲੀਨ ਔਸਤ ਲਾਗਤ ਵਕ੍ਰ ਦੀਆਂ ਦੋ ਮੁੱਖ ਵਿਸ਼ੇਸ਼ਤਾਵਾਂ ਹਨ-

(1) ਦੀਰਘ ਕਾਲੀਨ ਔਸਤ ਲਾਗਤ ਵਕ੍ਰ U-ਆਕਾਰ (U-shaped) ਦੀ ਨਹੀਂ ਹੁੰਦੀ ਹੈ।

(2) ਦੀਰਘ ਕਾਲੀਨ ਔਸਤ ਲਾਗਤ ਵਕ੍ਰ ਲਿਫਾਫਾ ਵਕ੍ਰ (Envelope) ਨਹੀਂ ਹੁੰਦੀ (LAC is not envelope of SAC) । ਇਹ ਘੱਟ ਸਮਾਂ ਲਾਗਤ ਵਕ੍ਰਾਂ ਨੂੰ ਵੱਧਣ ਦੇ ਸਥਾਨ 'ਤੇ ਉਨ੍ਹਾਂ ਨੂੰ ਕੱਟਦੀ ਹੈ।



ਚਿੱਤਰ 9.19

ਆਧੁਨਿਕ ਸਿਧਾਂਤ ਦੇ ਅਨੁਸਾਰ LAC ਜਿਵੇਂ ਕਿ ਚਿੱਤਰ 9.19 *(a)* ਅਤੇ *(b)* ਵਿੱਚ ਦਿਖਾਇਆ ਗਿਆ ਹੈ ਕਿ ਜਾਂ ਤਾਂ L-shaped ਹੁੰਦੀ ਹੈ ਜਾਂ ਉਲਟੇ J ਦੇ ਆਕਾਰ ਦੀ ਹੁੰਦੀ ਹੈ।

1. **L ਆਕਾਰ ਦੀ ਔਸਤ ਲਾਗਤ ਵ੍ਰਕ** (L-shaped LAC)-ਚਿੱਤਰ 9.19 (A) ਵਿੱਚ (L-shaped) ਦੇ LAC ਨੂੰ ਦਰਸਾਇਆ ਗਿਆ ਹੈ। ਇਸ ਦੇ L ਆਕਾਰ ਦੇ ਹੋਣ ਦਾ ਕਾਰਨ ਇਹ ਹੈ ਕਿ ਦੀਰਘ ਕਾਲ ਵਿੱਚ ਉਤਪਾਦਨ ਦਾ ਨਿਊਨਤਮ ਆਦਰਸ਼ ਪੈਮਾਨਾ ਹੁੰਦਾ ਹੈ ਜਿਸ ਨਾਲ ਸਾਰੇ ਸਬੰਧ ਬਚਤਾਂ ਪ੍ਰਾਪਤ ਕਰ ਲਈਆਂ ਜਾਂਦੀਆਂ ਹਨ। ਇਸ ਦੇ ਫਲਸਰੂਪ ਉਤਪਾਦਨ ਦੇ ਨਿਊਨਤਮ ਆਦਰਸ਼ ਪੱਧਰ ਦੇ ਬਾਅਦ ਲਾਗਤਾਂ ਸਥਿਰ ਹੋ ਜਾਂਦੀਆਂ ਹਨ।

2. **ਉਲਟੇ J ਆਕਾਰ ਦੀ ਦੀਰਘ ਕਾਲੀਨ ਔਸਤ ਲਾਗਤ ਵਕ੍ਰ** (Inverted J Shaped LAC Curve)-ਚਿੱਤਰ 9.19 *(b)* ਵਿੱਚ ਉਲਟਾ J-ਆਕਾਰ ਦੀ ਦੀਰਘ ਕਾਲੀਨ ਔਸਤ ਲਾਗਤ ਵਕ੍ਰ ਪ੍ਰਗਟ ਕੀਤੀ ਗਈ ਹੈ। ਦੀਰਘ ਕਾਲੀਨ ਔਸਤ ਲਾਗਤ ਵਕ੍ਰ ਦੇ ਉਲਟ J ਦੇ ਆਕਾਰ ਦੇ ਹੋਣ ਦਾ ਕਾਰਨ ਇਹ ਹੈ ਕਿ ਉਤਪਾਦਨ ਵਿੱਚ ਵਾਧਾ ਹੋਣ ਦੇ ਨਾਲ ਉਤਪਾਦਨ ਲਾਗਤ ਘੱਟ ਹੁੰਦੀ ਜਾਂਦੀ ਹੈ।

ਆਧੁਨਿਕ ਸਿਧਾਂਤ ਦੇ ਅਨੁਸਾਰ ਲਾਗਤ ਸਬੰਧੀ ਉਪਲੱਬਧ ਅੰਕੜਿਆਂ ਦੇ ਅਧਾਰ 'ਤੇ ਇਹ ਨਿਸ਼ਚਿਤ ਰੂਪ ਨਾਲ ਨਹੀਂ ਕਿਹਾ ਜਾ ਸਕਦਾ ਹੈ ਕਿ ਦੀਰਘ ਕਾਲੀਨ ਔਸਤ ਲਾਗਤ ਵਕ੍ਰ L-ਆਕਾਰ ਦੀ ਹੁੰਦੀ ਹੈ ਜਾਂ ਉਲਟੇ J (Inverted-J Shaped) ਦੇ ਆਕਾਰ ਦੀ ਹੁੰਦੀ ਹੈ ਪਰ ਇਹ ਨਿਸ਼ਚਿਤ ਰੂਪ ਨਾਲ ਕਿਹਾ ਜਾ ਸਕਦਾ ਹੈ ਕਿ LAC, U-ਆਕਾਰ ਦੀ ਨਹੀਂ ਹੁੰਦੀ। ਇਹ U-ਆਕਾਰ ਦੀ ਉਸ ਸਥਿਤੀ ਵਿੱਚ ਹੋਵੇਗੀ ਜਦੋਂ ਉਚੇ ਪੈਮਾਨੇ 'ਤੇ ਉਤਪਾਦਨ ਕਰਨ ਨਾਲ ਉਤਪਾਦਨ ਦੀਆਂ ਹਾਨੀਆਂ (Diseconomies) ਚੁੱਕਣੀ ਪਵੇ ਪਰ ਅਸਲੀ ਜੀਵਨ ਵਿੱਚ ਉਚੇ ਪੈਮਾਨੇ 'ਤੇ ਉਤਪਾਦਨ ਕਰਨ ਨਾਲ ਪੈਮਾਨੇ ਦੀਆਂ ਕੋਈ ਹਾਨੀਆਂ ਨਹੀਂ ਹੁੰਦੀਆਂ।

ਨੋਟ

9.17 ਦੀਰਘ ਕਾਲੀਨ ਸੀਮਾਂਤ ਲਾਗਤ ਵਕ੍ਰ (Long Run Marginal Cost Curve)

ਆਧੁਨਿਕ ਸਿਧਾਂਤ ਦੇ ਅਨੁਸਾਰ ਦੀਰਘ ਕਾਲੀਨ ਸੀਮਿਤ ਲਾਗਤ ਵਕ੍ਰ ਦਾ ਆਕਾਰ ਉਸ ਨਾਲ ਸਬੰਧਿਤ LAC ਦੇ ਆਕਾਰ ਦੀਆਂ ਕਿਸਮਾਂ ਹੁੰਦੀਆਂ ਹਨ। LMC ਵਕ੍ਰ ਅਤੇ LAC ਵਕ੍ਰ ਦਾ ਸਬੰਧ ਚਿੱਤਰ 9.20 ਨਾਲ ਦਰਸਾਇਆ ਗਿਆ ਹੈ।

(i) ਚਿੱਤਰ 9.20 (a) ਵਿੱਚ ਦਰਸਾਇਆ ਗਿਆ ਹੈ ਕਿ ਜੇਕਰ LAC ਵਕ੍ਰ L ਆਕਾਰ ਦੀ ਹੁੰਦੀ ਹੈ ਤਾਂ LMC ਵਕ੍ਰ ਵੀ L ਆਕਾਰ ਦੀ ਹੁੰਦੀ ਹੈ ਅਤੇ ਹਮੇਸ਼ਾ LAC ਵਕਰ ਦੇ ਹੇਠਾਂ ਰਹਦਿੀ ਹੈ। ਪਰ ਜਦੋਂ LAC ਵਕਰ ਸਥਰਿ ਹੋ ਹੁੰਦੀ ਹੈ LMC ਵਕਰ ਵੀ ਸਥਰਿ ਹੋ ਜਾਂਦੀ ਹੈ ਅਤੇ LAC ਵਕਰ ਦੇ ਨਾਲ ਮਲਿ ਜਾਂਦੀ (Coincide) ਹੈ।

(ii) ਚਿੱਤਰ 9.20 (b) ਵਿੱਚ ਦਰਸਾਇਆ ਗਿਆ ਹੈ ਕਿ ਜੇਕਰ LAC ਵਕ੍ਰ ਉਲਟੇ J ਤਰ੍ਹਾਂ ਦੇ ਆਕਾਰ ਦੀ ਹੁੰਦੀ ਹੈ ਜਦੋਂ LAC ਵਕ੍ਰ ਹੇਠਾਂ ਵੱਲ ਡਿੱਗ ਰਹੀ ਹੈ, LMC ਵਕ੍ਰ ਵੀ ਹੇਠਾਂ ਵੱਲ ਡਿੱਗ ਰਹੀ ਹੈ ਅਤੇ LMC ਵਕ੍ਰ ਦਾ ਡਿੱਗਦਾ ਹੋਇਆ ਹਿੱਸਾ LAC ਦੇ ਡਿੱਗਦੇ ਹੋਏ ਹਿੱਸੇ ਦੇ ਹੇਠਾਂ ਹੁੰਦਾ ਹੈ।



ਚਿੱਤਰ 9.20

ਸੰਖੇਪ ਵਿੱਚ ਲਾਗਤ ਵਕ੍ਰਾਂ ਦੇ ਆਧੁਨਿਕ ਸਿਧਾਂਤ ਦੇ ਅਨੁਸਾਰ LAC ਵਕ੍ਰ ਸਿਰਫ L- ਆਕਾਰ ਦਾ ਹੁੰਦਾ ਹੈ ਜਦੋਂ ਕਿ ਪ੍ਰੰਪਰਾਗਤ ਸਿਧਾਂਤ ਦੇ ਅਨੁਸਾਰ ਇਹ U-ਆਕਾਰ ਦਾ ਹੁੰਦਾ ਹੈ। ਆਧੁਨਿਕ ਸਿਧਾਂਤ ਪ੍ਰੰਪਰਾਗਤ ਸਿਧਾਂਤ ਦੀ ਤੁਲਨਾ ਵਿੱਚ ਜ਼ਿਆਦਾ ਅਸਲੀ ਹੈ।

ਟਾਸਕ ਦੀਰਘ ਕਾਲੀਨ ਸੀਮਿਤ ਲਾਗਤ 'ਤੇ ਆਪਣੇ ਵਿਚਾਰ ਪ੍ਰਗਟ ਕਰੋ।

9.18 ਤਕਨੀਕੀ ਪਰਿਵਰਤਨ : ਅਤਿ ਦੀਰਘ ਕਾਲ (Technical Change : The Very Long Run)

ਘੱਟ ਸਮੇਂ ਵਿੱਚ ਸਧਾਰਣ ਤੌਰ 'ਤੇ ਇਕ ਫਰਮ ਦੇ ਕੋਲ ਮਿਹਨਤ ਇਕ ਪਰਿਵਰਤਨਸ਼ੀਲ ਸਾਧਨ ਹੁੰਦਾ ਹੈ, ਜਦੋਂ ਕਿ ਪੂੰਜੀ, ਪਲਾਂਟ ਅਤੇ ਸਾਜ-ਸਮੱਗਰੀ ਜਿਵੇਂ ਹੋਰ ਸਾਧਨ, ਉਤਪਾਦਨ ਤਕਨੀਕ ਆਦਿ **ਸਥਿਰ** (Constant) ਰਹਿੰਦੇ ਹਨ ਅਤੇ ਮਿਹਨਤ ਦਾ ਜ਼ਿਆਦਾ ਮਾਤਰਾ ਵਿੱਚ ਇਸਤੇਮਾਲ ਕਰਕੇ ਉਤਪਾਦਨ ਨੂੰ ਉਦੋਂ ਤੱਕ ਵਧਾਇਆ ਜਾ ਸਕਦਾ ਹੈ ਜਦੋਂ ਤੱਕ ਕਿ ਮਿਹਨਤ ਦੀ ਹਰੇਕ ਹੋਰ ਇਕਾਈ ਦਾ ਉਤਪਾਦਨ **ਧਨਾਤਮਕ** (Positive) ਹੈ ਅਤੇ MP_L ਧਨਾਤਮਕ ਹੈ। ਹੋਰ ਮਿਹਨਤ ਲਗਾਉਣ 'ਤੇ ਜੋ ਲਾਗਤ ਜਾਂ ਖਰਚ ਬੈਠਦਾ ਹੈ ਉਸ ਨੂੰ **ਉਤਪਾਦਨ ਸਿਰਜਤ** (Output Generate) ਕਰਕੇ ਨਿਕਲ ਜਾਂਦਾ ਹੈ, ਅਤੇ ਉਤਪਾਦਨ ਜ਼ਿਆਦਾ ਕਰਕੇ ਉਸ ਖਰਚ ਨੂੰ ਪੂਰਾ ਕੀਤਾ ਜਾ ਸਕਦਾ ਹੈ।

ਨੋਟ

ਦੀਰਘ ਕਾਲ ਵਿੱਚ ਉਤਪਾਦਨ ਦੇ ਸਾਰੇ ਸਾਧਨ ਪਰਿਵਰਤਨਸ਼ੀਲ ਹੁੰਦੇ ਹਨ, ਇਸ ਲਈ ਫਰਮਾਂ ਸਾਧਨਾਂ ਦੇ ਉਨ੍ਹਾਂ ਸਾਰੇ ਵੱਖ-ਵੱਖ ਸੰਜੋਗਾਂ ਨੂੰ ਲੈ ਅਤੇ ਇਸਤੇਮਾਲ ਕਰ ਸਕਦੀਆਂ ਹਨ। ਇਸਲਈ ਫਰਮਾਂ ਵੱਖਰਾ ਬਰਾਬਰ - ਲਾਗਤ ਰੇਖਾਵਾਂ (Iso-cost Lines) ਉੱਤੇ ਸਰਕ ਸਕਦੀਆਂ ਹਨ। ਇਸਨੂੰ ਹੇਠਲਾ ਲਾਗਤ ਸੰਜੋਗ (Least Cost Combination) ਵੀ ਕਿਹਾ ਜਾਂਦਾ ਹੈ, ਉਹ ਇਸ ਲਈ ਕਿ ਉਤਪਾਦਨ ਦੇ ਸਾਰੇ ਸਾਧਨਾਂ ਦੇ ਲਈ ਕੀਤੀ ਗਈ ਪ੍ਰਤੀ ਇਕਾਈ ਸੀਮਿਤ ਉਤਪਾਦ ਲਾਗਤ ਬਰਾਬਰ ਹੁੰਦੀ ਹੈ, ਅਤੇ

$$\frac{MP_L}{P_L} = \frac{MP_K}{P_K}$$

ਅਤਿ ਦੀਰਘ ਕਾਲ ਵਿੱਚ, ਖੁਦ ਉਤਪਾਦਨ ਫਲਨ ਵਿੱਚ ਪਰਿਵਰਤਨ ਹੁੰਦਾ ਹੈ ਅਤੇ ਉਤਪਾਦਨ ਤਕਨੀਕ ਵਿੱਚ ਇਸ ਢੰਗ ਨਾਲ ਪਰਿਵਰਤਨ ਕੀਤਾ ਜਾ ਸਕਦਾ ਹੈ ਕਿ ਆਗਤਾਂ ਦੀ ਬਰਾਬਰ ਮਾਤਰਾ ਜ਼ਿਆਦਾ ਉਤਪਾਦਨ ਕਰ ਸਕਣ ਅਤੇ ਇਸ ਲਈ ਲਾਗਤ ਵਕ੍ਰ ਵਿੱਚ ਪਰਿਵਰਤਨ ਹੁੰਦਾ ਹੈ ਅਤੇ ਉਹ ਹੇਠਾਂ ਵੱਲ ਖਿਸਕਦੀ ਹੈ। ਹੋਰ ਸ਼ਬਦਾਂ ਵਿੱਚ ਤਕਨੀਕੀ ਪਰਿਵਰਤਨ **ਨਵੇਂ ਪਰਿਵਰਤਨ** (Innovation) ਹੋਣ ਦੇ ਨਾਲ ਇਕ ਦਿੱਤੇ ਹੋਏ ਉਤਪਾਦਨ ਦੀ ਪੈਦਾ ਕਰਨ ਦੀ ਲਾਗਤ ਨੂੰ ਉਤਪਾਦਨ ਦੇ ਉਪਲੱਬਧ ਸਾਧਨਾਂ ਦਾ ਜ਼ਿਆਦਾ ਕੁਸ਼ਲ ਇਸਤੇਮਾਲ ਕਰਕੇ ਘੱਟ ਕੀਤਾ ਜਾ ਸਕਦਾ ਹੈ।

ਵਿਗਿਆਨਿਕਾਂ, ਨਵੇਂ ਪ੍ਰਵਰਤਕਾਂ ਆਦਿ ਨਾਲ ਕੀਤੇ ਤਕਨੀਕੀ ਨਵੇਂ ਪਰਿਵਰਤਨ ਦਾ ਉਤਮ ਤਰ੍ਹਾਂ ਨਾਲ ਸੰਜੋਗ ਕਰਕੇ ਉਤਪਾਦਨ ਲਾਗਤ ਨੂੰ ਘੱਟ ਕੀਤਾ ਜਾ ਸਕਦਾ ਹੈ। **ਸ਼ੁਮਪੀਟਰ** (Schumpeter) ਇਕ ਏਕਾਧਿਕਾਰੀ ਪ੍ਰਤੀਯੋਗਤਾ ਦਾ ਇਕ **ਪ੍ਰਤੀਪਾਦਕ** (Exponent) ਹੈ ਕਿਉਂਕਿ ਇਹ (ਏਕਾਧਿਕਾਰੀ ਪ੍ਰਤੀਯੋਗਤਾ) ਫਰਮਾਂ ਨੂੰ ਨਵੇਂ ਪਰਿਵਰਤਨ ਦੀ ਪ੍ਰੇਰਣਾ ਦਿੰਦੀ ਹੈ ਅਤੇ ਅਤਿ ਦੀਰਘ ਕਾਲ, ਬਾਜ਼ਾਰ ਵਿੱਚ ਬਦਲਣ ਵਾਲੇ **ਆਰਥਿਕ ਸੰਕੇਤਕਾਂ** (Economic Signals) ਦੇ ਕਾਰਨ ਲਗਾਤਾਰ ਤਕਨੀਕੀ ਪਰਿਵਰਤਨ ਹੁੰਦੇ ਰਹਿੰਦੇ ਹਨ।

ਤਕਨੀਕੀ ਨਵੇਂ ਪਰਿਵਰਤਨ ਹਮੇਸ਼ਾ ਬਦਲਣ ਵਾਲੇ ਆਰਥਿਕ ਸੰਕੇਤਾਂ ਦਾ ਨਤੀਜਾ ਹੈ ਅਤੇ ਬਾਜ਼ਾਰ ਦਿਸ਼ਾਵਾਂ ਵਿੱਚ ਇਕ ਦਿੱਤੇ ਪਰਿਵਰਤਨ ਦੇ ਫਲਸਰੂਪ ਇਹ ਫਰਮਾਂ ਦੀ **ਪਰਿਵਰਤਨਸ਼ੀਲ ਅਨੁਕਿਰਿਆ** (Change Response) ਨੂੰ ਦੱਸਦੇ ਹਨ। ਸਾਧਨਾਂ ਦੀ ਕੀਮਤ ਵਿੱਚ ਪਰਿਵਰਤਨ ਦੇ ਫਲਸਰੂਪ ਸਾਧਨਾਂ ਦਾ ਪ੍ਰਤੀਸਥਾਪਨ ਫਰਮਾਂ ਨੂੰ ਨਵੇਂ ਪਰਿਵਰਤਨ ਦੇ ਲਈ ਉਤਸ਼ਾਹਿਤ ਕਰਦਾ ਹੈ।

ਉਦਾਹਰਣ ਦੇ ਤੌਰ 'ਤੇ ਮਿਹਨਤ ਦੀ ਵੱਧਦੀ ਕੀਮਤ (ਮਿਹਨਤ ਦੀ ਮੰਗ ਵੱਧਣ, ਮਜ਼ਦੂਰ ਸੰਘ ਦੇ ਨਿਰਮਾਣ ਅਤੇ ਸਰਕਾਰ ਦੀ ਮਜਦੂਰੀ ਕਾਨੂੰਨੀ ਸਬੰਧੀ ਨੀਤੀ ਦੇ ਕਾਰਨ) ਦੀ ਸਥਿਤੀ ਵਿੱਚ ਫਰਮਾਂ ਨੇ ਉਤਪਾਦਨ ਦੀ ਪੂੰਜੀ ਗਹਿਨ/ਵਿਧੀਆਂ ਤਕਨੀਕੀ ਦੀ ਖੋਜ ਕਰਨੀ ਸ਼ੁਰੂ ਕਰ ਦਿੱਤੀ ਹੈ। ਆਵਾਜਾਈ, ਸੰਚਾਰ **ਨਿਰਮਾਣ** (Manufacturing) ਆਦਿ ਵਿੱਚ ਮਿਹਨਤ ਦੇ ਸਥਾਨ 'ਤੇ ਪੂੰਜੀ ਦਾ ਲਗਾਉਣਾ ਵੈਸ਼ਿਵਕ ਰੂਪ ਬਣ ਚੁੱਕਾ ਹੈ।

ਅਤਿ ਦੀਰਘ ਕਾਲ ਵਿੱਚ, ਤਕਨੀਕੀ ਨਵਾਂ ਪਰਿਵਰਤਨ ਇਕ ਹੀ ਦੇਸ਼ ਤੱਕ ਸੀਮਿਤ ਨਹੀਂ ਰਹਿੰਦੇ, ਬਲਕਿ ਇਹ ਸੰਸਾਰ ਦੇ ਸਾਰੇ ਹਿੱਸਿਆਂ ਵਿੱਚ ਅਕਸਰ ਫੈਲ ਜਾਂਦੇ ਹਨ। ਮੰਨ ਲਓ ਦੇਸ਼ 'A' ਮਿਹਨਤ ਅਤੇ ਪੂੰਜੀ ਦਾ ਇਸਤੇਮਾਲ ਕਰਕੇ ਕੱਪੜੇ ਦਾ ਉਤਪਾਦਨ ਕਰ ਰਿਹਾ ਹੈ। ਹੁਣ ਜੇਕਰ ਘੱਟ ਸਮੇਂ ਵਿੱਚ ਮਿਹਨਤ ਦੀ ਕੀਮਤ ਵਿੱਚ ਵਾਧਾ ਹੋ ਜਾਂਦਾ ਹੈ, ਕਿਉਂਕਿ ਉਹ ਮਿਹਨਤ ਦੇ ਬਦਲੇ ਵਿੱਚ ਪੂੰਜੀ ਦਾ ਪ੍ਰਤੀਸਥਾਪਨ ਨਹੀਂ ਕਰ ਸਕਦਾ ਪਰ ਮਿਹਨਤ ਦੀ ਵੱਧਦੀ ਲਾਗਤ ਦੇਸ਼ ਦੇ ਹਿੱਤ ਵਿੱਚ ਨਹੀਂ ਹੋਵੇਗੀ ਕਿਉਂਕਿ ਉਹ ਸੰਸਾਰ ਬਾਜ਼ਾਰ ਵਿੱਚ ਆਪਣੀ **ਪ੍ਰਤੀਸਪ੍ਰਧਾਤਮਕਤਾ** (Competitiveness) ਗੁਆ ਦੇਵੇਗਾ। ਅਜਿਹੀ ਹਾਨੀ ਉਤਪਾਦਕਾਂ ਨੂੰ ਨਵੇਂ ਪਰਿਵਰਤਨ ਦੇ ਲਈ ਪ੍ਰੇਰਿਤ ਕਰਦੀ ਹੈ ਤਾ ਕਿ ਬਾਜ਼ਾਰ ਸ਼ੇਅਰ (ਅਤੇ ਬਾਜ਼ਾਰ ਤੋਂ ਮਿਲਣ ਵਾਲੀ ਧਨ ਰਾਸ਼ੀ) ਨੂੰ ਉਹ ਦੁਬਾਰਾ ਪ੍ਰਾਪਤ ਕਰ ਸਕਣ। ਅਤਿ ਦੀਰਘ ਕਾਲ ਵਿੱਚ ਉਤਪਾਦਨ ਲਾਗਤ ਨੂੰ ਘੱਟ ਕਰਨ ਦੇ ਲਈ ਫਰਮ ਜਾਂਚ-ਪੜਤਾਲ ਅਤੇ ਵਿਕਾਸ ਵਿੱਚ ਆਪਣੇ ਆਪ ਨੂੰ ਰੁਝਾਅ ਸਕਦੀਆਂ ਹਨ। ਜੇਕਰ ਇਸ ਵਿੱਚ ਉਨ੍ਹਾਂ ਨੂੰ ਸਫਲਤਾ ਮਿਲ ਜਾਂਦੀ ਹੈ ਉਦੋਂ ਉਹ ਅਜਿਹੀਆਂ ਪ੍ਰਤੀਕਿਰਿਆਵਾਂ ਵਿਕਸਿਤ ਕਰਨਗੇ ਜਿਸ ਨਾਲ ਕਿ ਹੋਰ ਦੇਸ਼ਾਂ ਵਿੱਚ ਆਪਣੇ ਪ੍ਰਤੀਯੋਗੀਆਂ ਦੀ ਤੁਲਨਾਂ ਵਿੱਚ ਉਹ ਆਪਣੀਆਂ ਲਾਗਤਾਂ ਉਨ੍ਹਾਂ ਤੋਂ ਹੇਠਾਂ ਲੈ ਆਉਣ। ਪਰਿਵਰਤਨ ਦੀ ਅਜਿਹੀ ਪ੍ਰੇਰਨਾ ਵਿਸ਼ੁੱਧ ਤੋਂ **ਅੰਤਰਜਾਤ** (Endogenous) ਹੁੰਦਾ ਹੈ ਅਤੇ ਇਨ੍ਹਾਂ ਪ੍ਰਤੀਯੋਗੀ ਦੇਸ਼ਾਂ ਨੂੰ ਉਪਲੱਬਧ ਨਹੀਂ ਹੈ ਜੋ ਮਿਹਨਤ ਦੀ ਕੀਮਤ ਵਿੱਚ ਵਾਧੇ ਤੋਂ ਪ੍ਰਭਾਵਿਤ ਨਹੀਂ ਹੈ।

ਅਤੇ ਕੀਮਤ ਵਿੱਚ ਪਰਿਵਰਤਨ ਦੇ ਰੂਪ ਵਿੱਚ ਆਰਥਿਕ ਸੰਕੇਤਾਂ ਅਤੇ ਫਰਮਾਂ ਦੇ ਉਤਪਾਦਨ ਵਿੱਚ ਕਿਸੇ ਵੀ ਪਰਿਵਰਤਨ ਦੀਆਂ ਫਰਮਾਂ ਦੀ ਅਨੁਕਿਰਿਆ (Response) ਦਾ ਸਮਾਂ ਹੱਦ 'ਤੇ ਨਿਰਭਰ ਤਿੰਨ ਚਰਣਾਂ ਵਿੱਚ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ-

- ਪਰਿਵਰਤਨਸ਼ੀਲ ਸਾਧਨ ਵਿੱਚ ਸਮਨਵਯ ਦੇ ਰੂਪ ਵਿੱਚ ਘੱਟ ਅਨੁਕਿਰਿਆ,
- ਉਤਪਾਦਨ ਦੇ ਸਾਰੇ ਸਾਧਨਾਂ ਵਿੱਚ ਸਮਨਵਯ ਦੇ ਰੂਪ ਵਿੱਚ ਦੀਰਘ ਕਾਲੀਨ ਅਨੁਕਿਰਿਆ,
- ਨਵੇਂ ਪਰਿਵਰਤਨ ਦੇ ਰੂਪ ਵਿੱਚ, ਦੀਰਘ ਕਾਲੀਨ ਅਨੁਕਿਰਿਆ ਅਤੇ ਜਾਂਚ-ਪੜਤਾਲ ਅਤੇ ਵਿਕਾਸ ਅਨੁਕਿਰਿਆ।

ਨੋਟ

9.19 ਸਾਰੰਸ਼ (Summary)

- ਘੱਟ ਸਮੇਂ ਵਿੱਚ ਮੰਦੀ ਦੇ ਕਾਰਨ ਵਸਤੂ ਦੀ ਮੰਗ ਅਤੇ ਕੀਮਤ ਘੱਟ ਹੋ ਜਾਂਦੀ ਹੈ। ਫਰਮ ਨੂੰ ਇਹ ਫੈਸਲਾ ਲੈਣਾ ਪੈਂਦਾ ਹੈ ਕਿ ਮੰਦੀ ਦੇ ਦੌਰਾਨ ਉਹ ਉਤਪਾਦਨ ਜਾਰੀ ਰੱਖੇ ਜਾਂ ਉਤਪਾਦਨ ਬੰਦ ਕਰ ਦੇਵੇ। ਘੱਟ ਸਮੇਂ ਵਿੱਚ ਉਤਪਾਦਨ ਬੰਦ ਕਰਨ 'ਤੇ ਵੀ ਫਰਮ ਨੂੰ ਸਥਿਰ ਲਾਗਤਾਂ ਜਿਵੇਂ ਇਮਾਰਤ ਦਾ ਕਿਰਾਇਆ, ਸਥਿਰ ਪੂੰਜੀ 'ਤੇ ਵਿਆਜ ਆਦਿ ਖਰਚ ਕਰਨੇ ਪੈਣਗੇ। ਇਸ ਲਈ ਫਰਮ ਨੂੰ ਘੱਟ ਸਮੇਂ ਵਿੱਚ ਬੰਦ ਕਰਨ ਦਾ ਫੈਸਲਾ ਲੈਣ 'ਤੇ ਵੀ ਸਥਿਰ ਲਾਗਤਾਂ ਦੀ ਹਾਨੀ ਚੁੱਕਣੀ ਹੀ ਪਵੇਗੀ ਅਤੇ ਜੇਕਰ ਮੰਦੀ ਦੇ ਸਮੇਂ ਵਸਤੂ ਦੀ ਕੀਮਤ ਘੱਟ ਹੋ ਕੇ ਘੱਟਦੀਆਂ–ਵੱਧਦੀਆਂ ਲਾਗਤਾਂ ਦੇ ਬਰਾਬਰ ਵੀ ਹੋ ਜਾਂਦੀ ਹੈ ਤਾਂ ਵੀ ਫਰਮ ਉਤਪਾਦਨ ਜਾਰੀ ਰੱਖਣ ਦਾ ਹੀ ਫੈਸਲਾ ਲਵੇਗੀ। ਉਹ ਸਥਿਰ ਲਾਗਤ ਦੀ ਹਾਨੀ ਸਹਿਣ ਕਰ ਲਵੇਗੀ। ਫਰਮ ਉਸ ਸਮੇਂ ਤੱਕ ਉਤਪਾਦਨ ਕਰਦੀ ਰਹੇਗੀ ਜਦੋਂ ਤੱਕ ਉਸ ਨੂੰ ਘੱਟਦੀਆਂ–ਵੱਧਦੀਆਂ ਲਾਗਤਾਂ ਪ੍ਰਾਪਤ ਹੁੰਦੀਆਂ ਰਹਿਣਗੀਆਂ ਪਰ ਜੇਕਰ ਫਰਮ ਨੂੰ ਪਰਿਵਰਤਨਸ਼ੀਲ ਲਾਗਤ ਵੀ ਪ੍ਰਾਪਤ ਨਹੀਂ ਹੋਵੇਗੀ ਤਾਂ ਉਹ ਉਤਪਾਦਨ ਕਰਨਾ ਬੰਦ (Shut down) ਕਰ ਦੇਵੇਗੀ।

9.20 ਸ਼ਬਦਕੋਸ਼ (Keywords)

1. **ਆਰਥਿਕ ਲਾਗਤ** (Economic Cost) – ਮੌਦ੍ਰਿਕ ਭੁਗਤਾਨ।
2. ਨਿੱਜੀ ਲਾਗਤ (Private Cost) –ਵਸਤੂ ਦਾ ਉਤਪਾਦਨ ਕਰਨ ਵਿੱਚ ਖਰਚ ਕੀਤੀ ਗਈ ਰਾਸ਼ੀ।

9.21 ਅਭਿਆਸ ਪ੍ਰਸ਼ਨ (Review Questions)

1. ਅਸਲੀ ਲਾਗਤ ਤੋਂ ਤੁਸੀਂ ਕੀ ਸਮਝਦੇ ਹੋ?
2. ਆਰਥਿਕ ਲਾਗਤ ਤੋਂ ਕੀ ਭਾਵ ਹੈ?
3. ਸਮਾਜਿਕ ਲਾਗਤ ਵਿਅਕਤੀਗਤ ਲਾਗਤ ਤੋਂ ਅਲੱਗ ਹੈ। ਸਪੱਸ਼ਟ ਕਰੋ।
4. ਔਸਤ ਲਾਗਤ ਅਤੇ ਸੀਮਿਤ ਲਾਗਤ ਵਿੱਚ ਸਬੰਧ ਦੀ ਆਲੋਚਨਾ ਕਰੋ।

ਉਤਰ : ਸਵੈ ਮੁਲਾਂਕਣ (Answers : Self Assessment)

1. ਮੌਦ੍ਰਿਕ	2. ਵਿਕਲਪ	3. (ਅ)	4. (ਅ)
5. (ਦ)	6. (ਅ)	7. (ਅ)	8. (ਸ)
9. ਸਹੀ	10. ਸਹੀ	11. ਗਲਤ	12. ਸਹੀ।

9.22 ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕ੍ਰੋਇਕਨੋਮਿਕਸ–ਰਾਬਰਟ ਐਸ ਪਿੰਡੀਕ, ਡੈਨੀਅਲ ਐਲ ਰੂਬਿਨਫੇਲਡ ਐਂਡ ਪ੍ਰੇਮ ਐਲ. ਮਹਿਤਾ, ਪੀਅਰਸੰਨ ਐਜੂਕੇਸ਼ਨ, 2009, ਪੀ. ਬੀ. ਕੇ. ਸੱਤਵਾਂ ਐਡੀਸ਼ਨ।
2. ਮਾਈਕ੍ਰੋਇਕਨੋਮਿਕਸ–ਡੇਵਿਡ ਬੇਸੈਂਕੋ ਐਂਡ ਰੋਨਾਲਡ ਬਰੂਟੀਗੈਮ, ਵਿਲੇ ਇੰਡੀਆ, 2011, ਪੀ. ਬੀ. ਕੇ., ਚੌਥਾ ਐਡੀਸ਼ਨ
3. ਮਾਈਕ੍ਰੋਇਕਨੋਮਿਕਸ–ਸਿਪਰਾ ਮੁੱਖ ਉਪਾਧਿਆਇ, ਐਨੀ, ਬੁਕਸ, 2011

ਨੋਟ

ਇਕਾਈ-10: ਸਮ-ਉਤਪਾਦ ਵਕ੍ਰ (Isoquant Curve)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

10.1 ਸਮ-ਉਤਪਾਦ ਵਕ੍ਰ ਕੀ ਹੈ? (What is an Isoquant Curve?)

10.2 ਮਾਨਤਾਵਾਂ (Assumptions)

10.3 ਵਿਆਖਿਆ (Explanation)

10.4 ਸਮ-ਉਤਪਾਦ ਵਕ੍ਰ ਦਾ ਢਲਾਣ ਅਤੇ ਤਕਨੀਕੀ ਪ੍ਰਤੀਸਥਾਪਨਾ ਦੀ ਸੀਮਾਂਤ ਦਰ (Slope of Isoquant Curve and Marginal Rate of Technical Substitution)

10.5 ਸਮ-ਉਤਪਾਦ ਮਾਨ ਚਿੱਤਰ (Isoquant Map)

10.6 ਸਮ-ਉਤਪਾਦ ਵਕ੍ਰਾਂ ਦੀਆਂ ਵਿਸ਼ੇਸ਼ਤਾਵਾਂ (Characteristics or Properties of Isoquant Curves)

10.7 ਸਮ-ਲਾਗਤ ਰੇਖਾ (Iso-cost Line)

10.8 ਸਮ-ਉਤਪਾਦ ਵਕ੍ਰਾਂ ਅਤੇ ਤਟਸਥਤਾ ਵਕ੍ਰਾਂ ਦੇ ਵਿੱਚ ਅੰਤਰ (Difference between Isoquant Curves and Indifference Curves)

10.9 ਉਤਪਾਦਕ ਸੰਤੁਲਨ ਜਾਂ ਸਾਧਨਾਂ ਦਾ ਨਿਊਨਤਮ ਲਾਗਤ ਸੰਜੋਗ (Producer's Equilibrium or Least Cost Combination of Factors)

10.10 ਸਾਧਨਾਂ ਦੇ ਇਸ਼ਟਤਮ ਸੰਜੋਗ ਜਾਂ ਨਿਊਨਤਮ ਲਾਗਤ ਸੰਜੋਗ ਦੀਆਂ ਸ਼ਰਤਾਂ (Conditions of Optimum Combination of Factors or Least Cost Combination)

10.11 ਪ੍ਰਤੀ ਸਥਾਪਨ ਦਾ ਸਿਧਾਂਤ (Principle of Substitution)

10.12 ਵਿਸਥਾਰ ਪੱਥ (Expansion Path)

10.13 ਸਮ-ਉਤਪਾਦ ਵਕ੍ਰਾਂ ਅਤੇ ਪੈਮਾਨੇ ਦੇ ਪ੍ਰਤੀਫਲ (Isoquants and Returns to Scale)

10.14 ਸਮ-ਉਤਪਾਦ ਵਕ੍ਰ ਅਤੇ ਇਕ ਸਾਧਨ ਦੇ ਪ੍ਰਤੀਫਲ (Isoquant Curve and Returns to a Factor)

10.15 ਸਾਰਾਂਸ਼ (Summary)

10.16 ਸ਼ਬਦਕੋਸ਼ (Keywords)

10.17 ਅਭਿਆਸ ਪ੍ਰਸ਼ਨ (Review Questions)

10.18 ਸਬੰਧਿਤ ਪੁਸਤਕਾਂ (Further Readings)

ਨੋਟ

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਸਮ–ਉਤਪਾਦ ਵਕ੍ਰ ਨੂੰ ਜਾਨਣ ਸਬੰਧੀ।
- ਸਮ–ਲਾਗਤ ਰੇਖਾ ਦਾ ਅਧਿਐਨ ਕਰਨ ਸਬੰਧੀ।
- ਉਤਪਾਦਨ ਸੰਤੁਲਨ ਨੂੰ ਸਮਝਣ ਸਬੰਧੀ।
- ਪ੍ਰਤੀਸਥਾਪਨ ਦਾ ਸਿਧਾਂਤ ਜਾਨਣ ਸਬੰਧੀ।

ਪ੍ਰਸਤਾਵਨਾ (Introduction)

ਇਕ ਸਮ-ਲਾਗਤ ਰੇਖਾ ਉਹ ਰੇਖਾ ਹੈ ਜੋ ਉਤਪਾਦਨ ਦੇ ਉਨ੍ਹਾਂ ਵੱਖ-ਵੱਖ ਸੰਜੋਗਾਂ ਨੂੰ ਪ੍ਰਗਟ ਕਰਦੀ ਹੈ ਜਿਨ੍ਹਾਂ ਦੀ ਕੁਲ ਲਾਗਤ ਬਰਾਬਰ ਹੁੰਦੀ ਹੈ। ਹੋਰ ਸ਼ਬਦਾਂ ਵਿੱਚ ਇਹ ਰੇਖਾ ਦੋ ਸਾਧਨਾਂ ਦੇ ਉਨ੍ਹਾਂ ਵੱਖ-ਵੱਖ ਸੰਜੋਗਾਂ ਨੂੰ ਪ੍ਰਗਟ ਕਰਦੀ ਹੈ ਜੋ ਇਕ ਫਰਮ ਬਰਾਬਰ ਲਾਗਤ 'ਤੇ ਪ੍ਰਾਪਤ ਕਰ ਸਕਦੀ ਹੈ। ਜਿਵੇਂ ਵੱਖ–ਵੱਖ ਸਮ–ਉਤਪਾਦ ਵਕ੍ਰਾਂ ਹੁੰਦੀਆਂ ਹਨ, ਉਸੇ ਤਰ੍ਹਾਂ ਵੱਖ–ਵੱਖ ਸਮ–ਲਾਗਤ ਰੇਖਾਵਾਂ ਹੁੰਦੀਆਂ ਹਨ ਜੋ ਉਤਪਾਦਨ ਦੇ ਵੱਖ–ਵੱਖ ਪੱਧਰ ਨੂੰ ਪ੍ਰਗਟ ਕਰਦੀਆਂ ਹਨ।

10.1 ਸਮ-ਉਤਪਾਦ ਵਕ੍ਰ ਕੀ ਹੈ? (What is an Isoquant Curve?)

ਉਤਪਾਦ ਫਲਨ ਅਤੇ ਉਤਪਾਦ ਦੇ ਨਿਯਮ ਅਧਿਆਇ ਵਿੱਚ ਅਸੀਂ ਇਕ ਫਰਮ ਦੇ ਸਬੰਧ ਵਿੱਚ ਇਹ ਅਧਿਆਇ ਕੀਤਾ ਕਿ ਉਹ ਇਕ ਪਰਿਵਰਤਨਸ਼ੀਲ ਸਾਧਨ ਦਾ ਜ਼ਿਆਦਾ ਇਸਤੇਮਾਲ ਕਰਕੇ ਜਾਂ ਸਾਰੇ ਸਾਧਨਾਂ ਦਾ ਜ਼ਿਆਦਾ ਇਸਤੇਮਾਲ ਕਰਕੇ ਆਪਣੇ ਉਤਪਾਦਨ ਵਿੱਚ ਵਾਧਾ ਕਰਦੀ ਹੈ। ਇਸ ਅਧਿਆਇ ਵਿੱਚ ਉਸ ਫਰਮ ਦੇ ਸਬੰਧ ਵਿੱਚ ਅਧਿਐਨ ਕਰਾਂਗੇ ਜੋ ਆਪਣੇ ਉਤਪਾਦਨ ਦਾ ਵਿਸਥਾਰ ਉਨ੍ਹਾਂ ਦੋ ਪਰਿਵਰਤਨਸ਼ੀਲ ਸਾਧਨਾਂ ਦਾ ਇਸਤੇਮਾਲ ਕਰਕੇ ਕਰਦੀ ਹੈ ਜੋ ਇਕ ਦੂਸਰੇ ਦੇ **ਪ੍ਰਤੀਸਥਾਪਨ** (Substitute) ਹਨ। ਇਸ ਉਦੇਸ਼ ਦੇ ਲਈ ਇਕ **ਉਤਪਾਦਨ ਫਲਨ** (Production Function) ਦੇ ਨਾਲ ਦੋ ਪਰਿਵਰਤਨ ਸਾਧਨਾਂ ਨੂੰ ਜੋੜਿਆ ਜਾਂਦਾ ਹੈ। ਮੰਨ ਲਓ ਇਹ ਸਾਧਨ ਮਿਹਨਤ ਅਤੇ ਪੂੰਜੀ ਹਨ। ਫਰਮ ਦੇ ਉਤਪਾਦਨ ਫਲਨ ਨੂੰ ਹੇਠ ਲਿਖੇ ਤਰ੍ਹਾਂ ਨਾਲ ਪ੍ਰਗਟ ਕੀਤਾ ਜਾ ਸਕਦਾ ਹੈ–

$$Y = f(K, L)$$

(ਇੱਥੇ Y = ਉਤਪਾਦਨ, K = ਪੂੰਜੀ ਅਤੇ L = ਮਿਹਨਤ)

ਪਰਿਵਰਤਨਸ਼ੀਲ ਸਾਧਨ ਆਪਸ ਵਿੱਚ **ਪ੍ਰਤੀਸਥਾਪਨ** (Substitutable) ਹਨ ਅਤੇ ਹਰੇਕ ਸਾਧਨ ਦੇ ਸਬੰਧ ਵਿੱਚ ਘੱਟਦੇ ਪ੍ਰਤੀਫਲ ਦਾ ਨਿਯਮ ਲਾਗੂ ਹੁੰਦਾ ਹੈ। ਇਸ ਫਲਨਾਤਮਕ ਸਬੰਧ ਵਿੱਚ Y ਇਕ ਨਿਰਭਰ ਤੱਤ ਹੈ (Dependent Variable) ਅਤੇ L ਅਤੇ K ਸੁਤੰਤਰ (Independent) ਤੱਤ ਹਨ। ਇਸ ਲਈ ਜੇਕਰ ਅਸੀਂ ਤਿੰਨ ਤੱਤਾਂ (ਮਿਹਨਤ, ਪੂੰਜੀ ਅਤੇ ਉਤਪਾਦਨ) ਦੇ ਵਿੱਚ ਸਬੰਧ ਨੂੰ ਚਿੱਤਰਿਤ ਕਰਨਾ ਚਾਹੁੰਦੇ ਹਨ ਉਦੋਂ ਅਜਿਹਾ ਚਿੱਤਰਣ ਚਿੱਤਰ ਦ੍ਰਿਸ਼ਟੀ ਤੋਂ ਕੇਵਲ **ਤਿੰਨ-ਆਯਾਤਮਕ** (Three Dimensional) ਚਿੱਤਰ ਨਾਲ ਹੀ ਪ੍ਰਗਟ ਕੀਤਾ ਜਾ ਸਕਦਾ ਹੈ, ਜੋ ਬਹੁਤ ਹੀ ਮੁਸ਼ਕਿਲ ਹੁੰਦਾ ਹੈ। ਤੱਦ ਇਹ ਫਲਨਾਤਮਕ ਸੰਬੰਧ (Functional Relation) ਸਾਨੂੰ ਬਤਲਾਤਾ ਹੈ ਕਿ ਉਤਪਾਦਨ ਦਾ ਇੱਕ ਸਮਾਨ ਜਾਂ ਸਥਰਿ ਪੱਧਰ ਕਸਿ ਪ੍ਰਕਾਰ ਦੇ ਪਰਵਰਤਨਸ਼ੀਲ ਸਾਧਨਾਂ, ਜਵਿੇ ਮਹਿਨਤ ਅਤੇ ਪੂੰਜੀ , ਦੇ ਵੱਖਰੇ ਸੰਜੋਗਾਂ ਦੀ ਸਹਾਇਤਾ ਵਲੋ ਪੈਦਾ ਕੀਤਾ ਜਾ ਸਕਦਾ ਹੈ । ਇਸ ਫਲਨਾਤਮਕ ਸੰਬੰਧ ਦੇ ਰੇਖਾਗਣਤਿੀਏ ਪ੍ਰਸਤੁਤੀਕਰਣ (Geometric Representation) ਨੂੰ **ਸਮ-ਉਤਪਾਦ ਵਕ੍ਰ** (Isoquant Curve) ਕਿਹਾ ਜਾਂਦਾ ਹੈ। **ਸਮ-ਉਤਪਾਦ ਵਕ੍ਰ ਇਕ ਤਕਨੀਕੀ ਸਬੰਧ ਹੈ ਜੋ ਇਹ ਪ੍ਰਗਟ ਕਰਦਾ ਹੈ ਕਿ ਸਾਧਨਾਂ ਨੂੰ ਉਤਪਾਦਨ ਵਿੱਚ ਕਿਸ ਤਰ੍ਹਾਂ ਤਬਦੀਲ ਕੀਤਾ ਜਾਂਦਾ ਹੈ। ਇਹ ਇਕ ਕੁਸ਼ਲਤਾ ਸਬੰਧ ਵੀ ਹੈ ਜੋ ਸਾਧਨਾਂ ਦੀ ਇਕ ਦੀ ਹੋਈ ਮਾਤਰਾ ਦੇ ਪ੍ਰਯੋਗ ਦੇ ਫਲਸਰੂਪ ਉਤਪਾਦਨ ਦੀ ਜ਼ਿਆਦਾ ਮਾਤਰਾ ਨੂੰ ਪ੍ਰਗਟ ਕਰਦਾ ਹੈ।** (The isoquant curve is a technical relation showing how inputs are converted into output. It is also an efficiency relation showing the maximum amount of output with a given amount of inputs.) ਹੋਰ ਸ਼ਬਦਾਂ ਵਿੱਚ ਜੇਕਰ ਸਾਧਨਾਂ ਦੀਆਂ ਮਾਤਰਾਵਾਂ ਅਤੇ ਕੀਮਤਾਂ ਦਿੱਤੀਆਂ ਹੋਈਆਂ ਹਨ ਤਾਂ ਉਹ **ਲਾਗਤਾਂ ਨੂੰ ਨਿਊਨਤਮੀਕਰਨ** (Minimisations of Costs) ਜਾਂ ਸਾਧਨਾਂ ਦੇ ਇਸ਼ਟਤਮ ਸੰਜੋਗਾਂ ਨੂੰ ਪ੍ਰਗਟ ਕਰਦਾ ਹੈ।

Isoquant **ਜਾਂ** Isoproduct **ਸ਼ਬਦ ਦੋ ਸ਼ਬਦਾਂ ਨਾਲ ਮਿਲਾ ਕੇ ਬਣਿਆ ਹੈ**, Iso = equal (**ਬਰਾਬਰ**) **ਅਤੇ** quant =quantity **(ਮਾਤਰਾ) ਜਾਂ** product = output **(ਉਤਪਾਦਨ)**। ਅਤੇ ਇਸ ਦਾ ਅਰਥ ਹੈ ਕਿ **ਬਰਾਬਰ ਮਾਤਰਾ ਜਾਂ ਬਰਾਬਰ ਉਤਪਾਦਨ।** ਵਸਤੂਆਂ

ਨੋਟ

ਦੇ ਲਈ ਵੱਖ-ਵੱਖ ਸਾਧਨਾਂ ਦੀ ਜ਼ਰੂਰਤ ਹੁੰਦੀ ਹੈ। ਇਨ੍ਹਾਂ ਸਾਧਨਾਂ ਦਾ ਇਕ ਦੂਸਰੇ ਦੇ ਲਈ ਪ੍ਰਤੀਸਥਾਪਨ ਕੀਤਾ ਜਾ ਸਕਦਾ ਹੈ। ਉਦਾਹਰਣ ਦੇ ਤੌਰ 'ਤੇ 100 ਘੜੀਆਂ ਦਾ ਉਤਪਾਦਨ ਪੂੰਜੀ 90 ਇਕਾਈਆਂ ਅਤੇ ਮਿਹਨਤ ਦੀਆਂ 10 ਇਕਾਈਆਂ ਦੀ ਸਹਾਇਤਾ ਨਾਲ ਕੀਤਾ ਜਾ ਸਕਦਾ ਹੈ ਅਤੇ ਘੜੀਆਂ ਦੀ ਇਸ ਸੰਖਿਆ ਅਤੇ 100 ਘੜੀਆਂ ਦਾ ਉਤਪਾਦਨ ਪੂੰਜੀ ਅਤੇ ਮਿਹਨਤ ਦੇ ਦੂਸਰੇ ਸੰਜੋਗਾਂ ਜਿਵੇਂ ਪੂੰਜੀ ਦੀਆਂ 60 ਇਕਾਈਆਂ ਅਤੇ ਮਿਹਨਤ ਦੀਆਂ 20 ਇਕਾਈਆਂ ਜਾਂ ਪੂੰਜੀ ਦੀਆਂ 40 ਇਕਾਈਆਂ ਅਤੇ ਮਿਹਨਤ ਦੀਆਂ 30 ਇਕਾਈਆਂ ਨਾਲ ਵੀ ਕੀਤਾ ਜਾ ਸਕਦਾ ਹੈ। ਜੇਕਰ ਕੁਲ ਉਤਪਾਦਨ ਦੀ ਬਰਾਬਰ ਮਾਤਰਾ ਪੈਦਾ ਕਰਨ ਦੇ ਲਈ ਦੋ ਸਾਧਨਾਂ ਦੇ ਵੱਖ-ਵੱਖ ਸੰਜੋਗਾਂ ਨੂੰ ਇਕ ਵਕ੍ਰ ਦੇ ਰੂਪ ਵਿੱਚ ਪੇਸ਼ ਕੀਤਾ ਜਾ ਜਾਵੇ ਤਾਂ ਅਜਿਹੀ ਵਕ੍ਰ ਨੂੰ ਸਮ-ਉਤਪਾਦ ਵਕ੍ਰ (Isoquant or Iso-product Curve) ਕਿਹਾ ਜਾਵੇਗਾ **ਅਤੇ ਸਮ ਉਤਪਾਦ ਵਕ੍ਰ ਉਹ ਵਕ੍ਰ ਹੈ ਜੋ ਉਤਪਾਦ ਸਾਧਨਾਂ ਦੇ ਵੱਖ-ਵੱਖ ਸੰਭਵ ਸੰਜੋਗ ਨੂੰ ਪ੍ਰਗਟ ਕਰਦੀ ਹੈ ਜਿਨ੍ਹਾਂ ਨਾਲ ਸਮਾਜ ਮਾਤਰਾ ਵਿੱਚ ਉਤਪਾਦਨ ਹੁੰਦਾ ਹੈ।** (Isoquant curve is that curve which shows the different possible combinations of two factor inputs yielding the same amount of output.) ਸਮ-ਉਤਪਾਦ ਵਕ੍ਰਾਂ ਨੂੰ **ਬਰਾਬਰ ਉਤਪਾਦ** (Equal Product) ਜਾਂ **ਸਮ-ਉਤਪਾਦ** (Iso-product) ਜਾਂ **ਉਤਪਾਦ ਤਟਸਥਤਾ ਵਕ੍ਰ** ਵੀ ਕਿਹਾ ਜਾਂਦਾ ਹੈ। (Production Indifference Curve is that curve which shows the different possible combinations of two factor inputs yielding the same amount of output.) ਸਮ ਉਤਪਾਦਨ ਤਟਸਥਤਾ ਵਕ੍ਰ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਉਪਭੋਗ ਦੇ ਸਿਧਾਂਤ ਦੇ ਤਟਸਥਤਾ ਵਕ੍ਰ ਵਿਸ਼ਲੇਸ਼ਣ ਨੂੰ ਉਤਪਾਦਨ ਦੇ ਸਿਧਾਂਤ 'ਤੇ ਲਾਗੂ ਕਰਦਾ ਹੈ।

ਫਰਗੁਸਨ ਦੇ ਅਨੁਸਾਰ, "**ਸਮ-ਉਤਪਾਦ ਵਕ੍ਰ ਉਹ ਵਕ੍ਰ ਹੈ ਜੋ ਸਾਧਨਾਂ ਦੇ ਉਨ੍ਹਾਂ ਸਾਰੇ ਸੰਭਵ ਸੰਜੋਗਾਂ ਨੂੰ ਪ੍ਰਗਟ ਕਰਦੀ ਹੈ ਜੋ ਉਤਪਾਦਨ ਦੇ ਇਕ ਨਿਸ਼ਚਿਤ ਪੱਧਰ ਨੂੰ ਉਤਪਾਦਤ ਕਰਨ ਦੇ ਲਈ ਭੌਤਿਕ ਰੂਪ ਨਾਲ ਸਮਰੱਥ ਹੁੰਦੇ ਹਨ।**" (An isoquant is a curve showing all possible combinations of inputs physically capable of producing a given level of output. **—Ferguson**)

ਪੀਟਰਸਨ ਦੇ ਸ਼ਬਦਾਂ ਵਿੱਚ, "**ਸਮ-ਉਤਪਾਦ ਵਕ੍ਰ ਨੂੰ ਉਸ ਵਕ੍ਰ ਦੇ ਰੂਪ ਵਿੱਚ ਪ੍ਰੀਭਾਸ਼ਿਤ ਕੀਤਾ ਜਾ ਸਕਦਾ ਹੈ ਜੋ ਦੋ ਪਰਿਵਰਤਨਸ਼ੀਲ ਸਾਧਨਾਂ ਦੇ ਸੰਭਾਵਿਤ ਸੰਜੋਗਾਂ ਨੂੰ ਪ੍ਰਗਟ ਕਰਦੀ ਹੈ ਜਿਨ੍ਹਾਂ ਦਾ ਇਕ ਬਰਾਬਰ ਮਾਤਰਾ ਵਿੱਚ ਉਤਪਾਦਨ ਕਰਨ ਦੇ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ।**" (An isoquant curve may be defined as a curve showing the possible combinations of two variable factors that can be used to produce the same total output. —**Peterson**)

10.2 ਮਾਨਤਾਵਾਂ (Assumptions)

ਸਮ-ਉਤਪਾਦਨ ਦੀਆ ਮੁੱਖ ਮਾਨਤਾਵਾਂ ਹੇਠ ਲਿਖੀਆ ਹਨ-

1. **ਉਤਪਾਦਨ ਦੇ ਦੋ ਸਾਧਨ** (Two Factors of Production)- ਇਨ੍ਹਾਂ ਵਕ੍ਰਾਂ ਨੂੰ ਖਿੱਚਦੇ ਸਮੇਂ, ਸਰਲਤਾ ਦੀ ਦ੍ਰਿਸ਼ਟੀ ਨਾਲ ਇਹ ਮੰਨ ਲਿਆ ਜਾਂਦਾ ਹੈ ਕਿ ਉਤਪਾਦਨ ਦੇ ਕੇਵਲ ਦੋ ਸਾਧਨ ਹੀ ਕਿਸੇ ਵਸਤੂ ਨੂੰ ਉਤਪਾਦਤ ਕਰਨ ਦੇ ਲਈ ਇਸਤੇਮਾਲ ਵਿੱਚ ਲਿਆਂਦੇ ਜਾ ਰਹੇ ਹਨ। ਦੋਨੋਂ ਸਾਧਨ ਪਰਿਵਰਤਨਸ਼ੀਲ ਹਨ।
2. **ਸਥਿਰ ਤਕਨੀਕ** (Constant Technique)- ਇਹ ਮੰਨ ਲਿਆ ਜਾਂਦਾ ਹੈ ਕਿ ਉਤਪਾਦਨ ਦੀ ਤਕਨੀਕ ਸਥਿਰ ਹੈ ਜਾਂ ਪਹਿਲਾਂ ਤੋਂ ਪਤਾ ਹੈ।
3. **ਵੰਡ ਸਾਧਨ** (Divisible Factor)- ਇਹ ਮੰਨ ਲਿਆ ਗਿਆ ਹੈ ਕਿ ਉਤਪਾਦਨ ਸਾਧਨ ਵੰਡ ਹਨ ਜਾਂ ਇਨ੍ਹਾਂ ਦੀਆਂ ਛੋਟੀਆਂ ਮਾਤਰਾਵਾਂ ਵਿੱਚ ਇਸਤੇਮਾਲ ਕੀਤਾ ਜਾ ਸਕਦਾ ਹੈ।

ਸਮ ਉਤਪਾਦ ਵਕ੍ਰ ਵਿਸ਼ਲੇਸ਼ਣ ਦੀਆਂ ਦੋ ਆਧਾਰਭੂਤ ਧਾਰਨਾਵਾਂ

(1) ਉਤਪਾਦਨ ਦੇ ਲਈ ਇਸਤੇਮਾਲ ਕੀਤੇ ਜਾਣ ਵਾਲੇ ਦੋਨੋਂ ਪਰਿਵਰਤਨਸ਼ੀਲ ਸਾਧਨ ਇਕ ਦੂਸਰੇ ਦੇ ਸਥਾਨਾਪੰਨ ਹਨ।

(2) ਉਤਪਾਦਨ 'ਤੇ ਘੱਟਦੇ ਪ੍ਰਤੀਫਲ ਦਾ ਨਿਯਮ ਲਾਗੂ ਹੁੰਦਾ ਹੈ।

4. **ਤਕਨੀਕੀ ਪ੍ਰਤੀਸਥਾਪਨ ਦੀ ਸੰਭਾਵਨਾ** (Possibility of Technical Substitution)- ਇਹ ਮੰਨ ਲੈਣਾ ਜ਼ਰੂਰੀ ਹੈ ਕਿ ਦੋ ਸਾਧਨਾਂ ਦੇ ਵਿੱਚ ਪ੍ਰਤੀਸਥਾਪਨ ਤਕਨੀਕੀ ਰੂਪ ਨਾਲ ਸੰਭਵ ਹੈ ਅਤੇ ਉਤਪਾਦਨ ਫਲਨ '**ਸਥਿਰ ਅਨੁਪਾਤਾਂ ਦੇ ਕਿਸਮਾਂ** (Fixed Proportion Type) ਦਾ ਨਹੀਂ ਬਲਕਿ '**ਪਰਿਵਰਤਨਸ਼ੀਲ ਅਨੁਪਾਤਾਂ ਦੀਆਂ ਕਿਸਮਾਂ** (Variable Proportion Type) ਦਾ ਹੈ।

ਨੋਟ

5. **ਕੁਸ਼ਲ ਸੰਜੋਗ** (Efficient Combinations)– ਇਹ ਵੀ ਮੰਨ ਲਿਆ ਗਿਆ ਹੈ ਕਿ ਦਿੱਤੀ ਹੋਈ ਤਕਨੀਕ ਦੇ ਅਧੀਨ ਉਤਪਾਦਨ ਦੇ ਸਾਧਨਾਂ ਦਾ ਜ਼ਿਆਦਾ ਕੁਸ਼ਲਤਾ ਨਾਲ ਇਸਤੇਮਾਲ ਕੀਤਾ ਜਾਂਦਾ ਹੈ।

10.3 ਵਿਆਖਿਆ (Explanation)

ਹੇਠ ਲਿਖੀ ਤਾਲਿਕਾ ਜੋ ਉਤਪਾਦਨ ਦੇ ਇਕ ਦਿੱਤੇ ਹੋਏ ਪੱਧਰ ਦੇ ਲਈ ਦੋ ਸਾਧਨਾਂ (ਮਿਹਨਤ ਅਤੇ ਪੂੰਜੀ) ਦੇ ਵੱਖ-ਵੱਖ ਸੰਜੋਗਾਂ ਨੂੰ ਪ੍ਰਗਟ ਕਰ ਰਹੀ ਹੈ, ਦੀ ਸਹਾਇਤਾ ਨਾਲ ਸਮ-ਉਤਪਾਦ ਵਕ੍ਰ ਦੀ ਧਾਰਨਾ ਦੀ ਵਿਆਖਿਆ ਕੀਤੀ ਜਾ ਸਕਦੀ ਹੈ।

ਤਾਲਿਕਾ 1 ਸਮ-ਉਤਪਾਦ ਅਨੁਸੂਚੀ

ਸੰਜੋਗ	ਉਤਪਾਦ ਘੜੀਆਂ	ਪੂੰਜੀ (K)	ਮਿਹਨਤ (L)
A	100	90	10
B	100	60	20
C	100	40	30
D	100	30	40

ਉਪਰੋਕਤ ਤਾਲਿਕਾ ਪ੍ਰਗਟ ਕਰਦੀ ਹੈ ਕਿ 100 ਘੜੀਆਂ ਪੂੰਜੀ ਅਤੇ ਮਿਹਨਤ ਦੇ ਹੇਠ ਲਿਖੇ ਸੰਜੋਗਾਂ ਨਾਲ ਬਣਾਈਆਂ ਜਾ ਸਕਦੀਆਂ ਹਨ–

(A) ਪੂੰਜੀ ਦੀਆਂ 90 ਇਕਾਈਆਂ ਅਤੇ ਮਿਹਨਤ ਦੀਆਂ 10 ਇਕਾਈਆਂ

(B) ਪੂੰਜੀ ਦੀਆਂ 60 ਇਕਾਈਆਂ ਅਤੇ ਮਿਹਨਤ ਦੀਆਂ 20 ਇਕਾਈਆਂ

(C) ਪੂੰਜੀ ਦੀਆਂ 40 ਇਕਾਈਆਂ ਅਤੇ ਮਿਹਨਤ ਦੀਆਂ 30 ਇਕਾਈਆਂ

(D) ਪੂੰਜੀ ਦੀਆਂ 30 ਇਕਾਈਆਂ ਅਤੇ ਮਿਹਨਤ ਦੀਆਂ 40 ਇਕਾਈਆਂ

ਸਮ-ਉਤਪਾਦ ਵਕ੍ਰ ਉਤਪਾਦ ਦੇ ਸਾਧਨਾਂ ਜਿਵੇਂ ਮਿਹਨਤ ਅਤੇ ਪੂੰਜੀ ਦੇ ਵੱਖ-ਵੱਖ ਸੰਜੋਗਾਂ ਨੂੰ ਪ੍ਰਗਟ ਕਰਦੀ ਹੈ, ਜਿਨ੍ਹਾਂ ਤੋਂ ਬਰਾਬਰ ਮਾਤਰਾ ਵਿੱਚ ਉਤਪਾਦਨ ਹੁੰਦਾ ਹੈ।

ਉਪਰੋਕਤ ਤਾਲਿਕਾ ਵਿੱਚ ਪ੍ਰਗਟ ਪੂੰਜੀ ਅਤੇ ਮਿਹਨਤ ਦੇ ਵੱਖ-ਵੱਖ ਸੰਜੋਗਾਂ ਨੂੰ ਗ੍ਰਾਫ ਅਤੇ ਚਿੱਤਰ ਦੇ ਰੂਪ ਵਿੱਚ ਵੀ ਪ੍ਰਗਟ ਕੀਤਾ ਜਾ ਸਕਦਾ ਹੈ। ਚਿੱਤਰ 10.1 ਵਿੱਚ ਪੂੰਜੀ ਨੂੰ OY-ਅਕਸ਼ ਅਤੇ ਮਿਹਨਤ ਨੂੰ OX-ਅਕਸ਼ 'ਤੇ ਦਿਖਾਇਆ ਗਿਆ ਹੈ। ਬਿੰਦੂ A ਇਹ ਪ੍ਰਗਟ ਕਰਦਾ ਹੈ ਕਿ 100 ਘੜੀਆਂ ਦਾ ਨਿਰਮਾਣ ਪੂੰਜੀ ਦੀਆਂ 90 ਇਕਾਈਆਂ ਅਤੇ ਮਿਹਨਤ ਦੀਆਂ 10 ਇਕਾਈਆਂ ਦੇ ਸੰਜੋਗ ਵਿੱਚ ਕੀਤਾ ਜਾ ਸਕਦਾ ਹੈ, ਜਦੋਂ ਕਿ ਬਿੰਦੂ B ਇਹ ਸੰਕੇਤ ਦਿੰਦਾ ਹੈ ਕਿ ਘੜੀਆਂ ਦੀ ਬਰਾਬਰ ਮਾਤਰਾ ਦਾ ਨਿਰਮਾਣ ਪੂੰਜੀ ਦੀਆਂ 60 ਇਕਾਈਆਂ ਅਤੇ ਮਿਹਨਤ ਦੀਆਂ 20 ਇਕਾਈਆਂ ਦੇ ਸੰਜੋਗ ਨਾਲ ਹੋ ਸਕਦਾ ਹੈ। ਇਸੇ ਤਰ੍ਹਾਂ ਬਿੰਦੂ C ਪ੍ਰਗਟ ਕਰਦਾ ਹੈ ਕਿ 100 ਘੜੀਆਂ ਦਾ ਨਿਰਮਾਣ ਪੂੰਜੀ ਦੀਆਂ 40 ਇਕਾਈਆਂ ਅਤੇ ਮਿਹਨਤ ਦੀਆਂ 30 ਇਕਾਈਆਂ ਦਾ ਇਸਤੇਮਾਲ ਕਰਕੇ ਕੀਤਾ ਜਾ ਸਕਦਾ ਹੈ, ਜਦੋਂ ਕਿ ਬਿੰਦੂ D ਇਹ ਪ੍ਰਗਟ ਕਰਦਾ ਹੈ ਕਿ ਘੜੀਆਂ ਦੀ ਬਰਾਬਰ ਸੰਖਿਆ ਦਾ ਨਿਰਮਾਣ ਪੂੰਜੀ ਦੀਆਂ 30 ਇਕਾਈਆਂ ਅਤੇ ਮਿਹਨਤ ਦੀਆਂ 40 ਇਕਾਈਆਂ ਦੇ ਇਸਤੇਮਾਲ ਨਾਲ ਵੀ ਸੰਭਵ ਹੋ ਸਕਦਾ ਹੈ ਅਤੇ A, B, C ਅਤੇ D ਪੂੰਜੀ ਅਤੇ ਮਿਹਨਤ ਦੇ ਵੱਖ-ਵੱਖ ਸੰਜੋਗਾਂ ਨੂੰ ਪ੍ਰਗਟ ਕਰਦੇ ਹਨ ਜੋ ਬਰਾਬਰ ਮਾਤਰਾ ਵਿੱਚ ਉਤਪਾਦਨ (ਜਿਵੇਂ 100 ਘੜੀਆਂ) ਕਰਦੇ ਹਨ। ਇਸ ਲਈ IQ ਵਕ੍ਰ ਜੋ A, B, C ਅਤੇ D ਬਿੰਦੂਆਂ ਨੂੰ ਮਿਲਾ ਕੇ ਪ੍ਰਾਪਤ ਹੋ ਰਹੀ ਹੈ, **ਬਰਾਬਰ-ਉਤਪਾਦਨ ਵਕ੍ਰ** (Equal Product Curve) ਜਾਂ **ਸਮ-ਉਤਪਾਦ ਵਕ੍ਰ** (Isoquant Curve) ਅਖਵਾਉਂਦੀ ਹੈ। ਇਹ ਸਮ-ਉਤਪਾਦ ਵਕ੍ਰ ਇਸ ਤੱਥ ਨੂੰ ਪ੍ਰਗਟ ਕਰਦੀ ਹੈ ਕਿ ਉਤਪਾਦ ਦੇ ਨਿਸ਼ਚਿਤ ਪੱਧਰ ਨੂੰ ਉਤਪਾਦਤ ਕਰਨ ਲਈ ਸਾਧਨਾਂ ਦੇ ਕਈ ਵਿਕਲਪਿਕ ਸੰਜੋਗ ਹਨ।

ਨੋਟ



ਚਿੱਤਰ 10.1

ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)–

1. ਸਮ-ਉਤਪਾਦ ਵਕ੍ਰ ਉਹ ਵਕ੍ਰ ਹੈ ਜੋ ਉਤਪਾਦ ਸਾਧਨਾਂ ਦੇ ਵੱਖ-ਵੱਖ ਸੰਭਵ ਸੰਜੋਗਾਂ ..... ਨੂੰ ਕਰਦੀ ਹੈ।
2. ਸਮ-ਉਤਪਾਦ ਵਕ੍ਰਾਂ ਨੂੰ ਬਰਾਬਰ ਉਤਪਾਦਨ ਜਾਂ ਸਮ-ਉਤਪਾਦ ਜਾਂ ਉਤਪਾਦ ..... ਵਕ੍ਰ ਵੀ ਕਿਹਾ ਜਾਂਦਾ ਹੈ।
3. ਉਤਪਾਦਨ 'ਤੇ ਘੱਟਦੇ ਪ੍ਰਤੀਫਲ ਦਾ ..... ਲਾਗੂ ਹੁੰਦਾ ਹੈ।

10.4 ਸਮ-ਉਤਪਾਦ ਵਕ੍ਰ ਦਾ ਢਲਾਣ ਅਤੇ ਤਕਨੀਕੀ ਪ੍ਰਤੀਸਥਾਪਨ ਦੀ ਸੀਮਾਂਤ ਦਰ (Slope of Isoquant Curve and Marginal Rate of Technical Substitution)

ਸਮ-ਉਤਪਾਦ ਵਕ੍ਰ ਦਾ ਢਲਾਣ ਇਕ ਸਾਧਨ ਦੀ ਦੂਸਰੇ ਦੇ ਲਈ ਪ੍ਰਤੀਸਥਾਪਨ ਦੀ ਦਰ ਹੈ। ਇਹ ਦੱਸਦਾ ਹੈ ਕਿ ਉਤਪਾਦਨ ਨੂੰ ਸਥਿਰ ਰੱਖਦੇ ਹੋਏ ਇਕ ਸਾਧਨ ਦਾ ਦੂਸਰੇ ਦੇ ਲਈ ਪ੍ਰਤੀਸਥਾਪਨ ਕੀਤਾ ਜਾਂਦਾ ਹੈ। ਸਮ-ਉਤਪਾਦ ਵਕ੍ਰ ਦੇ ਢਲਾਣ ਨਾਲ ਸਾਨੂੰ ਇਕ ਸਾਧਨ (ਮਿਹਨਤ) ਦੂਸਰੇ ਸਾਧਨ (ਪੂੰਜੀ) ਦੇ ਲਈ ਪ੍ਰਤੀਸਥਾਪਨਾ ਦੀ ਤਕਨੀਕੀ ਸੰਭਾਵਨਾ ਦੇ ਬਾਰੇ ਸੂਚਨਾ ਪ੍ਰਾਪਤ ਹੁੰਦੀ ਹੈ। ਇਸੇ ਕਾਰਨ ਨਾਲ ਸਮ-ਉਤਪਾਦ ਵਕ੍ਰ ਦੇ ਢਲਾਣ ਨੂੰ **ਤਕਨੀਕੀ ਪ੍ਰਤੀਸਥਾਪਨ ਦੀ ਸੀਮਿਤ ਦਰ** (MRTS) ਕਿਹਾ ਜਾਂਦਾ ਹੈ। **ਸਾਧਨ-Y ਦੇ ਲਈ ਸਾਧਨ-X ਦੀ ਤਕਨੀਕੀ ਪ੍ਰਤੀਸਥਾਪਨ ਦੀ ਸੀਮਿਤ ਦਰ** (Marginal Rate of Technical Substitution) **ਉਹ ਦਰ ਹੈ, ਜਿਸ ਵਿੱਚ ਉਤਪਾਦਨ ਦੇ ਪੱਧਰ ਨੂੰ ਸਥਿਰ ਰੱਖਦੇ ਹੋਏ Y ਦਾ X ਦੇ ਲਈ ਪ੍ਰਤੀਸਥਾਪਨ ਕੀਤਾ ਜਾਂਦਾ ਹੈ। ਲਿਪਸੀ** ਦੇ ਅਨੁਸਾਰ, **''ਤਕਨੀਕੀ ਪ੍ਰਤੀਸਥਾਪਨ ਦੀ ਸੀਮਿਤ ਦਰ ਉਹ ਦਰ ਹੈ, ਜਿਸ 'ਤੇ ਇਕ ਸਾਧਨ ਦਾ ਦੂਸਰੇ ਸਾਧਨ ਦੇ ਲਈ ਪ੍ਰਤੀਸਥਾਪਨ ਕੀਤਾ ਜਾਂਦਾ ਹੈ, ਜਦੋਂ ਕਿ ਉਤਪਾਦਨ ਸਥਿਰ ਰਹਿੰਦਾ ਹੈ।''** (The marginal rate of technical substitution may be defined as the rate at which one factor is substituted for another with output held constant. **—Lipsey**)

ਤਕਨੀਕੀ ਪ੍ਰਤੀਸਥਾਪਨ ਦੀ ਸੀਮਿਤ ਦਰ ਕੀ ਹੈ?

ਇਹ ਉਹ ਦਰ ਹੈ, ਜਿਸ 'ਤੇ ਉਤਪਾਦਨ ਦੇ ਇਕ ਸਥਿਰ ਪੱਧਰ ਦੇ ਲਈ ਇਕ ਸਾਧਨ ਦਾ ਦੂਸਰੇ ਸਾਧਨ ਦੇ ਲਈ ਪ੍ਰਤੀਸਥਾਪਨ ਕੀਤਾ ਜਾਂਦਾ ਹੈ।

ਜੇਕਰ ਸਾਧਨ-Y ਪੂੰਜੀ ਹੈ ਅਤੇ ਸਾਧਨ-X ਮਿਹਨਤ ਹੈ, ਤੱਕ ਪੂੰਜੀ ਦੇ ਲਈ ਮਿਹਨਤ ਦੀ ਤਕਨੀਕੀ ਪ੍ਰਤੀਸਥਾਪਨ ਦੀ ਸੀਮਿਤ ਦਰ ਉਹ ਦਰ ਹੈ, ਜਿਸ 'ਤੇ ਉਤਪਾਦਨ ਦੇ ਪੱਧਰ ਨੂੰ ਸਥਿਰ ਰੱਖਦੇ ਹੋਏ, ਮਿਹਨਤ ਦਾ ਪੂੰਜੀ ਦੇ ਲਈ ਪ੍ਰਤੀਸਥਾਪਨ ਕੀਤਾ ਜਾ ਸਕਦਾ ਹੈ। ਚਿੱਤਰ 10.1 ਵਿੱਚ ਬਿੰਦੂ 'A' 'ਤੇ ਉਦਾਹਰਣ ਦੇ ਤੌਰ 'ਤੇ 100 ਇਕਾਈਆਂ ਦਾ ਉਤਪਾਦਨ, ਪੂੰਜੀ ਦੀਆਂ 90

ਨੋਟ ਇਕਾਈਆਂ ਅਤੇ ਮਿਹਨਤ ਦੀਆਂ 10 ਇਕਾਈਆਂ ਨਾਲ ਹੁੰਦਾ ਹੈ। ਬਿੰਦੂ-B 'ਤੇ ਪੂੰਜੀ ਦੀਆਂ 60 ਇਕਾਈਆਂ ਅਤੇ ਮਿਹਨਤ ਦੀਆਂ 20 ਇਕਾਈਆਂ ਦੇ ਸੰਜੋਗ ਨਾਲ ਵੀ ਬਰਾਬਰ ਉਤਪਾਦਨ ਹੁੰਦਾ ਹੈ। 'A' ਅਤੇ 'B' ਦੇ ਵਿਚਕਾਰ ਸਮ-ਉਤਪਾਦ ਵਕ੍ਰ ਦਾ ਢਲਾਣ ਪੂੰਜੀ ਦੀਆਂ 30 ਇਕਾਈਆਂ ਅਤੇ ਮਿਹਨਤ ਦੀਆਂ 10 ਇਕਾਈਆਂ ਹਨ। ਇਸ ਦਾ ਮਤਲਬ ਇਹ ਹੈ ਕਿ ਬਿੰਦੂ 'A' 'ਤੇ ਉਤਪਾਦਨ ਨੂੰ ਬਿਨਾਂ ਪ੍ਰਭਾਵਿਤ ਕੀਤੇ ਪੂੰਜੀ ਦੀਆਂ 30 ਇਕਾਈਆਂ ਦੇ ਲਈ ਮਿਹਨਤ ਦੀਆਂ 10 ਇਕਾਈਆਂ ਦਾ ਪ੍ਰਤੀਸਥਾਪਨ ਕੀਤਾ ਜਾ ਸਕਦਾ ਹੈ। ਹਿਸਾਬੀ ਤਰੀਕੇ ਨਾਲ ਅਸੀਂ MRTS ਨੂੰ ਹੇਠ ਲਿਖੇ ਢੰਗ ਨਾਲ ਪ੍ਰਭਾਸ਼ਿਤ ਕਰਦੇ ਹਾਂ-

$$MRTS = \frac{\Delta K}{\Delta L}$$

(MRTS = ਤਕਨੀਕੀ ਪ੍ਰਤੀਸਥਾਪਨ ਦੀ ਸੀਮਿਤ ਦਰ, ΔK = ਪੂੰਜੀ ਵਿੱਚ ਪਰਿਵਰਤਨ, ΔK = ਮਿਹਨਤ ਵਿੱਚ ਪਰਿਵਰਤਨ।

ਹੋਰ ਸ਼ਬਦਾਂ ਵਿੱਚ, ਥੋੜ੍ਹੀ ਜ਼ਿਆਦਾ ਮਿਹਨਤ ਲਗਾਉਣ ਨਾਲ ਉਤਪਾਦਨ ਵਿੱਚ ਜੋ ਵਾਧਾ ਹੁੰਦਾ ਹੈ, ਉਹ ਥੋੜ੍ਹੀ ਘੱਟ ਪੂੰਜੀ ਲਗਾਉਣ ਨਾਲ ਉਤਪਾਦਨ ਵਿੱਚ ਹੋਣ ਵਾਲੀ ਹਾਨੀ ਦੇ ਬਰਾਬਰ ਹੋਵੇਗੀ। ਮਿਹਨਤ ਦੀ ਸੰਖਿਆ ਵਿੱਚ ਹੋਣ ਵਾਲਾ ਵਾਧਾ ΔL ਦੇ ਫਲਸਰੂਪ ਉਤਪਾਦਨ ਵਿੱਚ TP ਬਰਾਬਰ ਵਾਧਾ ਹੁੰਦਾ ਹੈ। ਇਸੇ ਤਰ੍ਹਾਂ ਪੂੰਜੀ ਦੀ ਮਾਤਰਾ ΔK ਵਿੱਚ ਹੋਣ ਵਾਲੀ ਕਮੀ ਦੇ ਕਾਰਨ ਉਤਪਾਦਨ ਵਿੱਚ TP ਦੀ ਕਮੀ ਹੋਵੇਗੀ।

ਇਸ ਲਈ, $$\frac{\Delta TP}{\Delta K} = \frac{\Delta TP}{\Delta L} \quad ...(i)$$

ਅਸੀਂ ਜਾਣਦੇ ਹਾਂ, $$\frac{\Delta TP}{\Delta K} = MP_K$$

ਅਤੇ $$\frac{\Delta TP}{\Delta L} = MP_L$$

ਇਸ ਲਈ, $\Delta TP = MP_K \times \Delta K$ (ਉਤਪਾਦਨ ਵਿੱਚ ਵਾਧਾ)

$\Delta TP = MP_L \times \Delta L$ (ਉਤਪਾਦਨ ਵਿੱਚ ਕਮੀ)

$MP_K \times \Delta K = MP_L \times \Delta L$

(ਇੱਥੇ MP_L = ਮਿਹਨਤ ਦੀ ਸੀਮਿਤ ਭੌਤਿਕ ਉਤਪਾਦ MP_K = ਪੂੰਜੀ ਦਾ ਸੀਮਿਤ ਭੌਤਿਕ ਉਤਪਾਦ)

$$\therefore \quad \frac{\Delta K}{\Delta L} = \frac{MP_L}{MP_K}$$

ਅਤੇ ਤਕਨੀਕੀ ਪ੍ਰਤੀਸਥਾਪਨ ਦੀ ਦਰ ਮਿਹਨਤ ਅਤੇ ਪੂੰਜੀ ਦੇ ਸੀਮਿਤ ਉਤਪਾਦਾਂ ਦੀ ਦਰ ਦੇ ਅਨੁਪਾਤ ਦੇ ਬਰਾਬਰ ਹੁੰਦੀ ਹੈ। ਮਿਹਨਤ ਅਤੇ ਪੂੰਜੀ ਦੇ ਦਰਮਿਆਨ ਤਕਨੀਕੀ ਪ੍ਰਤੀਸਥਾਪਨ ਦੀ ਸੀਮਿਤ ਦਰ ਵਿੱਚ ਡਿੱਗਣ ਦੀ ਪ੍ਰਵਿਰਤੀ ਪਾਈ ਜਾਂਦੀ ਹੈ, ਇਸ ਦਾ ਮਤਲਬ ਇਹ ਹੈ ਕਿ ਪੂੰਜੀ ਦੇ ਲਈ ਮਿਹਨਤ ਦੀ ਤਕਨੀਕੀ ਪ੍ਰਤੀਸਥਾਪਨ ਦੀ ਸੀਮਿਤ ਦਰ ਡਿੱਗਦੀ ਹੈ। ਪੂੰਜੀ ਦੀ ਹਰੇਕ ਹੋਰ ਇਕਾਈ ਦੇ ਲਈ ਜ਼ਿਆਦਾ ਤੋਂ ਜ਼ਿਆਦਾ ਮਿਹਨਤ ਦਾ ਪ੍ਰਤੀਸਥਾਪਨ ਕੀਤਾ ਜਾਂਦਾ ਹੈ।

ਨੋਟਸ ਸਮ-ਉਤਪਾਦ ਵਕ੍ਰ ਉਹ ਵਕ੍ਰ ਹੈ ਜੋ ਉਤਪਾਦਨ ਸਾਧਨਾਂ ਦੇ ਵੱਖ-ਵੱਖ ਸੰਜੋਗਾਂ ਨੂੰ ਪ੍ਰਗਟ ਕਰਦੀ ਹੈ, ਜਿਸ ਨਾਲ ਬਰਾਬਰ ਮਾਤਰਾ ਵਿੱਚ ਉਤਪਾਦਨ ਹੁੰਦਾ ਹੈ।

10.5 ਸਮ-ਉਤਪਾਦ ਮਾਨ ਚਿੱਤਰ (Isoquant Map)

ਇਕ ਚਿੱਤਰ ਨਾਲ ਪ੍ਰਗਟ ਕੀਤੇ ਗਏ ਸਮ-ਉਤਪਾਦਨ ਵਕ੍ਰਾਂ ਦੇ ਸਮੂਹ ਨੂੰ ਸਮ-ਉਤਪਾਦ ਮਾਨ ਚਿੱਤਰ ਕਿਹਾ ਜਾਂਦਾ ਹੈ, ਜਿਵੇਂ ਕਿ ਚਿੱਤਰ 10.2 ਤੋਂ ਪ੍ਰਗਟ ਹੁੰਦਾ ਹੈ। ਇਹ ਸਮ-ਉਤਪਾਦ ਵਕ੍ਰਾਂ ਦੇ ਇਕ ਸਮੂਹ ਨੂੰ ਪ੍ਰਗਟ ਕਰਦਾ ਹੈ, ਜਿਸ ਵਿੱਚ ਉਤਪਾਦ ਦੇ ਹਰੇਕ

ਪੱਧਰ ਦੇ ਲਈ ਇਕ ਵਕ੍ਰ ਹੁੰਦਾ ਹੈ। (Isoquant map refers to the family of isoquant curves placed in one diagram. It shows a set of isoquants, one for each level of output.)

ਨੋਟ

ਇਕ ਸਮ-ਉਤਪਾਦ ਵਕ੍ਰ ਦੇ ਉਪਰ ਸੱਜੇ ਪਾਸੇ ਵਾਲੇ ਵਕ੍ਰ ਉਤਪਾਦ ਦੇ ਉਚੇ ਪੱਧਰ ਨੂੰ ਪ੍ਰਗਟ ਕਰਦੀ ਹੈ।



ਚਿੱਤਰ 10.2

ਉਤਪਾਦਨ ਦਾ ਪੱਧਰ ਜਿੰਨਾ ਜ਼ਿਆਦਾ ਹੋਵੇਗਾ, ਸਮ-ਉਤਪਾਦਨ ਵਕ੍ਰ ਉੱਨੀ ਹੀ ਮੂਲ ਬਿੰਦੂ ਤੋਂ ਦੂਰ ਹੋਵੇਗੀ। IQ_1, IQ_2 ਅਤੇ IQ_3 ਵਕ੍ਰਾਂ ਉਤਪਾਦਨ ਦੇ ਵੱਖ-ਵੱਖ ਪੱਧਰਾਂ ਨੂੰ ਪ੍ਰਗਟ ਕਰ ਰਹੀਆਂ ਹਨ। ਇਕ ਸਮ-ਉਤਪਾਦ ਵਕ੍ਰ ਜੋ ਦੂਸਰੀ ਵਕ੍ਰ ਤੋਂ ਸੱਜੇ ਪਾਸੇ ਹੈ, ਉਹ ਉਤਪਾਦ ਦੇ ਜ਼ਿਆਦਾ ਪੱਧਰ ਨੂੰ ਪ੍ਰਗਟ ਕਰ ਰਹੀ ਹੈ ਅਤੇ IQ_2 ਵਕ੍ਰ IQ_1 ਵਕ੍ਰ ਤੋਂ ਅਤੇ IQ_3 ਵਕ੍ਰ, IQ_2 ਵਕ੍ਰ ਦੀ ਤੁਲਨਾ ਵਿੱਚ ਉਤਪਾਦਨ ਦੇ ਉਚੇ ਪੱਧਰ ਨੂੰ ਪ੍ਰਗਟ ਕਰ ਰਹੀਆਂ ਹਨ। ਸਮ-ਉਤਪਾਦ ਵਕ੍ਰ ਜਿੰਨੀ ਉਚੀ ਹੋਵੇਗੀ, ਉੱਨਾ ਹੀ ਉਹ ਉਚੇ ਉਤਪਾਦਨ ਦੇ ਪੱਧਰ ਨੂੰ ਪ੍ਰਗਟ ਕਰੇਗੀ। ਪਰ ਹਰੇਕ ਸਮ-ਉਤਪਾਦ ਵਕ੍ਰ ਪਰਿਵਰਤਨਸ਼ੀਲ ਸਾਧਨ ਦੀਆਂ ਵੱਖ-ਵੱਖ ਮਾਤਰਾਵਾਂ ਨੂੰ ਪ੍ਰਗਟ ਕਰਦੀ ਹੈ।

10.6 ਸਮ-ਉਤਪਾਦ ਵਕ੍ਰਾਂ ਦੀਆਂ ਵਿਸ਼ੇਸ਼ਤਾਵਾਂ (Characteristics or Properties of Isoquant Curves)

ਸਮ-ਉਤਪਾਦ ਵਕ੍ਰਾਂ ਦੀਆਂ ਵਿਸ਼ੇਸ਼ਤਾਵਾਂ, ਤਟਸਥਤਾ ਵਕ੍ਰਾਂ ਨਾਲ ਮਿਲਦੀਆਂ-ਜੁਲਦੀਆਂ ਹਨ। ਇਹ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ-

1. **ਸਮ-ਉਤਪਾਦ ਵਕ੍ਰਾਂ ਦੀ ਢਲਾਣ ਉਪਰ ਤੋਂ ਹੇਠਾਂ ਵੱਲ ਹੁੰਦਾ ਹੈ** (Isoquant Curves Slope Downwards)- ਇਕ ਸਮ-ਉਤਪਾਦ ਵਕ੍ਰ, ਜਿਵੇਂ ਕਿ ਚਿੱਤਰ 10.3 ਤੋਂ ਪ੍ਰਗਟ ਹੁੰਦਾ ਹੈ, ਖੱਬੇ ਤੋਂ ਸੱਜੇ ਹੇਠਾਂ ਵੱਲ ਡਿੱਗਦੀ ਹੋਈ ਹੁੰਦੀ ਹੈ। ਹੋਰ ਸ਼ਬਦਾਂ ਵਿੱਚ ਇਸ ਦਾ ਢਲਾਣ **ਰਣਾਤਮਕ** ਹੁੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਇਕ ਸਾਧਨ ਦੂਸਰੇ ਦਾ **ਪ੍ਰਤੀਸਥਾਪਨ** (Substitute) ਹੁੰਦਾ ਹੈ। ਕਿਸੇ ਵਸਤੂ ਦੇ ਉਤਪਾਦਨ ਦੀ ਇਕ ਨਿਸ਼ਚਿਤ ਮਾਤਰਾ ਪ੍ਰਾਪਤ ਕਰਨ ਲਈ ਜੇਕਰ ਅਸੀਂ ਇਕ ਸਾਧਨ ਦਾ ਜ਼ਿਆਦਾ ਇਸਤੇਮਾਲ ਕਰਾਂਗੇ ਤਾਂ ਦੂਸਰੇ ਸਾਧਨ ਦਾ ਘੱਟ ਇਸਤੇਮਾਲ ਕੀਤਾ ਜਾਵੇਗਾ। ਜੇਕਰ ਦੋਵਾਂ ਸਾਧਨਾਂ ਦਾ ਇਕੱਠਾ ਜਾਂ ਜ਼ਿਆਦਾ ਜਾਂ ਘੱਟ ਇਸਤੇਮਾਲ ਕੀਤਾ ਜਾਵੇਗਾ ਤਾਂ ਕੁੱਲ ਉਤਪਾਦਨ ਬਰਾਬਰ ਨਹੀਂ ਰਹੇਗਾ, ਉਹ ਕ੍ਰਮ ਅਨੁਸਾਰ ਜ਼ਿਆਦਾ ਜਾਂ ਘੱਟ ਹੋ ਜਾਵੇਗਾ। ਤਾਲਿਕਾ 1 ਤੋਂ ਪਤਾ ਲੱਗਦਾ ਹੈ ਕਿ 100 ਘੜੀਆਂ ਦੇ ਕੁੱਲ ਉਤਪਾਦਨ ਦੇ ਲਈ ਜੇਕਰ ਜ਼ਿਆਦਾ ਪੂੰਜੀ ਭਾਵ 90 ਇਕਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ, ਉਦੋਂ ਇਸ ਦਾ ਸੰਜੋਗ ਮਿਹਨਤ ਦੀਆਂ ਘੱਟ ਇਕਾਈਆਂ ਭਾਵ 10 ਇਕਾਈਆਂ ਦੇ ਨਾਲ ਕੀਤਾ ਜਾਵੇਗਾ। ਇਸੇ ਤਰ੍ਹਾਂ ਜੇਕਰ 100 ਘੜੀਆਂ ਦਾ ਬਰਾਬਰ ਉਤਪਾਦਨ ਪ੍ਰਾਪਤ ਕਰਨ ਲਈ ਜੇਕਰ ਘੱਟ ਪੂੰਜੀ ਭਾਵ 30 ਇਕਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਇਸ ਦਾ ਸੰਜੋਗ ਮਿਹਨਤ ਦੀਆਂ ਜ਼ਿਆਦਾ ਇਕਾਈਆਂ ਭਾਵ 40 ਇਕਾਈਆਂ ਦੇ ਨਾਲ ਕੀਤਾ

ਨੋਟ

ਜਾਵੇਗਾ। **ਇਕ ਸਮ-ਉਤਪਾਦ ਵਕ੍ਰ ਦੇ ਹੇਠਾਂ ਵੱਲ ਢਲਾਣ ਦਾ ਕਾਰਨ ਸਾਧਨਾਂ ਦੀ ਪ੍ਰਤੀਸਥਾਪਨਾ ਹੈ।** ਉਤਪਾਦਨ ਦੇ ਸਾਧਨ ਇਕ-ਦੂਸਰੇ ਦੇ ਪ੍ਰਤੀਸਥਾਪਨ ਹਨ, ਇਸ ਲਈ ਬਰਾਬਰ ਮਾਤਰਾ ਦਾ ਉਤਪਾਦਨ ਕਰਨ ਦੇ ਲਈ ਜੇਕਰ ਇਕ ਸਾਧਨ ਦੀਆਂ ਘੱਟ ਇਕਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਦੂਸਰੇ ਸਾਧਨ ਦੀਆਂ ਜ਼ਿਆਦਾ ਇਕਾਈਆਂ ਦਾ ਇਸਤੇਮਾਲ ਕੀਤਾ ਜਾਵੇਗਾ। ਇਸੇ ਕਾਰਨ ਹੀ ਸਮ-ਉਤਪਾਦ ਵਕ੍ਰ ਦਾ ਢਲਾਣ ਉਪਰ ਤੋਂ ਹੇਠਾਂ ਵੱਲ ਹੁੰਦਾ ਹੈ।



ਚਿੱਤਰ 10.3

2. **ਸਮ-ਉਤਪਾਦ ਵਕ੍ਰ ਮੂਲ ਬਿੰਦੂ ਵੱਲ ਉਂਤੋਦਰ ਹੁੰਦੀ ਹੈ** (Isoquant Curves are Convex to the Origin)- ਸਮ-ਉਤਪਾਦ ਵਕ੍ਰ ਆਪਣੇ ਮੂਲ ਬਿੰਦੂ O ਵੱਲ ਹਮੇਸ਼ਾ ਉਂਤੋਦਰ ਹੁੰਦੀ ਹੈ, ਜਿਵੇਂ ਕਿ ਚਿੱਤਰ 10.4 ਤੋਂ ਪ੍ਰਗਟ ਹੋ ਰਿਹਾ ਹੈ। ਇਸ ਦਾ ਮਤਲਬ ਇਹ ਹੈ ਕਿ ਸਾਧਨ **ਪੂਰਨ ਸਥਾਨਾਪੰਨ** (Perfect Substitutes) ਨਹੀਂ ਹੈ। ਇਸ ਦਾ ਕਾਰਨ ਇਹ ਹੈ ਕਿ ਸਾਧਨਾਂ ਦੀ ਤਕਨੀਕੀ ਪ੍ਰਤੀਸਥਾਪਨ ਦੀ ਸੀਮਿਤ ਦਰ ਘੱਟਦੀ ਹੁੰਦੀ ਹੈ। ਤਾਲਿਕਾ 1 ਤੋਂ ਪ੍ਰਗਟ ਹੁੰਦਾ ਹੈ ਕਿ ਮਿਹਨਤ ਦੀਆਂ 10 ਹੋਰ ਇਕਾਈਆਂ ਦਾ ਇਸਤੇਮਾਲ ਕਰਨ ਲਈ ਪੂੰਜੀ ਦੀਆਂ 30 ਇਕਾਈਆਂ ਦਾ ਤਿਆਗ ਕੀਤਾ ਜਾਂਦਾ ਹੈ ਅਤੇ ਮਿਹਨਤ ਦੀਆਂ ਹੋਰ 10 ਇਕਾਈਆਂ ਦਾ ਇਸਤੇਮਾਲ ਕਰਨ ਲਈ ਪੂੰਜੀ ਦੀਆਂ 20 ਇਕਾਈਆਂ ਦਾ ਪ੍ਰਤੀਸਥਾਪਨ ਕੀਤਾ ਜਾਂਦਾ ਹੈ। ਕਿਸੇ ਦਿੱਤੀ ਹੋਈ ਸਮ-ਉਤਪਾਦ ਵਕ੍ਰ 'ਤੇ ਉਤਪਾਦਨ ਦਾ ਬਰਾਬਰ ਪੱਧਰ ਤਾਂ ਹੀ ਬਣਾਈ ਰੱਖਿਆ ਜਾ ਸਕਦਾ ਹੈ, ਜਦੋਂ ਮਿਹਨਤ ਦੀ ਹਰੇਕ ਅਗਲੀ ਇਕਾਈ ਲਗਾਉਣ ਲਈ ਪੂੰਜੀ ਦਾ ਤਿਆਗ ਘੱਟਦੀ ਹੋਈ ਦਰ 'ਤੇ ਕੀਤਾ ਜਾਂਦਾ ਹੈ। ਚਿੱਤਰ 10.4 ਵਿੱਚ ਸਮ-ਉਤਪਾਦ ਵਕ੍ਰ ਦੇ ਬਿੰਦੂ 'B' ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਮਿਹਨਤ ਦੀਆਂ 10 ਹੋਰ ਇਕਾਈਆਂ ਦਾ ਇਸਤੇਮਾਲ ਕਰਨ ਲਈ ਪੂੰਜੀ ਦੀਆਂ 30 ਇਕਾਈਆਂ ਦਾ ਤਿਆਗ ਕੀਤਾ ਜਾਂਦਾ ਹੈ, ਉਸ ਅਨੁਸਾਰ ਪੂੰਜੀ ਦੇ ਲਈ ਉਸ ਦੀ ਤਕਨੀਕੀ ਪ੍ਰਤੀਸਥਾਪਨ ਦੀ ਦਰ (MRTS) 3:1 ਹੋਵੇਗੀ। ਬਿੰਦੂ 'C' 'ਤੇ ਇਹ 2: 1 ਹੋਵੇਗੀ ਅਤੇ ਤਕਨੀਕੀ ਪ੍ਰਤੀਸਥਾਪਨ ਦੀ ਸੀਮਿਤ ਦਰ ਵਿੱਚ ਘਟਣ ਦੀ ਪ੍ਰਵਿਰਤੀ ਪਾਈ ਜਾਂਦੀ ਹੈ। ਇਸ ਲਈ IQ ਵਕ੍ਰ ਮੂਲ ਬਿੰਦੂ ਵੱਲ ਉਂਤੋਦਰ ਹੁੰਦੀ ਹੈ।

ਸਮ-ਉਤਪਾਦ ਵਕ੍ਰ ਦਾ ਢਲਾਣ ਉਂਤੋਦਰ ਕਿਉਂ ਹੁੰਦੀ ਹੈ?

ਇਸ ਦਾ ਕਾਰਨ ਤਕਨੀਕੀ ਪ੍ਰਤੀਸਥਾਪਨ ਦੀ ਘੱਟਦੀ ਸੀਮਿਤ ਦਰ ਹੈ।

3. **ਦੋ ਸਮ-ਉਤਪਾਦ ਵਕ੍ਰਾਂ ਕਦੇ ਇਕ-ਦੂਸਰੇ ਨੂੰ ਕੱਟ ਨਹੀਂ ਸਕਦੀਆਂ** (Two IQ Curves Cannot Intersect Each Other)- ਅਸੀਂ ਜਾਣਦੇ ਹਾਂ ਕਿ ਸਮ-ਉਤਪਾਦ ਵਕ੍ਰ ਉਤਪਾਦਨ ਦੇ ਵਿਸ਼ੇਸ਼ ਪੱਧਰ ਨੂੰ ਪ੍ਰਗਟ ਕਰਦੀ ਹੈ ਅਤੇ ਉਸ 'ਤੇ ਹਰੇਕ ਬਿੰਦੂ ਉਤਪਾਦਨ ਦੇ ਬਰਾਬਰ ਪੱਧਰ ਨੂੰ ਦੱਸਦਾ ਹੈ। ਜੇਕਰ ਦੋ ਸਮ-ਉਤਪਾਦ ਵਕ੍ਰਾਂ ਇਕ-ਦੂਸਰੇ ਨੂੰ ਕੱਟਦੀਆਂ ਹਨ, ਉਦੋਂ ਦੋਵਾਂ ਵਕ੍ਰਾਂ 'ਤੇ ਸਮਰੂਪ ਬਰਾਬਰ ਬਿੰਦੂ ਸਾਨੂੰ ਪ੍ਰਾਪਤ ਹੋਣਗੇ। ਇਹ ਬਰਾਬਰ ਬਿੰਦੂ ਉਤਪਾਦਨ ਦੇ ਦੋ ਵੱਖ-ਵੱਖ ਪੱਧਰਾਂ ਨੂੰ ਪ੍ਰਗਟ ਕਰਨਗੇ। ਇਹ ਸਮ-ਉਤਪਾਦ ਵਕ੍ਰ ਦੀ ਮਾਨਤਾ ਦੇ ਉਲਟ ਹੋਵੇਗਾ। ਉਤਪਾਦ ਵਕ੍ਰ 'ਤੇ ਹਰੇਕ ਬਿੰਦੂ ਬਰਾਬਰ ਉਤਪਾਦਨ ਨੂੰ ਪ੍ਰਗਟ ਕਰਦਾ ਹੈ। ਇਸ ਨੂੰ ਚਿੱਤਰ 10.5 ਨਾਲ ਸਪੱਸ਼ਟ ਕੀਤਾ ਗਿਆ ਹੈ।

ਨੋਟ



ਚਿੱਤਰ 10.4



ਚਿੱਤਰ 10.5

IQ_1 ਵਕ੍ਰ ਉਤਪਾਦਨ ਦੀਆਂ 100 ਇਕਾਈਆਂ ਅਤੇ IQ_2 ਵਕ੍ਰ ਉਤਪਾਦਨ ਦੀਆਂ 200 ਇਕਾਈਆਂ ਨੂੰ ਪ੍ਰਗਟ ਕਰ ਰਹੀ ਹੈ। ਦੋਵੇਂ ਵਕ੍ਰ ਇਕ-ਦੂਸਰੇ ਨੂੰ ਬਿੰਦੂ S 'ਤੇ ਕੱਟ ਰਹੀਆਂ ਹਨ। ਅਸੀਂ ਜਾਣਦੇ ਹਾਂ ਕਿ ਸਮ-ਉਤਪਾਦ ਵਕ੍ਰ 'ਤੇ ਸਾਰੇ ਬਿੰਦੂ ਇਕ-ਦੂਸਰੇ ਦੇ ਬਰਾਬਰ ਹੁੰਦੇ ਹਨ ਜੋ ਉਤਪਾਦਨ ਦੇ ਬਰਾਬਰ ਪੱਧਰ ਨੂੰ ਪ੍ਰਗਟ ਕਰਦੇ ਹਨ। ਇਸ ਲਈ ਚਿੱਤਰ 10.5 ਦੇ ਅਨੁਸਾਰ

S = K = IQ_1 'ਤੇ ਉਤਪਾਦਨ ਦੀਆਂ 100 ਇਕਾਈਆਂ

S = R = IQ_1 'ਤੇ ਉਤਪਾਦਨ ਦੀਆਂ 200 ਇਕਾਈਆਂ

$\therefore$ K = R

ਸਵੈ ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions)-

4. ਸਮ-ਉਤਪਾਦ ਵਕ੍ਰਾਂ ਦੀ ਢਲਾਣ ..... ਹੁੰਦੀ ਹੈ।

(ਅ) ਉਪਰ ਤੋਂ ਹੇਠਾਂ ਵੱਲ (ਬ) ਹੇਠਾਂ ਤੋਂ ਉਪਰ ਵੱਲ

(ਸ) ਸੱਜੇ ਤੋਂ ਖੱਬੇ ਵੱਲ (ਦ) ਖੱਬੇ ਤੋਂ ਸੱਜੇ ਵੱਲ

ਨੋਟ

5. ਸਮ-ਉਤਪਾਦ ਵਕ੍ਰ ਮੂਲ ਬਿੰਦੂ ਵੱਲ ਹੁੰਦੀ ਹੈ-

(ਅ) ਤਿਰਛੀ (ਬ) ਟੇਢੀ

(ਸ) ਉੱਤੋਦਰ (ਦ) ਝੁਕੀ

6. ਦੋ ਸਮ-ਉਤਪਾਦ ਵਕ੍ਰ ਹਮੇਸ਼ਾ ਉਤਪਾਦਨ ਦੀਆਂ ਵੱਖ-ਵੱਖ ..... ਪ੍ਰਗਟ ਕਰਦੀਆਂ ਹਨ।

(ਅ) ਦੋ ਮਾਤਰਾਵਾਂ (ਬ) ਇਕ ਮਾਤਰਾ

(ਸ) ਤਿੰਨ ਮਾਤਰਾਵਾਂ (ਦ) ਚਾਰ ਮਾਤਰਾਵਾਂ

7. ਸੰਤੁਲਨ ਬਿੰਦੂ 'ਤੇ ਸਮ-ਲਾਗਤ ਰੇਖਾ ਸਮ-ਉਤਪਾਦ ਵਕ੍ਰ ਦਾ ..... ਹੋਣਾ ਚਾਹੀਦਾ ਹੈ।

(ਅ) ਛੂਹਣ ਬਿੰਦੂ (ਬ) ਮੂਲ ਬਿੰਦੂ

(ਸ) ਮੱਧ ਬਿੰਦੂ (ਦ) ਸਿਰਲੇਖ ਬਿੰਦੂ

8. ਪੈਮਾਨੇ ਦਾ ਘਟਦਾ ਪ੍ਰਤੀਫਲ ਪੈਮਾਨੇ ਦੀ ..... ਦੇ ਕਾਰਨ ਹੁੰਦਾ ਹੈ।

(ਅ) ਹਾਨੀਆਂ (ਬ) ਕਮੀਆਂ

(ਸ) ਲਾਭ (ਦ) ਵਾਧਾ।

ਪਰ ਇਹ ਸੰਭਵ ਨਹੀਂ ਹੈ, ਕਿਉਂਕਿ ਬਿੰਦੂ K ਉਤਪਾਦਨ ਦੀਆਂ 100 ਇਕਾਈਆਂ ਨੂੰ ਅਤੇ ਦੂਸਰੀ ਸਥਿਤੀ R ਉਤਪਾਦਨ ਦੀਆਂ 200 ਇਕਾਈਆਂ ਨੂੰ ਪ੍ਰਗਟ ਕਰ ਰਿਹਾ ਹੈ। ਇਸੇ ਤਰ੍ਹਾਂ ਜਦੋਂ S ਉਤਪਾਦਨ ਦੀਆਂ 100 ਇਕਾਈਆਂ ਨੂੰ ਅਤੇ ਦੂਸਰੀ ਜਗ੍ਹਾ ਉਤਪਾਦਨ ਦੀਆਂ 200 ਇਕਾਈਆਂ ਪ੍ਰਗਟ ਕਰ ਰਿਹਾ ਹੈ, ਇਹ ਤਕਨੀਕੀ ਦ੍ਰਿਸ਼ਟੀ ਨਾਲ ਗਲਤ ਹੈ। ਇਸ ਲਈ ਸਮ-ਉਤਪਾਦ ਵਕ੍ਰਾਂ ਨੂੰ ਇਕ-ਦੂਸਰੇ ਨੂੰ ਕੱਟਣਾ ਵਿਸੰਗਤ (Absurd) ਅਤੇ ਵਿਰੋਧ ਭਰਪੂਰ (Contradiction) ਅਵਲੋਕਨ ਪੇਸ਼ ਕਰਦਾ ਹੈ ਅਤੇ ਇਕ ਸਮ-ਉਤਪਾਦ ਵਕ੍ ਇਕ-ਦੂਸਰੇ ਨੂੰ ਨਹੀਂ ਕੱਟਦੇ।

ਦੋ ਸਮ ਉਤਪਾਦ ਵਕ੍ਰ ਹਮੇਸ਼ਾ ਉਤਪਾਦਨ ਦੀਆਂ ਵੱਖ-ਵੱਖ ਦੋ ਮਾਤਰਾਵਾਂ ਪ੍ਰਗਟ ਕਰਦੀਆਂ ਹਨ। ਜੇਕਰ ਇਹ ਵਕ੍ਰਾਂ ਇਕ-ਦੂਸਰੇ ਨੂੰ ਕੱਟਣਗੀਆਂ ਤਾਂ ਇਸ ਦਾ ਮਤਲਬ ਇਹ ਹੋਵੇਗਾ ਕਿ ਇਨ੍ਹਾਂ ਦਾ ਅੰਤਰ ਕਟਾਵ ਬਿੰਦੂ ਉਤਪਾਦਨ ਦੀ ਬਰਾਬਰ ਮਾਤਰਾ ਨੂੰ ਪ੍ਰਗਟ ਕਰੇਗਾ ਜੋ ਤਕਨੀਕੀ ਦ੍ਰਿਸ਼ਟੀ ਨਾਲ ਗਲਤ ਹੋਵੇਗਾ।



ਚਿੱਤਰ 10.6

4. **ਸਮ-ਉਤਪਾਦ ਵਕ੍ਰ ਜਿੰਨਾ ਉਚਾ ਹੁੰਦਾ ਹੈ, ਉਂਨਾ ਹੀ ਜ਼ਿਆਦਾ ਉਤਪਾਦਨ ਮਾਤਰਾ ਨੂੰ ਪ੍ਰਗਟ ਕਰਦਾ ਹੈ** (The Higher the Isoquant Curve Higher will be the Level of Output)- ਸਮ-ਉਤਪਾਦ ਵਕ੍ਰਾਂ ਜਿੰਨੀਆਂ ਇਕ-ਦੂਸਰੇ

ਤੋਂ ਉਪਰ ਹੁੰਦੀਆਂ ਹਨ, ਉਨੀ ਹੀ ਉਤਪਾਦਨ ਦੀ ਜ਼ਿਆਦਾ ਮਾਤਰਾ ਨੂੰ ਪ੍ਰਗਟ ਕਰਦੀਆਂ ਹਨ। ਇਸ ਦਾ ਅਰਥ ਇਹ ਹੈ ਕਿ ਉਚੀ ਸਮ-ਉਤਪਾਦ ਵਕ੍ਰ ਸਾਧਨਾਂ ਦੇ ਉਤਪਾਦਨ ਦੇ ਉਚੇ ਪੱਧਰ 'ਤੇ ਅਧਾਰਿਤ ਹੁੰਦੀਆਂ ਹਨ। ਇਸ ਨੂੰ ਚਿੱਤਰ 10.6 ਵਿੱਚ ਪ੍ਰਗਟ ਕੀਤਾ ਗਿਆ ਹੈ। ਇਸ ਚਿੱਤਰ ਵਿੱਚ ਉਚਾ ਸਮ-ਉਤਪਾਦ ਵਕ੍ਰ IQ_1 ਉਤਪਾਦਨ ਦੇ ਉਚੇ ਪੱਧਰ ਭਾਵ 200 ਇਕਾਈਆਂ ਨੂੰ ਪ੍ਰਗਟ ਕਰ ਰਿਹਾ ਹੈ, ਜਦੋਂ ਕਿ ਇਸ ਦੀ ਤੁਲਨਾ ਵਿੱਚ ਹੇਠਲਾ ਸਮ-ਉਤਪਾਦ ਵਕ੍ਰ IQ, 100 ਇਕਾਈਆਂ ਨੂੰ ਪ੍ਰਗਟ ਕਰ ਰਿਹਾ ਹੈ। ਉਚੇ ਸਮ-ਉਤਪਾਦ ਵਕ੍ਰ IQ_1 ਨਾਲ ਪ੍ਰਗਟ 200 ਇਕਾਈਆਂ ਦਾ ਉਤਪਾਦਨ ਕਰਨ ਲਈ ਸਾਧਨਾਂ ਦੀਆਂ ਜ਼ਿਆਦਾ ਇਕਾਈਆਂ (OL_1 + OK_1) ਦਾ ਇਸਤੇਮਾਲ ਕੀਤਾ ਜਾਂਦਾ ਹੈ। ਜਦੋਂ ਕਿ ਹੇਠਲੇ ਸਮ-ਉਤਪਾਦ ਵਕ੍ਰ IQ ਵੱਲੋਂ ਪ੍ਰਗਟ ਇਕਾਈਆਂ ਦਾ ਉਤਪਾਦਨ ਕਰਨ ਦੇ ਸਾਧਨਾਂ ਦੀ ਤੁਲਨਾ 'ਚ ਘੱਟ ਇਕਾਈਆਂ (OL + OK) ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਸ ਲਈ ਉਚਾ ਵਕ੍ਰ, IQ_1 ਉਤਪਾਦਨ ਦੀ ਜ਼ਿਆਦਾ ਮਾਤਰਾ ਭਾਵ 200 ਇਕਾਈਆਂ ਨੂੰ ਅਤੇ ਹੇਠਲਾ ਵਕ੍ਰ IQ ਘੱਟ ਮਾਤਰਾ ਭਾਵ 100 ਇਕਾਈਆਂ ਨੂੰ ਪ੍ਰਗਟ ਕਰਦਾ ਹੈ।

ਨੋਟ

ਕੀ ਤੁਸੀਂ ਜਾਣਦੇ ਹੋ	ਇਕ ਸਮ-ਉਤਪਾਦ ਵਕ੍ਰ ਦੇ ਹੇਠਾਂ ਵੱਲ ਢਲਾਣ ਦਾ ਕਾਰਨ ਸਾਧਨਾਂ ਦੀ ਪ੍ਰਤੀਸਥਾਪਨਾ ਹੈ।

10.7 ਸਮ-ਲਾਗਤ ਰੇਖਾ (Iso-Cost Line)

ਇਕ ਸਮ-ਲਾਗਤ ਰੇਖਾ ਉਹ ਰੇਖਾ ਹੈ ਜੋ ਉਤਪਾਦਨ ਦੇ ਉਨ੍ਹਾਂ ਵੱਖ-ਵੱਖ ਸੰਜੋਗਾਂ ਨੂੰ ਪ੍ਰਗਟ ਕਰਦੀ ਹੈ, ਜਿਨ੍ਹਾਂ ਦੀ ਕੁੱਲ ਲਾਗਤ ਬਰਾਬਰ ਹੁੰਦੀ ਹੈ। ਹੋਰ ਸ਼ਬਦਾਂ ਵਿੱਚ ਇਹ ਰੇਖਾ ਦੋ ਸਾਧਨਾਂ ਦੇ ਉਨ੍ਹਾਂ ਵੱਖ-ਵੱਖ ਸੰਜੋਗਾਂ ਨੂੰ ਪ੍ਰਗਟ ਕਰਦੀ ਹੈ ਜੋ ਇਕ ਫਰਮ ਬਰਾਬਰ ਲਾਗਤ 'ਤੇ ਪ੍ਰਾਪਤ ਕਰ ਸਕਦੀ ਹੈ। ਜਿਵੇਂ ਵੱਖ-ਵੱਖ ਸਮ-ਉਤਪਾਦ ਵਕ੍ਰਾਂ ਹੁੰਦੀਆਂ ਹਨ, ਉਂਝ ਹੀ ਵੱਖ-ਵੱਖ ਸਮ-ਲਾਗਤ ਰੇਖਾਵਾਂ ਹੁੰਦੀਆਂ ਹਨ ਜੋ ਉਤਪਾਦਨ ਦੇ ਵੱਖ-ਵੱਖ ਪੱਧਰ ਨੂੰ ਪ੍ਰਗਟ ਕਰਦੀਆਂ ਹਨ।

ਸਮ-ਲਾਗਤ ਰੇਖਾ ਨੂੰ ਉਸ ਰੇਖਾ ਦੇ ਰੂਪ ਵਿੱਚ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ ਜੋ ਦੋ ਸਾਧਨਾਂ ਦੇ ਉਨ੍ਹਾਂ ਵੱਖ-ਵੱਖ ਸੰਭਵ ਸੰਜੋਗਾਂ ਨੂੰ ਪ੍ਰਗਟ ਕਰਦੀ ਹੈ ਜੋ ਇਕ ਉਤਪਾਦਕ ਉਨ੍ਹਾਂ ਸਾਧਨਾਂ ਦੀਆਂ ਦਿੱਤੀਆਂ ਹੋਈਆਂ ਕੀਮਤਾਂ 'ਤੇ ਜਿੰਨਾ ਕੁੱਲ ਖਰਚ ਕਰਨਾ ਚਾਹੁੰਦਾ ਹੈ, ਉਸ ਤੋਂ ਖਰੀਦ ਸਕਦਾ ਹੈ। (Iso-cost line may be defined as the line which shows different possible combinations of two factors that the producer can afford to buy given his total expenditure to be incurred on these factors and price of the factors.)

ਵਿਆਖਿਆ (Explanation)

ਸਮ-ਲਾਗਤ ਰੇਖਾ ਦੀ ਧਾਰਨਾ ਨੂੰ ਹੇਠ ਲਿਖੀ ਤਾਲਿਕਾ 2 ਅਤੇ ਚਿੱਤਰ 10.7 ਦੀ ਸਹਾਇਤਾ ਨਾਲ ਪ੍ਰਗਟ ਕੀਤਾ ਜਾ ਸਕਦਾ ਹੈ। ਮੰਨ ਲਓ ਉਤਪਾਦਕ ਦੇ ਕੋਲ ਮਿਹਨਤ ਅਤੇ ਪੂੰਜੀ ਨੂੰ ਖਰੀਦਣ ਲਈ ਕੇਵਲ 100 ਰੁਪਏ ਹਨ। ਉਤਪਾਦਕ ਦੇ ਲਈ ਮਿਹਨਤ ਦੀ ਲਾਗਤ ਪ੍ਰਤੀ ਇਕਾਈ 10 ਰੁਪਏ ਅਤੇ ਪੂੰਜੀ ਦੀ ਲਾਗਤ ਪ੍ਰਤੀ ਇਕਾਈ 20 ਰੁਪਏ ਹੈ।

ਤਾਲਿਕਾ 2. ਵਿਕਲਪਿਕ ਸਾਧਨ ਸੰਜੋਗ (Alternative Factor Combination)

ਕੁਲ ਖਰੀ (ਰੁ.) (Total Expenditure)	**ਮਿਹਨਤ** (Labour L_p = Rs.10)	**ਪੂੰਜੀ** (Capital L_k = Rs. 20)
100	10	0
100	0	5
100	4	3
100	2	4

ਨੋਟ ਉਤਪਾਦਨ ਦੇ ਕੋਲ ਹੇਠ ਲਿਖੇ ਵਿਕਲਪ ਹਨ–

(i) ਮਿਹਨਤ 'ਤੇ ਆਪਣਾ ਪੂਰਾ ਧਨ ਭਾਵ 100 ਰੁ. ਖਰਚ ਕਰਕੇ ਉਹ ਮਜ਼ਦੂਰਾਂ ਦੀਆਂ 10 ਇਕਾਈਆਂ $\left(\frac{100}{10} = 10\right)$ ਲਗਾ ਸਕਦਾ ਹੈ।

(ii) ਪੂੰਜੀ 'ਤੇ ਪੂਰਾ ਧਨ ਭਾਵ 100 ਰੁ. ਖਰਚ ਕਰਕੇ ਉਹ ਪੂੰਜੀ 5 ਦੀਆਂ ਇਕਾਈਆਂ $\left(\frac{100}{20} = 5\right)$ ਖਰੀਦ ਸਕਦਾ ਹੈ।

(iii) ਮਿਹਨਤ ਅਤੇ ਪੂੰਜੀ ਦੋਵਾਂ 'ਤੇ ਰੁਪਿਆ ਖਰਚ ਕਰਕੇ ਉਹ ਮਿਹਨਤ ਅਤੇ ਪੂੰਜੀ ਦੇ ਵੱਖ-ਵੱਖ ਸੰਭਵ ਸੰਜੋਗ ਖਰੀਦ ਸਕਦਾ ਹੈ, ਜਿਵੇਂ (4, 3) (2, 4) ਆਦਿ।

ਸਮ-ਲਾਗਤ ਵਕ੍ਰ ਦੇ ਢਲਾਣ ਤੋਂ ਸਾਧਨ ਕੀਮਤ ਅਨੁਪਾਤ ਪ੍ਰਗਟ ਹੁੰਦਾ ਹੈ। ਇਸ ਦੇ ਉਲਟ ਸਮ-ਲਾਗਤ ਵਕ੍ਰ ਦੇ ਪੱਧਰ ਤੋਂ ਉਤਪਾਦਨ ਦੀ ਬਜਟ ਹੱਦ ਪ੍ਰਗਟ ਹੁੰਦੀ ਹੈ। ਉਚੀ ਸਮ-ਲਾਗਤ ਵਕ੍ਰ ਕਿਸੇ ਵਸਤੂ ਦੇ ਉਤਪਾਦਨ 'ਤੇ ਕੀਤੇ ਜਾਣ ਵਾਲੇ ਜ਼ਿਆਦਾ ਖਰਚ ਨੂੰ ਪ੍ਰਗਟ ਕਰਦੀ ਹੈ।

ਚਿੱਤਰ 10.7 ਵਿੱਚ ਮਿਹਨਤ ਨੂੰ OX – ਅਕਸ਼ 'ਤੇ ਅਤੇ ਪੂੰਜੀ ਨੂੰ OY-ਅਕਸ਼ 'ਤੇ ਪ੍ਰਗਟ ਕੀਤਾ ਗਿਆ ਹੈ। ਬਿੰਦੂ A, B, C ਅਤੇ D ਪੂੰਜੀ ਅਤੇ ਮਿਹਨਤ ਸਾਧਨਾਂ ਦੇ ਵੱਖ-ਵੱਖ ਸੰਜੋਗਾਂ ਨੂੰ ਪ੍ਰਗਟ ਕਰਦੇ ਹਨ ਜੋ 100 ਰੁ. ਖਰਚ ਕਰਕੇ ਖਰੀਦੇ ਜਾ ਸਕਦੇ ਹਨ। ਬਿੰਦੂ A ਪੂੰਜੀ ਦੀਆਂ 5 ਇਕਾਈਆਂ ਅਤੇ ਮਿਹਨਤ ਦੀ ਜ਼ਿਰੋ ਇਕਾਈ ਨੂੰ ਪ੍ਰਗਟ ਕਰਦਾ ਹੈ। ਜਦੋਂ ਕਿ ਬਿੰਦੂ D ਮਿਹਨਤ ਦੀਆਂ 10 ਇਕਾਈਆਂ ਅਤੇ ਪੂੰਜੀ ਦੀ ਜ਼ੀਰੋ ਇਕਾਈ ਨੂੰ ਪ੍ਰਗਟ ਕਰਦਾ ਹੈ। ਬਿੰਦੂ B ਪੂੰਜੀ ਦੀਆਂ 4 ਇਕਾਈਆਂ ਅਤੇ ਮਿਹਨਤ ਦੀਆਂ 2 ਇਕਾਈਆਂ ਅਤ ਬਿੰਦੂ C ਮਿਹਨਤ ਦੀਆਂ 4 ਇਕਾਈਆਂ ਅਤੇ ਪੂੰਜੀ ਦੀਆਂ 3 ਇਕਾਈਆਂ ਨੂੰ ਪ੍ਰਗਟ ਕਰਦਾ ਹੈ।



ਚਿੱਤਰ 10.7

ਸਮ ਲਾਗਤ ਰੇਖਾ ਦਾ ਢਲਾਣ ਸਾਧਨ ਕੀਮਤਾਂ ਦਾ ਅਨੁਪਾਤ ਹੈ। OX-ਅਕਸ਼ 'ਤੇ ਮਿਹਨਤ ਅਤੇ OY - ਅਕਸ਼ 'ਤੇ ਪੂੰਜੀ ਪ੍ਰਗਟ ਕਰਨ ਵਾਲੀ ਕਿਸੇ ਵੀ ਸਮ-ਲਾਗਤ ਵਕ੍ਰ ਦਾ ਢਲਾਨ ਹੇਠ ਲਿਖੇ ਅਨੁਸਾਰ ਹੋਵੇਗਾ–

$$\text{ਸਮ-ਲਾਗਤ ਰੇਖਾ ਦਾ ਢਲਾਣ} = \frac{\text{ਮਿਹਨਤ ਦੀ ਕੀਮਤ}}{\text{ਪੂੰਜੀ ਦੀ ਕੀਮਤ}}$$

(ਨੋਟ–ਮਿਹਨਤ ਦੀ ਕੀਮਤ ਪੂੰਜੀ ਦੀਆਂ ਇਕਾਈਆਂ ਦੇ ਰੂਪ ਵਿੱਚ ਅਤੇ ਪੂੰਜੀ ਦੀ ਕੀਮਤ ਮਿਹਨਤ ਦੀਆਂ ਇਕਾਈਆਂ ਦੇ ਰੂਪ ਵਿੱਚ ਪ੍ਰਗਟ ਕੀਤੀ ਜਾਂਦੀ ਹੈ।

ਨੋਟ

10.8 ਸਮ-ਉਤਪਾਦ ਵਕ੍ਰਾਂ ਅਤੇ ਤਟਸਥਤਾ ਵਕ੍ਰਾਂ ਦੇ ਵਿੱਚ ਅੰਤਰ (Difference between Isoquant Curves and Indifference Curves)

ਮੰਗ ਸਿਧਾਂਤ ਵਿੱਚ ਤਟਸਥਤਾ ਵਕ੍ਰਾਂ ਦਾ ਜੋ ਯੋਗਦਾਨ ਹੈ ਉਹ ਹੀ ਸਮ-ਉਤਪਾਦ ਵਕ੍ਰਾਂ ਦਾ ਉਤਪਾਦਨ ਸਿਧਾਂਤ ਵਿੱਚ ਹੈ। ਸਮ-ਉਤਪਾਦ ਵਕ੍ਰਾਂ ਦੀਆਂ ਵਿਸ਼ੇਸ਼ਤਾਵਾਂ ਦਾ ਅਧਿਐਨ ਕਰਨ ਦੇ ਬਾਅਦ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਇਹ ਵਕ੍ਰਾਂ ਲੱਗਭਗ ਤਟਸਥਤਾ ਵਕ੍ਰਾਂ ਦੇ ਬਰਾਬਰ ਹੀ ਹਨ ਪਰ ਦੋਨੋਂ ਵਕ੍ਰਾਂ ਵਿੱਚ ਹੇਠ ਲਿਖਿਆ ਅੰਤਰ ਪਾਇਆ ਜਾਂਦਾ ਹੈ।–

(1) ਇਕ ਤਟਸਥਤਾ ਵਕ੍ਰ ਦੋ ਵਸਤੂਆਂ ਦੇ ਉਨ੍ਹਾਂ ਵੱਖ-ਵੱਖ ਸੰਜੋਗਾਂ ਨੂੰ ਪ੍ਰਗਟ ਕਰਦਾ ਹੈ ਜਿਨ੍ਹਾਂ ਨਾਲ ਉਪਭੋਗਤਾ ਨੂੰ **ਬਰਾਬਰ ਸੰਤੁਸ਼ਟੀ** ਪ੍ਰਾਪਤ ਹੁੰਦੀ ਹੈ। ਇਸ ਦੇ ਉਲਟ ਇਕ ਸਮ-ਉਤਪਾਦ ਵਕ੍ਰ ਦੋ ਸਾਧਨਾਂ ਦੇ ਉਨ੍ਹਾਂ ਵੱਖ-ਵੱਖ ਸੰਜੋਗਾਂ ਨੂੰ ਪ੍ਰਗਟ ਕਰਦਾ ਹੈ ਜਿਸ ਨਾਲ ਕਿਸੇ ਫਰਮ ਨੂੰ **ਬਰਾਬਰ ਉਤਪਾਦਨ** ਪ੍ਰਾਪਤ ਹੁੰਦਾ ਹੈ।

(2) ਸਮ-ਉਤਪਾਦ ਵਕ੍ਰ ਉਤਪਾਦਨ ਦੇ ਬਰਾਬਰ ਪੱਧਰ ਨੂੰ ਪ੍ਰਗਟ ਕਰਦਾ ਹੈ ਜਿਸ ਨਾਲ ਨਾਪਿਆ ਜਾ ਸਕਦਾ ਹੈ। ਤਟਸਥਤਾ ਵਕ੍ਰ ਸੰਤੁਸ਼ਟੀ ਦੇ ਬਰਾਬਰ ਪੱਧਰ ਨੂੰ ਪ੍ਰਗਟ ਕਰਦਾ ਹੈ ਜਿਸ ਨੂੰ ਨਾਪਿਆ ਨਹੀਂ ਜਾ ਸਕਦਾ।

(3) ਸਮ-ਉਤਪਾਦ ਵਕ੍ਰ **ਪਰਿਵਰਤਨਸ਼ੀਲ ਸਾਧਨਾਂ ਦੇ ਸੰਜੋਗਾਂ ਨੂੰ ਪ੍ਰਗਟ** ਕਰਦਾ ਹੈ ਜਦੋਂ ਕਿ ਤਟਸਥਤਾ ਵਕ੍ਰ **ਵਸਤੂਆਂ ਦੇ ਸੰਜੋਗਾਂ ਨੂੰ ਪ੍ਰਗਟ ਕਰਦਾ ਹੈ।**

(4) ਸਮ-ਉਤਪਾਦ ਵਕ੍ਰਾਂ ਨਾਲ ਉਤਪਾਦਨ ਦੇ ਆਰਥਿਕ ਅਤੇ ਗੈਰ-ਆਰਥਿਕ ਖੇਤਰ ਦਾ ਗਿਆਨ ਪ੍ਰਾਪਤ ਹੁੰਦਾ ਹੈ। ਤਟਸਥਤਾ ਵਕ੍ਰ ਨਾਲ ਉਪਭੋਗ ਦੇ ਆਰਥਿਕ ਅਤੇ ਗੈਰ-ਆਰਥਿਕ ਖੇਤਰ ਦਾ ਗਿਆਨ ਪ੍ਰਾਪਤ ਹੁੰਦਾ ਹੈ।

(5) ਇਕ ਸਮ-ਉਤਪਾਦ ਵਕ੍ਰ ਦਾ ਢਲਾਣ ਉਤਪਾਦਨ ਦੇ ਸਾਧਨਾਂ ਦੇ ਵਿੱਚ ਪ੍ਰਤੀਸਥਾਪਨ ਦੀ ਤਕਨੀਗੀ ਸੰਭਾਵਨਾ ਨਾਲ ਪ੍ਰਭਾਵਿਤ ਹੁੰਦਾ ਹੈ। ਇਹ ਪ੍ਰਤੀਸਥਾਪਨ ਦੀ ਤਕਨੀਕੀ ਸੀਮਿਤ ਦਰ (MRTS) 'ਤੇ ਨਿਰਭਰ ਕਰਦਾ ਹੈ। ਜਦੋਂ ਕਿ ਇਕ ਤਟਸਥਤਾ ਵਕ੍ਰ ਦਾ ਢਲਾਣ ਉਪਯੋਗਤਾ ਨਾਲ ਉਪਭੋਗ ਕੀਤੀਆਂ ਗਈਆਂ ਦੋ ਵਸਤੂਆਂ ਦੀ ਪ੍ਰਤੀਸਥਾਪਨ ਦੀ ਸੀਮਿਤ ਦਰ (MRS) 'ਤੇ ਨਿਰਭਰ ਕਰਦਾ ਹੈ।

ਵਾਟਸਨ ਨੇ ਸਹੀ ਸਿੱਟਾ ਕੱਢਿਆ ਹੈ ਕਿ, **''ਸਮ-ਉਤਪਾਦ ਵਕ੍ਰਾਂ ਅਸਲ ਵਿੱਚ ਤਟਸਥਤਾ ਵਕ੍ਰਾਂ ਦੀ ਤਰ੍ਹਾਂ ਹੀ ਦਿਖਾਈ ਦਿੰਦੀਆਂ ਹਨ। ਇਨ੍ਹਾਂ ਦੀਆਂ ਰੇਖਾਵਾਂ ਹਿਸਾਬੀ ਵਿਸ਼ੇਸ਼ਤਾਵਾਂ ਬਰਾਬਰ ਹਨ। ਇਨ੍ਹਾਂ ਦਾ ਆਰਥਿਕ ਵਿਸ਼ਲੇਸ਼ਣ ਸਮਾਂਤਰ ਹੈ ਪਰ ਇਕ ਵੱਡਾ ਅੰਦਰ ਇਨ੍ਹਾਂ ਨੂੰ ਇਕ ਦੂਸਰੇ ਤੋਂ ਅਲੱਗ ਕਰਦਾ ਹੇ। ਤਟਸਥਤਾ ਵਕ੍ਰਾਂ ਭਾਵਗਤ ਹਨ, ਉਪਭੋਗਤਾ ਦੇ ਮਨ ਵਿੱਚ ਜੋ ਵਿਚਾਰ ਆਉਂਦੇ ਹਨ ਉਨ੍ਹਾਂ ਨੂੰ ਮੰਨ ਲਿਆ ਜਾਂਦਾ ਹੈ। ਇਸ ਦੇ ਉਲਟ ਸਮ-ਉਤਪਾਦ ਵਕ੍ਰਾਂ ਵਸਤੂ ਨਿਸ਼ਠ ਹਨ, ਇਨ੍ਹਾਂ ਨੂੰ ਸਿਧਾਂਤਕ ਅਤੇ ਵਿਵਹਾਰਿਕ ਰੂਪ ਵਿੱਚ ਨਾਪਿਆ ਜਾ ਸਕਦਾ ਹੈ।''** (Isoquants do indeed look like indifference curves. Their geometric properties are similar. Their economic analysis is parallel. But one great difference, separates them. Indifference curves are subjective. What goes on in consumer's mind has been assumed. In contrast isoquant curves are objective, they can be measured in practice as well as principle.

—Watson

10.9 ਉਤਪਾਦਕ ਸੰਤੁਲਨ ਜਾਂ ਸਾਧਨਾਂ ਦਾ ਨਿਊਨਤਮ ਲਾਗਤ ਸੰਜੋਗ (Producer's Equilibrium or Least Cost Combination of Factors)

ਉਤਪਾਦਕ ਸੰਤੁਲਨ ਤੋਂ ਭਾਵ ਉਸ ਸਥਿਤੀ ਤੋਂ ਹੈ ਜਿਸ ਵਿੱਚ ਇਕ ਉਤਪਾਦਕ ਆਪਣੇ ਲਾਭ ਨੂੰ ਜ਼ਿਆਦਾ ਕਰਦਾ ਹੈ (The Producer's equilibrium refers to a situation in which a producer maxmises his profits.) ਹੋਰ ਸ਼ਬਦਾਂ ਵਿੱਚ ਉਤਪਾਦਕ, ਉਤਪਾਦਨ ਦੀ ਇਕ ਨਿਸ਼ਚਿਤ ਮਾਤਰਾ ਸਾਧਨਾਂ ਦੇ ਨਿਊਨਤਮ ਲਾਗਤ ਸੰਯੋਗ ਦੀ ਸਹਾਇਤਾ ਨਾਲ ਉਤਪਾਦਿਤ ਕਰਦਾ ਹੈ। ਸਾਧਨਾਂ ਦੇ ਨਿਊਨਤਮ ਲਾਗਤ ਸੰਜੋਗ ਨੂੰ ਸਾਧਨਾਂ ਦਾ ਇਸ਼ਟਤਮ ਸੰਜੋਗ ਵੀ ਕਿਹਾ ਜਾਂਦਾ ਹੈ।

ਇਸ਼ਟਤਮ ਜਾਂ ਨਿਊਨਤਮ ਲਾਗਤ ਸੰਜੋਗ ਉਹ ਸੰਜੋਗ ਹੈ ਜਿਸ ਵਿੱਚ ਜਾਂ ਤਾਂ

(i) ਸਾਧਨਾਂ ਦੇ ਨਿਸ਼ਚਿਤ ਪੱਧਰ ਨਾਲ ਪ੍ਰਾਪਤ ਉਤਪਾਦਨ ਵਧੇਰੇ ਹੈ ਜਾਂ

(ii) ਇਕ ਨਿਸ਼ਚਿਤ ਉਤਪਾਦਨ ਦੇ ਪੈਦਾ ਕਰਨ ਦੀ ਲਾਗਤ ਨਿਊਨਤਮ ਹੈ।

ਉਤਪਾਦਕ ਦੇ ਸੰਤੁਲਨ ਜਾਂ ਸਾਧਨਾਂ ਦੇ ਇਸ਼ਟਤਮ ਸੰਜੋਗ ਦੀ ਸਥਿਤੀ ਨੂੰ ਚਿੱਤਰ 10.8 ਦੀ ਸਹਾਇਤਾ ਨਾਲ ਪ੍ਰਗਟ ਕੀਤਾ ਜਾ ਸਕਦਾ ਹੈ। ਮੰਨ ਲਓ ਇਕ ਉਤਪਾਦਕ 1,500 ਰੁ. ਦੇ ਕੁਲ ਨਿਵੇਸ਼ ਨਾਲ ਪੈਨਾਂ ਦਾ ਉਤਪਾਦਨ ਕਰਨਾ ਚਾਹੁੰਦਾ ਹੈ। ਉਸ ਨੇ ਪੈਨਾਂ ਦਾ ਉਤਪਾਦਨ ਕਰਨ ਦੇ ਲਈ ਉਤਪਾਦਨ ਦੇ ਦੋ ਸਾਧਨਾਂ ਮਿਹਨਤ ਅਤੇ ਪੂੰਜੀ ਦੀ ਜ਼ਰੂਰਤ ਹੈ। ਮਿਹਨਤ ਦੀ ਪ੍ਰਤੀ ਇਕਾਈ

ਨੋਟ ਦੀ ਕੀਮਤ 50 ਰੁਪਏ ਅਤੇ ਪੂੰਜੀ ਦੀ ਪ੍ਰਤੀ ਇਕਾਈ ਕੀਮਤ 75 ਰੁਪਏ ਹੈ। ਉਹ ਜਾਂ ਤਾਂ ਮਿਹਨਤ ਦੀਆਂ 30 ਇਕਾਈਆਂ ਅਤੇ ਪੂੰਜੀ ਦੀ ਬਿਨਾ ਕਿਸੇ ਇਕਾਈ ਦੇ ਜਾਂ ਪੂੰਜੀ ਦੀਆਂ 20 ਇਕਾਈਆਂ ਅਤੇ ਮਿਹਨਤ ਦੀ ਬਿਨਾ ਕਿਸੇ ਇਕਾਈ ਦੇ ਉਤਪਾਦਨ ਕਰ ਸਕਦਾ ਹੈ। ਉਹ ਦੋਨੋਂ ਸਾਧਨਾਂ ਦੇ ਇਸ਼ਟਤਮ ਸੰਜੋਗ ਨੂੰ ਲਗਾਉਣਾ ਪਸੰਦ ਕਰੇਗਾ। ਇਸ਼ਟਤਮ ਸੰਜੋਗ ਬਿੰਦੂ E ਤੋਂ ਪ੍ਰਗਟ ਹੁੰਦਾ ਹੈ ਜਦੋਂ ਉਹ ਪੂੰਜੀ ਦੀਆਂ 10 ਇਕਾਈਆਂ ਅਤੇ ਮਿਹਨਤ ਦੀਆਂ 15 ਇਕਾਈਆਂ (10 × 75 ਰੁ. + 50 ਰੁ. =1,500 ਰੁ.) ਦਾ ਇਸਤੇਮਾਲ ਕਰੇਗਾ। **ਬਿੰਦੂ E ਸਮ-ਉਤਪਾਦ ਵਕ੍ਰ IQ ਅਤੇ ਸਮ-ਲਾਗਤ ਵਕ੍ਰ AB ਦੀ ਛੂੰਹਦੀ ਬਿੰਦੂ ਹੈ।** ਉਤਪਾਦਕ ਸਮ-ਉਤਪਾਦਕ ਵਕ੍ਰ IQ ਅਤੇ ਸਮ-ਲਾਗਤ ਰੇਖਾ AB ਦੀ ਛੂੰਹਦੀ E ਤੋਂ ਉਪਰ ਅਤੇ ਹੇਠਾਂ ਵੱਲ ਜਾ ਸਕਦਾ ਹੈ। ਜੇਕਰ ਉਹ ਸਮ-ਉਤਪਾਦ ਵਕ੍ਰ IQ ਦੇ ਬਿੰਦੂ M ਜਾਂ N ਵੱਲ ਜਾਂਦੀ ਹੈ ਤਾਂ ਉਹ ਆਪਣੇ ਆਪ ਨੂੰ ਉਚੀ ਸਮ-ਲਾਗਤ ਰੇਖਾ CD 'ਤੇ ਪਾਏਗਾ, ਜਿਸ ਦਾ ਅਰਥ ਹੈ ਕਿ ਉਸ ਨੂੰ ਪਹਿਲਾਂ ਜਿੰਨਾ ਉਤਪਾਦਨ (100 ਪੈਨ) ਦੇ ਲਈ ਨਿਵੇਸ਼ ਦੇ ਲਈ ਨਿਸ਼ਚਿਤ ਪੱਧਰ ਦੀ ਹੱਦ (1,500 ਰੁ.) ਤੋਂ ਜ਼ਿਆਦਾ ਖਰਚ ਕਰਨਾ ਪਵੇਗਾ। ਹੋਰ ਸ਼ਬਦਾਂ ਵਿੱਚ ਬਿੰਦੂ E 'ਤੇ 100 ਪੈਨਾਂ ਦਾ ਉਤਪਾਦਨ ਕਰਨ ਦੀ ਲਾਗਤ (1,500 ਰੁ.) ਨਿਊਨਤਮ ਹੈ ਅਤੇ ਬਿੰਦੂ E ਨਿਊਨਤਮ ਲਾਗਤ ਸੰਜੋਗ ਨੂੰ ਪ੍ਰਗਟ ਕਰੇਗਾ।



ਚਿੱਤਰ 10.8

ਇਸ ਦੇ ਉਲਟ ਜੇਕਰ ਉਹ ਹੇਠਲੀ ਸਮ-ਉਤਪਾਦ ਵਕ੍ਰ IQ_1 ਦੇ ਬਿੰਦੂ R ਜਾਂ S ਨਾਲ ਪ੍ਰਗਟ ਕੀਤੇ ਗਏ ਸੰਜੋਗ ਖਰੀਦਣਾ ਚਾਹੇਗਾ ਤਾਂ ਉਹ ਪਹਿਲਾਂ ਜਿੰਨੀ ਲਾਗਤ (1,500 ਰੁ.) 'ਤੇ ਪਹਿਲਾਂ ਤੋਂ ਘੱਟ ਅਤੇ 100 ਪੈਨਾਂ ਦੇ ਸਥਾਨ 'ਤੇ 50 ਪੈਨਾਂ ਦਾ ਉਤਪਾਦਨ ਕਰ ਪਾਏਗਾ। ਹੋਰ ਸ਼ਬਦਾਂ ਵਿੱਚ ਬਿੰਦੂ E, ਉਤਪਾਦਨ ਲਾਗਤ ਦੇ ਇਕ ਨਿਸ਼ਚਿਤ ਪੱਧਰ ਤੋਂ ਪ੍ਰਾਪਤ ਜ਼ਿਆਦਾ ਉਤਪਾਦਨ ਨੂੰ ਪ੍ਰਗਟ ਕਰਦਾ ਹੈ ਅਤੇ **ਉਤਪਾਦਕ ਕੇਵਲ ਬਿੰਦੂ E 'ਤੇ ਹੀ** ਸੰਤੁਲਨ ਵਿੱਚ ਹੋਵੇਗਾ।

10.10 ਸਾਧਨਾਂ ਦੇ ਇਸ਼ਟਤਮ ਸੰਜੋਗ ਜਾਂ ਨਿਊਨਤਮ ਲਾਗਤ ਸੰਜੋਗ ਦੀਆਂ ਸ਼ਰਤਾਂ (Conditions of Optimum Combination of Factors or Least Cost Combination)

ਸਾਧਨਾਂ ਦੇ ਇਸ਼ਟਤਮ ਸੰਜੋਗ (ਨਿਊਨਤਮ ਲਾਗਤ ਸੰਜੋਗ) ਜਾਂ ਉਤਪਾਦਕ ਸੰਤੁਲਨ ਦੀਆਂ ਹੇਠ ਲਿਖੀਆਂ ਸ਼ਰਤਾਂ ਹਨ–

1. **ਸੰਤੁਲਨ ਬਿੰਦੂ 'ਤੇ ਸਮ-ਲਾਗਤ ਰੇਖਾ ਸਮ-ਉਤਪਾਦ ਵਕ੍ਰ ਦੀ ਛੂੰਹਦੀ ਬਿੰਦੂ ਹੋਣਾ ਚਾਹੀਦਾ ਹੈ।** ਇਸ ਛੂੰਹਦੀ ਬਿੰਦੂ 'ਤੇ ਸਮ-ਲਾਗਤ ਰੇਖਾ ਅਤੇ ਸਮ-ਉਤਪਾਦ ਵਕ੍ਰ ਦੋਨੋਂ ਦਾ ਢਲਾਣ ਬਰਾਬਰ (Equal) ਹੁੰਦਾ ਹੈ। ਸਮ-ਲਾਗਤ ਰੇਖਾ ਦਾ ਢਲਾਣ ਸਾਧਨਾਂ ਦੀਆਂ ਕੀਮਤਾ ਦੀ ਦਰ ਹੈ। ਸਮ-ਉਤਪਾਦ ਵਕ੍ਰ ਦਾ ਢਲਾਨ ਸਾਧਨਾਂ ਦੇ ਸੀਮਿਤ ਉਤਪਾਦਾਂ ਦੀ ਦਰ ਹੈ। ਇਸ ਨੂੰ **ਤਕਨੀਕੀ ਪ੍ਰਤੀਸਥਾਪਨ ਦੀ ਸੀਮਿਤ ਦਰ** (MRTS) ਵੀ ਕਿਹਾ ਜਾਂਦਾ ਹੈ।

2. **ਛੂੰਹਦੀ ਬਿੰਦੂ ਅਤੇ E ਅਤੇ 'ਤੇ ਸਮ-ਉਤਪਾਦ ਵਕ੍ਰ ਮੂਲ ਬਿੰਦੂ ਵੱਲ ਉਨਤੋਦਰ** (Convex to the origin) ਹੋਵੇ ਜਾਂ $MRTS_{LK}$ ਡਿੱਗ ਰਿਹਾ ਹੋਵੇ।

   ਇਸ ਤਰ੍ਹਾਂ ਅਸੀਂ ਸਾਧਨਾਂ ਦੇ ਇਸ਼ਟਮ ਸੰਜੋਗ ਦੀਆਂ ਸ਼ਰਤਾਂ ਨੂੰ ਹੇਠ ਲਿਖੇ ਢੰਗ ਨਾਲ ਪ੍ਰਗਟ ਕਰ ਸਕਦੇ ਹਾਂ –

(i) ਸਮ-ਉਤਪਾਦ ਵਕ੍ਰ ਦਾ ਢਲਾਣ = ਸਮ-ਲਾਗਤ ਰੇਖਾ ਦਾ ਢਲਾਣ ਨੋਟ

$$MRTS_{LK} = \frac{\Delta K}{\Delta L} = \frac{MP_L}{MP_K} = \frac{P_L}{P_K}$$

(ii) ਛੂਹਣ ਬਿੰਦ 'ਤੇ ਸਮ-ਉਤਪਾਦ ਵਕ੍ਰ ਮੂਲ ਬਿੰਦੂ O ਵੱਲ ਉੱਤੋਦਰ ਹੋਣੀ ਚਾਹੀਦੀ ਹੈ ਅਤੇ $MRTS_{LK}$ ਡਿੱਗਦਾ ਹੋਇਆ ਹੋਣਾ ਚਾਹੀਦਾ ਹੈ।

ਸਮ-ਉਤਪਾਦ ਵਕ੍ਰ ਅਤੇ ਸਮ-ਲਾਗਤ ਵਕ੍ਰ ਦਾ ਛੂਹਣ ਬਿੰਦੂ ਆਗਤਾਂ ਦੇ ਇਕ ਦਿੱਤੇ ਗਏ ਸੰਜੋਗ ਨਾਲ ਉਤਪਾਦਨ ਦੀ ਜ਼ਿਆਦਾ ਮਾਤਰਾ ਭਾਵ ਆਗਤਾਂ ਦੇ ਨਿਊਨਤਮ ਲਾਗਤ ਸੰਜੋਗ ਨੂੰ ਪ੍ਰਗਟ ਕਰਦਾ ਹੈ।

(ਇੱਥੇ ΔK = ਪੂੰਜੀ ਵਿੱਚ ਪਰਿਵਰਤਨ, ΔL = ਮਿਹਨਤ ਵਿੱਚ ਪਰਿਵਰਤਨ, MP_L = ਮਿਹਨਤ ਦਾ ਸੀਮਾਂਤ ਉਤਪਾਦ, MP_K = ਪੂੰਜੀ ਦਾ ਸੀਮਿਤ ਉਤਪਾਦ, P_L = ਮਿਹਨਤ ਦੀ ਕੀਮਤ, P_K = ਪੂੰਜੀ ਦੀ ਕੀਮਤ, $MRTS_{LK}$ = ਮਿਹਨਤ ਅਤੇ ਪੂੰਜੀ ਦੇ ਤਕਨੀਕੀ ਪ੍ਰਤੀਸਥਾਪਨ ਦੀ ਸੀਮਾਂਤ ਦਰ।

10.11 ਪ੍ਰਤੀਸਥਾਪਨ ਦਾ ਸਿਧਾਂਤ (Principle of Substitution)

ਪ੍ਰਤੀਸਥਾਪਨ ਦੇ ਸਿਧਾਂਤ ਅਨੁਸਾਰ, ਉਤਪਾਦਨ ਦੇ ਸਾਧਨਾਂ ਦੀ ਕੀਮਤ ਵਿੱਚ ਪਰਿਵਰਤਨ ਹੋਣ ਨਾਲ ਉਤਪਾਦਨ ਦੇ ਵਾਧੇ ਵਿੱਚ ਵੀ ਪਰਿਵਰਤਨ ਹੁੰਦਾ ਹੈ: **ਅਪ੍ਰਤੱਖ ਸਸਤੇ ਸਾਧਨ ਦਾ ਹੋਰ ਸਾਧਨ ਲਈ ਪ੍ਰਤੀਸਥਾਪਨ ਕੀਤਾ ਜਾਂਦਾ ਹੈ ਅਤੇ ਪ੍ਰਤੱਖ ਤੇ ਸਸਤੇ ਸਾਧਨ ਦਾ ਇਸਤੇਮਾਲ ਜ਼ਿਆਦਾ ਕੀਤਾ ਜਾਂਦਾ ਹੈ ਅਤੇ ਹੋਰ ਦਾ ਘੱਟ।** (Relatively cheaper factor is substituted for the other factor or more of the relatively cheaper factor is used and less of the other.)

ਇਸ ਦੇ ਅਨੁਰੂਪ ਉਤਪਾਦਨ ਪ੍ਰਕਿਰਿਆ ਪ੍ਰਯੋਗਾਂ ਵਿੱਚ ਸਾਧਨਾਂ ਦੀ ਵੰਡ ਉਤਪਾਦਨ ਸਾਧਨਾਂ ਦੀ ਨਿਰਪੱਖ ਸੀਮਤਾਂ ਨਾਲ ਪ੍ਰਭਾਵਿਤ ਹੁੰਦਾ ਹੈ।

ਉਦਾਹਰਣ (Illustration): ਮੰਨ ਲਓ ਇਕ ਉਤਪਾਦਕ 100 ਪੈਨਾਂ ਦਾ ਉਤਪਾਦਨ ਕਰਨਾ ਚਾਹੁੰਦਾ ਹੈ। ਇਹ ਵੀ ਮੰਨ ਲਓ ਕਿ ਸੰਤੁਲਨ (ਨਿਊਨਤਮ ਲਾਗਤ ਅਤੇ ਲਾਭ ਜ਼ਿਆਦਾ ਤੋਂ ਜ਼ਿਆਦਾ ਸ਼ਰਤ ਦੀ ਸੰਤੁਸ਼ਟੀ ਕਰਦੇ ਹੋਏ) ਦੀ ਸਥਿਤੀ ਵਿੱਚ ਪੂੰਜੀ ਦੀਆਂ 10 ਇਕਾਈਆਂ ਅਤੇ ਮਿਹਨਤ ਦੀਆਂ 15 ਇਕਾਈਆਂ ਨੂੰ ਲਗਾਇਆ ਜਾਂਦਾ ਹੈ: ਕੁੱਲ ਖਰਚ 1500 ਰੁ. ਹੁੰਦਾ ਹੈ, ਜੇਕਰ ਪ੍ਰਤੀ ਇਕਾਈ ਪੂੰਜੀ ਦੀ ਕੀਮਤ 75 ਰੁ. ਅਤੇ ਮਿਹਨਤ ਦੀ ਕੀਮਤ 50 ਰੁ. ਪ੍ਰਤੀ ਇਕਾਈ ਹੈ।

ਇਸ ਸੂਚਨਾ ਨੂੰ ਸਾਰੰਸ਼ ਵਿੱਚ ਹੇਠ ਲਿਖੇ ਤਰ੍ਹਾਂ ਨਾਲ ਪ੍ਰਗਟ ਕੀਤਾ ਜਾ ਸਕਦਾ ਹੈ।

ਉਤਪਾਦਨ	ਆਗਤ		ਕੀਮਤ		ਕੁੱਲ ਖਰਚ (ਰੁ.)
Q	K	L	P_K	P_L	750 + 750 = 1,500
100	10	15	75	50	

ਹੁਣ ਮੰਨ ਲਓ, ਮਿਹਨਤ ਦੀ ਕੀਮਤ (P_L) 50 ਰੁ. ਤੋਂ ਵੱਧ ਕੇ 75 ਰੁ. ਪ੍ਰਤੀ ਇਕਾਈ ਹੋ ਜਾਂਦੀ ਹੈ। ਇਸ ਦੇ ਅਨੁਸਾਰ ਉਤਪਾਦ/ਵਸਤੂ ਦੇ ਬਰਾਬਰ ਪੱਧਰ ਦੇ ਉਤਪਾਦਨ ਲਈ (ਆਗਤਾਂ ਦੇ ਬਰਾਬਰ ਸੰਜੋਗਾਂ ਨੂੰ ਰੱਖਦੇ ਹੋਏ) ਸਥਿਤੀ ਵਿੱਚ ਹੇਠ ਲਿਖੇ ਢੰਗ ਨਾਲ ਪਰਿਵਰਤਨ ਹੋਵੇਗਾ–

ਉਤਪਾਦਨ	ਆਗਤ		ਕੀਮਤ		ਕੁੱਲ ਖਰਚ (ਰੁ.)
Q	K	L	P_K	P_L	750 + 1125 = 1,875
100	10	15	75	75	

ਨੋਟ ਅਤੇ ਜੇਕਰ ਆਗਤ ਸੰਜੋਗ ਵਿੱਚ ਪਰਿਵਰਤਨ ਨਹੀਂ ਕੀਤਾ ਜਾਂਦਾ, ਉਦੋਂ ਉਤਪਾਦਨ ਦੀ ਲਾਗਤ 1,500 ਰੁ. ਤੋਂ ਵੱਧ ਕੇ 1,875 ਰੁ. ਹੋ ਜਾਂਦੀ ਹੈ, ਜਦ ਕਿ ਉਤਪਾਦਨ ਦਾ ਪੱਧਰ ਬਰਾਬਰ ਹੈ। ਚਿੱਤਰ 10.9 ਇਸ ਸਥਿਤੀ ਦੀ ਵਿਆਖਿਆ ਕਰਦਾ ਹੈ।

ਜੇਕਰ ਸਾਧਨਾਂ ਦੇ ਬਰਾਬਰ ਸੰਜੋਗਾਂ ਦਾ ਇਸਤੇਮਾਲ ਕੀਤਾ ਜਾਵੇ, ਉਦੋਂ ਲਾਗਤ 1,875 ਰੁ. (75 × 10 + 75 ×15) ਹੋਵੇਗੀ ਅਤੇ ਪੈਨਾਂ ਦੀਆਂ ਨਵੀਆਂ ਕੀਮਤਾਂ 100 ਇਕਾਈਆਂ ਦੀ, ਸਾਧਨਾਂ ਦੇ ਪੁਰਾਣੇ ਇਸਤੇਮਾਲ ਦੇ ਨਾਲ ਲਾਗਤ 1,875 ਰੁ. ਹੋਵੇਗੀ ਜੋ ਪਹਿਲਾਂ 1,500 ਰੁ. ਸੀ।



ਚਿੱਤਰ 10.9

ਜੇਕਰ ਆਗਤਾਂ ਦੇ ਨਿਊਨਤਮ ਲਾਗਤ ਸੰਜੋਗ ਨੂੰ ਪ੍ਰਾਪਤ ਕਰ ਲਿਆ ਜਾਂਦਾ ਹੈ, ਉਦੋਂ ਉਤਪਾਦਨ ਮਿਹਨਤ ਦੇ ਬਦਲੇ ਵਿੱਚ ਪੂੰਜੀ ਦਾ ਪ੍ਰਤੀਸਥਾਪਨ ਜ਼ਰੂਰ ਕਰੇਗਾ, ਕਿਉਂਕਿ ਜਦੋਂ ਮਿਹਨਤ ਦੀ ਕੀਮਤ ਵਿੱਚ ਵਾਧਾ ਹੁੰਦਾ ਹੈ, ਹੋਰ ਗੱਲਾਂ ਬਰਾਬਰ ਰਹਿਣ, ਉਦੋਂ ਪੂੰਜੀ ਸਪੱਸ਼ਟ ਤੌਰ 'ਤੇ ਪ੍ਰਤੱਖ ਰੂਪ ਵਿੱਚ ਸਸਤੀ ਹੋ ਜਾਂਦੀ ਹੈ, ਕੀਮਤ ਅਨੁਪਾਤ P_L/P_K = 50/75 ਸੀ, ਹੁਣ ਉਹ 75/75 ਹੈ, ਜਿਸ ਦਾ ਅਰਥ ਹੈ ਕਿ ਪੂੰਜੀ ਮਿਹਨਤ ਦੀ ਤੁਲਨਾ ਵਿੱਚ ਸਸਤੀ ਹੈ।

ਨਿਊਨਤਮ ਲਾਗਤ ਸੰਜੋਗ ਵਿੱਚ ਹੁਣ ਪਰਿਵਰਤਨ ਜ਼ਰੂਰ ਹੋਵੇਗਾ। ਹੁਣ ਮਿਹਨਤ ਅਤੇ ਪੂੰਜੀ ਦਾ ਕਿੰਨਾ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਕੁੱਲ ਖਰਚ ਨਿਊਨਤਮ ਹੋਵੇ।

ਨਿਸ਼ਚਿਤ ਰੂਪ ਵਿੱਚ ਜਿਸ ਹੱਦ ਤੱਕ ਮਿਹਨਤ ਦੇ ਬਦਲੇ ਵਿੱਚ ਪੂੰਜੀ ਦਾ ਇਸਤੇਮਾਲ ਹੋ ਸਕਦਾ ਹੈ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਮਿਹਨਤ ਅਤੇ ਪੂੰਜੀ ਵਿਚਕਾਰ ਤਕਨੀਕੀ ਪ੍ਰਤੀਸਥਾਪਨ ਦੀ ਸੀਮਿਤ ਦਰ ਕੀ ਹੈ। ਇਸ ਕਾਲਪਨਿਕ ਸਥਿਤੀ ਦੀ ਵਿਆਖਿਆ ਚਿੱਤਰ 10.10 ਕਰਦਾ ਹੈ।

ਪੈਨਾਂ ਦੀਆਂ ਬਰਾਬਰ 100 ਇਕਾਈਆਂ ਦਾ ਉਤਪਾਦਨ, ਹੁਣ ਮਿਹਨਤ ਦੀਆਂ 10 ਇਕਾਈਆਂ ਅਤੇ ਪੂੰਜੀ ਦੀਆਂ 18 ਇਕਾਈਆਂ ਦਾ ਇਸਤੇਮਾਲ ਕਰਕੇ ਕੀਤਾ ਜਾ ਸਕਦਾ ਹੈ। ਬੇਸ਼ੱਕ ਪੂੰਜੀ ਅਤੇ ਮਿਹਨਤ ਦੋਵਾਂ ਦੀ ਹੁਣ ਲਾਗਤ 75 ਰੁ. ਹੈ ਪਰ ਮਿਹਨਤ ਦੀ ਤੁਲਨਾ ਵਿੱਚ ਪੂੰਜੀ ਹੁਣ ਜ਼ਿਆਦਾ ਕੁਸ਼ਲ ਹੈ। ਇਸ ਲਈ ਹੁਣ ਜ਼ਿਆਦਾ ਪੂੰਜੀ ਅਤੇ ਘੱਟ ਮਿਹਨਤ ਦਾ ਇਸਤੇਮਾਲ ਕੀਤਾ ਜਾਵੇਗਾ। ਨਵੇਂ ਸੰਜੋਗ ਦੇ ਨਾਲ ਹੁਣ ਨਿਊਨਤਮ ਉਤਪਾਦਨ ਲਾਗਤ, ਜਿਸ ਨਾਲ ਪੈਨਾਂ ਦੀਆਂ 100 ਇਕਾਈਆਂ ਉਤਪਾਦਤ ਕੀਤੀਆਂ ਜਾ ਸਕਦੀਆਂ ਹਨ, ਉਹ ਹਨ–

$$(18 \times 75 + 10 \times 75) = 2,100 \text{ ਰੁ.}$$

E_1 ਸਾਧਨਾਂ ਦਾ ਨਵਾਂ ਨਿਊਨਤਮ ਲਾਗਤ ਦਾ ਲਾਭ ਜ਼ਿਆਦਾ ਸੰਜੋਗ ਹੈ, ਜਿਸ ਵਿੱਚ ਪੂੰਜੀ ਦੀਆਂ 18 ਇਕਾਈਆਂ ਜੋ ਹੁਣ ਪ੍ਰਤੱਖ ਰੂਪ ਵਿੱਚ ਸਸਤੀ ਹੈ ਅਤੇ ਮਿਹਨਤ ਦੀਆਂ 10 ਇਕਾਈਆਂ ਜੋ ਹੁਣ ਪ੍ਰਤੱਖ ਰੂਪ ਵਿੱਚ ਮਹਿੰਗੀ ਹੈ, ਬੇਸ਼ੱਕ ਪੂੰਜੀ ਦੀ ਕੀਮਤ ਵਿੱਚ ਕੋਈ ਪਰਿਵਰਤਨ ਨਹੀਂ ਹੋਇਆ।

ਅਤੇ ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਜਿਵੇਂ ਹੀ ਮਿਹਨਤ ਦੀ ਕੀਮਤ ਵਿੱਚ ਵਾਧਾ ਹੁੰਦਾ ਹੈ, ਉਦੋਂ ਪੂੰਜੀ ਪ੍ਰਤੱਖ ਰੂਪ ਵਿੱਚ ਸਸਤੀ ਹੋ ਜਾਂਦੀ ਹੈ, ਪ੍ਰਤੀਸਥਾਪਨ ਦਾ ਸਿਧਾਂਤ ਇਸ ਤਰ੍ਹਾਂ ਲਾਗੂ ਹੁੰਦਾ ਹੈ ਕਿ ਮਿਹਨਤ ਦੇ ਲਈ ਪੂੰਜੀ ਦਾ ਪ੍ਰਤੀਸਥਾਪਨ ਹੁੰਦਾ ਹੈ, ਜਦੋਂ ਕਿਸੇ ਵੀ ਸਾਧਨ ਦੀ ਕੀਮਤ ਵਿੱਚ ਪਰਿਵਰਤਨ ਹੁੰਦਾ ਹੈ, ਉਦੋਂ ਸਾਧਨਾਂ ਦੇ ਪੁਰਾਣੇ ਸੰਜੋਗ ਦਾ ਉਤਪਾਦਨ ਕਰਨਾ ਮਹਿੰਗਾ ਪੈਂਦਾ ਹੈ ਜਾਂ ਅਕੁਸ਼ਲ (Inefficient) ਹੁੰਦਾ ਹੈ।

ਨੋਟ



ਚਿੱਤਰ 10.10

10.12 ਵਿਸਥਾਰ ਪਥ (Expansion Path)

ਜੇਕਰ ਫਰਮ ਦੇ ਵਿੱਤੀ ਸਾਧਨਾਂ ਵਿੱਚ ਵਾਧਾ ਹੁੰਦਾ ਹੈ ਤਾਂ ਉਹ ਉਤਪਾਦਨ ਦੀ ਮਾਤਰਾ ਨੂੰ ਵਧਾਉਣਾ ਚਾਹੇਗੀ। ਉਤਪਾਦਨ ਦੀ ਮਾਤਰਾ ਵਿੱਚ ਵਾਧਾ ਤਾਂ ਹੀ ਹੋ ਸਕਦਾ ਹੈ, ਜਦੋਂ ਵਿੱਤੀ ਸਾਧਨਾਂ ਦੇ ਵਧਣ ਨਾਲ ਸਾਧਨਾਂ ਦੀ ਕੀਮਤ ਅਤੇ ਲਾਗਤ ਵਿੱਚ ਕੋਈ ਵਾਧਾ ਨਹੀਂ ਹੁੰਦਾ। ਫਰਮ ਦੇ ਵਿੱਤੀ ਸਾਧਨ ਵਧਣ 'ਤੇ ਉਸ ਦੇ ਕੁੱਲ ਉਤਪਾਦਨ ਦਾ ਪੱਧਰ ਵੱਧਦਾ ਹੈ ਅਤੇ ਫਰਮ ਸਾਧਨਾਂ ਦੇ ਵੱਖ-ਵੱਖ ਸੰਜੋਗਾਂ ਦਾ ਇਸਤੇਮਾਲ ਕਰਕੇ ਵੱਖ-ਵੱਖ ਪੱਧਰਾਂ 'ਤੇ ਉਤਪਾਦਨ ਕਰ ਸਕਦੀ ਹੈ। ਉਤਪਾਦਨ ਦੇ ਵੱਖ-ਵੱਖ ਪੱਧਰਾਂ 'ਤੇ ਫਰਮ ਸਾਧਨਾਂ ਦੇ ਕਿਹੜੇ ਇਸ਼ਟਮ ਸੰਜੋਗਾਂ ਦਾ ਇਸਤੇਮਾਲ ਕਰੇਗੀ, ਇਹ **ਵਿਸਥਾਰ ਪਥ** (Expansion Path) ਨਾਲ ਪਤਾ ਲੱਗਦਾ ਹੈ। **ਵਿਸਥਾਰ ਪਥ ਉਨ੍ਹਾਂ ਸਾਰੇ ਬਿੰਦੂਆਂ ਦੇ ਬਿੰਦੂ ਪਥ ਨੂੰ ਦੱਸਦਾ ਹੈ ਜੋ ਉਤਪਾਦਨ ਦੇ ਵੱਖ-ਵੱਖ ਪੱਧਰਾਂ ਦੇ ਅਨੁਸਾਰ ਸਾਧਨਾਂ ਦੇ ਨਿਊਨਤਮ ਲਾਗਤ ਸੰਜੋਗ ਨੂੰ ਦਰਸਾਉਂਦਾ ਹੈ।** (Expansion path refers to the locus of all such points that shows least cost combination of factors corresponding to different levels of output.) ਹੋਰ ਸ਼ਬਦਾਂ ਵਿੱਚ ਵਿਸਥਾਰ ਪਥ ਤੋਂ ਇਹ ਪਤਾ ਲੱਗਦਾ ਹੈ ਕਿ ਜਦੋਂ ਫਰਮ ਆਪਣੇ ਉਤਪਾਦਨ ਦੇ ਪੈਮਾਨੇ ਦਾ ਵਿਸਥਾਰ ਕਰਦੀ ਹੈ, ਉਦੋਂ ਉਹ ਸਾਧਨਾਂ ਦੇ ਇਕ ਇਸ਼ਟਤਮ ਸੰਜੋਗ ਨਾਲ ਦੂਸਰੇ ਕਿਹੜੇ ਇਸ਼ਟਮ ਸੰਜੋਗ ਦਾ ਇਸਤੇਮਾਲ ਕਰਦੀ ਹੈ, ਕਿਉਂਕਿ ਫਰਮ ਦਾ ਵਿਸਥਾਰ ਉਤਪਾਦਨ ਦੇ ਪੈਮਾਨੇ 'ਤੇ ਅਧਾਰਿਤ ਹੁੰਦਾ ਹੈ, ਇਸ ਲਈ ਵਿਸਥਾਰ ਪਥ **ਪੱਧਰ ਰੇਖਾ** (Scale Line) ਵੀ ਕਿਹਾ ਜਾਂਦਾ ਹੈ।



ਚਿੱਤਰ 10.11

ਸਟੋਨੀਅਰ ਅਤੇ ਹੇਗ ਦੇ ਅਨੁਸਾਰ, **''ਵਿਸਥਾਰ ਪਥ ਉਹ ਰੇਖਾ ਹੈ ਜੋ ਉਤਪਾਦਨ ਦੇ ਵੱਖ-ਵੱਖ ਪੱਧਰਾਂ ਨੂੰ ਉਤਪਾਦਤ ਕਰਨ ਦੀ ਨਿਊਨਤਮ ਲਾਗਤ ਵਿਧੀ ਨੂੰ ਪ੍ਰਗਟ ਕਰਦੀ ਹੈ, ਜਦੋਂ ਕਿ ਸਾਧਨ ਕੀਮਤਾਂ ਬਰਾਬਰ ਰਹਿੰਦੀਆਂ ਹਨ।** (Expansion path is that

ਨੋਟ line which reflects least cost method of producing different levels of output, when factor prices remain constant. - **Stonier and Hague**)

ਵਿਸਥਾਰ ਪੱਥ ਦੋ ਤਰ੍ਹਾਂ ਦਾ ਹੁੰਦਾ ਹੈ–

(1) **ਦੀਰਘ ਕਾਲੀਨ ਵਿਸਥਾਰ ਪਥ** (Long Run Equilibrium Path)– ਦੀਰਘ ਕਾਲੀਨ ਵਿੱਚ ਉਤਪਾਦਨ ਦੇ ਸਾਰੇ ਸਾਧਨ ਪਰਿਵਰਤਨਸ਼ੀਲ ਹੁੰਦੇ ਹਨ। ਇਸ ਲਈ ਮਿਹਨਤ (L) ਅਤੇ ਪੂੰਜੀ (K) ਦੋਵਾਂ ਵਿੱਚ ਪਰਿਵਰਤਨ ਕੀਤਾ ਜਾ ਸਕਦਾ ਹੈ। ਮੰਨ ਲਓ ਦੋਵਾਂ ਸਾਧਨਾਂ ਨੂੰ ਇਕ ਸਥਿਰ ਅਨੁਪਾਤ ਵਿੱਚ ਵਧਾ ਲਿਆ ਜਾਂਦਾ ਹੈ ਤਾਂ ਫਰਮ ਦਾ ਵਿਸਥਾਰ ਪਥ ਜਿਵੇਂ ਕਿ ਚਿੱਤਰ 10.11 ਵਿੱਚ ਦਿਖਾਇਆ ਗਿਆ ਹੈ। OP **ਸਰਲ ਰੇਖਾ ਹੋਵੇਗੀ।** ਮਿਹਨਤ ਅਤੇ ਪੂੰਜੀ ਦੋਵਾਂ ਵਿੱਚ ਵਾਧਾ ਹੋਣ ਦੇ ਫਲਸਰੂਪ ਫਰਮ ਆਦਿ E ਤੋਂ E_1 ਅਤੇ E_2 ਵੱਲ ਖਿਸਕ ਜਾਵੇਗੀ। ਇਨ੍ਹਾਂ ਬਿੰਦੂਆਂ ਨਾਲ ਕ੍ਰਮ ਅਨੁਸਾਰ ਉਤਪਾਦਨ ਦੀ 100, 200 ਅਤੇ 300 ਇਕਾਈਆਂ ਪ੍ਰਗਟ ਹੁੰਦੀਆਂ ਹਨ।

ਚਿੱਤਰ 10.11 ਅਤੇ 10.12 ਦਾ ਸਾਵਧਾਨੀ ਨਾਲ ਅਧਿਐਨ

OP ਦੀਰਘ ਕਾਲੀਨ ਵਿਸਥਾਰ ਪਥ ਹੈ, ਜਦੋਂ ਕਿ L ਅਤੇ K ਦੋਵਾਂ ਵਿੱਚ ਪਰਿਵਰਤਨ ਹੁੰਦਾ ਹੈ। ਇਸ ਤੋਂ ਉਲਟ HR ਘੱਟ ਸਮਾਂ ਵਿਸਥਾਰ ਪਥ ਹੈ, ਜਦੋਂ ਕਿ ਸਿਰਫ L ਵਿੱਚ ਵਾਧਾ ਹੁੰਦਾ ਹੈ ਅਤੇ K ਸਥਿਰ ਰਹਿੰਦਾ ਹੈ।

ਇਸ ਤਰ੍ਹਾਂ ਵਿਸਥਾਰ ਪਥ ਉਤਪਾਦਨ ਦੇ ਵੱਖ-ਵੱਖ ਪੱਧਰਾਂ ਨਾਲ ਸਬੰਧਿਤ ਮਿਹਨਤ ਅਤੇ ਪੂੰਜੀ ਦੇ ਇਸ਼ਟਤਮ ਜਾਂ ਆਦਰਸ਼ ਸੰਜੋਗਾਂ ਨੂੰ ਪ੍ਰਗਟ ਕਰਨ ਵਾਲਾ ਬਿੰਦੂ ਪਥ ਹੈ।

(Expansion path is the locus of all points of optimum combinations of L and K corresponding to different levels of output)

(2) **ਘੱਟ ਸਮਾਂ ਵਿਸਥਾਰ ਪਥ** (Short Run Expansion Path): ਘੱਟ ਸਮੇਂ ਵਿੱਚ ਉਤਪਾਦਨ ਦਾ ਕੋਈ ਇਕ ਸਾਧਨ ਜਿਵੇਂ ਪੂੰਜੀ (K) ਸਥਿਰ ਰਹਿੰਦੀ ਹੈ। ਇਸ ਲਈ ਉਤਪਾਦਨ ਦੀ ਮਾਤਰਾ ਨੂੰ ਉਤਪਾਦਨ ਦੇ ਹੋਰ ਸਾਧਨ ਜਿਵੇਂ ਮਿਹਨਤ (L) ਦੀਆਂ ਜ਼ਿਆਦਾ ਇਕਾਈਆਂ ਦੇ ਇਸਤੇਮਾਲ ਨਾਲ ਵਧਾਇਆ ਜਾ ਸਕਦਾ ਹੈ, ਜਿਵੇਂ ਕਿ ਚਿੱਤਰ 10.12 ਨਾਲ ਪਤਾ ਲੱਗਦਾ ਹੈ ਕਿ ਪੂੰਜੀ ਦੀ ਸਥਿਰ ਮਾਤਰਾ OH ਹੈ। ਇਸ ਦੇ ਨਾਲ ਮਿਹਨਤ ਦੀਆਂ ਜ਼ਿਆਦਾ ਮਾਤਰਾਵਾਂ ਦਾ ਇਸਤੇਮਾਲ ਕਰਕੇ ਉਤਪਾਦਨ ਨੂੰ ਵਧਾਇਆ ਜਾ ਸਕਦਾ ਹੈ। ਉਤਪਾਦਨ ਦੇ ਵੱਖ-ਵੱਖ ਪੱਧਰਾਂ ਨੂੰ ਪ੍ਰਗਟ ਕਰਨ ਵਾਲੇ ਬਿੰਦੂ E, E_1 ਅਤੇ E_2 ਪੂੰਜੀ ਅਤੇ ਮਿਹਨਤ ਦੇ ਆਦਰਸ਼ ਸੰਜੋਗਾਂ ਨੂੰ ਪ੍ਰਗਟ ਕਰਦੇ ਹਨ। ਇਨ੍ਹਾਂ ਤਿੰਨਾਂ ਬਿੰਦੂਆਂ ਨੂੰ HR ਚੱਕਰ ਨਾਲ ਮਿਲਾਇਆ ਜਾ ਸਕਦਾ ਹੈ।



ਚਿੱਤਰ 10.12

ਅਤੇ HR ਘੱਟ ਸਮਾਂ ਵਿਸਥਾਰ ਪੱਥ ਹੈ। ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਚਿੱਤਰ 10.12 ਦਾ ਕੇਵਲ E ਬਿੰਦੂ ਸਮ-ਉਤਪਾਦ ਵਕ੍ਰ ਅਤੇ ਸਮ-ਲਾਗਤ ਵਕ੍ਰ ਦਾ ਛੂਹਣ ਬਿੰਦੂ ਹੈ ਅਤੇ ਦੀਰਘ ਕਾਲੀਨ ਬਿੰਦੂ ਦੇ ਸਾਹਮਣੇ ਹੈ। ਚਿੱਤਰ 10.12 ਦੇ ਬਿੰਦੂ E_1 ਅਤੇ E2 ਚਿੱਤਰ 11 ਦੇ ਬਿੰਦੂ E_1 ਅਤੇ E_2 ਦੇ ਬਰਾਬਰ ਨਹੀਂ ਹੈ। ਇਸ ਦਾ ਕਾਰਨ ਇਹ ਹੈ ਕਿ ਪੂੰਜੀ ਦੇ ਸਥਿਰ ਰਹਿਣ ਦੇ ਫਲਸਰੂਪ

ਪੂੰਜੀ ਮਿਹਨਤ ਅਨੁਪਾਤ ਸਥਿਰ ਨਹੀਂ ਰਹਿੰਦਾ। ਉਤਪਾਦਨ ਦੇ ਵਧਣ ਦੇ ਨਾਲ-ਨਾਲ ਇਨ੍ਹਾਂ ਦੇ ਅਨੁਪਾਤ ਵਿੱਚ ਪਰਿਵਰਤਨ ਹੁੰਦਾ ਰਹਿੰਦਾ ਹੈ। ਨੋਟ

10.13 ਸਮ-ਉਤਪਾਦ ਵਕ੍ਰਾਂ ਅਤੇ ਪੈਮਾਨੇ ਦੇ ਪ੍ਰਤੀਫਲ (Isoquants and Returns to Scale)

ਪੈਮਾਨੇ ਦੇ ਪ੍ਰਤੀਫਲ ਦੀ ਵਿਆਖਿਆ ਅਤੇ ਚਿਤਰਣ ਕਰਨ ਲਈ ਅਰਥ ਸ਼ਾਸਤਰੀਆਂ ਨੇ ਸਮ-ਉਤਪਾਦ ਵਕ੍ਰ ਵਿਸ਼ਲੇਸ਼ਣ ਦਾ ਗਹਿਰੇ ਰੂਪ ਵਿੱਚ ਇਸਤੇਮਾਲ ਕੀਤਾ ਹੈ। ਉਤਪਾਦਨ ਫਲਨ ਅਤੇ ਉਤਪਾਦਨ ਨਿਯਮ ਅਧਿਆਇ ਵਿੱਚ ਅਸੀਂ ਪੈਮਾਨੇ ਦੇ ਪ੍ਰਤੀਫਲ ਦੀ ਧਾਰਨਾ ਦੀ ਵਿਆਖਿਆ ਪਹਿਲਾਂ ਹੀ ਕਰ ਚੁੱਕੇ ਹਾਂ। ਅਸੀਂ ਜਾਣਦੇ ਹਾਂ ਕਿ ਪੈਮਾਨੇ ਦੇ ਪ੍ਰਤੀਫਲ ਤੋਂ ਭਾਵ ਇਕ ਫਰਮ ਦੇ ਉਤਪਾਦਨ ਦੇ ਪੱਧਰ ਵਿੱਚ ਹੋਣ ਵਾਲੇ ਪਰਿਵਰਤਨ ਨਾਲ ਹੈ, ਜਦੋਂ ਕਿ ਇਕ ਦਿੱਤੀ ਹੋਈ ਤਕਨੀਕ (Technology) ਵਿੱਚ ਉਤਪਾਦਨ ਦੇ ਸਾਰੇ ਸਾਧਨਾਂ ਦਾ ਬਰਾਬਰ ਅਨੁਪਾਤ ਵਿੱਚ ਪਰਿਵਰਤਨ ਹੁੰਦਾ ਹੈ। ਪੈਮਾਨੇ ਦੇ ਪ੍ਰਤੀਫਲ ਤਿੰਨ ਤਰ੍ਹਾਂ ਦੇ ਹਨ (**i**) **ਪੈਮਾਨੇ ਦਾ ਵੱਧਦਾ ਪ੍ਰਤੀਫਲ**, (**ii**) **ਪੈਮਾਨੇ ਦਾ ਘੱਟਦਾ ਪ੍ਰਤੀਫਲ ਅਤੇ** (**iii**) **ਪੈਮਾਨੇ ਦਾ ਬਰਾਬਰ ਪ੍ਰਤੀਫਲ।** ਤਿੰਨਾਂ ਤਰ੍ਹਾਂ ਦੀ ਵਿਆਖਿਆ ਸਮ-ਉਤਪਾਦ ਤਕਨੀਕ ਨਾਲ ਹੇਠ ਲਿਖੇ ਢੰਗ ਨਾਲ ਕੀਤੀ ਜਾ ਸਕਦੀ ਹੈ-

ਮਾਨਤਾਵਾਂ (Assumptions)

ਸਮ-ਉਤਪਾਦਨ ਤਕਨੀਕ ਦੇ ਇਸਤੇਮਾਲ ਨਾਲ ਪੈਮਾਨੇ ਦੇ ਪ੍ਰਤੀਫਲ ਦੀ ਵਿਆਖਿਆ ਮਾਨਤਾਵਾਂ 'ਤੇ ਅਧਾਰਿਤ ਹੈ-

(i) ਫਰਮ ਕੇਵਲ ਉਤਪਾਦਨ ਦੇ ਦੋ ਸਾਧਨਾਂ, ਮਿਹਨਤ ਅਤੇ ਪੂੰਜੀ ਦਾ ਇਸਤੇਮਾਲ ਕਰ ਰਹੀ ਹੈ।

(ii) ਮਿਹਨਤ ਅਤੇ ਪੂੰਜੀ ਦਾ ਇਸਤੇਮਾਲ ਕੇਵਲ ਇਕ ਸਥਿਰ ਅਨੁਪਾਤ ਵਿੱਚ ਕੀਤਾ ਜਾਂਦਾ ਹੈ।

(iii) ਸਾਧਨਾਂ ਦੀਆਂ ਕੀਮਤਾਂ ਵਿੱਚ ਪਰਿਵਰਤਨ ਨਹੀਂ ਹੁੰਦਾ, ਇਸ ਲਈ ਸਾਧਨ ਕੀਮਤ ਅਨੁਪਾਤ $\left(\frac{P_L}{P_K}\right)$ ਸਥਿਰ ਰਹਿੰਦਾ ਹੈ।

(iv) ਉਤਪਾਦਨ ਦੀ ਤਕਨੀਕ ਸਥਿਰ ਰਹਿੰਦੀ ਹੈ।

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚੋਂ ਸਹੀ/ਗਲਤ ਲੱਭੋ

(State whether the following statements are True/False)-

9. ਸਾਧਨਾਂ ਵਿੱਚ ਦੁੱਗਣਾ ਵਾਧਾ ਉਤਪਾਦਨਾਂ ਵਿੱਚ ਦੁੱਗਣਾ ਵਾਧਾ ਲਿਆਉਂਦੀ ਹੈ।

10. ਮਿਹਨਤ ਅਤੇ ਪੂੰਜੀ ਦਾ ਸੰਜੋਗ ਕੇਵਲ ਇਕ ਸਥਿਰ ਅਨੁਪਾਤ ਵਿੱਚ ਕੀਤਾ ਜਾਂਦਾ ਹੈ।

11. ਉਤਪਾਦਨ ਦੀ ਤਕਨੀਕ ਸਥਿਰ ਹੁੰਦੀ ਹੈ।

12. ਵਿਸਥਾਰ ਪਥ ਉਹ ਰੇਖਾ ਹੈ ਜੋ ਉਤਪਾਦਨ ਦੇ ਵੱਖ-ਵੱਖ ਪੱਧਰਾਂ ਨੂੰ ਉਤਪਾਦਤ ਕਰਨ ਦੀ ਨਿਊਨਤਮ ਲਾਗਤ ਵਿਧੀ ਨੂੰ ਪ੍ਰਗਟ ਕਰਦੀ ਹੈ, ਜਦੋਂ ਕਿ ਸਾਧਨ ਕੀਮਤਾਂ ਬਰਾਬਰ ਰਹਿੰਦੀਆਂ ਹਨ।

ਵਿਆਖਿਆ (Explanation)

1. **ਪੈਮਾਨੇ ਦੇ ਵੱਧਦੇ ਪ੍ਰਤੀਫਲ** (Increasing Returns to Scale)-ਪੈਮਾਨੇ ਦੇ ਵੱਧਦੇ ਪ੍ਰਤੀਫਲ ਤੋਂ ਭਾਵ ਉਸ ਸਥਿਤੀ ਨਾਲ ਹੈ, ਜਿਸ ਵਿੱਚ ਸਾਧਨਾਂ ਦੇ ਵਾਧੇ ਦੀ ਤੁਲਨਾ ਵਿੱਚ ਉਤਪਾਦਨ ਵਿੱਚ ਅਨੁਪਾਤਿਕ ਵਾਧਾ ਜ਼ਿਆਦਾ ਮਾਤਰਾ ਵਿੱਚ ਹੁੰਦਾ ਹੈ। ਹੋਰ ਸ਼ਬਦਾਂ ਵਿੱਚ ਜੇਕਰ ਸਾਧਨਾਂ ਵਿੱਚ ਇਕ ਨਿਸ਼ਚਿਤ ਪਰਿਵਰਤਨ ਦੇ ਫਲਸਰੂਪ ਉਤਪਾਦਨ ਵਿੱਚ ਅਨੁਪਾਤਿਕ ਪਰਿਵਰਤਨ ਜ਼ਿਆਦਾ ਮਾਤਰਾ ਵਿੱਚ ਹੁੰਦਾ ਹੈ ਤਾਂ ਇਹ ਪੈਮਾਨੇ ਦੇ ਵੱਧਦੇ ਪ੍ਰਤੀਫਲ ਦੀ ਸਥਿਤੀ ਹੈ। ਪੈਮਾਨੇ ਦੇ ਵੱਧਦੇ ਪ੍ਰਤੀਫਲ ਵਿੱਚ ਵੀ ਜੇਕਰ ਸਾਧਨਾਂ ਵਿੱਚ ਦੂਸਰਾ ਵਾਧਾ ਕੀਤਾ ਜਾਂਦਾ ਹੈ ਤਾਂ ਉਤਪਾਦਨ ਦੇ ਪੱਧਰ ਵਿੱਚ ਦੁੱਗਣੇ ਤੋਂ ਜ਼ਿਆਦਾ ਵਾਧਾ ਹੁੰਦਾ ਹੈ, ਜਿਵੇਂ ਕਿ ਚਿੱਤਰ 10.13 ਵਿੱਚ ਦਿਖਾਇਆ ਗਿਆ ਹੈ, ਮਿਹਨਤ ਅਤੇ ਪੂੰਜੀ ਦੀਆਂ ਇਕਾਈਆਂ ਨੂੰ ਦੁੱਗਣਾ ਕਰਕੇ ਜਿਵੇਂ ਹੀ 2 ਤੋਂ 4 ਇਕਾਈਆਂ ਕੀਤੀਆਂ ਜਾਂਦੀਆਂ ਹਨ ਤਾਂ ਉਤਪਾਦਨ ਦੁੱਗਣੇ ਤੋਂ ਜ਼ਿਆਦਾ ਭਾਵ 50 ਇਕਾਈਆਂ ਤੋਂ ਵੱਧ ਕੇ 120 ਇਕਾਈਆਂ ਹੋ ਜਾਂਦਾ ਹੈ। **ਪੈਮਾਨੇ ਦੇ ਵੱਧਦੇ ਪ੍ਰਤੀਫਲ ਨੂੰ ਪੈਮਾਨੇ ਦੀਆਂ ਬੱਚਤਾਂ** (Economies of Scale) ਵੀ ਕਿਹਾ ਜਾਂਦਾ ਹੈ।

ਨੋਟ



ਚਿੱਤਰ 10.13

2. **ਪੈਮਾਨੇ ਦੇ ਘਟਦੇ ਪ੍ਰਤੀਫਲ** (Decreasing Returns to Scale)–**ਪੈਮਾਨੇ ਦੇ ਘਟਦੇ ਪ੍ਰਤੀਫਲ ਤੋਂ ਭਾਵ ਉਸ ਸਥਿਤੀ ਨਾਲ ਹੈ, ਜਿਸ ਵਿੱਚ ਸਾਧਨਾਂ ਵਿੱਚ ਵਾਧੇ ਦੀ ਤੁਲਨਾ ਵਿੱਚ ਉਤਪਾਦਨ 'ਚ ਅਨੁਪਾਤਿਕ ਵਾਧਾ ਘੱਟ ਮਾਤਰਾ ਵਿੱਚ ਹੁੰਦਾ ਹੈ।** ਹੋਰ ਸ਼ਬਦਾਂ ਵਿੱਚ ਜੇਕਰ ਸਾਧਨਾਂ ਵਿੱਚ ਇਕ ਨਿਸ਼ਚਿਤ ਮਾਤਰਾ ਵਿੱਚ ਪਰਿਵਰਤਨ ਦੇ ਫਲਸਰੂਪ ਉਤਪਾਦਨ ਵਿੱਚ ਅਨੁਪਾਤਿਕ ਪਰਿਵਰਤਨ ਘੱਟ ਮਾਤਰਾ ਵਿੱਚ ਹੁੰਦਾ ਹੈ ਤਾਂ ਉਹ ਪੈਮਾਨੇ ਦੇ ਘਟਦੇ ਪ੍ਰਤੀਫਲ ਦੀ ਸਥਿਤੀ ਹੈ। ਚਿੱਤਰ 10.14 ਪ੍ਰਗਟ ਕਰਦਾ ਹੈ ਕਿ ਜੇਕਰ ਉਤਪਾਦਨ ਦੇ ਸਾਧਨਾਂ ਦੀ ਮਾਤਰਾ ਨੂੰ ਦੁੱਗਣਾ ਕੀਤਾ ਜਾਵੇ ਤਾਂ ਉਤਪਾਦਨ ਵਿੱਚ ਦੁੱਗਣੇ ਤੋਂ ਘੱਟ ਵਾਧਾ ਹੁੰਦਾ ਹੈ। ਚਿੱਤਰ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਜਦੋਂ ਮਿਹਨਤ ਅਤੇ ਪੂੰਜੀ ਦੀਆਂ ਇਕਾਈਆਂ ਵਿੱਚ ਦੁੱਗਣਾ ਵਾਧਾ 2 ਤੋਂ 4 ਇਕਾਈਆਂ ਦਾ ਵਾਧਾ ਕੀਤਾ ਜਾਂਦਾ ਹੈ ਤਾਂ ਉਤਪਾਦਨ ਵਿੱਚ ਵਾਧਾ ਦੁੱਗਣੀ ਤੋਂ ਘੱਟ ਭਾਵ 50 ਇਕਾਈਆਂ ਤੋਂ 80 ਇਕਾਈਆਂ ਹੁੰਦੀ ਹੈ। ਇਸ ਦਾ ਕਾਰਨ ਪੈਮਾਨੇ ਦਾ ਘਟਦਾ ਪ੍ਰਤੀਫਲ ਹੈ। **ਪੈਮਾਨੇ ਦਾ ਘਟਦਾ ਪ੍ਰਤੀਫਲ ਪੈਮਾਨੇ ਦੀਆਂ ਹਾਨੀਆਂ** (Diseconomies of Scale) ਦੇ ਕਾਰਨ ਹੁੰਦਾ ਹੈ।



ਚਿੱਤਰ 10.14

3. **ਪੈਮਾਨੇ ਦੇ ਬਰਾਬਰ ਪ੍ਰਤੀਫਲ** (Constant Returns to Scale)- **ਪੈਮਾਨੇ ਦਾ ਬਰਾਬਰ ਪ੍ਰਤੀਫਲ ਉਸ ਸਥਿਤੀ ਨੂੰ ਪ੍ਰਗਟ ਕਰਦਾ ਹੈ, ਜਿਸ ਵਿੱਚ ਉਤਪਾਦਨ 'ਚ ਅਨੁਪਾਤਿਕ ਵਿਸਥਾਰ ਜਾਂ ਵਾਧਾ ਸਾਧਨਾਂ ਦੇ ਅਨੁਪਾਤਿਕ ਵਿਸਥਾਰ ਜਾਂ ਵਾਧੇ ਦੇ ਬਰਾਬਰ ਹੁੰਦਾ ਹੈ।** ਹੋਰ ਸ਼ਬਦਾਂ ਵਿੱਚ ਪੈਮਾਨੇ ਦੇ ਬਰਾਬਰ ਪ੍ਰਤੀਫਲ ਤੋਂ ਮਤਲਬ ਹੈ ਕਿ ਸਾਧਨਾਂ ਵਿੱਚ ਵਾਧੇ ਦਾ ਅਕਾਰ ਅਤੇ ਉਤਪਾਦਨ ਵਾਧੇ ਦਾ ਅਕਾਰ ਇਕ ਹੀ ਅਨੁਪਾਤ ਵਿੱਚ ਹੁੰਦਾ ਹੈ। **ਸਾਧਨਾਂ ਵਿੱਚ ਦੁੱਗਣਾ ਵਾਧਾ ਉਤਪਾਦਨ ਵਿੱਚ ਵੀ ਵਾਧਾ ਲਿਆਉਂਦੀ ਹੈ।** ਇਸ ਨੂੰ ਚਿੱਤਰ 10.15 ਵਿੱਚ ਦਿਖਾਇਆ ਗਿਆ ਹੈ। ਇੱਥੇ ਸਾਧਨਾਂ ਅਤੇ ਉਤਪਾਦਨ

ਵਿੱਚ ਵਾਧਾ ਇਕ ਹੀ ਅਨੁਪਾਤ ਵਿੱਚ ਹੋ ਰਹੀ ਹੈ। ਭਾਵ ਜਦੋਂ ਸਾਧਨਾਂ ਵਿੱਚ ਦੁੱਗਣਾ ਵਾਧਾ 2 ਤੋਂ 4 ਇਕਾਈਆਂ ਕੀਤੀ ਜਾਂਦੀ ਹੈ ਤਾਂ ਉਤਪਾਦਨ ਵਿੱਚ ਵੀ ਦੁੱਗਣਾ ਵਾਧਾ ਭਾਵ 50 ਇਕਾਈਆਂ ਤੋਂ 100 ਇਕਾਈਆਂ ਹੁੰਦੀ ਹੈ।

ਨੋਟ



ਚਿੱਤਰ 10.15

10.14 ਸਮ-ਉਤਪਾਦ ਵਕ੍ਰ ਅਤੇ ਇਕ ਸਾਧਨ ਦੇ ਪ੍ਰਤੀਫਲ (Isoquant Curve and Returns to a Factor)

ਸਾਧਨ ਦੇ ਪ੍ਰਤੀਫਲ ਤੋਂ ਭਾਵ ਹੈ ਕਿ ਹੋਰ ਸਾਧਨਾਂ ਦੇ ਸਥਿਰ ਰਹਿਣ 'ਤੇ ਉਤਪਾਦਨ ਦੇ ਕੇਵਲ ਕਿਸੇ ਸਾਧਨ ਵਿੱਚ ਪਰਿਵਰਤਨ ਹੋਣ 'ਤੇ ਉਤਪਾਦਨ ਦੀ ਮਾਤਰਾ ਵਿੱਚ ਹੋਣ ਵਾਲਾ ਪਰਿਵਰਤਨ ਪੈਮਾਨੇ ਦੇ ਪ੍ਰਤੀਫਲ ਵਾਂਗ ਇਕ ਸਾਧਨ ਦੇ ਪ੍ਰਤੀਫਲ ਤਿੰਨ ਤਰ੍ਹਾਂ ਦੇ ਹੁੰਦੇ ਹਨ, **ਵੱਧਦੇ ਪ੍ਰਤੀਫਲ, ਬਰਾਬਰ ਪ੍ਰਤੀਫਲ** ਅਤੇ **ਘਟਦੇ ਪ੍ਰਤੀਫਲ।** ਸਮ-ਉਤਪਾਦ ਤਕਨੀਕ ਦੇ ਇਸਤੇਮਾਲ ਨਾਲ ਇਕ ਸਾਧਨ ਦੇ ਪ੍ਰਤੀਫਲ ਦੀ ਵਿਆਖਿਆ ਕੀਤੀ ਜਾ ਸਕਦੀ ਹੈ।

ਮਾਨ ਲਓ ਕਿ ਪੂੰਜੀ ਇਕ ਸਥਿਰ ਸਾਧਨ ਨਾਲ ਮਿਹਨਤ ਇਕ ਪਰਿਵਰਤਨਸ਼ੀਲ ਸਾਧਨ ਹੈ। ਪਰਿਵਰਤਨਸ਼ੀਲ ਸਾਧਨ ਦੇ ਵੱਖ-ਵੱਖ ਪ੍ਰਤੀਫਲਾਂ ਦੀ ਵਿਆਖਿਆ ਹੇਠ ਲਿਖੇ ਢੰਗ ਨਾਲ ਕੀਤੀ ਜਾ ਸਕਦੀ ਹੈ-

1. ਇਕ ਸਾਧਨ ਦੇ ਵੱਧਦੇ ਪ੍ਰਤੀਫਲ (Increasing Returns to a Factor)

ਕਿਸੇ ਸਾਧਨ ਦੇ ਵੱਧਦੇ ਪ੍ਰਤੀਫਲ ਤੋਂ ਭਾਵ ਹੈ ਕਿ ਪਰਿਵਰਤਨਸ਼ੀਲ ਸਾਧਨ ਜਿਵੇਂ ਮਿਹਨਤ ਦੀਆਂ ਹੋਰ ਇਕਾਈਆਂ ਦਾ ਇਸਤੇਮਾਲ ਕਰਨ ਨਾਲ ਕੁੱਲ ਉਤਪਾਦਨ ਵਿੱਚ ਵਾਧਾ ਵੱਧਦੇ ਅਨੁਪਾਤ ਵਿੱਚ ਹੁੰਦੀ ਹੈ। ਚਿੱਤਰ 10.16 ਇਕ ਸਾਧਨ ਦੇ ਵੱਧਦੇ ਪ੍ਰਤੀਫਲ ਦੀ ਸਥਿਤੀ ਨੂੰ ਪ੍ਰਗਟ ਕਰ ਰਿਹਾ ਹੈ।



ਚਿੱਤਰ 10.16

ਨੋਟ ਚਿੱਤਰ 10.6 ਵਿੱਚ ਪੂੰਜੀ ਨੂੰ OR ਇਕਾਈਆਂ 'ਤੇ ਰੱਖਿਆ ਗਿਆ ਹੈ। RP ਰੇਖਾ ਇਹ ਪ੍ਰਗਟ ਕਰਦੀ ਹੈ ਕਿ ਉਤਪਾਦਨ ਵਿੱਚ ਵਾਧਾ ਕਰਨ ਦੇ ਲਈ ਮਿਹਨਤ ਦੀ ਜ਼ਿਆਦਾ ਮਾਤਰਾ ਦਾ ਕਿਸ ਤਰ੍ਹਾਂ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸੇ **ਉਤਪਾਦਨ ਪੱਥ** (Output Path) ਕਿਹਾ ਜਾਂਦਾ ਹੈ। ਉਤਪਾਦਨ ਦੀਆਂ 100, 200, 300 ਅਤੇ 400 ਇਕਾਈਆਂ ਦੇ ਲਈ ਸਮ-ਉਤਪਾਦਨ ਵਕ੍ਰਾਂ ਇਹ ਪ੍ਰਗਟ ਕਰਦੀਆਂ ਹਨ ਕਿ ਉਤਪਾਦਨ ਵਿੱਚ ਵਾਧਾ 100 ਇਕਾਈਆਂ ਦੀ ਬਰਾਬਰ ਮਾਤਰਾ ਵਿੱਚ ਹੋ ਰਹੀ ਹੈ। ਇਹ ਸਮ-ਉਤਪਾਦ ਵਕ੍ਰਾਂ ਉਤਪਾਦਨ ਪਥ RP ਨੂੰ ਬਿੰਦੂ E, F, G ਅਤੇ H 'ਤੇ ਕੱਟ ਰਹੀਆਂ ਹਨ। ਸਮ-ਉਤਪਾਦ ਵਕ੍ਰਾਂ ਦੇ ਵਿੱਚ ਅੰਤਰ ਘੱਟ ਹੁੰਦਾ ਜਾ ਰਿਹਾ ਹੈ ਜਿਸ ਦਾ ਅਰਥ ਹੈ ਕਿ ਉਤਪਾਦਨ ਦੀਆਂ ਹਰੇਕ ਇਕਾਈ 100 ਇਕਾਈਆਂ ਦੇ ਲਈ ਮਿਹਨਤ ਦੀ ਪਹਿਲਾਂ ਦੀ ਤੁਲਨਾ ਵਿੱਚ ਘੱਟ ਜ਼ਰੂਰੀ ਹੈ। **ਇਸ ਦਾ ਭਾਵ ਮਿਹਨਤ ਦਾ ਵੱਧਦਾ ਉਤਪਾਦ ਹੈ।** ਚਿੱਤਰ 10.16 ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ EF ਦੇ ਵਿੱਚ ਦਾ ਅੰਤਰ FG ਤੋਂ ਜ਼ਿਆਦਾ ਅਤੇ FG ਦਾ ਅੰਤਰ GH ਤੋਂ ਜ਼ਿਆਦਾ ਹੈ ਅਤੇ

EF > FG > GH

ਇਸ ਦਾ ਅਰਥ ਇਹ ਹੋਇਆ ਕਿ ਉਤਪਾਦਨ ਵਿੱਚ 100 ਇਕਾਈਆਂ ਦਾ ਵਾਧਾ ਮਿਹਨਤ ਦੀ ਉੱਤੋਦਰ ਘੱਟ ਵੱਧ ਇਕਾਈਆਂ ਨੂੰ ਲਗਾਤਾਰ ਪ੍ਰਾਪਤ ਕੀਤੀ ਜਾ ਸਕਦੀ ਹੈ। ਮੰਨ ਲਓ EF ਮਿਹਨਤ ਦੀਆਂ 20 ਇਕਾਈਆਂ ਅਤੇ FG ਮਿਹਨਤ ਦੀਆਂ 10 ਇਕਾਈਆਂ ਹਨ। ਉਦੋਂ E ਤੋਂ F ਤੱਕ ਉਤਪਾਦਨ ਦੀਆਂ 100 ਹੋਰ ਇਕਾਈਆਂ ਮਿਹਨਤ ਦੀਆਂ 20 ਹੋਰ ਇਕਾਈਆਂ ਨੂੰ ਲਗਾ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। F ਤੋਂ G ਤੱਕ ਉਤਪਾਦਨ ਦੀਆਂ 100 ਹੋਰ ਇਕਾਈਆਂ ਲਗਾ ਕੇ ਪ੍ਰਾਪਤ 10 ਕੀਤੀਆਂ ਜਾ ਸਕਦੀਆਂ ਹਨ **ਅਤੇ ਉਤਪਾਦਨ ਪਥ** RP ਤੋਂ ਪਤਾ ਲੱਗਦਾ ਹੈ ਕਿ ਜਦੋਂ ਉਤਪਾਦਨ ਵਿੱਚ ਵਿਸਥਾਰ ਹੁੰਦਾ ਹੈ ਉਦੋਂ ਮਿਹਨਤ ਦੇ ਸੀਮਿਤ ਉਤਪਾਦਨ ਵਿੱਚ ਵਾਧਾ ਹੁੰਦਾ ਹੈ।

2. ਇਕ ਸਾਧਨ ਦੇ ਘਟਦੇ ਪ੍ਰਤੀਫਲ (Diminishing Returns to a Factor)

ਇਕ ਸਾਧਨ ਦੇ ਘਟਦੇ ਪ੍ਰਤੀਫਲ ਤੋਂ ਭਾਵ ਉਸ ਸਥਿਤੀ ਤੋਂ ਹੈ ਜਿਸ ਵਿੱਚ ਪਰਿਵਰਤਨ ਸਾਧਨ ਦੀ ਵੱਧਦੀ ਹੋਈ ਸੰਖਿਆ ਦਾ ਇਸਤੇਮਾਲ ਕਰਨ ਨਾਲ ਕੁਲ ਉਤਪਾਦਨ ਵਿੱਚ ਵਾਧਾ ਘੱਟਦੀ ਹੋਈ ਦਰ 'ਤੇ ਹੁੰਦਾ ਹੈ ਚਿੱਤਰ 10.17 ਸਾਧਨ ਦੇ ਘੱਟਦੇ ਪ੍ਰਤੀਫਲ ਦੀ ਸਥਿਤੀ ਨੂੰ ਪ੍ਰਗਟ ਕਰ ਰਿਹਾ ਹੈ। ਜਦੋਂ ਪੂੰਜੀ ਨੂੰ RP 'ਤੇ ਸਥਿਰ ਰੱਖਿਆ ਜਾਂਦਾ ਹੈ ਅਤੇ ਉਤਪਾਦਨ ਕੇਵਲ ਮਿਹਨਤ ਦੀ ਜ਼ਿਆਦਾ ਇਕਾਈਆਂ ਲਗਾ ਕੇ ਵਧਾਇਆ ਜਾਂਦਾ ਹੈ ਉਦੋਂ ਸਮ-ਉਤਪਾਦ ਵਕ੍ਰਾਂ ਦੇ ਵਿੱਚ ਦਾ ਅੰਤਰ ਜ਼ਿਆਦਾ ਹੁੰਦਾ ਜਾਂਦਾ ਹੈ ਅਤੇ ਉਤਪਾਦਨ ਦੀ ਹਰੇਕ ਹੋਰ 100 ਇਕਾਈਆਂ ਦੇ ਲਈ ਮਿਹਨਤ ਦੀ ਜ਼ਰੂਰਤ ਪਹਿਲਾਂ ਤੋਂ ਜ਼ਿਆਦਾ ਹੈ। ਇਸ ਦਾ ਅਰਥ ਹੈ ਕਿ ਮਿਹਨਤ ਦੀ ਸੀਮਿਤ ਉਤਪਾਦਕਤਾ ਘੱਟਦੀ ਜਾਂਦੀ ਹੈ। EF ਦੇ ਵਿੱਚ ਦਾ ਅੰਤਰ FG ਤੋਂ ਘੱਟ ਅਤੇ FG ਦੇ ਵਿੱਚ ਦਾ ਅੰਤਰ GH ਤੋਂ ਘੱਟ ਹੈ ਅਤੇ

EF < FG < GH



ਚਿੱਤਰ 10.17

ਨੋਟ

ਟਾਸਕ ਵਿਸਥਾਰ-ਪਥ 'ਤੇ ਆਪਣੇ ਵਿਚਾਰ ਪ੍ਰਗਟ ਕਰੋ।

ਇਸ ਦਾ ਭਾਵ ਇਹ ਹੈ ਕਿ ਉਤਪਾਦਨ ਵਿੱਚ 100 ਇਕਾਈਆਂ ਦਾ ਵਾਧਾ ਮਿਹਨਤ ਦੀ ਉੱਤੋਦਰ ਜ਼ਿਆਦਾ ਇਕਾਈਆਂ ਵਿੱਚ ਵਾਧਾ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ। E ਅਤੇ F ਦੇ ਵਿੱਚ ਉਤਪਾਦਨ ਦੀਆਂ 100 ਇਕਾਈਆਂ ਮਿਹਨਤ ਦੀਆਂ 10 ਇਕਾਈਆਂ ਲਗਾ ਕੇ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। F ਅਤੇ G ਦੇ ਵਿੱਚ ਉਤਪਾਦਨ ਦੀਆਂ 100 ਇਕਾਈਆਂ ਮਿਹਨਤ ਦੀਆਂ 20 ਹੋਰ ਇਕਾਈਆਂ ਲਗਾ ਕੇ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਉਤਪਾਦਨ ਪਥ RP ਤੋਂ ਪਤਾ ਲੱਗਦਾ ਹੈ ਕਿ ਜਦੋਂ ਉਤਪਾਦਨ ਵਿੱਚ ਵਿਸਥਾਰ ਹੁੰਦਾ ਹੈ ਤਾਂ ਮਿਹਨਤ ਦੀ ਸੀਮਿਤ ਉਤਪਾਦਕਤਾ ਘਟਦੀ ਜਾਂਦੀ ਹੈ।

3. ਇਕ ਸਾਧਨ ਦੇ ਬਰਾਬਰ ਪ੍ਰਤੀਫਲ (Constant-Returns to a Factor)

ਇਕ ਸਾਧਨ ਦੇ ਬਰਾਬਰ ਪ੍ਰਤੀਫਲ ਤੋਂ ਭਾਵ ਉਸ ਸਥਿਤੀ ਤੋਂ ਹੈ ਜਿਸ ਵਿੱਚ ਪਰਿਵਰਤਨਸ਼ੀਲ ਸਾਧਨ ਦੀਆਂ ਹੋਰ ਇਕਾਈਆਂ ਦੇ ਲਗਾਉਣ ਨਾਲ ਕੁੱਲ ਉਤਪਾਦਨ ਵਿੱਚ ਵਾਧਾ ਬਰਾਬਰ ਦਰ 'ਤੇ ਹੁੰਦਾ ਹੈ। ਚਿੱਤਰ 10.18 ਬਰਾਬਰ ਪ੍ਰਤੀਫਲਾਂ ਨੂੰ ਪ੍ਰਗਟ ਕਰ ਰਿਹਾ ਹੈ। ਜਦੋਂ ਪੂੰਜੀ ਨੂੰ OR 'ਤੇ ਸਥਿਰ ਰੱਖਿਆ ਜਾਂਦਾ ਹੈ ਅਤੇ ਮਿਹਨਤ ਦੀਆਂ ਜ਼ਿਆਦਾ ਇਕਾਈਆਂ ਲਗਾ ਕੇ ਉਤਪਾਦਨ ਨੂੰ ਵਧਾਇਆ ਜਾਂਦਾ ਹੈ, ਉਦੋਂ ਸਮ-ਉਤਪਾਦ ਵਕ੍ਰਾਂ ਦੇ ਵਿੱਚ ਦਾ ਅੰਤਰ ਬਰਾਬਰ ਰਹਿੰਦਾ ਹੈ, ਇਸ ਲਈ ਉਤਪਾਦ ਦੀਆਂ 10 ਹੋਰ ਇਕਾਈਆਂ ਨੂੰ ਪ੍ਰਾਪਤ ਕਰਨ ਦੇ ਲਈ ਮਿਹਨਤ ਦੀ ਬਰਾਬਰ ਮਾਤਰਾ ਦੀ ਜ਼ਰੂਰਤ ਹੁੰਦੀ ਹੈ। ਇਸ ਦਾ ਅਰਥ ਹੈ ਕਿ ਮਿਹਨਤ ਦੀ ਸੀਮਿਤ ਉਤਪਾਦਕਤਾ ਸਥਿਰ ਰਹਿੰਦੀ ਹੈ। ਵੱਖ-ਵੱਖ ਸਮ-ਉਤਪਾਦ ਵਕ੍ਰਾਂ ਵਿੱਚ ਅੰਤਰ ਬਰਾਬਰ ਰਹਿੰਦਾ ਹੈ। ਹੋਰ ਸ਼ਬਦਾਂ ਵਿੱਚ

EF = FG = GH



ਚਿੱਤਰ 10.18

ਇਸ ਦਾ ਭਾਵ ਇਹ ਹੋਇਆ ਕਿ ਉਤਪਾਦਨ ਵਿੱਚ 100 ਇਕਾਈਆਂ ਦਾ ਵਾਧਾ ਮਿਹਨਤ ਵਿੱਚ ਬਰਾਬਰ ਦਰ ਨਾਲ ਵਾਧਾ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

10.15 ਸਾਰੰਸ਼ (Summary)

- **ਇਕ ਸਮ-ਉਤਪਾਦ ਵਕ੍ਰ ਦੇ ਹੇਠਾਂ ਵੱਲ ਢਲਾਣ ਦਾ ਕਾਰਨ ਸਾਧਨਾਂ ਦੀ ਪ੍ਰਤੀਸਥਾਪਨ ਹੈ।** ਉਤਪਾਦਨ ਦੇ ਸਾਧਨ ਇਕ ਦੂਸਰੇ ਦੇ ਪ੍ਰਤੀਸਥਾਪਨ ਹੈ ਇਸ ਲਈ ਬਰਾਬਰ ਮਾਤਰਾ ਦਾ ਉਤਪਾਦਨ ਕਰਨ ਦੇ ਲਈ ਜੇਕਰ ਇਕ ਸਾਧਨ ਦੀ ਘੱਟ ਇਕਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਦੂਸਰੇ ਸਾਧਨ ਦੀ ਜ਼ਿਆਦਾ ਇਕਾਈਆਂ ਦਾ ਇਸਤੇਮਾਲ ਕੀਤਾ ਜਾਵੇਗਾ। ਇਸ ਕਾਰਨ ਨਾਲ ਸਮ-ਉਤਪਾਦ ਵਕ੍ਰ ਦਾ ਢਲਾਣ ਉਪਰ ਵੱਲ ਹੇਠਾਂ ਵੱਲ ਹੁੰਦਾ ਹੈ।

ਨੋਟ

10.16 ਸ਼ਬਦਕੋਸ਼ (keywords)

1. **ਪ੍ਰਤੀਸਥਾਪਨ** (Substitute)– ਵਿਕਲਪ।
2. **ਉਤਪਾਦਕ** (Producer)- ਉਤਪਾਦ ਕਰਨ ਵਾਲਾ।
3. **ਸਮ-ਉਤਪਾਦ** (Iso-Product)– ਬਰਾਬਰ ਉਤਪਾਦ।
4. **ਸਿਧਾਂਤ** (Principle)– ਨਿਯਮ।

10.17 ਅਭਿਆਸ ਪ੍ਰਸ਼ਨ (Review Questions)

1. ਸਮ-ਉਤਪਾਦ ਵਕ੍ਰ ਕੀ ਹੈ? ਸਪੱਸ਼ਟ ਕਰੋ।
2. ਸਮ-ਲਾਗਤ ਰੇਖਾ ਤੋਂ ਤੁਸੀਂ ਕੀ ਸਮਝਦੇ ਹੋ?
3. ਪ੍ਰਤੀਸਥਾਪਨ ਦਾ ਸਿਧਾਂਤ ਕੀ ਹੈ? ਸਮਝਾਓ।
4. 'ਵਿਸਥਾਰ-ਪੱਥ' ਕੀ ਹੈ? ਸਮਝਾਓ।

ਉਤਰ : ਸਵੈ ਮੁਲਾਂਕਣ (Answers : Self Assessment)

1. ਪ੍ਰਗਟ	2. ਤਟਸਥਤ	3. ਨਿਯਮ	4. (ਅ)
5 (ਸ)	6. (ਅ)	7. (ਅ)	8. ਸਹੀ
9. ਸਹੀ	10. ਸਹੀ	11. ਸਹੀ	12. ਸਹੀ।

10.18 ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕ੍ਰੋਇਕਨੋਮਿਕਸ-ਰਾਬਰਟ ਐਸ ਪਿੰਡਿਕ, ਡੈਨੀਅਲ ਐਲ ਰੂਬੀਨਫੇਲਡ ਐਂਡ ਪ੍ਰੈਸ ਐਲ. ਮਹਿਤਾ, ਪੀਅਰਸੰਨ ਐਜੂਕੇਸ਼ਨ, 2009, ਪੀ. ਬੀ. ਕੇ., ਸੱਤਵਾਂ ਐਡੀਸ਼ਨ।
2. ਮਾਈਕ੍ਰੋਇਕਨੋਮਿਕਸ-ਡੇਵਿਡ ਬੇਸੈਂਕੋ ਐਂਡ ਰੋਨਾਲਡ ਬਰੂਟੀਗੈਮ, ਵਿਲੇ ਇੰਡੀਆ, 2011, ਪੀ. ਬੀ. ਕੇ., ਚੌਥਾ ਐਡੀਸ਼ਨ।
3. ਮਾਈਕ੍ਰੋਇਕਨੋਮਿਕਸ- ਸਿਪਰਾ ਮੁੱਖ ਉਪਾਧਿਆਇ, ਐਨ. ਬੁਕਸ, 2011।

ਨੋਟ

ਇਕਾਈ–11: ਆਮਦਨ ਜਾਂ ਆਗਮ ਦੀਆਂ ਧਾਰਨਾਵਾਂ (Concepts of Revenue)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

11.1 ਆਮਦਨ ਜਾਂ ਆਗਮ ਕੀ ਹੈ? (What is Revenue?)

11.2 ਬਾਜ਼ਾਰ ਦੀਆਂ ਵੱਖ–ਵੱਖ ਦਸ਼ਾਵਾਂ ਵਿੱਚ ਆਗਮ ਦੀਆਂ ਧਾਰਨਾਵਾਂ (Concepts of Revenue Under Different Market Conditions)

11.3 ਪੂਰੀ ਪ੍ਰਤੀਯੋਗਤਾ ਵਿੱਚ ਆਗਮ ਦੀਆਂ ਧਾਰਨਾਵਾਂ (Concepts of Revenue under Perfect Competition)

11.4 ਏਕਾਧਿਕਾਰ ਅਤੇ ਏਕਾਧਿਕਾਰੀ ਪ੍ਰਤੀਯੋਗਤਾ ਵਿੱਚ ਆਗਮ ਦੀਆਂ ਧਾਰਨਾਵਾਂ (Concepts of Revenue under Monopoly and Monopolistic Competition)

11.5 ਏਕਾਧਿਕਾਰ ਵਿੱਚ ਰੇਕਟੈਂਗੂਲਰ ਹਾਈਪਰਬੋਲਾ ਔਸਤ ਆਮਦਨ ਵਕ੍ਰ (Rectangular Hyperbola AR Curve under Monopoly)

11.6 ਕੁਲ ਔਸਤ ਅਤੇ ਸੀਮਾਂਤ ਆਗਮ ਵਿੱਚ ਜਯਾਮਿਤੀ ਜਾਂ ਗ੍ਰਾਫਿਕ ਸਬੰਧ (Graphical or Geometrical Relation between Total Average and Marginal Revenues)

11.7 ਮੰਗ ਦੀ ਕੀਮਤ ਲੋਚ, ਔਸਤ ਅਤੇ ਸੀਮਾਂਤ ਆਗਮ ਦਾ ਪਾਰਸਪ੍ਰਿਕ ਨਿਰਧਾਰਣ (Mutual Determination of Elasticity of Demand, Average and Marginal Revenue)

11.8 ਕੁੱਲ ਆਗਮ ਅਤੇ ਮੰਗ ਦੀ ਲੋਚ (Total Revenue and Elasticity of Demand)

11.9 ਸਾਰਾਂਸ਼ (Summary)

11.10 ਸ਼ਬਦਕੋਸ਼ (Keywords)

11.11 ਅਭਿਆਸ ਪ੍ਰਸ਼ਨ (Review Questions)

11.12 ਸਬੰਧਿਤ ਪੁਸਤਕਾਂ (Further Readings)

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਆਮਦਨ ਜਾਂ ਆਗਮ ਜਾਨਣ ਸਬੰਧੀ।
- ਬਾਜ਼ਾਰ ਦੀਆਂ ਵੱਖ–ਵੱਖ ਦਿਸ਼ਾਵਾਂ ਵਿੱਚ ਆਗਮ ਦੀਆਂ ਧਾਰਨਾਵਾਂ ਜਾਨਣ ਸਬੰਧੀ।
- ਮੰਗ ਦੀ ਕੀਮਤ ਲੋਚ, ਔਸਤ ਅਤੇ ਸੀਮਿਤ ਆਗਮ ਸਮਝਣ ਸਬੰਧੀ।
- ਏਕਾਧਿਕਾਰ ਵਿੱਚ ਰੈਕਟੇਂਗੂਲਰ ਹਾਈਪਰਬੋਲਾ ਔਸਤ ਆਮਦਨ ਵਕ੍ਰ ਜਾਨਣ ਸਬੰਧੀ।

ਨੋਟ

ਪ੍ਰਸਤਾਵਨਾ (Introduction)

ਏਕਾਧਿਕਾਰ ਦੀ ਸਥਿਤੀ ਵਿੱਚ ਔਸਤ ਆਗਮ ਵਕ੍ਰ ਅਤੇ ਸੀਮਿਤ ਆਗਮ ਵਕ੍ਰ ਹੇਠਾਂ ਵੱਲ ਝੁਕੀਆਂ ਹੋਈਆਂ ਰੇਖਾਵਾਂ ਹੁੰਦੀਆਂ ਹਨ। ਇਸ ਦਾ ਅਰਥ ਇਹ ਹੋਇਆ ਕਿ ਔਸਤ ਆਗਮ ਵਕ੍ਰ ਦੇ ਵੱਖ-ਵੱਖ ਬਿੰਦੂਆਂ 'ਤੇ ਮੰਗ ਦੀ ਲੋਚ-ਅਲੱਗ-ਅਲੱਗ ਹੁੰਦੀ ਹੈ। ਔਸਤ ਆਗਮ ਅਤੇ ਸੀਮਿਤ ਆਗਮ ਦੇ ਸਬੰਧ ਨੂੰ ਮੰਗ ਦੀ ਲੋਚ ਦੇ ਅਧਾਰ 'ਤੇ ਵੀ ਪਤਾ ਕੀਤਾ ਜਾ ਸਕਦਾ ਹੈ। ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਫਰਮ ਦੀ ਔਸਤ ਆਗਮ ਵਕ੍ਰ ਹੀ ਮੰਗ ਵਕ੍ਰ ਹੁੰਦੀ ਹੈ। ਇਸ ਦੇ ਨਾਲ **ਫਰਮ ਨੂੰ ਇਹ ਪਤਾ ਹੁੰਦਾ ਹੈ ਕਿ ਵਸਤੂ ਦੀ ਕੀਮਤ ਵਿੱਚ ਕਿਸ ਦਿਸ਼ਾ ਵਿੱਚ ਪਰਿਵਰਤਨ ਹੋਵੇਗਾ।**

11.1 ਆਮਦਨ ਜਾਂ ਆਗਮ ਕੀ ਹੈ? (What is Revenue?)

ਮੰਨ ਲਓ ਤੁਹਾਡੀ ਆਈਸ ਕਰੀਮ ਬਣਾਉਣ ਦੀ ਇਕ ਫੈਕਟਰੀ ਹੈ। ਤੁਸੀਂ ਪ੍ਰਤੀ ਦਿਨ ਇਕ ਹਾਜ਼ਰ ਆਈਸ ਕਰੀਮ ਬਣਾਉਂਦੇ ਹੋ। ਤੁਸੀਂ ਇਨ੍ਹਾਂ ਆਈਸ ਕਰੀਮਾਂ ਨੂੰ ਵੇਚ ਕੇ ਇਕ ਹਜ਼ਾਰ ਰੁਪਏ ਪ੍ਰਾਪਤ ਕੀਤੇ। ਅਰਥ ਸ਼ਾਸਤਰ ਵਿੱਚ ਇਨ੍ਹਾਂ ਇਕ ਹਜ਼ਾਰ ਰੁਪਿਆਂ ਨੂੰ ਤੁਹਾਡੀ **ਆਮਦਨ** (Revenue) ਕਿਹਾ ਜਾਵੇਗਾ ਅਤੇ ਕਿਸੇ ਵਸਤੂ ਦੀ ਵਿਕਰੀ ਕਰਨ ਨਾਲ ਇਕ ਫਰਮ ਨੂੰ ਜੋ ਕੁੱਲ ਰਕਮ ਪ੍ਰਾਪਤ ਹੁੰਦੀ ਹੈ ਉਸ ਨੂੰ ਫਰਮ ਦੀ **ਆਮਦਨ** (Revenue) ਕਿਹਾ ਜਾਵੇਗਾ। **ਡੂਲੇ** ਦੇ ਅਨੁਸਾਰ, **''ਇਕ ਫਰਮ ਦੀ ਆਮਦਨ ਜਾਂ ਆਗਮ ਉਸ ਦੀ ਵਿਕਰੀ, ਪ੍ਰਾਪਤੀ ਜਾਂ ਆਮਦਨੀ ਹੈ।''** (The revenue of a firm is its sales, receipts or income.-**Dooley**) ਤੁਹਾਡੀ ਕੁੱਲ ਆਮਦਨ ਦਾ ਅੰਦਾਜ਼ਾ ਆਈਸ ਕਰੀਮ ਦੀ ਕੀਮਤ ਨੂੰ ਆਈਸ ਕਰੀਮਾਂ ਦੀ ਵਿਕਣ ਵਾਲੀ ਸੰਖਿਆ ਨਾਲ ਗੁਣਾਂ ਕਰਨ 'ਤੇ ਪਤਾ ਲੱਗੇਗਾ। ਅਸੀਂ ਬਾਜ਼ਾਰ ਮੰਗ ਤਾਲਿਕਾ ਤੋਂ ਕੁੱਲ ਆਮਦਨ ਦਾ ਅੰਦਾਜ਼ਾ ਲਗਾ ਸਕਦੇ ਹਾਂ। ਆਮਦਨ ਦੀਆਂ ਤਿੰਨ ਮੁੱਖ ਧਾਰਨਾਵਾਂ ਹੇਠ ਲਿਖੀਆਂ ਹਨ-

ਕੁੱਲ ਆਮਦਨ ਜਾਂ ਆਗਮ (Total Revenue)

ਇਕ ਫਰਮ ਵੱਲੋਂ ਆਪਣੇ ਉਤਪਾਦਨ ਦੀ ਇਕ ਨਿਸ਼ਚਿਤ ਮਾਤਰਾ ਨੂੰ ਵੇਚ ਕੇ ਜੋ ਆਮਦਨ ਪ੍ਰਾਪਤ ਹੁੰਦੀ ਹੈ, ਉਸ ਨੂੰ ਕੁੱਲ ਆਗਮ ਕਿਹਾ ਜਾਂਦਾ ਹੈ।

ਉਦਾਹਰਣ ਦੇ ਤੌਰ 'ਤੇ ਜੇਕਰ 5 ਰੁਪਏ ਕੀਮਤ 'ਤੇ ਕਿਸੇ ਵਸਤੂ ਦੀ 6 ਇਕਾਈਆਂ ਵੇਚੀਆਂ ਜਾਂਦੀਆਂ ਹਨ ਤਾਂ ਕੁੱਲ ਆਮਦਨ 5 ਰੁ. × 6 ਰੁ. = 30 ਰੁਪਏ ਹੋਵੇਗੀ। ਕੁੱਲ ਆਗਮ ਦਾ ਪਤਾ ਲਗਾਉਣ ਲਈ ਜਾਂ ਤਾਂ ਔਸਤ ਆਗਮ (ਪ੍ਰਤੀ ਇਕਾਈ ਕੀਮਤ) ਨੂੰ ਵੇਚੀਆਂ ਗਈਆਂ ਇਕਾਈਆਂ ਨਾਲ ਗੁਣਾ ਕਰ ਦਿੱਤਾ ਜਾਂਦਾ ਹੈ ਜਾਂ ਸਾਰੀਆਂ ਇਕਾਈਆਂ ਦੇ ਸੀਮਿਤ ਨੂੰ ਜੋੜ ਲਿਆ ਜਾਂਦਾ ਹੈ, ਭਾਵ

$$TR = P \times Q \text{ ਅਤੇ } TR = \Sigma MR$$

(ਇੱਥੇ TR = ਕੁੱਲ ਆਮਦਨ : P = ਕੀਮਤ : Q-ਮਾਤਰਾ : Σ = ਜੋੜ (Summation) ਦਾ ਚਿੰਨ੍ਹ : MR = ਸੀਮਿਤ ਆਗਮ)

ਔਸਤ ਆਗਮ (Average Revenue)

ਸਧਾਰਣ ਭਾਸ਼ਾ ਵਿੱਚ ਅਸੀਂ ਜਿਸ ਨੂੰ **ਪ੍ਰਤੀ ਇਕਾਈ ਕੀਮਤ ਕਹਿੰਦੇ ਹਾਂ, ਉਹ ਹੀ ਔਸਤ ਆਗਮ ਹੈ ਅਤੇ ਕਿਸੇ ਵਸਤੂ ਦੀ ਕੀਮਤ ਅਤੇ ਔਸਤ ਆਗਮ ਦੇ ਇਕ ਹੀ ਅਰਥ ਹੁੰਦੇ ਹਨ** ਅਤੇ ਔਸਤ ਆਗਮ ਨੂੰ ਉਤਪਾਦ ਦੀ ਇਕਾਈ ਆਗਮ ਦੇ ਰੂਪ ਵਿੱਚ ਪ੍ਰਭਾਸ਼ਿਤ ਕੀਤਾ ਜਾਂਦਾ ਹੈ।

ਮੈਕੋਨਲ ਦੇ ਅਨੁਸਾਰ, **''ਕਿਸੇ ਵਸਤੂ ਦੀ ਵਿਕਰੀ ਤੋਂ ਪ੍ਰਾਪਤ ਹੋਣ ਵਾਲੀ ਪ੍ਰਤੀ ਇਕਾਈ ਆਮਦਨ ਔਸਤ ਆਗਮ ਅਖਵਾਉਂਦੀ ਹੈ।''** (Average revenue is the per unit revenue received from the sale of one unit of a commodity. **—McConnell**) ਔਸਤ ਆਗਮ ਵਸਤੂ ਦੀ ਵੇਚੀ ਗਈ ਮਾਤਰਾ ਨਾਲ ਭਾਗ ਦੇ ਕੇ ਲਗਾਇਆ ਜਾਂਦਾ ਹੈ।

$$AR = \frac{TR}{Q} = \frac{P \times Q}{Q} = P$$

(ਇੱਥੇ AR = ਔਸਤ ਆਗਮ; TR = ਕੁੱਲ ਆਗਮ ; Q = ਵੇਚੀ ਗਈ ਮਾਤਰਾ; P = ਕੀਮਤ।

ਅਤੇ **ਔਸਤ ਆਗਮ ਤੋਂ ਭਾਵ ਕਿਸੇ ਵਸਤੂ ਦੀ ਕੀਮਤ ਤੋਂ ਹੈ।** ਜੇਕਰ ਕਿਸੇ ਵਸਤੂ ਦੀ 6 ਇਕਾਈ ਵੇਚਣ ਨਾਲ 30 ਰੁਪਏ ਦੀ ਕੁੱਲ ਆਮਦਨ ਪ੍ਰਾਪਤ ਹੁੰਦੀ ਹੈ ਤਾਂ ਔਸਤ ਆਗਮ ਜਾਂ ਕੀਮਤ 30 ਰੁਪਏ ÷ 6 = 5 ਰੁਪਏ ਪ੍ਰਤੀ ਇਕਾਈ ਹੋਵੇਗੀ।

ਸੀਮਾਂਤ ਆਗਮ (Marginal Revenue)

ਨੋਟ

ਕਿਸੇ ਵਸਤੂ ਦੀ ਇਕ ਜ਼ਿਆਦਾ ਜਾਂ ਘੱਟ ਇਕਾਈ ਵੇਚਣ ਨਾਲ ਕੁੱਲ ਆਗਮ ਵਿੱਚ ਜੋ ਅੰਤਰ ਆਉਂਦਾ ਹੈ, ਉਸ ਨੂੰ ਸੀਮਿਤ ਆਗਮ ਕਹਿੰਦੇ ਹਨ। **ਫਰਗੂਸਨ** ਦੇ ਅਨੁਸਾਰ, **''ਇਕ ਫਰਮ ਵੱਲੋਂ ਆਪਣੇ ਉਤਪਾਦਨ ਦੀ ਇਕ ਇਕਾਈ ਘੱਟ ਜਾਂ ਜ਼ਿਆਦਾ ਵੇਚਣ ਨਾਲ ਕੁੱਲ ਆਗਮ ਵਿੱਚ ਜੋ ਅੰਤਰ ਆਉਂਦਾ ਹੈ, ਉਸ ਨੂੰ ਸੀਮਿਤ ਆਗਮ ਕਿਹਾ ਜਾਂਦਾ ਹੈ।''** (Marginal Revenue is the change in total revenue which results from the sale of one more or one less unit of output.

—Ferguson)

ਸੀਮਿਤ ਆਗਮ ਦਾ ਅੰਦਾਜ਼ਾ ਲਗਾਉਣ ਲਈ ਜਾਂ ਤਾਂ ਕੁੱਲ ਆਗਮ ਵਿੱਚ ਹੋਣ ਵਾਲੇ ਪਰਿਵਰਤਨ (ΔTR) ਨੂੰ ਵਸਤੂ ਦੀ ਮਾਤਰਾ ਵਿੱਚ ਹੋਣ ਵਾਲੇ ਪਰਿਵਰਤਨ (ΔQ) ਨਾਲ ਭਾਗ ਦੇ ਦਿੱਤਾ ਜਾਂਦਾ ਹੈ ਜਾਂ ਇਸ ਦਾ ਅੰਦਾਜ਼ਾ n ਵਸਤੂ ਦੀ ਕੁੱਲ ਆਮਦਨ ਵਿੱਚੋਂ n-1 ਵਸਤੂ ਦੀ ਕੁੱਲ ਆਮਦਨ ਨੂੰ ਘਟਾ ਕੇ ਲਗਾਇਆ ਜਾਂਦਾ ਹੈ।

$$MR = \frac{\text{ਕੁੱਲ ਆਮਦਨ / ਆ ਗ ਮ ਵਿੱਚ ਪਰਿਵਰਤਨ (Change in Total Revenue)}}{\text{ਕੁੱਲ ਵਿਕਰੀ ਵਿੱਚ ਪਰਿਵਰਤਨ (Change in Quantity Sold)}} = \frac{\Delta TR}{\Delta Q}$$

or $MR = TR_n - TR_{n-1}$

(ਇੱਥੇ, MR = ਸੀਮਿਤ ਆਗਮ; Δ ਤ੍ਰੁੱਭੁਜ = ਪਰਿਵਰਤਨ (Change in); TR = ਕੁੱਲ ਆਗਮ ; Q = ਉਤਪਾਦਨ ਜਾਂ ਵਿਕਰੀ ਦੀ ਮਾਤਰਾ। TR_n = n ਇਕਾਈ ਦੀ ਕੁੱਲ ਆਮਦਨ, TR_{n-1}= n – 1 ਇਕਾਈ ਦੀ ਕੁੱਲ ਆਮਦਨ, n ਵੇਚੀਆਂ ਗਈਆਂ ਇਕਾਈਆਂ ਦੀ ਸੰਖਿਆ।

ਉਦਾਹਰਣ ਦੇ ਤੌਰ 'ਤੇ ਜਦੋਂ 4 ਵਸਤੂਆਂ ਦੀ ਵਿਕਰੀ ਕੀਤੀ ਜਾਂਦੀ ਹੈ ਤਾਂ ਕੁੱਲ ਆਮਦਨ 28 ਰੁਪਏ ਹੈ ਅਤੇ ਜਦੋਂ 5 ਵਸਤੂਆਂ ਦੀ ਵਿਕਰੀ ਕੀਤੀ ਜਾਂਦੀ ਹੈ ਤਾਂ ਕੁੱਲ ਆਮਦਨ ਵੱਧ ਕੇ 30 ਰੁਪਏ ਹੋ ਜਾਂਦੀ ਹੈ ਅਤੇ 5ਵੀਂ ਵਸਤੂ ਦੀ ਸੀਮਿਤ ਆਮਦਨ 30 ਰੁਪਏ – 28 ਰੁਪਏ = 2 ਰੁਪਏ ਹੋਵੇਗੀ। ਇਸ ਨੂੰ ਕੁੱਲ ਆਮਦਨ ਵਿੱਚ ਪਰਿਵਰਤਨ ਦੀ ਦਰ (Rate of Change) ਦੇ ਰੂਪ ਵਿੱਚ ਵੀ ਪ੍ਰਗਟ ਕੀਤਾ ਜਾ ਸਕਦਾ ਹੈ।

ਆਗਮ ਨੂੰ ਲਾਭ ਸਮਝਣ ਦੀ ਗਲਤੀ ਨਹੀਂ ਕਰਨੀ ਚਾਹੀਦੀ। ਆਗਮ ਤੋਂ ਭਾਵ ਹੈ ਇਕ ਉਤਪਾਦਕ ਨੂੰ ਆਪਣੇ ਉਤਪਾਦ ਦੀ ਵਿਕਰੀ ਤੋਂ ਪ੍ਰਾਪਤ ਕੁੱਲ ਮੌਦ੍ਰਿਕ ਰਾਸ਼ੀ। ਇਸ ਤੋਂ ਉਲਟ ਲਾਭ ਕੁੱਲ ਆਗਮ ਅਤੇ ਕੁੱਲ ਲਾਗਤ ਦਾ ਅੰਤਰ ਹੈ।

11.2 ਬਾਜ਼ਾਰ ਦੀਆਂ ਵੱਖ-ਵੱਖ ਦਸ਼ਾਵਾਂ ਵਿੱਚ ਆਗਮ ਦੀਆਂ ਧਾਰਨਾਵਾਂ (Concepts of Revenue Under Different Market Conditions)

ਆਗਮ ਦੀਆਂ ਵੱਖ–ਵੱਖ ਧਾਰਨਾਵਾਂ ਦੀ ਪ੍ਰਕਿਰਤੀ ਉਸ ਬਾਜ਼ਾਰ ਵਿੱਚ ਪਾਈ ਜਾਣ ਵਾਲੀ ਪ੍ਰਤੀਯੋਗਤਾ ਦੀ ਪ੍ਰਕਿਰਤੀ 'ਤੇ ਨਿਰਭਰ ਕਰਦੀ ਹੈ, ਜਿਸ ਵਿੱਚ ਵਸਤੂ ਵੇਚੀ ਜਾਣੀ ਚਾਹੀਦੀ ਹੈ। ਬਾਜ਼ਾਰ ਦੀਆਂ ਤਿੰਨ ਮੁੱਖ ਦਿਸ਼ਾਵਾਂ ਹਨ– (i) **ਪੂਰਨ ਪ੍ਰਤੀਯੋਗਤਾ** (Perfect Competition), (ii) **ਏਕਾਧਿਕਾਰ** (Monopoly), (iii) **ਏਕਾਧਿਕਾਰੀ ਪ੍ਰਤੀਯੋਗਤਾ** (Monopolistic Competition)।

11.3 ਪੂਰਨ ਪ੍ਰਤੀਯੋਗਤਾ ਵਿੱਚ ਆਗਮ ਦੀਆਂ ਧਾਰਨਾਵਾਂ (Concepts of Revenue Under Perfect Competition)

ਪੂਰਨ ਪ੍ਰਤੀਯੋਗਤਾ ਬਾਜ਼ਾਰ ਦੀ ਉਹ ਸਥਿਤੀ ਹੈ, ਜਿਸ ਵਿੱਚ ਕਿਸੇ ਸਵਰੂਪ ਵਸਤੂ ਦੇ ਬਹੁਤ ਸਾਰੇ ਖਰੀਦਦਾਰ ਅਤੇ ਵਿਕਰੇਤਾ ਹੁੰਦਾ ਹਨ ਅਤੇ ਸਾਰੇ ਵਿਕਰੇਤਾ ਵਸਤੂ ਦੀ ਇਕ ਬਰਾਬਰ ਕੀਮਤ 'ਤੇ ਵਿਕਰੀ ਕਰਦੇ ਹਨ। ਤਾਲਿਕਾ 1 ਅਤੇ ਚਿੱਤਰ 11.1 ਦੀ ਸਹਾਇਤਾ ਨਾਲ ਪੂਰਨ ਪ੍ਰਤੀਯੋਗਤਾ ਵਿੱਚ ਆਗਮ ਦੀਆਂ ਤਿੰਨਾਂ ਧਾਰਨਾਵਾਂ ਭਾਵ (i) **ਕੁੱਲ ਆਗਮ**, (ii) **ਔਸਤ ਆਗਮ** ਅਤੇ (iii) **ਸੀਮਿਤ ਆਗਮ** ਦੀ ਵਿਆਖਿਆ ਕੀਤੀ ਗਈ ਹੈ।

ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)–

1. ਇਕ ਫਰਮ ਦੀ ਆਮਦਨ ਉਸ ਦੀ ..... ਪ੍ਰਾਪਤੀ ਜਾਂ ਆਮਦਨੀ ਹੈ।

ਨੋਟ

2. ਕਿਸੇ ਵਸਤੂ ਦੀ ਵਿਕਰੀ ਤੋਂ ਪ੍ਰਾਪਤ ਹੋਣ ਵਾਲੀ ਪ੍ਰਤੀ ਇਕਾਈ ਆਮਦਨ, ... ਅਖਵਾਉਂਦੀ ਹੈ।

3. ਔਸਤ ਆਗਮ ਤੋਂ ਭਾਵ ਕਿਸੇ ਵਸਤੂ ਦੀ ..... ਤੋਂ ਹੈ।

4. ਜਦੋਂ ਮੰਗ ਦੀ ਲੋਚ ਇਕਾਈ ਹੁੰਦੀ ਹੈ ਤਾਂ ਸੀਮਿਤ ਆਗਮ ..... ਹੁੰਦੀ ਹੈ।

ਤਾਲਿਕਾ 1. ਪੂਰਨ ਪ੍ਰਤੀਯੋਗਤਾ ਵਿੱਚ ਆਗਮ ਦੀਆਂ ਵੱਖ-ਵੱਖ ਧਾਰਨਾਵਾਂ
(Different Concepts of Revenue Under Perfect Competition)

ਵਿਕਰੀ ਦੀ ਮਾਤਰਾ Q	ਕੁੱਲ ਆਗਮ (ਰੁ.) TR=AR × Q	ਔਸਤ ਆਗਮ ਜਾਂ ਕੀਮਤ (ਰੁ.) AR or P =TP/Q	ਸੀਮਿਤ ਆਗਮ (ਰੁ.) MR= TR_n -TR_{n-1}
1	5	5	5
2	10	5	5
3	15	5	5
4	20	5	5

(i) **ਕੁੱਲ ਆਗਮ** (Total Revenue)– ਤਾਲਿਕਾ 1 ਤੋਂ ਪਤਾ ਲੱਗਦਾ ਹੈ ਕਿ ਪੂਰਨ ਪ੍ਰਤੀਯੋਗਤਾ ਵਿੱਚ ਵਸਤੂ ਦੀ ਕੀਮਤ ਸਥਿਰ ਰਹਿੰਦੀ ਹੈ, ਇਸ ਲਈ ਕੁੱਲ ਆਗਮ ਵਿੱਚ ਸਥਿਰ ਦਰ 'ਤੇ ਹੀ ਵਾਧਾ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਕੀਮਤ ਦੇ 5 ਰੁਪਏ ਹੋਣ 'ਤੇ 2 ਇਕਾਈਆਂ ਦਾ ਕੁੱਲ ਆਗਮ 10 ਰੁਪਏ ਅਤੇ 3 ਇਕਾਈਆਂ ਦਾ 15 ਰੁਪਏ। ਹਰੇਕ ਹੋਰ ਇਕਾਈ ਦੀ ਵਿਕਰੀ ਦੇ ਫਲਸਰੂਪ ਕੁੱਲ ਆਗਮ ਵਿੱਚ 5 ਰੁਪਏ ਦੀ ਸਥਿਰ ਮਾਤਰਾ ਵਿੱਚ ਵਾਧਾ ਹੋ ਰਿਹਾ ਹੈ।

(ii) **ਔਸਤ ਆਗਮ** (Average Revenue)– ਤਾਲਿਕਾ 1 ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਪੂਰਨ ਪ੍ਰਤੀਯੋਗਤਾ ਵਿੱਚ ਵੇਚੀ ਗਈ ਮਾਤਰਾ ਵਿੱਚ ਹੋਣ ਵਾਲੇ ਪਰਿਵਰਤਨ ਦੇ ਨਾਲ-ਨਾਲ ਔਸਤ ਆਗਮ ਜਾਂ ਕੀਮਤ ਵਿੱਚ ਪਰਿਵਰਤਨ ਨਹੀਂ ਹੁੰਦਾ। ਉਪਰੋਕਤ ਉਦਾਹਰਣ ਵਿੱਚ ਹੀ ਇਹ 5 ਰੁਪਏ ਹੀ ਰਹੇਗੀ, ਚਾਹੇ ਫਰਮ ਇਕ ਇਕਾਈ ਦੀ ਵਿਕਰੀ ਕਰਦੀ ਹੈ ਜਾਂ 4 ਇਕਾਈਆਂ ਦੀ ਵਿਕਰੀ ਕਰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਪੂਰਨ ਪ੍ਰਤੀਯੋਗਤਾ ਦੀ ਸਥਿਤੀ ਵਿੱਚ ਵਸਤੂ ਦੀ ਕੀਮਤ ਦਾ ਨਿਰਧਾਰਣ ਉਦਯੋਗ ਨਾਲ ਕੀਤਾ ਜਾਂਦਾ ਹੈ ਅਤੇ ਫਰਮ ਉਸ ਕੀਮਤ 'ਤੇ ਕਿੰਨੀ ਵੀ ਮਾਤਰਾ ਵੇਚ ਸਕਦੀ ਹੈ।

(iii) **ਸੀਮਿਤ ਆਗਮ** (Marginal Revenue)– ਤਾਲਿਕਾ 1 ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਪੂਰਨ ਪ੍ਰਤੀਯੋਗਤਾ ਵਿੱਚ ਫਰਮ ਦੇ ਸੀਮਿਤ ਆਗਮ ਸਥਿਰ (ਅਤੇ 5 ਰੁ.) ਰਹਿੰਦੇ ਹਨ, ਚਾਹੇ ਉਹ ਕਿੰਨੀ ਵੀ ਜ਼ਿਆਦਾ ਵਸਤੂ ਵੇਚਦੀ ਹੈ। ਅਸਲ ਵਿੱਚ ਕੀਮਤ ਕਿਉਂਕਿ ਜਾਂ ਔਸਤ ਆਗਮ (AR) ਸਥਿਰ ਹੈ, ਇਸ ਲਈ ਸੀਮਿਤ ਆਗਮ ਵੀ ਸਥਿਰ ਰਹਿੰਦੇ ਹਨ, ਕਿਉਂਕਿ ਫਰਮ ਨੂੰ ਹਰੇਕ ਹੋਰ ਇਕਾਈ ਦੀ ਵਿਕਰੀ ਤੋਂ ਬਰਾਬਰ ਕੀਮਤ ਹੀ ਪ੍ਰਾਪਤ ਹੁੰਦੀ ਹੈ ਅਤੇ ਪੂਰਨ ਪ੍ਰਤੀਯੋਗਤਾ ਦੀ ਸਥਿਤੀ ਵਿੱਚ **ਔਸਤ ਆਗਮ ਅਤੇ ਸੀਮਿਤ ਬਰਾਬਰ** (AR = MR) ਹੁੰਦੇ ਹਨ। ਸੀਮਿਤ ਆਗਮ ਨੂੰ ਯਾਦ ਕਰਨ ਲਈ ਕੁੱਲ ਆਗਮ ਵਿੱਚ ਹੋਣ ਵਾਲੇ ਪਰਿਵਰਤਨ (ΔTR) ਨੂੰ ਵਿਕਰੀ ਦੀ ਮਾਤਰਾ ਵਿੱਚ ਹੋਣ ਵਾਲੇ ਪਰਿਵਰਤਨ (ΔQ) ਨਾਲ ਭਾਗ ਕਰ ਦਿੱਤਾ ਜਾਂਦਾ ਹੈ ਅਤੇ $MR = \frac{\Delta TR}{\Delta Q}$ । ਤਾਲਿਕਾ 1 ਤੋਂ ਪਤਾ ਲੱਗਦਾ ਹੈ ਕਿ ਦੂਸਰੀ ਇਕਾਈ ਦੀ ਵਿਕਰੀ ਦੇ ਫਲਸਰੂਪ ਕੁੱਲ ਆਗਮ ਵਿੱਚ 10 ਰੁ. – 5 ਰੁ. = 5 ਰੁ. ਦਾ ਪਰਿਵਰਤਨ ਹੋਇਆ ਹੈ ਅਤੇ ਵੇਚੀ ਗਈ ਵਸਤੂ ਦੀ ਮਾਤਰਾ ਵਿੱਚ 2 –1 = 1 ਇਕਾਈ ਦਾ ਪਰਿਵਰਤਨ ਹੋਇਆ ਹੈ। ਇਸ ਲਈ ਆਗਮ $\frac{5}{1}$ ਰੁਪਏ ਦੇ ਬਰਾਬਰ ਹੋਇਆ। ਇਸੇ ਤਰ੍ਹਾਂ ਵੇਚੀ ਜਾਣ ਵਾਲੀ ਤੀਸਰੀ, ਚੌਥੀ ਅਤੇ ਹੋਰ ਇਕਾਈਆਂ ਦਾ ਸੀਮਿਤ ਆਗਮ 5 ਰੁਪਏ ਹੀ ਹੋਵੇਗਾ।

ਚਿੱਤਰ 11.1 ਨਾਲ ਕੁੱਲ ਆਗਮ (TR); ਔਸਤ ਆਗਮ (AR) ਅਤੇ ਸੀਮਿਤ ਆਗਮ (MR) ਦੀਆਂ ਧਾਰਨਾਵਾਂ ਨੂੰ ਪ੍ਰਗਟ ਕੀਤਾ ਗਿਆ ਹੈ।

ਚਿੱਤਰ 11.1 (A) ਅਤੇ (B) ਵਿੱਚ OY-ਅਕਸ਼ 'ਤੇ ਆਗਮ (Revenue) ਅਤੇ OX-ਅਕਸ਼ 'ਤੇ ਵਿਕਰੀ ਦੀ ਮਾਤਰਾ (Output) ਨੂੰ ਪ੍ਰਗਟ ਕੀਤਾ ਗਿਆ ਹੈ। ਚਿੱਤਰ 11.1 (A) ਵਿੱਚ TR ਵਕ੍ਰ ਕੁੱਲ ਆਗਮ ਵਕ੍ਰ ਹੈ। ਇਹ ਇਕ ਸਰਲ ਰੇਖਾ ਹੈ, ਜਿਸ ਦਾ

ਢਲਾਣ ਹੇਠਾਂ ਤੋਂ ਉਪਰ ਵੱਲ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਕੁੱਲ ਆਗਮ ਸਥਿਰ ਦਰ ਨਾਲ ਵੱਧ ਰਿਹਾ ਹੈ। ਚਿੱਤਰ 11.1 (B) ਵਿੱਚ PP ਪਈ ਰੇਖਾ ਜੋ OX-ਅਕਸ਼ ਦੇ ਸਮਾਂਤਰ ਹੈ। ਔਸਤ ਆਗਮ (AR) ਅਤੇ ਸੀਮਿਤ ਆਗਮ (MR) ਦੋਵਾਂ ਨੂੰ ਪ੍ਰਗਟ ਕਰ ਰਹੀ ਹੈ। ਇਸ ਤੋਂ ਪ੍ਰਗਟ ਹੁੰਦਾ ਹੈ ਕਿ AR ਸਥਿਰ ਹੈ ਅਤੇ ਰੁ. 5 ਦੇ ਬਰਾਬਰ ਹੈ ਅਤੇ AR = MR.

ਨੋਟ



ਚਿੱਤਰ 11.1

ਨੋਟਸ ਇਕ ਫਰਮ ਵੱਲੋਂ ਆਪਣੇ ਉਤਪਾਦਨ ਦੀ ਇਕ ਇਕਾਈ ਘੱਟ ਜਾਂ ਜ਼ਿਆਦਾ ਵੇਚਣ ਨਾਲ ਕੁੱਲ ਆਗਮ ਵਿੱਚ ਜੋ ਅੰਤਰ ਆਉਂਦਾ ਹੈ, ਉਸ ਨੂੰ ਸੀਮਿਤ ਆਗਮ ਕਿਹਾ ਜਾਂਦਾ ਹੈ।

11.4 ਏਕਾਧਿਕਾਰ ਅਤੇ ਏਕਾਧਿਕਾਰੀ ਪ੍ਰਤੀਯੋਗਤਾ ਵਿੱਚ ਆਗਮ ਦੀਆਂ ਧਾਰਨਾਵਾਂ (Concepts of Revenue Under Monopoly and Monopolistic Competition)

ਏਕਾਧਿਕਾਰ ਅਤੇ ਏਕਾਧਿਕਾਰੀ ਪ੍ਰਤੀਯੋਗਤਾ ਦੀ ਸਥਿਤੀ ਵਿੱਚ ਆਗਮ ਦੀਆਂ ਤਿੰਨੋਂ ਧਾਰਨਾਵਾਂ ਅਤੇ (1) **ਕੁੱਲ ਆਗਮ**, (2) **ਔਸਤ ਆਗਮ** ਅਤੇ (3) **ਸੀਮਿਤ ਆਗਮ** ਨੂੰ ਤਾਲਿਕਾ 2 ਅਤੇ ਚਿੱਤਰ 11.2 ਨਾਲ ਸਪੱਸ਼ਟ ਕੀਤਾ ਗਿਆ ਹੈ।

ਤਾਲਿਕਾ 2. ਏਕਾਧਿਕਾਰ/ਏਕਾਧਿਕਾਰੀ ਪ੍ਰਤੀਯੋਗਤਾ ਵਿੱਚ ਆਗਮ ਦੀਆਂ ਵੱਖ-ਵੱਖ ਧਾਰਨਾਵਾਂ
(Different Concepts of Revenue Under Monopoly/Monopolistic Competition)

ਵਿਕਰੀ ਦੀ ਮਾਤਰਾ	ਕੁੱਲ ਆਗਮ (ਰੁ.)	ਔਸਤ ਆਗਮ (ਰੁ.)	ਸੀਮਿਤ ਆਗਮ (ਰੁ.)
Q	**TR =ARxQ**	**AR or P =TR/Q**	**MR =TR_n–TR_{n-1}**
1	10	10	10
2	18	9	8
3	24	8	6
4	28	7	4

ਨੋਟ

(i) **ਕੁੱਲ ਆਗਮ** (Total Revenue)– ਤਾਲਿਕਾ 2 ਤੋਂ ਪ੍ਰਗਟ ਹੁੰਦਾ ਹੈ ਕਿ ਏਕਾਧਿਕਾਰ ਦੀ ਸਥਿਤੀ ਵਿੱਚ ਕੁੱਲ ਆਗਮ ਘੱਟਦੀ ਦਰ 'ਤੇ ਵੱਧ ਰਿਹਾ ਹੈ। ਅਸੀਂ ਪੜ੍ਹ ਚੁੱਕੇ ਹਾਂ ਕਿ ਪੂਰਨ ਪ੍ਰਤੀਯੋਗਤਾ ਦੀ ਸਥਿਤੀ ਵਿੱਚ ਉਤਪਾਦਕ ਕਿਸੇ ਵਸਤੂ ਦੀ ਦਿੱਤੀ ਹੋਈ ਕੀਮਤ 'ਤੇ ਉਸ ਦੀ ਕਿੰਨੀ ਵੀ ਮਾਤਰਾ ਵੇਚ ਸਕਦਾ ਹੈ। ਇਸ ਲਈ ਕੁੱਲ ਆਗਮ ਸਥਿਤੀ ਦਰ 'ਤੇ ਵੱਧਦਾ ਹੈ ਪਰ ਏਕਾਧਿਕਾਰ ਜਾਂ ਏਕਾਧਿਕਾਰੀ ਪ੍ਰਤੀਯੋਗਤਾ ਦੇ ਅਧੀਨ ਉਤਪਾਦਕ ਕਿਸੇ ਵਸਤੂ ਦੀ ਜ਼ਿਆਦਾ ਮਾਤਰਾ ਨੂੰ ਕੀਮਤ ਘੱਟ ਕਰਕੇ ਹੀ ਵੇਚ ਸਕਦਾ ਹੈ ਅਤੇ ਜਿਵੇਂ-ਜਿਵੇਂ ਕਿਸੇ ਵਸਤੂ ਦੀ ਵਿਕਰੀ ਵਿੱਚ ਵਾਧਾ ਹੁੰਦਾ ਹੈ, ਉਸ ਦੀ ਕੀਮਤ (AR) ਘੱਟ ਹੋ ਜਾਂਦੀ ਹੈ, ਜੇਕਰ ਕੀਮਤ (AR) ਵਿੱਚ ਕਮੀ ਹੁੰਦੀ ਹੈ ਤਾਂ ਸੀਮਿਤ ਆਗਮ (MR) ਵਿੱਚ ਵੀ ਕਮੀ ਹੋ ਜਾਂਦੀ ਹੈ। ਇਸ ਲਈ ਏਕਾਧਿਕਾਰ ਜਾਂ ਏਕਾਧਿਕਾਰੀ ਪ੍ਰਤੀਯੋਗਤਾ ਦੀ ਸਥਿਤੀ ਵਿੱਚ ਕੁੱਲ ਆਗਮ (TR) ਘੱਟਦੀ ਦਰ 'ਤੇ ਵੱਧਦਾ ਹੈ।

ਘੱਟਦੇ ਸੀਮਿਤ ਆਗਮ ਤੋਂ ਭਾਵ ਇਹ ਹੈ ਕਿ ਕੁੱਲ ਆਗਮ ਘੱਟਦੀ ਦਰ 'ਤੇ ਵੱਧ ਰਿਹਾ ਹੈ। ਘੱਟਦੇ ਔਸਤ ਤੋਂ ਭਾਵ ਇਹ ਹੈ ਕਿ ਸੀਮਿਤ ਆਗਮ ਉਸ ਤੋਂ ਜ਼ਿਆਦਾ ਤੇਜ਼ ਦਰ ਨਾਲ ਘੱਟਦਾ ਹੈ।

ਚਿੱਤਰ 11.2 (A) ਵਿੱਚ TR ਵਕ੍ਰ ਕੁੱਲ ਆਗਮ ਨੂੰ ਪ੍ਰਗਟ ਕਰਦਾ ਹੈ। TR ਵਕ੍ਰ ਘੱਟਦੀ ਦਰ 'ਤੇ ਵੱਧ ਰਿਹਾ ਹੈ। ਇਸ ਦਾ ਭਾਵ ਇਹ ਹੈ ਕਿ ਜਿਵੇਂ-ਜਿਵੇਂ ਵਸਤੂ ਦੀ ਵਿਕਰੀ ਵਿੱਚ ਵਾਧਾ ਹੁੰਦਾ ਹੈ, TR ਵਕ੍ਰ ਦਾ ਢਲਾਣ ਡਿੱਗਦਾ ਜਾਂਦਾ ਹੈ।

(ii) **ਔਸਤ ਆਗਮ** (Average Revenue)– ਤਾਲਿਕਾ 2 ਤੋਂ ਪਤਾ ਲੱਗਦਾ ਹੈ ਕਿ ਏਕਾਧਿਕਾਰ ਜਾਂ ਏਕਾਧਿਕਾਰੀ ਪ੍ਰਤੀਯੋਗਤਾ ਦੀ ਸਥਿਤੀ ਵਿੱਚ ਔਸਤ ਆਗਮ (AR) ਜਾਂ ਕੀਮਤ ਵਸਤੂ ਦੀ ਵਿਕਰੀ ਵਿੱਚ ਵਾਧਾ ਹੋਣ 'ਤੇ ਘੱਟ ਹੁੰਦੀ ਜਾਂਦੀ ਹੈ। ਜਦੋਂ ਏਕਾਧਿਕਾਰੀ 1 ਕੁਇੰਟਲ ਕਣਕ ਵੇਚ ਰਿਹਾ ਹੈ ਤਾਂ ਕੀਮਤ 10 ਰੁਪਏ ਹੈ। 2 ਕੁਇੰਟਲ ਵੇਚਣ 'ਤੇ ਕੀਮਤ ਘੱਟ ਹੋ ਕੇ 9 ਰੁਪਏ ਹੋ ਜਾਂਦੀ ਹੈ ਅਤੇ 3 ਕੁਇੰਟਲ ਵੇਚਣ 'ਤੇ 8 ਰੁਪਏ ਹੋ ਜਾਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਏਕਾਧਿਕਾਰੀ ਵਸਤੂ ਦੀ ਕੀਮਤ ਅਤੇ ਵਿਕਰੀ ਦੀ ਮਾਤਰਾ ਦੋਵਾਂ ਨੂੰ ਹੀ ਕੰਟਰੋਲ ਨਹੀਂ ਕਰ ਸਕਦਾ ਹੈ। ਉਹ ਕੀਮਤ ਵਿੱਚ ਕਮੀ ਕਰਕੇ ਹੀ ਵਸਤੂ ਦੀ ਜ਼ਿਆਦਾ ਮਾਤਰਾ ਵਿਕਰੀ ਕਰ ਸਕਦਾ ਹੈ।

(iii) **ਸੀਮਿਤ ਆਗਮ** (Marginal Revenue)– ਤਾਲਿਕਾ 2 ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਏਕਾਧਿਕਾਰ ਜਾਂ ਏਕਾਧਿਕਾਰੀ ਪ੍ਰਤੀਯੋਗਤਾ ਦੀ ਸਥਿਤੀ ਵਿੱਚ ਸੀਮਿਤ ਆਗਮ ਘੱਟ ਹੁੰਦਾ ਜਾ ਰਿਹਾ ਹੈ, ਜਦੋਂ ਏਕਾਧਿਕਾਰੀ 2 ਕੁਇੰਟਲ ਦੀ ਵਿਕਰੀ ਕਰਦਾ ਹੈ ਤਾਂ ਸੀਮਿਤ ਆਗਮ 8 ਰੁਪਏ ਹੈ, ਤੀਸਰੇ ਕੁਇੰਟਲ ਦਾ ਸੀਮਿਤ ਆਗਮ ਘੱਟ ਕੇ 6 ਰੁਪਏ ਅਤੇ ਚੌਥੇ ਕੁਇੰਟਲ ਦਾ 4 ਰੁਪਏ ਹੈ। ਪੂਰਨ ਪ੍ਰਤੀਯੋਗਤਾ ਵਿੱਚ ਸੀਮਿਤ ਆਗਮ ਅਤੇ ਔਸਤ ਆਗਮ ਬਰਾਬਰ (MR = AR) ਹੁੰਦੇ ਹਨ ਪਰ ਏਕਾਧਿਕਾਰ ਜਾਂ ਏਕਾਧਿਕਾਰੀ ਪ੍ਰਤੀਯੋਗਤਾ ਦੀ ਸਥਿਤੀ ਵਿੱਚ ਸੀਮਿਤ ਆਗਮ ਅਤੇ ਔਸਤ ਆਗਮ ਇਕ-ਦੂਸਰੇ ਤੋਂ ਵੱਖ ਹੁੰਦੇ ਹਨ। ਸੀਮਿਤ ਆਗਮ ਔਸਤ ਆਗਮ ਤੋਂ ਘੱਟ (MR<AR) ਹੁੰਦਾ ਹੈ। ਇਹੀ ਕਾਰਨ ਹੈ ਕਿ ਜਦੋਂ ਔਸਤ ਆਗਮ ਘੱਟ ਹੁੰਦਾ ਹੈ ਤਾਂ ਸੀਮਿਤ ਆਗਮ ਵੀ ਘੱਟ ਹੋ ਜਾਂਦਾ ਹੈ ਅਤੇ ਸੀਮਿਤ ਆਗਮ ਵਿੱਚ ਔਸਤ ਆਗਮ ਦੀ ਤੁਲਨਾ ਵਿੱਚ ਜ਼ਿਆਦਾ ਕਮੀ ਆਉਂਦੀ ਹੈ।

MR ਕਿਉਂਕਿ AR ਤੋਂ ਜ਼ਿਆਦਾ ਤੇਜ਼ੀ ਨਾਲ ਘੱਟ ਹੁੰਦਾ ਹੈ। ਇਸ ਲਈ MR ਵਕ੍ਰ AR ਵਕ੍ਰ ਦੇ ਹੇਠਾਂ ਖੱਬੇ ਪਾਸੇ ਹੁੰਦਾ ਹੈ।

Behaviour of TR, AR and MR under monopoly/monopolistic competition.



ਚਿੱਤਰ 11.2

ਚਿੱਤਰ 11.2 ਨਾਲ ਏਕਾਧਿਕਾਰ ਜਾਂ ਏਕਾਧਿਕਾਰੀ ਪ੍ਰਤੀਯੋਗਤਾ ਦੀ ਸਥਿਤੀ ਵਿੱਚ ਕੁੱਲ ਆਗਮ, ਔਸਤ ਆਗਮ ਅਤੇ ਸੀਮਿਤ ਆਗਮ ਨੂੰ ਪ੍ਰਗਟ ਕੀਤਾ ਗਿਆ ਹੈ। **ਨੋਟ**

ਚਿੱਤਰ 11.2 (B) ਵਿੱਚ ਔਸਤ ਆਗਮ ਵਕ੍ਰ (AR Curve) ਅਤੇ ਸੀਮਿਤ ਆਗਮ ਵਕ੍ਰ ਨੂੰ ਪ੍ਰਗਟ ਕੀਤਾ ਗਿਆ ਹੈ। ਦੋਵੇਂ ਵਕ੍ਰ ਅਲੱਗ-ਅਲੱਗ ਹਨ ਅਤੇ ਹੇਠਾਂ ਵੱਲ ਡਿੱਗ ਰਹੇ ਹਨ। ਇਸ ਦਾ ਮਤਲਬ ਇਹ ਹੈ ਕਿ ਏਕਾਧਿਕਾਰੀ ਨੂੰ ਵਸਤੂ ਦੀ ਜ਼ਿਆਦਾ ਮਾਤਰਾ ਵੇਚਣ ਲਈ ਉਸ ਦੀ ਕੀਮਤ (ਔਸਤ ਆਗਮ) ਨੂੰ ਘੱਟ ਕਰਨਾ ਪੈਂਦਾ ਹੈ। ਚਿੱਤਰ 11.2 (B) ਤੋਂ ਪ੍ਰਗਟ ਹੁੰਦਾ ਹੈ ਕਿ ਸੀਮਿਤ ਆਗਮ ਵਕ੍ (CR Curve) ਔਸਤ ਆਗਮ (AR Curve) ਦੇ ਹੇਠਾਂ ਹੈ। ਇਸ ਦਾ ਮਤਲਬ ਇਹ ਹੈ ਕਿ ਸੀਮਿਤ ਆਗਮ ਵਿੱਚ ਕਮੀ ਔਸਤ ਆਗਮ ਦੀ ਤੁਲਨਾ ਵਿੱਚ ਜ਼ਿਆਦਾ ਤੇਜ਼ੀ ਨਾਲ ਹੁੰਦੀ ਹੈ ਜਾਂ ਜ਼ਿਆਦਾ ਘੱਟ ਹੁੰਦੀ ਹੈ।

ਧਿਆਨ ਰੱਖੋ

ਏਕਾਧਿਕਾਰ ਅਤੇ ਏਕਾਧਿਕਾਰੀ ਪ੍ਰਤੀਯੋਗਤਾ ਦੋਵਾਂ ਵਿੱਚ ਹੀ AR ਵਕ੍ਰ ਦਾ ਢਲਾਣ ਹੇਠਾਂ ਵੱਲ ਹੁੰਦਾ ਹੈ ਪਰ ਏਕਾਧਿਕਾਰੀ ਪ੍ਰਤੀਯੋਗਤਾ ਵਿੱਚ ਇਹ ਜ਼ਿਆਦਾ ਲੋਚਦਾਰ ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਏਕਾਧਿਕਾਰ ਵਿੱਚ ਨੇੜਲੇ ਪ੍ਰਤੀਸਥਾਪਨ ਨਹੀਂ ਪਾਏ ਜਾਂਦੇ, ਜਦੋਂ ਕਿ ਏਕਾਧਿਕਾਰੀ ਪ੍ਰਤੀਯੋਗਤਾ ਵਿੱਚ ਵਸਤੂ ਦੇ ਕਈ ਨੇੜਲੇ ਪ੍ਰਤੀਸਥਾਪਨ ਹੁੰਦੇ ਹਨ।

ਸਵੈ ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions)–

5. ਆਗਮ ਨੂੰ ..... ਸਮਝਣ ਦੀ ਗਲਤੀ ਨਹੀਂ ਕਰਨੀ ਚਾਹੀਦੀ।
   (ਅ) ਲਾਭ (ਬ) ਹਾਨੀ (ਸ) ਵਿਕਰੀ (ਦ) ਖਰੀਦਦਾਰ
6. ਆਗਮ ਤੋਂ ਭਾਵ ਹੈ ਕਿ ਇਕ ਉਤਪਾਦਕ ਨੂੰ ਆਪਣੇ ਉਤਪਾਦ ਦੀ ਵਿਕਰੀ ਤੋਂ ਪ੍ਰਾਪਤ–
   (ਅ) ਲਾਭ (ਬ) ਹਾਨੀ (ਸ) ਕੁੱਲ ਮੌਦ੍ਰਿਕ ਰਾਸ਼ੀ (ਦ) ਧਨ ਰਾਸ਼ੀ
7. ਇਕ ਫਰਮ ਵੱਲੋਂ ਆਪਣੇ ਉਤਪਾਦਨ ਦੀ ਇਕ ਇਕਾਈ ਘੱਟ ਜਾਂ ਜ਼ਿਆਦਾ ਵੇਚਣ ਨਾਲ ਕੁੱਲ ਆਗਮ ਵਿੱਚ ਜੋ ਅੰਤਰ ਆਉਂਦਾ ਹੈ, ਉਸ ਨੂੰ ਕਿਹਾ ਜਾਂਦਾ ਹੈ–
   (ਅ) ਸੀਮਿਤ ਆਗਮ (ਬ) ਆਗਮ (ਸ) ਕੁੱਲ ਆਗਮ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ
8. ਘੱਟਦੇ ਸੀਮਿਤ ਆਗਮ ਤੋਂ ਭਾਵ ਹੈ ਕੁੱਲ ਆਗਮ ਵੱਧ ਰਿਹਾ ਹੈ–
   (ਅ) ਘੱਟਦੀ ਦਰ 'ਤੇ (ਬ) ਵੱਧਦੀ ਦਰ 'ਤੇ (ਸ) ਤਟਸਥ ਦਰ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

11.5 ਏਕਾਧਿਕਾਰ ਵਿੱਚ ਰੇਕਟੇਂਗੂਲਰ ਹਾਈਪਰਬੋਲਾ ਔਸਤ ਆਮਦਨ ਵਕ੍ਰ (Rectangular Hyperbola AR Curve under Monopoly)

ਏਕਾਧਿਕਾਰ ਦੀ ਸਥਿਤੀ ਵਿੱਚ ਆਮਦਨ ਵਕ੍ਰ ਜਿਵੇਂ ਕਿ ਚਿੱਤਰ 11.3 ਵਿੱਚ ਦਿਖਾਇਆ ਗਿਆ ਹੈ **ਰੇਕਟੇਂਗੂਲਰ ਹਾਈਪਰਬੋਲਾ** (Rectangular Hyperbola) ਵੀ ਹੋ ਸਕਦਾ ਹੈ। ਸ਼ੁੱਧ **ਏਕਾਧਿਕਾਰ ਦੀ ਸਥਿਤੀ ਵਿੱਚ ਉਤਪਾਦਨ ਇੰਨਾ ਸ਼ਕਤੀਸ਼ਾਲੀ ਹੋ ਸਕਦਾ ਹੈ ਕਿ ਉਹ ਆਪਣੇ ਉਤਪਾਦਨ ਦੇ ਹਰੇਕ ਪੱਧਰ ਨੂੰ ਵੇਚ ਕੇ ਉਪਭੋਗਤਾ ਦੀ ਸਾਰੀ ਸੀਮਿਤ ਆਮਦਨ ਪ੍ਰਾਪਤ ਕਰ ਲੈਂਦਾ ਹੈ।** ਇਸ ਸਥਿਤੀ ਵਿੱਚ ਔਸਤ ਆਮਦਨ ਰੇਖਾ (AR Curve) ਰੇਕਟੇਂਗੂਲਰ ਹਾਈਪਰਬੋਲਾ ਹੁੰਦੀ ਹੈ। ਇਸ ਦਾ ਅਰਥ ਇਹ ਹੈ ਕਿ ਇਕ ਅਧਿਕਾਰੀ ਵਸਤੂ ਦੀ ਕੋਈ ਵੀ ਕੀਮਤ ਕਿਉਂ ਨਾ ਨਿਸ਼ਚਿਤ ਕਰ ਲਵੇ, ਉਸ ਦੀ ਵਿਕਰੀ ਤੋਂ ਪ੍ਰਾਪਤ ਹੋਣ ਵਾਲੀ **ਕੁੱਲ ਆਮਦਨ** (Total Revenue) ਬਰਾਬਰ ਰਹੇਗੀ। ਇਸ ਲਈ ਔਸਤ ਆਮਦਨ ਵਕ੍ਰ (AR Curve) ਦੇ ਹਰੇਕ ਬਿੰਦੂ ਦੇ ਹੇਠਾਂ ਵਾਲਾ ਖੇਤਰਫਲ ਇਕ-ਦੂਸਰੇ ਦੇ ਬਰਾਬਰ ਹੁੰਦਾ ਹੈ, ਜਦੋਂ ਕੁੱਲ ਆਮਦਨ ਸਥਿਰ ਹੁੰਦੀ ਹੈ ਤਾਂ ਸੀਮਿਤ ਆਮਦਨ **ਜ਼ੀਰੋ** (Zero) ਹੁੰਦੀ ਹੈ। ਇਸ ਲਈ ਸੀਮਿਤ ਆਮਦਨ ਰੇਖਾ (MR Curve) OX-ਅਕਸ਼ ਦੇ ਨਾਲ ਪ੍ਰਗਟ ਕੀਤੀ ਜਾਵੇਗੀ। ਚਿੱਤਰ 11.3 ਤੋਂ ਪਤਾ ਲੱਗਦਾ ਹੈ ਕਿ AR ਵਕ੍ਰ **ਰੇਕਟੇਂਗੂਲਰ ਹਾਈਪਰਬੋਲਾ** ਹੈ। ਮੰਨ ਲਓ ਉਪਭੋਗਤਾ ਦੇ ਕੋਲ 8 ਰੁਪਏ ਹਨ। ਜਦੋਂ ਏਕਾਧਿਕਾਰੀ ਵਸਤੂ ਦੀ ਕੀਮਤ 4 ਰੁਪਏ ਨਿਰਧਾਰਿਤ ਕਰਦਾ ਹੈ ਤਾਂ ਜਿਵੇਂ ਬਿੰਦੂ P ਤੋਂ ਪਤਾ ਲੱਗਦਾ ਹੈ ਵਸਤੂ ਦੀਆਂ 2 ਇਕਾਈਆਂ ਦੀ ਵਿਕਰੀ ਹੁੰਦੀ ਹੈ ਅਤੇ ਕੁੱਲ ਆਮਦਨ 8 ਰੁਪਏ ਹੁੰਦੀ ਹੈ, ਇਸ ਦੇ ਉਲਟ ਜਦੋਂ ਏਕਾਧਿਕਾਰੀ ਵਸਤੂ ਦੀ ਕੀਮਤ ਨੂੰ ਘੱਟ ਕਰਕੇ 2 ਰੁਪਏ ਕਰ ਦਿੰਦਾ ਹੈ ਤਾਂ N ਬਿੰਦੂ ਤੋਂ ਪਤਾ ਲੱਗਦਾ ਹੈ ਕਿ ਵਸਤੂਆਂ ਦੀ 4 ਇਕਾਈਆਂ ਦੀ ਵਿਕਰੀ ਹੁੰਦੀ ਹੈ ਅਤੇ ਕੁੱਲ ਆਮਦਨ 8 ਰੁਪਏ ਪ੍ਰਾਪਤ ਹੋਵੇਗੀ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਦੂਸਰੀ ਇਕਾਈ ਦੀ ਸੀਮਿਤ ਆਮਦਨ **ਜ਼ੀਰੋ** (Zero) ਹੋਵੇਗੀ। ਚਿੱਤਰ ਵਿੱਚ OX-ਅਕਸ਼ ਨੂੰ ਹੀ MR ਵਕ੍ਰ ਮੰਨਿਆ ਗਿਆ ਹੈ।

ਨੋਟ



ਚਿੱਤਰ 11.3

11.6 ਕੁੱਲ ਔਸਤ ਅਤੇ ਸੀਮਾਂਤ ਆਮਦਨ ਵਿੱਚ ਜਯਾਮਿਤੀ ਜਾਂ ਗ੍ਰਾਫਿਕ ਸਬੰਧ (Graphical or Geometrical Relation between Total Average and Marginal Revenues)

ਇਕ ਫਰਮ ਦੇ ਕੁੱਲ ਔਸਤ ਅਤੇ ਸੀਮਿਤ ਆਗਮਾਂ ਵਿੱਚ ਹੇਠ ਲਿਖੇ ਮੁੱਖ ਸਬੰਧ ਹਨ–

1. **ਜਦੋਂ ਔਸਤ ਆਗਮ ਵਕ੍ਰ ਅਤੇ ਸੀਮਿਤ ਆਗਮ ਵਕ੍ਰ ਇਕ ਬਰਾਬਰ ਹੁੰਦੀ ਹੈ ਅਤੇ OX-ਅਕਸ਼ ਦੇ ਸਮਾਂਤਰ ਪਈ ਰੇਖਾ ਹੋਵੇ** (When Average Revenue and Marginal Revenue Curves Coincide and are represented by a Horizontal Straight Line Parallel to OX-axis) ਔਸਤ ਆਗਮ ਵਕ੍ਰ ਅਤੇ ਸੀਮਿਤ ਵਕ੍ਰ ਦੇ ਇਕ ਬਰਾਬਰ ਹੋਣ ਦੀ ਦਸ਼ਾ ਵਿੱਚ ਔਸਤ ਆਗਮ ਸੀਮਿਤ ਬਰਾਬਰ (AR = MR) ਹੁੰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਫਰਮ ਦਿੱਤੀ ਹੋਈ ਕੀਮਤ 'ਤੇ ਵਸਤੂ ਕਿੰਨੀ ਵੀ ਮਾਤਰਾ ਵਿੱਚ ਵੇਚ ਸਕਦੀ ਹੈ। ਕਿਉਂਕਿ ਔਸਤ ਆਗਮ ਜਾਂ ਕੀਮਤ ਸਥਿਰ ਹੈ, ਇਸ ਲਈ ਸੀਮਿਤ ਆਗਮ ਸਥਿਰ ਹੋਵੇਗਾ ਅਤੇ ਕੁੱਲ ਆਗਮ ਸਥਿਰ ਦਰ ਨਾਲ ਵਧੇਗਾ।



ਚਿੱਤਰ 11.4

ਚਿੱਤਰ 11.4 (A) ਵਿੱਚ ਫਰਮ ਦੀ ਕੁੱਲ ਆਗਮ ਅਤੇ 11.4 (B) ਵਿੱਚ ਔਸਤ ਅਤੇ ਸੀਮਿਤ ਆਗਮ ਵਕ੍ਰ ਦਿਖਾਏ ਗਏ ਹਨ। ਚਿੱਤਰ 11.4 (A) ਤੋਂ ਪਤਾ ਲੱਗਦਾ ਹੈ ਕਿ ਕੁੱਲ ਆਗਮ ਵਕ੍ਰ (TR) ਉਪਰ ਉਠਦੀ ਹੋਈ ਇਕ ਸਰਲ

ਰੇਖਾ ਹੈ। ਉਤਪਾਦਨ ਦੀ ਹਰੇਕ ਇਕਾਈ ਦੀ ਵਿਕਰੀ ਨਾਲ ਕੁੱਲ ਆਗਮ ਵਿੱਚ ਬਰਾਬਰ ਵਾਧਾ ਹੋ ਰਿਹਾ ਹੈ। ਚਿੱਤਰ 11.4 (B) ਤੋਂ ਪਤਾ ਲੱਗਦਾ ਹੈ ਕਿ PP ਰੇਖਾ ਔਸਤ ਆਗਮ ਸੀਮਿਤ ਆਗਮ ਨੂੰ ਪ੍ਰਗਟ ਕਰ ਰਹੀ ਹੈ। ਇਹ ਰੇਖਾ OX ਦੇ ਸਮਾਂਤਰ ਹੈ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਔਸਤ ਆਗਮ ਅਤੇ ਸੀਮਿਤ ਆਗਮ (AR = MR) ਬਰਾਬਰ ਹਨ।

ਨੋਟ

2. **ਜੇਕਰ ਔਸਤ ਆਗਮ ਵਕ੍ਰ ਅਤੇ ਸੀਮਿਤ ਆਗਮ ਵਕ੍ਰ ਦੋਵੇਂ ਹੀ ਹੇਠਾਂ ਵੱਲ ਝੁਕੀਆਂ ਸਿੱਧੀਆਂ ਰੇਖਾਵਾਂ ਹੋਣ** (When Average Revenue and Marginal Revenue Curves are Straight Line Sloping Downwards)- ਚਿੱਤਰ 11.5 ਵਿੱਚ ਪ੍ਰਗਟ ਕੀਤੀ ਗਈ ਔਸਤ ਆਗਮ ਵਕ੍ਰ (AR) ਅਤੇ ਸੀਮਿਤ ਆਗਮ ਵਕ੍ਰ (MR) ਹੇਠਾਂ ਵੱਲ ਝੁਕੀਆਂ ਹੋਈਆਂ ਸਿੱਧੀਆਂ ਰੇਖਾਵਾਂ ਹਨ। ਇਸ ਸਥਿਤੀ ਵਿੱਚ ਸੀਮਿਤ ਆਗਮ ਵਕ੍ਰ (MR) ਔਸਤ ਆਗਮ ਵਕ੍ਰ (AR) ਅਤੇ OY ਰੇਖਾ ਦੇ ਮਧ ਵਿੱਚ ਸਥਿਤ ਹੋਵੇਗੀ। ਇਸ ਦਾ ਅਰਥ ਇਹ ਹੋਇਆ ਕਿ

AB =BC



ਚਿੱਤਰ 11.5



ਚਿੱਤਰ 11.6

ਇਹ ਸਥਿਤੀ ਏਕਾਧਿਕਾਰ ਅਤੇ ਏਕਾਧਿਕਾਰੀ ਪ੍ਰਤੀਯੋਗਤਾ ਦੀ ਸਥਿਤੀ ਵਿੱਚ ਹੁੰਦੀ ਹੈ। ਇਸ ਤਰ੍ਹਾਂ ਸਥਿਤੀ ਵਿੱਚ ਕੁੱਲ ਆਗਮ (TR), ਔਸਤ ਆਗਮ (AR) ਅਤੇ ਸੀਮਿਤ ਆਗਮ (MR) ਦਾ ਸਬੰਧ ਚਿੱਤਰ 11.6 ਤੋਂ ਸਪੱਸ਼ਟ ਕੀਤਾ ਜਾ ਸਕਦਾ ਹੈ। ਚਿੱਤਰ 11.6 ਤੋਂ ਪਤਾ ਲੱਗਦਾ ਹੈ ਕਿ

$$TR = AR \times Q = OA \times OQ\ (= AP) = OAPQ$$

or $$TR = \Sigma MR = OCNQ$$

ਇਸ ਲਈ $$\Sigma MR = AR \times Q$$

or $$OCNQ = OAPQ$$

or $$TR = AR \times Q = \Sigma MR$$

ਜੇਕਰ AB = BP (ਚਿੱਤਰ 11.6) ਤਾਂ ਇਹ ਸਿੱਟਾ ਅਸਾਨੀ ਨਾਲ ਕੱਢਿਆ ਜਾ ਸਕਦਾ ਹੈ ਕਿ MR ਵਕ੍ਰ ਦੇ ਢਲਾਣ ਤੋਂ ਦੁੱਗਣਾ ਹੁੰਦਾ ਹੈ।

(ਇੱਥੇ, TR = ਕੁੱਲ ਆਗਮ, AR = ਔਸਤ ਆਗਮ, Q = ਵਸਤੂ ਦੀ ਮਾਤਰਾ, MR = ਸੀਮਿਤ ਆਗਮ, Σ= (Summation) ਜੋੜ ਦਾ ਚਿੰਨ੍ਹ ਹੈ)

ΔACB ਅਤੇ ΔBPN ਦਾ ਖੇਤਰ ਬਰਾਬਰ ਹੈ, ਕਿਉਂਕਿ ਦੋਵਾਂ ਨੂੰ ਕੁੱਲ ਆਗਮ ਵਿੱਚੋਂ OA BNQ ਨੂੰ ਘਟਾ ਕੇ ਪਤਾ ਲਗਾਇਆ ਗਿਆ ਹੈ। ਹੋਰ ਸ਼ਬਦਾਂ ਵਿੱਚ

ਨੋਟ $\Delta ACB = \Delta BPN$

(ਇਹ ਦੋਵੇਂ ਤ੍ਰਿਭੁਜ ਸਮਰੂਪ ਹਨ, ਕਿਉਂਕਿ ΔACB ਦਾ ਖੇਤਰਫਲ = ΔBPN ਦਾ ਖੇਤਰਫਲ ਹੈ।

$\angle ABC = \angle PBN$ (Vertical Angles)

$\angle CAB = \angle BPN$ (Right Angles)

$\therefore$ **AB = BP**

3. **ਕੁੱਲ ਆਗਮ, ਸੀਮਿਤ ਆਗਮ ਅਤੇ ਔਸਤ ਆਗਮ ਵਕ੍ਰਾਂ ਵਿੱਚ ਸਬੰਧ ਜੇਕਰ** AR **ਅਤੇ** MR **ਵਕ੍ਰ ਅਲੱਗ-ਅਲੱਗ ਹਨ ਅਤੇ ਹੇਠਾਂ ਵੱਲ ਡਿੱਗ ਰਹੀਆਂ ਹਨ** (Relation Between Total Revenue, Marginal Revenue and Average Revenue Curves if AR and MR Curves are separate and falling downwards.)

ਤਾਲਿਕਾ 3 ਅਤੇ ਚਿੱਤਰ 11.7 ਨਾਲ ਕੁੱਲ ਆਗਮ, ਸੀਮਿਤ ਆਗਮ ਅਤੇ ਔਸਤ ਆਗਮ ਵਿੱਚ ਸਬੰਧ ਸਪੱਸ਼ਟ ਹੋ ਜਾਂਦਾ ਹੈ।

ਤਾਲਿਕਾ 3. ਆਗਮ ਦੀਆਂ ਵੱਖ-ਵੱਖ ਧਾਰਨਾਵਾਂ (Different Concept of Revenue)

ਇਕਾਈਆਂ	ਕੁੱਲ ਆਗਮ	ਔਸਤ ਆਗਮ	ਸੀਮਿਤ ਆਗਮ
1	10	10	10
2	18	9	8
3	24	8	6
4	28	7	4
5	30	6	2
6	30	5	0
7	28	4	−2

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚ ਸਹੀ/ਗਲਤ ਲੱਭੋ

(State whether the following statements are True/False)–

9. ਜਦੋਂ ਔਸਤ ਆਗਮ ਅਤੇ ਸੀਮਿਤ ਆਗਮ ਦੋਵੇਂ ਡਿੱਗ ਰਹੇ ਹਨ ਤਾਂ ਸੀਮਿਤ ਆਗਮ ਔਸਤ ਆਗਮ ਤੋਂ ਜ਼ਿਆਦਾ ਹੋ ਜਾਂਦਾ ਹੈ।
10. ਔਸਤ ਆਗਮ ਹਮੇਸ਼ਾ ਧਨਾਤਮਕ ਰਹਿੰਦਾ ਹੈ।
11. ਸੀਮਿਤ ਆਗਮ ਧਨਾਤਮਕ ਜ਼ੀਰੋ ਜਾਂ ਰਣਾਤਮਕ ਹੋ ਸਕਦਾ ਹੈ।
12. ਜਦੋਂ ਮੰਗ ਦੀ ਲੋਚ ਇਕਾਈ ਤੋਂ ਜ਼ਿਆਦਾ ਹੁੰਦੀ ਹੈ, ਉਦੋਂ ਸੀਮਿਤ ਆਗਮ ਗੁਣਾਤਮਕ ਹੁੰਦਾ ਹੈ।

ਤਾਲਿਕਾ 3 ਤੋਂ ਪਤਾ ਲੱਗਦਾ ਹੈ ਕਿ ਵਸਤੂ ਦੀ 6ਵੀਂ ਇਕਾਈ ਤੱਕ ਕੁੱਲ ਆਗਮ ਵੱਧ ਰਿਹਾ ਹੈ। ਇਸ ਤੋਂ ਬਾਅਦ ਇਹ ਘੱਟ ਹੋਣਾ ਸ਼ੁਰੂ ਹੋ ਗਿਆ ਹੈ, ਜਿਵੇਂ-ਜਿਵੇਂ ਵਸਤੂ ਦੀਆਂ ਜ਼ਿਆਦਾ ਇਕਾਈਆਂ ਵੇਚੀਆਂ ਜਾ ਰਹੀਆਂ ਹਨ, ਔਸਤ ਆਗਮ ਅਤੇ ਸੀਮਿਤ ਆਗਮ ਘੱਟ ਹੁੰਦੇ ਜਾ ਰਹੇ ਹਨ। ਔਸਤ ਆਗਮ ਹਮੇਸ਼ਾ **ਧਨਾਤਮਕ** (Positive) ਰਹਿੰਦਾ ਹੈ ਪਰ ਸੀਮਿਤ ਆਗਮ **ਧਨਾਤਮਕ** (Positive), ਜ਼ੀਰੋ (Zero) ਜਾਂ **ਰਣਾਤਮਕ** (Negative) ਹੋ ਸਕਦਾ ਹੈ। ਤਾਲਿਕਾ 3 ਤੋਂ ਪਤਾ ਲੱਗਦਾ ਹੈ ਕਿ 6ਵੀਂ ਇਕਾਈ ਦਾ ਸੀਮਿਤ ਆਗਮ ਜ਼ੀਰੋ ਹੈ ਅਤੇ 7ਵੀਂ ਇਕਾਈ ਦਾ ਰਣਾਤਮਕ ਹੋ ਗਿਆ ਹੈ।

ਆਗਮ ਦੀਆਂ ਇਨ੍ਹਾਂ ਤਿੰਨ ਧਾਰਨਾਵਾਂ ਨੂੰ ਚਿੱਤਰ 11.7 ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ। ਚਿੱਤਰ 11.7 (A) ਵਿੱਚ ਕੁੱਲ ਆਗਮ ਵਕ੍ਰ ਅਤੇ 11.7 (B) ਵਿੱਚ ਔਸਤ ਅਤੇ ਸੀਮਿਤ ਆਗਮ ਵਕ੍ਰ ਪ੍ਰਗਟ ਕੀਤੇ ਗਏ ਹਨ। ਇਨ੍ਹਾਂ ਚਿੱਤਰਾਂ ਦੇ OX ਅਕਸ਼

ਨੋਟ

'ਤੇ ਉਤਪਾਦਨ ਦੀਆਂ ਇਕਾਈਆਂ ਅਤੇ OY ਅਕਸ਼ਾਂ 'ਤੇ ਆਗਮ ਪ੍ਰਗਟ ਕੀਤੇ ਗਏ ਹਨ। ਚਿੱਤਰ 11.7 (A) ਤੋਂ ਪਤਾ ਲੱਗਦਾ ਹੈ ਕਿ ਕੁੱਲ ਆਗਮ ਵਕ੍ਰ ਬਿੰਦੂ O ਤੋਂ B ਬਿੰਦੂ ਤੱਕ ਵੱਧ ਰਹੀ ਹੈ, ਬਿੰਦੂ B 'ਤੇ ਜਦੋਂ ਕੁੱਲ ਆਗਮ ਜ਼ਿਆਦਾ ਹੈ ਤਾਂ ਜਿਵੇਂ ਕਿ ਚਿੱਤਰ 11.7 (B) ਤੋਂ ਪਤਾ ਲੱਗਦਾ ਹੈ ਕਿ ਸੀਮਿਤ ਆਗਮ ਜ਼ੀਰੋ (Zero) ਹੈ। ਬਿੰਦੂ B ਤੋਂ ਬਾਅਦ ਕੁੱਲ ਆਗਮ ਵਕ੍ਰ ਹੇਠਾਂ ਵੱਲ ਡਿੱਗਣ ਲੱਗਾ ਹੈ। ਇਸ ਦਾ ਮਤਲਬ ਇਹ ਹੈ ਕਿ ਵਸਤੂ ਦੀ ਜ਼ਿਆਦਾ ਇਕਾਈ ਵੇਚਣ 'ਤੇ ਵੀ ਕੁੱਲ ਆਗਮ ਘੱਟ ਹੁੰਦਾ ਜਾ ਰਿਹਾ ਹੈ। ਇਸ ਸਥਿਤੀ ਵਿੱਚ ਸੀਮਿਤ ਆਗਮ **ਰਣਾਤਮਕ** (Negative) ਹੈ। ਚਿੱਤਰ 11.7 (B) ਤੋਂ ਪਤਾ ਲੱਗਦਾ ਹੈ ਕਿ AR ਔਸਤ ਆਗਮ ਵਕ੍ਰ ਹੈ। ਇਸ ਵਕ੍ਰ ਦਾ ਢਲਾਣ ਹੇਠਾਂ ਵੱਲ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਉਤਪਾਦਨ ਦੀਆਂ ਜ਼ਿਆਦਾ ਇਕਾਈਆਂ ਵੇਚਣ ਨਾਲ ਔਸਤ ਆਗਮ ਅਤੇ ਕੀਮਤ ਘੱਟ ਹੁੰਦੀ ਜਾਵੇਗੀ। ਚਿੱਤਰ 11.7 (B) ਵਿੱਚ MR ਵਕ੍ਰ ਸੀਮਿਤ ਆਗਮ ਵਕ੍ ਹੈ। ਇਸ ਵਕ੍ਰ ਦਾ ਢਲਾਣ ਵੀ ਹੇਠਾਂ ਵੱਲ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਉਤਪਾਦਨ ਦੀ ਮਾਤਰਾ ਦੀ ਜ਼ਿਆਦਾ ਵਿਕਰੀ ਦੇ ਫਲਸਰੂਪ ਸੀਮਿਤ ਆਗਮ ਘੱਟ ਹੁੰਦਾ ਜਾਵੇਗਾ। 6ਵੀਂ ਇਕਾਈ ਦਾ ਸੀਮਿਤ ਆਗਮ ਜ਼ੀਰੋ ਹੋ ਗਿਆ ਹੈ ਅਤੇ 7ਵੀਂ ਇਕਾਈ ਦਾ ਰਣਾਤਮਕ ਹੋ ਗਿਆ ਹੈ। ਇਸ ਚਿੱਤਰ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਜਦੋਂ ਔਸਤ ਆਗਮ ਅਤੇ ਸੀਮਿਤ ਆਗਮ ਦੋਵੇਂ ਡਿੱਗ ਰਹੇ ਹਨ ਤਾਂ ਸੀਮਿਤ ਆਗਮ ਔਸਤ ਆਗਮ ਤੋਂ ਘੱਟ ਹੁੰਦਾ ਹੈ।



ਚਿੱਤਰ 11.7

(i) ਇਸ ਸਬੰਧ ਵਿੱਚ ਧਿਆਨ ਰੱਖਣਾ ਚਾਹੀਦਾ ਹੈ ਕਿ ਮੂਲ ਬਿੰਦੂ O ਤੋਂ TR ਵਕ੍ਰ 'ਤੇ ਖਿੱਚੀ ਗਈ ਸਰਲ ਰੇਖਾ ਦਾ ਢਲਾਣ ਔਸਤ ਆਗਮ ਕੀਮਤ ਨੂੰ ਪ੍ਰਗਟ ਕਰਦਾ ਹੈ। ਉਦਾਹਰਣ ਦੇ ਤੌਰ 'ਤੇ ਚਿੱਤਰ 11.7 (A) ਵਿੱਚ TR ਰੇਖਾ ਦੇ ਬਿੰਦੂ P 'ਤੇ OA ਰੇਖਾ ਦਾ ਢਲਾਣ $\frac{PQ}{PQ}$ ਹੈ। ਇਹ ਔਸਤ ਆਗਮ ਨੂੰ ਪ੍ਰਗਟ ਕਰ ਰਿਹਾ ਹੈ।

ਨੋਟ

(ii) TR ਵਕ੍ਰ ਦੇ ਕਿਸੇ ਵੀ ਬਿੰਦੂ ਨੂੰ ਛੂੰਹਦੀ ਹੋਈ **ਛੂਹਣ ਰੇਖਾ** (Tangent) ਦਾ ਢਲਾਣ ਸੀਮਿਤ ਆਗਮ ਨੂੰ ਪ੍ਰਗਟ ਕਰਦਾ ਹੈ। ਉਦਾਹਰਣ ਦੇ ਤੌਰ 'ਤੇ ਚਿੱਤਰ 11.7 (A) ਵਿੱਚ TR ਨੂੰ C ਬਿੰਦੂ 'ਤੇ **ਛੂਹਣ ਰੇਖਾ** (Tangent) TM ਦਾ ਢਲਾਣ $\frac{CE}{EF}$ ਸੀਮਿਤ ਆਗਮ ਨੂੰ ਪ੍ਰਗਟ ਕਰਦਾ ਹੈ।

4. **ਜਦੋਂ ਔਸਤ ਆਗਮ ਵਕ੍ਰ ਅਤੇ ਸੀਮਿਤ ਆਗਮ ਵਕ੍ਰ ਦੋਵੇਂ ਉੱਤੋਦਰ ਰੇਖਾਵਾਂ ਹੋਣ** (When Average Revenue Curve and Marginal Revenue Curve are Convex)- ਚਿੱਤਰ 11.8 ਵਿੱਚ ਪ੍ਰਗਟ ਕੀਤੀ ਗਈ ਔਸਤ ਆਗਮ ਵਕ੍ਰ ਅਤੇ ਸੀਮਿਤ ਆਗਮ ਵਕ੍ਰ **ਉੱਤੋਦਰ** (Convex) ਹਨ। ਇਸ ਸਥਿਤੀ ਵਿੱਚ ਔਸਤ ਆਗਮ ਵਕ੍ਰ ਦੇ ਕਿਸੇ ਬਿੰਦੂ ਨਾਲ OY ਅਕਸ਼ 'ਤੇ ਪਾਏ ਗਏ ਲੰਬ ਨੂੰ ਮੱਧ ਬਿੰਦੂ ਤੋਂ ਥੋੜ੍ਹੀ ਘੱਟ ਦੂਰੀ 'ਤੇ ਸੀਮਿਤ ਆਗਮ ਵਕ੍ਰ ਕੱਟੇਗਾ। ਇਸ ਦਾ ਮਤਲਬ ਇਹ ਹੋਇਆ ਕਿ ਸੀਮਿਤ ਆਗਮ ਵਕ੍ਰ ਔਸਤ ਆਗਮ ਵਕ੍ਰ ਦੀ ਤੁਲਨਾ ਵਿੱਚ OY ਅਕਸ਼ ਦੇ ਜ਼ਿਆਦਾ ਨੇੜੇ ਹੋਵੇਗਾ ਅਤੇ AB < BC (AB is less than BC)।



ਚਿੱਤਰ 11.8

5. **ਜਦੋਂ ਔਸਤ ਆਗਮ ਵਕ੍ਰ ਅਤੇ ਸੀਮਿਤ ਆਗਮ ਵਕ੍ਰ ਦੋਵੇਂ ਉੱਤੋਦਰ ਰੇਖਾਵਾਂ ਹਨ** (When both Average Revenue and Marginal Revenue Curve are Concave)– ਚਿੱਤਰ 11.9 ਵਿੱਚ ਪ੍ਰਗਟ ਕੀਤੀ ਗਈ ਔਸਤ ਆਗਮ ਵਕ੍ਰ ਅਤੇ ਸੀਮਿਤ ਆਗਮ ਵਕ੍ ਉੱਤੋਦਰ ਹਨ। ਇਸ ਸਥਿਤੀ ਵਿੱਚ ਔਸਤ ਆਗਮ ਵਕ੍ਰ ਦੇ ਕਿਸੇ ਬਿੰਦੂ ਨਾਲ OY ਅਕਸ਼ 'ਤੇ ਪਾਏ ਗਏ ਲੰਬ ਬਿੰਦੂ ਤੋਂ ਥੋੜ੍ਹੀ ਜ਼ਿਆਦਾ ਦੂਰੀ 'ਤੇ ਸੀਮਿਤ ਆਗਮ ਵਕ੍ਰ ਇਸ ਲੰਬ ਨੂੰ ਕੱਟੇਗੀ। ਇਸ ਦਾ ਅਰਥ ਇਹ ਹੋਇਆ ਕਿ ਸੀਮਿਤ ਆਗਮ OY ਅਕਸ਼ ਤੋਂ ਜ਼ਿਆਦਾ ਦੂਰ ਹੋਵੇਗੀ। ਇਸ ਦਾ ਮਤਲਬ ਇਹ ਹੈ ਕਿ ਸੀਮਿਤ ਆਗਮ ਵਕ੍ਰ ਔਸਤ ਆਮਦਨ ਦੇ ਨੇੜੇ ਹੋਵੇਗਾ ਅਤੇ AB>BC (AB is greater than BC)।



ਚਿੱਤਰ 11.9

ਨੋਟ

ਕੀ ਤੁਸੀਂ ਜਾਣਦੇ ਹੋ	ਕਿਸੇ ਵਸਤੂ ਦੀ ਵਿਕਰੀ ਤੋਂ ਪ੍ਰਾਪਤ ਹੋਣ ਵਾਲੀ ਪ੍ਰਤੀ ਇਕਾਈ ਆਮਦਨ, ਔਸਤ ਆਗਮ ਅਖਵਾਉਂਦੀ ਹੈ।

11.7 ਮੰਗ ਦੀ ਕੀਮਤ ਲੋਚ, ਔਸਤ ਅਤੇ ਸੀਮਾਂਤ ਆਗਮ ਦਾ ਪਾਰਸਪ੍ਰਿਕ ਨਿਰਧਾਰਣ (Mutual Determination of Elasticity of Demand, Average and Marginal Revenue)

ਜੇਕਰ ਕਿਸੇ ਫਰਮ ਨੂੰ ਆਪਣੇ ਉਤਪਾਦਨ ਦੀ ਔਸਤ ਆਗਮ, ਸੀਮਿਤ ਆਗਮ ਅਤੇ ਮੰਗ ਦੀ ਕੀਮਤ ਲੋਚ ਵਿੱਚੋਂ ਕਿਸੇ ਦੋ ਤੱਤਾਂ ਦਾ ਗਿਆਨ ਹੈ ਤਾਂ ਤੀਸਰੇ ਤੱਤ ਦਾ ਗਿਆਨ ਹੇਠ ਲਿਖੇ ਸੂਤਰ ਦੀ ਸਹਾਇਤਾ ਨਾਲ ਪਤਾ ਲਗਾਇਆ ਜਾ ਸਕਦਾ ਹੈ–

$$e_d = \frac{AR}{AR - MR}$$

(ਇੱਥੇ e_d = ਮੰਗ ਦੀ ਲੋਚ, AR = ਔਸਤ ਆਗਮ; MR = ਸੀਮਿਤ ਆਗਮ)

ਮੰਗ ਦੀ ਲੋਚ ਦੇ ਇਸ ਸੂਤਰ ਵਿੱਚ ਦੱਸੇ ਗਏ ਸਬੰਧਾਂ ਨੂੰ ਚਿੱਤਰ 11.10 ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ। ਇਸ ਚਿੱਤਰ ਤੋਂ ਪਤਾ ਲੱਗਦਾ ਹੈ ਕਿ P ਬਿੰਦੂ 'ਤੇ ਮੰਗ ਦੀ ਕੀਮਤ ਲੋਚ

$$E = \frac{\text{Lower Portion}}{\text{Upper Portion}} = \frac{PB}{PQ}$$

ΔPMB ਅਤੇ ΔQRP ਸਮਰੂਪ ਹਨ, ਇਸ ਲਈ ਇਨ੍ਹਾਂ ਦੀਆਂ ਰੇਖਾਵਾਂ ਦਾ ਅਨੁਪਾਤ ਬਰਾਬਰ ਹੋਵੇਗਾ।

$$\frac{PB}{PQ} = \frac{PM}{QR}$$



ਚਿੱਤਰ 11.10

P ਬਿੰਦੂ ਤੋਂ OQ 'ਤੇ PR ਲੰਬ ਪਾਓ। Q ਬਿੰਦੂ ਤੋਂ QN ਰੇਖਾ ਖਿੱਚੋ ਜੋ PR ਨੂੰ ਉਸ ਦੇ ਮੱਧ ਬਿੰਦੂ S 'ਤੇ ਕੱਟਦੀ ਹੈ ਅਤੇ OX ਨੂੰ N 'ਤੇ ਕੱਟਦੀ ਹੈ। ਅਸਲ ਵਿੱਚ ਇਹ ਰੇਖਾ MR ਵਕ੍ਰ ਹੋਵੇਗੀ।

ਨੋਟ ΔPSA ਅਤੇ ΔQRS ਵਿੱਚ

$PS = SR$ ..... (ਰਚਨਾ Construction)

$\angle PSA = \angle QSR$..... (Vertically Opposite $\angle$s)

$\angle QRS = \angle SPA$..... (Right $\angle$s)

ΔPSA ਅਤੇ ΔQRS ਸਰਵਾਗਸਮ (Congruent) ਹੈ।

$$PA = QR$$

$$e_d = \frac{PB}{PQ} = \frac{PM}{OQ} = \frac{PM}{PA} \text{ (ਕਿਉਂਕਿ QR = PA)}$$

ਅਤੇ $$e_d = \frac{PM}{PA} = \frac{PM}{PM - AM} \text{ (ਕਿਉਂਕਿ PA = PM-AM)}$$

(ਇੱਥੇ PM = AR ਜਾਂ ਔਸਤ ਆਗਮ, AM = MR ਜਾਂ ਸੀਮਿਤ ਆਗਮ ਅਤੇ e_d = ਮੰਗ ਦੀ ਲੋਚ) ਅਤੇ ਇਹ ਸਿੱਧ ਹੋ ਜਾਂਦਾ ਹੈ ਕਿ

$$e_d = \frac{AR}{AR - MR}$$

ਜੇਕਰ ਅਸੀਂ ਇਸ ਸੂਤਰ ਵਿੱਚ ਦਿੱਤੇ ਗਏ ਤਿੰਨ ਤੱਤਾਂ ਵਿੱਚੋਂ ਦੋ ਪਤਾ ਹਨ ਤਾਂ ਅਸੀਂ ਤੀਸਰਾ ਤੱਤ ਪਤਾ ਕਰ ਸਕਦੇ ਹਾਂ।

$$e_d = \frac{AR}{AR - MR}$$

ਅਤੇ $$e_d (AR - MR) = AR$$

ਅਤੇ $$(e_d \times AR) - (AR) = e_d \times MR$$

ਅਤੇ $$AR \times (e_d - 1) = e_d \times MR$$

ਅਤੇ $$MR = \frac{(e_d - 1) \times AR}{e_d}$$

ਅਤੇ $$AR = \frac{e_d \times MR}{(e_d - 1)}$$

ਅਤੇ

ਮੰਗ ਦੀ ਲੋਚ = $\frac{\text{ਔਸਤ ਆਗਤ}}{\text{ਔਸਤ ਆਗਤ - ਸੀਮਿਤ ਆਗਮ}}$ ਜਾਂ $e_d = \frac{AR}{AR - MR}$

ਔਸਤ ਅਗਮ = $\frac{\text{ਮੰਗ ਦੀ ਲੋਚ} \times \text{ਸੀਮਿਤ ਆਗਮ}}{\text{ਮੰਗ ਦੀ ਲੋਚ - 1}}$ ਜਾਂ $AR = \frac{e_d \times MR}{(e_d - 1)}$

ਸੀਮਿਤ ਆਗਮ = $\frac{\text{ਔਸਤ ਅਗਮ (ਮੰਗ ਦੀ ਲੋਚ } -1)}{\text{ਮੰਗ ਦੀ ਲੋਚ}}$ ਜਾਂ $MR = \frac{AR (e_d - 1)}{e_d}$

ਟਾਸਕ ਆਮਦਨ ਜਾਂ ਆਗਮ ਆਮਦਨ ਦੇ ਸਬੰਧ ਵਿੱਚ ਆਪਣੇ ਵਿਚਾਰ ਪ੍ਰਗਟ ਕਰੋ।

ਨੋਟ

11.8 ਕੁੱਲ ਆਗਮ ਅਤੇ ਮੰਗ ਦੀ ਲੋਚ (Total Revenue and Elasticity of Demand)

ਏਕਾਧਿਕਾਰ ਦੀ ਸਥਿਤੀ ਵਿੱਚ ਔਸਤ ਆਗਮ ਵਕ੍ਰ ਅਤੇ ਸੀਮਿਤ ਆਗਮ ਵਕ੍ਰ ਹੇਠਾਂ ਵੱਲ ਝੁਕੀਆਂ ਹੋਈਆਂ ਰੇਖਾਵਾਂ ਹੁੰਦੀਆਂ ਹਨ। ਇਸ ਦਾ ਅਰਥ ਇਹ ਹੋਇਆ ਕਿ ਔਸਤ ਆਗਮ ਵਕ੍ਰ ਦੇ ਵੱਖ-ਵੱਖ ਬਿੰਦੂਆਂ 'ਤੇ ਮੰਗ ਲੋਚ ਅਲੱਗ-ਅਲੱਗ ਹੁੰਦੀ ਹੈ। ਔਸਤ ਆਗਮ ਅਤੇ ਸੀਮਿਤ ਆਗਮ ਦੇ ਸਬੰਧ ਨੂੰ ਮੰਗ ਦੀ ਲੋਚ ਦੇ ਅਧਾਰ 'ਤੇ ਵੀ ਪਤਾ ਕੀਤਾ ਜਾ ਸਕਦਾ ਹੈ। ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਇਕ ਫਰਮ ਦੀ ਔਸਤ ਆਗਮ ਵਕ੍ਰ ਹੀ ਮੰਗ ਹੁੰਦੀ ਹੈ। ਇਸ ਦੇ ਨਾਲ **ਫਰਮ ਨੂੰ ਇਹ ਪਤਾ ਹੁੰਦਾ ਹੈ ਕਿ ਵਸਤੂ ਦੀ ਕੀਮਤ ਵਿੱਚ ਕਿਸ ਦਿਸ਼ਾ ਵਿੱਚ ਪਰਿਵਰਤਨ ਹੋਵੇਗਾ।** ਔਸਤ ਆਗਮ (AR) ਦਾ ਮੰਗ ਦੀ ਲੋਚ ਦੇ ਅਧਾਰ 'ਤੇ ਸੀਮਿਤ ਆਗਮ (MR) ਨਾਲ ਸਬੰਧ ਚਿੱਤਰ 11.11 ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ।

ਚਿੱਤਰ 11.11 ਵਿੱਚ AR ਔਸਤ ਆਗਮ ਵਕ੍ਰ ਹੈ ਅਤੇ MR ਸੀਮਿਤ ਆਗਮ ਵਕ੍ਰ ਹੈ। ਇਸ ਚਿੱਤਰ ਤੋਂ ਪ੍ਰਗਟ ਹੁੰਦਾ ਹੈ ਕਿ ਬਿੰਦੂ M ਦੇ ਖੱਬੇ ਪਾਸੇ ਔਸਤ ਆਗਮ ਵਕ੍ਰ ਦੀ ਮੰਗ ਲੋਚ ਇਕਾਈ ਤੋਂ ਜ਼ਿਆਦਾ (E>1) ਹੈ। ਇਸ ਲਈ ਸੀਮਿਤ ਆਗਮ, **ਧਨਾਤਮਕ** (Positive) ਹੋਵੇਗੀ। ਇਸ ਦਾ ਭਾਵ ਇਹ ਹੋਇਆ ਕਿ ਜੇਕਰ ਫਰਮ ਵਸਤੂ ਦੀ ਕੀਮਤ ਘੱਟ ਕਰੇਗੀ ਤਾਂ ਕੁਲ ਆਮਦਨ ਵਿੱਚ ਵਾਧਾ ਹੋਵੇਗਾ ਅਤੇ ਜਦੋਂ ਸੀਮਿਤ ਆਗਮ ਧਨਾਤਮਕ ਹੁੰਦਾ ਹੈ ਅਤੇ ਔਸਤ ਆਗਮ ਦੀ ਮੰਤਰਗ ਲੋਚ ਇਕਾਈ ਤੋਂ ਜ਼ਿਆਦਾ ਹੁੰਦਾ ਹੈ ਤਾਂ ਫਰਕ ਨੂੰ ਵਸਤੂ ਦੀ ਕੀਮਤ ਘੱਟ ਨਿਰਧਾਰਿਤ ਕਰਨੀ ਚਾਹੀਦੀ ਹੈ। ਬਿੰਦੂ M 'ਤੇ ਔਸਤ ਆਗਮ ਵਕ੍ਰ ਦੀ ਮੰਗ ਲੋਚ ਇਕਾਈ ਦੇ ਬਰਾਬਰ (E=1) ਇਸ ਸਥਿਤੀ ਵਿੱਚ ਸੀਮਿਤ ਆਗਮ **ਜ਼ੀਰੋ** (Zero) ਹੋਵੇਗਾ ਅਤੇ ਇਸ ਸਥਿਤੀ ਵਿੱਚ ਜੇਕਰ ਇਕ ਫਰਮ ਕੀਮਤ ਵਿੱਚ ਪਰਿਵਰਤਨ ਕਰੇਗੀ ਤਾਂ ਕੁਲ ਆਗਮ ਵਿੱਚ ਕੋਈ ਪਰਿਵਰਤਨ ਨਹੀਂ ਹੋਵੇਗਾ। ਇਸ ਸਥਿਤੀ ਵਿੱਚ ਫਰਮ ਦੀ ਕੀਮਤ ਵਿੱਚ ਕਿਸੇ ਵੀ ਤਰ੍ਹਾਂ ਦਾ ਪਰਿਵਰਤਨ ਕਰਨ ਨਾਲ ਲਾਭ ਵੀ ਹੋਵੇਗਾ। M ਬਿੰਦੂ ਦੇ ਸੱਜੇ ਪਾਸੇ ਔਸਤ ਆਗਮ ਦੀ ਮੰਗ ਲੋਚ **ਇਕਾਈ ਤੋਂ ਘੱਟ** (E<1) ਹੈ। ਇਸ ਸਥਿਤੀ ਵਿੱਚ ਸੀਮਿਤ ਆਗਮ **ਰਣਾਤਮਕ** (Negative) ਹੋਵੇਗਾ ਅਤੇ ਫਰਮ ਨੂੰ ਤਾਂ ਹੀ ਲਾਭ ਹੋਵੇਗਾ ਜਦੋਂ ਉਹ ਵਸਤੂ ਦੀ ਕੀਮਤ ਜ਼ਿਆਦਾ ਨਿਰਧਾਰਿਤ ਕਰੇਗੀ। ਹੋਰ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ (1) ਸੀਮਿਤ ਆਗਮ (MR) ਧਨਾਤਮਕ, ਰਣਾਤਮਕ ਅਤੇ ਜ਼ੀਰੋ ਹੋ ਸਕਦੀ ਹੈ ਪਰ ਔਸਤ ਆਗਮ ਹਮੇਸ਼ਾ **ਧਨਾਤਮਕ** (Positive) ਹੁੰਦਾ ਹੈ। (2) ਜਦੋਂ ਸੀਮਿਤ ਆਗਮ ਧਨਾਤਮਕ ਹੁੰਦਾ ਹੈ ਤਾਂ ਔਸਤ ਆਗਮ, ਸੀਮਿਤ ਆਗਮ ਤੋਂ ਜ਼ਿਆਦਾ ਹੁੰਦਾ ਹੈ ਪਰ ਜਦੋਂ ਸੀਮਿਤ ਆਗਮ ਰਣਾਤਮਕ ਹੋ ਜਾਂਦਾ ਹੈ ਤਾਂ ਔਸਤ ਆਗਮ ਘੱਟ ਹੋਣ ਲੱਗਦਾ ਹੈ।



ਚਿੱਤਰ 11.11

ਔਸਤ ਆਗਮ, ਸੀਮਿਤ ਆਗਮ ਅਤੇ ਮੰਗ ਦੀ ਲੋਚ ਦੇ ਸਬੰਧ ਦੀ ਵਿਆਖਿਆ ਹੇਠ ਲਿਖੇ ਢੰਗ ਨਾਲ ਕੀਤੀ ਜਾ ਸਕਦੀ ਹੈ–

(i) ਜਦੋਂ ਮੰਗ ਦੀ ਲੋਚ ਅਨੰਤ (Infinity) ਹੁੰਦੀ ਹੈ। (ਪਈ ਮੰਗ ਰੇਖਾ) ਅਤੇ ਸੀਮਿਤ ਆਗਮ, ਔਸਤ ਆਗਮ ਦੇ ਬਰਾਬਰ ਹੁੰਦਾ ਹੈ। (When the elasticity of demand is infinity (a horizontal demand curve) marginal revenue equals average revenue)

ਨੋਟ

ਅਸੀਂ ਜਾਣਦੇ ਹਾਂ–

$$MR = AR\left(\frac{e_d - 1}{e_d}\right) = AR\left(1 - \frac{1}{e_d}\right)$$

ਮੰਗ ਦੀ ਲੋਚ ਦਾ ਮੁੱਲ (ਜੋ ਅਨੰਤ ∞ ਹਨ) ਨੂੰ ਸਮੀਕਰਨ ਵਿੱਚ ਲਗਾਉਣ ਨਾਲ

$$MR = AR = \left(1 - \frac{1}{\infty}\right) AR\ (1 - 0)\ AR \text{ or Price}$$

(ii) ਜਦੋਂ ਮੰਗ ਦੀ ਲੋਚ ਇਕਾਈ ਹੁੰਦੀ ਹੈ ਤਾਂ ਸੀਮਿਤ ਆਗਮ ਜ਼ੀਰੋ ਹੁੰਦਾ ਹੈ। (When elasticity of demand is unitary, marginal revenue is zero.)

$$MR = AR\left(\frac{e_d - 1}{e_d}\right) AR = AR\left(1 - \frac{1}{e_d}\right)$$

$$= AR\left(1 - \frac{1}{1}\right) = AR \times (0) = 0$$

(iii) ਜਦੋਂ ਮੰਗ ਦੀ ਲੋਚ ਇਕਾਈ ਤੋਂ ਜ਼ਿਆਦਾ (ਲੋਚਦਾਰ ਮੰਗ) ਹੁੰਦੀ ਹੈ ਉਦੋਂ ਸੀਮਿਤ ਆਗਮ ਧਨਾਤਮਕ ਹੁੰਦਾ ਹੈ। (When elasticity of demand is greater than unitary (elastic demand) marginal revenue is positive (MR>0)।

ਉਦਾਹਰਣ ਦੇ ਤੌਰ 'ਤੇ $e_d = 3$, ਸੀਮਿਤ ਆਗਮ (MR) ਔਸਤ ਆਗਮ ਦਾ ਦੋ ਤਿਹਾਈ ਹੁੰਦਾ ਹੈ।

$$MR = AR\left(1 - \frac{1}{e_d}\right) = AR\left(1 - \frac{1}{3}\right) = AR\left(\frac{2}{3}\right) = \frac{2}{3}AR$$

(iv) ਜਦੋਂ ਮੰਗ ਦੀ ਲੋਚ ਇਕਾਈ ਘੱਟ (ਬੇਲੋਚਦਾਰ) ਹੁੰਦੀ ਹੈ ਤਾਂ ਸੀਮਿਤ ਆਗਮ ਰਣਾਤਮਕ ਹੁੰਦਾ ਹੈ। (When elasticity of demand is less than unitary (inelastic demand), marginal revenue is negative. (MR<0)

ਉਦਾਹਰਣ ਦੇ ਲਈ, ਜਦੋਂ $E = \frac{1}{2}$ ਅਤੇ AR =3, MR ਰਣਾਤਮਕ ਹੈ।

$$MR = AR\left(1 - \frac{1}{e_d}\right) = 3\left(1 - \frac{1}{\frac{1}{2}}\right) = 3(1 - 2) = 3(-1) = 3$$

$$MR = -3$$

11.9 ਸਾਰੰਸ਼ (Summary)

- ਸਧਾਰਣ ਭਾਸ਼ਾ ਵਿੱਚ ਅਸੀਂ ਜਿਸ ਨੂੰ ਪ੍ਰਤੀ ਇਕਾਈ ਕੀਮਤ ਕਹਿੰਦੇ ਹਾਂ ਉਹ ਹੀ ਔਸਤ ਆਗਮ ਹੈ ਅਤੇ ਕਿਸੇ ਵਸਤੂ ਦੀ ਕੀਮਤ ਅਤੇ ਔਸਤ ਆਗਮ ਦੇ ਇਕ ਹੀ ਅਰਥ ਹੁੰਦੇ ਹਨ ਅਤੇ ਔਸਤ ਆਗਮ ਨੂੰ ਉਤਪਾਦ ਦੀ ਇਕਾਈ ਆਗਮ ਦੇ ਰੂਪ ਵਿੱਚ ਪ੍ਰੀਭਾਸ਼ਿਤ ਕੀਤਾ ਜਾਂਦਾ ਹੈ।

11.10 ਸ਼ਬਦਕੋਸ਼ (Keywords)

1. **ਆਗਮ** (Revenue)– ਰਾਜ ਦੀ ਪੂਰੀ ਸਾਲਾਨਾ ਆਮਦਨ।
2. **ਔਸਤ ਆਗਮ** (Average Revenue)- ਔਸਤ ਆਮਦਨ।
3. **ਸੀਮਿਤ ਆਗਮ** (Marginal Revenue)– ਕੁਲ ਆਮਦਨ।

11.11 ਅਭਿਆਸ ਪ੍ਰਸ਼ਨ (Review Questions)

ਨੋਟ

1. ਆਮਦਨ ਜਾਂ ਆਗਮ ਕੀ ਹੈ?
2. ਪੂਰਨ ਪ੍ਰਤੀਯੋਗਤਾ ਵਿੱਚ ਆਗਮ ਦੀਆਂ ਪ੍ਰੀਭਾਸ਼ਾਵਾਂ ਦਾ ਉਲੇਖ ਕਰੋ।
3. ਮੰਗ ਦੀ ਕੀਮਤ ਲੋਚ ਤੋਂ ਕੀ ਭਾਵ ਹੈ?
4. ਕੁਲ ਅਗਮ ਅਤੇ ਮੰਗ ਦੀ ਲੋਚ ਦਾ ਵੇਰਵਾ ਕਰੋ।

ਉਤਰ : ਸਵੈ ਮੁਲਾਂਕਣ (Answers : Self Assessment)

1. ਵਿੱਕਰੀ	2. ਔਸਤ ਆਗਮ	3. ਕੀਮਤ	4. ਜ਼ੀਰੋ
5. (ਅ)	6. (ਸ)	7. (ਅ)	8. (ਅ)
9. ਗਲਤ	10. ਸਹੀ	11. ਸਹੀ	12. ਸਹੀ।

11.12 ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕ੍ਰੋਇਕਨੋਮਿਕਸ : ਐਨ ਐਡਵਾਂਸ ਟਰੀਟਾਈਜ-ਐਸ. ਪੀ. ਐਸ. ਚੌਹਾਨ ਪੀ. ਐਸ. ਆਈ. ਲਰਨਿੰਗ।
2. ਮਾਈਕ੍ਰੋਇਕਨੋਮਿਕਸ : ਬਿਹੇਵੀਅਰ, ਇੰਸਟੀਟਿਊਸ਼ਨਜ਼ ਐਂਡ ਇਵੋਲਿਊਸ਼ਨ-ਸੈਮਪੂਲ ਬੋਵੈਲਸ ਆਕਸਫੋਰਡ ਯੂਨੀਵਰਸਿਟੀ ਪ੍ਰੈਸ, 2004।
3. ਮਾਈਕ੍ਰੋਇਕਨੋਮਿਕਸ : ਪ੍ਰਿੰਸੀਪਲ ਐਪਲੀਕੇਸ਼ਨ ਐਂਡ ਟੂਲਸ-ਸੰਜੈ ਬਾਸੋਤੀਆ, ਡੀ. ਐਨ. ਡੀ. ਪਬਲੀਕੇਸ਼ਨਜ਼, 2010।

ਨੋਟ

ਇਕਾਈ-12 : ਪੂਰਨ ਪ੍ਰਤੀਯੋਗਤਾ ਦੇ ਅਧੀਨ ਕੀਮਤ-ਨਿਰਧਾਰਣ (Pricing Under Perfect Competition)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

12.1 ਸੰਤੁਲਨ ਕੀਮਤ (Equilibrium Price)

12.2 ਕੀਮਤ ਸਿਧਾਂਤ ਵਿੱਚ ਸਮੇਂ-ਤੱਤ ਦਾ ਮਹੱਤਵ (Importance of Time Element in Price Theory)

12.3 ਬਾਜ਼ਾਰ ਕੀਮਤ ਅਤੇ ਸਧਾਰਣ ਕੀਮਤ ਵਿੱਚ ਤੁਲਨਾ (Comparison between Market Price and Normal Price)

12.4 ਸਾਰੰਸ਼ (Summary)

12.5 ਸ਼ਬਦਕੋਸ਼ (Keywords)

12.6 ਅਭਿਆਸ ਪ੍ਰਸ਼ਨ (Review Questions)

12.7 ਸਬੰਧਿਤ ਪੁਸਤਕਾਂ (Further Readings)

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ-

- ਸੰਤੁਲਨ ਕੀਮਤ ਜਾਨਣ ਸਬੰਧੀ।
- ਕੀਮਤ ਸਿਧਾਂਤ ਵਿੱਚ ਸਮੇਂ-ਤੱਤ ਦਾ ਮਹੱਤਵ ਸਮਝਣ ਸਬੰਧੀ।
- ਬਾਜ਼ਾਰ ਕੀਮਤ ਅਤੇ ਸਧਾਰਣ ਕੀਮਤ ਵਿੱਚ ਤੁਲਨਾ ਕਰਨ ਸਬੰਧੀ।

ਪ੍ਰਸਤਾਵਨਾ (Introduction)

ਪਿਛਲੇ ਅਧਿਆਇ ਵਿੱਚ ਆਮਦਨ ਜਾਂ ਆਗਮ ਦੀਆਂ ਧਾਰਨਾਵਾਂ ਦਾ ਅਧਿਐਨ ਕਰਨ ਦੇ ਬਾਅਦ, ਪੇਸ਼ ਅਧਿਆਇ ਵਿੱਚ ਅਸੀਂ ਪੂਰੀ ਪ੍ਰਤੀਯੋਗਤਾ ਦੇ ਅਧੀਨ, ਵਸਤੂਆਂ ਦੀ ਕੀਮਤ-ਨਿਰਧਾਰਣ ਦਾ ਵਿਵੇਚਨ ਕਰਨਗੇ।

12.1 ਸੰਤੁਲਨ ਕੀਮਤ (Equilibrium Price)

ਬਾਜ਼ਾਰ ਵਿੱਚ ਸੌਦਾ ਕਰਨ ਵਾਲੀਆਂ ਦੋ ਪਾਰਟੀਆਂ ਹੁੰਦੀਆਂ ਹਨ-ਇਕ ਖਰੀਦਦਾਰ ਅਤੇ ਦੂਸਰਾ ਵਿਕਰੇਤਾ। ਇਨ੍ਹਾਂ ਦੋਨੋਂ ਪਾਰਟੀਆਂ ਵਿੱਚ ਸਮਝੌਤਾ ਹੋਣ 'ਤੇ ਹੀ ਵਸਤੂ ਕਿਸੇ ਨਿਸ਼ਚਿਤ ਕੀਮਤ 'ਤੇ ਵੇਚੀ ਅਤੇ ਖਰੀਦੀ ਜਾਂਦੀ ਹੈ। ਇਸ ਤਰ੍ਹਾਂ ਵਸਤੂ ਦੀ ਕੀਮਤ-ਨਿਰਧਾਰਣ 'ਤੇ ਖਰੀਦਦਾਰਾਂ ਅਤੇ ਵਿਕਰੇਤਾਵਾਂ ਦਾ ਪ੍ਰਭਾਵ ਪੈਂਦਾ ਹੈ ਅਤੇ ਮੰਗ ਤੇ ਪੂਰਤੀ ਦਾ।

ਖਰੀਦਦਾਰਾਂ 'ਤੇ ਮੰਗ ਦਾ ਨਿਯਮ ਲਾਗੂ ਹੁੰਦਾ ਹੈ ਜਿਸ ਦੇ ਅਨੁਸਾਰ ਕੀਮਤ ਵੱਧਣ 'ਤੇ ਮੰਗ ਘੱਟ ਹੋ ਜਾਂਦੀ ਹੈ ਅਤੇ ਕੀਮਤ ਘੱਟ ਹੋਣ 'ਤੇ ਮੰਗ ਵੱਧ ਜਾਂਦੀ ਹੈ। ਪੂਰਤੀ ਵੱਲ ਪੂਰਤੀ ਦਾ ਨਿਯਮ ਲਾਗੂ ਹੁੰਦਾ ਹੈ ਜਿਸ ਦੇ ਅਨੁਸਾਰ ਵਧਣ 'ਤੇ ਪੂਰਤੀ ਵਿੱਚ ਵਾਧਾ ਹੁੰਦਾ ਹੈ ਅਤੇ ਕੀਮਤ ਘੱਟ ਹੋਣ 'ਤੇ ਵਸਤੂ ਦੀ ਕੀਮਤ ਘੱਟ ਜਾਂਦੀ ਹੈ। ਇਸ ਤਰ੍ਹਾਂ ਮੰਗ ਅਤੇ ਪੂਰਤੀ ਦੋ ਵਿਰੋਧੀ ਸ਼ਕਤੀਆਂ ਹਨ, ਜੋ ਇਕ-ਦੂਸਰੇ ਤੋਂ ਉਲਟ ਚੱਲਦੀਆਂ ਹਨ। ਜਿੱਥੇ ਉਹ ਇਕ-ਦੂਸਰੇ ਦੇ ਬਰਾਬਰ ਹੁੰਦੀਆਂ ਹਨ, ਉਹੀ ਕੀਮਤ-ਨਿਰਧਾਰਿਤ ਹੁੰਦੀ ਹੈ

ਨੋਟ

ਅਤੇ ਉਸ ਕੀਮਤ ਨੂੰ ਸੰਤੁਲਨ ਕੀਮਤ ਕਹਿੰਦੇ ਹਨ। ਇਸ ਕੀਮਤ ਨੂੰ 'ਤੇ ਵਸਤੂ ਦੀ ਖਰੀਦੀ ਅਤੇ ਵੇਚੀ ਗਈ ਮਾਤਰਾ ਨੂੰ **ਸੰਤੁਲਨ ਮਾਤਰਾ** ਕਹਿੰਦੇ ਹਨ। ਜਦੋਂ ਕੀਮਤ ਸੰਤੁਲਨ ਕੀਮਤ ਤੋਂ ਘੱਟ ਜਾਂ ਜ਼ਿਆਦਾ ਹੁੰਦੀ ਹੇ ਤਾਂ ਸੰਤੁਲਨ–ਉਤਪਾਦਨ ਵਿੱਚ ਵਿਚਲਨ ਹੋ ਜਾਂਦਾ ਹੈ ਜਿਸ ਨਾਲ ਅਤੇ ਫਿਰ ਸੰਤੁਲਨ ਕੀਮਤ ਸਥਾਪਿਤ ਹੋ ਜਾਂਦੀ ਹੈ। ਕੀਮਤ–ਨਿਰਧਾਰਣ ਕੀਤੀ ਇਸ ਤਾਲਿਕਾ 1 ਅਤੇ ਚਿੱਤਰ 12.1 ਨਾਲ ਸਮਝਾਇਆ ਗਿਆ ਹੈ।

ਹੇਠਾਂ ਤਾਲਿਕਾ ਵਿੱਚ ਸੇਬ ਦੀ ਮੰਗ ਅਤੇ ਪੂਰਤੀ ਅਨੁਸੂਚੀ ਪ੍ਰਗਟ ਕੀਤੀ ਗਈ ਹੈ। ਜਦੋਂ ਸੇਬਾਂ ਦੀ ਕੀਮਤ 10 ਰੁਪਏ ਪ੍ਰਤੀ ਕਿਲੋ ਗ੍ਰਾਮ ਹੁੰਦੀ ਹੈ ਤਾਂ ਮਾਰਕੀਟ ਵਿੱਚ ਸੇਬਾਂ ਦੀ ਮੰਗ 120 ਕਿ. ਗ੍ਰਾ. ਅਤੇ ਪੂਰਤੀ 20 ਕ੍ਵਿ. ਗ੍ਰਾ. ਹੈ।

ਤਾਲਿਕਾ 1. ਮੰਗ ਪੂਰਤੀ ਅਨੁਸੂਚੀ

ਕੀਮਤ (ਰੁਪਏ) (Price in Rs.)	**ਮੰਗ ਦੀ ਮਾਤਰਾ** (Quantity Demanded)	**ਪੂਰਤੀ ਦੀ ਮਾਤਰਾ** (Quantity Supplied)
10	120	20
20	100	30
30	80	45
ਸੰਤੁਲਨ ਕੀਮਤ ⟶ 40	60	60 ⟵ ਸੰਤੁਲਨ ਮਾਤਰਾ
50	40	80
60	20	120

ਕੀਮਤ ਦੇ ਵਧਣ ਨਾਲ ਮੰਗ ਘੱਟ ਹੁੰਦੀ ਜਾਂਦੀ ਹੈ ਅਤੇ ਪੂਰਤੀ ਵੱਧਦੀ ਜਾਂਦੀ ਹੈ। ਜਦੋਂ ਕਿ ਕੀਮਤ 40 ਰੁਪਏ ਪ੍ਰਤੀ ਕਿਲੋਗ੍ਰਾਮ ਹੁੰਦੀ ਹੈ ਅਤੇ ਮੰਗ ਅਤੇ ਪੂਰਤੀ ਦੋਨੋਂ 60 ਕਿ. ਗ੍ਰਾ. ਹੁੰਦੀਆਂ ਹਨ। ਇਹ ਸੰਤੁਲਨ ਮਾਤਰਾ ਹੈ, ਜੋ 40 ਰੁ. ਸੰਤੁਲਨ ਕੀਮਤ ਨੂੰ ਨਿਰਧਾਰਿਤ ਕਰਦੀ ਹੈ। ਇਕ ਵਾਰ ਸੰਤੁਲਨ ਕੀਮਤ ਸਥਾਪਿਤ ਹੋ ਜਾਣ ਨਾਲ ਉਸ ਵਿੱਚ ਪਰਿਵਰਤਨ ਦੀ ਕੋਈ ਪ੍ਰਵਿਰਤੀ ਨਹੀਂ ਪਾਈ ਜਾਂਦੀ ਹੇ। ਜੇਕਰ ਕਿਸੇ ਸਮੇਂ ਕੀਮਤ 40 ਰੁ. ਤੋਂ ਜ਼ਿਆਦਾ ਜਾਂ ਘੱਟ ਹੋ ਜਾਦੀ ਹੈ ਤਾਂ ਮੰਗ ਅਤੇ ਪੂਰਤੀ ਦੀਆਂ ਸ਼ਕਤੀਆਂ ਉਸ ਨੂੰ ਪੁਨਰ 40 ਰੁ. 'ਤੇ ਹੀ ਲਿਆਏਗੀ। ਉਦਾਹਰਣ ਦੇ ਤੌਰ 'ਤੇ ਜੇਕਰ ਕੀਮਤ 40 ਰੁ. ਤੋਂ ਘੱਟ ਹੋ ਕੇ 30 ਰੁ. ਹੋ ਜਾਂਦੀ ਹੈ ਤਾਂ ਮੰਗ ਵੱਧ ਕੇ 80 ਕਿ. ਗ੍ਰਾ. ਅਤੇ ਪੂਰਤੀ ਘੱਟ ਹੋ ਕੇ 45 ਕਿ.ਗ੍ਰਾ. ਹੋ ਜਾਂਦੀ ਹੈ। ਸੇਬਾਂ ਦੀ ਥੋੜ੍ਹੀ ਮਾਤਰਾ ਦੇ ਲਈ ਜ਼ਿਆਦਾ ਮੰਗ ਹੋਣ ਨਾਲ ਖਰੀਦਦਾਰਾਂ ਵਿੱਚ ਪ੍ਰਤੀਯੋਗਤਾ ਦੇ ਕਾਰਨ ਕੀਮਤ ਵੱਧ ਕੇ 40 ਰੁ. ਹੋ ਜਾਂਦੀ ਹੈ। ਇਸ ਨਾਲ ਮੰਗ ਘੱਟ ਹੋ ਕੇ 60 ਕਿ. ਗ੍ਰਾ. ਅਤੇ ਪੂਰਤੀ ਵੀ ਵੱਧ ਕੇ 60 ਕਿ. ਗ੍ਰਾ. ਹੋ ਜਾਂਦੀ ਹੈ। ਇਸ ਤਰ੍ਹਾਂ ਸੰਤੁਲਨ ਕੀਮਤ ਪੁਨਰ ਸਥਾਪਿਤ ਹੋ ਜਾਂਦੀ ਹੈ। ਇਸ ਦੇ ਉਲਟ ਕੀਮਤ 50 ਰੁ. ਹੋਣ 'ਤੇ ਮੰਗ 40 ਕਿ. ਗ੍ਰਾ. ਅਤੇ ਪੂਰਤੀ 80 ਕਿ. ਗ੍ਰਾ. ਹੋਣ ਨਾਲ ਜਦੋਂ ਹਰ ਵਿਕਰੇਤਾ ਆਪਣੀ ਵਸਤੂ ਨੂੰ ਪਹਿਲਾਂ ਵੇਚਣ ਦਾ ਯਤਨ ਕਰਦਾ ਹੈ ਤਾਂ ਉਹ ਕੀਮਤ ਥੋੜ੍ਹੀ ਜਿਹੀ ਘੱਟ ਕਰ ਦਿੰਦਾ ਹੈ ਅਤੇ ਦੂਸਰੇ ਵੀ ਅਜਿਹੇ ਕਰਦੇ ਜਾਂਦੇ ਹਨ, ਜਦੋਂ ਤੱਕ ਕਿ ਕੀਮਤ 40 ਰ. ਨਹੀਂ ਹੋ ਜਾਂਦੀ ਅਤੇ ਪੁਨਰ ਮੰਗ ਅਤੇ ਪੂਰਤੀ ਵਿੱਚ ਸੰਤੁਲਨ ਸਥਾਪਿਤ ਨਹੀਂ ਹੋ ਜਾਂਦਾ ਹੈ।



ਚਿੱਤਰ 12.1

ਨੋਟ ਚਿੱਤਰ 12.1 ਵਿੱਚ ਸੰਤੁਲਨ-ਕੀਮਤ ਅਤੇ ਉਤਪਾਦਨ ਨੂੰ ਦਰਸਾਹਿਆ ਗਿਆ ਹੈ, ਜਿੱਥੇ DD_1 ਮੰਗ ਵਕ੍ਰ ਹੈ ਅਤੇ SS_1 ਪੂਰਤੀ ਵਕ੍ਰ ਹੈ। ਦੋਨੋਂ E ਬਿੰਦੂ 'ਤੇ ਕੱਟਦੇ ਹਨ ਜੋ **ਸੰਤੁਲਨ ਬਿੰਦੂ** ਹੈ। OP ਸੰਤੁਲਨ ਕੀਮਤ ਹੈ ਜੋ OQ ਸੰਤੁਲਨ ਮਾਤਰਾ 'ਤੇ ਵੇਚੀ ਅਤੇ ਖਰੀਦੀ ਜਾਂਦੀ ਹੈ। ਜੇਕਰ ਕੀਮਤ OP ਤੋਂ ਘੱਟ ਹੋ ਕੇ OP_2 ਹੋ ਜਾਂਦੀ ਹੈ ਤਾਂ ਮੰਗ P_2d_1> ਪੂਤਰੀ P_2S_1 ਤੋਂ ਜ਼ਿਆਦਾ ਹੋ ਜਾਂਦੀ ਹੈ ਜਿਸ ਨਾਲ s1d1 ਇਲਾਵਾ ਮੰਗ ਹੁੰਦੀ ਹੈ। ਮੰਗ ਤੋਂ ਪੂਰਤੀ ਜ਼ਿਆਦਾ ਹੋਣ ਦੇ ਕਾਰਨ ਖਰੀਦਦਾਰਾਂ ਵਿੱਚ ਪ੍ਰਤੀਯੋਗਤਾ ਨਾਲ ਕੀਮਤ OP_2 ਤੋਂ ਵੱਧ ਕੇ ਸੰਤੁਲਨ ਕੀਮਤ OP 'ਤੇ ਆ ਜਾਂਦੀ ਹੈ। ਜੇਕਰ ਕੀਮਤ OP ਤੋਂ ਵੱਧ ਕੇ OP_1 ਹੋ ਜਾਂਦੀ ਹੈ ਤਾਂ (ਪੂਰਤੀ) P_1s>P_1d (ਮੰਗ), ਜਿਸ ਨਾਲ ds ਹੋਰ ਪੂਰਤੀ ਮਾਰਕੀਟ ਵਿੱਚ ਪੈਦਾ ਹੁੰਦੀ ਹੈ। ਘੱਟ ਮੰਗ ਹੋਣ 'ਤੇ ਵਿਕਰੇਤਾ ਹੋਰ ਪੂਰਤੀ ਨੂੰ ਵੇਚਣ ਦੇ ਲਈ ਕੀਮਤ ਘੱਟ ਕਰਦੇ ਜਾਂਦੇ ਹਨ, ਜਦੋਂ ਤੱਕ ਕਿ ਪੁਨਰ ਸੰਤੁਲਨ ਕੀਮਤ ਸਥਾਪਿਤ ਨਹੀਂ ਹੋ ਜਾਂਦੀ। ਇਸ ਨਾਲ ਸਿੱਧ ਹੁੰਦਾ ਹੈ ਕਿ ਕੀਮਤ ਮੰਗ ਅਤੇ ਪੂਰਤੀ ਨਾਲ ਨਿਰਧਾਰਿਤ ਹੁੰਦੀ ਹੈ ਅਤੇ ਜਦੋਂ ਇਕ ਵਾਰ ਸੰਤੁਲਨ ਕੀਮਤ ਸਥਾਪਿਤ ਹੋ ਜਾਂਦੀ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਕੀਮਤ ਮੰਗ ਅਤੇ ਪੂਰਤੀ ਨਾਲ ਨਿਰਧਾਰਿਤ ਹੁੰਦਾ ਹੈ ਅਤੇ ਜਦੋਂ ਇਕ ਵਾਰ ਸੰਤੁਲਨ ਕੀਮਤ ਸਥਾਪਿਤ ਹੋ ਜਾਂਦੀ ਹੈ ਤਾਂ ਉਸ ਵਿੱਚ ਵਿਚਲਨ ਹੋਣ ਨਾਲ ਮੰਗ ਅਤੇ ਪੂਰਤੀ ਦੀਆਂ ਸ਼ਕਤੀਆਂ ਪੁਨਰ ਸੰਤੁਲਨ ਦੀ ਸਥਿਤੀ ਵਿੱਚ ਲੈ ਆਉਂਦੀਆਂ ਹਨ।

ਨੋਟਸ ਮੰਗ ਅਤੇ ਪੂਰਤੀ ਦੋ ਵਿਰੋਧੀ ਸ਼ਕਤੀਆਂ ਹਨ, ਜੋ ਇਕ-ਦੂਸਰੇ ਦੇ ਉਲਟ ਚੱਲਦੀਆਂ ਹਨ।

12.2 ਕੀਮਤ ਸਿਧਾਂਤ ਵਿੱਚ ਸਮੇਂ-ਤੱਤ ਦਾ ਮਹੱਤਵ (Importance of Time Element in Price Theory)

ਮਾਰਸ਼ਲ ਪਹਿਲਾ ਅਰਥਸ਼ਾਸਤਰੀ ਸੀ ਜਿਸ ਨੇ ਕੀਮਤ-ਨਿਰਧਾਰਣ ਵਿੱਚ ਸਮੇਂ ਤੱਤ ਦੇ ਮਹੱਤਵ ਦਾ ਵਿਸ਼ਲੇਸ਼ਣ ਕੀਤਾ। ਜਦੋਂ ਮੰਗ ਵਿੱਚ ਵਾਧਾ ਜਾਂ ਕਮੀ ਹੁੰਦੀ ਹੈ ਤਾਂ ਪੂਰਤੀ ਵਿੱਚ ਵਾਧਾ ਜਾਂ ਕਮੀ ਉਸ ਸਮੇਂ ਨਹੀਂ ਹੋ ਜਾਂਦੀ। ਪੂਰਤੀ ਵਿੱਚ ਪਰਿਵਰਤਨ ਤਕਨੀਕੀ ਤੱਤਾਂ 'ਤੇ ਨਿਰਭਰ ਕਰਦੇ ਹਨ, ਜਿਨ੍ਹਾਂ ਵਿੱਚ ਪਰਿਵਰਤਨ ਹੋਣ ਵਿੱਚ ਸਮਾਂ ਲੱਗਦਾ ਹੈ, ਇਸ ਲਈ ਪੂਰਤੀ ਦਾ ਮੰਗ ਦੇ ਨਾਲ ਸਮਾਯੋਜਨ ਇਕਦਮ ਨਹੀਂ ਹੋ ਜਾਂਦਾ। ਸਮੇਂ-ਸੀਮਾ ਕਿੰਨੀ ਹੋਵੇਗੀ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਤਪਾਦਨ ਦੇ ਪੈਮਾਨੇ, ਆਕਾਰ ਅਤੇ ਸੰਗਠਨ ਵਿੱਚ ਮੰਗ ਦੇ ਅਨੁਸਾਰ ਪਰਿਵਰਤਨ ਕਰਨਾ ਸੰਭਵ ਹੈ ਜਾਂ ਨਹੀਂ। ਫਿਰ ਵਸਤੂ ਦੀ ਪ੍ਰਕਿਰਤੀ ਦੇ ਅਨੁਸਾਰ ਵੀ ਸਮੇਂ-ਸੀਮਾ ਦਾ ਕੀਮਤ-ਨਿਰਧਾਰਣ ਵਿੱਚ ਮਹੱਤਵ ਹੁੰਦਾ ਹੈ। ਨਾਸ਼ਵਾਨ ਵਸਤੂਆਂ ਦਾ ਕੀਮਤ ਨਿਰਧਾਰਣ ਥੋੜਾ ਸਮਾਂ-ਸੀਮਾ ਵਿੱਚ ਜ਼ਿਆਦਾ ਮਹੱਤਵ ਰੱਖਦਾ ਹੈ ਜਦੋਂ ਕਿ ਟਿਕਾਊ ਵਸਤੂਆਂ ਦੇ ਲਈ ਲੰਬੀ ਸਮੇਂ-ਸੀਮਾ ਦਾ ਜ਼ਿਆਦਾ ਮਹੱਤਵ ਹੁੰਦਾ ਹੈ। ਕੀਮਤ ਨਿਰਧਾਰਣ ਵਿੱਚ ਮਾਰਸ਼ਲ ਨੇ ਮੰਗ ਅਤੇ ਪੂਰਤੀ ਵਿੱਚ ਸੰਤੁਲਨ ਨੂੰ ਚਾਰ ਸਮੇਂ ਸੀਮਾਵਾਂ ਵਿੱਚ ਵੰਡਿਆ ਹੈ : ਬਾਜ਼ਾਰ ਸੀਮਾ (Market Period), ਘੱਟ-ਸੀਮਾ (Short Period), ਦੀਰਘ-ਸਮਾਂ (Long Period), ਅਤੇ ਲੰਮਾ ਸਮਾਂ (Secular Period) ।

ਹੁਣ ਅਸੀਂ ਇਨ੍ਹਾਂ ਸਮੇਂ-ਸੀਮਾ ਦਾ ਕ੍ਰਮ ਅਨੁਸਾਰ ਵਿਵੇਚਨ ਕਰਦੇ ਹਾਂ।

1. **ਬਾਜ਼ਾਰ-ਸਮਾਂ ਕੀਮਤ** (Market Period Price)- ਬਾਜ਼ਾਰ ਸਮਾਂ ਅਤਿ ਘੱਟ-ਸਮਾਂ ਹੁੰਦਾ ਹੈ ਜਿਸ ਵਿੱਚ ਵਸਤੂ ਦੀ ਪੂਰਤੀ ਸਥਿਰ ਹੋਣ ਦੇ ਕਾਰਨ ਕੀਮਤ ਮੰਗ ਨਾਲ ਨਿਰਧਾਰਿਤ ਹੁੰਦੀ ਹੈ। ਇਹ ਸਮੇਂ-ਸੀਮਾ ਕੁਝ ਦਿਨਾਂ ਜਾਂ ਹਫਤੇ ਦੀ ਹੁੰਦੀ ਹੈ ਜਿਸ ਵਿੱਚ ਵਸਤੂ ਦੇ ਸਟਾਕ ਨਾਲ ਹੀ ਮੰਗ ਦੇ ਅਨੁਸਾਰ ਪੂਰਤੀ ਨੂੰ ਵਧਾਇਆ ਜਾ ਸਕਦਾ ਹੈ। ਅਜਿਹੇ ਟਿਕਾਊ ਵਸਤੂਆਂ ਦੇ ਲਈ ਸੰਭਵ ਹੁੰਦਾ ਹੈ। ਨਾਸ਼ਵਾਨ ਵਸਤੂਆਂ ਦੀ ਸਮਾਂ-ਸੀਮਾ ਇਕ ਦਿਨ ਦੀ ਹੁੰਦੀ ਹੈ। ਉਦਾਹਰਣ ਦੇ ਤੌਰ 'ਤੇ ਸਬਜੀ ਦੀ ਮੰਗ ਜੇਕਰ ਵੱਧ ਜਾਂਦੀ ਹੈ ਤਾਂ ਉਸ ਨੂੰ ਉਸੇ ਦਿਨ ਨਹੀਂ ਵਧਾਇਆ ਜਾ ਸਕਦਾ, ਇਸ ਲਈ ਸਬਜੀ ਦੀ ਪੂਰਤੀ ਸਥਿਰ ਹੋਣ 'ਤੇ ਕੀਮਤ ਮੰਗ ਨਾਲ ਹੀ ਨਿਰਧਾਰਿਤ ਹੁੰਦੀ ਹੈ।

ਬਾਜ਼ਾਰ-ਸਮੇਂ ਵਿੱਚ ਜੋ ਕੀਮਤ ਪਾਈ ਜਾਂਦੀ ਹੈ ਉਹ ਬਾਜ਼ਾਰ ਕੀਮਤ ਕਹਾਉਂਦੀ ਹੈ ਜੋ ਵਸਤੂ ਦੀ ਪ੍ਰਕਿਰਤੀ ਦੇ ਅਨੁਸਾਰ ਦਿਨ ਵਿੱਚ ਕਈ ਵਾਰ ਪ੍ਰਤੀ ਦਿਨ ਵਿੱਚ ਕਈ ਵਾਰ ਜਾਂ ਹਫਤੇ ਦੇ ਬਾਅਦ ਤਬਦੀਲ ਹੁੰਦੀ ਹੈ। **ਮਾਰਸ਼ਲ** ਨੇ ਬਾਜ਼ਾਰ ਨੇ ਬਾਜ਼ਾਰ ਕੀਮਤ ਦੀ ਇਸ ਤਰ੍ਹਾਂ ਵਿਆਖਿਆ ਕੀਤੀ ਹੈ: "ਬਾਜ਼ਾਰ ਮੁੱਲ ਸਿਰਫ ਅਜਿਹੀਆਂ ਘਟਨਾਵਾਂ ਅਤੇ ਕਾਰਨਾਂ ਨਾਲ ਪ੍ਰਭਾਵਿਤ ਹੁੰਦਾ ਹੈ ਜੋ ਅਸਥਾਈ ਹੋਵੇ। ਇਨ੍ਹਾਂ ਦੀ ਕਿਰਿਆ ਆਕਸਮਿਕ ਅਤੇ ਘੱਟ ਸਮਾਂ ਹੁੰਦੀ ਹੈ, ਉਨ੍ਹਾਂ ਦੇ ਮੁਕਾਬਲੇ ਜੋ ਦ੍ਰਿੜਤਾਪੂਰਵਕ ਚੱਲਦੇ ਰਹਿੰਦੇ ਹਨ।" ਅਸਲ ਵਿੱਚ ਬਾਜ਼ਾਰ ਕੀਮਤ ਕਿਸੇ ਵਸਤੂ ਦੀ ਉਹ ਕੀਮਤ ਹੈ ਜੋ ਮਾਰਕਿਟ ਵਿੱਚ ਕਿਸੇ ਨਿਸ਼ਚਿਤ ਸਮੇਂ 'ਤੇ ਮੰਗ ਅਤੇ ਪੂਰਤੀ ਦੀ **ਅੰਦੂਰਨੀ ਕਾਰ-ਵਿਹਾਰ** (Interaction) ਨਾਲ ਨਿਰਧਾਰਿਤ ਹੁੰਦੀ ਹੈ। ਬਾਜ਼ਾਰ-ਕੀਮਤ ਦਾ ਨਿਰਧਾਰਣ ਨਾਸ਼ਵਾਨ ਅਤੇ ਟਿਕਾਊ ਵਸਤੂਆਂ ਦੇ ਲਈ ਅਲੱਗ-ਅਲੱਗ ਕੀਤਾ ਜਾਂਦਾ ਹੈ।

ਨੋਟ

ਨਾਸ਼ਵਾਨ ਵਸਤੂਆਂ (Perishable Commodities)–ਨਾਸ਼ਵਾਨ ਵਸਤੂਆਂ ਜਿਵੇਂ ਦੁੱਧ, ਸਬਜ਼ੀ, ਮਛਲੀ ਆਦਿ ਦੀਆਂ ਕੀਮਤਾਂ ਮੁੱਖ ਤੌਰ 'ਤੇ ਮੰਗ ਨਾਲ ਪ੍ਰਭਾਵਿਤ ਹੁੰਦੀਆਂ ਹਨ। ਇਨ੍ਹਾਂ 'ਤੇ ਪੂਰਤੀ ਦਾ ਕੋਈ ਪ੍ਰਭਾਵ ਨਹੀਂ ਪੈਂਦਾ ਕਿਉਂਕਿ ਇਨ੍ਹਾਂ ਦੀ ਪੂਰਤੀ ਸਥਿਰ ਹੁੰਦੀ ਹੈ ਅਤੇ ਮੰਗ ਵੱਧਣ 'ਤੇ ਨਾਸ਼ਵਾਨ ਵਸਤੂਆਂ ਦੀ ਕੀਮਤ ਵਿੱਚ ਵਾਧਾ ਹੁੰਦਾ ਹੈ ਅਤੇ ਮੰਗ ਘੱਟ ਹੋਣ 'ਤੇ ਕੀਮਤ ਘੱਟ ਹੋ ਜਾਂਦੀ ਹੈ। 12.2 ਵਿੱਚ ਨਾਸ਼ਵਾਨ ਵਸਤੂ ਮਛਲੀ ਦਾ ਕੀਮਤ-ਨਿਰਧਾਰਣ ਪ੍ਰਗਟ ਕੀਤਾ ਗਿਆ ਹੈ। MS ਪੂਰਤੀ ਵਕ੍ਰ ਹੈ ਜੋ ਵਸਤੂ ਦੀ OQ ਸਥਿਰ ਮਾਤਰਾ ਨੂੰ ਬਾਜ਼ਾਰ ਸਮੇਂ ਵਿੱਚ ਦਿਖਾਇਆ ਹੈ। D ਅਰੰਭਿਕ ਮੰਗ ਵਕ੍ਰ ਹੈ ਜੋ MS ਪੂਰਤੀ ਵਕ੍ਰ ਨੂੰ E ਬਿੰਦੂ 'ਤੇ ਕੱਟਦਾ ਹੈ ਜਿਸ ਨਾਲ ਬਾਜ਼ਾਰ ਕੀਮਤ OP ਨਿਰਧਾਰਿਤ ਹੁੰਦੀ ਹੈ। ਜੇਕਰ ਮੰਗ D ਤੋਂ ਵੱਧ ਕੇ D_1 ਹੋ ਜਾਂਦੀ ਹੈ ਤਾਂ ਨਵਾਂ ਸੰਤੁਲਨ E1 'ਤੇ ਹੁੰਦਾ ਹੈ ਜੋ ਪਹਿਲਾਂ ਤੋਂ ਜ਼ਿਆਦਾ ਕੀਮਤ OP_1 ਨੂੰ ਦਰਸਾਉਂਦਾ ਹੈ। ਇਸ ਦੇ ਉਲਟ ਮੰਗ ਦੇ D ਤੋਂ D_2 ਘੱਟ ਹੋਣ 'ਤੇ ਕੀਮਤ ਵੀ OP ਤੋਂ ਘੱਟ ਹੋ ਕੇ OP_2 ਹੋ ਜਾਂਦੀ ਹੈ। ਇਸ ਤੋਂ ਸਪੱਸ਼ਟ ਹੈ ਕਿ ਬਾਜ਼ਾਰ ਕੀਮਤ ਮੰਗ ਨਾਲ ਹੀ ਨਿਰਧਾਰਿਤ ਹੁੰਦਾ ਹੈ ਜਦੋਂ ਕਿ ਪੂਰਤੀ OQ ਸਥਿਰ ਹੀ ਰਹਿੰਦੀ ਹੈ। ਨਾਸ਼ਵਾਨ ਵਸਤੂਆਂ ਜਿਵੇਂ ਵਸਤੂ, ਦੁੱਧ, ਮਛਲੀ, ਬਰਫ ਆਦਿ ਦੀਆਂ ਗਰਮੀਆਂ ਵਿੱਚ ਜਿੰਨੀ ਵਾਰ ਵੀ ਮੰਗ ਵੱਧੇਗੀ ਜਾਂ ਘੱਟ ਹੋਵੇਗੀ, ਕੀਮਤ ਵੀ ਉਨੀ ਵਾਰ ਹੀ ਵਧੇਗੀ ਜਾਂ ਘੱਟ ਹੋਵੇਗੀ।



ਚਿੱਤਰ 12.2

ਕੀ ਤੁਸੀਂ ਜਾਣਦੇ ਹੋ ਬਾਜ਼ਾਰ ਸਮੇਂ ਵਿੱਚ ਜੋ ਕੀਮਤ ਪਾਈ ਜਾਂਦੀ ਹੈ ਉਹ ਬਾਜ਼ਾਰ ਕੀਮਤ ਕਹਾਉਂਦੀ ਹੈ।

ਟਿਕਾਊ ਵਸਤੂਆਂ (Durable Commodities)– ਬਹੁਤ ਸਾਰੀਆਂ ਵਸਤੂਆਂ ਟਿਕਾਊ ਹੁੰਦੀਆਂ ਹਨ ਜਿਨ੍ਹਾਂ ਨੂੰ ਸਟਾਕ ਵਿੱਚ ਰੱਖਿਆ ਜਾਂਦਾ ਹੈ ਅਤੇ ਮੰਗ ਵੱਧਣ ਦੇ ਨਾਲ-ਨਾਲ ਜਦੋਂ ਕੀਮਤ ਵਿੱਚ ਵਾਧਾ ਹੁੰਦਾ ਹੈ ਤਾਂ ਸਟਾਕ ਵਿੱਚੋਂ ਉਨ੍ਹਾਂ ਦੀ ਪੂਰਤੀ ਨੂੰ ਕੁਝ ਹੱਦ ਤੱਕ ਵਧਾਇਆ ਜਾ ਸਕਦਾ ਹੈ। ਅਜਿਹੀਆਂ ਵਸਤੂਆਂ ਕੱਪੜਾ, ਕਣਕ, ਚਾਹ ਆਦਿ ਹੁੰਦੀਆਂ ਹਨ। ਇਸ ਤਰ੍ਹਾਂ ਦੀਆਂ ਵਸਤੂਆਂ ਦੇ ਦੋ ਕੀਮਤ ਪੱਧਰ ਹੁੰਦੇ ਹਨ–

ਪਹਿਲਾ, ਨਿਊਨਤਮ ਕੀਮਤ ਜਿਸ ਤੋਂ ਘੱਟ ਕੀਤਮ ਹੋਣ 'ਤੇ ਵਿਕਰੇਤਾ ਆਪਣੀਆਂ ਵਸਤੂਆਂ ਨੂੰ ਬਿਲਕੁਲ ਨਹੀਂ ਵੇਚੇਗਾ। ਇਸ ਨੂੰ **ਸੁਰੱਖਿਅਤ ਕੀਮਤ** (Reserve Price) ਕਹਿੰਦੇ ਹਨ। **ਦੂਸਰਾ**, ਜ਼ਿਆਦਾਤਰ ਕੀਮਤ ਜਿਸ 'ਤੇ ਵਿਕਰੇਤਾ ਵਸਤੂ ਦੀ ਸਾਰੀ ਮਾਤਰਾ ਵੇਚਣ ਨੂੰ ਤਿਆਰ ਹੋਵੇਗਾ।

ਸਵੈ-ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)–

1. ਬਾਜ਼ਾਰ ਵਿੱਚ ਸੌਦਾ ਕਰਨ ਵਾਲੀਆਂ ਦੋ ਪਾਰਟੀਆਂ ਹੁੰਦੀਆਂ ਹਨ-ਇਕ ਖਰੀਦਦਾਰ ਅਤੇ ਦੂਸਰਾ .....।
2. ਖਰੀਦਦਾਰਾਂ 'ਤੇ .....ਦਾ ਨਿਯਮ ਲਾਗੂ ਹੁੰਦਾ ਹੈ।
3. 'ਮੰਗ ਅਤੇ ਪੂਰਤੀ' ਦੋ ਵਿਰੋਧੀ ਸ਼ਕਤੀਆਂ ਹਨ, ਜੋ ਇਕ-ਦੂਸਰੇ ਦੇ .....ਚੱਲਦੀਆਂ ਹਨ।
4. ਮਾਰਸ਼ਲ ਪਹਿਲਾ ਅਰਥਸ਼ਾਸਤਰੀ ਸੀ ਜਿਸ ਨੇ ਕੀਮਤ ਸਿਧਾਂਤ ਵਿੱਚ ਸਮਾਂ-ਤੱਤ ਦਾ ..... ਕੀਤਾ।

ਨੋਟ ਕੋਈ ਵੀ ਵਿਕਰੇਤਾ ਆਪਣੀ ਵਸਤੂ ਦੀ ਸੁਰੱਖਿਅਤ ਕੀਮਤ ਨਿਸ਼ਚਿਤ ਕਰਦੇ ਸਮੇਂ ਹੇਠ ਲਿਖੇ ਤੱਤਾਂ ਦਾ ਧਿਆਨ ਰੱਖਦਾ ਹੈ।–

(i) ਵਸਤੂ ਦਾ ਟਿਕਾਊਪਣ (Durability of the Commodity)– ਸੁਰੱਖਿਅਤ ਕੀਮਤ ਵਸਤੂ ਦੇ ਟਿਕਾਊਪਣ 'ਤੇ ਨਿਰਭਰ ਕਰਦੀ ਹੈ। ਜਿੰਨੀ ਵਸਤੂ ਜ਼ਿਆਦਾ ਟਿਕਾਊ ਹੋਵੇਗੀ, ਉਂਨੀ ਸੁਰੱਖਿਅਤ ਕੀਮਤ ਜ਼ਿਆਦਾ ਹੋਵੇਗੀ।

(ii) ਭਵਿੱਖ ਵਿੱਚ ਕੀਮਤ (Prices in Future)– ਸੁਰੱਖਿਅਤ ਕੀਮਤ ਭਵਿੱਖ ਵਿੱਚ ਕੀਮਤਾਂ ਵਿੱਚ ਹੋਣ ਵਾਲੇ ਪਰਿਵਰਤਨਾਂ 'ਤੇ ਨਿਰਭਰ ਕੀਦੀ ਹੈ। ਜੇਕਰ ਵਸਤੂ ਦੀ ਕੀਮਤ ਵੱਧਣ ਦੀ ਉਮੀਦ ਹੋਵੇ ਤਾਂ ਵਿਕਰੇਤਾ ਉਚੀ ਸੁਰੱਖਿਅਤ ਕੀਮਤ ਨਿਸ਼ਚਿਤ ਕਰਨਗੇ ਅਤੇ ਕੀਮਤ ਡਿੱਗਣ ਦੀ ਸੰਭਾਵਨਾ ਹੋਣ 'ਤੇ ਘੱਟ ਕੀਮਤ ਰੱਖਣਗੇ।

(iii) ਭਵਿੱਖ ਵਿੱਚ ਉਤਪਾਦਨ ਲਾਗਤ (Future Cost of Production)– ਸੁਰੱਖਿਅਤ ਭਵਿੱਖ ਵਿੱਚ ਉਤਪਾਦਨ ਲਾਗਤ 'ਤੇ ਨਿਰਭਰ ਕਰਦੀ ਹੈ। ਜੇਕਰ ਵਿਕਰੇਤਾਵਾਂ ਨੂੰ ਭਵਿੱਖ ਵਿੱਚ ਲਾਗਤਾਂ ਵੱਧਣ ਦੀ ਉਮੀਦ ਹੋਵੇ ਤਾਂ ਸੁਰੱਖਿਅਤ ਕੀਮਤ ਜ਼ਿਆਦਾ ਰੱਖਣਗੇ।

(iv) ਭੰਡਾਰ ਵਿੱਚ ਰੱਖਣ ਦਾ ਖਰਚ (Expenses on Storage)– ਸੁਰੱਖਿਅਤ ਕੀਮਤ ਵਸਤੂ ਨੂੰ ਭੰਡਾਰ ਵਿੱਚ ਰੱਖਦ ਦੇ ਖਰਚ ਅਤੇ ਸਮੇਂ ਨਾਲ ਵੀ ਨਿਰਧਾਰਿਤ ਹੁੰਦੀ ਹੈ। ਜਿੰਨਾ ਭੰਡਾਰ ਵਿੱਚ ਰੱਖਣ ਦਾ ਖਰਚ ਅਤੇ ਸਮੇਂ ਜ਼ਿਆਦਾ ਹੋਵੇਗਾ ਉਂਨੀ ਹੀ ਸੁਰੱਖਿਅਤ ਕੀਮਤ ਘੱਟ ਹੋਵੇਗੀ ਅਤੇ ਵਿਲੋਮਸ਼ : (vice versa)

(v) ਤਰਲਤਾ ਅਧਿਮਾਨ (Liquidity Preference)– ਸੁਰੱਖਿਅਤ ਕੀਮਤ ਦਾ ਜ਼ਿਆਦਾ ਜਾਂ ਘੱਟ ਹੋਣਾ ਵਿਕਰੇਤਾਵਾਂ ਦੇ ਤਰਲਤਾ ਦੇ ਲਈ ਅਧਿਮਾਨ 'ਤੇ ਨਿਰਭਰ ਕਰਦਾ ਹੈ। ਜਿੰਨਾ ਨਕਦੀ ਅਧਿਮਾਨ ਜ਼ਿਆਦਾ ਹੋਵੇਗਾ, ਉਂਨੀ ਹੀ ਸੁਰੱਖਿਅਤ ਕੀਮਤ ਘੱਟ ਹੋਵੇਗੀ ਕਿਉਂਕਿ ਮੁਦਰਾ ਦੀ ਜ਼ਿਆਦਾ ਜ਼ਰੂਰਤ ਦੇ ਕਾਰਨ ਉਹ ਵਸਤੂ ਨੂੰ ਜਲਦੀ ਵੇਚਣ ਦਾ ਯਤਨ ਕਰਨਗੇ। ਇਸ ਦੇ ਉਲਟ ਨਕਦੀ ਅਧਿਮਾਨ ਘੱਟ ਹੋਣ 'ਤੇ ਸੁਰੱਖਿਅਤ ਕੀਮਤ ਵੀ ਜ਼ਿਆਦਾ ਹੋਵੇਗੀ।

(vi) ਭਵਿੱਖ ਵਿੱਚ ਮੰਗ (Demand in Future)– ਸੁਰੱਖਿਅਤ ਕੀਮਤ ਭਵਿੱਖ ਵਿੱਚ ਮੰਗ 'ਤੇ ਵੀ ਨਿਰਭਰ ਕਰਦੀ ਹੈ। ਜੇਕਰ ਵਿਕਰੇਤਾ ਨੂੰ ਭਵਿੱਖ ਵਿੱਚ ਮੰਗ ਵੱਧਣ ਦੀ ਉਮੀਦ ਹੈ ਤਾਂ ਉਹ ਸੁਰੱਖਿਅਤ ਕੀਮਤ ਜ਼ਿਆਦਾ ਰੱਖੇਗਾ ਅਤੇ ਘੱਟ ਮੰਗ ਦੀ ਸੰਭਾਵਨਾ ਹੋਣ 'ਤੇ ਘੱਟ ਕੀਮਤ ਰੱਖੇਗਾ।

ਇਸ ਤਰ੍ਹਾਂ ਦੋ ਕੀਮਤ ਪੱਧਰ ਹੋਣ 'ਤੇ ਵਿਕਰੇਤਾ ਨਿਊਨਤਮ ਸੁਰੱਖਿਅਤ ਕੀਮਤ 'ਤੇ ਤਾਂ ਵਸਤੂ ਦੀ ਕੋਈ ਵੀ ਮਾਤਰਾ ਨਹੀਂ ਬਚੇਗੀ। ਜਦੋਂ ਕਿ ਜ਼ਿਆਦਾਤਰ ਕੀਮਤ ਪੱਧਰ 'ਤੇ ਉਹ ਵਸਤੂ ਦੀ ਸਾਰੀ ਮਾਤਰਾ ਵੇਚਣ ਨੂੰ ਤਿਆਰ ਹੋਵੇਗਾ। ਜਿਉਂ-ਜਿਉਂ ਵਸਤੂ ਦੀ ਮੰਗ ਵੱਧਣ ਨਾਲ ਕੀਮਤ ਵਧੇਗੀ, ਵਿਕਰੇਤਾ ਵਸਤੂ ਦੇ ਭੰਡਾਰ ਵਿੱਚੋਂ ਜ਼ਿਆਦਾ ਮਾਤਰਾ ਵੇਚਦਾ ਜਾਵੇਗਾ ਜਦੋਂ ਤੱਕ ਕਿ ਮੰਗ ਵੱਧ ਕੇ ਜ਼ਿਆਦਾ ਕੀਮਤ 'ਤੇ ਨਹੀਂ ਪਹੁੰਚ ਜਾਂਦੀ ਜਿਸ 'ਤੇ ਉਹ ਵਸਤੂ ਦਾ ਪੂਰਾ ਭੰਡਾਰ ਵੇਚ ਸਕੇ। ਇਸ ਦੇ ਬਾਅਦ ਮੰਗ ਵਿੱਚ ਵਾਧਾ ਹੋਣ ਨਾਲ ਪੂਰਤੀ ਵਿੱਚ ਵਾਧਾ ਸੰਭਵ ਨਹੀਂ। ਇਹ ਕਾਰਨ ਹੈ ਕਿ ਟਿਕਾਊ ਵਸਤੂ ਦਾ ਪੂਰਤੀ ਵਕ੍ਰ ਇਸ ਪੱਧਰ 'ਤੇ **ਅਨੁਲੰਬ** (Vertical) ਹੋ ਜਾਂਦਾ ਹੈ।



ਚਿੱਤਰ 12.3

ਚਿੱਤਰ 12.3 ਵਿੱਚ SMS_1 ਬਾਜ਼ਾਰ-ਸਮੇਂ ਦਾ ਪੂਰਤੀ ਵਕ੍ਰ ਹੈ। OQ_1 ਵਸਤੂ ਦਾ ਕੁਲ ਭੰਡਾਰ ਹੈ। OS ਨਿਊਨਤਮ ਜਾਂ ਸੁਰੱਖਿਅਤ ਕੀਮਤ ਹੈ ਜਿਸ 'ਤੇ ਵਿਕਰੇਤਾ ਵਸਤੂ ਨੂੰ ਬਿਲਕੁਲ ਨਹੀਂ ਵੇਚਦਾ। ਜਦੋਂ ਮੰਗ ਵਕ੍ਰ D, ਪੂਤਰੀ ਵਕ੍ਰ SMS_1 ਨੂੰ E ਬਿੰਦੂ 'ਤੇ

ਕੱਟਦਾ ਹੈ ਤਾ OP ਕੀਮਤ ਨਿਰਧਾਰਿਤ ਹੁੰਦੀ ਹੈ ਜਿਸ 'ਤੇ ਵਸਤੂ ਦੀ OQ ਮਾਤਰਾ ਵੇਚੀ ਜਾਂਦੀ ਹੈ ਅਤੇ OQ_1 ਵਿਕਰੇਤਾ ਦੇ ਭੰਡਾਰ ਵਿੱਚ ਰਹਿੰਦੀ ਹੈ। ਮੰਗ ਘੱਟ ਹੋ ਕੇ D_2 ਹੋਣ 'ਤੇ ਕੀਮਤ OP ਤੋਂ ਘੱਟ ਹੋ ਕੇ OP_2 ਹੋ ਜਾਂਦੀ ਹੈ ਜਿਸ 'ਤੇ OQ_2 ਮਾਤਰਾ ਵੇਚੀ ਜਾਂਦੀ ਹੈ ਅਤੇ Q_2Q_1 ਵਸਤੂ ਦੀ ਮਾਤਰਾ ਭੰਡਾਰ ਵਿੱਚ ਰੱਖੀ ਜਾਂਦੀ ਹੈ। ਕੇਵਲ ਮੰਗ ਦੇ D_1 ਹੋਣ 'ਤੇ ਹੀ ਵਿਕਰੇਤਾ ਵਸਤੂ ਦਾ ਸਾਰਾ ਭੰਡਾਰ ਜ਼ਿਆਦਾ ਕੀਮਤ OP_1 'ਤੇ ਵੇਚਣ ਨੂੰ ਤਿਆਰ ਹੁੰਦਾ ਹੈ। ਜੇਕਰ ਮੰਗ D_1 ਤੋਂ ਉਪਰ ਹੋ ਜਾਂਦੀ ਹੈ ਤਾਂ ਉਸ ਨਾਲ ਕੀਮਤ ਹੀ ਵਧੇਗੀ ਕਿਉਂਕਿ ਬਾਜ਼ਾਰ-ਸਮੇਂ ਵਿੱਚ OQ_1 ਤੋਂ ਜ਼ਿਆਦਾ ਮਾਤਰਾ ਨਹੀਂ ਵੇਚੀ ਜਾ ਸਕਦੀ।

ਨੋਟ

ਇਸ ਤਰ੍ਹਾਂ ਬਾਜ਼ਾਰ-ਸਮੇਂ ਵਿੱਚ ਪੂਰਤੀ ਦੀ ਤੁਲਨਾ ਵਿੱਚ ਮੰਗ ਦਾ ਕੀਮਤ ਨਿਰਧਾਰਣ 'ਤੇ ਜ਼ਿਆਦਾ ਪ੍ਰਭਾਵ ਪੈਂਦਾ ਹੈ, ਕਿਉਂਕਿ ਅਤਿ ਘੱਟ ਸਮੇਂ-ਸੀਮਾ ਵਿੱਚ ਵਿਕਰੇਤਾ ਉਤਪਾਦਨ ਨੂੰ ਨਹੀਂ ਨਾਪਦੇ।

ਸਵੈ ਮੁਲਾਂਕਣ (Self Assessment)

ਬਹੁਵਿਕਲਪੀ ਪ੍ਰਸ਼ਨ (Multiple Choice Questions)-

5. ਸੁਰੱਖਿਅਤ ਕੀਮਤ ਵਸਤੂ ਦੇ ..... 'ਤੇ ਨਿਰਭਰ ਕਰਦੀ ਹੈ।

   (ਅ) ਟਿਕਾਊਪਣ (ਬ) ਖਰੀਦਦਾਰ (ਸ) ਵਿਕਰੇਤਾ (ਦ) ਮੁੱਲ

6. ਸੁਰੱਖਿਅਤ ਕੀਮਤ ਭਵਿੱਖ ਵਿੱਚ ..... 'ਤੇ ਨਿਰਭਰ ਕਰਦੀ ਹੈ।

   (ਅ) ਲਾਗਤ (ਬ) ਉਤਪਾਦਨ ਲਾਗਤ (ਸ) ਉਤਪਾਦਨ (ਦ) ਸਮਾਂ

7. ਨਕਦੀ ਅਧਿਮਾਨ ਕ੍ਰਮ ਹੋਣ 'ਤੇ ਸੁਰੱਖਿਅਤ ਕੀਮਤ ਵੀ ਹੋਵੇਗੀ-

   (ਅ) ਘੱਟ (ਬ) ਜ਼ਿਆਦਾ (ਸ) ਅਸੁਰੱਖਿਅਤ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

8. ਜੇਕਰ ਵਿਕਰੇਤਾਵਾਂ ਨੂੰ ਭਵਿੱਖ ਵਿੱਚ ਲਾਗਤਾਂ ਵਧਣ ਦੀ ਉਮੀਦ ਹੋਵੇ ਤਾਂ ਉਹ ਸੁਰੱਖਿਅਤ ਕੀਮਤ ਰੱਖਣਗੇ।

   (ਅ) ਘੱਟ (ਬ) ਬਹੁਤ ਜ਼ਿਆਦਾ (ਸ) ਜ਼ਿਆਦਾ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

2. ਘੱਟ-ਸਮਾਂ ਕੀਮਤ (Short Period Price)- ਘੱਟ ਸਮਾਂ ਕੁਝ ਮਹੀਨਿਆਂ ਦਾ ਸਮਾਂ ਹੁੰਦਾ ਹੈ, ਜਿਸ ਵਿੱਚ ਮੰਗ ਦੇ ਅਨੁਕੂਲ ਪੂਰਤੀ ਨੂੰ ਤਬਦੀਲ ਕੀਤਾ ਜਾ ਸਕਦਾ ਹੈ। ਅਜਿਹਾ ਪਰਿਵਰਤਨਸ਼ੀਲ ਸਾਧਨਾਂ ਪਰਿਵਰਤਨ ਕਰਕੇ ਹੀ ਸੰਭਵ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਜੇਕਰ ਪੂਰਤੀ ਵਿੱਚ ਵਾਧਾ ਕਰਨਾ ਹੋਵੇ ਤਾਂ ਫਰਮ ਮਿਹਨਤ, ਕੱਚਾ ਮਾਲ ਆਦਿ ਜ਼ਿਆਦਾ ਲਗਾ ਕੇ ਵਰਤਮਾਨ ਮਸ਼ੀਨਾਂ, ਪਲਾਂਟ ਆਦਿ ਸਥਿਰ ਸਾਧਨਾਂ ਨਾਲ ਕੰਮ ਦੀ ਪਾਰੀ (Shift) ਨੂੰ ਵਧਾ ਕੇ ਜ਼ਿਆਦਾ ਉਤਪਾਦਨ ਕਰ ਸਕਦੀ ਹੈ। ਘੱਟ ਸਮੇਂ ਵਿੱਚ ਉਤਪਾਦਨ ਦਾ ਪੈਮਾਨਾ, ਸੰਗਠਨ ਅਤੇ ਸਥਿਰ ਸਾਧਨਾਂ ਨੂੰ ਤਬਦੀਲ ਕਰਨਾ ਸੰਭਵ ਨਹੀਂ ਹੁੰਦਾ। ਇਸ ਲਈ ਪਰਿਵਰਤਨਸ਼ੀਲ ਸਾਧਨਾਂ ਦੀਆਂ ਮਾਤਰਾਵਾਂ ਵਿੱਚ ਮੰਗ ਦੇ ਅਨੁਸਾਰ ਵਾਧਾ ਜਾਂ ਕਮੀ ਕਰਕੇ ਪੂਰਤੀ ਵਿੱਚ ਵਾਧਾ ਜਾਂ ਕਮੀ ਕੀਤੀ ਜਾਂਦੀ ਹੈ।

ਘੱਟ ਸਮੇਂ ਵਿੱਚ ਕੀਮਤ ਨਿਰਧਾਰਣ ਮੰਗ ਅਤੇ ਪੂਰਤੀ ਦੀਆਂ ਸ਼ਕਤੀਆਂ ਨਾਲ ਹੁੰਦਾ ਹੈ। ਘੱਟ ਸਮਾਂ ਪੂਰਤੀ ਵਕ੍ਰ ਖੱਬੇ ਤੋਂ ਸੱਜੇ ਸਧਾਰਣ ਪੂਰਤੀ ਵਕ੍ਰ ਦੀ ਤਰ੍ਹਾਂ ਉਪਰ ਵੱਲ ਢਲਾਣ ਵਾਲਾ ਹੁੰਦਾ ਹੈ। ਜਦੋਂ ਮੰਗ ਵੱਧਦੀ ਜਾਂ ਘੱਟ ਹੁੰਦੀ ਹੈ ਤਾਂ ਪੂਰਤੀ ਵਕ੍ਰ ਦੇ ਨਾਲ ਸੰਤੁਲਨ ਹੋਣ 'ਤੇ ਘੱਟ ਸਮਾਂ ਕੀਮਤ ਨਿਰਧਾਰਿਤ ਹੁੰਦੀ ਹੈ, ਜਿਸ ਨੂੰ ਘੱਟ ਸਮਾਂ ਸਧਾਰਣ ਕੀਮਤ ਵੀ ਕਹਿੰਦੇ ਹਨ। ਚਿੱਤਰ 12.4 ਵਿੱਚ ਘੱਟ ਸਮਾਂ ਸੰਤੁਲਨ ਕੀਮਤ ਦੇ ਨਿਰਧਾਰਣ ਨੂੰ ਦਿਖਾਇਆ ਗਿਆ ਹੈ। D ਮੁੱਲ ਮੰਗ ਵਕ੍ਰ ਹੈ ਅਤੇ MS ਬਾਜ਼ਾਰ-ਸਮਂ ਦਾ ਪੂਰਤੀ ਵਕ੍ਰ। ਸੰਤੁਲਨ ਬਿੰਦੂ P 'ਤੇ ਹੁੰਦਾ ਹੈ, ਜਿਸ ਨਾਲ PQ ਕੀਮਤ 'ਤੇ ਵਸਤੂ ਦੀ OQ ਮਾਤਰਾ ਵੇਚੀ ਅਤੇ ਖਰੀਦੀ ਜਾਂਦੀ ਹੈ। ਮੰਨ ਲਓ ਕਿ (ਕੱਪੜੇ ਦੀ) ਮੰਗ ਵਿੱਚ ਵਾਧਾ ਹੋ ਜਾਂਦਾ ਹੈ, ਜਿਸ ਨੂੰ D_1 ਵਕ੍ਰ ਨਾਲ ਪ੍ਰਗਟ ਕੀਤਾ ਗਿਆ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਬਾਜ਼ਾਰ ਕੀਮਤ ਤੁਰੰਤ PQ ਤੋਂ ਵੱਧ ਕੇ P'Q ਹੋ ਜਾਵੇਗੀ। ਬਾਜ਼ਾਰ ਸਮੇਂ ਵਿੱਚ ਪੂਰਤੀ ਸਥਿਰ ਹੋਣ ਦੇ ਕਾਰਨ ਉਸ ਨੂੰ OQ ਤੋਂ ਜ਼ਿਆਦਾ ਕਰਨਾ ਸੰਭਵ ਨਹੀਂ। ਹਾਂ, ਘੱਟ ਸਮੇਂ ਵਿੱਚ ਜ਼ਿਆਦਾ ਮਜ਼ਦੂਰ, ਕੱਚਾ ਮਾਲ ਆਦਿ ਲਗਾ ਕੇ ਵਰਤਮਾਨ ਮਸ਼ੀਨਾਂ ਅਤੇ ਪਲਾਟਾਂ ਦੀ ਸਹਾਇਤਾਂ ਨਾਲ ਵਧਾਇਆ ਜਾ ਸਕਦਾ ਹੈ। ਇਸ ਤਰ੍ਹਾਂ ਪਰਿਵਰਤਨਸ਼ੀਲ ਸਾਧਨਾਂ ਦੀ ਮਾਤਰਾ ਵਧਣ ਨਾਲ ਪੂਰਤੀ ਵਿੱਚ ਵਾਧਾ SRS ਪੂਰਤੀ ਵਕ੍ਰ ਦੇ ਅਨੁਰੂਪ ਹੋਵੇਗੀ। ਪੂਰਤੀ ਵਕ੍ਰ SRS ਨਵੇਂ ਮੰਗ ਵਕ੍ਰ D_1 ਨੂੰ P_1 ਬਿੰਦੂ 'ਤੇ ਕੱਟਦਾ ਹੈ ਅਤੇ ਇਸ ਤਰ੍ਹਾਂ P_1Q_1 ਘੱਟ ਸਮਾਂ ਕੀਮਤ ਜਾਂ ਘੱਟ ਸਮਾਂ **ਸਧਾਰਣ ਕੀਮਤ** (Short-Run Normal Price) ਨਿਰਧਾਰਿਤ ਹੁੰਦੀ ਹੈ, ਜਿਸ 'ਤੇ OQ_1 ਮਾਤਰਾ ਵੇਚੀ ਅਤੇ ਖਰੀਦੀ ਜਾਂਦੀ ਹੈ। ਇਹ ਘੱਟ ਸਮਾਂ ਕੀਮਤ (P_1Q_1) ਮੂਲ ਬਾਜ਼ਾਰ ਕੀਮਤ PQ ਤੋਂ ਜ਼ਿਆਦਾ ਹੈ ਪਰ ਮੰਗ ਦੇ ਵਧਣ ਤੋਂ ਬਾਅਦ ਦੀ ਬਾਜ਼ਾਰ ਕੀਮਤ P'Q ਤੋਂ ਘੱਟ ਹੈ।

ਹੁਣ ਮੰਨ ਲਓ ਕਿ ਕੱਪੜੇ ਦੀ ਮੰਗ ਵਿੱਚ ਕਮੀ ਹੁੰਦੀ ਹੈ। ਮੰਗ ਵਕ੍ਰ D ਤੋਂ D_2 ਹੋ ਜਾਵੇਗਾ। ਬਾਜ਼ਾਰ ਕੀਮਤ PQ ਤੋਂ ਡਿੱਗ ਕੇ P_2Q_2 ਹੋ ਜਾਵੇਗੀ। ਘੱਟ ਸਮੇਂ ਵਿੱਚ ਉਦਯੋਗ ਦੀਆਂ ਸਾਰੀਆਂ ਫਾਰਮਾਂ ਪਰਿਵਰਤਨਸ਼ੀਲ ਸਾਧਨਾਂ ਨਾਲ ਮਿਹਨਤ, ਕੱਚਾ ਮਾਲ ਆਦਿ ਨੂੰ ਘੱਟ ਲਗਾਵੇਗੀ ਅਤੇ ਪੂਰਤੀ ਨੂੰ ਘੱਟ ਕਰ ਦੇਵੇਗੀ। ਇਸ ਲਈ SRS ਵਕ੍ਰ ਦਾ D_2 ਬਿੰਦੂ 'ਤੇ ਸੰਤੁਲਨ ਹੋਵੇਗਾ, ਜਿਸ

ਨੋਟ ਨਾਲ P_2Q_2 ਕੀਮਤ 'ਤੇ ਵਸਤੂ ਦੀ ਘੱਟ ਮਾਤਰਾ OQ2 ਖਰੀਦ-ਵੇਚ ਹੋਵੇਗੀ ਪਰ P_2Q_2 ਕੀਮਤ ਮੂਲ ਬਾਜ਼ਾਰ ਕੀਮਤ PQ ਤੋਂ ਘੱਟ ਹੈ ਪਰ ਬਾਅਦ ਦੀ ਬਾਜ਼ਾਰ ਕੀਮਤ P"Q ਤੋਂ ਜ਼ਿਆਦਾ ਹੈ ਅਤੇ ਘੱਟ ਸਮੇਂ ਵਿੱਚ ਮੰਗ ਦੀ ਤੁਲਨਾ ਵਿੱਚ ਪੂਰਤੀ ਦਾ ਕੁਝ ਜ਼ਿਆਦਾ ਮਹੱਤਵ ਹੁੰਦਾ ਹੈ, ਕਿਉਂਕਿ ਮੰਗ ਦੇ ਅਨੁਸਾਰ ਪੂਰਤੀ ਵਿੱਚ ਵਾਧਾ ਜਾਂ ਕਮੀ ਪਰਿਵਰਤਨਸ਼ੀਲ ਸਾਧਨਾਂ ਵਿੱਚ ਵਾਧਾ ਜਾਂ ਕਮੀ ਨਾਲ ਕੀਤੀ ਜਾ ਸਕਦੀ ਹੈ।



ਚਿੱਤਰ 12.4

3. **ਲੰਮਾ-ਸਮਾਂ ਕੀਮਤ ਜਾਂ ਸਧਾਰਣ ਕੀਮਤ** (Long Period Price or Normal Price)-ਲੰਮਾ ਸਮਾਂ ਕਈ ਸਾਲਾਂ ਦੀ ਹੁੰਦੀ ਹੈ, ਜਿਸ ਵਿੱਚ ਪੂਰਤੀ ਨੂੰ ਮੰਗ ਦੇ ਅਨੁਸਾਰ ਪੂਰਨ ਤੌਰ 'ਤੇ ਸ਼ਾਮਿਲ ਕੀਤਾ ਜਾ ਸਕਦਾ ਹੈ। ਲੰਮੇ ਸਮੇਂ ਵਿੱਚ ਸਥਿਰ ਸਾਧਨਾਂ ਨੂੰ ਤਬਦੀਲ ਕਰਕੇ ਪੂਰਤੀ ਨੂੰ ਮੰਗ ਦੇ ਅਨੁਰੂਪ ਕੀਤਾ ਜਾ ਸਕਦਾ ਹੈ। ਇਹ ਅਜਿਹਾ ਸਮਾਂ ਹੁੰਦਾ ਹੈ, ਜਿਸ ਵਿੱਚ ਪੁਰਾਣੀਆਂ ਮਸ਼ੀਨਾਂ, ਉਪਕਰਣਾਂ, ਪਲਾਟਾਂ ਆਦਿ ਨੂੰ ਹਟਾ ਕੇ ਨਵੀਆਂ ਮਸ਼ੀਨਾਂ, ਉਪਕਰਣ ਆਦਿ ਲਗਾਏ ਜਾ ਸਕਦੇ ਹਨ। ਨਵੀਆਂ ਫਰਮਾਂ ਉਦਯੋਗ ਵਿੱਚ ਪ੍ਰਵੇਸ਼ ਕਰ ਸਕਦੀਆਂ ਹਨ ਅਤੇ ਪੁਰਾਣੀਆਂ ਫਰਮਾਂ ਉਦਯੋਗ ਨੂੰ ਛੱਡ ਸਕਦੀਆਂ ਹਨ। ਫਰਮ ਦਾ ਉਤਪਾਦਨ ਦਾ ਪੈਮਾਨਾ, ਸੰਗਠਨ ਅਤੇ ਪ੍ਰਬੰਧ ਵੀ ਤਬਦੀਲ ਕੀਤੇ ਜਾ ਸਕਦੇ ਹਨ। ਇਸ ਤਰ੍ਹਾਂ ਲੰਮੇ ਸਮੇਂ ਵਿੱਚ ਹਰ ਦ੍ਰਿਸ਼ਟੀਕੋਣ ਨਾਲ ਪੂਰਤੀ ਨੂੰ ਮੰਗ ਦੇ ਅਨੁਰੂਪ ਕੀਤਾ ਜਾ ਸਕਦਾ ਹੈ।

ਲੰਮੇ ਸਮਾਂ ਕੀਮਤ ਨੂੰ **ਸਧਾਰਣ** ਕੀਮਤ ਵੀ ਕਹਿੰਦੇ ਹਨ। ਸਧਾਰਣ ਕੀਮਤ ਉਹ ਕੀਮਤ ਹੁੰਦੀ ਹੈ, ਜਿਸ ਦਾ ਲੰਮਾ ਸਮਾਂ ਪਾਏ ਜਾਣ ਦੀ ਸੰਭਾਵਨਾ ਹੁੰਦੀ ਹੈ, ਜੋ ਲੰਮੇ ਸਮੇਂ ਵਿੱਚ ਸਥਿਰ ਰਹਿੰਦੀ ਹੈ। **ਮਾਰਸ਼ਲ** ਦੇ ਸ਼ਬਦਾਂ ਵਿੱਚ, **''ਸਧਾਰਣ ਜਾਂ ਸੁਭਾਵਿਕ ਮੁੱਲ ਉਹ ਹੈ ਜੋ ਆਰਥਿਕ ਸ਼ਕਤੀਆਂ ਲੰਮੇ ਸਮੇਂ ਵਿੱਚ ਲਿਆਉਣ ਦੀ ਪ੍ਰਵਿਰਤੀ ਰੱਖਦੀਆਂ ਹਨ।''** (Normal or natural value is that which economic forces would tend to bring about in the long run) ਅਸਲ ਵਿੱਚ ਸਧਾਰਣ ਕੀਮਤ, ਜ਼ਿਆਦਾ ਕੀਮਤ ਅਤੇ ਬਹੁਤ ਘੱਟ ਕੀਮਤ ਦੇ ਵਿਚਕਾਰਲੀ ਕੀਮਤ ਹੈ, ਜਿਸ ਦੀ ਲੰਮੇ ਸਮੇਂ ਵਿੱਚ ਪਾਏ ਜਾਣ ਦੀ ਸੰਭਾਵਨਾ ਹੁੰਦੀ ਹੈ। ਇਹ ਉਹ ਕੀਮਤ ਹੈ, ਜਿਸ ਦੇ ਚਾਰੇ ਪਾਸੇ ਹੋਰ ਕੀਮਤਾਂ ਘੁੰਮਦੀਆਂ ਹਨ।

ਲੰਮੇ ਸਮਾਂ ਜਾਂ ਸਧਾਰਣ ਕੀਮਤ ਮੰਗ ਅਤੇ ਪੂਰਤੀ ਦੇ ਸੰਤੁਲਨ ਨਾਲ ਨਿਰਧਾਰਿਤ ਹੁੰਦੀ ਹੈ। ਲੰਮੇ ਸਮੇਂ ਵਿੱਚ ਫਰਮਾਂ ਅਤੇ ਉਦਯੋਗ ਦੇ ਸੰਤੁਲਨ ਲਈ ਇਹ ਜ਼ਰੂਰੀ ਹੈ ਕਿ ਵਸਤੂ ਦੀ ਸਧਾਰਣ ਕੀਮਤ ਸੀਮਿਤ ਲਾਗਤ ਅਤੇ ਔਸਤ ਲਾਗਤ ਦੇ ਬਰਾਬਰ ਹੋਵੇ। ਜੇਕਰ ਕੀਮਤ ਨਿਊਨਤਮ ਔਸਤ ਲਾਗਤ ਤੋਂ ਉਚੀ ਹੋਵੇ ਤਾਂ ਸਾਰੀਆਂ ਫਰਮਾਂ **ਅਧਿ-ਸਧਾਰਣ ਲਾਭ** (Super Normal Profits) ਕਮਾਉਣਗੇ, ਜਿਨ੍ਹਾਂ ਤੋਂ ਆਕਰਸ਼ਿਤ ਹੋ ਕੇ ਨਵੀਆਂ ਫਰਮਾਂ ਉਦਯੋਗ ਵਿੱਚ ਪ੍ਰਵੇਸ਼ ਕਰ ਜਾਣਗੀਆਂ, ਪੂਰਤੀ ਵਧੇਗੀ ਅਤੇ ਕੀਮਤ ਘੱਟ ਹੋ ਕੇ ਨਿਊਨਤਮ ਔਸਤ ਲਾਗਤ ਦੇ ਬਰਾਬਰ ਹੋ ਜਾਵੇਗੀ। ਇਸ ਤੋਂ ਉਲਟ ਕੀਮਤ ਦੇ ਔਸਤ ਲਾਗਤ ਤੋਂ ਘੱਟ ਹੋ ਜਾਣ 'ਤੇ ਫਰਮਾਂ ਦੀ ਹਾਨੀ ਹੋਵੇਗੀ। ਕੁਝ ਫਰਮਾਂ ਜੋ ਹਾਨੀ ਨਹੀਂ ਉਠਾ ਸਕਦੀਆਂ, ਉਹ ਉਦਯੋਗ ਨੂੰ ਛੱਡ ਜਾਣਗੀਆਂ, ਪੂਰਤੀ ਘੱਟ ਹੋ ਜਾਵੇਗੀ ਅਤੇ ਕੀਮਤ ਵੱਧ ਕੇ ਨਿਊਨਤਮ ਔਸਤ ਲਾਗਤ ਦੇ ਬਰਾਬਰ ਹੋ ਜਾਵੇਗੀ ਅਤੇ ਲੰਮਾ ਸਮਾਂ ਕੀਮਤ ਜਾਂ ਸਧਾਰਣ ਕੀਮਤ ਹਮੇਸ਼ਾ ਨਿਊਨਤਮ ਔਸਤ ਲਾਗਤ ਦੇ ਬਰਾਬਰ ਹੀ ਹੁੰਦੀ ਹੈ। ਇਸ ਨੂੰ ਚਿੱਤਰ 12.5 ਨਾਲ ਸਮਝਾਇਆ ਗਿਆ ਹੈ, ਜਿਸ ਵਿੱਚ LAC ਅਤੇ LMC ਲੰਮਾ ਸਮਾਂ ਔਸਤ ਅਤੇ ਸੀਮਿਤ ਲਾਗਤ ਵਕ੍ਰ ਹਨ। ਲੰਮਾ ਸਮਾਂ ਸੰਤੁਲਨ E ਬਿੰਦੂ 'ਤੇ ਹੁੰਦਾ ਹੈ, ਜਿੱਥੇ LMC = MR = AR = LAC ਨਿਊਨਤਮ ਬਿੰਦੂ 'ਤੇ। OP ਕੀਮਤ ਨਿਰਧਾਰਿਤ ਹੁੰਦੀ ਹੈ, ਜਿਸ 'ਤੇ ਵਸਤੂ ਦੀ OQ ਮਾਤਰਾ ਫਰਮਾਂ ਵੱਲੋਂ ਵੇਚੀ ਜਾਂਦੀ ਹੈ।

ਨੋਟ



ਚਿੱਤਰ 12.5

ਇਹੀ **ਸਧਾਰਣ ਕੀਮਤ** ਹੈ, ਜਿਸ ਦੀ ਲੰਮੇ ਸਮੇਂ ਵਿੱਚ ਹੋਣ ਦੀ ਪ੍ਰਵਿਰਤੀ ਹੋਵੇਗੀ, ਜੇਕਰ ਕੀਮਤ OP ਤੋਂ ਵੱਧ ਕੇ OP_1 ਹੋ ਜਾਂਦੀ ਹੈ ਤਾਂ ਫਰਮ ਵਸਤੂ ਦੀ QQ_1 ਪਹਿਲਾਂ ਤੋਂ ਜ਼ਿਆਦਾ ਮਾਤਰਾ ਵੇਚੇਗੀ, ਜਿਸ ਤੋਂ ਉਨ੍ਹਾਂ ਨੂੰ ਵਸਤੂ ਦੀ ਪ੍ਰਤੀ ਇਕਾਈ 'ਤੇ AB ਹੋਰ ਲਾਭ ਹੋਵੇਗਾ। ਇਸ ਲਾਭ ਤੋਂ ਆਕਰਸ਼ਿਤ ਹੋ ਕੇ ਨਵੀਆਂ ਫਰਮਾਂ ਉਦਯੋਗ ਵਿੱਚ ਪ੍ਰਵੇਸ਼ ਕਰ ਜਾਣਗੀਆਂ, ਜਿਸ ਨਾਲ ਵਸਤੂ ਦੀ ਪੂਰਤੀ ਹੋਰ ਵਧੇਗੀ ਅਤੇ ਕੀਮਤ ਘੱਟ ਹੋ ਕੇ OP ਹੋ ਜਾਵੇਗੀ, ਇੱਥੇ E ਬਿੰਦੂ 'ਤੇ ਲੰਮਾ ਸਮਾਂ ਸੰਤੁਲਨ ਹੋਵੇਗਾ। ਇਸ ਤੋਂ ਉਲਟ, ਕੀਮਤ OP ਤੋਂ ਘੱਟ ਹੋ ਕੇ OP_2 ਹੋਣ 'ਤੇ ਵਸਤੂ ਦੀ ਪੂਰਤੀ Q_2Q ਘੱਟ ਹੋ ਜਾਵੇਗੀ। ਫਰਮਾਂ ਨੂੰ ਵਸਤੂ ਦੀ ਪ੍ਰਤੀ ਇਕਾਈ 'ਤੇ CD ਹਾਨੀ ਹੋਵੇਗੀ, ਜਿਸ ਨੂੰ ਚੁੱਕ ਨਾ ਸਕਣ ਦੇ ਕਾਰਨ ਬਹੁਤ ਸਾਰੀਆਂ ਫਰਮਾਂ ਉਦਯੋਗ ਨੂੰ ਛੱਡ ਜਾਣਗੀਆਂ, ਜਿਸ ਨਾਲ ਪੂਰਤੀ ਹੋਰ ਘੱਟ ਹੋਵੇਗੀ, ਕੀਮਤ ਵਿੱਚ ਵਾਧਾ ਹੋਵੇਗਾ ਅਤੇ ਕੀਮਤ OP ਹੋ ਜਾਵੇਗੀ। ਇੱਥੇ E ਬਿੰਦੂ 'ਤੇ ਪੁਨਰ ਤੌਰ 'ਤੇ ਲੰਮਾ ਸਮਾਂ ਸੰਤੁਲਨ ਹੋਵੇਗਾ।

ਟਾਸਕ ਲੰਮਾ ਸਮਾਂ ਕੀਮਤ ਜਾਂ ਸਧਾਰਣ ਕੀਮਤ 'ਤੇ ਵਿਚਾਰ ਪ੍ਰਗਟ ਕਰੋ।

ਲੰਮਾ ਸਮਾਂ ਕੀਮਤ ਅਤੇ ਪ੍ਰਤੀਫਲ ਦੇ ਨਿਯਮ (Long-run Price and the Laws of Returns): ਲੰਮਾ ਸਮਾਂ ਕੀਮਤ ਦੇ ਵਿਸ਼ਲੇਸ਼ਣ ਵਿੱਚ ਇਹ ਜਾਨਣਾ ਜ਼ਰੂਰੀ ਹੁੰਦਾ ਹੈ ਕਿ ਇਹ ਕੀਮਤ ਬਾਜ਼ਾਰ ਕੀਮਤ ਤੋਂ ਜ਼ਿਆਦਾ, ਘੱਟ ਜਾਂ ਬਰਾਬਰ ਕਦੋਂ ਹੁੰਦੀ ਹੈ ਅਤੇ ਲੰਮਾ ਸਮਾਂ ਕੀਮਤ 'ਤੇ ਪ੍ਰਤੀਫਲ ਦੇ ਨਿਯਮਾਂ ਦਾ ਕੀ ਪ੍ਰਭਾਵ ਪੈਂਦਾ ਹੈ। ਜੇਕਰ ਉਦਯੋਗ ਘਟਦੇ ਪ੍ਰਤੀਫਲ ਜਾਂ ਘੱਟਦੀ ਲਾਗਤ ਦੇ ਨਿਯਮਾਂ ਅਨੁਸਾਰ ਉਤਪਾਦਨ ਕਰਦਾ ਹੋਵੇ ਤਾਂ ਲੰਮਾ ਸਮਾਂ ਕੀਮਤ ਮੂਲ ਬਾਜ਼ਾਰ ਕੀਮਤ ਤੋਂ ਜ਼ਿਆਦਾ ਹੋਵੇਗੀ। ਸਥਿਰ ਪ੍ਰਤੀਫਲ ਜਾਂ ਸਥਿਰ ਲਾਗਤ ਦਾ ਨਿਯਮ ਲਾਗੂ ਹੋਣ 'ਤੇ ਲੰਮਾ ਸਮਾਂ ਕੀਮਤ ਮੂਲ ਬਾਜ਼ਾਰ ਕੀਮਤ ਦੇ ਬਰਾਬਰ ਹੀ ਹੋਵੇਗੀ, ਜਦੋਂ ਕਿ ਵੱਧਦੇ ਪ੍ਰਤੀਫਲ ਜਾਂ ਘੱਟਦੀ ਲਾਗਤ ਦਾ ਨਿਯਮ ਲਾਗੂ ਹੋਣ 'ਤੇ ਲੰਮਾ ਸਮਾਂ ਕੀਮਤ ਮੂਲ ਬਾਜ਼ਾਰ ਕੀਮਤ ਤੋਂ ਘੱਟ ਹੋਵੇਗੀ। ਵੱਖ-ਵੱਖ ਉਤਪਾਦਨ ਨਿਯਮਾਂ ਅਧੀਨ ਮੰਗ ਵਿੱਚ ਵਾਧਾ ਹੋਣ 'ਤੇ ਲੰਮਾ ਸਮਾਂ ਨਿਰਧਾਰਣ ਦੀ ਵਿਆਖਿਆ ਹੇਠਾਂ ਚਿੱਤਰਾਂ ਦੀ ਸਹਾਇਤਾ ਨਾਲ ਕੀਤੀ ਗਈ ਹੈ।

ਜਦੋਂ ਉਦਯੋਗ 'ਤੇ ਘੱਟਦੇ ਪ੍ਰਤੀਫਲ ਜਾਂ ਵੱਧਦੀ ਲਾਗਤ ਦਾ ਨਿਯਮ (Law of Diminishing returns or Increasing costs) ਲਾਗੂ ਹੁੰਦਾ ਹੈ ਤਾਂ ਲੰਮਾ ਸਮਾਂ ਪੂਰਤੀ ਵਕ੍ਰ LRS ਖੱਬੇ ਤੋਂ ਸੱਜੇ ਉਪਰ ਦੀ ਢਲਾਣ ਵਾਲਾ ਹੁੰਦਾ ਹੈ। ਜਿਵੇਂ ਕਿ ਚਿੱਤਰ 12.6 ਵਿੱਚ ਦਿਖਾਇਆ ਗਿਆ ਹੈ। MS ਬਾਜ਼ਾਰ-ਸਮੇਂ ਦਾ ਪ੍ਰਤੀ ਵਕ੍ਰ ਹੈ। SRS ਘੱਟ ਸਮਾਂ ਪੂਰਤੀ ਵਕ੍ਰ ਹੈ। D ਮੂਲ ਮੰਗ ਵਕ੍ਰ ਹੈ ਜੋ ਬਾਜ਼ਾਰ ਸਮੇਂ ਦੇ ਪੂਰਤੀ ਵਕ੍ਰ ਨੂੰ P ਬਿੰਦੂ 'ਤੇ ਕੱਟਦਾ ਹੈ, ਜਿਸ ਨਾਲ PQ ਮੂਲ ਬਾਜ਼ਾਰ ਕੀਮਤ ਨਿਰਧਾਰਿਤ ਹੁੰਦੀ ਹੈ ਅਤੇ ਵਸਤੂ ਦੀ OQ ਮਾਤਰਾ ਵੇਚੀ ਅਤੇ ਖਰੀਦੀ ਜਾਂਦੀ ਹੈ। ਮੰਗ ਦੇ ਵੱਧ ਕੇ D_1 ਹੋਣ ਨਾਲ ਬਾਜ਼ਾਰ ਕੀਮਤ ਵੱਧ ਕੇ P'Q ਹੋ ਜਾਂਦੀ ਹੈ। ਘੱਟ ਸਮੇਂ ਵਿੱਚ ਜਦੋਂ ਪਰਿਵਰਤਸ਼ੀਲਨਾਂ ਸਾਧਨਾਂ ਨਾਲ ਪੂਰਤੀ OQ_1 ਤੋਂ ਵੱਧ ਕੇ OQ_1 ਹੋ ਜਾਂਦੀ ਹੈ ਤਾਂ ਕੀਮਤ P'Q ਤੋਂ ਘੱਟ ਹੋ ਕੇ P_1PQ ਹੁੰਦੀ ਹੈ। ਲੰਮੇ ਸਮੇਂ ਵਿੱਚ ਉਤਪਾਦਨ ਦੇ ਪੈਮਾਨੇ, ਸੰਗਠਨ ਆਦਿ ਦੇ ਵਧਣ ਨਾਲ ਜਦੋਂ ਪੂਰਤੀ ਵਿੱਚ OQ_1 ਤੋਂ OQ_2 ਵਾਧਾ ਹੁੰਦਾ ਹੈ ਤਾਂ ਲੰਮਾ ਸਮਾਂ ਕੀਮਤ P_2Q_2 ਨਿਰਧਾਰਿਤ ਹੁੰਦੀ ਹੈ। ਇਹ ਕੀਮਤ ਮੂਲ ਬਾਜ਼ਾਰ ਕੀਮਤ PQ ਤੋਂ ਜ਼ਿਆਦਾ ਹੈ, ਕਿਉਂਕਿ ਉਦਯੋਗ ਵੱਧਦੀ ਲਾਗਤ ਦੇ ਨਿਯਮ ਅਧੀਨ ਕੰਮ ਕਰਦਾ ਹੈ, ਜਿਸ ਦੇ ਅਨੁਸਾਰ ਉਤਪਾਦਨ ਵਧਣ ਦੇ ਨਾਲ ਲਾਗਤਾਂ ਵੀ ਪ੍ਰਤੀ ਇਕਾਈ ਵੱਧਦੀਆਂ ਹਨ।

ਨੋਟ



ਚਿੱਤਰ 12.6

ਉਦਯੋਗ ਤੇ ਸਥਿਰ ਪ੍ਰਤੀਫਲ ਜਾਂ ਲਾਗਤ ਦਾ ਨਿਯਮ (Law of Constant Returns of Costs)– ਲਾਗੂ ਹੋਣ 'ਤੇ ਲੰਮਾ ਸਮਾਂ ਪੂਰਤੀ X-ਅਕਸ਼ ਦੇ ਸਮਾਂਤਰ ਚਿੱਤਰ 12.7 ਦੇ LRS ਵਕ੍ਰ ਦੀ ਤਰ੍ਹਾ ਹੁੰਦਾ ਹੈ। ਜਦੋਂ ਮੰਗ ਵਿੱਚ D ਤੋਂ D_1 ਦਾ ਵਾਧਾ ਹੁੰਦਾ ਹੈ ਤਾਂ ਬਾਜ਼ਾਰ ਕੀਮਤ PQ ਤੋਂ ਵੱਧ ਕੇ P'Q ਹੋ ਜਾਂਦੀ ਹੈ। ਘੱਟ-ਸਮੇਂ ਵਿੱਚ ਜਦੋਂ ਪੂਰਤੀ OQ ਤੋਂ ਵੱਧ ਕੇ OQ_1 ਹੁੰਦੀ ਹੈ ਤਾਂ ਕੀਮਤ P'Q ਤੋਂ ਡਿੱਗਦਾ P_1Q_1 ਹੋ ਜਾਂਦੀ ਹੈ। ਲੰਮੇ ਸਮੇਂ ਵਿੱਚ ਪੂਰਤੀ OQ_2 ਤੱਕ ਵੱਧ ਜਾਣ ਨਾਲ ਘੱਟ ਕੇ P_2Q_2 ਹੋ ਜਾਂਦੀ ਹੈ। ਇਹ ਕੀਮਤ ਮੁੱਲ ਬਾਜ਼ਾਰ ਦੇ ਬਰਾਬਰ ਹੈ (P_2Q_1 = PQ) । ਇਸ ਦਾ ਕਾਰਨ ਇਹ ਹੈ ਕਿ ਉਦਯੋਗ 'ਤੇ ਸਥਿਰ ਲਾਗਤ ਦਾ ਨਿਯਮ ਲਾਗੂ ਹੋਦ ਨਾਲ ਜਦੋਂ ਉਤਪਾਦਨ ਵਿੱਚ ਵਾਧਾ ਕੀਤਾ ਜਾਂਦਾ ਹੈ ਤਾਂ ਪ੍ਰਤੀ ਇਕਾਈ ਲਾਗਤ ਸਥਿਰ ਰਹਿੰਦੀ ਹੈ।



ਚਿੱਤਰ 12.7

ਜੇਕਰ ਉਦਯੋਗ 'ਤੇ **ਵੱਧਦੇ ਪ੍ਰਤੀਫਲ** ਜਾਂ **ਘਟਦੀਆਂ ਲਾਗਤਾਂ** ਦਾ ਨਿਯਮ (Law of Increasing Returns or Diminishing Costs) ਲਾਗੂ ਹੁੰਦਾ ਹੋਵੇ ਤਾਂ ਲੰਮੇ ਸਮੇਂ ਪੂਰਤੀ ਵਕ੍ਰ ਸੱਜੇ ਤੋਂ ਹੇਠਾਂ ਵੱਲ ਢਲਾਣ ਵਾਲਾ ਹੁੰਦਾ ਹੈ ਜਿਵੇਂ ਕਿ ਚਿੱਤਰ 12.8 ਵਿੱਚ LRS ਵਕ੍ਰ ਹੈ। PQ ਮੂਲ ਬਾਜ਼ਾਰ-ਕੀਮਤ ਹੈ ਅਤੇ OQ ਵਸਤੂ ਦੀ ਖਰੀਦ -ਵੇਚ ਕੀਤੀ ਜਾ ਰਹੀ ਮਾਤਰਾ। ਮੰਗ ਦੇ D ਤੋਂ D_1 ਵੱਧ ਜਾਣ 'ਤੇ ਬਾਜ਼ਾਰ-ਕੀਮਤ ਇਕਦਮ ਵੱਧ ਕੇ P'Q ਹੋ ਜਾਂਦੀ ਹੈ। ਘੱਟ-ਸਮੇਂ ਵਿੱਚ ਪੂਰਤੀ ਵਿੱਚ OQ ਤੋਂ OQ_1 ਵਾਧਾ ਹੋਣ 'ਤੇ ਕੀਮਤ ਡਿੱਗ ਕੇ P'Q ਤੋਂ P_1Q_1 ਹੋ ਜਾਂਦੀ ਹੈ। ਲੰਬਾ ਸਮਾਂ ਕੀਮਤ ਮੂਲ ਬਾਜ਼ਾਰ ਕੀਮਤ ਤੋਂ ਘੱਟ ਹੈ, P_2Q_2 < PQ। ਇਸ ਦਾ ਕਾਰਨ ਇਹ ਹੈ ਕਿ ਉਦਯੋਗ 'ਤੇ ਵੱਧਦੇ ਪ੍ਰਤੀਫਲ ਦਾ ਨਿਯਮ ਲਾਗੂ ਹੋਣ ਨਾਲ ਜਦੋਂ ਉਤਪਾਦਨ ਵਿੱਚ ਵਾਧਾ ਹੁੰਦਾ ਹੈ ਤਾਂ ਪ੍ਰਤੀ ਇਕਾਈ ਲਾਗਤ ਘੱਟ ਹੁੰਦੀ ਜਾਂਦੀ ਹੈ।

ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਲੰਮਾ ਸਮਾਂ ਕੀਮਤ ਮੂੱਲ ਬਾਜ਼ਾਰ ਤੋਂ ਜ਼ਿਆਦਾ, ਬਰਾਬਰ ਜਾਂ ਘੱਟ ਹੋਵੇਗੀ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਦਯੋਗ 'ਤੇ ਘੱਟਦੇ ਪ੍ਰਤੀਫਲ, ਸਥਿਰ ਪ੍ਰਤੀਫਲ ਜਾਂ ਵੱਧਦੇ ਪ੍ਰਤੀਫਲ ਦਾ ਨਿਯਮ ਲਾਗੂ ਹੁੰਦਾ ਹੈ।

ਨੋਟ



ਚਿੱਤਰ 12.8

4. **ਲੰਮਾ ਸਮਾਂ** (Secular Period)- ਲੰਮਾ ਸਮਾਂ ਅਤਿ ਲੰਮੇ ਸਮੇਂ ਦਾ ਹੁੰਦਾ ਹੈ। ਮਾਰਸ਼ਲ ਦੇ ਅਨੁਸਾਰ ਇਹ 10 ਸਾਲ ਤੋਂ ਵੀ ਉਪਰ ਦਾ ਸਮਾਂ ਹੈ, ਜਿਸ ਵਿੱਚ ਮੰਗ ਦੇ ਪਰਿਵਰਤਨਾਂ ਦਾ ਪੂਰਤੀ ਦੇ ਨਾਲ ਪੂਰਨ ਸਮਾਯੋਜਨ ਹੋ ਸਕਦਾ ਹੈ। ਇੰਨੇ ਲੰਮੇ ਸਮੇਂ ਵਿੱਚ ਹੋਣ ਵਾਲੇ ਤਕਨੀਕੀ, ਜਨਸੰਖਿਆ, ਕੱਚੇ ਮਾਲ ਅਤੇ ਮੰਗ ਆਦਿ ਵਿੱਚ ਪਰਿਵਰਤਨਾਂ ਨੂੰ ਜਾਨਣਾ ਸੰਭਵ ਨਹੀਂ, ਇਸ ਲਈ ਮਾਰਸ਼ਲ ਨੇ ਲੰਮੇ ਸਮੇਂ ਵਿੱਚ ਕੀਮਤ ਨਿਰਧਾਰਣ ਦਾ ਵਿਸ਼ਲੇਸ਼ਣ ਨਹੀਂ ਕੀਤਾ।

12.3 ਬਾਜ਼ਾਰ ਕੀਮਤ ਅਤੇ ਸਧਾਰਣ ਕੀਮਤ ਵਿੱਚ ਤੁਲਨਾ

(Comparison between Market Price and Normal Price)

ਬਾਜ਼ਾਰ ਕੀਮਤ ਅਤੇ ਸਧਾਰਣ ਕੀਮਤ ਵਿੱਚ ਹੇਠ ਲਿਖੇ ਅੰਤਰ ਪਾਏ ਜਾਂਦੇ ਹਨ-

(1) ਬਾਜ਼ਾਰ ਕੀਮਤ ਉਹ ਕੀਮਤ ਹੁੰਦੀ ਹੈ ਜੋ ਕਿਸੇ ਇਕ ਦਿਨ ਅਤੇ ਬਹੁਤ ਘੱਟ ਦਿਨ ਮਾਰਕੀਟ ਵਿੱਚ ਪਾਈ ਜਾਂਦੀ ਹੈ। ਇਹ ਬਹੁਤ ਘੱਟ ਸਮਾਂ ਕੀਮਤ ਹੁੰਦੀ ਹੈ ਜੋ ਕਿਸੇ ਇਕ ਵਿਸ਼ੇਸ਼ ਸਮੇਂ ਵਿੱਚ ਪ੍ਰਵਰਤਮਾਨ ਹੁੰਦੀ ਹੈ। ਦੂਸਰੇ ਪਾਸੇ ਸਧਾਰਣ ਕੀਮਤ ਉਹ ਕੀਮਤ ਹੁੰਦੀ ਹੈ, ਜਿਸ ਦੀ ਲੰਮੇ ਸਮੇਂ ਵਿੱਚ ਪਾਏ ਜਾਣ ਦੀ ਪ੍ਰਵਿਰਤੀ ਹੁੰਦੀ ਹੈ।

(2) ਬਾਜ਼ਾਰ ਕੀਮਤ ਦੇ ਨਿਰਧਾਰਣ ਵਿੱਚ ਮੰਗ **ਸਰਗਰਮ** ਹੁੰਦੀ ਹੈ, ਜਦੋਂ ਕਿ ਪੂਰਤੀ ਅਸਫਲ ਹੁੰਦੀ ਹੈ। ਬਾਜ਼ਾਰ ਕੀਮਤ ਮੰਗ ਦੇ ਡਿੱਗਣ ਜਾਂ ਵਧਣ ਦੇ ਨਾਲ ਡਿੱਗਦੀ ਜਾਂ ਵੱਧਦੀ ਹੈ, ਜਦੋਂ ਕਿ ਪੂਰਤੀ ਸਥਿਰ ਰਹਿੰਦੀ ਹੈ। ਦੂਸਰੇ ਪਾਸੇ ਸਧਾਰਣ ਕੀਮਤ ਦੇ ਨਿਰਧਾਰਣ ਵਿੱਚ ਪੂਰਤੀ ਜ਼ਿਆਦਾ ਸਰਗਰਮ ਹੁੰਦੀ ਹੈ, ਕਿਉਂਕਿ ਇਹ ਲੰਮੇ ਸਮੇਂ ਵਿੱਚ ਮੰਗ 'ਚ ਪਰਿਵਰਤਨ ਦੇ ਅਨੁਸਾਰ ਪੂਰੀ ਤਰ੍ਹਾਂ ਤਾਲਮੇਲ ਰੱਖਣ ਦੀ ਪ੍ਰਵਿਰਤੀ ਰੱਖਦੀ ਹੈ।

(3) ਬਾਜ਼ਾਰ ਕੀਮਤ ਅਸਥਾਈ ਘਟਨਾਵਾਂ ਨਾਲ ਪ੍ਰਭਾਵਿਤ ਹੁੰਦੀ ਹੈ। ਇਹ ਦਿਨ ਜਾਂ ਹਫਤੇ ਵਿੱਚ ਅਨੇਕਾਂ ਵਾਰ ਬਦਲਦੀਆਂ ਘਟਨਾਵਾਂ ਨਾਲ ਤਬਦੀਲ ਹੁੰਦਾ ਹੈ। ਇਕ ਬਹੁਤ ਗਰਮੀ ਵਾਲੇ ਦਿਨ ਅਚਾਨਕ ਵਰਖਾ ਹੋ ਜਾਣ ਨਾਲ ਬਰਫ ਦੀ ਮੰਗ ਘੱਟ ਹੋ ਸਕਦੀ ਹੈ ਅਤੇ ਬਰਫ ਦੀ ਕੀਮਤ ਘੱਟ। ਇਸ ਤਰ੍ਹਾਂ ਬਾਜ਼ਾਰ ਕੀਮਤ ਕੇਵਲ ਅਸਥਾਈ ਤੌਰ 'ਤੇ ਹੀ ਪਾਈ ਜਾਂਦੀ ਹੈ। ਦੂਸਰੇ ਪਾਸੇ ਸਧਾਰਣ ਕੀਮਤ ਸਣਾਈ ਤੱਤਾਂ ਦਾ ਨਤੀਜਾ ਹੁੰਦਾ ਹੈ ਜੋ ਮੰਗ ਅਤੇ ਪੂਰਤੀ ਵਿੱਚ ਪਰਿਵਰਤਨ ਲਿਆਉਂਦੇ ਹਨ। ਉਪਭੋਗਤਾਵਾਂ ਦੀਆਂ ਰੁਚੀਆਂ, ਆਦਤਾਂ ਅਧਿਮਾਨਾਂ ਆਦਿ ਵਿੱਚ ਪਰਿਵਰਤਨਾਂ ਨਾਲ ਮੰਗ ਵਿੱਚ ਪਰਿਵਰਤਨ ਹੋ ਸਕਦਾ ਹੈ ਜਦੋਂ ਕਿ ਉਤਪਾਦਨ ਦੇ ਸਥਿਰ ਸਾਧਨਾਂ ਦੇ ਪਰਿਵਰਤਨ ਨਾਲ ਪੂਰਤੀ ਵਿੱਚ ਪਰਿਵਰਤਨ ਹੋ ਸਕਦਾ ਹੈ। ਇਸ ਤਰ੍ਹਾ ਸਧਾਰਣ ਕੀਮਤ ਇਕ ਸਥਾਈ ਅਤੇ ਸਥਿਰ ਕੀਮਤ ਹੁੰਦੀ ਹੈ। ਇਸ ਲਈ ਬਾਜ਼ਾਰ ਕੀਮਤ ਦੀ ਸਧਾਰਣ ਕੀਮਤ ਦੇ ਇਰਦ-ਗਿਰਦ ਘੁੰਮਣ ਦੀ ਪ੍ਰਵਿਰਤੀ ਹੁੰਦੀ ਹੈ ਜਿਵੇਂ ਕਿ ਚਿੱਤਰ 12.9 ਵਿੱਚ ਦਿਖਾਇਆ ਗਿਆ ਹੈ ਜਿੱਥੇ NP ਸਧਾਰਣ ਕੀਮਤ ਹੈ ਅਤੇ NP ਸਧਾਰਣ ਕੀਮਤ ਹੈ ਅਤੇ MP ਬਾਜ਼ਾਰ ਕੀਮਤ ਹੈ।

(4) ਬਾਜ਼ਾਰ ਕੀਮਤ ਔਸਤ ਉਤਪਾਦਨ ਲਾਗਤ ਤੋਂ ਉਪਰ ਜਾਂ ਹੇਠਾ ਹੋ ਸਕਦੀ ਹੈ ਅਤੇ ਫਰਮ ਨਾ ਸਧਾਰਣ ਲਾਭ ਕਮਾ ਸਕਦੀਆਂ ਹਨ ਜਾਂ ਹਾਨੀ ਉਠਾ ਸਕਦੀਆਂ ਹਨ। ਦੂਸਰੇ ਪਾਸੇ ਸਧਾਰਣ ਕੀਮਤ ਹਮੇਸ਼ਾ LAC ਦੇ ਨਿਊਨਤਮ ਬਿੰਦੂ ਦੇ ਬਰਾਬਰ ਹੁੰਦੀ ਹੈ। ਇਸ ਲਈ ਸਧਾਰਣ ਕੀਮਤ ਦੇ ਅਧੀਨ ਫਰਮ ਕੇਵਲ ਸਧਾਰਣ ਲਾਭ ਹੀ ਕਮਾ ਸਕਦੀਆਂ ਹਨ।

ਨੋਟ



ਚਿੱਤਰ 12.9

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾ ਵਿੱਚੋਂ ਸਹੀ/ਗਲਤ ਲੱਭੋ

(State whether the following statements are True/False)–

9. ਘੱਟ ਸਮੇਂ ਵਿੱਚ ਕੀਮਤ ਨਿਰਧਾਰਣ ਮੰਗ ਅਤੇ ਪੂਰਤੀ ਦੀਆਂ ਸ਼ਕਤੀਆਂ ਨਾਲ ਨਿਰਧਾਰਿਤ ਹੁੰਦਾ ਹੈ।
10. ਲੰਮਾ ਸਮਾਂ ਜਾਂ ਸਧਾਰਣ ਕੀਮਤ ਮੰਗ ਅਤੇ ਪੂਰਤੀ ਦੇ ਸੰਤੁਲਨ ਨਾਲ ਨਿਰਧਾਰਿਤ ਨਹੀਂ ਹੁੰਦੀ।
11. ਬਾਜ਼ਾਰ ਕੀਮਤ ਉਹ ਕੀਮਤ ਹੁੰਦੀ ਹੈ ਜੋ ਕਿਸੇ ਇਕ ਦਿਨ ਜਾਂ ਬਹੁਤ ਘੱਟ ਦਿਨ ਮਾਰਕੀਟ ਵਿੱਚ ਪਾਈ ਜਾਂਦੀ ਹੈ।
12. ਬਾਜ਼ਾਰ ਕੀਮਤ ਦੇ ਨਿਰਧਾਰਣ ਵਿੱਚ ਮੰਗ ਸਰਗਰਮ ਹੁੰਦੀ ਹੈ ਜਦੋਂ ਕਿ ਪੂਰਤੀ ਅਸਫਲ ਹੁੰਦੀ ਹੈ।

(5) ਸਾਰੀਆਂ ਵਸਤੂਆਂ, ਚਾਹੇ ਉਹ ਪੁਨਰ ਤੌਰ 'ਤੇ ਸਥਾਪਿਤ ਕੀਤੀਆਂ ਜਾ ਸਕਦੀਆਂ ਹੋਣ ਜਾਂ ਨਾ ਕੀਤੀਆਂ ਜਾ ਸਕਦੀਆਂ ਹੋਣ, ਕੀ ਬਾਜ਼ਾਰ ਕੀਮਤ ਹੁੰਦੀ ਪਰ ਪੁਨਰ ਉਤਪਾਦਤ ਕੀਤੀ ਜਾ ਸਕਣ ਵਾਲੀ ਵਸਤੂਆਂ ਦੀ ਸਧਾਰਣ ਕੀਮਤ ਹੁੰਦੀ ਹੈ। ਜੇਕਰ ਕੋਈ ਵਸਤੂ ਪੁਨਰ ਨਿਰਮਿਤ ਨਹੀਂ ਕੀਤੀ ਜਾ ਸਕਦੀ ਤਾਂ ਉਸ ਦੀ ਲੰਮੇ ਸਮੇਂ ਵਿੱਚ ਪੂਰਤੀ ਨਹੀਂ ਵਧਾਈ ਜਾ ਸਕਦੀ, ਜਦੋਂ ਕਿ ਉਸ ਦੀ ਮੰਗ ਵਿੱਚ ਵਾਧਾ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਟੈਗੋਰ ਵੱਲੋਂ ਬਣਾਇਆ ਗਿਆ ਇਕ ਚਿੱਤਰ ਜੇਕਰ ਕਿਸੇ ਦੁਕਾਨਦਾਰ ਦੇ ਕੋਲ ਪਿਆ ਹੋਵੇ ਤਾਂ ਉਸ ਦੀ ਸਧਾਰਣ ਕੀਮਤ ਨਹੀਂ ਹੋ ਸਕਦੀ, ਕਿਉਂਕਿ ਟੈਗੋਰ ਜਿਊਂਦੇ ਨਹੀਂ ਹਨ ਅਤੇ ਉਨ੍ਹਾਂ ਵਰਗਾ ਚਿੱਤਰ ਪੁਨਰ ਤੌਰ 'ਤੇ ਨਹੀਂ ਬਣ ਸਕਦਾ। ਇਹ ਚਿੱਤਰ ਕੇਵਲ ਬਾਜ਼ਾਰ ਕੀਮਤ 'ਤੇ ਹੀ ਵੇਚਿਆ ਜਾ ਸਕਦਾ ਹੈ ਜੋ ਕਿਸੇ ਸਮੇਂ ਉਸ ਦੀ ਮੰਗ 'ਤੇ ਨਿਰਭਰ ਕਰਦੀ ਹੈ।

(6) ਬਾਜ਼ਾਰ ਕੀਮਤ ਕਿਸੇ ਵੀ ਸਮੇਂ 'ਤੇ ਬਾਜ਼ਾਰ ਵਿੱਚ ਪਾਈ ਜਾਣ ਵਾਲੀ ਅਸਲੀ ਕੀਮਤ ਹੁੰਦੀ ਹੈ। ਦੂਸਰੇ ਪਾਸੇ ਸਧਾਰਣ ਕੀਮਤ ਮਨਘੜਤ ਕੀਮਤ ਹੁੰਦੀ ਹੈ। ਇਹ ਅਮੂਰਤ ਅਤੇ ਭਰਮ ਹੁੰਦੀ ਹੈ ਜੋ ਅਸਲੀ ਹੈ। ਇਹ ਮ੍ਰਿਗਤ੍ਰਣਾ ਵਾਂਗ ਹੁੰਦੀ ਹੈ। ਸਾਗਰ ਵਿੱਚ ਛੋਟੀਆਂ-ਛੋਟੀਆਂ ਤਰੰਗਾਂ ਅਸਲੀ ਹਨ ਪਰ ਦੂਰ-ਦਰਸ਼ੀ ਵਿੱਚ ਦਿਖਾਈ ਦੇਣ ਵਾਲਾ ਸਾਗਰ ਦਾ ਸ਼ਾਂਤ ਜਲ ਭਰਮ ਹੈ ਜੋ ਮ੍ਰਿਗਤ੍ਰਣਾ ਦੇ ਬਰਾਬਰ ਹੈ ਜੋ ਕਦੇ ਵੀ ਸ਼ਾਂਤ ਨਹੀਂ ਹੁੰਦਾ। ਸਾਗਰ ਦੀਆਂ ਛੋਟੀਆਂ-ਛੋਟੀਆਂ ਤਰੰਗਾਂ ਕੀਮਤ ਦੇ ਬਰਾਬਰ ਹਨ, ਜਦ ਕਿ ਦੂਰ-ਦਰਸ਼ੀ ਵਿੱਚ ਦਿਖਾਈ ਦਿੰਦਾ ਸ਼ਾਂਤ ਜਲ ਸਧਾਰਣ ਕੀਮਤ ਦੇ ਬਰਾਬਰ ਹੈ। ਜਿਵੇਂ ਕਿ ਸਟੋਨੀਅਰ ਅਤੇ ਹੇਗ ਨੇ ਪ੍ਰਗਟ ਕੀਤਾ ਹੈ : "ਵਿਵਹਾਰ ਵਿੱਚ, ਲੰਮਾ ਸਮਾਂ ਸਧਾਰਣ ਕੀਮਤ ਕਦੇ ਵੀ ਨਹੀਂ ਆਵੇਗੀ। ਲੰਮਾ ਸਮਾਂ ਸੰਤੁਲਨ ਦੀਆਂ ਕੁਝ ਸ਼ਰਤਾਂ ਦੇ ਅੰਦਰ ਸਧਾਰਣ ਤੌਰ 'ਤੇ ਇਕ ਪਰਿਵਰਤਨ ਹੋਵੇਗਾ, ਇਸ ਤੋਂ ਬਾਅਦ ਕਿ ਉਸ ਤੱਕ ਪਹੁੰਚਿਆ ਜਾ ਸਕੇ। ਕੱਲ੍ਹ ਵਾਂਗ ਲੰਮਾ ਸਮਾਂ ਕਦੇ ਵੀ ਨਹੀਂ ਆਉਂਦਾ ਹੈ" ਅਤੇ ਜੋ ਕੀਮਤ ਬਾਜ਼ਾਰ ਵਿੱਚ ਪਾਈ ਜਾਂਦੀ ਹੈ, ਉਹ ਹਮੇਸ਼ਾ ਬਾਜ਼ਾਰ ਕੀਮਤ ਹੁੰਦੀ ਹੈ ਨਾ ਕਿ ਸਧਾਰਣ ਕੀਮਤ।

12.4 ਸਾਰੰਸ਼ (Summary)

- ਉਪਰ ਦੇ ਵੇਰਵੇ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਕੀਮਤ ਸਿਧਾਂਤ ਵਿੱਚ ਸਮਾਂ ਤੱਤ ਦਾ ਮਹੱਤਵ ਇਹ ਹੈ ਕਿ ਕੀਮਤ-ਨਿਰਧਾਰਣ ਵਿੱਚ ਮੰਗ ਅਤੇ ਪੂਰਤੀ ਵਿੱਚੋਂ ਕਿਹੜੀ ਸ਼ਕਤੀ ਜ਼ਿਆਦਾ ਪ੍ਰਬਲ ਹੁੰਦੀ ਹੈ। ਇਹ ਸਮਾਂ-ਸੀਮਾ 'ਤੇ ਨਿਰਧਾਰਿਤ ਕਰਦਾ ਹੈ। ਸਧਾਰਣ ਤੌਰ 'ਤੇ ਸਮਾਂ-ਸੀਮਾ ਜਿੰਨੀ ਘੱਟ ਹੁੰਦੀ ਹੈ, ਕੀਮਤ ਨਿਰਧਾਰਣ ਵਿੱਚ ਮੰਗ ਦਾ ਪ੍ਰਭਾਵ ਉੱਨਾ ਹੀ ਜ਼ਿਆਦਾ ਹੁੰਦਾ ਹੈ ਅਤੇ ਜਿੰਨਾ ਸਮਾਂ-ਸੀਮਾ ਜ਼ਿਆਦਾ ਹੁੰਦੀ ਹੈ, ਕੀਮਤ ਨਿਰਧਾਰਣ ਵਿੱਚ ਪੂਰਤੀ ਦਾ ਪ੍ਰਭਾਵ ਉੱਨਾ ਹੀ ਜ਼ਿਆਦਾ ਹੁੰਦਾ ਹੈ।

ਨੋਟ

12.5 ਸ਼ਬਦਕੋਸ਼ (Keywords)

1. **ਅਨੁਲੰਬ** (Vertical) – ਖੜ੍ਹਾ, ਸਿੱਧਾ।
2. **ਨਾਸ਼ਵਾਨ ਵਸਤੂਆਂ** (Perishable Commodities) – ਨਸ਼ਟ ਹੋਣ ਵਾਲੀਆਂ ਵਸਤੂਆਂ।
3. **ਟਿਕਾਊ ਵਸਤੂਆਂ** (Durable Commodities) – ਸੁਰੱਖਿਅਤ-ਵਸਤੂਆਂ।
4. **ਚਿਰਕਾਲਿਕ ਸਮਾਂ** (Secular Period) – ਲੰਮੇ ਸਮੇਂ ਦੀ।

12.6 ਅਭਿਆਸ ਪ੍ਰਸ਼ਨ (Review Questions)

1. ਸੰਤੁਲਨ ਕੀਮਤ ਤੋਂ ਕੀ ਭਾਵ ਹੈ? ਸਪੱਸ਼ਟ ਕਰੋ।
2. ਕੀਮਤ ਸਿਧਾਂਤ ਵਿੱਚ ਸਮਾਂ-ਤੱਤ ਦੇ ਮਹੱਤਵ ਨੂੰ ਸਮਝਾਓ।
3. ਬਾਜ਼ਾਰ ਕੀਮਤ ਅਤੇ ਸਧਾਰਣ ਕੀਮਤ ਵਿੱਚ ਤੁਲਨਾ ਕਰੋ।
4. ਕੋਈ ਵਿਕਰੇਤਾ ਆਪਣੀ ਵਸਤੂ ਦੀ ਸੁਰੱਖਿਅਤ ਕੀਮਤ ਨਿਸ਼ਚਿਤ ਕਰਦੇ ਸਮੇਂ ਕਿਹੜੇ ਤੱਤਾਂ ਦਾ ਧਿਆਨ ਰੱਖਦਾ ਹੈ?

ਉਤਰ : ਸਵ-ਮੁਲਾਂਕਣ (Answer : Self Assessment)

1. ਵਿਕਰੇਤਾ	2. ਮੰਗ	3. ਉਲਟ	4. ਵਿਸ਼ਲੇਸ਼ਣ
5. (ਸ)	6. (ਬ)	7. (ਬ)	8. (ਸ)
9. ਸਹੀ	10. ਗਲਤ	11. ਸਹੀ	12. ਸਹੀ

12.7 ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕ੍ਰੋਇਕਨੋਮਿਕਸ-ਫ੍ਰੇਮਕ ਕਾਵੈਲ, ਆਕਸਫੋਰਡ ਯੂਨੀਵਰਸਿਟੀ ਪ੍ਰੈਸ, 2007
2. ਮਾਈਕ੍ਰੋਇਕਨੋਮਿਕਸ- ਰਾਬਰਟ ਐਸ ਪਿੰਡੀਕ, ਡੈਨੀਅਰ ਐਲ. ਰੂਬਿਨਫੇਲਡ ਐਂਡ ਪ੍ਰੈਸ ਐਲ. ਮਹਿਤਾ, ਪੀਅਰਸਨ ਐਜੂਕੇਸ਼ਨ, 2009, ਪੀ. ਬੀ. ਕੇ. ਸੱਤਵਾਂ ਐਡੀਸ਼ਨ।
3. ਮਾਈਕ੍ਰੋਇਕਨੋਮਿਕਸ-ਡੇਵਿਡ ਬੇਸੈਨਕੋ ਐਂਡ ਰੋਨਾਲਡ ਬਰੂਟੀਗੈਮ, ਵਿਲੇ ਇੰਡੀਆ, 2011, ਪੀ. ਬੀ. ਕੇ., ਚੌਥਾ ਐਡੀਸ਼ਨ।

ਨੋਟ

ਇਕਾਈ–13 : ਏਕਾਧਿਕਾਰੀ ਫਰਮ ਦਾ ਸਿਧਾਂਤ (Theory of Monopoly Firm)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

13.1 ਏਕਾਧਿਕਾਰ ਕੀ ਹੈ? (What is Monopoly?)

13.2 ਏਕਾਧਿਕਾਰ ਦੀਆਂ ਵਿਸ਼ੇਸ਼ਤਾਵਾਂ (Features of Monopoly)

13.3 ਏਕਾਧਿਕਾਰ ਵਿੱਚ ਸੰਤੁਲਨ (Monopoly Equilibrium)

ਜਾਂ

ਏਕਾਧਿਕਾਰ ਵਿੱਚ ਕੀਮਤ ਅਤੇ ਉਤਪਾਦਨ ਦਾ ਨਿਰਧਾਰਣ (Determination of Price and Output Under Monopoly)

13.4 ਕੁੱਲ ਆਮਦਨ ਅਤੇ ਕੁੱਲ ਲਾਗਤ ਵਕ੍ਰ ਦ੍ਰਿਸ਼ਟੀਕੋਣ (Total Revenue and Total Cost Curve Approach)

13.5 ਸੀਮਾਂਤ ਆਮਦਨ ਅਤੇ ਸੀਮਾਂਤ ਲਾਗਤ ਦ੍ਰਿਸ਼ਟੀਕੋਣ (Marginal Revenue and Marginal Cost Approach)

13.6 ਕੀਮਤ ਵਿਭੇਦ ਜਾਂ ਭੇਦਮੂਲਕ ਏਕਾਧਿਕਾਰ (Price Discrimination or Discriminating Monopoly)

13.7 ਕੀਮਤ ਵਿਭੇਦ ਦੇ ਪ੍ਰਕਾਰ (Types of Price Discrimination)

13.8 ਕੀਮਤ ਵਿਭੇਦੀਕਰਣ ਦੀਆਂ ਸ਼੍ਰੇਣੀਆਂ (Degrees of Price Discrimination)

13.9 ਕੀਮਤ ਵਿਭੇਦ ਦੀਆਂ ਜ਼ਰੂਰੀ ਸ਼ਰਤਾਂ (Essential Conditions for Price Discrimination)

13.10 ਕੀਮਤ ਵਿਭੇਦ ਕਦੋਂ ਲਾਭਦਾਇਕ ਹੁੰਦਾ ਹੈ? (When Price Discriminating is Profitable?)

13.11 ਭੇਦ ਮੂਲਕ ਏਕਾਧਿਕਾਰ ਵਿੱਚ ਕੀਮਤ-ਉਤਪਾਦਨ ਦਾ ਨਿਰਧਾਰਣ (Price and Output Determination under Discriminating Monopoly)

13.12 ਰਾਸ਼ੀਪਾਤਨ (Dumping)

13.13 ਰਾਸ਼ੀਪਾਤਨ ਵਿੱਚ ਕੀਮਤ ਅਤੇ ਉਤਪਾਦਨ ਦਾ ਨਿਰਧਾਰਣ (Price and Output Determination under Dumping)

13.14 ਉਤਪਾਦਨ ਦੀ ਜ਼ੀਰੋ ਲਾਗਤ ਦੇ ਨਾਲ ਏਕਾਧਿਕਾਰੀ ਕੀਮਤ (Monopoly Price with Zero Cost of Production)

13.15 ਕੀ ਏਕਾਧਿਕਾਰੀ ਕੀਮਤ ਹਮੇਸ਼ਾ ਪੂਰਨ ਪ੍ਰਤੀਯੋਗੀ ਕੀਮਤ ਤੋਂ ਜ਼ਿਆਦਾ ਹੁੰਦੀ ਹੈ? (Is Monopoly Price always Higher than the Perfectly Competitive Price?)

13.16 ਬਹੁ-ਪਲਾਂਟ ਏਕਾਧਿਕਾਰ (Multi-plant Monopoly)

13.17 ਏਕਾਧਿਕਾਰ ਦੀ ਵੰਡ ਸਬੰਧੀ ਅਕਾਰਯਕੁਸ਼ਲਤਾ (Allocative Inefficiency of Monopoly/Dead Weight Loss)

ਨੋਟ

13.18 ਏਕਾਧਿਕਾਰੀ ਫਰਮ ਦਾ ਪੂਰਤੀ ਵਕ੍ਰ (Supply Curve of a Firm under Monopoly)
13.19 ਸਾਰੰਸ਼ (Summary)
13.20 ਸ਼ਬਦਕੋਸ਼ (Keywords)
13.21 ਅਭਿਆਸ ਪ੍ਰਸ਼ਨ (Review Questions)
13.22 ਸਬੰਧਿਤ ਪੁਸਤਕਾਂ (Further Readings)

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਏਕਾਧਿਕਾਰ ਦਾ ਅਧਿਐਨ ਕਰਨ ਸਬੰਧੀ।
- ਕੀਮਤ ਵਿਭੇਦ ਦੇ ਪ੍ਰਕਾਰ ਜਾਨਣ ਸਬੰਧੀ।
- ਰਾਸ਼ੀ ਪਾਤਨ ਨੂੰ ਸਮਝਣ ਸਬੰਧੀ।
- ਬਹੁ–ਪਲਾਂਟ ਦਾ ਅਧਿਐਨ ਕਰਨ ਸਬੰਧੀ।

ਪ੍ਰਸਤਾਵਨਾ (Introduction)

ਏਕਾਧਿਕਾਰੀ ਦੀ ਵਸਤੂ ਦਾ ਇਕ ਹੀ ਉਤਪਾਦਕ ਹੋਣਾ ਚਾਹੀਦਾ ਹੈ, ਚਾਹੇ ਉਹ ਇਕੱਲਾ ਹੋਵੇ ਜਾਂ ਸਾਂਝੇਦਾਰਾਂ ਦਾ ਸਮੂਹ ਹੋਵੇ ਜਾਂ ਸੰਯੁਕਤ ਪੂੰਜੀ ਕੰਪਨੀ ਜਾਂ ਰਾਜ ਹੋਵੇ ਅਤੇ ਏਕਾਧਿਕਾਰ ਦੀ ਸਥਿਤੀ ਵਿੱਚ ਕੇਵਲ ਇਕ ਹੀ ਫਰਮ ਹੁੰਦੀ ਹੈ ਪਰ ਵਸਤੂ ਦੇ ਖਰੀਦਦਾਰ ਕਾਫੀ ਸੰਖਿਆ ਵਿੱਚ ਹੋਣੇ ਚਾਹੀਦੇ ਹਨ, ਜਿਸ ਦੇ ਫਲਸਰੂਪ ਵਸਤੂ ਦੀ ਕੀਮਤ ਨੂੰ ਖਰੀਦਦਾਰ ਪ੍ਰਭਾਵਿਤ ਨਹੀਂ ਕਰ ਸਕਦੇ ਪਰ ਵਿਕਰੇਤਾ ਪ੍ਰਭਾਵਿਤ ਕਰਦਾ ਹੈ।

13.1 ਏਕਾਧਿਕਾਰ ਕੀ ਹੈ? (What is Monopoly?)

ਅੰਗਰੇਜ਼ੀ ਭਾਸ਼ਾ ਦਾ ਮੋਨੋਪਾਲੀ ਸ਼ਬਦ ਗ੍ਰੀਕ ਸ਼ਬਦ ਦੇ ਮੋਨੋਪਾਲੀਅਨ (Monopolion) ਸ਼ਬਦ ਤੋਂ ਲਿਆ ਗਿਆ ਹੈ। ਇਸ ਦਾ ਅਰਥ ਹੈ ਵਿਕਰੀ ਦਾ ਸਿਰਫ ਇਕ ਅਧਿਕਾਰ ਅਤੇ ਸ਼ੁੱਧ ਏਕਾਧਿਕਾਰ **ਬਾਜ਼ਾਰ ਦੀ ਉਹ ਸਥਿਤੀ ਹੈ, ਜਿਸ ਵਿੱਚ ਕੇਵਲ ਇਕ ਫਰਮ ਕਿਸੇ ਵਸਤੂ ਦੀ ਸਿਰਫ ਇਕ ਉਤਪਾਦਕ ਹੁੰਦੀ ਹੈ ਅਤੇ ਉਸ ਵਸਤੂ ਦਾ ਕੋਈ ਨੇੜਲਾ ਸਥਾਨਾਪੰਨ ਨਹੀਂ ਹੁੰਦਾ।** ਕਿਉਂਕਿ ਏਕਾਧਿਕਾਰੀ ਕਿਸੇ ਵਸਤੂ ਦਾ ਬਾਜ਼ਾਰ ਵਿੱਚ ਇਕ ਵਿਕਰੇਤਾ ਹੁੰਦਾ ਹੈ। ਇਸ ਲਈ ਉਸ ਦੇ ਨਾ ਤਾਂ ਕੋਈ ਪ੍ਰਤੀਦੰਦੀ ਹੁੰਦੀ ਹਨ ਅਤੇ ਨਾ ਹੀ ਪ੍ਰੱਤਖ ਪ੍ਰਤੀਯੋਗੀ ਹੁੰਦੇ ਹਨ।

ਸ਼ੁੱਧ ਏਕਾਧਿਕਾਰ ਕੀ ਹੈ?

ਇਹ ਬਾਜ਼ਾਰ ਦਾ ਉਹ ਕਿਸਮ ਹੈ, ਜਿਸ ਵਿੱਚ ਕਿਸੇ ਵਸਤੂ ਦਾ ਕੇਵਲ ਇਕ ਹੀ ਵਿਕਰੇਤਾ ਹੁੰਦਾ ਹੈ, ਜਿਸ ਦਾ ਵਸਤੂ ਦੀ ਕੀਮਤ 'ਤੇ ਪੂਰਨ ਕੰਟਰੋਲ ਹੁੰਦਾ ਹੈ।

ਉਦਾਹਰਣ ਦੇ ਤੌਰ 'ਤੇ ਆਪਣੇ ਘਰ ਜਾਂ ਫੈਕਟਰੀ ਦੇ ਲਈ ਬਿਜਲੀ ਤੁਸੀਂ ਕੇਵਲ ਬਿਜਲੀ ਬੋਰਡ ਤੋਂ ਪ੍ਰਾਪਤ ਕਰ ਸਕਦੇ ਹੋ। ਤੁਸੀਂ ਕੇਵਲ ਭਾਰਤ ਸਰਕਾਰ ਦੀਆਂ ਰੇਲਾਂ ਵਿੱਚ ਯਾਤਰਾ ਕਰ ਸਕਦੇ ਹੋ। ਇਹ ਸਾਰੇ ਏਕਾਧਿਕਾਰ ਦੇ ਉਦਾਹਰਣ ਹਨ। ਏਕਾਧਿਕਾਰ ਦੀ ਸਥਿਤੀ ਵਿੱਚ ਕੋਈ ਦੂਸਰੀ ਫਰਮ ਉਦਯੋਗ ਵਿੱਚ ਪ੍ਰਵੇਸ਼ ਨਹੀਂ ਕਰ ਸਕਦੀ। ਏਕਾਧਿਕਾਰ ਵਿੱਚ ਫਰਮ ਅਤੇ ਉਦਯੋਗ ਵਿੱਚ ਕੋਈ ਅੰਤਰ ਨਹੀਂ ਹੁੰਦਾ। ਫਰਮ ਹੀ ਉਦਯੋਗ ਹੁੰਦੀ ਹੈ, ਕਿਉਂਕਿ ਬਾਜ਼ਾਰ ਵਿੱਚ ਵਸਤੂ ਦੀ ਇਹ ਹੀ ਸਿਰਫ ਉਤਪਾਦਕ ਹੈ। ਏਕਾਧਿਕਾਰੀ **ਕੀਮਤ ਨਿਰਧਾਰਕ** (Price Maker) ਹੁੰਦਾ ਹੈ। ਉਹ ਕੀਮਤ ਦਾ ਨਿਰਧਾਰਣ ਕਰਦਾ ਹੈ। ਉਸ ਵੱਲੋਂ ਨਿਰਧਾਰਿਤ ਕੀਮਤ 'ਤੇ ਇਹ ਨਿਰਭਰ ਹੁੰਦਾ ਹੈ ਕਿ ਉਹ ਕਿੰਨੀ ਮਾਤਰਾ ਵੇਚ ਸਕੇਗਾ। ਏਕਾਧਿਕਾਰੀ ਦੀ ਮੰਗ ਵਕ੍ਰ ਦਾ ਢਲਾਣ ਉਪਰ ਤੋਂ ਹੇਠਾਂ ਵੱਲ ਹੁੰਦਾ ਹੈ।

ਕੌਤਸੁਵਿਆਨੀ ਦੇ ਅਨੁਸਾਰ, **''ਏਕਾਧਿਕਾਰ ਉਹ ਬਾਜ਼ਾਰ ਹੈ, ਜਿਸ ਵਿੱਚ ਕਿਸੇ ਵਸਤੂ ਦਾ ਕੇਵਲ ਇਕ ਹੀ ਵਿਕਰੇਤਾ ਹੁੰਦਾ ਹੈ। ਉਹ ਜਿਸ ਵਸਤੂ ਦਾ ਉਤਪਾਦਨ ਕਰਦਾ ਹੈ, ਉਸ ਦੇ ਨੇੜਲੇ ਸਥਾਨਾਪੰਨ ਨਹੀਂ ਹੁੰਦੇ ਅਤੇ ਹੋਰ ਫਰਮਾਂ ਦੇ ਪ੍ਰਵੇਸ਼ 'ਤੇ ਪ੍ਰਤੀਬੰਧ ਹੁੰਦਾ ਹੈ।''**

ਨੋਟ (Monopoly is a market situation in which there is a single seller. there are no close substitutes for commodity it produces, there are barriers to entry.

—Koutsoyiannis)

ਬਾਮੋਲ ਦੇ ਸ਼ਬਦਾਂ ਵਿੱਚ, **''ਇਕ ਸ਼ਬਦ ਏਕਾਧਿਕਾਰੀ ਦੀ ਪ੍ਰੀਭਾਸ਼ਾ ਉਸ ਫਰਮ ਦੇ ਰੂਪ ਵਿੱਚ ਕੀਤੀ ਜਾਂਦੀ ਹੈ ਜੋ ਉਦਯੋਗ ਵੀ ਹੈ। ਇਹ ਕਿਸੇ ਵਿਸ਼ੇਸ਼ ਵਸਤੂ ਜਿਸ ਦੇ ਨੇੜਲੇ ਸਥਾਨਾਪੰਨ ਨਹੀਂ ਹੁੰਦੇ ਕਿ ਸਿਰਫ ਇੱਕੋ-ਇਕ ਵਿਕਰੇਤਾ ਹੁੰਦੀ ਹੈ।''** (A pure monopoly is defined as the firm that is also an industry. It is the only supplier of some particular commodity for which there exists no close substitute. **—Baumol**)

13.2 ਏਕਾਧਿਕਾਰ ਦੀਆਂ ਵਿਸ਼ੇਸ਼ਤਾਵਾਂ (Features of Monopoly)

ਏਕਾਧਿਕਾਰ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ–

1. **ਇਕ ਵਿਕਰੇਤਾ ਅਤੇ ਜ਼ਿਆਦਾ ਖਰੀਦਦਾਰ** (One Seller and Large Number of Buyers)– ਏਕਾਧਿਕਾਰ ਵਿੱਚ ਵਸਤੂ ਦਾ ਇਕ ਹੀ ਉਤਪਾਦਕ ਹੋਣਾ ਚਾਹੀਦਾ ਹੈ, ਚਾਹੇ ਉਹ ਇਕੱਲਾ ਹੋਵੇ ਜਾਂ ਸਾਂਝੇਦਾਰਾਂ ਦਾ ਸਮੂਹ ਹੋਵੇ ਜਾਂ ਸੰਯੁਕਤ ਪੂੰਜੀ ਕੰਪਨੀ ਜਾਂ ਰਾਜ ਹੋਵੇ ਅਤੇ ਏਕਾਧਿਕਾਰ ਦੀ ਸਥਿਤੀ ਵਿੱਚ ਕੇਵਲ ਇਕ ਹੀ ਫਰਮ ਹੁੰਦੀ ਹੈ ਪਰ ਵਸਤੂ ਦੇ ਵਿਕਰੇਤਾ ਕਾਫੀ ਸੰਖਿਆ ਵਿੱਚ ਹੋਣੇ ਚਾਹੀਦੇ ਹਨ, ਜਿਸ ਦੇ ਫਲਸਰੂਪ ਵਸਤੂ ਦੀ ਕੀਮਤ ਨੂੰ ਖਰੀਦਦਾਰ ਪ੍ਰਭਾਵਿਤ ਨਾ ਕਰ ਸਕਣ ਪਰ ਵਿਕਰੇਤਾ ਪ੍ਰਭਾਵਿਤ ਕਰਦਾ ਹੈ।

2. **ਏਕਾਧਿਕਾਰੀ ਫਰਮ ਉਦਯੋਗ ਵੀ ਹੈ** (Monopoly is also an Industry)– ਏਕਾਧਿਕਾਰ ਦੀ ਸਥਿਤੀ ਵਿੱਚ ਕੇਵਲ ਇਕ ਹੀ ਫਰਮ ਹੁੰਦੀ ਹੈ ਅਤੇ ਫਰਮ ਅਤੇ ਉਦਯੋਗ ਦਾ ਅੰਤਰ ਖਤਮ ਹੋ ਜਾਂਦਾ ਹੈ ਅਤੇ ਏਕਾਧਿਕਾਰੀ ਫਰਮ ਅਤੇ ਉਦਯੋਗ ਦੇ ਅਧਿਐਨ ਵਿੱਚ ਕੋਈ ਅੰਤਰ ਨਹੀਂ ਹੁੰਦਾ।

3. **ਨਵੀਆਂ ਫਰਮਾਂ ਦੇ ਪ੍ਰਵੇਸ਼ 'ਤੇ ਪ੍ਰਤੀਬੰਧ** (Restrictions on the Entry of the New Firms)- ਏਕਾਧਿਕਾਰੀ ਖੇਤਰ ਵਿੱਚ ਨਵੀਆਂ ਫਰਮਾਂ ਦੇ ਬਾਜ਼ਾਰ ਵਿੱਚ ਪ੍ਰਵੇਸ਼ ਕਰਨ 'ਤੇ ਪ੍ਰਤੀਬੰਧ ਹੁੰਦਾ ਹੈ। ਇਨ੍ਹਾਂ ਪ੍ਰਤੀਬੰਧਾਂ ਦੇ ਕਈ ਰੂਪ ਹੁੰਦੇ ਹਨ, ਜਿਵੇਂ ਪੇਟੇਂਟ ਅਧਿਕਾਰੀ ਨਿਯਮ, ਪੈਮਾਨੇ ਦੀਆਂ ਬੱਚਤਾਂ ਆਦਿ।

4. **ਨੇੜਲੇ ਸਥਾਨਾਪੰਨ ਦਾ ਅਹਿਸਾਸ** (No Close Substitutes)- ਏਕਾਧਿਕਾਰੀ ਜਿਸ ਵਸਤੂ ਦਾ ਉਤਪਾਦਨ ਕਰ ਰਿਹਾ ਹੈ, ਉਸ ਵਸਤੂ ਦਾ ਨੇੜਲਾ ਸਥਾਨਾਪੰਨ ਨਹੀਂ ਹੋਣੀ ਚਾਹੀਦਾ, ਨਹੀਂ ਤਾਂ ਏਕਾਧਿਕਾਰੀ ਆਪਣੀ ਵਸਤੂ ਦੀ ਕੀਮਤ ਆਪਣੀ ਇੱਛਾ ਅਨੁਸਾਰ ਨਿਰਧਾਰਿਤ ਨਹੀਂ ਕਰ ਸਕੇਗਾ। **ਬੋਲਡਿੰਗ** (Boulding) ਦੇ ਅਨੁਸਾਰ, **''ਇਕ ਵਿਸ਼ੁੱਧ ਏਕਾਧਿਕਾਰੀ ਫਰਮ ਉਹ ਹੈ ਜੋ ਅਜਿਹੀ ਵਸਤੂ ਦਾ ਉਤਪਾਦਨ ਕਰ ਰਹੀ ਹੈ, ਜਿਸ ਦਾ ਤੀਸਰੀਆਂ ਫਰਮਾਂ ਦੇ ਉਤਪਾਦਨ ਵਿੱਚ ਕੋਈ ਪ੍ਰਭਾਵਸ਼ਾਲੀ ਸਥਾਨਾਪੰਨ ਨਹੀਂ ਹੈ।''**

5. **ਕੀਮਤ ਨਿਰਧਾਰਕ** (Price Maker)– ਏਕਾਧਿਕਾਰੀ ਕੀਮਤ ਨਿਰਧਾਰਕ ਹੁੰਦਾ ਹੈ ਅਤੇ ਆਪਣੇ ਉਤਪਾਦਨ ਦੀ ਕੀਮਤ ਦਾ ਨਿਰਧਾਰਣ ਉਹ ਖੁਦ ਕਰਦਾ ਹੈ। ਅਜਿਹਾ ਇਸ ਲਈ, ਕਿਉਂਕਿ ਉਹ ਵਸਤੂ ਦਾ ਇੱਕੋ–ਇਕ ਵਿਕਰੇਤਾ ਹੁੰਦਾ ਹੈ ਪਰ ਖਰੀਦਦਾਰਾਂ ਦੀ ਸੰਖਿਆ ਕਾਫੀ ਜ਼ਿਆਦਾ ਹੁੰਦੀ ਹੈ। ਇਕ ਖਰੀਦਦਾਰ ਦੀ ਮੰਗ, ਕੁੱਲ ਮੰਗ ਦਾ ਬਹੁਤ ਥੋੜ੍ਹਾ ਜਿਹਾ ਹਿੱਸਾ ਹੁੰਦੀ ਹੈ। ਇਸ ਲਈ ਖਰੀਦਦਾਰ ਕੀਮਤ ਨੂੰ ਪ੍ਰਭਾਵਿਤ ਨਹੀਂ ਕਰ ਸਕਦੇ। ਉਨ੍ਹਾਂ ਨੂੰ ਏਕਾਧਿਕਾਰੀ ਵੱਲੋਂ ਨਿਰਧਾਰਿਤ ਕੀਮਤ ਦਾ ਭੁਗਤਾਨ ਕਰਨਾ ਪੈਂਦਾ ਹੈ। ਹੋਰ ਸ਼ਬਦਾਂ ਵਿੱਚ ਵਸਤੂ ਦੀ ਕੀਮਤ ਪੂਰਨ ਰੂਪ ਵਿੱਚ ਏਕਾਧਿਕਾਰੀ ਦੇ ਕੰਟਰੋਲ ਵਿੱਚ ਹੁੰਦੀ ਹੈ। ਜੇਕਰ ਏਕਾਧਿਕਾਰੀ ਵਸਤੂ ਦੀ ਪੂਰਤੀ ਨੂੰ ਵਧਾ ਦਿੰਦਾ ਹੈ ਤਾਂ ਉਸ ਦੀ ਕੀਮਤ ਵਿੱਚ ਕਮੀ ਹੋ ਸਕਦੀ ਹੈ। ਇਸ ਤੋਂ ਉਲਟ ਜੇਕਰ ਉਹ ਪੂਰਤੀ ਨੂੰ ਘੱਟ ਕਰ ਦਿੰਦਾ ਹੈ ਤਾਂ ਕੀਮਤ ਵਿੱਚ ਵਾਧਾ ਹੋ ਸਕਦਾ ਹੈ।

ਏਕਾਧਿਕਾਰੀ ਕੀਮਤ ਨਿਰਧਾਰਕ ਹੈ

ਹਾਂ ਏਕਾਧਿਕਾਰੀ ਕੀਮਤ ਨਿਰਧਾਰਕ ਹੈ। ਏਕਾਧਿਕਾਰੀ ਦਾ ਵਸਤੂ ਦੀ ਕੀਮਤ 'ਤੇ ਪੂਰਾ ਕੰਟਰੋਲ ਹੁੰਦਾ ਹੈ। ਇਸ ਦਾ ਕਾਰਨ ਇਹ ਹੈ ਕਿ

- ਏਕਾਧਿਕਾਰੀ ਵਸਤੂ ਦਾ ਸਿਰਫ ਇਕ ਵਿਕਰੇਤਾ ਹੁੰਦਾ ਹੈ, ਜਦੋਂ ਕਿ ਇਸ ਦੇ ਬਹੁਤ ਸਾਰੇ ਖਰੀਦਦਾਰ ਹੁੰਦੇ ਹਨ।
- ਏਕਾਧਿਕਾਰੀ ਦੇ ਉਤਪਾਦਨ ਦਾ ਕੋਈ ਨੇੜਲਾ ਸਥਾਨਾਪੰਨ ਨਹੀਂ ਹੁੰਦਾ।
- ਬਾਜ਼ਾਰ ਵਿੱਚ ਨਵੀਆਂ ਫਰਮਾਂ ਦੇ ਪ੍ਰਵੇਸ਼ 'ਤੇ ਕਈ ਕਾਨੂੰਨੀ, ਪ੍ਰਕਿਰਤਿਕ ਅਤੇ ਤਕਨੀਕੀ ਪ੍ਰਤੀਬੰਧ ਹੁੰਦੇ ਹਨ।

ਨੋਟ

6. **ਕੀਮਤ ਵਿਭੇਦ** (Price Discrimination)- ਏਕਾਧਿਕਾਰੀ ਇਕ ਵਸਤੂ ਦੀਆਂ ਵੱਖ–ਵੱਖ ਖਰੀਦਾਦਾਰਾਂ ਕੋਲੋਂ ਅਤੇ ਵੱਖ–ਵੱਖ ਉਪਯੋਗਾਂ ਲਈ ਅਲੱਗ–ਅਲੱਗ ਕੀਮਤਾਂ ਲੈ ਸਕਦਾ ਹੈ। ਇਸ ਤਰ੍ਹਾਂ ਏਕਾਧਿਕਾਰੀ ਕੀਮਤ ਵਿਭੇਦ ਕਰ ਸਕਦਾ ਹੈ।

7. **ਪੂਰਤੀ ਵਕ੍ਰ ਦਾ ਅਹਿਸਾਸ** (Absence of Supply Curve)– ਏਕਾਧਿਕਾਰੀ ਦੀ ਸਥਿਤੀ ਵਿੱਚ ਕੋਈ ਪੂਰਤੀ ਵਕ੍ਰ ਨਹੀਂ ਹੁੰਦੀ। ਏਕਾਧਿਕਾਰੀ ਮੰਗ (ਸੀਮਿਤ ਆਮਦਨ) ਅਤੇ ਲਾਗਤ (ਸੀਮਿਤ ਲਾਗਤ) ਦੋਵਾਂ ਨੂੰ ਇਕੱਠੇ ਧਿਆਨ ਵਿੱਚ ਰੱਖ ਕੇ ਹੀ ਇਹ ਤੈਅ ਕਰਦਾ ਹੈ ਕਿ ਕਿੰਨਾ ਉਤਪਾਦਨ ਕਰਨਾ ਹੈ ਅਤੇ ਉਸ ਦੀ ਕੀ ਕੀਮਤ ਨਿਰਧਾਰਿਤ ਕਰਨੀ ਹੈ ਅਤੇ ਏਕਾਧਿਕਾਰੀ ਵਿੱਚ ਕੋਈ ਪੂਰਤੀ ਵਕ੍ਰ ਨਹੀਂ ਹੁੰਦਾ।

ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)–

1. ਏਕਾਧਿਕਾਰੀ ..... ਨਿਰਧਾਰਕ ਹੁੰਦਾ ਹੈ।
2. ਅੰਗਰੇਜ਼ੀ ਭਾਸ਼ਾ ਦਾ ਮੋਨੋਪਾਲੀ ਸ਼ਬਦ ਗ੍ਰੀਕ ਸ਼ਬਦ ਦੇ ..... ਸ਼ਬਦ ਤੋਂ ਲਿਆ ਗਿਆ ਹੈ।
3. ਏਕਾਧਿਕਾਰੀ ਦੀ ਮੰਗ ਵਕ੍ਰ ਦਾ ਢਲਾਣ ਉਪਰ ਤੋਂ ..... ਵੱਲ ਹੁੰਦਾ ਹੈ।
4. ਏਕਾਧਿਕਾਰੀ ਉਹ ਬਾਜ਼ਾਰ ਹੈ, ਜਿਸ ਵਿੱਚ ਕਿਸੇ ਵਸਤੂ ਦਾ ਕੇਵਲ ਇਕ ਹੀ ..... ਹੁੰਦਾ ਹੈ।

13.3 ਏਕਾਧਿਕਾਰੀ ਵਿੱਚ ਸੰਤੁਲਨ (Monopoly Equilibrium) ਜਾਂ ਏਕਾਧਿਕਾਰ ਵਿੱਚ ਕੀਮਤ ਅਤੇ ਉਤਪਾਦਨ ਦਾ ਨਿਰਧਾਰਣ (Determination of Price and Output Under Monopoly)

ਏਕਾਧਿਕਾਰੀ ਉਸ ਸਮੇਂ ਸੰਤੁਲਨ ਦੀ ਸਥਿਤੀ ਵਿੱਚ ਹੁੰਦਾ ਹੈ, ਜਦੋਂ ਉਹ ਵਸਤੂ ਦੀ ਉਸ ਮਾਤਰਾ ਦਾ ਉਤਪਾਦਨ ਕਰਦਾ ਹੈ, ਜਿਸ 'ਤੇ ਉਸ ਦਾ ਕੁੱਲ ਲਾਭ ਜ਼ਿਆਦਾ ਹੁੰਦਾ ਹੈ। ਏਕਾਧਿਕਾਰੀ ਸਥਿਤੀ ਵਿੱਚ ਕੀਮਤ ਅਤੇ ਸੰਤੁਲਨ ਨਿਰਧਾਰਣ ਦਾ ਹੇਠ ਲਿਖੇ ਦੋ ਦ੍ਰਿਸ਼ਟੀਕੋਣਾਂ ਨਾਲ ਅਧਿਐਨ ਕੀਤਾ ਜਾ ਸਕਦਾ ਹੈ–

1. **ਕੁੱਲ ਆਮਦਨ ਅਤੇ ਕੁੱਲ ਲਾਗਤ ਵਕ੍ਰ ਦ੍ਰਿਸ਼ਟੀਕੋਣ** (Total Revenue and Total Cost Curve Approach)
2. **ਸੀਮਿਤ ਆਮਦਨ ਅਤੇ ਸੀਮਿਤ ਲਾਗਤ ਦ੍ਰਿਸ਼ਟੀਕੋਣ** (Marginal Revenue and Marginal Cost Approach)

ਨੋਟਸ ਏਕਾਧਿਕਾਰ ਬਾਜ਼ਾਰ ਦੀ ਉਹ ਸਥਿਤੀ ਹੈ, ਜਿਸ ਵਿੱਚ ਕੇਵਲ ਇਕ ਫਰਮ ਕਿਸੇ ਵਸਤੂ ਦੀ ਸਿਰਫ ਇਕ ਉਤਪਾਦਕ ਹੁੰਦੀ ਹੈ, ਉਸ ਵਸਤੂ ਦਾ ਕੋਈ ਨੇੜਲਾ ਸਥਾਨਾਪੰਨ ਨਹੀਂ ਹੁੰਦਾ।

13.4 ਕੁੱਲ ਆਮਦਨ ਅਤੇ ਕੁੱਲ ਲਾਗਤ ਵਕ੍ਰ ਦ੍ਰਿਸ਼ਟੀਕੋਣ (Total Revenue and Total Cost Curve Approch)

ਏਕਾਧਿਕਾਰੀ ਵਸਤੂ ਦੀ ਉਸ ਮਾਤਰਾ ਨੂੰ ਵੇਚ ਕੇ ਜ਼ਿਆਦਾ ਲਾਭ ਪ੍ਰਾਪਤ ਕਰ ਸਕਦਾ ਹੈ, ਜਿਸ 'ਤੇ **ਕੁੱਲ ਆਮਦਨ** (Total Revenue) ਅਤੇ **ਕੁੱਲ ਲਾਗਤ** (Total Cost) ਦਾ ਅੰਤਰ ਜ਼ਿਆਦਾ ਹੁੰਦਾ ਹੈ। ਏਕਾਧਿਕਾਰੀ ਵਸਤੂ ਦੀਆਂ ਵੱਖ–ਵੱਖ ਕੀਮਤਾਂ ਨਿਰਧਾਰਿਤ ਕਰਕੇ ਅਤੇ ਵਸਤੂ ਦੀ ਪੂਰਤੀ ਵਿੱਚ ਪਰਿਵਰਤਨ ਕਰਕੇ ਇਹ ਪਤਾ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਉਤਪਾਦਨ ਦੇ ਕਿਸ ਪੱਧਰ 'ਤੇ ਕੁੱਲ ਆਮਦਨ (TR) ਅਤੇ ਕੁੱਲ ਲਾਗਤ (TC) ਦਾ ਅੰਤਰ ਜ਼ਿਆਦਾ ਹੈ ਅਤੇ ਕੁੱਲ ਲਾਭ ਜ਼ਿਆਦਾ ਹੈ। **ਉਤਪਾਦਨ ਦੀ ਉਸ ਮਾਤਰਾ 'ਤੇ, ਜਿਸ ਦੇ ਉਤਪਾਦਨ ਨਾਲ ਏਕਾਧਿਕਾਰੀ ਨੂੰ ਜ਼ਿਆਦਾ ਲਾਭ ਪ੍ਰਾਪਤ ਹੋਣਗੇ, ਏਕਾਧਿਕਾਰੀ ਸੰਤੁਲਨ**

ਨੋਟ **ਦੀ ਸਥਿਤੀ ਵਿੱਚ ਹੋਵੇਗਾ।** ਇਸ ਨੂੰ ਚਿੱਤਰ 13.1 ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ।



ਚਿੱਤਰ 13.1

ਚਿੱਤਰ 13.1 ਵਿੱਚ TC ਕੁੱਲ ਲਾਗਤ ਵਕ੍ਰ ਅਤੇ TR ਕੁੱਲ ਆਮਦਨ ਵਕ੍ਰ ਹੈ। TR ਵਕ੍ਰ ਮੂਲ ਬਿੰਦੂ O ਤੋਂ ਸ਼ੁਰੂ ਹੋ ਰਿਹਾ ਹੈ। ਇਸ ਦਾ ਮਤਲਬ ਇਹ ਹੈ ਕਿ ਜਦੋਂ ਕੋਈ ਉਤਪਾਦਨ ਨਹੀਂ ਹੋਵੇਗਾ ਤਾਂ ਕੁੱਲ ਆਮਦਨ ਵੀ ਜ਼ੀਰੋ ਹੋਵੇਗਾ। ਇਸ ਤੋਂ ਉਲਟ ਕੁੱਲ ਲਾਗਤ ਵਕ੍ਰ ਬਿੰਦੂ P ਤੋਂ ਸ਼ੁਰੂ ਹੋ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਜੇਕਰ ਫਰਮ ਉਤਪਾਦਨ ਬੰਦ ਵੀ ਕਰ ਦੇਵੇ ਤਾਂ ਵੀ ਉਸ ਨੂੰ ਬੱਝੀਆਂ ਲਾਗਤਾਂ OP ਖਰਚ ਕਰਨੀਆਂ ਪੈਣਗੀਆਂ। TP ਵਕ੍ਰ ਕੁੱਲ ਲਾਭ ਵਕ੍ਰ ਹੈ। ਇਹ ਵਕ੍ਰ ਬਿੰਦੂ R ਤੋਂ ਸ਼ੁਰੂ ਹੋ ਰਿਹਾ ਹੈ, ਇਸ ਤੋਂ ਪਤਾ ਲੱਗਦਾ ਹੈ ਕਿ ਸ਼ੁਰੂ ਵਿੱਚ ਫਰਮ ਨੂੰ **ਰਣਾਤਮਕ ਲਾਭ** (Negative Profits) ਪ੍ਰਾਪਤ ਹੋ ਰਹੇ ਹਨ ਅਤੇ **ਹਾਨੀ** ਹੋ ਰਹੀ ਹੈ, ਕਿਉਂਕਿ ਕੁੱਲ ਲਾਗਤ, ਕੁੱਲ ਆਮਦਨ ਤੋਂ ਜ਼ਿਆਦਾ ਹੈ। ਚਿੱਤਰ 13.1 ਤੋਂ ਪਤਾ ਲੱਗਦਾ ਹੈ ਕਿ ਫਰਮ ਜਿਵੇਂ-ਜਿਵੇਂ ਉਤਪਾਦਨ ਵਧਾ ਰਹੀ ਹੈ, ਕੁੱਲ ਆਮਦਨ ਵੱਧਦੀ ਜਾ ਰਹੀ ਹੈ ਪਰ ਸ਼ੁਰੂ ਵਿੱਚ ਕੁੱਲ ਆਮਦਨ ਕੁੱਲ ਲਾਗਤ ਤੋਂ ਘੱਟ (TR < TC) ਹੈ। ਇਸ ਲਈ TP ਵਕ੍ਰ ਦੇ RC ਭਾਗ ਤੋਂ ਪਤਾ ਲੱਗਦਾ ਹੈ ਕਿ ਫਰਮ ਨੂੰ ਹਾਨੀ ਹੋ ਰਹੀ ਹੈ। ਬਿੰਦੂ M 'ਤੇ TR = TC ਹੈ, ਇਸ ਲਈ ਜਿਵੇਂ ਕਿ TP ਵਕ੍ਰ ਦੇ ਬਿੰਦੂ C ਤੋਂ ਪਤਾ ਲੱਗਦਾ ਹੈ ਕਿ ਫਰਮ ਨੂੰ ਨਾ ਤਾਂ ਹਾਨੀ ਹੋ ਰਹੀ ਹੈ ਅਤੇ ਨਾ ਹੀ ਲਾਭ ਹੋ ਰਿਹਾ ਹੈ। ਬਿੰਦੂ M ਨੂੰ ਸਮ-ਵਿਛੇਦ ਬਿੰਦੂ (Break Even Point) ਕਿਹਾ ਜਾਵੇਗਾ। ਫਰਮ ਜਦੋਂ ਬਿੰਦੂ M ਤੋਂ ਜ਼ਿਆਦਾ ਉਤਪਾਦਨ ਕਰੇਗੀ ਤਾਂ ਕੁੱਲ ਆਮਦਨ ਕੁੱਲ ਲਾਗਤ ਤੋਂ ਵੱਧਦੀ (TR > TC) ਜਾਵੇਗੀ। TP ਵਕ੍ਰ ਵੀ ਬਿੰਦੂ C ਤੋਂ ਉਪਰ ਵੱਲ ਉਠ ਰਹੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਫਰਮ ਨੂੰ ਲਾਭ ਮਿਲ ਰਹੇ ਹਨ। ਜਦੋਂ TP ਵਕ੍ਰ ਆਪਣੇ ਉਚਤਮ ਬਿੰਦੂ E 'ਤੇ ਹੋਵੇਗੀ ਤਾਂ ਫਰਮ ਨੂੰ **ਜ਼ਿਆਦਾ ਲਾਭ** (Maximum Profits) ਪ੍ਰਾਪਤ ਹੋਣਗੇ। ਉਤਪਾਦਨ ਦੀ OQ ਮਾਤਰਾ, ਜਿਸ 'ਤੇ ਫਰਮ ਨੂੰ ਜ਼ਿਆਦਾ ਲਾਭ ਮਿਲ ਰਿਹਾ ਹੈ, ਸੰਤੁਲਨ ਉਤਪਾਦਨ ਦੀ ਮਾਤਰਾ ਅਖਵਾਏਗੀ।

ਸਾਵਧਾਨੀਪੂਰਵਕ ਧਿਆਨ ਦਿਓ

ਚਿੱਤਰ 13.1 ਵਿੱਚ TC ਵਕ੍ਰ OY ਅਕਸ਼ ਤੋਂ ਸ਼ੁਰੂ ਹੁੰਦੀ ਹੈ, ਇਸ ਲਈ ਘੱਟ ਸਮਾਂ ਲਾਗਤ ਵਕ੍ਰ ਹੋਣੀ ਚਾਹੀਦੀ ਹੈ। ਲੰਮਾ ਸਮਾਂ TC ਵਕ੍ਰ ਮੂਲ ਬਿੰਦੂ O ਤੋਂ ਸ਼ੁਰੂ ਹੁੰਦੀ ਹੈ।

ਜੇਕਰ ਫਰਮ ਸੰਤੁਲਨ ਮਾਤਰਾ OQ ਤੋਂ ਜ਼ਿਆਦਾ ਉਤਪਾਦਨ ਕਰੇਗੀ ਤਾਂ TR ਅਤੇ TC ਰੇਖਾਵਾਂ ਦਾ ਅੰਤਰ ਘੱਟ ਹੁੰਦਾ ਚਲਾ ਜਾਵੇਗਾ ਅਤੇ ਬਿੰਦੂ N 'ਤੇ ਇਹ ਰੇਖਾਵਾਂ ਇਕ-ਦੂਸਰੇ ਨੂੰ ਕੱਟਣਗੀਆਂ ਅਤੇ TR = TC ਹੋਵੇਗਾ। ਇਸ ਦਾ ਮਤਲਬ ਇਹ ਹੋਇਆ ਕਿ ਫਰਮ ਦੇ ਲਾਭ ਘੱਟ ਹੁੰਦੇ ਜਾਣਗੇ ਅਤੇ ਬਿੰਦੂ N 'ਤੇ ਵੀ ਫਰਮ ਨੂੰ ਨਾ ਕੋਈ ਲਾਭ ਹੋਵੇਗਾ ਅਤੇ ਨਾ ਕੋਈ ਹਾਨੀ ਹੋਵੇਗਾ। ਜਿਵੇਂ ਕਿ TP ਦੇ ਬਿੰਦੂ D ਤੋਂ ਪਤਾ ਲੱਗਦਾ ਹੈ ਕਿ ਜੇਕਰ ਫਰਮ ਇਸ ਤੋਂ ਜ਼ਿਆਦਾ ਉਤਪਾਦਨ ਕਰੇਗੀ ਤਾਂ TR ਦੇ TC ਤੋਂ ਘੱਟ (TR < TC) ਹੋਣ ਦੇ ਫਲਸਰੂਪ ਫਰਮ ਨੂੰ ਹਾਨੀ ਹੋਣ ਲੱਗੇਗੀ। ਸੰਖੇਪ ਵਿੱਚ ਫਰਮ ਬਿੰਦੂ E 'ਤੇ ਜ਼ਿਆਦਾ ਲਾਭ ਪ੍ਰਾਪਤ ਕਰੇਗੀ। ਫਰਮ ਦੇ ਜ਼ਿਆਦਾ ਲਾਭ ਨੂੰ ਪਤਾ ਕਰਨ ਲਈ TR ਅਤੇ TC ਰੇਖਾ 'ਤੇ ਛੂਹਣ ਰੇਖਾਵਾਂ ਖਿੱਚੀਆਂ ਜਾਂਦੀਆਂ ਹਨ, ਜਿਨ੍ਹਾਂ ਬਿੰਦੂਆਂ 'ਤੇ ਖਿੱਚੀ ਗਈ **ਛੂਹਣ ਰੇਖਾਵਾਂ** (Tangent Lines) ਸਮਾਂਤਰ ਹਨ, ਉਨ੍ਹਾਂ ਦਾ ਫਾਸਲਾ ਜ਼ਿਆਦਾ ਹੋਵੇਗਾ। ਇਸ ਚਿੱਤਰ ਤੋਂ ਪਤਾ ਲੱਗਦਾ ਹੈ ਕਿ A ਅਤੇ B ਬਿੰਦੂ 'ਤੇ **ਛੂਹਣ ਰੇਖਾਵਾਂ** (Tangent) ਸਮਾਂਤਰ ਹਨ ਅਤੇ TR ਅਤੇ TC ਵਕ੍ਰ ਦਾ ਜ਼ਿਆਦਾ ਅੰਤਰ

AB ਤੋਂ ਪ੍ਰਗਟ ਹੋਵੇਗਾ। ਇਸ ਸਥਿਤੀ ਵਿੱਚ ਏਕਾਧਿਕਾਰੀ ਨੂੰ ਜ਼ਿਆਦਾ ਲਾਭ ਪ੍ਰਾਪਤ ਹੋਣਗੇ, ਜਿਵੇਂ ਕਿ TP ਵਕ੍ਰ ਦੇ ਬਿੰਦੂ E ਤੋਂ ਪਤਾ ਲੱਗ ਰਿਹਾ ਹੈ। ਏਕਾਧਿਕਾਰੀ ਵੱਲੋਂ ਕੀਮਤ ਅਤੇ ਸੰਤੁਲਨ ਪ੍ਰਾਪਤ ਕਰਨ ਦੇ ਸਮੇਂ ਨੂੰ Trial and Error Method ਵੀ ਕਿਹਾ ਜਾਂਦਾ ਹੈ, ਕਿਉਂਕਿ ਇਸ ਸਮੇਂ ਨਾਲ ਏਕਾਧਿਕਾਰੀ ਨੂੰ ਵੱਖ-ਵੱਖ ਕੀਮਤਾਂ ਨਿਰਧਾਰਿਤ ਕਰਕੇ ਇਹ ਅੰਦਾਜ਼ਾ ਲਗਾਉਣਾ ਪੈਂਦਾ ਹੈ ਕਿ ਕੀਮਤ ਦੇ ਕਿਹੜੇ ਪੱਧਰ 'ਤੇ ਉਹ ਸੰਤੁਲਨ ਦੀ ਸਥਿਤੀ ਵਿੱਚ ਹੋਵੇਗਾ ਅਤੇ ਜ਼ਿਆਦਾ ਲਾਭ ਪ੍ਰਾਪਤ ਕਰੇਗਾ। ਨੋਟ

ਸਵੈ ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions)–

5. ਏਕਾਧਿਕਾਰ ਦੀ ਸਥਿਤੀ ਵਿੱਚ ਕੇਵਲ ਇਕ ਹੀ ਹੁੰਦੀ ਹੈ।

   (ਅ) ਫਰਮ (ਬ) ਮੁਦਰਾ (ਸ) ਲਾਗਤ (ਦ) ਵਸਤੂ

6. ਏਕਾਧਿਕਾਰੀ ਖੇਤਰਾਂ ਵਿੱਚ ਨਵੀਆਂ ਫਰਮਾਂ ਦੇ ਬਾਜ਼ਾਰ ਵਿੱਚ ਪ੍ਰਵੇਸ਼ ਕਰਨ 'ਤੇ ਹੁੰਦਾ ਹੈ–

   (ਅ) ਕਰ (ਬ) ਪ੍ਰਤੀਬੰਧ (ਸ) ਨਿਛੇਧ (ਦ) ਆਗਿਆ

7. ਏਕਾਧਿਕਾਰ ਦੀ ਸਥਿਤੀ ਵਿੱਚ ਕੋਈ ..... ਵਕ੍ਰ ਨਹੀਂ ਹੁੰਦਾ।

   (ਅ) ਪੂਰਤੀ ਚੱਕਰ (ਬ) ਲਾਗਤ ਵਕ੍ਰ (ਸ) ਵਕ੍ਰ (ਦ) ਪੂਰਤੀ ਵਕ੍ਰ

8. ਏਕਾਧਿਕਾਰੀ ਦੇ ਉਤਪਾਦਨ ਦਾ ਕੋਈ ਨਹੀਂ ਹੁੰਦਾ–

   (ਅ) ਨੇੜਲਾ ਸਥਾਨਾਪੰਨ (ਬ) ਸਥਾਨਾਪੰਨ (ਸ) ਲਾਗਤ ਵਕ੍ਰ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

13.5 ਸੀਮਾਂਤ ਆਮਦਨ ਅਤੇ ਸੀਮਾਂਤ ਲਾਗਤ ਦ੍ਰਿਸ਼ਟੀਕੋਣ (Marginal Revenue and Marginal Cost Approach)

ਇਸ ਦ੍ਰਿਸ਼ਟੀਕੋਣ ਦੇ ਅਨੁਸਾਰ ਏਕਾਧਿਕਾਰੀ ਉਸ ਸਮੇਂ ਸੰਤੁਲਨ ਦੀ ਸਥਿਤੀ ਵਿੱਚ ਹੋਵੇਗਾ, ਜਦੋਂ ਦੋ ਸ਼ਰਤਾਂ ਪੂਰੀਆਂ ਹੋਣਗੀਆਂ।

(i) **ਸੀਮਿਤ ਆਮਦਨ** (MR) = ਸੀਮਿਤ ਲਾਗਤ (MC) ਅਤੇ

(ii) **ਸੀਮਿਤ ਲਾਗਤ** (MC) ਵਕ੍ਰ ਦੀ ਸੀਮਿਤ ਆਮਦਨ (MR) ਵਕ੍ਰ ਨੂੰ ਹੇਠਾਂ ਤੋਂ ਕੱਟਣਾ।

ਇਸ ਸਥਿਤੀ ਵਿੱਚ ਏਕਾਧਿਕਾਰੀ ਨੂੰ ਜ਼ਿਆਦਾ ਲਾਭ ਪ੍ਰਾਪਤ ਹੋਣਗੇ। ਇਸ ਵਿਸ਼ਲੇਸ਼ਣ ਨਾਲ ਏਕਾਧਿਕਾਰ ਵਿੱਚ ਕੀਮਤ ਅਤੇ ਸੰਤੁਲਨ ਨਿਰਧਾਰਣ ਦਾ ਅਧਿਐਨ ਸਮੇਂ ਦੀਆਂ ਦੋ ਸਮੇਂ-ਸੀਮਾਵਾਂ ਵਿੱਚ ਕੀਤਾ ਜਾਵੇਗਾ।

(1) ਘੱਟ ਸਮਾਂ (Short-Run) ਅਤੇ (2) ਲੰਮਾ ਸਮਾਂ (Long-Run)।

ਆਪਣੇ ਦਿਮਾਗ ਦਾ ਪ੍ਰੀਖਣ ਕਰੋ

(ਚਿੱਤਰ 13.1 ਦੇਖੋ।)

ਜਦੋਂ TR ਅਤੇ TC ਦਾ ਅੰਤਰ ਜ਼ਿਆਦਾ ਹੁੰਦਾ ਹੈ ਤਾਂ TR ਦਾ ਢਲਾਣ = TC ਦਾ ਢਲਾਣ।

TR ਦਾ ਢਲਾਣ MR ਅਤੇ TC ਦਾ ਢਲਾਣ MC ਹੁੰਦਾ ਹੈ। ਇਸ ਲਈ ਜਿੱਥੇ TR ਅਤੇ TC ਦਾ ਅੰਤਰ ਜ਼ਿਆਦਾ ਹੁੰਦਾ ਹੈ, ਉਥੇ MR = MC ਹੁੰਦਾ ਹੈ।

1. ਘੱਟ ਸਮਾਂ ਸੰਤੁਲਨ (Short-Run Equilibrium)

ਘੱਟ ਸਮਾਂ ਸਮੇਂ ਦੀ ਉਹ ਹੱਦ ਹੈ, ਜਿਸ ਵਿੱਚ ਸਮਾਂ ਇੰਨਾ ਘੱਟ ਹੁੰਦਾ ਹੈ ਕਿ ਏਕਾਧਿਕਾਰੀ ਬੱਝੇ ਸਾਧਨਾਂ ਜਿਵੇਂ ਮਸ਼ੀਨਰੀ, ਪਲਾਂਟ ਆਦਿ ਨੂੰ ਬਦਲ ਨਹੀਂ ਸਕਦਾ। ਏਕਾਧਿਕਾਰੀ ਵਸਤੂ ਦੀ ਮੰਗ ਵਧਣ 'ਤੇ ਕੇਵਲ ਘੱਟਦੇ-ਵੱਧਦੇ ਸਾਧਨ ਦੀ ਜ਼ਿਆਦਾ ਮਾਤਰਾ ਦਾ ਇਸਤੇਮਾਲ ਕਰਕੇ ਅਤੇ ਬੱਝੇ ਸਾਧਨਾਂ ਜਿਵੇਂ ਮਸ਼ੀਨਾਂ ਦੀ ਪੂਰਨ ਸਮਰੱਥਾ ਦਾ ਇਸਤੇਮਾਲ ਕਰਕੇ ਵਸਤੂ ਦੀ ਪੂਰਤੀ ਨੂੰ ਵਧਾ ਸਕਦਾ ਹੈ। ਇਸ ਤਰ੍ਹਾਂ ਮੰਗ ਘਟਣ 'ਤੇ ਅਧਿਕਾਰੀ ਫਰਮ ਦੀ ਘੱਟਦੇ-ਵੱਧਦੇ ਸਾਧਨ ਦੀ ਮਾਤਰਾ ਨੂੰ ਘੱਟ ਕਰ ਦੇਵੇਗਾ ਅਤੇ ਬੱਝੇ ਸਾਧਨ ਦਾ ਵੀ ਗਹਿਰਾ ਇਸਤੇਮਾਲ ਘੱਟ ਕਰ ਦੇਵੇਗੀ। ਏਕਾਧਿਕਾਰੀ ਉਸ ਸਮੇਂ ਸੰਤੁਲਨ ਵਿੱਚ ਹੋਵੇਗਾ, ਜਦੋਂ ਉਹ ਵਸਤੂ ਦੀ ਉਸ ਮਾਤਰਾ ਦਾ ਉਤਪਾਦਨ ਕਰੇਗਾ, ਜਿਸ 'ਤੇ (1) **ਸੀਮਿਤ ਲਾਗਤ ਅਤੇ ਸੀਮਿਤ ਆਮਦਨ ਬਰਾਬਰ** (MC = MR) ਹੋਵੇਗੀ। ਅਤੇ (2) **ਸੀਮਿਤ ਲਾਗਤ ਵਕ੍ਰ ਸੀਮਿਤ ਆਮਦਨ ਵਕ੍ਰ ਨੂੰ ਹੇਠਾਂ ਤੋਂ ਕੱਟੇਗੀ।** (MC Curve Cuts MR Curve from below) ਘੱਟ ਸਮੇਂ ਵਿੱਚ ਏਕਾਧਿਕਾਰੀ ਦੇ ਸੰਤੁਲਨ ਦੀ ਸਥਿਤੀ ਵਿੱਚ ਤਿੰਨ ਸਥਿਤੀਆਂ ਹੋ ਸਕਦੀਆਂ ਹਨ। ਏਕਾਧਿਕਾਰੀ ਨੂੰ

ਨੋਟ (1) **ਅਸਧਾਰਣ ਲਾਭ** (Super Normal Profits) ਮਿਲ ਸਕਦੇ ਹਨ। (2) **ਸਧਾਰਣ ਲਾਭ** (Normal Profits) ਪ੍ਰਾਪਤ ਹੋ ਸਕਦੇ ਹਨ ਅਤੇ (3) **ਨਿਊਨਤਮ ਹਾਨੀ** (Minimum Loss) ਉਠਾਉਣੀ ਪੈ ਸਕਦੀ ਹੈ। ਇਨ੍ਹਾਂ ਦਾ ਵਰਨਣ ਅਸੀਂ ਹੇਠ ਲਿਖੇ ਚਿੱਤਰਾਂ ਦੀ ਸਹਾਇਤਾ ਨਾਲ ਕਰ ਸਕਦੇ ਹਾਂ–

(1) **ਅਸਧਾਰਣ ਲਾਭ** (Super Normal Profits)– ਜੇਕਰ ਏਕਾਧਿਕਾਰੀ ਵੱਲੋਂ ਸੰਤੁਲਨ ਦੀ ਸਥਿਤੀ ਵਿੱਚ ਨਿਰਧਾਰਿਤ ਵਸਤੂਆਂ ਦੀ ਕੀਮਤ (AR) ਉਨ੍ਹਾਂ ਦੀ ਔਸਤ ਲਾਗਤ (AC) ਤੋਂ ਜ਼ਿਆਦਾ (AR > AC) ਹੈ ਤਾਂ ਏਕਾਧਿਕਾਰੀ ਨੂੰ **ਅਸਧਾਰਣ ਲਾਭ** (Super Normal Profits) ਪ੍ਰਾਪਤ ਹੋਣਗੇ। ਏਕਾਧਿਕਾਰੀ, ਉਤਪਾਦਨ ਤਾਂ ਉਸ ਹੱਦ ਤੱਕ ਕਰੇਗਾ, ਜਿਸ



ਚਿੱਤਰ 13.2

ਤੇ ਸੀਮਿਤ ਲਾਗਤ ਅਤੇ ਸੀਮਿਤ ਆਮਦਨ (MC = MR) ਬਰਾਬਰ ਹੋਣਗੀਆਂ। ਇਸ ਨੂੰ ਸੰਤੁਲਨ ਉਤਪਾਦਨ ਕਿਹਾ ਜਾਵੇਗਾ। ਜੇਕਰ ਸੰਤੁਲਨ ਉਤਪਾਦਨ ਦੀ ਕੀਮਤ ਉਸ ਦੀ ਔਸਤ ਲਾਗਤ ਤੋਂ ਜ਼ਿਆਦਾ ਹੋਵੇਗੀ ਤਾਂ ਏਕਾਧਿਕਾਰੀ ਨੂੰ ਅਸਧਾਰਣ ਲਾਭ ਪ੍ਰਾਪਤ ਹੋਣਗੇ।

ਅਸਧਾਰਣ ਲਾਭ (Super Normal Profit) = AR > AC

ਸੰਤੁਲਨ ਦੀ ਇਸ ਸਥਿਤੀ ਨੂੰ ਚਿੱਤਰ 13.2 ਨਾਲ ਪ੍ਰਗਟ ਕੀਤਾ ਜਾ ਸਕਦਾ ਹੈ। ਚਿੱਤਰ 13.2 ਤੋਂ ਪ੍ਰਗਟ ਹੁੰਦਾ ਹੈ ਕਿ ਏਕਾਧਿਕਾਰੀ ਬਿੰਦੂ E 'ਤੇ ਸੰਤੁਲਨ ਦੀ ਸਥਿਤੀ ਵਿੱਚ ਹੋਵੇਗਾ, ਕਿਉਂਕਿ ਇਸ ਬਿੰਦੂ 'ਤੇ **ਸੀਮਿਤ ਆਮਦਨ** (MR) ਅਤੇ ਸੀਮਿਤ ਲਾਗਤ (MC) ਇਕ-ਦੂਸਰੇ ਦੇ ਬਰਾਬਰ (MR = MC) ਹਨ। ਏਕਾਧਿਕਾਰੀ ਵਸਤੂ ਦੀ OM ਇਕਾਈ ਦਾ ਉਤਪਾਦਨ ਕਰੇਗਾ। ਉਤਪਾਦਨ ਦੀ ਇਸ ਮਾਤਰਾ 'ਤੇ ਵਸਤੂ ਦੀ ਕੀਮਤ BM ਉਸ ਦੀ ਔਸਤ ਲਾਗਤ AM ਤੋਂ BA ਜ਼ਿਆਦਾ (BM – AM = BA) ਹੈ ਅਤੇ ਇਸ ਸਥਿਤੀ ਵਿੱਚ ਏਕਾਧਿਕਾਰੀ ਨੂੰ ABPC ਕੁੱਲ ਅਸਧਾਰਣ ਲਾਭ ਪ੍ਰਾਪਤ ਹੋਣਗੇ।

(2) **ਸਧਾਰਣ ਲਾਭ** (Normal Profits)– ਜੇਕਰ ਘੱਟ ਸਮੇਂ ਵਿੱਚ ਏਕਾਧਿਕਾਰੀ ਸੰਤੁਲਨ ਦੀ ਸਥਿਤੀ (MC = MR) ਵਿੱਚ ਵਸਤੂ ਦੀ ਕੀਮਤ (AR), ਔਸਤ ਲਾਗਤ (AC) ਦੇ ਬਰਾਬਰ (AC = AR) ਹੈ ਤਾਂ ਫਰਮ ਨੂੰ ਕੇਵਲ ਸਧਾਰਣ ਲਾਭ (Normal Profits) ਪ੍ਰਾਪਤ ਹੋਣਗੇ।

ਸਧਾਰਣ ਲਾਭ (Normal Profits) = AR = AC

ਏਕਾਧਿਕਾਰੀ ਸੰਤੁਲਨ ਦੀ ਇਸ ਸਥਿਤੀ ਨੂੰ ਚਿੱਤਰ 13.3 ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ। ਚਿੱਤਰ 13.3 ਤੋਂ ਪਤਾ ਲੱਗਦਾ ਹੈ ਕਿ ਏਕਾਧਿਕਾਰੀ ਬਿੰਦੂ E 'ਤੇ ਸੰਤੁਲਨ ਵਿੱਚ ਹੋਵੇਗਾ, ਕਿਉਂਕਿ ਬਿੰਦੂ E 'ਤੇ MC = MR ਹੈ। ਏਕਾਧਿਕਾਰੀ ਦਾ ਸੰਤੁਲਨ ਉਤਪਾਦਨ OM ਇਕਾਈਆਂ ਹਨ। ਉਤਪਾਦਨ ਦੀ ਇਸ ਮਾਤਰਾ 'ਤੇ **ਔਸਤ ਲਾਗਤ ਵਕ੍ਰ** (AC) **ਔਸਤ ਆਮਦਨ ਵਕ੍ਰ** (AR) ਨੂੰ ਬਿੰਦੂ A 'ਤੇ ਛੂਹ ਰਿਹਾ ਹੈ ਅਤੇ ਬਿੰਦੂ A 'ਤੇ ਵਸਤੂ ਦੀ ਕੀਮਤ OP (AR) ਅਤੇ ਔਸਤ ਲਾਗਤ AM (AC) ਇਕ-ਦੂਸਰੇ ਦੇ ਬਰਾਬਰ ਹਨ ਅਤੇ ਏਕਾਧਿਕਾਰੀ ਨੂੰ ਸੰਤੁਲਨ ਉਤਪਾਦਨ 'ਤੇ ਕੇਵਲ **ਸਧਾਰਣ ਲਾਭ** (Normal Profits) ਪ੍ਰਾਪਤ ਹੋਣਗੇ, ਕਿਉਂਕਿ ਸੰਤੁਲਨ ਮਾਤਰਾ 'ਤੇ ਔਸਤ ਲਾਗਤ ਅਤੇ ਕੀਮਤ (ਔਸਤ ਆਮਦਨ) ਬਰਾਬਰ (AC = AR) ਹਨ।

ਨੋਟ



ਚਿੱਤਰ 13.3

(3) **ਨਿਊਨਤਮ ਹਾਨੀ** (Minimum Loss)- ਘੱਟ ਸਮੇਂ ਵਿੱਚ ਏਕਾਧਿਕਾਰੀ ਨੂੰ ਹਾਨੀ ਚੁੱਕ ਕੇ ਵੀ ਉਤਪਾਦਨ ਕਰਨਾ ਪੈ ਸਕਦਾ ਹੈ, ਜੇਕਰ ਘੱਟ ਸਮੇਂ ਵਿੱਚ ਮੰਦੀ ਦੇ ਕਾਰਨ ਵਸਤੂ ਦੀ ਮੰਗ ਘੱਟ ਹੋ ਜਾਵੇ ਅਤੇ ਫਲਸਰੂਪ ਕੀਮਤ ਘੱਟ ਹੋ ਜਾਵੇ ਤਾਂ ਏਕਾਧਿਕਾਰੀ ਇਸ ਘੱਟ ਕੀਮਤ 'ਤੇ ਵੀ ਉਤਪਾਦਨ ਕਰਦਾ ਰਹੇਗਾ। ਜੇਕਰ ਇਸ 'ਤੇ ਉਸ ਨੂੰ ਔਸਤ ਘੱਟਦੀ-ਵੱਧਦੀ ਲਾਗਤ (AVC) ਮਿਲ ਰਹੀ ਹੋਵੇ। ਜੇਕਰ ਏਕਾਧਿਕਾਰੀ ਨੂੰ ਔਸਤ ਘੱਟਦੀ-ਵੱਧਦੀ ਲਾਗਤ ਤੋਂ ਵੀ ਘੱਟ ਕੀਮਤ ਨਿਰਧਾਰਿਤ ਕਰਨੀ ਪਵੇਗੀ ਤਾਂ ਉਹ ਵਸਤੂ ਦਾ ਉਤਪਾਦਨ ਬੰਦ ਕਰ ਦੇਵੇਗਾ ਅਤੇ **ਏਕਾਧਿਕਾਰੀ ਘੱਟ ਸਮੇਂ ਵਿੱਚ ਸੰਤੁਲਨ ਦੀ ਸਥਿਤੀ ਵਿੱਚ ਨਿਊਨਤਮ ਹਾਨੀ ਅਤੇ ਔਸਤ ਬੱਝੀ ਲਾਗਤ ਦੀ ਹਾਨੀ ਵੀ ਚੁੱਕ ਸਕਦਾ ਹੈ।** ਸੰਤੁਲਨ ਦੀ ਇਸ ਸਥਿਤੀ ਵਿੱਚ ਕੀਮਤ (AR) ਵਸਤੂ ਦੀ ਔਸਤ ਘੱਟਦੀ-ਵੱਧਦੀ ਲਾਗਤ (AVC) ਦੇ ਬਰਾਬਰ ਹੁੰਦੀ ਹੈ ਅਤੇ ਏਕਾਧਿਕਾਰੀ ਨੂੰ **ਔਸਤ ਬੱਝੀਆਂ ਲਾਗਤਾਂ** (Fixed Costs) ਦੀ ਹਾਨੀ ਚੁੱਕਣੀ ਪੈਂਦੀ ਹੈ। ਇਹ ਹਾਨੀ ਤਾਂ ਏਕਾਧਿਕਾਰੀ ਨੂੰ ਤਾਂ ਵੀ ਚੁੱਕਣੀ ਪਵੇਗੀ ਜਦੋਂ ਉਹ ਘੱਟ ਸਮੇਂ ਵਿੱਚ ਕੰਮ ਬੰਦ ਕਰ ਦਿੰਦਾ ਹੈ। ਅਤੇ

ਨਿਊਨਤਮ ਹਾਨੀ : (Minimum Loss) = AC – AVC = AFC



ਚਿੱਤਰ 13.4

ਸੰਤੁਲਨ ਦੀ ਇਸ ਸਥਿਤੀ ਨੂੰ ਚਿੱਤਰ 13.4 ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ। ਚਿੱਤਰ 13.4 ਤੋਂ ਪਤਾ ਲੱਗਦਾ ਹੈ ਕਿ ਏਕਾਧਿਕਾਰੀ ਬਿੰਦੂ E 'ਤੇ ਸੰਤੁਲਨ ਦੀ ਸਥਿਤੀ ਵਿੱਚ ਹੈ। ਕਿਉਂਕਿ ਬਿੰਦੂ E 'ਤੇ MC = MR। ਬਿੰਦੂ E ਤੋਂ ਪਤਾ ਲੱਗਦਾ ਹੈ ਕਿ ਏਕਾਧਿਕਾਰੀ ਵਸਤੂ ਦੀ OM ਮਾਤਰਾ ਦਾ ਉਤਪਾਦਨ ਕਰੇਗਾ। ਸੰਤੁਲਨ ਮਾਤਰਾ OM ਦੀ ਕੀਮਤ OP (AM) ਨਿਰਧਾਰਿਤ ਹੋਵੇਗੀ। ਇਸ ਕੀਮਤ 'ਤੇ ਔਸਤ ਘੱਟਦੀ-ਵੱਧਦੀ ਲਾਗਤ ਵਕ੍ਰ (AVC Curve), AR ਵਕ੍ਰ ਨੂੰ A ਬਿੰਦੂ 'ਤੇ ਛੂਹ ਰਹੀ ਹੈ।

ਨੋਟ ਇਸ ਦਾ ਮਤਲਬ ਇਹ ਹੈ ਕਿ ਫਰਮ ਦੀ ਪ੍ਰਚੱਲਿਤ ਕੀਮਤ ਤੋਂ ਕੇਵਲ ਔਸਤ ਘੱਟਦੀ-ਵੱਧਦੀ ਲਾਗਤ ਪ੍ਰਾਪਤ ਹੋਵੇਗੀ। ਫਰਮ ਨੂੰ ਬੱਝੀਆਂ ਲਾਗਤਾਂ ਅਤੇ AN ਪ੍ਰਤੀ ਇਕਾਈ ਦੀ ਹਾਨੀ ਉਠਾਉਣੀ ਪਵੇਗੀ। ਫਰਮ ਨੂੰ ਕੁੱਲ $NAPP_1$ ਦੀ ਹਾਨੀ ਹੋਵੇਗੀ। ਜਿਵੇਂ ਕਿ ਛਾਂਦਾਰ ਖੇਤਰ ਨਾਲ ਖੇਤਰ ਨਾਲ ਦਿਖਾਇਆ ਗਿਆ ਹੈ। ਇਹ ਫਰਮ ਦੀ ਨਿਊਨਤਮ ਹਾਨੀ ਹੋਵੇਗੀ। ਜੇਕਰ ਏਕਾਧਿਕਾਰੀ ਨੂੰ OP ਤੋਂ ਘੱਟ ਕੀਮਤ ਨਿਰਧਾਰਿਤ ਕਰਨੀ ਪਵੇਗੀ ਤਾਂ ਉਹ ਵਸਤੂ ਦਾ ਉਤਪਾਦਨ ਬੰਦ ਕਰ ਦੇਵੇਗਾ।

ਲੰਮਾ ਸਮਾਂ ਸੰਤੁਲਨ (Long-Run Equilibrium)

ਲੰਮੇ ਸਮੇਂ ਵਿੱਚ ਏਕਾਧਿਕਾਰੀ ਉਹੀ ਸੰਤੁਲਨ ਪ੍ਰਾਪਤ ਕਰੇਗਾ, ਜਿੱਤੇ ਉਸ ਦੀ **ਲੰਮਾ ਸਮਾਂ ਸੀਮਿਤ ਲਾਗਤ, ਸੀਮਿਤ ਆਮਦਨ** (LMC = MR) ਦੇ ਬਰਾਬਰ ਹੋਵੇਗੀ। ਲੰਮੇ ਸਮੇਂ ਵਿੱਚ ਸਮਾਂ ਲੰਮਾ ਹੋਣ ਦੇ ਕਾਰਨ ਏਕਾਧਿਕਾਰੀ ਸਾਰੀਆਂ ਲਾਗਤਾਂ ਨੂੰ ਬਦਲ ਸਕਦਾ ਹੈ ਅਤੇ ਮੰਗ ਵਧਣ 'ਤੇ ਪੂਰਤੀ ਮੰਗ ਦੇ ਅਨੁਸਾਰ ਸਮਾਯੋਜਿਤ ਕੀਤੀ ਜਾ ਸਕਦੀ ਹੈ। ਘੱਟ ਸਮੇਂ ਵਿੱਚ ਏਕਾਧਿਕਾਰੀ ਕੀਮਤ ਔਸਤ ਲਾਗਤ ਵਿੱਚ ਜ਼ਿਆਦਾ ਬਰਾਬਰ ਅਤੇ ਘੱਟ ਹੋ ਸਕਦੀ ਹੈ ਪਰ **ਲੰਮੇ ਸਮੇਂ ਵਿੱਚ ਕੀਮਤ ਲੰਮਾ ਸਮਾਂ ਔਸਤ ਲਾਗਤ ਤੋਂ ਜ਼ਿਆਦਾ ਹੁੰਦੀ ਹੈ।** ਜੇਕਰ ਕੀਮਤ ਲੰਮਾ ਸਮਾਂ ਔਸਤ ਲਾਗਤ ਤੋਂ ਘੱਟ ਹੋਵੇਗੀ ਤਾਂ ਏਕਾਧਿਕਾਰੀ ਹਾਨੀ ਉਠਾਉਣ ਦੀ ਜਗ੍ਹਾ 'ਤੇ ਉਤਪਾਦਨ ਬੰਦ ਕਰ ਦੇਵੇਗੀ। **ਲੰਮੇ ਸਮੇਂ ਵਿੱਚ ਏਕਾਧਿਕਾਰੀ ਅਸਧਾਰਣ ਲਾਭ ਪ੍ਰਾਪਤ ਕਰਦਾ ਹੈ।** ਅਜਿਹਾ ਇਸ ਲਈ, ਕਿਉਂਕਿ ਪੂਰਨ ਪ੍ਰਤੀਯੋਗਤਾ ਦੇ ਉਲਟ, ਕੋਈ ਵੀ ਫਰਮ ਬਾਜ਼ਾਰ ਵਿੱਚ ਪ੍ਰਵੇਸ਼ ਨਹੀਂ ਕਰ ਸਕਦੀ ਅਤੇ ਜਦੋਂ ਲੰਮੇ ਸਮੇਂ ਵਿੱਚ ਏਕਾਧਿਕਾਰੀ ਫਰਮ ਅਸਧਾਰਣ ਲਾਭ ਪ੍ਰਾਪਤ ਕਰ ਰਹੀ ਹੁੰਦੀ ਹੈ ਉਦੋਂ ਕੋਈ ਵੀ ਹੋਰ ਉਤਪਾਦਕ ਸੰਭਾਵੀ ਅਸਧਾਰਣ ਲਾਭ ਪ੍ਰਾਪਤ ਕਰਨ ਦੀ ਉਮੀਦ ਨਾਲ ਬਾਜ਼ਾਰ ਵਿੱਚ ਪ੍ਰਵੇਸ਼ ਨਹੀਂ ਕਰ ਸਕਦਾ। ਫਲਸਰੂਪ ਏਕਾਧਿਕਾਰੀ ਫਰਮ ਨੂੰ ਲੰਮੇ ਸਮੇਂ ਵਿੱਚ ਵੀ ਅਸਧਾਰਣ ਲਾਭ ਮਿਲਦਾ ਰਹਿੰਦਾ ਹੈ।

> ਇਕ ਪੂਰਨ ਪ੍ਰਤੀਯੋਗੀ ਫਰਮ ਤੋਂ ਉਲਟ ਇਕ ਏਕਾਧਿਕਾਰੀ ਲੰਮੇ ਸਮੇਂ ਵਿੱਚ ਵੀ ਅਸਧਾਰਣ ਲਾਭ ਪ੍ਰਾਪਤ ਕਰ ਸਕਦਾ ਹੈ, ਕਿਉਂਕਿ ਬਾਜ਼ਾਰ ਵਿੱਚ ਨਵੀਆਂ ਫਰਮਾਂ ਦੇ ਪ੍ਰਵੇਸ਼ 'ਤੇ ਪ੍ਰਤੀਬੰਧ ਹੁੰਦਾ ਹੈ।

ਬਾਜ਼ਾਰ ਵਿੱਚ ਨਾ ਤਾਂ ਕਿਸੇ ਫਰਮ ਦਾ ਪ੍ਰਵੇਸ਼ ਅਤੇ ਨਾ ਕਿਸੇ ਪ੍ਰਤੀਸਥਾਪਨ ਦੇ ਪਾਏ ਜਾਣ ਦੇ ਕਾਰਨ ਏਕਾਧਿਕਾਰੀ ਨੂੰ ਲੰਮੇ ਸਮੇਂ ਵਿੱਚ ਇਸ਼ਟਤਮ ਅਕਾਰ (Optimum Size) **ਦੇ ਪਲਾਂਟ ਲਗਾਉਣ ਅਤੇ ਇਸ਼ਟਮ ਉਤਪਾਦਨ ਸਮਰੱਥਾ ਦਾ ਇਸਤੇਮਾਲ ਕਰਨ ਦੀ ਜ਼ਰੂਰਤ ਨਹੀਂ ਹੁੰਦੀ। ਪਲਾਂਟ ਦਾ ਅਕਾਰ ਅਤੇ ਕਿਸੇ ਨਿਸ਼ਚਿਤ ਅਕਾਰ ਵਾਲੇ ਪਲਾਂਟ ਦਾ ਕਿਸ ਅੰਸ਼ ਤੱਕ ਇਸਤੇਮਾਲ ਕੀਤਾ ਜਾਵੇ, ਇਹ ਹਮੇਸ਼ਾ ਬਾਜ਼ਾਰ ਮੰਗ 'ਤੇ ਨਿਰਭਰ ਕਰਦਾ ਹੈ।** ਕੁਝ ਬਾਜ਼ਾਰ ਸਥਿਤੀਆਂ ਵਿੱਚ ਇਸ਼ਟਤਮ ਸਮਰੱਥਾ ਪ੍ਰਾਪਤ ਕੀਤੀ ਜਾਵੇਗੀ ਪਰ ਕੁਝ ਹੋਰ ਸਥਿਤੀਆਂ ਵਿੱਚ ਏਕਾਧਿਕਾਰੀ ਇਸ਼ਟਤਮ ਤੋਂ ਘੱਟ (Sub-Optimally) ਉਤਪਾਦਨ ਕਰੇਗਾ। ਕੁਝ ਸਥਿਤੀਆਂ ਵਿੱਚ ਇਸ਼ਟਤਮ ਤੋਂ ਜ਼ਿਆਦਾ ਸਮਰੱਥਾ ਦਾ ਇਸਤੇਮਾਲ ਵੀ ਕੀਤਾ ਜਾ ਸਕਦਾ ਹੈ। ਇਹ ਸਾਰਾ ਬਾਜ਼ਾਰ ਮੰਗ 'ਤੇ ਨਿਰਭਰ ਕਰਦਾ ਹੈ। ਚਿੱਤਰ 13.5 ਵਿੱਚ ਏਕਾਧਿਕਾਰੀ ਦੇ ਨਿਊਨਤਮ ਲੰਮਾ ਸਮਾਂ ਸੰਤੁਲਨ ਦੀ ਵਿਆਖਿਆ ਕੀਤੀ ਗਈ ਹੈ, ਜਦੋਂ ਬਾਜ਼ਾਰ ਦਾ ਆਕਾਰ ਏਕਾਧਿਕਾਰੀ ਨੂੰ ਨਿਊਨਤਮ ਲੰਮਾ ਸਮਾਂ ਔਸਤ ਲਾਗਤ 'ਤੇ ਉਤਪਾਦਨ ਕਰਨ ਤੋਂ ਰੋਕਦਾ ਹੈ ਅਤੇ ਇਹ ਸਥਿਤੀ ਸਿਰਫ ਦੇਖਣ ਨੂੰ ਮਿਲਦੀ ਹੈ।



ਚਿੱਤਰ 13.5

ਏਕਾਧਿਕਾਰੀ ਦੇ ਲੰਮਾਂ ਸਮਾਂ ਸੰਤੁਲਨ ਦੀ ਸਥਿਤੀ ਨੂੰ ਚਿੱਤਰ 13.5 ਦੀ ਸਹਾਇਤਾ ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ। ਚਿੱਤਰ 13.5 ਤੋਂ ਪਤਾ ਲੱਗਦਾ ਹੈ ਕਿ ਏਕਾਧਿਕਾਰੀ ਬਿੰਦੂ E 'ਤੇ ਸੰਤੁਲਨ ਵਿੱਚ ਹੋਵੇਗਾ। ਬਿੰਦੂ E 'ਤੇ MR = (=AM) ਹੋਵੇਗੀ ਅਤੇ ਲੰਮਾ ਸਮਾਂ ਔਸਤ ਲਾਗਤ BM ਹੋਵੇਗੀ। ਕੀਮਤ (AM) ਦੇ ਲੰਮਾ ਸਮਾਂ ਔਸਤ ਲਾਗਤ (BM) ਤੋਂ ਜ਼ਿਆਦਾ (AR > AC) ਹੋਣ ਦੇ ਕਾਰਨ ਏਕਾਧਿਕਾਰੀ ਨੂੰ ਅਸਧਾਰਣ ਲਾਭ ਪ੍ਰਾਪਤ ਹੋਣਗੇ ਅਤੇ ਏਕਾਧਿਕਾਰੀ ਨੂੰ AM-MB = AB ਪ੍ਰਤੀ ਇਕਾਈ ਅਸਧਾਰਣ ਲਾਭ ਪ੍ਰਾਪਤ ਹੋਣਗੇ। ਏਕਾਧਿਕਾਰੀ ਨੂੰ ਕੁਲ ABPN ਅਸਧਾਰਣ ਲਾਭ ਮਿਲਣਗੇ। ਜਿਵੇਂ ਕਿ ਛਾਂਦਾਰ ਹਿੱਸੇ ਨਾਲ ਦਿਖਾਇਆ ਗਿਆ ਹੈ।

ਨੋਟ

13.6 ਕੀਮਤ ਵਿਭੇਦ ਜਾਂ ਭੇਦਮੂਲਕ ਏਕਾਧਿਕਾਰ (Price Discrimination or Discriminating Monopoly)

ਕੀਮਤ ਵਿਭੇਦ ਉਹ ਸਥਿਤੀ ਹੈ ਜਿਸ ਵਿੱਚ ਇਕ ਵਸਤੂ ਨੂੰ ਇੱਕ ਤੋਂ ਜ਼ਿਆਦਾ ਕੀਮਤ 'ਤੇ ਵੇਚਿਆ ਜਾਂਦਾ ਹੈ। ਇਕ ਏਕਾਧਿਕਾਰੀ ਕਈ ਵਾਰ ਕਿਸੇ ਵਸਤੂ ਦੀਆਂ ਵੱਖ–ਵੱਖ ਉਪਭੋਗਤਾਵਾਂ ਤੋਂ ਜਾਂ ਵੱਖ–ਵੱਖ ਇਸਤੇਮਾਲਾਂ ਦੇ ਲਈ ਅਲੱਗ–ਅਲੱਗ ਕੀਮਤ ਲੈ ਸਕਦਾ ਹੈ। ਏਕਾਧਿਕਾਰੀ ਦੀ ਇਸ ਕੀਮਤ ਨੀਤੀ ਨੂੰ **ਕੀਮਤ ਵਿਭੇਦ** (Price Discrimination) ਕਹਿੰਦੇ ਹਨ ਅਤੇ ਜੋ ਏਕਾਧਿਕਾਰੀ ਅਜਿਹਾ ਕਰਦਾ ਹੈ ਉਸ ਨੂੰ **ਭੇਦਮੂਲਕ ਏਕਾਧਿਕਾਰੀ** (Discriminating Monopolist) ਕਹਿੰਦੇ ਹਨ।

ਕੀਮਤ ਵਿਭੇਦ ਕੀ ਹੈ?

ਕੀਮਤ ਵਿਭੇਦ ਉਹ ਸਥਿਤੀ ਹੈ ਜਿਸ ਵਿੱਚ ਇਕ ਵਿਕਰੇਤਾ ਕਿਸੇ ਇਕ ਵਸਤੂ ਦੀਆਂ ਵੱਖ–ਵੱਖ ਖਰੀਦਦਾਰਾਂ ਤੋਂ ਵੱਖ–ਵੱਖ ਕੀਮਤ ਲੈਂਦਾ ਹੈ। ਇਹ ਉਸ ਸਮੇਂ ਸੰਭਵ ਹੁੰਦਾ ਹੈ ਜਦੋਂ ਬਾਜ਼ਾਰ ਵਿੱਚ ਕੋਈ ਪ੍ਰਤੀਯੋਗਤਾ ਨਹੀਂ ਹੁੰਦੀ ਅਤੇ ਵੱਖ–ਵੱਖ ਖਰੀਦਦਾਰਾਂ ਦੇ ਲਈ ਵਸਤੂ ਦੀ ਮੰਗ ਦੀ ਲੋਚ ਵੱਖ–ਵੱਖ ਹੁੰਦੀ ਹੈ।

ਜੇ. ਏਸ. ਬੇਂਸ. ਦੇ ਸ਼ਬਦਾਂ ਵਿੱਚ , "ਕੀਮਤ ਫਰਕ ਵਲੋਂ ਮਨਸ਼ਾ ਵਕਿਰੇਤਾ ਦੀ ਉਸ ਕਰਿਆ ਨਾਲ ਹੈ ਜਸਿ ਵਿੱਚ ਕਿ ਉਹ ਇੱਕ ਹੀ ਪ੍ਰਰਕਾਰ ਦੇ ਪਦਾਰਥਾਂ ਲਈ ਵੱਖਰਾਕੇਰਤਾਵਾਂਵਲੋਂ ਵੱਖਰਾ ਕੀਮਤਾਂ ਲੈਦਾ ਹੈ । " (Price discrimination refers strictly to the practice by a seller to charging different prices from different buyers for the same goods Q **—J.S. Bains)**

ਕੌਤਸੁਆਨੀ ਦੇ ਅਨੁਸਾਰ, "**ਕੀਮਤ ਵਿਭੇਦ ਉਹ ਸਥਿਤੀ ਹੈ ਜਿਸ ਵਿੱਚ ਇਕ ਵਸਤੂ ਵੱਖ-ਵੱਖ ਖਰੀਦਦਾਰਾਂ ਨੂੰ ਵੱਖ-ਵੱਖ ਕੀਮਤਾਂ 'ਤੇ ਵੇਚੀ ਜਾਂਦੀ ਹੈ।**"(Price discrimination exists when the same product is sold at different prices to different buyers. **—Koutsoyiannis**)

13.7 ਕੀਮਤ ਵਿਭੇਦ ਦੀ ਕਿਸਮ (Types of Price Discrimination)

ਕੀਮਤ ਵਿਭੇਦ ਮੁੱਖ ਰੂਪ ਨਾਲ ਚਾਰ ਤਰ੍ਹਾਂ ਦਾ ਹੁੰਦਾ ਹੈ–

1. **ਵਿਅਕਤੀਗਤ ਕੀਮਤ ਵਿਭੇਦ** (Personal Price Discrimination)–ਜਦੋਂ ਇਕ ਏਕਾਧਿਕਾਰੀ ਕਿਸੇ ਵਸਤੂ ਦੀਆਂ ਵੱਖ–ਵੱਖ ਵਿਅਕਤੀਆਂ ਤੋਂ ਵੱਖ–ਵੱਖ ਕੀਮਤ ਲੈਂਦਾ ਹੈ ਤਾਂ ਉਸ ਨੂੰ ਵਿਅਕਤੀਗਤ ਕੀਮਤ ਵਿਭੇਦ ਕਹਿੰਦੇ ਹਨ। ਵਿਅਕਤੀਗਤ ਕੀਮਤ ਵਿਭੇਦ, ਉਪਭੋਗਤਾ ਦੀ ਅਨਪੜ੍ਹਤਾ ਦੇ ਕਾਰਨ, ਕੀਮਤ ਵਿੱਚ ਮਾਮੂਲੀ ਅੰਤਰ ਦੇ ਕਾਰਨ ਜਾਂ ਵਸਤੂ ਜਾਂ ਸੇਵਾ ਦੀ ਪ੍ਰਕਿਰਤੀ ਦੇ ਕਾਰਨ ਸੰਭਵ ਹੁੰਦਾ ਹੈ। ਜਿਵੇਂ–ਜਦੋਂ ਇਕ ਡਾਕਟਰ ਇਕ ਹੀ ਤਰ੍ਹਾਂ ਦੇ ਆਪ੍ਰੇਸ਼ਨ ਦੇ ਲਈ ਅਮੀਰ ਅਤੇ ਗਰੀਬ ਮਰੀਜਾਂ ਤੋਂ ਅਲੱਗ–ਅਲੱਗ ਫੀਸ ਲੈਂਦਾ ਹੈ ਤਾਂ ਇਹ ਵਿਅਕਤੀਗਤ ਕੀਮਤ ਵਿਭੇਦ ਕਹਾਉਂਦਾ ਹੈ।
2. **ਭੂਗੌਲਿਕ ਕੀਮਤ ਵਿਭੇਦ** (Geographical Price Discrimination)– ਜਦੋਂ ਏਕਾਧਿਕਾਰੀ ਇਕ ਵਸਤੂ ਦੀ ਵੱਖ–ਵੱਖ ਸਥਾਨਾਂ 'ਤੇ ਵੱਖ–ਵੱਖ ਕੀਮਤ ਲੈਂਦਾ ਹੈ ਤਾਂ ਉਸ ਨੂੰ ਭੂਗੌਲਿਕ ਕੀਮਤ ਵਿਭੇਦ ਕਹਿੰਦੇ ਹਨ। ਉਦਾਹਰਣ ਦੇ ਤੌਰ 'ਤੇ ਇਕ ਨਿਰਯਾਤ ਕਰਤਾ ਆਪਣੀ ਵਸਤੂ ਦੀ ਕੀਮਤ ਵਿਦੇਸ਼ੀ ਬਾਜ਼ਾਰ ਵਿੱਚ ਵੱਖ ਅਤੇ ਘਰੇਲੂ ਬਾਜ਼ਾਰ ਵਿੱਚ ਕੁਝ ਹੋਰ ਰੱਖਦਾ ਹੈ, ਜਿਵੇਂ ਕਿ ਰਾਸ਼ੀਪਾਤਨ (Dumping) ਅਤੇ ਵਿਦੇਸ਼ਾਂ ਵਿੱਚ ਵਸਤੂ ਨੂੰ ਸਸਤੇ ਭਾਅ ਵੇਚਣਾ।
3. **ਇਸਤੇਮਾਲ ਅਨੁਸਾਰ ਕੀਮਤ ਵਿਭੇਦ** (Price Discrimination According to Use)– ਜਦੋਂ ਏਕਾਧਿਕਾਰੀ ਇਕ ਵਸਤੂ ਦੇ ਵੱਖ–ਵੱਖ ਉਪਯੋਗਾਂ ਦੇ ਲਈ ਵੱਖ–ਵੱਖ ਕੀਮਤਾਂ ਲੈਂਦਾ ਹੈ ਤਾਂ ਇਸ ਨੂੰ **ਇਸਤੇਮਾਲ ਕੀਮਤ ਵਿਭੇਦ ਜਾਂ ਵਪਾਰ ਵਿਭੇਦ** (Trade Discrimination) ਕਹਿੰਦੇ ਹਨ ਜਿਵੇਂ ਬਿਜਲੀ ਦੇ **ਘਰੇਲੂ ਇਸਤੇਮਾਲ** (Domestic Use)

ਨੋਟ

ਦੇ ਲਈ ਪ੍ਰਤੀ ਯੂਨਿਟ ਦਰ ਜ਼ਿਆਦਾ ਹੁੰਦੀ ਹੈ ਜਦੋਂ ਕਿ ਖੇਤੀ ਸਬੰਧੀ ਇਸਤੇਮਾਲ (Agricultural Use) ਦੇ ਲਈ ਪ੍ਰਤੀ ਯੂਨਿਟ ਦਰ ਘੱਟ ਹੁੰਦੀ ਹੈ।

4. **ਸਮੇਂ ਅਨੁਸਾਰ ਕੀਮਤ ਵਿਭੇਦ** (Price Discrimination According to Time)– ਕਈ ਸਰਵਜਨਿਕ ਇਸਤੇਮਾਲ ਦੇ ਉਦਯੋਗ (Public Utilities) ਇਕ ਹੀ ਉਤਪਾਦਨ ਨੂੰ ਵੱਖ-ਵੱਖ 'ਤੇ ਵੱਖ-ਵੱਖ ਕੀਮਤਾਂ 'ਤੇ ਵੇਚਦੇ ਹਨ। ਉਦਾਹਰਣ ਦੇ ਤੌਰ 'ਤੇ ਟੈਲੀਫੋਨ ਵਿਭਾਗ ਦੇਰ ਰਾਤ ਜਾਂ ਸਵੇਰ ਦੇ ਸਮੇਂ ਦੀ ਜਾਣ ਵਾਲੀ ਟੈਲੀਫੋਨ ਕਾਲ ਦੇ ਲਈ **ਘੱਟ ਦਰ** (Low Rate) ਲੈਂਦਾ ਹੈ ਪਰ ਦਿਨ ਵਿੱਚ ਕੀਤੀ ਜਾਣ ਵਾਲੀ ਟੈਲੀਫੋਨ ਕਾਲ ਦੇ ਲਈ **ਜ਼ਿਆਦਾ ਦਰ** (High Rate) ਲਈ ਜਾਂਦੀ ਹੈ।

13.8 ਕੀਮਤ ਵਿਭੇਦੀਕਰਨ ਦੀਆਂ ਸ਼੍ਰੇਣੀਆਂ (Degrees of Price Discrimination)

ਪੀਗੂ ਨੇ ਆਪਣੀ ਪੁਸਤਕ 'Economics of Welfare' ਵਿੱਚ ਕੀਮਤ **ਵਿਭੇਦੀਕਰਨ** (Price Discrimination) ਨੂੰ ਹੇਠ ਲਿਖੀਆਂ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਹੈ:

1. **ਪਹਿਲੀ ਸ਼੍ਰੇਣੀ ਦਾ ਵਿਭੇਦੀਕਰਨ** (Discrimination of the First Degree)– ਪਹਿਲੀ ਸ਼੍ਰੇਣੀ ਦਾ ਵਿਭੇਦੀਕਰਨ ਉਹ ਵਿਭੇਦੀਕਰਨ ਹੈ ਜਿਸ ਵਿੱਚ ਇਕ ਏਕਾਧਿਕਾਰੀ ਵਸਤੂ ਦੀ ਹਰੇਕ ਇਕਾਈ ਦੀਆਂ ਵੱਖ-ਵੱਖ ਕੀਮਤਾਂ ਵਸੂਲ ਕਰਦਾ ਹੈ। ਹਰੇਕ ਇਕਾਈ ਦੀ ਉਂਨੀ ਨਿਰਧਾਰਿਤ ਕੀਤੀ ਜਾਂਦੀ ਹੈ, ਜਿੰਨੀ ਕੀ ਉਪਭੋਗਤਾ ਦੇਣ ਦੇ ਲਈ ਤਿਆਰ ਹੁੰਦਾ ਹੈ, ਇਸ ਤਰ੍ਹਾਂ ਉਸ ਨੂੰ **ਕੋਈ ਵੀ ਉਪਭੋਗਤਾ ਬੱਚਤ** ਪ੍ਰਾਪਤ ਨਹੀਂ (No consumer Surplus) ਹੁੰਦੀ ਹੈ ਅਤੇ ਪਹਿਲੀ ਸ਼੍ਰੇਣੀ ਦੇ ਵਿਭੇਦੀਕਰਨ ਦਾ ਅਰਥ ਇਕ ਅਜਿਹੀ ਸਥਿਤੀ ਹੈ ਜਿਸ ਵਿੱਚ ਉਪਭੋਗਤਾ ਦੀ ਬੱਚਤ ਜ਼ੀਰੋ ਹੁੰਦੀ ਹੈ।

2. **ਦੂਸਰੀ ਸ਼੍ਰੇਣੀ ਦਾ ਵਿਭੇਦੀਕਰਨ** (Discrimination of the Second Degree): ਦੂਸਰੀ ਸ਼੍ਰੇਣੀ ਦਾ ਵਿਭੇਦੀਕਰਨ ਉਹ ਸਥਿਤੀ ਹੈ ਜਿਸ ਵਿੱਚ ਏਕਾਧਿਕਾਰੀ ਕਿਸੇ ਵਸਤੂ ਦੀਆਂ ਵੱਖ-ਵੱਖ ਇਕਾਈਆਂ ਨੂੰ ਵੱਖ-ਵੱਖ ਕੀਮਤਾਂ ਲੈਂਦਾ ਹੈ। ਉਦਾਹਰਣ ਦੇ ਤੌਰ 'ਤੇ ਰਾਜਾਂ ਦੇ ਬਿਜਲੀ ਬੋਰਡ ਦੀ ਇਕ ਹੱਦ ਤੱਕ ਪਹਿਲੀਆਂ ਕੁਝ ਇਕਾਈਆਂ ਦੇ ਉਪਭੋਗ ਦੀ ਦਰ ਘੱਟ ਲੈਂਦੀ ਹੈ ਅਤੇ ਉਸ ਹੱਦ ਦੇ ਬਾਅਦ ਦੀਆਂ ਇਕਾਈਆਂ ਦੇ ਉਪਭੋਗ ਦੀ ਦਰ ਜ਼ਿਆਦਾ ਲੈਂਦੀ ਹੈ। ਇਸ ਸਥਿਤੀ ਵਿੱਚ ਉਪਭੋਗਤਾ ਨੂੰ ਕੁਝ **ਉਪਭੋਗ ਦੀ ਬੱਚਤ** (Consumer's Surplus) ਪ੍ਰਾਪਤ ਹੁੰਦੀ ਹੈ।

3. **ਤੀਸਰੀ ਸ਼੍ਰੇਣੀ ਦਾ ਵਿਭੇਦੀਕਰਨ** (Discrimination of the Third Degree) : ਤੀਸਰੀ ਸ਼੍ਰੇਣੀ ਦਾ ਵਿਭੇਦੀਕਰਨ ਉਹ ਵਿਭੇਦੀਕਰਨ ਹੈ ਜਿਸ ਦੇ ਅਧੀਨ ਏਕਾਧਿਕਾਰੀ ਕਿਸੇ ਵਸਤੂ ਦੇ ਕੁੱਲ ਬਾਜ਼ਾਰ ਨੂੰ ਦੋ ਜਾਂ ਤਿੰਨ ਸਮੂਹਾਂ (Groups) ਵਿੱਚ ਵੰਡ ਦਿੰਦਾ ਹੈ ਅਤੇ ਹਰੇਕ ਸਮੂਹ ਤੋਂ ਵੱਖ-ਵੱਖ ਕੀਮਤ ਵਸੂਲ ਕਰਦਾ ਹੈ। ਉਦਾਹਰਣ ਦੇ ਤੌਰ 'ਤੇ ਜੇਕਰ ਏਕਾਧਿਕਾਰੀ ਘਰੇਲੂ ਬਾਜ਼ਾਰ ਵਿੱਚ ਕਿਸੇ ਵਸਤੂ ਦੀ ਜ਼ਿਆਦਾ ਕੀਮਤ ਨਿਰਧਾਰਿਤ ਕਰਦਾ ਹੈ ਅਤੇ ਵਿਦੇਸ਼ੀ-ਬਾਜ਼ਾਰ ਵਿੱਚ ਘੱਟ ਕੀਮਤ ਨਿਰਧਾਰਿਤ ਕਰਦਾ ਹੈ ਤਾਂ ਉਸ ਨੂੰ ਤੀਸਰੀ ਸ਼੍ਰੇਣੀ ਦਾ ਵਿਭੇਦੀਕਰਨ ਕਿਹਾ ਜਾਵੇਗਾ। ਅਸਲੀ ਜੀਵਨ ਵਿੱਚ ਇਸ ਸ਼੍ਰੇਣੀ ਦਾ ਵਿਭੇਦੀਕਰਨ ਜ਼ਿਆਦਾ ਪ੍ਰਚੱਲਿਤ ਹੈ।

13.9 ਕੀਮਤ ਵਿਭੇਦ ਦੀਆਂ ਜ਼ਰੂਰੀ ਸ਼ਰਤਾਂ (Essential Conditions for Price Discrimination)

ਕੀਮਤ ਵਿਭੇਦ ਤਾਂ ਹੀ ਸੰਭਵ ਹੋ ਸਕਦਾ ਹੈ ਜਦੋਂ ਕਿ ਬਾਜ਼ਾਰ ਵਿੱਚ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਹੁੰਦੀਆ ਹਨ–

1. **ਏਕਾਧਿਕਾਰੀ ਸ਼ਕਤੀ ਦੀ ਹੋਂਦ** (Existence of Monopoly Power)- ਕੀਮਤ ਵਿਭੇਦ ਦੀ ਪਹਿਲੀ ਸ਼ਰਤ ਇਹ ਹੈ ਕਿ ਵਿਕਰੇਤਾ ਏਕਾਧਿਕਾਰੀ ਹੋਣਾ ਚਾਹੀਦਾ ਹੈ ਅਤੇ ਉਸ ਦੇ ਕੋਲ ਏਕਾਧਿਕਾਰੀ ਸ਼ਕਤੀ ਹੋਣੀ ਚਾਹੀਦੀ ਹੈ। ਏਕਾਧਿਕਾਰੀ ਸ਼ਕਤੀ ਦੇ ਅਹਿਸਾਸ ਵਿੱਚ ਵਿਕਰੇਤਾ ਕੁਝ ਖਰੀਦਦਾਰਾਂ ਤੋਂ ਦੂਸਰਿਆਂ ਦੀ ਤੁਲਨਾ ਵਿੱਚ ਜ਼ਿਆਦਾ ਕੀਮਤ ਨਹੀਂ ਲੈ ਸਕਦਾ। ਪੂਰੀ ਪ੍ਰਤੀਯੋਗੀ ਫਰਮ ਇਕ ਸਮਰੂਪ ਉਤਪਾਦ (Homogeneous Product) ਦੇ ਲਈ ਵੱਖ-ਵੱਖ ਕੀਮਤਾਂ ਨਹੀਂ ਲੈ ਪਵੇਗੀ ਕਿਉਂਕਿ ਪੂਰੀ ਪ੍ਰਤੀਯੋਗਤਾ ਦੀ ਪ੍ਰੀਭਾਸ਼ਾ ਦੇ ਅਨੁਸਾਰ ਬਾਜ਼ਾਰ ਵਿੱਚ ਇਕ ਹੀ ਕੀਮਤ ਪ੍ਰਚੱਲਿਤ ਹੋਣ ਦੀ ਪ੍ਰਵਿਰਤੀ ਹੁੰਦੀ ਹੈ।

2. **ਪਹਿਲੀ ਬਾਜ਼ਾਰ** (Separate Markets)– ਕੀਮਤ ਵਿਭੇਦ ਦੇ ਲਈ ਇਹ ਜ਼ਰੂਰੀ ਹੈ ਕਿ ਵਸਤੂ ਦੇ ਦੋ ਜਾਂ ਤਿੰਨ ਬਾਜ਼ਾਰ ਹੋਣੇ ਚਾਹੀਦੇ ਹਨ ਜਿਨ੍ਹਾਂ ਨੂੰ ਇਕ ਦੂਸਰੇ ਤੋਂ ਪਹਿਲਾਂ ਕੀਤਾ ਜਾ ਸਕਦਾ ਹੈ ਅਤੇ ਏਕਾਧਿਕਾਰੀ ਉਨ੍ਹਾਂ ਨੂੰ ਪਹਿਲਾਂ ਰੱਖ ਸਕਦੇ ਹਨ। (One condition necessary for Discriminating Monopoly is that there

ਨੋਟ

must be two or more markets which can be separated and can be kept separate) ਬਾਜ਼ਾਰਾਂ ਨੂੰ ਭੂਗੋਲਿਕ ਦ੍ਰਿਸ਼ਟੀ ਨਾਲ, ਜਾਂ ਬ੍ਰਾਂਡ ਦੇ ਨਾਲ, ਜਾਂ ਸਮੇਂ ਦੇ ਨਾਲ ਪਹਿਲਾਂ ਰੱਖਿਆ ਜਾ ਸਕਦਾ ਹੈ। ਵਿਅਕਤੀਗਤ ਸੇਵਾਵਾਂ ਪ੍ਰਦਾਨ ਕਰਨ ਵਾਲੇ ਲੋਕ ਜਿਵੇਂ ਡਾਕਟਰ, ਵਕੀਲ ਆਦਿ ਵੀ ਇਕ ਬਰਾਬਰ ਸੇਵਾ ਦੇ ਲਈ ਵੱਖ-ਵੱਖ ਕੀਮਤਾਂ ਲੈ ਸਕਦਾ ਹੈ।

3. **ਮੰਗ ਦੀ ਲੋਚ ਵਿੱਚ ਅੰਤਰ** (Difference in the Elasticity of Demand)- ਕੀਮਤ ਵਿਭੇਦ ਉਸ ਸਮੇਂ ਸੰਭਵ ਹੋਵੇਗਾ ਜਦੋਂ ਵੱਖ-ਵੱਖ ਬਾਜ਼ਾਰਾਂ ਵਿੱਚ ਪਾਈ ਜਾਣ ਵਾਲੀ ਮੰਗ ਦੀ ਲੋਚ ਵੱਖ-ਵੱਖ ਹੋਵੇਗੀ। ਜੇਕਰ ਅਜਿਹਾ ਹੁੰਦਾ ਹੈ ਤਾਂ ਏਕਾਧਿਕਾਰੀ ਬੇਲੋਚਦਾਰ ਮੰਗ ਵਾਲੇ ਬਾਜ਼ਾਰ ਵਿੱਚ ਜ਼ਿਆਦਾ ਕੀਮਤ ਨਿਰਧਾਰਿਤ ਕਰੇਗਾ ਅਤੇ ਜ਼ਿਆਦਾ ਲੋਚਦਾਰ ਮੰਗ ਵਾਲੇ ਬਾਜ਼ਾਰ ਵਿੱਚ ਘੱਟ ਕੀਮਤ ਨਿਰਧਾਰਿਤ ਕਰੇਗਾ। ਅਜਿਹਾ ਕਰਨ ਨਾਲ ਹੀ ਉਹ ਆਪਣੀ ਕੁਲ ਆਮਦਨ ਨੂੰ ਵਧਾ ਸਕਦਾ ਹੈ ਕਿਉਂਕਿ ਮੰਗ ਵਿੱਚ ਪਰਿਵਰਤਨ ਦਾ ਕੋਈ ਡਰ ਨਹੀਂ ਹੋਵੇਗਾ। ਜੇਕਰ ਵੱਖ-ਵੱਖ ਬਾਜ਼ਾਰਾਂ ਵਿੱਚ ਮੰਗ ਦੀ ਲੋਚ ਇਕ ਅਜਿਹੀ ਹੋਵੇ ਤਾਂ ਕੀਮਤ ਵਿਭੇਦ ਕਰਨਾ ਸੰਭਵ ਨਹੀਂ ਹੋ ਸਕਦਾ।

4. **ਪੁਨਰ ਵਿੱਕਰੀ ਸੰਭਾਵਨਾ ਦਾ ਅਹਿਸਾਸ** (No Possibility of Re-sale)- ਕੀਮਤ ਵਿਭੇਦ ਦੀ ਹੋਂਦ ਦੇ ਲਈ ਇਹ ਜ਼ਰੂਰੀ ਹੈ ਕਿ ਉਸ ਵਸਤੂ ਜਾਂ ਸੇਵਾ ਦਾ ਅੰਰਭਿਕ ਖਰੀਦਦਾਰ ਉਸ ਦੀ ਪੁਨਰ ਵਿੱਕਰੀ ਨਹੀਂ ਕਰ ਸਕੇ। ਅਜਿਹਾ ਤਾਂ ਹੀ ਹੋ ਸਕਦਾ ਹੈ ਜਦੋਂ ਇਕ ਪਾਸੇ ਤਾਂ, ਵਸਤੂ ਦੀ ਇਕ ਇਕਾਈ ਸਸਤੇ ਬਾਜ਼ਾਰ ਤੋਂ ਮਹਿੰਗੇ ਬਾਜ਼ਾਰ ਵਿੱਚ ਬਦਲ ਨਾ ਹੋਵੇ ਅਤੇ ਦੂਸਰੇ ਪਾਸੇ ਖਰੀਦਦਾਰ ਮਹਿੰਗੇ ਬਾਜ਼ਾਰ ਤੋਂ ਸਸਤੇ ਬਾਜ਼ਾਰ ਵਿੱਚ ਨਹੀਂ ਜਾ ਸਕਣ ਅਤੇ ਵਸਤੂ ਦੀਆਂ ਇਕਾਈਆਂ ਨੂੰ ਸਸਤੇ ਬਾਜ਼ਾਰ ਵਿੱਚ ਮਹਿੰਗੇ ਬਾਜ਼ਾਰ ਵਿੱਚ ਬਦਲ ਨਹੀਂ ਹੋਣਾ ਚਾਹੀਦਾ। ਜੇਕਰ ਅਜਿਹਾ ਹੋਇਆ ਤਾਂ ਵਸਤ ਵਿੱਚ ਖਰੀਦੀ ਜਾਵੇਗੀ ਅਤੇ ਉਚੀ ਕੀਮਤ ਦੇ ਬਾਜ਼ਾਰ ਵਿੱਚ ਪੁਨਰ ਵੇਚ ਦਿੱਤੀ ਜਾਵੇਗੀ, ਇਸ ਨਾਲ ਕੀਮਤ ਦਾ ਉਹ ਅੰਤਰ ਖਤਮ ਹੋ ਜਾਵੇਗਾ ਜਿਸ ਨਾਲ ਏਕਾਧਿਕਾਰੀ ਬਣਾਏ ਰੱਖਣਾ ਚਾਹੁੰਦਾ ਹੈ। ਇਸ ਲਈ ਕੀਮਤ ਵਿਭੇਦ ਦੇ ਲਈ ਇਹ ਜ਼ਰੂਰੀ ਹੈ ਕਿ ਘੱਟ ਕੀਮਤ ਵਾਲੇ ਬਾਜ਼ਾਰ ਤੋਂ ਜ਼ਿਆਦਾ ਕੀਮਤ ਵਾਲੇ ਬਾਜ਼ਾਰ ਵਿੱਚ ਵਸਤੂ ਦਾ ਬਦਲਾਅ ਨਹੀਂ ਹੋਣਾ ਚਾਹੀਦਾ। **ਲਿਪਸੀ** ਦੇ ਅਨੁਸਾਰ, **''ਕੀਮਤ ਵਿਭੇਦ ਕਰਨ ਦੀ ਯੋਗਤਾ ਦੀ ਮੁੱਖ ਸ਼ਰਤ ਇਹ ਹੈ ਕਿ ਘੱਟ ਕੀਮਤ 'ਤੇ ਵਸਤੂ ਪ੍ਰਾਪਤ ਕਰਨ ਵਾਲਾ ਖਰੀਦਦਾਰ ਉਸ ਦੀ ਪੁਨਰ ਵਿੱਕਰੀ ਉਸ ਖਰੀਦਦਾਰ ਨੂੰ ਨਹੀਂ ਕਰ ਸਕਦਾ ਜਿਸ ਨੂੰ ਉਹ ਵਸਤੂ ਉਚੀ ਕੀਮਤ ਤੇ ਪ੍ਰਾਪਤ ਹੁੰਦੀ ਹੈ।''** (The key to being able to discriminate among buyers is that discrimination among buyers requires that the goods cannot be re-sold by the buyer who faces the low price to the buyer who faces the high price. **—Lipsey)**

ਸੰਖੇਪ ਵਿੱਚ ਕੀਮਤ ਉਦੋਂ ਸੰਭਵ ਹੋ ਸਕਦੀ ਹੈ ਜਦੋਂ ਵਸਤੂ ਦੀ ਇਕ ਇਕਾਈ ਦਾ ਸਸਤੇ ਬਾਜ਼ਾਰ ਤੋਂ ਮਹਿੰਗਾ ਬਾਜ਼ਾਰ ਵਿੱਚ ਬਦਲਾਅ ਨਹੀਂ ਕੀਤਾ ਜਾ ਸਕੇ ਅਤੇ ਵੱਖ-ਵੱਖ ਬਾਜ਼ਾਰਾਂ ਵਿੱਚ ਮੰਗ ਦੀ ਲੋਚ ਵੱਖ-ਵੱਖ ਹੋਵੇ।

13.10 ਕੀਮਤ ਵਿਭੇਦ ਕਦੋਂ ਲਾਭਦਾਇਕ ਹੁੰਦਾ ਹੈ? (When Price Discrimination is Profitable?)

ਕੀਮਤ ਵਿਭੇਦ ਏਕਾਧਿਕਾਰੀ ਦੇ ਲਈ ਉਸ ਸਮੇਂ ਲਾਭਦਾਇਕ ਹੁੰਦਾ ਹੈ ਜਦੋਂ ਮੰਗ ਦੀ ਕੀਮਤ ਲੋਚ ਇਕ ਬਾਜ਼ਾਰ ਤੋਂ ਦੂਸਰੇ ਬਾਜ਼ਾਰ ਵਿੱਚ ਵੱਖ-ਵੱਖ ਹੁੰਦੀ ਹੈ। (Price discrimination is profitable when the price elasticity of demand is different in different markets.)

ਜੇਕਰ ਦੋ ਬਾਜ਼ਾਰਾਂ ਵਿੱਚ ਮੰਗ ਦੀ ਕੀਮਤ ਲੋਚ ਬਰਾਬਰ ਹੈ ਤਾਂ ਏਕਾਧਿਕਾਰੀ ਨੂੰ ਇਨ੍ਹਾਂ ਦੋਨੋਂ ਬਾਜ਼ਾਰਾਂ ਵਿੱਚ ਕੀਮਤ ਵਿਭੇਦੀਕਰਨ ਤੋਂ ਕੋਈ ਲਾਭ ਨਹੀਂ ਹੋਵੇਗਾ। ਇਸ ਦਾ ਕਾਰਨ ਇਹ ਹੈ ਕਿ ਜਦੋਂ ਦੋ ਬਾਜ਼ਾਰਾਂ ਦੀ ਕੀਮਤ ਲੋਚ ਖਤਮ ਹੁੰਦੀ ਹੈ ਤਾਂ ਇਨ੍ਹਾਂ ਦੋਨਾਂ ਵਿੱਚ **ਸੀਮਿਤ ਆਮਦਨ** (Marginal Revenue) ਵੀ ਬਰਾਬਰ ਹੋਵੇਗੀ। ਇਸ ਦੇ ਉਲਟ ਜੇਕਰ ਦੋ ਬਾਜ਼ਾਰਾਂ ਵਿੱਚ ਮੰਗ ਦੀ ਕੀਮਤ ਲੋਚ ਵੱਖ-ਵੱਖ ਹੁੰਦੀ ਹੈ ਤਾਂ ਇਨ੍ਹਾ ਦੋਨਾਂ ਵਿੱਚ ਵਸਤੂ ਦੀ ਸੀਮਿਤ ਆਮਦਨ ਵੀ ਅਲੱਗ-ਅਲੱਗ ਹੋਵੇਗੀ। ਇਕ ਬਾਜ਼ਾਰ ਵਿੱਚ ਸੀਮਿਤ ਆਮਦਨ ਜ਼ਿਆਦਾ ਹੋਵੇਗੀ ਤਾਂ ਦੂਸਰੇ ਬਾਜ਼ਾਰ ਵਿੱਚ ਘੱਟ ਹੋਵੇਗੀ। ਇਸ ਸਥਿਤੀ ਵਿੱਚ ਵਸਤੂ ਨੂੰ ਘੱਟ ਸੀਮਿਤ ਆਮਦਨ ਵਾਲੇ ਬਾਜ਼ਾਰ ਤੋਂ ਕੱਢ ਕੇ ਜ਼ਿਆਦਾ ਸੀਮਿਤ ਆਮਦਨ ਵਾਲੇ ਬਾਜ਼ਾਰ ਵਿੱਚ ਵੱਖ ਕੀਮਤ 'ਤੇ ਵੇਚਣ ਨਾਲ ਲਾਭ ਹੋਵੇਗਾ। ਇਸ ਤਰ੍ਹਾਂ ਦੋ ਬਾਜ਼ਾਰਾਂ ਵਿੱਚ ਵਸਤੂ ਦੀ ਮੰਗ ਦੀ ਕੀਮਤ ਲੋਚ ਵਿੱਚ ਅੰਤਰ ਹੋਣ ਨਾਲ ਕੀਮਤ ਵਿਭੇਦੀਕਰਨ ਲਾਭਦਾਇਕ ਹੋ ਸਕਦਾ ਹੈ। ਇਸ ਤੱਥ ਨੂੰ ਅਸੀਂ ਹੇਠ ਲਿਖੇ ਸੂਤਰ ਦੀ ਸਹਾਇਤਾ ਨਾਲ ਸਪੱਸ਼ਟ ਕਰ ਸਕਦੇ ਹਾਂ:

$$MR = AR\left(\frac{E-1}{E}\right)$$

ਨੋਟ ਮੰਨ ਲਓ ਬਾਜ਼ਾਰ A ਅਤੇ ਬਾਜ਼ਾਰ B ਵਿੱਚ ਏਕਾਧਿਕਾਰੀ ਕੀਮਤ ਬਰਾਬਰ ਅਤੇ 10 ਰੁਪਏ ਹੈ, ਜੇਕਰ ਇਸ ਬਰਾਬਰ ਏਕਾਧਿਕਾਰੀ ਕੀਮਤ 'ਤੇ ਬਾਜ਼ਾਰ A ਅਤੇ B ਵਿੱਚ ਮੰਗ ਦੀ ਲੋਚ ਕ੍ਰਮ ਅਨੁਸਾਰ 2 ਅਤੇ 5 ਹੈ ਉਦੋਂ ਉਪਰੋਕਤ ਸੂਤਰ ਦੇ ਅਧਾਰ 'ਤੇ ਇਨ੍ਹਾਂ ਬਾਜ਼ਾਰਾਂ ਤੋਂ ਪਤਾ ਸੀਮਿਤ ਆਮਦਨ ਅਨੁਸਾਰ ਹੇਠ ਲਿਖੇ ਢੰਗ ਨਾਲ ਲਗਾਇਆ ਜਾ ਸਕਦਾ ਹੈ:

ਬਾਜ਼ਾਰ A ਵਿੱਚ ਸੀਮਿਤ ਆਮਦਨ (MR_A) = $AR\left(\frac{E-1}{E}\right)=10\left[\frac{2-1}{2}\right]=10\left[\frac{1}{2}\right]=5$ ਰੁਪਏ

ਬਾਜ਼ਾਰ B ਵਿੱਚ ਸੀਮਿਤ ਆਮਦਨ (MR_B) = $AR\left(\frac{E-1}{E}\right)=10\left[\frac{5-1}{5}\right]=10\left[\frac{4}{5}\right]=8$ ਰੁਪਏ

ਉਪਰੋਕਤ ਵੇਰਵੇ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਬਾਜ਼ਾਰ A ਅਤੇ ਬਾਜ਼ਾਰ B ਵਿੱਚ ਕੀਮਤ ਲੋਚ ਵੱਖ-ਵੱਖ ਹੋਣ 'ਤੇ ਦੋਨਾਂ ਵਿੱਚ ਸੀਮਿਤ ਆਮਦਨ ਵੀ ਵੱਖ-ਵੱਖ ਹੈ। ਬਾਜ਼ਾਰ A ਵਿੱਚ ਮੰਗ ਦੀ ਲੋਚ ਘੱਟ ਅਤੇ 2 ਹੈ ਇਸ ਲਈ ਸੀਮਿਤ ਆਮਦਨ (MR) ਘੱਟ ਅਤੇ 5 ਰੁਪਏ ਹੈ। ਇਸ ਦੇ ਉਲਟ ਬਾਜ਼ਾਰ B ਵਿੱਚ ਮੰਗ ਦੀ ਲੋਚ ਜ਼ਿਆਦਾ ਅਤੇ 5 ਹੈ ਇਸ ਲਈ ਸੀਮਿਤ ਆਮਦਨ (MR) ਵੀ ਜ਼ਿਆਦਾ ਅਤੇ 8 ਰੁਪਏ ਹੈ। ਇਸ ਲਈ ਏਕਾਧਿਕਾਰੀ ਬਾਜ਼ਾਰ A, ਜਿਸ ਵਿੱਚ ਸੀਮਿਤ ਆਮਦਨ 5 ਰੁਪਏ ਹੈ, ਤੋਂ ਵਸਤੂ ਦੀ ਕੁਝ ਮਾਤਰਾ ਬਾਜ਼ਾਰ B ਜਿਸ ਵਿੱਚ ਆਮਦਨ 8 ਰੁਪਏ ਹੈ, ਵੇਚੇਗਾ। ਬਾਜ਼ਾਰ A ਵਿੱਚ ਵਸਤੂ ਦੀ ਇਕ ਇਕਾਈ ਘੱਟ ਵੇਚਣ ਨਾਲ ਏਕਾਧਿਕਾਰੀ ਨੂੰ 5 ਰੁਪਏ ਦੀ ਹਾਨੀ ਹੋਵੇਗੀ ਪਰ ਬਾਜ਼ਾਰ B ਵਿੱਚ ਇਕ ਇਕਾਈ ਜ਼ਿਆਦਾ ਵੇਚਣ ਨਾਲ 8 ਰੁਪਏ ਦੀ ਆਮਦਨ ਹੋਵੇਗੀ। ਇਸ ਤਰ੍ਹਾਂ ਏਕਾਧਿਕਾਰੀ ਨੂੰ 3 ਰੁਪਏ ਜ਼ਿਆਦਾ ਆਮਦਨ ਪ੍ਰਾਪਤ ਹੋਵੇਗਾ। ਏਕਾਧਿਕਾਰੀ ਬਾਜ਼ਾਰ A ਤੋਂ ਵਸਤੂ ਨੂੰ ਹਟਾ ਕੇ ਬਾਜ਼ਾਰ B ਵਿੱਚ ਉਦੋਂ ਤੱਕ ਵੇਚਦਾ ਰਹੇਗਾ, ਜਦੋਂ ਤੱਕ ਦੋਨੋਂ ਬਾਜ਼ਾਰਾਂ ਵਿੱਚ ਵਸਤੂ ਦਾ ਸੀਮਿਤ ਆਗਤ ਬਰਾਬਰ ਨਹੀਂ ਹੋ ਜਾਂਦਾ ਅਤੇ $MR_A = MR_B$।

ਕੀ ਤੁਸੀਂ ਜਾਣਦੇ ਹੋ	ਕੀਮਤ ਵਿਭੇਦ ਉਹ ਸਥਿਤੀ ਹੈ ਜਿਸ ਵਿੱਚ ਇਕ ਵਸਤੂ ਵੱਖ-ਵੱਖ ਖਰੀਦਦਾਰਾਂ ਨੂੰ ਵੱਖ-ਵੱਖ ਕੀਮਤਾਂ 'ਤੇ ਵੇਚੀ ਜਾਂਦੀ ਹੈ।

13.11 ਭੇਦਮੂਲਕ ਏਕਾਧਿਕਾਰ ਵਿੱਚ ਕੀਮਤ-ਉਤਪਾਦਨ ਦਾ ਨਿਰਧਾਰਣ (Price and Output Determination Under Discriminating Monopoly)

ਏਕਾਧਿਕਾਰੀ ਵੱਲੋਂ ਕੀਮਤ ਵਿਭੇਦ ਦੀ ਨੀਤੀ ਅਪਣਾਉਣ ਦਾ ਉਦੇਸ਼ ਕੁੱਲ ਆਮਦਨ ਅਤੇ ਲਾਭ ਵਿੱਚ ਵਾਧਾ ਕਰਨਾ ਹੈ। ਕੀਮਤ ਵਿਭੇਦ ਦੀ ਸਥਿਤੀ ਵਿੱਚ ਕੀਮਤ ਨਿਰਧਾਰਣ ਦੇ ਵਿਸ਼ਲੇਸ਼ਣ ਨੂੰ ਅਸੀਂ ਦੋ ਜਾਂ ਦੋ ਤੋਂ ਜ਼ਿਆਦਾ ਬਾਜ਼ਾਰ ਦੀਆਂ ਦਿਸ਼ਾਵਾਂ ਨਾਲ ਪ੍ਰਗਟ ਕਰ ਸਕਦੇ ਹਾਂ। ਅਸੀਂ ਇੱਥੇ ਕੀਮਤ ਵਿਭੇਦ ਦੀ ਇਕ ਅਜਿਹੀ ਸਥਿਤੀ ਦਾ ਅਧਿਐਨ ਕਰਾਂਗੇ ਜਿਸ ਵਿੱਚ ਏਕਾਧਿਕਾਰੀ ਵਸਤੂ ਨੂੰ ਦੋ ਵੱਖ-ਵੱਖ ਕੀਮਤਾਂ 'ਤੇ ਵੇਚ ਕੇ **ਉਪਭੋਗਤਾਵਾਂ ਦੀ ਬੱਚਤ** (Consumer's Surplus) ਦਾ ਕੁਝ ਹਿੱਸਾ ਖੁਦ ਪ੍ਰਾਪਤ ਕਰ ਲੈਂਦਾ ਹੈ। **ਪੀਗੂ** (Pigou) ਨੇ ਇਸ ਨੂੰ ਤੀਸਰੀ ਸ਼੍ਰੇਣੀ ਦੀ ਕੀਮਤ ਵਿਭੇਦ (Price Discrimination of Third Degree) ਕਿਹਾ ਹੈ। ਹਰੇਕ ਭੇਦ ਮੂਲਕ ਏਕਾਧਿਕਾਰੀ ਆਪਣੇ ਲਾਭਾਂ ਨੂੰ ਜ਼ਿਆਦਾ ਕਰਨ ਦੇ ਲਈ ਉਤਪਾਦਨ ਉਥੇ ਤੱਕ ਹੀ ਕਰੇਗਾ ਜਿੱਥੋਂ ਕਿ ਉਸ ਦੀ ਸੀਮਿਤ ਆਮਦਨ (MR) ਸੀਮਿਤ ਲਾਗਤ (MC) ਦੇ ਬਰਾਬਰ ਹੋ ਜਾਂਦੀ ਹੈ। ਏਕਾਧਿਕਾਰੀ ਜ਼ਿਆਦਾ ਲਾਭ ਪ੍ਰਾਪਤ ਕਰਨ ਦੇ ਲਈ ਸੀਮਿਤ ਆਮਦਨ ਅਤੇ ਸੀਮਿਤ ਲਾਗਤ ਦੀ ਸਮਾਨਤਾ ਵਾਲੀ ਸ਼ਰਤ ਨੂੰ ਹਰੇਕ ਬਾਜ਼ਾਰ ਵਿੱਚ ਅਪਣਾਏਗਾ। ਏਕਾਧਿਕਾਰੀ ਉਦੋਂ ਤੱਕ ਉਤਪਾਦਨ ਕਰਦਾ ਰਹੇਗਾ ਜਦੋਂ ਤੱਕ ਸੀਮਿਤ ਆਮਦਨ ਲਾਗਤ ਤੋਂ ਜ਼ਿਆਦਾ (MR >MC) ਹੈ। ਸਾਡੀ ਮਾਨਤਾ ਇਹ ਹੈ ਕਿ ਏਕਾਧਿਕਾਰੀ ਆਪਣੇ ਉਤਪਾਦਨ ਨੂੰ ਦੋ ਵੱਖ-ਵੱਖ ਬਾਜ਼ਾਰਾਂ 'A' ਅਤੇ 'B' ਵਿੱਚ ਵੇਚੇਗਾ ਜਿਨ੍ਹਾਂ ਵਿੱਚ ਮੰਗ ਦੀ ਲੋਚ ਵੱਖ-ਵੱਖ ਹੈ। ਭੇਦ ਮੂਲਕ ਏਕਾਧਿਕਾਰੀ ਨੂੰ ਤੈਅ ਕਰਨਾ ਪੈਂਦਾ ਹੈ ਕਿ ਉਸ ਨੂੰ (1) ਕੁਲ ਉਤਪਾਦਨ ਕਿੰਨਾ ਕਰਨਾ ਹੈ ਅਤੇ (2) ਅਲੱਗ-ਅਲੱਗ ਬਾਜ਼ਾਰਾਂ ਵਿੱਚ ਕਿੰਨਾ ਉਤਪਾਦਨ ਵੇਚਦਾ ਹੈ ਅਤੇ ਕਿਸ ਕੀਮਤ 'ਤੇ ਵੇਚਣਾ ਹੈ, ਜਿਸ ਨਾਲ ਕਿ ਉਸ ਨੂੰ ਜ਼ਿਆਦਾ ਲਾਭ ਪ੍ਰਾਪਤ ਹੋ ਸਕੇ। ਜ਼ਿਆਦਾ ਲਾਭ ਪ੍ਰਾਪਤ ਕਰਨ ਦੇ ਲਈ ਏਕਾਧਿਕਾਰੀ ਨੂੰ ਦੋ ਫੈਸਲੇ ਲੈਣੇ ਹੋਣਗੇ।

1. ਉਤਪਾਦਨ ਕਿੰਨਾ ਕਰਨਾ ਹੈ? (How Much to Produce?)

ਕਿਉਂਕਿ ਅਸੀਂ ਮੰਨ ਲੈਂਦੇ ਹਾਂ ਕਿ ਏਕਾਧਿਕਾਰੀ ਦਾ ਉਤਪਾਦਨ ਸਮਰੂਪ ਹੈ, ਇਸ ਲਈ ਉਹ ਸਾਰੇ ਉਤਪਾਦਨ ਦੀ **ਸੀਮਿਤ ਲਾਗਤ** ਨੂੰ ਧਿਆਨ ਵਿੱਚ ਰੱਖਦਾ ਹੈ ਚਾਹੇ ਉਸ ਦੀ ਵਿੱਕਰੀ ਕਿਸੇ ਵੀ ਬਾਜ਼ਾਰ ਵਿੱਚ ਕੀਤੀ ਜਾਵੇ। ਉਹ ਉਸ ਬਿੰਦੂ ਤੱਕ ਉਤਪਾਦਨ

ਨੋਟ

ਕਰੇਗਾ ਜਿਸ 'ਤੇ ਸੀਮਿਤ ਲਾਗਤ ਦੋਵੇਂ ਬਾਜ਼ਾਰਾਂ ਦੀ **ਸੰਯੁਕਤ ਸੀਮਿਤ ਆਮਦਨ** (Combined Marginal Revenue-CMR) ਦੇ ਬਰਾਬਰ ਹੋ ਜਾਵੇ। ਸੰਯੁਕਤ ਸੀਮਿਤ ਆਮਦਨ ਵਕ੍ਰ ਪਤਾ ਕਰਨ ਦੇ ਲਈ ਬਾਜ਼ਾਰ A ਅਤੇ ਬਾਜ਼ਾਰ B ਦੀ ਸੀਮਿਤ ਆਮਦਨ ਵਕ੍ਰਾਂ MR_A ਅਤੇ MR_B ਨੂੰ ਜੋੜ ਲਿਆ ਜਾਂਦਾ ਹੈ। ਏਕਾਧਿਕਾਰੀ ਵਸਤੂ ਦੀ ਉੱਨੀ ਮਾਤਰਾ ਦਾ ਉਤਪਾਦਨ ਕਰੇਗਾ ਜਿਸ 'ਤੇ ਸੀਮਿਤ ਲਾਗਤ ਅਤੇ ਸੰਯੁਕਤ ਸੀਮਿਤ ਆਮਦਨ ਬਰਾਬਰ ਹੋ ਜਾਵੇ ਅਤੇ

$$MC = MR_A + MR_B = MR_{A+B}$$

2. ਵੱਖ-ਵੱਖ ਬਾਜ਼ਾਰਾਂ ਵਿੱਚ ਕਿੰਨੀ ਮਾਤਰਾ ਕਿਸ ਕੀਮਤ 'ਤੇ ਵੇਚੀ ਜਾਵੇ?
(How Much to Sell in Different Markets and at What Price?)

ਏਕਾਧਿਕਾਰੀ ਆਪਣੇ ਲਾਭ ਨੂੰ ਜ਼ਿਆਦਾ ਕਰਨ ਦੇ ਲਈ ਸਾਰੇ ਉਤਪਾਦਨ ਦੀ ਸੀਮਿਤ ਲਾਗਤ (MC) ਨੂੰ ਬਾਜ਼ਾਰ A ਦੀ ਸੀਮਿਤ ਆਮਦਨ (MR_A) ਅਤੇ ਬਾਜ਼ਾਰ 'B' ਦੇ ਸੀਮਿਤ ਆਮਦਨ (MR_B) ਦੇ ਬਰਾਬਰ ਕਰੇਗਾ। ਚਿੱਤਰ 13.6 ਤੋਂ ਪਤਾ ਹੁੰਦਾ ਹੈ ਕਿ ਬਾਜ਼ਾਰ 'A' ਵਿੱਚ ਬਾਜ਼ਾਰ ਮੰਗ ਘੱਟ ਲੋਚਦਾਰ ਹੈ ਅਤੇ ਬਾਜ਼ਾਰ 'B' ਵਿੱਚ ਬਾਜ਼ਾਰ ਮੰਗ ਜ਼ਿਆਦਾ ਲੋਚਦਾਰ ਹੈ। ਇਸ ਦਾ ਭਾਵ ਇਹ ਹੈ ਏਕਾਧਿਕਾਰੀ ਬਾਜ਼ਾਰ 'A' ਵਿੱਚ ਵਸਤੂ ਦੀ ਘੱਟ ਮਾਤਰਾ ਅਤੇ 'OA' ਇਕਾਈਆਂ ਦੀ ਜ਼ਿਆਦਾ ਕੀਮਤ OP_1 'ਤੇ ਵਿੱਕਰੀ ਕਰੇਗਾ। ਇਸ ਦੇ ਉਲਟ ਉਹ ਬਾਜ਼ਾਰ 'B' ਵਿੱਚ ਜ਼ਿਆਦਾ ਮਾਤਰਾ 'OB' ਇਕਾਈਆਂ ਦੀ ਘੱਟ ਕੀਮਤ OP_2 'ਤੇ ਵਿੱਕਰੀ ਕਰੇਗੀ ਸੰਯੁਕਤ ਉਤਪਾਦਨ OQ ਇਕਾਈਆਂ (ਜਿੱਥੇ ਸੰਯੁਕਤ ਸੀਮਿਤ ਆਮਦਨ, ਸੀਮਿਤ ਲਾਗਤ ਦੇ ਬਰਾਬਰ ਹੈ।) ਦੀ ਸੀਮਿਤ ਆਮਦਨ ਦੋਨੋਂ ਬਾਜ਼ਾਰਾਂ ਵਿੱਚ ਬਰਾਬਰ ਹੋਣੀ ਚਾਹੀਦੀ ਹੈ ਕਿਉਂਕਿ ਉਸ ਨੂੰ ਕੁਲ ਉਤਪਾਦਨ ਦੀ ਸੀਮਿਤ ਲਾਗਤ MC ਦੇ ਬਰਾਬਰ ਹੋਣਾ ਚਾਹੀਦਾ ਅਤੇ

> ਏਕਾਧਿਕਾਰੀ ਬਾਜ਼ਾਰ ਵਿੱਚ ਵਸਤੂ ਦੀ ਜ਼ਿਆਦਾ ਮਾਤਰਾ (ਘੱਟ ਕੀਮਤ 'ਤੇ) ਉਸ ਸਮੇਂ ਵੇਚੇਗਾ ਜਦੋਂ ਉਸ ਦੀ ਮੰਗ ਦੀ ਲੋਚ ਜ਼ਿਆਦਾ ਹੋਵੇਗੀ ਅਤੇ ਵਸਤੂ ਦੀ ਘੱਟ ਮਾਰਤਾ (ਜ਼ਿਆਦਾ ਕੀਮਤ 'ਤੇ) ਉਸ ਸਮੇਂ ਵੇਚੇਗਾ ਜਦੋਂ ਉਸ ਦੀ ਮੰਗ ਦੀ ਲੋਚ ਘੱਟ ਹੋਵੇਗੀ। ਇਸ ਦਾ ਕਾਰਨ ਇਹ ਹੈ ਕਿ ਮੰਗ ਜਿੰਨੀ ਜ਼ਿਆਦਾ ਲੋਚਦਾਰ ਹੁੰਦੀ ਹੈ ਉੱਨੀ ਹੀ ਕੀਮਤ ਦੇ ਵੱਧਣ ਤੇ ਖਰੀਦਦਾਰਾਂ ਦੇ ਘੱਟ ਹੋਣ ਦੀ ਸੰਭਾਵਨਾ ਹੁੰਦੀ ਹੈ। ਇਸ ਲਈ ਏਕਾਧਿਕਾਰੀ ਘੱਟ ਕੀਮਤ ਨਿਰਧਾਰਿਤ ਕਰਕੇ ਵਸਤੂ ਦੀ ਜ਼ਿਆਦਾ ਮਾਤਰਾ ਵੇਚਣਾ ਪਸੰਦ ਕਰਦਾ ਹੈ

$$MR_A = MR_B = MR_{A+B} = MC$$

ਮੰਨ ਲਓ ਜੇਕਰ ਇਹ ਸ਼ਰਤ ਪੂਰੀ ਨਹੀਂ ਹੁੰਦੀ। ਬਾਜ਼ਾਰ A ਵਿੱਚ, ਬਾਜ਼ਾਰ B ਦੇ ਮੁਕਾਬਲੇ, MR ਘੱਟ ਹੈ ਤਾਂ ਭੇਦ ਮੂਲਕ ਦੇ ਏਕਾਧਿਕਾਰੀ ਦੇ ਲਈ ਇਹ ਲਾਭਦਾਇਕ ਹੋਵੇਗਾ ਕਿ ਉਹ ਵਸਤੂ ਦੀ ਕੁਝ ਇਕਾਈਆਂ ਬਾਜ਼ਾਰ A ਤੋਂ ਹਟ ਕੇ ਬਾਜ਼ਾਰ B ਵਿੱਚ ਵੇਚੇ, ਜਿੱਥੇ ਉਸ ਨੂੰ ਜ਼ਿਆਦਾ ਸੀਮਿਤ ਆਮਦਨ (MR) ਪ੍ਰਾਪਤ ਹੋ ਸਕੇਗੀ। ਇਹ ਕਿਰਿਆ ਉਦੋਂ ਤੱਕ ਚੱਲਦੀ ਰਹੇਗੀ ਜਦੋਂ ਤੱਕ ਦੋਨੋਂ ਬਾਜ਼ਾਰਾਂ ਵਿੱਚ ਸੀਮਿਤ ਆਮਦਨ (MR) ਇਕ ਦੂਸਰੇ ਦੇ ਬਰਾਬਰ ਨਹੀਂ ਹੋ ਜਾਂਦੀ।

3. ਕੀਮਤ ਨਿਰਧਾਰਣ (Price Determination)

ਵਿਭੇਦੀਕ੍ਰਿਤ ਏਕਾਧਿਕਾਰੀ ਦੀ ਸਥਿਤੀ ਵਿੱਚ ਕੀਮਤ ਨਿਰਧਾਰਣ ਨੂੰ ਚਿੱਤਰ 13.6 ਨਾਲ ਸਪੱਸ਼ਟ ਕੀਤਾ ਗਿਆ ਹੈ। ਚਿੱਤਰ 13.6 ਵਿਭੇਦੀਕ੍ਰਿਤ ਏਕਾਧਿਕਾਰੀ ਦੀ ਸਥਿਤੀ ਵਿੱਚ ਸੰਤੁਲਨ ਦੀ ਸਥਿਤੀ ਨੂੰ ਸਪੱਸ਼ਟ ਕਰਦਾ ਹੈ।

ਹੈ ਜਿਸ ਵਿੱਚ ਕੇਵਲ ਕੁਝ ਕੁ ਪ੍ਰਤੀਯੋਗੀ ਫਰਮਾਂ ਹੁੰਦੀਆਂ ਹਨ। ਹਰੇਕ ਫਰਮ ਦੀ ਬਾਜ਼ਾਰ ਸ਼ਕਤੀ ਇੰਨੀ ਹੁੰਦੀ ਹੈ ਕਿ ਉਹ ਉਸ ਨੂੰ ਕੀਮਤ ਸਵੀਕਾਰ ਬਣਨ ਤੋਂ ਰੋਕਦੀ ਹੈ ਪਰ ਹਰੇਕ ਫਰਮ ਨੂੰ ਅਜਿਹੀ ਅੰਤਰ-ਫਰਮ ਪ੍ਰਤੀਦੰਦਿਤਾ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਸ ਨੂੰ ਇਹ ਸੋਚਣ ਤੋਂ ਰੋਕਦੀ ਹੈ ਕਿ ਸਾਰੇ ਬਾਜ਼ਾਰ ਮੰਗ ਉਸੇ ਦੀ ਹੈ।" (Oligopoly is the theory of imperfect competition among the few; it refers to an industry that contains only a few competing firms. Each firm has enough market power to prevent its being a price taker; but each firm is subject to enough inter-firm rivalry to prevent it considering the market demand curve as its own. **—LIPSEY)**

ਨੋਟਸ ਘੱਟ ਅਧਿਕਾਰ ਵਿੱਚ ਵਸਤੂਆਂ ਦੀ ਮੰਗ ਦੀ ਟੇਢੀ ਲੋਚ ਬਹੁਤ ਉਚੀ ਹੁੰਦੀ ਹੈ ਕਿਉਂਕਿ ਇਹ ਵਸਤੂਆਂ ਨੇੜੇ ਪ੍ਰਤੀਸਥਾਪਨ ਹੁੰਦੀਆਂ ਹਨ।

15.1 ਘੱਟ ਅਧਿਕਾਰ ਦੀਆਂ ਵਿਸ਼ੇਸ਼ਤਾਵਾਂ (Features of Oligopoly)

ਘੱਟ ਅਧਿਕਾਰ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ-

1. **ਥੋੜ੍ਹੇ ਜਿਹੇ ਵਿਕਰੇਤਾ ਅਤੇ ਕਈ ਖਰੀਦਦਾਰ** (Few Sellers and Many Buyers)-ਘੱਟ ਅਧਿਕਾਰ ਬਾਜ਼ਾਰ ਦੀ ਉਸ ਸਥਿਤੀ ਨੂੰ ਕਹਿੰਦੇ ਹਨ ਜਿਸ ਵਿੱਚ ਕੁਝ ਹੀ ਫਰਮਾਂ ਦਾ ਇਸਤੇਮਾਲ ਵਿੱਚ ਬੋਲਬਾਲਾ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਭਾਰਤ ਵਿੱਚ ਚਾਰ ਕੰਪਨੀਆਂ Maruti, Hyundai, Cielo ਅਤੇ Tata 90 ਪ੍ਰਤੀਸ਼ਤ ਛੋਟੀਆਂ ਕਾਰਾਂ ਦਾ ਉਤਪਾਦਨ ਕਰਦੀਆਂ ਹਨ। ਘੱਟ ਅਧਿਕਾਰੀ ਫਰਮਾਂ ਨਾਲ ਉਤਪਾਦਨ ਕੀਤੀਆਂ ਜਾਣ ਵਾਲੀਆਂ ਵਸਤੂਆਂ ਸਮਰੂਪ ਜਾਂ ਵਿਭੇਦ ਮੂਲਕ ਹੋ ਸਕਦੀਆਂ ਹਨ। ਘੱਟ ਅਧਿਕਾਰ ਵਿੱਚ ਖਰੀਦਦਾਰਾਂ ਦੀ ਸੰਖਿਆ ਬਹੁਤ ਜ਼ਿਆਦਾ ਹੁੰਦੀ ਹੈ।

2. **ਸਮਰੂਪ ਜਾਂ ਵਿਭੇਦੀਕ੍ਰਿਤ ਉਤਪਾਦ** (Homogeneous or Differentiated Product)- ਘੱਟ ਅਧਿਕਾਰੀ ਉਦਯੋਗ ਵਿੱਚ ਫਰਮਾਂ ਜਾਂ ਤਾਂ ਸਮਰੂਪ ਵਸਤੂਆਂ ਜਾਂ ਵਿਭੇਦੀਕ੍ਰਿਤ ਵਸਤੂਆਂ ਦਾ ਉਤਪਾਦਨ ਕਰਦੀਆਂ ਹਨ, ਜੇਕਰ ਵਸਤੂ ਸਮਰੂਪ ਵਸਤੂ ਦਾ ਉਤਪਾਦਨ ਕਰੇ ਜਿਵੇਂ ਸੀਮੈਂਟ ਜਾਂ ਸਟੀਲ ਤਾਂ ਉਦਯੋਗ ਨੂੰ ਸ਼ੁੱਧ ਜਾਂ ਪੂਰਨ ਘੱਟ ਅਧਿਕਾਰ (Pure or Perfect Oligopoly) ਕਿਹਾ ਜਾਂਦਾ ਹੈ। ਜੇਕਰ ਫਰਮਾਂ ਭੇਦ ਮੂਲਕ ਵਸਤੂ ਦਾ ਉਤਪਾਦਨ ਕਰਨ, ਜਿਵੇਂ ਮੋਟਰ ਕਾਰਾਂ ਤਾਂ ਉਦਯੋਗ ਨੂੰ ਵਿਭੇਦੀਕਰਣ ਅਤੇ ਅਪੂਰਨ ਘੱਟ ਅਧਿਕਾਰ (Differentiated or Imperfect Oligopoly) ਕਿਹਾ ਜਾਂਦਾ ਹੈ।

3. **ਪ੍ਰਸਪਰ ਅੰਤਰ ਨਿਰਭਰਤਾ** (Mutual Interdependence)- ਫਰਨਾਂ ਦੀ ਪ੍ਰਸਪਰ ਅੰਤਰ ਨਿਰਭਰਤਾ ਘੱਟ ਅਧਿਕਾਰ ਦੀ ਇਕ ਮਹੱਤਵਪੂਰਨ ਵਿਸ਼ੇਸ਼ਤਾ ਹੈ। ਅੰਤਰ ਨਿਰਭਰਤਾ ਦਾ ਅਰਥ ਹੈ ਕਿ ਫਰਮਾਂ ਇਕ-ਦੂਸਰੇ ਦੀ ਕੀਮਤ ਅਤੇ ਉਤਪਾਦਨ ਸਬੰਧੀ ਫੈਸਲਿਆਂ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ। ਏਕਾਧਿਕਾਰ ਅਤੇ ਪ੍ਰਤੀਯੋਗਤਾ ਵਿੱਚ ਫਰਮਾਂ ਸੁਤੰਤਰ ਫੈਸਲੇ ਲੈਂਦੀਆਂ ਹਨ ਅਤੇ ਕਾਰਵਾਈ ਕਰਦੀਆਂ ਹਨ ਤੇ ਉਨ੍ਹਾਂ ਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਹੁੰਦੀ ਕਿ ਉਨ੍ਹਾਂ ਦੇ ਫੈਸਲੇ ਅਤੇ ਕਾਰਵਾਈ ਦਾ ਹੋਰ ਫਰਮਾਂ 'ਤੇ ਕੀ ਅਸਰ ਪਵੇਗਾ ਜਾਂ ਹੋਰ ਫਰਮਾਂ ਦੀ ਪ੍ਰਤੀਕਿਰਿਆ ਦਾ ਉਨ੍ਹਾਂ 'ਤੇ ਕੀ ਪ੍ਰਭਾਵ ਪਵੇਗਾ ਪਰ ਇਕ ਘੱਟ ਅਧਿਕਾਰੀ ਫਰਮ ਸੁਤੰਤਰ ਫੈਸਲੇ ਨਹੀਂ ਲੈ ਸਕਦੀ, ਕਿਉਂਕਿ ਘੱਟ ਅਧਿਕਾਰ ਵਿੱਚ ਫਰਮਾਂ ਦੀ ਛੋਟੀ ਜਿਹੀ ਸੰਖਿਆ ਇਕ-ਦੂਸਰੇ ਨਾਲ ਪ੍ਰਤੀਯੋਗਤਾ ਕਰਦੀਆਂ ਹਨ, ਇਸ ਲਈ ਇਕ ਫਰਮ ਦੀ ਵਿਕਰੀ ਉਸ ਫਰਮ ਵੱਲੋਂ ਲਈ ਜਾਣ ਵਾਲੀ ਕੀਮਤ ਅਤੇ ਹੋਰ ਫਰਮਾਂ ਵੱਲੋਂ ਲਈ ਜਾਣ ਵਾਲੀ ਕੀਮਤ 'ਤੇ ਨਿਰਭਰ ਕਰਦੀ ਹੈ। ਜੇਕਰ ਇਕ ਫਰਮ ਕੀਮਤ ਨੂੰ ਘੱਟ ਕਰਦੀ ਹੈ ਤਾਂ ਉਸ ਦੀ ਵਿਕਰੀ ਵਧੇਗੀ ਪਰ ਉਦਯੋਗ ਦੀਆਂ ਹੋਰ ਫਰਮਾਂ ਦੀ ਵਿਕਰੀ ਘੱਟ ਜਾਵੇਗੀ। ਅਜਿਹੀ ਸਥਿਤੀ ਵਿੱਚ, ਇਹ ਸੰਭਵ ਹੈ ਕਿ ਹੋਰ ਫਰਮਾਂ ਵੀ ਆਪਣੀਆਂ ਕੀਮਤਾਂ ਨੂੰ ਘੱਟ ਕਰ ਦੇਣ। ਹੋਰ ਫਰਮਾਂ ਵੱਲੋਂ ਕੀਮਤਾਂ ਨੂੰ ਘਟਾਉਣ ਨਾਲ ਪਹਿਲੀ ਫਰਮ ਦੇ ਲਾਭ ਘੱਟ ਜਾਣਗੇ ਅਤੇ ਆਪਣੀਆਂ ਕੀਮਤਾਂ ਨੂੰ ਘਟਾਉਣ ਦਾ ਫੈਸਲਾ ਲੈਣ ਤੋਂ ਪਹਿਲਾਂ ਪਹਿਲੀ ਫਰਮ ਇਸ ਗੱਲ ਦਾ ਪੂਰਾ ਅੰਦਾਜ਼ਾ ਅਤੇ ਹਿਸਾਬ ਲਗਾਏਗੀ ਕਿ ਹੋਰ ਫਰਮਾਂ ਦੀ ਪ੍ਰਤੀਕਿਰਿਆ ਕੀ ਹੋਵੇਗੀ ਅਤੇ ਉਸ ਪ੍ਰਤੀਕਿਰਿਆ ਦਾ ਉਸ ਦੇ ਲਾਭ 'ਤੇ ਕਿਹੋ ਜਿਹਾ ਪ੍ਰਭਾਵ ਪਵੇਗਾ। ਘੱਟ ਅਧਿਕਾਰ ਵਿੱਚ ਵਸਤੂਆਂ ਦੀ ਮੰਗ ਦੀ ਟੇਢੀ ਲੋਚ (Cross Elasticity) ਬਹੁਤ ਉਚੀ ਹੁੰਦੀ ਹੈ, ਕਿਉਂਕਿ ਇਹ ਵਸਤੂਆਂ ਨੇੜਲਾ ਪ੍ਰਤੀਸਥਾਪਨ ਹੁੰਦੀਆਂ ਹਨ। ਸੰਖੇਪ ਵਿੱਚ ਕੀਮਤ ਅਤੇ ਉਤਪਾਦਨ ਦੀ ਮਾਤਰਾ ਸਬੰਧੀ ਨੀਤੀ ਦਾ ਨਿਰਧਾਰਣ ਕਰਦੇ ਸਮੇਂ ਘੱਟ ਅਧਿਕਾਰੀ ਫਰਮ ਨੂੰ ਆਪਣੇ ਪ੍ਰਤੀਦੰਦੀਆਂ ਦੀਆਂ ਕਿਰਿਆਵਾਂ ਅਤੇ

ਪ੍ਰਤੀਕਿਰਿਆਵਾਂ ਨੂੰ ਧਿਆਨ ਵਿੱਚ ਰੱਖਣਾ ਪੈਂਦਾ ਹੈ। ਫਰਮ ਦੀ ਇਹ ਪ੍ਰਸਪਰ ਅੰਤਰ ਨਿਰਭਰਤਾ ਹੀ ਘੱਟ ਅਧਿਕਾਰੀ ਬਾਜ਼ਾਰ ਨੂੰ ਏਕਾਧਿਕਾਰੀ, ਪੂਰਨ ਪ੍ਰਤੀਯੋਗਤਾ ਅਤੇ ਏਕਾਧਿਕਾਰੀ ਪ੍ਰਤੀਯੋਗੀ ਬਾਜ਼ਾਰ ਤੋਂ ਵੱਖ ਬਣਾਉਂਦੀ ਹੈ। ਨੋਟ

4. **ਇਕਰੂਪਤਾ ਦਾ ਅਹਿਸਾਸ** (Lack of Uniformity)- ਫਰਮਾਂ ਦੇ ਅਕਾਰ ਵਿੱਚ ਇਕਰੂਪਤਾ ਦਾ ਅਹਿਸਾਸ ਘੱਟ ਅਧਿਕਾਰੀ ਦੀ ਇਕ ਹੋਰ ਵਿਸ਼ੇਸ਼ਤਾ ਹੈ। ਕੁਝ ਫਰਮਾਂ ਬਹੁਤ ਵੱਡੀਆਂ ਅਤੇ ਕੁਝ ਛੋਟੀਆਂ ਹੁੰਦੀਆਂ ਹਨ। ਉਦਾਹਰਣ ਦੇ ਤੌਰ 'ਤੇ ਮਾਰੂਤੀ ਉਦਯੋਗ ਦਾ ਛੋਟੀ ਕਾਰ ਉਦਯੋਗ ਖੇਤਰ ਵਿੱਚ 86 ਪ੍ਰਤੀਸ਼ਤ ਭਾਗ ਹੈ, ਜਦੋਂ ਕਿ Santro ਅਤੇ Tata ਦਾ ਭਾਗ ਅਪ੍ਰੱਤਖ ਰੂਪ ਵਿੱਚ ਕਾਫੀ ਘੱਟ ਹੈ।

5. **ਇਸ਼ਤਿਹਾਰ** (Advertisement)- ਇਕ ਘੱਟ ਅਧਿਕਾਰੀ ਫਰਮ ਨੂੰ ਇਸ਼ਤਿਹਾਰਾਂ 'ਤੇ ਬਹੁਤ ਪੈਸਾ ਖਰਚ ਕਰਨਾ ਪੈਂਦਾ ਹੈ। ਕੀਮਤ ਦ੍ਰਿੜ (Price Rigidity) ਅਤੇ ਉਤਪਾਦਨ ਦੀ ਉਚੀ ਟੇਢੀ ਮੰਗ ਲੋਚ (Cross Elasticity of Demand) ਦੇ ਕਾਰਨ ਇਕ ਘੱਟ ਅਧਿਕਾਰੀ ਫਰਮ ਦੇ ਲਈ ਆਪਣੀ ਵਿਕਰੀ ਨੂੰ ਬੜ੍ਹਾਵਾ ਦੇਣ ਦਾ ਇੱਕੋ-ਇਕ ਉਪਾਅ ਵਸਤੂ ਦਾ ਇਸ਼ਤਿਹਾਰ ਹੈ। ਇਸ਼ਤਿਹਾਰ 'ਤੇ ਕੀਤੇ ਜਾਣ ਵਾਲੇ ਖਰਚ ਦਾ ਪ੍ਰਾਥਮਿਕਤ ਲਕਸ਼ ਇਸ਼ਤਿਹਾਰੀ ਵਸਤੂ ਦੀ ਮੰਗ ਨੂੰ ਉਤਸ਼ਾਹਿਤ ਕਰਨਾ ਹੈ। ਇਸ ਸਬੰਧ ਵਿੱਚ **ਬੋਮੇਲ** ਨੇ ਠੀਕ ਕਿਹਾ ਹੈ, **''ਇਹ ਘੱਟ ਅਧਿਕਾਰੀ ਹੀ ਹੈ, ਜਿੱਥੇ ਇਸ਼ਤਿਹਾਰ ਦੇਣਾ ਆਪਣਾ ਪੂਰਾ ਪ੍ਰਭਾਵ ਪ੍ਰਗਟ ਕਰਦਾ ਹੈ, ਘੱਟ ਅਧਿਕਾਰੀ ਵਿੱਚ ਜੀਵਨ ਅਤੇ ਮੌਤ ਦਾ ਸਵਾਲ ਬਣ ਜਾਂਦਾ ਹੈ। ਜੋ ਫਰਮਾਂ ਆਪਣੇ ਪ੍ਰਤੀਯੋਗੀਆਂ ਦੇ ਇਸ਼ਤਿਹਾਰ ਬਜਟ ਦੇ ਬਰਾਬਰ ਇਸ਼ਤਿਹਾਰ 'ਤੇ ਖਰਚ ਨਹੀਂ ਕਰਦੀਆਂ, ਉਨ੍ਹਾਂ ਦੇ ਗ੍ਰਾਹਕਾਂ ਦਾ ਪ੍ਰਵਾਹ ਪ੍ਰਤੀਸਰਪਦੀਆਂ ਦੀਆਂ ਵਸਤੂਆਂ ਵੱਲ ਹੋ ਸਕਦਾ ਹੈ।''** (It is only in oligopoly, advertisement comes, fully into its own. Under oligopoly, advertising can become a life and death matter, where a firm which fails to keep up with the advertising budget of its competitors may find its customers drifting of to rival products. **—Baumol**)

6. **ਏਕਾਧਿਕਾਰ ਦਾ ਤੱਤ** (Element of Monopoly)-ਭੇਦਮੂਲਕ ਅਤੇ ਅਪੂਰਨ ਘੱਟ ਅਧਿਕਾਰ ਵਿੱਚ ਫਰਮਾਂ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ। ਵਸਤੂ ਵਿਭੇਦ ਦੇ ਕਾਰਨ ਗ੍ਰਾਹਕਾਂ ਵਿੱਚ **ਬ੍ਰਾਂਡ ਵਫਾਦਾਰੀ** (Brand Loyalty) ਦਾ ਸਿਰਜਣ ਹੁੰਦਾ ਹੈ। ਹਰੇਕ ਫਰਮ ਦਾ ਆਪਣੇ **''ਬ੍ਰਾਂਡ''** 'ਤੇ ਏਕਾਧਿਕਾਰ ਹੁੰਦਾ ਹੈ। ਕੋਈ ਹੋਰ ਫਰਮ ਆਪਣੀ ਵਸਤੂ ਨੂੰ ਉਸ ਬ੍ਰਾਂਡ (ਟਰੇਡ ਮਾਰਕ) ਅਧੀਨ ਨਹੀਂ ਵੇਚ ਸਕਦੀ। ਇਸ ਤੋਂ ਇਲਾਵਾ ਫਰਮਾਂ ਗਠਬੰਧਨ (Collusion) ਨਾਲ ਕੀਮਤ ਨੂੰ ਵਧਾ ਕੇ ਏਕਾਧਿਕਾਰੀ ਲਾਭ ਪ੍ਰਾਪਤ ਕਰ ਸਕਦੀ ਹੈ।

7. **ਕੀਮਤ ਦ੍ਰਿੜਤਾ ਦਾ ਪਾਇਆ ਜਾਣਾ** (Existence of Price Rigidity)- ਕੀਮਤ ਦ੍ਰਿੜਤਾ ਘੱਟ ਅਧਿਕਾਰ ਦੀ ਇਕ ਹੋਰ ਵਿਸ਼ੇਸ਼ਤਾ ਹੈ। ਕੀਮਤ ਕਠੋਰਤਾ ਦਾ ਅਰਥ ਫਰਮਾਂ ਵੱਲੋਂ ਕੀਮਤਾਂ ਵਿੱਚ ਪਰਿਵਰਤਨ ਨਹੀਂ ਕਰਨਾ ਹੈ, ਕਿਉਂਕਿ ਕੀਮਤ ਵਿੱਚ ਕੋਈ ਵੀ ਪਰਿਵਰਤਨ ਘੱਟ ਅਧਿਕਾਰ ਫਰਮ ਲਈ ਲਾਭਕਾਰੀ ਨਹੀਂ ਹੋਵੇਗਾ ਅਤੇ ਫਰਮ ਆਪਣੀ ਕੀਮਤ 'ਤੇ ਅਟੱਲ ਰਹੇਗੀ। ਜੇਕਰ ਕੋਈ ਫਰਮ ਕੀਮਤ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰੇਗੀ ਤਾਂ ਉਸ ਦੇ ਜਵਾਬ ਵਿੱਚ ਪ੍ਰਤੀਦੰਦੀ ਫਰਮਾਂ ਵੀ ਆਪਣੀ-ਆਪਣੀ ਕੀਮਤ ਨੂੰ ਘੱਟ ਕਰ ਦੇਣਗੀਆਂ, ਅਜਿਹਾ ਕਰਨ ਨਾਲ ਕਿਸੇ ਫਰਮ ਨੂੰ ਕੋਈ ਲਾਭ ਨਹੀਂ ਹੋਵੇਗਾ। ਇਸੇ ਤਰ੍ਹਾਂ ਜੇਕਰ ਕੋਈ ਫਰਮ ਆਪਣੀ ਵਸਤੂ ਦੀ ਕੀਮਤ ਵਧਾਉਣ ਦਾ ਯਤਨ ਕਰਦੀ ਹੈ ਤਾਂ ਹੋਰ ਫਰਮਾਂ ਅਜਿਹਾ ਨਹੀਂ ਕਰਨਗੀਆਂ। ਫਲਸਰੂਪ ਫਰਮ ਆਪਣੇ ਗ੍ਰਾਹਕਾਂ ਨੂੰ ਗੁਆ ਦੇਵੇਗੀ ਅਤੇ ਘਾਟਾ ਚੁੱਕੇਗੀ ਅਤੇ ਘੱਟ ਅਧਿਕਾਰੀ ਬਾਜ਼ਾਰ ਵਿੱਚ ਕੀਮਤ ਦ੍ਰਿੜਤਾ ਪਾਈ ਜਾਂਦੀ ਹੈ।

8. **ਤੇਜ਼ ਪ੍ਰਤੀਯੋਗਤਾ** (Keen Competition)- ਘੱਟ ਅਧਿਕਾਰ ਅਧੀਨ ਪ੍ਰਤੀਦੰਦੀਆਂ ਵਿੱਚ ਤੇਜ਼ ਪ੍ਰਤੀਯੋਗਤਾ ਪਾਈ ਜਾਂਦੀ ਹੈ। ਘੱਟ ਅਧਿਕਾਰ ਵਿੱਚ ਵਿਕਰੇਤਾਵਾਂ ਦੀ ਸੰਖਿਆ ਇੰਨੀ ਘੱਟ ਹੁੰਦੀ ਹੈ ਕਿ ਕਿਸੇ ਇਕ ਵਿਕਰੇਤਾ ਵੱਲੋਂ ਚੁੱਕੇ ਗਏ ਕਿਸੇ ਕਦਮ ਦਾ ਹੋਰ ਪ੍ਰਤੀਸਪ੍ਰਦਾ ਵਿਕਰੇਤਾਵਾਂ 'ਤੇ ਤੁਰੰਤ ਪ੍ਰਭਾਵ ਪੈਂਦਾ ਹੈ। ਫਲਸਰੂਪ ਪ੍ਰਚਯਕ ਫਰਮ ਆਪਣੇ ਪ੍ਰਤੀਸਪ੍ਰਦੀਆਂ ਦੀਆਂ ਗਤੀਵਿਧੀਆਂ 'ਤੇ ਪੂਰੀ ਨਿਗਰਾਨੀ ਰੱਖਦੀ ਹੈ ਅਤੇ ਉਨ੍ਹਾਂ ਦਾ ਜਵਾਬ ਦੇਣ ਲਈ ਤਿਆਰ ਰਹਿੰਦੀ ਹੈ। ਇਕ ਘੱਟ ਅਧਿਕਾਰੀ ਦੇ ਲਈ ਵਪਾਰ ਇਕ ਨਿਰੰਤਰ ਸੰਘਰਸ਼ਮਈ ਜੀਵਨ ਹੈ, ਕਿਉਂਕਿ ਬਾਜ਼ਾਰ ਦੀਆਂ ਸਥਿਤੀਆਂ ਉਸ ਨੂੰ ਹਰੇਕ ਚਾਲ ਦਾ ਸਾਹਮਣਾ ਕਰਨ ਦੇ ਲਈ ਮਜਬੂਰ ਕਰਦੀਆਂ ਹਨ। ਇਸੇ ਤਰ੍ਹਾਂ ਦੀ ਪ੍ਰਤੀਯੋਗਤਾ ਅਦਵਿਤਿਆ (Unique) ਹੁੰਦੀ ਹੈ ਜੋ ਕਿ ਹੋਰ ਬਾਜ਼ਾਰਾਂ ਵਿੱਚ ਨਹੀਂ ਪਾਈ ਜਾਂਦੀ। ਘੱਟ ਅਧਿਕਾਰ ਪ੍ਰਤੀਯੋਗਤਾ ਦਾ ਉਚਾ ਰੂਪ ਹੈ।

9. **ਅਨਿਸ਼ਚਿਤਤਾ** (Uncertainty)- ਘੱਟ ਅਧਿਕਾਰ ਵਿੱਚ ਫਰਮਾਂ ਦੀ ਪ੍ਰਸਪਰ ਅੰਤਰ ਨਿਰਭਰਤਾ ਦੇ ਕਾਰਨ ਵੱਖ-ਵੱਖ ਫਰਮਾਂ ਦੇ ਵਿਵਹਾਰ ਸਬੰਧੀ ਕੋਈ ਭਵਿੱਖਵਾਣੀ ਨਹੀਂ ਕੀਤੀ ਜਾ ਸਕਦੀ। ਪਹਿਲਾਂ ਤੋਂ ਮੌਜੂਦ ਤੱਥਾਂ ਦੇ ਅਧਾਰ 'ਤੇ ਚਾਲੂ ਆਰਥਿਕ ਪਰਿਵਰਤਨਾਂ ਦੇ ਨਤੀਜਿਆਂ ਦਾ ਅੰਦਾਜ਼ਾ ਲਗਾਉਣਾ ਬਹੁਤ ਔਖਾ ਹੈ ਅਤੇ ਘੱਟ ਅਧਿਕਾਰ ਬਾਜ਼ਾਰ ਵਿੱਚ ਅਨਿਸ਼ਚਿਤਤਾ ਬਣੀ ਰਹਿੰਦੀ ਹੈ।

ਨੋਟ

10. **ਗੈਰ ਲਾਭ ਪ੍ਰਯੋਜਨ ਦਾ ਪਾਇਆ ਜਾਣਾ** (Existence of Non-Profit Motive)– ਘੱਟ ਅਧਿਕਾਰ ਅਧੀਨ ਇਕ ਫਰਮ ਦਾ ਉਦੇਸ਼ ਹਮੇਸ਼ਾ ਜ਼ਿਆਦਾ ਲਾਭ ਪ੍ਰਾਪਤ ਕਰਨਾ ਨਹੀਂ ਹੁੰਦਾ, ਇਸ ਦੇ ਹੋਰ ਉਦੇਸ਼ ਵੀ ਹੋ ਸਕਦੇ ਹਨ। ਜਿਵੇਂ– ਵਿਕਰੀ ਨੂੰ ਜ਼ਿਆਦਾ ਕਰਨਾ (Sales Maximasation), ਮੁਸ਼ਕਿਲ ਨੂੰ ਘੱਟ ਤੋਂ ਘੱਟ ਕਰਨਾ (Minimisation of Risk) ਉਤਪਾਦਨ ਜ਼ਿਆਦਾ ਕਰਨਾ (Output-Maximisation) ਸੁਰੱਖਿਆ ਨੂੰ ਜ਼ਿਆਦਾ ਕਰਨਾ (Security Maximisation) ਆਦਿ। ਜ਼ਿਆਦਾ ਲਾਭ ਦੇ ਉਦੇਸ਼ ਦੀ ਗੈਰ–ਹਾਜ਼ਰੀ ਵਿੱਚ ਉਤਪਾਦਨ ਅਤੇ ਕੀਮਤ ਦੇ ਸੰਤੁਲਨ ਪੱਧਰ ਦਾ ਨਿਰਧਾਰਣ ਬਹੁਤ ਔਖਾ ਹੈ।

11. **ਪ੍ਰਵੇਸ਼ 'ਤੇ ਕੁਝ ਪ੍ਰਤੀਬੰਧ** (Some Barriers to Entry)– ਘੱਟ ਅਧਿਕਾਰੀ ਫਰਮ ਵੱਲੋਂ ਉਦਯੋਗ ਵਿੱਚ ਪ੍ਰਵੇਸ਼ ਪਾਉਣ 'ਤੇ ਪ੍ਰਤੀਬੰਧਾਂ ਦਾ ਪਾਇਆ ਜਾਣਾ ਇਕ ਹੋਰ ਵਿਸ਼ੇਸ਼ਤਾ ਹੈ। ਕੁਝ ਸਧਾਰਣ ਪ੍ਰਤੀਬੰਧ ਇਸ ਤਰ੍ਹਾਂ ਹਨ : ਪੈਮਾਨੇ ਦੀਆਂ ਬੱਚਤਾਂ, ਪੁਰਾਣੀਆਂ ਫਰਮਾਂ ਨੂੰ ਨਿਰਪੱਖ ਲਾਗਤ ਲਾਭ ਦਾ ਪ੍ਰਭਾਵ ਹੋਣਾ, ਪੇਟੈਂਟ ਅਧਿਕਾਰ ਮਹੱਤਵਪੂਰਨ ਲਾਗਤ 'ਤੇ ਕੰਟਰੋਲ, ਨਿਰੋਧਕ ਕੀਮਤ ਅਤੇ ਸਮਰੱਥਾ ਜ਼ਿਆਦਾ (Excess Capacity) ਦਾ ਪਾਇਆ ਜਾਣਾ ਆਦਿ। ਉਪਰੋਕਤ ਪ੍ਰਤੀਬੰਧ ਨਵੀਆਂ ਫਰਮਾਂ ਦੇ ਪ੍ਰਵੇਸ਼ ਨੂੰ ਰੋਕਦੇ ਹਨ।

ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)–

1. ਵਸਤੂ ਵਿਭੇਦ ਦੇ ਕਾਰਨ ਗ੍ਰਾਹਕਾਂ ਵਿੱਚ ਬ੍ਰਾਂਡ ਵਫਾਦਾਰੀ ਦਾ ..... ਹੁੰਦਾ ਹੈ।
2. ਹਰੇਕ ਫਰਮ ਦਾ ਆਪਣੇ 'ਬ੍ਰਾਂਡ' 'ਤੇ ..... ਹੁੰਦਾ ਹੈ।
3. ਕੀਮਤ ਦ੍ਰਿੜਤਾ ..... ਦੀ ਇਕ ਹੋਰ ਵਿਸ਼ੇਸ਼ਤਾ ਹੈ।
4. ਘੱਟ ਅਧਿਕਾਰੀ ਬਾਜ਼ਾਰ ਵਿੱਚ ਕੀਮਤ..... ਪਾਈ ਜਾਂਦੀ ਹੈ।

ਘੱਟ ਅਧਿਕਾਰ ਬਾਜ਼ਾਰ ਢਾਂਚੇ ਦੀਆਂ ਤਿੰਨ ਅਧਾਰਭੂਤ ਵਿਸ਼ੇਸ਼ਤਾਵਾਂ

(i) **ਫਰਮਾਂ ਦੇ ਵਿਚਕਾਰ ਅੰਤਰ ਨਿਰਭਰਤਾ** (Interdependence among the Firms)-ਫੈਸਲੇ–ਨਿਰਮਾਣ (Decision Making) ਵਿੱਚ ਫਰਮਾਂ ਦੀ ਪ੍ਰਸਪਰ ਅੰਤਰ ਨਿਰਭਰਤਾ ਘੱਟ ਅਧਿਕਾਰ ਦੀ ਮਹੱਤਵਪੂਰਨ ਵਿਸ਼ੇਸ਼ਤਾ ਹੈ। ਅੰਤਰ ਨਿਰਭਰਤਾ ਕਿਉਂ? ਕਿਉਂਕਿ ਜਦੋਂ ਪ੍ਰਤੀਸ੍ਪਦਾਂ ਦੀ ਸੰਖਿਆ ਬਹੁਤ ਘੱਟ ਹੁੰਦੀ ਹੈ, ਉਦੋਂ ਕਿਸੇ ਇਕ ਫਰਮ ਵੱਲੋਂ ਕੀਮਤ ਅਤੇ ਉਤਪਾਦਨ ਵਿੱਚ ਪਰਿਵਰਤਨ ਦਾ ਹੋਰ ਪ੍ਰਤੀਯੋਗੀ ਫਰਮਾਂ ਦੇ ਲਾਭ 'ਤੇ ਸਿੱਧਾ ਪ੍ਰਭਾਵ ਪੈਂਦਾ ਹੈ ਅਤੇ ਉਸ ਦੀ ਪ੍ਰਤਿਕਿਰਿਆ ਜਾਂ ਤਾਂ ਕੀਮਤ ਤੇ ਉਤਪਾਦਨ ਵਿੱਚ ਪਰਿਵਰਤਨ ਜਾਂ ਗਹਿਰੇ ਪ੍ਰਚਾਰ ਨਾਲ ਖਰੀਦਦਾਰਾਂ ਨੂੰ ਆਕਰਸ਼ਿਤ ਕਰਨ ਦੇ ਰੂਪ ਵਿੱਚ ਹੋਵੇਗੀ।

ਅਤੇ ਉਤਪਾਦਨ ਦੀ ਮਾਤਰਾ ਅਤੇ ਕੀਮਤ ਦਾ ਨਿਰਧਾਰਣ ਕਰਦੇ ਸਮੇਂ ਵਸਤੂ ਨਾ ਕੇਵਲ ਵਸਤੂ ਦੀ ਬਾਜ਼ਾਰ ਮੰਗ ਵਕ੍ਰ ਨੂੰ ਧਿਆਨ ਵਿੱਚ ਰੱਖੇਗੀ, ਸਗੋਂ ਬਾਜ਼ਾਰ ਵਿੱਚ ਪ੍ਰਤੀਯੋਗੀ ਫਰਮਾਂ ਦੀ ਸੰਭਾਵਿਤ ਪ੍ਰਤੀਕਿਰਿਆ ਨੂੰ ਵੀ ਸਾਹਮਣੇ ਰੱਖੇਗੀ।

(ii) **ਪ੍ਰਚਾਰ ਅਤੇ ਵੇਚ ਲਾਗਤਾਂ** (Advertising and Selling Costs)– ਇਕ ਘੱਟ ਅਧਿਕਾਰ ਬਾਜ਼ਾਰ ਦੀਆਂ ਫਰਮਾਂ ਵਿੱਚ ਪ੍ਰਸਪਰ ਅੰਤਰ ਨਿਰਭਰਤਾ ਦੇ ਕਾਰਨ ਉਨ੍ਹਾਂ ਨੇ ਕਈ ਵੇਰਵਿਆਂ ਸਬੰਧੀ ਹਮਲਾਵਰ ਅਤੇ ਰੱਖਿਅਕ (Aggressive and Defensive) ਤਕਨੀਕ ਅਪਣਾਉਣੀ ਪੈਂਦੀ ਹੈ, ਜਿਸ ਤੋਂ ਉਨ੍ਹਾਂ ਨੂੰ ਬਾਜ਼ਾਰ ਦਾ ਜ਼ਿਆਦਾ ਹਿੱਸਾ (Market Share) ਪ੍ਰਾਪਤ ਹੋ ਸਕਣ ਜਾਂ ਉਹ ਆਪਣੇ ਵਰਤਮਾਨ ਬਾਜ਼ਾਰ ਹਿੱਸੇ ਨੂੰ ਕਾਇਮ ਰੱਖ ਸਕਣ ਅਤੇ ਫਰਮਾਂ ਨੂੰ ਪ੍ਰਚਾਰ ਅਤੇ ਵਿਕਰੀ ਉਤਸ਼ਾਹ ਦੇ ਹੋਰ ਤਰੀਕਿਆਂ 'ਤੇ ਖਰਚ ਕਰਨਾ ਪੈਂਦਾ ਹੈ। ਇਸੇ ਕਾਰਨ ਪ੍ਰਚਾਰ ਅਤੇ ਵੇਚ ਲਾਗਤਾਂ ਦਾ ਘੱਟ ਅਧਿਕਾਰ ਬਾਜ਼ਾਰ ਵਿੱਚ ਬਹੁਤ ਮਹੱਤਵ ਹੈ। ਧਿਆਨ ਰਹੇ, ਇਸ ਤਰ੍ਹਾਂ ਦੇ ਬਾਜ਼ਾਰ ਵਿੱਚ ਫਰਮਾਂ ਪ੍ਰਸਪਰ ਆਪਣੀਆਂ ਵਸਤੂਆਂ ਦੀਆਂ ਕੀਮਤਾਂ ਨੂੰ ਘੱਟ ਨਹੀਂ ਕਰਦੀਆਂ, ਸਗੋਂ ਗੈਰ–ਕੀਮਤ ਅਧਾਰ 'ਤੇ ਪ੍ਰਤੀਯੋਗਤਾ ਕਰਦੀਆਂ ਹਨ, ਕਿਉਂਕਿ ਕੀਮਤਾਂ ਦੇ ਘਟਾਉਣ ਦੇ ਫਲਸਰੂਪ ਉਨ੍ਹਾਂ ਵਿੱਚ ਕੀਮਤ–ਯੁੱਧ (Price-war) ਛਿੜ ਜਾਂਦਾ ਹੈ, ਜਿਸ ਦਾ ਮਾੜਾ ਨਤੀਜਾ ਇਹ ਨਿਕਲਦਾ ਹੈ ਕਿ ਕੁਝ ਫਰਮਾਂ ਬਾਜ਼ਾਰ 'ਚੋਂ ਨਿਕਲ ਜਾਂਦੀਆਂ ਹਨ।

(iii) **ਗਰੁੱਪ ਵਿਵਹਾਰ** (Group Behaviour)– ਘੱਟ ਅਧਿਕਾਰ ਦਾ ਸਿਧਾਂਤ ਸਮੂਹ (ਗਰੁੱਪ)–ਵਿਵਹਾਰ ਦਾ ਸਿਧਾਂਤ ਹੈ ਨਾ ਕਿ ਜਨ ਸਮੂਹ ਜਾਂ ਵਿਅਕਤੀਗਤ ਵਿਵਹਾਰ। ਸਮੂਹ ਵਿਵਹਾਰ ਦਾ ਕੋਈ ਸਧਾਰਣ ਮਨਜ਼ੂਰ ਸਿਧਾਂਤ ਨਹੀਂ ਹੈ। ਕੀ ਸਮੂਹ ਦੇ ਮੈਂਬਰ ਇਸ ਗੱਲ ਲਈ ਸਹਿਮਤ ਹੋਣਗੇ ਕਿ ਆਪਣੇ ਸਧਾਰਣ ਹਿੱਤਾਂ ਨੂੰ ਬੜ੍ਹਾਵਾ ਦੇਣ ਲਈ ਉਹ ਇਕੱਠੇ ਹੋਣ

ਨੋਟ

ਜਾਂ ਆਪਣੇ ਵਿਅਕਤੀਗਤ ਹਿੱਤਾਂ ਦੀ ਰੱਖਿਆ ਦੇ ਲਈ ਲੜਨ? ਕੀ ਸਮੂਹ ਦਾ ਕੋਈ ਨੇਤਾ ਵੀ ਹੈ? ਜੇਕਰ ਹੈ ਤਾਂ ਉਹ ਹੋਰ ਮੈਂਬਰਾਂ ਨੂੰ ਆਪਣੇ ਪਿੱਛੇ ਕਿਵੇਂ ਲਗਾਉਂਦਾ ਹੈ? ਅਜਿਹੇ ਕੁਝ ਸਵਾਲ ਸਮੂਹ ਵਿਵਹਾਰ ਸਿਧਾਂਤ ਦੇ ਲਈ ਜ਼ਰੂਰੀ ਹਨ ਪਰ ਇਕ ਗੱਲ ਨਿਸ਼ਚਿਤ ਹੈ ਕਿ ਹਰੇਕ ਘੱਟ ਅਧਿਕਾਰੀ ਉਦਯੋਗ ਦੇ ਹੋਰ ਘੱਟ ਅਧਿਕਾਰੀਆਂ ਦੇ ਵਪਾਰ-ਵਿਵਹਾਰ ਦਾ ਧਿਆਨ ਨਾਲ ਅਧਿਐਨ ਕਰਦਾ ਹੈ। ਉਨ੍ਹਾਂ ਦਾ ਵਿਵਹਾਰ ਕਿਹੋ ਜਿਹਾ ਹੈ ਜਾਂ ਉਹ ਕਿਹੋ ਜਿਹਾ ਵਿਵਹਾਰ ਕਰਨਗੇ, ਇਨ੍ਹਾਂ ਮਾਨਤਾਵਾਂ ਦੇ ਅਧਾਰ 'ਤੇ ਉਹ ਆਪਣੀ ਯੋਜਨਾ ਬਣਾਉਂਦਾ ਹੈ।

ਘੱਟ ਅਧਿਕਾਰ ਅਤੇ ਬਾਜ਼ਾਰ ਦੇ ਹੋਰ ਰੂਪਾਂ ਜਿਵੇਂ ਪੂਰਨ ਪ੍ਰਤੀਯੋਗਤਾ, ਏਕਾਧਿਕਾਰ ਅਤੇ ਏਕਾਧਿਕਾਰੀ ਪ੍ਰਤੀਯੋਗਤਾ ਵਿੱਚ ਮੂਲ ਅੰਤਰ ਇਹ ਹੈ ਕਿ ਘੱਟ ਅਧਿਕਾਰੀ ਉਦਯੋਗ ਵਿੱਚ ਵੱਖ-ਵੱਖ ਫਰਮਾਂ ਵੱਲੋਂ ਲਏ ਗਏ ਫੈਸਲਿਆਂ ਦਾ ਹੋਰ ਫਰਮਾਂ 'ਤੇ ਵੀ ਪ੍ਰਭਾਵ ਪੈਂਦਾ ਹੈ, ਜਦੋਂ ਕਿ ਹੋਰ ਬਾਜ਼ਾਰਾਂ ਵਿੱਚ ਅਜਿਹਾ ਕੁਝ ਨਹੀਂ ਹੁੰਦਾ।

ਕੀ ਤੁਸੀਂ ਜਾਣਦੇ ਹੋ ਘੱਟ ਅਧਿਕਾਰੀ ਬਾਜ਼ਾਰ ਵਿੱਚ ਕੀਮਤ ਦ੍ਰਿੜਤਾ ਪਾਈ ਜਾਂਦੀ ਹੈ।

15.2 ਘੱਟ ਅਧਿਕਾਰਿਕ ਫਰਮਾਂ ਅਤੇ ਬਾਜ਼ਾਰ ਵਿੱਚ ਹੋਰ ਰੂਪਾਂ ਦਾ ਵਿਵਹਾਰ (Behaviour of Oligopolistic Firms and Other Market Structures)

ਘੱਟ ਅਧਿਕਾਰੀ ਫਰਮਾਂ 'ਤੇ ਉਦਯੋਗ ਦੀਆਂ ਹੋਰ ਫਰਮਾਂ ਦੇ ਵਿਵਹਾਰ ਦਾ ਪ੍ਰਭਾਵ ਪੈਂਦਾ ਹੈ ਅਤੇ ਫਰਮਾਂ ਦਾ ਚਰਿੱਤਰ **ਸਾਮਰਿਕ ਢੰਗ** (Strategic Way) ਦਾ ਹੁੰਦਾ ਹੈ। ਦੂਸਰੇ ਸ਼ਬਦਾਂ ਵਿੱਚ ਉਹ ਇਸ ਗੱਲ ਦਾ ਸਪੱਸ਼ਟ ਧਿਆਨ ਰੱਖਦੀ ਹੈ ਕਿ ਪ੍ਰਤੀਯੋਗੀ ਫਰਮਾਂ 'ਤੇ ਕੀ ਪ੍ਰਭਾਵ ਪਵੇਗਾ ਜਾਂ ਉਨ੍ਹਾਂ ਦੀ ਕੀ ਸੰਭਵ ਪ੍ਰਤੀਕਿਰਿਆ ਹੋਵੇਗੀ। ਜਦੋਂ ਕਿ ਪੂਰਨ ਤੌਰ 'ਤੇ ਪ੍ਰਤੀਯੋਗੀ ਫਰਮਾਂ ਅਤੇ ਏਕਾਧਿਕਾਰੀ ਪ੍ਰਤੀਯੋਗਤਾ ਵਾਲੀਆਂ ਫਰਮਾਂ ਦਾ ਆਚਰਣ ਗੈਰ-ਸਾਮਰਿਕ ਢੰਗ (Non-Strategic Way) ਦਾ ਹੁੰਦਾ ਹੈ ਭਾਵ ਉਨ੍ਹਾਂ ਦਾ ਫੈਸਲਾ ਉਨ੍ਹਾਂ ਦੀਆਂ ਆਪਣੀਆਂ ਲਾਗਤਾਂ ਅਤੇ ਮੰਗ ਵਕ੍ਰਾਂ 'ਤੇ ਅਧਾਰਿਤ ਹੁੰਦਾ ਹੈ ਅਤੇ ਜਿਸ ਵਿੱਚ ਪ੍ਰਤੀਯੋਗੀਆਂ ਦੀ ਸੰਭਵ ਪ੍ਰਤੀਕਿਰਿਆ ਦਾ ਆਚਰਣ ਵੀ ਇਸ ਦ੍ਰਿਸ਼ਟੀਕੋਣ ਨਾਲ ਗੈਰ-ਸਾਮਰਿਕ ਹੁੰਦਾ ਹੈ, ਕਿਉਂਕਿ ਉਸ ਦੀ ਕੋਈ ਪ੍ਰਤੀਯੋਗੀ ਫਰਮ ਨਹੀਂ ਹੁੰਦੀ।

ਸਾਮਰਿਕ ਅਤੇ ਗੈਰ-ਸਾਮਰਿਕ ਆਚਰਣ

ਸਾਮਰਿਕ ਆਚਰਣ ਉਸ ਆਚਰਣ ਨੂੰ ਕਹਿੰਦੇ ਹਨ, ਜਿਸ ਅਧੀਨ ਇਕ ਫਰਮ ਵਸਤੂ ਦੀ ਕੀਮਤ ਅਤੇ ਮਾਤਰਾ ਦਾ ਫੈਸਲਾ ਲੈਂਦੇ ਸਮੇਂ ਪ੍ਰਤੀਯੋਗੀ ਫਰਮਾਂ ਦੀ ਪ੍ਰਤੀਕਿਰਿਆ ਦਾ ਧਿਆਨ ਰੱਖਦੀ ਹੈ। ਬਾਜ਼ਾਰ ਦਾ ਘੱਟ ਅਧਿਕਾਰ ਰੂਪ ਫਰਮਾਂ ਦੇ ਸਾਮਰਿਕ ਆਚਰਣ ਦਾ ਇਕ ਵਿਸ਼ੇਸ਼ ਉਦਾਹਰਣ ਹੈ। ਗੈਰ-ਸਾਮਰਿਕ ਆਚਰਣ ਤੋਂ ਭਾਵ ਅਜਿਹਾ ਆਚਰਣ ਹੈ ਜਿਸ ਵਿੱਚ ਇਕ ਫਰਮ ਵਸਤੂ ਦੀ ਕੀਮਤ ਅਤੇ ਮਾਤਰਾ ਦਾ ਨਿਰਧਾਰਣ ਕਰਦੇ ਸਮੇਂ ਬਾਜ਼ਾਰ ਵਿੱਚ ਪ੍ਰਤੀਯੋਗੀ ਫਰਮਾਂ ਨੂੰ ਸੰਭਵ ਪ੍ਰਤੀਕਿਰਿਆ ਨੂੰ ਧਿਆਨ ਵਿੱਚ ਨਹੀਂ ਰੱਖਦੀ, ਉਹ ਕੇਵਲ ਆਪਣੀ ਉਤਪਾਦਨ ਲਾਗਤ ਅਤੇ ਬਾਜ਼ਾਰ ਮੰਗ ਨੂੰ ਧਿਆਨ ਵਿੱਚ ਰੱਖਦੀ ਹੈ।

ਸਵੈ ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions)-

5. ਫਰਮਾਂ ਗਠਬੰਧਨ ਨਾਲ ਕੀਮਤਾਂ ਨੂੰ ..... ਪ੍ਰਾਪਤ ਕਰ ਸਕਦੀਆਂ ਹਨ।
   (ਅ) ਏਕਾਧਿਕਾਰੀ ਲਾਭ (ਬ) ਲਾਭ (ਸ) ਹਾਨੀ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ
6. ਕੀਮਤ ਕਠੋਰਤਾ ਦਾ ਅਰਥ ਫਰਮਾਂ ਵੱਲੋਂ ਕੀਮਤਾਂ ਵਿੱਚ ..... ਨਹੀਂ ਕਰਦਾ।
   (ਅ) ਪਰਿਵਰਤਨ (ਬ) ਵਾਧਾ (ਸ) ਕਮੀ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ
7. ਘੱਟ ਅਧਿਕਾਰ ਪ੍ਰਤੀਯੋਗਤਾ ਦਾ ਰੂਪ ਹੈ-
   (ਅ) ਹੇਠਲੀ (ਬ) ਉਚੀ (ਸ) ਸਮਰੱਥ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

ਨੋਟ

8. ਜ਼ਿਆਦਾ ਲਾਭ ਦੇ ਉਦੇਸ਼ ਦੀ ਗੈਰ ਹਾਜ਼ਰੀ ਵਿੱਚ ਉਤਪਾਦਨ ਅਤੇ ਕੀਮਤ ਦੇ ਸੰਤੁਲਨ ਪੱਧਰ ਦਾ ਨਿਰਧਾਰਣ ਹੈ–

(ਅ) ਔਖਾ (ਬ) ਬਹੁਤ ਔਖਾ (ਸ) ਆਸਾਨ (ਦ) ਬਹੁਤ ਆਸਾਨ।

15.3 ਘੱਟ ਅਧਿਕਾਰ ਦਾ ਵਰਗੀਕਰਨ (Classification of Oligopoly)

ਘੱਟ ਅਧਿਕਾਰ ਦਾ ਵਰਗੀਕਰਨ ਹੇਠ ਲਿਖੀਆਂ ਸ਼੍ਰੇਣੀਆਂ ਵਿੱਚ ਕੀਤਾ ਜਾਂਦਾ ਹੈ–

1. **ਪੂਰਨ ਜਾਂ ਅਪੂਰਨ ਘੱਟ ਅਧਿਕਾਰ** (Perfect or Imperfect Oligopoly)– ਪੂਰਨ ਘੱਟ ਅਧਿਕਾਰ ਦੀ ਸਥਿਤੀ ਵਿੱਚ ਸਾਰੀਆਂ ਫਰਮਾਂ ਸਮਰੂਪ ਵਸਤੂਆਂ (Homogeneous Products) ਦਾ ਉਤਪਾਦਨ ਕਰਦੀਆਂ ਹਨ। ਇਸ ਨੂੰ ਸ਼ੁੱਧ ਘੱਟ ਅਧਿਕਾਰ ਵੀ ਕਿਹਾ ਜਾਂਦਾ ਹੈ। ਇਸ ਦੇ ਉਲਟ ਜਾਂ ਵਿਭੇਦੀ ਘੱਟ ਅਧਿਕਾਰ ਬਾਜ਼ਾਰ ਦੀ ਉਸ ਸਥਿਤੀ ਨੂੰ ਕਹਿੰਦੇ ਹਨ ਜਿਸ ਵਿੱਚ ਸਾਰੀਆਂ ਫਰਮਾਂ ਵਿਭੇਦੀ ਪਰ ਨੇੜਲੀਆਂ ਸਥਾਨਾਪੰਨ ਵਸਤੂਆਂ ਦਾ ਉਤਪਾਦਨ ਕਰਦੀਆਂ ਹਨ।

2. **ਖੁੱਲ੍ਹਾ ਅਤੇ ਬੰਦ ਘੱਟ ਅਧਿਕਾਰ** (Open or Closed Oligopoly)–ਖੁੱਲ੍ਹਾ ਘੱਟ ਅਧਿਕਾਰ ਬਾਜ਼ਾਰ ਦੀ ਉਹ ਸਥਿਤੀ ਹੁੰਦੀ ਹੈ ਜਿਸ ਵਿੱਚ ਉਦਯੋਗ ਵਿੱਚ ਪ੍ਰਵੇਸ਼ ਪਾਉਣ ਦੇ ਲਈ ਕਿਸੇ ਤਰ੍ਹਾ ਦਾ ਕੋਈ ਪ੍ਰਤੀਬੰਧ ਨਹੀਂ ਹੁੰਦਾ। ਫਰਮਾਂ ਨੂੰ ਉਦਯੋਗ ਵਿੱਚ ਪ੍ਰਵੇਸ਼ ਦੀ ਸੁਤੰਤਰਤਾ ਹੁੰਦੀ ਹੈ ਪਰ ਬੰਦ ਘੱਟ ਅਧਿਕਾਰ ਦੀ ਸਥਿਤੀ ਵਿੱਚ ਫਰਮਾਂ ਨਾਲ ਉਦਯੋਗ ਵਿੱਚ ਪ੍ਰਵੇਸ਼ ਪਾਉਣ 'ਤੇ ਪ੍ਰਤੀਬੰਧ ਹੁੰਦੇ ਹਨ। ਇਹ ਪ੍ਰਤੀਬੰਧ ਤਕਨੀਕੀ, ਕਾਨੂੰਨੀ ਜਾਂ ਕਿਸੇ ਹੋਰ ਤਰ੍ਹਾਂ ਦੇ ਹੋ ਸਕਦੇ ਹਨ।

3. **ਅੰਸ਼ਿਕ ਜਾਂ ਪੂਰਨ ਘੱਟ ਅਧਿਕਾਰ** (Partial or Full Oligopoly)– ਅੰਸ਼ਿਕ ਘੱਟ ਅਧਿਕਾਰ ਉਸ ਸਥਿਤੀ ਨੂੰ ਕਹਿੰਦੇ ਹਨ ਜਿੱਥੇ ਉਦਯੋਗ ਵਿੱਚ ਇਕ ਪ੍ਰਮੁੱਖ ਫਰਮ (Dominant Firm) ਹੁੰਦੀ ਹੈ। ਇਸ ਪ੍ਰਮੁੱਖ ਫਰਮ ਨੂੰ ਕੀਮਤ ਪ੍ਰਧਾਨ (Price Leader) ਕਿਹਾ ਜਾਂਦਾ ਹੈ। ਇਹ ਪ੍ਰਮੁੱਖ ਫਰਮ ਜਾਂ ਕੀਮਤ-ਪ੍ਰਧਾਨ ਕੀਮਤ ਨਿਰਧਾਰਿਤ ਕਰਦੀ ਹੈ ਅਤੇ ਹੋਰ ਫਰਮ ਉਸ ਕੀਮਤ ਨੂੰ ਅਪਣਾਉਂਦੀਆਂ ਹਨ। ਪੂਰਨ ਘੱਟ ਅਧਿਕਾਰ ਉਹ ਸਥਿਤੀ ਹੁੰਦੀ ਹੈ ਜਿਸ ਵਿੱਚ ਕੋਈ ਪ੍ਰਮੁੱਖ ਫਰਮ ਜਾਂ ਕੀਮਤ-ਪ੍ਰਧਾਨ ਨਹੀਂ ਹੁੰਦੀ।

4. **ਗਠਬੰਧਨ ਜਾਂ ਗੈਰ-ਗਠਬੰਧਨ ਘੱਟ ਅਧਿਕਾਰ** (Collusive or Non-Collusive Oligopoly)– ਗਠਬੰਧਨ ਘੱਟ ਅਧਿਕਾਰ ਦੇ ਅਧੀਨ ਕੀਮਤ ਦੇ ਨਿਰਧਾਰਣ ਵਿੱਚ ਫਰਮ ਇਕ-ਦੂਸਰੇ ਨਾਲ ਸਹਿਯੋਗ ਕਰਦੀਆਂ ਹਨ। ਉਨ੍ਹਾਂ ਦੀ ਇਕ ਸਧਾਰਣ ਕੀਮਤ ਨੀਤੀ ਹੁੰਦੀ ਹੈ ਅਤੇ ਉਹ ਇਕ ਦੂਸਰੇ ਨਾਲ ਪ੍ਰਤੀਯੋਗਤਾ ਕਰਦੀਆਂ ਹਨ ਪਰ ਗੈਰ ਗਠਬੰਧਨ ਘੱਟ ਅਧਿਕਾਰ ਵਿੱਚ ਫਰਮ ਸੁਤੰਤਰਤਾਪੂਰਵਕ ਕੀਮਤ ਦਾ ਨਿਰਧਾਰਣ ਕਰਦੀਆਂ ਹਨ ਅਤੇ ਉਨ੍ਹਾਂ ਵਿੱਚ ਪ੍ਰਸਪਰ ਪ੍ਰਤੀਯੋਗਤਾ ਵੀ ਹੁੰਦੀ ਹੈ।

ਟਾਸਕ 'ਘੱਟ ਅਧਿਕਾਰ ਦੇ ਵਰਗੀਕਰਨ 'ਤੇ ਆਪਣੇ ਵਿਚਾਰ ਪ੍ਰਗਟ ਕਰੋ।

15.4 ਵਿਸ਼ਾਲਤਾ ਕਿਉਂ? ਜਾਂ ਘੱਟ ਅਧਿਕਾਰ ਦੇ ਪੈਦਾ ਹੋਣ ਦੇ ਕੀ ਕਾਰਨ ਹਨ? (Why Bigness? Or What Causes the Emergence of Oligopoly?)

ਘੱਟ ਅਧਿਕਾਰ ਬਾਜ਼ਾਰ ਵਿੱਚ ਕੁਝ ਇਕ ਵੱਡੀਆਂ ਫਰਮਾਂ ਦੀ ਹੋਂਦ ਵਿੱਚ ਆਉਣ ਦੇ ਕਈ ਕਾਰਨ ਹਨ। ਕੁਝ ਕਾਰਨ ਪ੍ਰਕਿਰਤਿਕ ਅਤੇ ਕੁਝ ਕਾਰਨ ਫਰਮਾਂ ਨਾਲ ਸਿਰਜਤ ਹੁੰਦੇ ਹਨ।

ਪ੍ਰਾਕਿਰਿਤਕ ਕਾਰਨ (Natural Causes)

(a) **ਪੈਮਾਨੇ ਦੀਆਂ ਬੱਚਤਾਂ** (Economies of Scale)– ਫੈਕਟਰੀਆਂ ਨਾਲ ਉਤਪਾਦਨ 'ਤੇ ਜ਼ਿਆਦਾ ਮਿਹਨਤ ਵੰਡ ਦਾ ਸਿਧਾਂਤ ਲਾਗੂ ਹੁੰਦਾ ਹੈ ਅਤੇ ਉਤਪਾਦਨ ਦੀ ਪ੍ਰਕਿਰਿਆ ਨੂੰ ਕਈ ਸਧਾਰਣ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ ਅਤੇ ਹਰੇਕ ਹਿੱਸੇ ਦਾ ਉਤਪਾਦਨ ਉਸ ਕੰਮ ਵਿੱਚ ਦਕਸ਼ ਮਿਹਨਤ ਨੂੰ ਸੌਂਪਿਆ ਜਾਂਦਾ ਹੈ। **ਐਡਮ ਸਮਿੱਥ** (Adam Smith) ਦੇ ਅਨੁਸਾਰ ਮਿਹਨਤ ਵੰਡ ਬਾਜ਼ਾਰ ਦੇ ਅਕਾਰ (Extent of the Market) 'ਤੇ ਨਿਰਭਰ ਕਰਦਾ ਹੈ। ਜਿਨ੍ਹਾਂ

ਫਰਮਾਂ ਦੇ ਉਤਪਾਦਨ ਦੀ ਬਾਜ਼ਾਰ ਮੰਗ ਬਹੁਤ ਜ਼ਿਆਦਾ ਹੁੰਦੀ ਹੈ ਉਨ੍ਹਾਂ ਨੂੰ ਵੱਡੇ ਪੈਮਾਨੇ 'ਤੇ ਉਤਪਾਦਨ ਹੁੰਦਾ ਹੈ। ਵੱਡੇ ਪੈਮਾਨੇ 'ਤੇ ਉਤਪਾਦਨ ਕਰਨ ਲਈ ਮਿਹਨਤ ਵੰਡ ਕੀਤੀ ਜਾਂਦੀ ਹੈ। ਉਤਪਾਦਨ ਦਾ ਪੈਮਾਨਾ ਜਿੰਨਾ ਵਿਸ਼ਾਲ ਹੋਵੇਗਾ ਮਿਹਨਤ ਵੰਡ ਦੇ ਕਾਰਨ ਪ੍ਰਤੀ ਇਕਾਈ ਔਸਤ ਘੱਟਦੀ-ਵੱਧਦੀ ਲਾਗਤ ਘੱਟ ਹੁੰਦੀ ਜਾਵੇਗੀ। ਇਸ ਨੂੰ ਹੀ ਪੈਮਾਨੇ ਦੀਆਂ ਬੱਚਤਾਂ ਕਿਹਾ ਜਾਂਦਾ ਹੈ ਅਤੇ ਇਸੇ ਕਾਰਨ ਫਰਮਾਂ ਆਪਣੇ ਅਕਾਰ ਨੂੰ ਵਿਸ਼ਾਲ ਬਣਾਉਂਦੀਆਂ ਹਨ। **ਨੋਟ**

(b) ਸਥਿਰ ਲਾਗਤਾਂ (Fixed Costs)- ਕਿਸੇ ਨਵੀਂ ਵਸਤੂ ਦੀ ਬਾਜ਼ਾਰ ਵਿੱਚ ਜਾਣੂ ਕਰਵਾਉਣ ਦੀ ਲਾਗਤ ਕਾਫੀ ਉਚੀ ਹੁੰਦੀ ਹੈ। ਕਿਸੇ ਨਵੇਂ ਉਤਪਾਦ ਦੀ ਰੂਪ ਰੇਖਾ ਬਣਾਉਣਾ ਅਤੇ ਉਸ ਨੂੰ ਬਾਜ਼ਾਰ ਵਿੱਚ ਇੰਨਾ ਸਹਿਜ ਨਹੀਂ ਹੁੰਦਾ। ਪ੍ਰਚੱਲਿਤ ਪ੍ਰਤੀਯੋਗੀ ਵਾਤਾਵਰਨ ਵਿੱਚ ਕਿਸੇ ਨਵੀਂ ਵਸਤੂ ਦੇ ਉਤਪਾਦਨ ਅਤੇ ਵੰਡ (ਜਾਂ ਪ੍ਰਚਲਿਤ ਵਸਤੂ ਦੇ ਉਤਕ੍ਰਸ਼ਟ ਰੂਪਾਂਤਰ) ਦੀ ਸੰਖੇਪ ਲਾਗਤ (Sunk Cost) ਬਹੁਤ ਉਚੀ ਹੁੰਦੀ ਹੈ। ਸੰਖੇਪ ਲਾਗਤ ਉਸ ਲਾਗਤ ਨੂੰ ਕਹਿੰਦੇ ਹਨ ਜਿਸ ਦੀ ਵਸੂਲੀ ਨਹੀਂ ਹੁੰਦੀ। ਵਰਤਮਾਨ ਸਮੇਂ ਵਿੱਚ ਆਧੁਨਿਕ ਤਕਨੀਕ ਨਾਲ ਬਣਾਈਆਂ ਵਸਤੂਆਂ ਦੀ ਉਤਪਾਦਨ ਲਾਗਤ ਬਹੁਤ ਉਚੀ ਹੁੰਦੀ ਹੈ। ਵੱਡੀਆਂ ਫਰਮਾਂ ਜਿਨ੍ਹਾਂ ਦੀ ਵਿਕਰੀ ਦਾ ਪੈਮਾਨਾ ਵਿਸ਼ਾਲ ਹੁੰਦਾ ਹੈ ਅਤੇ ਉਤਪਾਦਨ ਦੀ ਪ੍ਰਤੀ ਇਕਾਈ ਲਾਗਤ ਘੱਟ ਹੁੰਦੀ ਹੈ ਉਨ੍ਹਾਂ ਨੂੰ ਛੋਟੀਆਂ ਫਰਮਾਂ ਦੀ ਤੁਲਨਾ ਵਿੱਚ ਕੀਮਤ ਲਾਭ (Price Advantage) ਜ਼ਿਆਦਾ ਹੁੰਦਾ ਹੈ।

(c) ਕਾਰਜ ਖੇਤਰ ਦੀਆਂ ਬਚਤਾਂ (Economies of Scope)- ਬਾਜ਼ਾਰ ਵਿੱਚ ਪ੍ਰਵੇਸ਼ ਕਰਨਾ ਨਵੀਂ ਵਸਤੂ ਦੀ ਪ੍ਰਸਤਾਵਨਾ ਕਰਾਉਣਾ ਅਤੇ ਪ੍ਰਤਿਆਸ਼ੀ ਗ੍ਰਾਹਕਾਂ ਨੂੰ ਇਸ ਦੇ ਬਾਰੇ ਜਾਣੂ ਕਰਵਾਉਣਾ ਆਦਿ ਕਾਫੀ ਖਰਚੀਲੇ ਕੰਮ ਹਨ। ਇਨ੍ਹਾਂ ਦੀਆਂ ਲਾਗਤਾਂ ਬਹੁਤ ਉਚੀਆਂ ਹੁੰਦੀਆਂ ਹਨ। ਛੋਟੀਆਂ ਫਰਮਾਂ ਦੀ ਕੁੱਲ ਵਿਕਰੀ ਨਾਲ ਇਨ੍ਹਾਂ ਲਾਗਤਾਂ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਜੇਕਰ ਇਨ੍ਹਾਂ ਨੂੰ ਪੂਰਾ ਕਰਨ ਲਈ ਛੋਟੀਆਂ ਫਰਮਾਂ ਵਸਤੂ ਦੇ ਭਾਅ ਉਚੇ ਕਰਨਗੀਆਂ ਤਾਂ ਉਨ੍ਹਾਂ ਦੀ ਵਿਕਰੀ ਹੋਰ ਵੀ ਘੱਟ ਜਾਵੇਗੀ ਅਤੇ ਉਨ੍ਹਾਂ ਨੂੰ ਬਾਜ਼ਾਰ ਵਿੱਚ ਟਿਕੇ ਰਹਿਣ ਦੇ ਲਾਲੇ ਪੈ ਜਾਣਗੇ। ਕੇਵਲ ਵੱਡੀਆਂ ਫਰਮਾਂ ਹੀ ਜਿਨ੍ਹਾਂ ਦਾ ਵੱਖ-ਵੱਖ ਤਰ੍ਹਾਂ ਦੀਆਂ ਵਸਤੂਆਂ ਦੀ ਵਿਕਰੀ ਦਾ ਅਕਾਰ ਵਿਸ਼ਾਲ ਹੁੰਦਾ ਹੈ ਲਗਾਤਾਰ ਵੱਧ ਰਹੀਆਂ ਗੈਰ ਉਤਪਾਦਨ ਲਾਗਤਾਂ ਦੇ ਬੋਝ ਨੂੰ ਚੁੱਕ ਸਕਦੀਆਂ ਹਨ। ਆਪਣੇ ਵਿਸ਼ਾਲ ਅਕਾਰ ਦੀ ਵਿਸ਼ੇਸ਼ਤਾ (ਕਿਸੇ ਵਿਸ਼ੇਸ਼ ਪਲਾਂਟ ਦੇ ਆਕਾਰ ਦੇ ਮੁਕਾਬਲੇ) ਦੇ ਕਾਰਨ ਇਨ੍ਹਾਂ ਫਰਮਾਂ ਨੂੰ ਕਾਰਜ ਖੇਤਰ ਦੀਆਂ ਬੱਚਤਾਂ ਹੁੰਦੀਆਂ ਹਨ। ਵੱਡੀਆਂ ਫਰਮਾਂ ਕਾਰਜ ਖੇਤਰ ਦੀਆਂ ਬੱਚਤਾਂ ਦੇ ਕਾਰਨ, ਇਸ ਯੋਗ ਹੁੰਦੀਆਂ ਹਨ ਕਿ ਗੈਰ-ਉਤਪਾਦਨ ਸਬੰਧੀ ਲਾਗਤਾਂ ਨੂੰ ਵੱਖ-ਵੱਖ ਵਸਤੂਆ ਅਤੇ ਸੇਵਾਵਾਂ, ਜਿਨ੍ਹਾਂ ਦਾ ਉਹ ਉਤਪਾਦਨ ਕਰਦੀਆਂ ਹਨ, ਵਿੱਚ ਵੰਡ ਸਕਣ ਅਤੇ ਉਨ੍ਹਾਂ ਦੀ ਕੁੱਲ ਲਾਗਤ ਵਕ੍ਰ ਹੇਠਾਂ ਵੱਲ ਝੁਕੀ ਰਹਿੰਦੀ ਹੈ। ਘੱਟ ਅਧਿਕਾਰੀ ਬਾਜ਼ਾਰ ਢਾਂਚੇ ਦੇ ਪੈਦਾ ਹੋਣ ਦਾ ਇਹ ਇਕ ਹੋਰ ਕਾਰਨ ਹੈ।

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾ ਵਿੱਚੋਂ ਸਹੀ/ਗਲਤ ਲੱਭੋ

(State whether the following statements are True/False)-

9. ਘੱਟ ਅਧਿਕਾਰ ਦਾ ਸਿਧਾਂਤ ਸਮੂਹ-ਵਿਵਹਾਰ ਦਾ ਸਿਧਾਂਤ ਹੈ ਨਾ ਕਿ ਜਨ ਸਮੂਹ ਜਾਂ ਵਿਅਕਤੀਗਤ ਵਿਵਹਾਰ।
10. ਸਮੂਹ-ਵਿਵਹਾਰ ਦਾ ਕੋਈ ਸਧਾਰਣ ਮਨਜ਼ੂਰ ਸਿਧਾਂਤ ਨਹੀਂ ਹੈ।
11. ਹਰੇਕ ਘੱਟ ਅਧਿਕਾਰੀ ਉਦਯੋਗ ਦੇ ਹੋਰ ਘੱਟ ਅਧਿਕਾਰੀਆਂ ਦੇ ਵਪਾਰ ਵਿਵਹਾਰ ਦਾ ਧਿਆਨਪੂਰਵਕ ਅਧਿਐਨ ਨਹੀਂ ਕਰਦਾ ਹੈ।
12. ਐਡਮ ਸਮਿੱਥ ਦੇ ਅਨੁਸਾਰ ਮਿਹਨਤ ਵੰਡ ਬਾਜ਼ਾਰ ਦੇ ਆਕਾਰ 'ਤੇ ਨਿਰਭਰ ਨਹੀਂ ਕਰਦਾ ਹੈ।

ਫਰਮਾਂ ਨਾਲ ਸਰਜਿਤ ਕਾਰਨ (Firm-Created Causes)

ਜਿਵੇਂ ਕਿ ਉਪਰ ਦੱਸਿਆ ਜਾ ਚੁੱਕਿਆ ਹੈ, ਘੱਟ ਅਧਿਕਾਰੀ ਫਰਮਾਂ ਦਾ ਵਿਵਹਾਰ ਸਾਮਰਿਕ ਹੁੰਦਾ ਹੈ। ਜਦ ਕਿ ਉਦਯੋਗ ਵਿੱਚ ਫਰਮਾਂ ਦੀ ਸੰਖਿਆ ਦੇ ਘਟਣ ਦੀ ਪ੍ਰਵਿਰਤੀ ਪਾਈ ਜਾਂਦੀ ਹੈ ਤਦ ਕਿ ਜੋ ਫਰਮਾਂ ਬਚੀਆਂ ਰਹਿੰਦੀਆਂ (Survivors) ਹਨ ਉਨ੍ਹਾਂ ਦੇ ਔਸਤ ਅਕਾਰ ਦੇ ਵੱਧਣ ਦੀ ਪ੍ਰਵਿਰਤੀ ਦੇਖੀ ਜਾਂਦੀ ਹੈ। ਅਜਿਹਾ ਉਨ੍ਹਾਂ ਬਚੀਆਂ ਫਰਮਾਂ ਦੇ ਵੱਖ-ਵੱਚ ਆਚਰਣ (Strategic Practices) ਦੇ ਕਾਰਨ ਹੁੰਦਾ ਹੈ ਜਾਂ ਤਾਂ ਵੱਡੀਆਂ ਫਰਮਾਂ ਬਚੀਆਂ ਹੋਈਆਂ ਛੋਟੀਆਂ ਫਰਮਾਂ ਨੂੰ ਖਰੀਦ ਲੈਂਦੀਆਂ ਹਨ ਜਾਂ ਉਨ੍ਹਾਂ ਦਾ ਵਿਲਯ (Merger) ਕਰ ਦਿੱਤਾ ਜਾਂਦਾ ਹੈ। ਇਹ ਪ੍ਰਕਿਰਿਆ ਬਚੀਆਂ ਹੋਈਆਂ ਫਰਮਾਂ ਦੇ ਅਕਾਰ ਅਤੇ ਬਾਜ਼ਾਰ ਦੇ ਹਿੱਸੇ ਨੂੰ ਵਧਾਉਂਦੀਆਂ ਹਨ ਅਤੇ ਉਨ੍ਹਾਂ ਨੂੰ ਘੱਟ ਅਧਿਕਾਰੀ ਹੋਣ ਦੇ ਨਾਤੇ ਜ਼ਿਆਦਾ ਲਾਭ ਕਮਾਉਣ ਦੇ ਯੋਗ ਬਣਾਉਂਦੀਆਂ ਹਨ। ਫਰਮਾਂ ਵਿੱਚ ਪ੍ਰਸਪਰ ਪ੍ਰਤੀਯੋਗਤਾ ਵੀ ਘੱਟ ਹੋ ਜਾਂਦੀ ਹੈ।

ਨੋਟ

15.5 ਸਾਰੰਸ਼ (Summary)

- ਬਾਜ਼ਾਰ ਵਿੱਚ ਘੱਟ ਅਧਿਕਾਰ ਰੂਪ ਦਾ **ਲਿਪਸੀ** ਨੇ ਹੇਠ ਲਿਖੇ ਸ਼ਬਦਾਂ ਵਿੱਚ ਵਰਨਣ ਕੀਤਾ ਹੈ, "ਘੱਟ ਅਧਿਕਾਰ ਕੁਝ ਇਕ ਫਰਮਾਂ ਦੇ ਵਿਚਕਾਰ ਅਪੂਰਨ ਪ੍ਰਤੀਯੋਗਤਾ ਦਾ ਸਿਧਾਂਤ ਹੈ। ਇਸ ਦਾ ਸਬੰਧ ਅਜਿਹੇ ਉਦਯੋਗ ਨਾਲ ਹੁੰਦਾ ਹੈ, ਜਿਸ ਵਿੱਚ ਕੇਵਲ ਕੁਝ ਇਕ ਪ੍ਰਤੀਯੋਗੀ ਫਰਮਾਂ ਹੁੰਦੀਆਂ ਹਨ। ਹਰੇਕ ਫਰਮ ਦੀ ਬਾਜ਼ਾਰ ਸ਼ਕਤੀ ਇੰਨੀ ਹੁੰਦੀ ਹੈ ਕਿ ਉਹ ਉਸ ਨੂੰ ਕੀਮਤ-ਸਵੀਕਾਰ ਬਣਨ ਦੇ ਸਕਦੀ ਹੈ ਪਰ ਹਰੇਕ ਫਰਮ ਨੂੰ ਅਜਿਹੀ ਅੰਤਰ-ਫਰਮ ਪ੍ਰਤੀਦੰਦਿਤਾ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਸ ਨੂੰ ਇਹ ਸੋਚਣ ਤੋਂ ਰੋਕਦੀ ਹੈ ਕਿ ਸਾਰੀ ਬਾਜ਼ਾਰ ਮੰਗ ਉਸੇ ਦੀ ਹੈ।"

15.6 ਸ਼ਬਦਕੋਸ਼ (Keywords)

1. **ਘੱਟ ਅਧਿਕਾਰ** (Oligopoly) – ਫਰਮਾਂ ਦਾ ਉਦਯੋਗ ਵਿੱਚ ਬੋਲਬਾਲਾ।
2. **ਵਿਭੇਦੀਕ੍ਰਿਤ** (Homogeneous) – ਸਮਰੂਪ।
3. **ਸਮਰੱਥਾ ਜ਼ਿਆਦਾ** (Excess Capacity) – ਜ਼ਿਆਦਾ ਸਮਰੱਥਾ ਹੋਣਾ।

15.7 ਅਭਿਆਸ ਪ੍ਰਸ਼ਨ (Review Questions)

1. ਘੱਟ ਅਧਿਕਾਰ ਤੋਂ ਤੁਸੀਂ ਕੀ ਸਮਝਦੇ ਹੋ? ਦੱਸੋ।
2. ਘੱਟ ਅਧਿਕਾਰ ਦੀਆਂ ਵਿਸ਼ੇਸ਼ਤਾਵਾਂ ਦੱਸੋ।
3. ਘੱਟ ਅਧਿਕਾਰ ਦੇ ਪੈਦਾ ਹੋਣ ਦੇ ਕੀ ਕਾਰਨ ਹਨ?
4. ਗਠਬੰਧਨ ਅਤੇ ਗੈਰ-ਗਠਬੰਧਨ ਘੱਟ ਅਧਿਕਾਰ ਤੋਂ ਤੁਸੀਂ ਕੀ ਸਮਝਦੇ ਹੋ?

ਉਤਰ : ਸਵੈ ਮੁਲਾਂਕਣ (Answers: Self Assessment)

1. ਸਰਜਨ	2. ਏਕਾਧਿਕਾਰ	3. ਘੱਟ ਅਧਿਕਾਰ	4. ਦ੍ਰਿੜਤਾ
5. (ਅ)	6. (ਅ)	7. (ਬ)	8. (ਬ)
9. ਸਹੀ	10. ਸਹੀ	11. ਗਲਤ	12. ਗਲਤ

15.8 ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕ੍ਰੋਇਕਨੋਮਿਕਸ- ਡੇਵਿਡ ਬੇਸੈਨਕੋ ਐਂਡ ਰੋਨਾਲਡ ਬਰੂਟੀਗੈਮ, ਵਿਲੇ ਇੰਡੀਆ, 2011, ਪੀ. ਵੀ. ਕੇ. ਚੌਥਾ ਐਡੀਸ਼ਨ।
2. ਮਾਈਕ੍ਰੋਇਕਨੋਮਿਕਸ-ਸਿਪਰਾ ਮੁੱਖ ਉਪਾਧਿਆਇ, ਐਨੀ ਬੁਕਸ, 2011।
3. ਮਾਈਕ੍ਰੋਇਕਨੋਮਿਕਸ : ਐਨ. ਐਡਵਾਂਸ ਟਰੀਟਾਈਜ਼-ਐਸ. ਪੀ. ਐਸ. ਚੌਹਾਨ, ਪੀ. ਐਚ. ਆਈ. ਲਰਨਿੰਗ।

ਨੋਟ

ਇਕਾਈ–16 : ਦੂਹਰਾ ਅਧਿਕਾਰ ਅਤੇ ਘੱਟ ਅਧਿਕਾਰ : ਕੂਰਨੋ ਮਾਡਲ ਅਤੇ ਕਿੰਕਿਤ ਮੰਗ ਵਕ੍ਰ

(Duopoly and Oligopoly : Cournot Model and Kinked Demand Curve)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

16.1 ਦੂਹਰੇ ਅਧਿਕਾਰ ਦਾ ਅਰਥ (Meaning of Duopoly)

16.2 ਕੂਰਨੋ ਮਾਡਲ (The Cournot Model)

16.3 ਘੱਟ ਅਧਿਕਾਰ ਵਿੱਚ ਕੀਮਤ ਨਿਰਧਾਰਣ (Price Determination Under Oligopoly)

16.4 ਸਾਰਾਂਸ਼ (Summary)

16.5 ਸ਼ਬਦਕੋਸ਼ (Keywords)

16.6 ਅਭਿਆਸ ਪ੍ਰਸ਼ਨ (Review Questions)

16.7 ਸਬੰਧਿਤ ਪੁਸਤਕਾਂ (Further Readings)

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਦੂਸਰੇ ਅਧਿਕਾਰ ਨੂੰ ਜਾਨਣ ਸਬੰਧੀ।
- ਕੂਰਨੋ ਮਾਡਲ ਦਾ ਅਧਿਐਨ ਕਰਨ ਸਬੰਧੀ।
- ਘੱਟ ਅਧਿਕਾਰ ਵਿੱਚ ਕੀਮਤ ਨਿਰਧਾਰਣ ਜਾਨਣ ਸਬੰਧੀ।
- ਲਾਗਤਾਂ ਵਿੱਚ ਪਰਿਵਰਤਨ ਜਾਨਣ ਸਬੰਧੀ।

ਪ੍ਰਸਤਾਵਨਾ (Introduction)

ਘੱਟ ਅਧਿਕਾਰ ਦੀਆਂ ਵਿਸ਼ੇਸ਼ਤਾਵਾਂ ਦੇ ਸਬੰਧ ਵਿੱਚਕ, ਏਕਾਧਿਕਾਰਾਤਮਕ ਫਰਮਾਂ ਵੱਲੋਂ ਕੀਮਤ ਅਤੇ ਉਤਪਾਦਨ ਨਿਰਧਾਰਣ ਦਾ ਅਧਿਐਨ ਅਸੀਂ ਅੱਗੇ ਕਰਦੇ ਹਾਂ। ਪ੍ਰੋ. ਮੈਕਲਪ ਨੇ ਏਕਾਧਿਕਾਰੀਆਂ ਦੀਆਂ ਵਿਸਤ੍ਰਿਤ ਸ਼੍ਰੇਣੀਆਂ ਦਿੱਤੀਆਂ ਹਨ ਪਰ ਅਸੀਂ ਆਪਣਾ ਵਿਸ਼ਲੇਸ਼ਣ ਸਿਵਜੀ (Sweezy) ਦੇ ਗੈਰ–ਕਪਟਸੰਧੀ (Non-Collusive) ਏਕਾਧਿਕਾਰ ਮਾਡਲ (ਕਿੰਕਿਤ ਮੰਗ ਵਕ੍ਰ) ਅਤੇ ਕਾਰਟਲ ਤੇ ਕੀਮਤ ਅਗਵਾਈ ਕਪਟ ਸੰਧੀ ਏਕਾਧਿਕਾਰ ਮਾਡਲਾਂ ਤੱਕ ਸੀਮਿਤ ਰੱਖਣਗੇ।

16.1 ਦੂਹਰੇ ਅਧਿਕਾਰ ਦਾ ਅਰਥ (Meaning of Duopoly)

ਦੂਸਰਾ ਅਧਿਕਾਰ, ਘੱਟ ਅਧਿਕਾਰ ਸਿਧਾਂਤ ਦਾ ਉਹ ਵਿਸ਼ੇਸ਼ ਪੱਖ ਹੈ, ਜਿਸ ਵਿੱਚ ਕੇਵਲ ਦੋ ਵਿਕਰੇਤਾ ਹੁੰਦੇ ਹਨ। ਦੋਵੇਂ ਵਿਕਰੇਤਾ ਪੂਰਨ ਰੂਪ ਵਿੱਚ ਸੁਤੰਤਰ ਹੁੰਦੇ ਹਨ ਅਤੇ ਦੋਵਾਂ ਵਿੱਚ ਕਿਸੇ ਤਰ੍ਹਾਂ ਦਾ ਕੋਈ ਸਮਝੌਤਾ ਨਹੀਂ ਹੁੰਦਾ, ਜਦ ਕਿ ਉਨ੍ਹਾਂ ਦਰਮਿਆਨ ਕੋਈ ਸਮਝੌਤਾ ਨਹੀਂ ਹੁੰਦਾ, ਫਿਰ ਵੀ ਇਕ ਦੀ ਕੀਮਤ ਅਤੇ ਉਤਪਾਦਨ ਵਿੱਚ ਪਰਿਵਰਤਨ ਨਾਲ ਦੂਸਰੇ 'ਤੇ ਪ੍ਰਭਾਵ ਪਵੇਗਾ ਅਤੇ ਹੋ

ਨੋਟ ਸਕਦਾ ਹੈ ਕਿ ਉਸ ਨਾਲ ਪ੍ਰਤੀਕਿਰਿਆਵਾਂ (Reactions) ਦੀ ਇਕ ਲੜੀ ਬਣ ਜਾਵੇ ਪਰ ਹੋ ਸਕਦਾ ਹੈ ਕਿ ਇਕ ਵਿਕਰੇਤਾ ਇਹ ਮੰਨ ਲਵੇ ਕਿ ਉਸ ਦੇ ਕੰਮਾਂ ਤੋਂ ਪ੍ਰਤੀਦੰਦੀ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ ਅਤੇ ਉਸ ਸਥਿਤੀ ਵਿੱਚ ਉਹ ਕੀਮਤ 'ਤੇ ਆਪਣੇ ਪ੍ਰਤੱਖ ਪ੍ਰਭਾਵ ਨੂੰ ਹੀ ਲੈਂਦਾ ਹੈ। ਦੂਸਰੇ ਪਾਸੇ ਜੇਕਰ ਹਰੇਕ ਵਿਕਰੇਤਾ ਆਪਣੀ ਨੀਤੀ ਦੇ ਦੂਸਰੇ ਵਿਕਰੇਤਾ ਦੀ ਨੀਤੀ 'ਤੇ ਅਤੇ ਉਸ ਦੀ ਨੀਤੀ ਦੇ ਆਪਣੀ ਨੀਤੀ 'ਤੇ ਪ੍ਰਭਾਵ ਨੂੰ ਧਿਆਨ ਵਿੱਚ ਰੱਖਦਾ ਹੈ ਤਾਂ ਕੀਮਤ 'ਤੇ ਪ੍ਰਤੱਖ ਅਤੇ ਅਪ੍ਰਤੱਖ ਦੋਵਾਂ ਪ੍ਰਭਾਵਾਂ ਦਾ ਵਿਚਾਰ ਕਰਦਾ ਹੈ। ਫਿਰ ਇਹ ਵੀ ਹੋ ਸਕਦਾ ਹੈ ਕਿ ਖਰੀਦ ਦੇ ਲਈ ਪੇਸ਼ ਕੀਤੀ ਗਈ ਮਾਤਰਾ ਜਾਂ ਉਸ ਦੀ ਕੀਮਤ ਦੇ ਕਾਰਨ ਇਕ ਪ੍ਰਤੀਦੰਦੀ ਵਿਕਰੇਤਾ ਦੀ ਨੀਤੀ ਵਿੱਚ ਕੋਈ ਪਰਿਵਰਤਨ ਨਾ ਹੋਵੇ। ਇਸ ਤਰ੍ਹਾਂ ਪ੍ਰਸਪਰ ਨਿਰਭਰਤਾ ਨੂੰ ਛੱਡ ਕੇ ਜਾਂ ਉਸ ਨੂੰ ਸਵੀਕਾਰ ਕਰਕੇ ਦੂਸਰੇ ਅਧਿਕਾਰ 'ਤੇ ਵਿਚਾਰ ਕੀਤਾ ਜਾ ਸਕਦਾ ਹੈ। ਕੂਰਨੋ-ਐਜਵਰਥ (Cournot-Edgeworth) ਹੱਲ ਦਾ ਸਬੰਧ ਪਹਿਲਾਂ ਤੋਂ ਹੈ, ਜਿਸ ਵਿੱਚ ਪ੍ਰਸਪਰ ਨਿਰਭਰਤਾ ਦੀ ਤੁਲਨਾ ਕੀਤੀ ਗਈ ਹੈ, ਜਦੋਂ ਕਿ ਚੈਂਬਰਲੇਨ ਦਾ ਹੱਲ ਦੂਸਰੇ ਨਾਲ ਸਬੰਧ ਰੱਖਦਾ ਹੈ, ਜਿਸ ਵਿੱਚ ਪ੍ਰਸਪਰ ਨਿਰਭਰਤਾ ਨੂੰ ਮਾਨਤਾ ਦਿੱਤੀ ਗਈ ਹੈ।

16.2 ਕੂਰਨੋ ਮਾਡਲ (The Cournot Model)

ਸੰਨ 1838 ਵਿੱਚ ਪਹਿਲਾਂ-ਪਹਿਲਾਂ ਫ੍ਰਾਂਸਿਸੀ ਅਰਥ ਸ਼ਾਸਤਰੀ ਏ. ਏ. ਕੂਰਨੋ ਨੇ ਦੂਸਰੀ ਅਧਿਕਾਰ ਸਮੱਸਿਆ ਦਾ **ਨਿਸ਼ਚਿਤ** (Determinate) ਹੱਲ ਕੀਤਾ ਸੀ, ਉਸ ਨੇ ਦੋ ਫਰਮਾਂ A ਅਤੇ B ਨਾਲ ਇਕੱਠੇ ਸਥਿਤ ਦੋ ਖਣਿਜ ਪਾਣੀ ਦੇ ਝਰਨਿਆਂ ਤੋਂ ਪਾਣੀ ਕੱਢਣ ਦਾ ਉਦਾਹਰਣ ਦਿੱਤਾ।

ਮਾਨਤਾਵਾਂ (Assumptions)- ਕੂਰਨੋ ਮਾਡਲ ਇਨ੍ਹਾਂ ਮਾਨਤਾਵਾਂ 'ਤੇ ਅਧਾਰਿਤ ਹੈ :

1. ਦੋ ਸੁਤੰਤਰ ਵਿਕਰੇਤਾ ਹੁੰਦੇ ਹਨ।
2. ਉਹ ਇਕ ਸਮਰੂਪ (Homogeneous) ਵਸਤੂ ਦਾ ਉਤਪਾਦਨ ਅਤੇ ਵੇਚਦੇ ਹਨ ਜੋ ਖਣਿਜ ਪਾਣੀ ਹੈ।
3. ਕੁੱਲ ਉਤਪਾਦਨ ਦੀ ਪੂਰਨ ਵੇਚ ਜ਼ਰੂਰੀ ਹੈ, ਕਿਉਂਕਿ ਵਸਤੂ ਵਿਨਾਸ਼ਕਾਰੀ ਅਤੇ ਸੰਗ੍ਰਹਿ ਨਾ ਕੀਤੀ ਜਾਣ ਵਾਲੀ ਹੈ।
4. ਖਰੀਦਦਾਰਾਂ ਦੀ ਸੰਖਿਆ ਜ਼ਿਆਦਾ ਹੁੰਦੀ ਹੈ।
5. ਹਰੇਕ ਵਿਕਰੇਤਾ ਵਸਤੂ ਦੇ ਮਾਰਕੀਟ ਮੰਗ ਵਕ੍ਰ ਦਾ ਗਿਆਨ ਰੱਖਦਾ ਹੈ।
6. ਉਤਪਾਦਨ ਦੀ ਲਾਗਤ ਜ਼ੀਰੋ ਮੰਨ ਲਈ ਜਾਂਦੀ ਹੈ।
7. ਦੋਵਾਂ ਫਰਮਾਂ ਦੀਆਂ ਬਰਾਬਰ ਲਾਗਤਾਂ ਅਤੇ ਬਰਾਬਰ ਮੰਗਾਂ ਹਨ।
8. ਹਰੇਕ ਵਿਕਰੇਤਾ ਇਸ ਗੱਲ ਦਾ ਫੈਸਲਾ ਕਰਦਾ ਹੈ ਕਿ ਉਹ ਹਰੇਕ ਸਮੇਂ ਵਿੱਚ, ਕਿੰਨੀ ਮਾਤਰਾ ਦਾ ਉਤਪਾਦਨ ਅਤੇ ਵੇਚਣਾ ਚਾਹੁੰਦਾ ਹੈ।



ਚਿੱਤਰ 16.1

ਨੋਟ

9. ਪਰ ਹਰੇਕ ਆਪਣੇ ਪ੍ਰਤੀਦੰਦੀ ਦੇ ਉਤਪਾਦਨ ਤੋਂ ਸਬੰਧ ਰੱਖਣ ਵਾਲੀ ਯੋਜਨਾ ਸਬੰਧੀ ਕੁਝ ਨਹੀਂ ਜਾਣਦਾ।
10. ਨਾਲ ਹੀ, ਹਰੇਕ ਵਿਕਰੇਤਾ ਆਪਣੇ ਪ੍ਰਤੀਦੰਦੀ ਦੀ ਪੂਰਤੀ (ਉਤਪਾਦਨ) ਨੂੰ ਸਥਿਰ ਮੰਨ ਲੈਂਦਾ ਹੈ।
11. ਉਨ੍ਹਾਂ ਵਿੱਚੋਂ ਕੋਈ ਵੀ ਆਪਣੀ ਵਸਤੂ ਦੀ ਕੀਮਤ ਨਿਯਤ ਨਹੀਂ ਕਰਦਾ ਪਰ ਹਰੇਕ ਮਾਰਕੀਟ–ਮੰਗ–ਕੀਮਤ ਸਵੀਕਾਰ ਕਰ ਲੈਂਦਾ ਹੈ, ਜਿਸ 'ਤੇ ਵਸਤੂ ਵੇਚੀ ਜਾ ਸਕਦੀ ਹੈ।
12. ਨਵੀਆਂ ਫਰਮਾਂ ਦਾ ਪ੍ਰਵੇਸ਼ ਬੰਦ ਹੈ।
13. ਹਰੇਕ ਵਿਕਰੇਤਾ ਦਾ ਲਕਸ਼ ਜ਼ਿਆਦਾਤਰ ਸ਼ੁੱਧ ਆਗਮ ਜਾਂ ਲਾਭ ਪ੍ਰਾਪਤ ਕਰਨਾ ਹੁੰਦਾ ਹੈ। ਇਹ ਮਾਨਤਾਵਾਂ ਦਿੱਤੀਆਂ ਹੋਣ 'ਤੇ, ਮੰਨ ਲਓ ਕਿ ਦੋ ਫਰਮਾਂ A ਅਤੇ B ਦੋ ਖਣਿਜ ਪਾਣੀ ਦੇ ਝਰਨਿਆਂ ਵਿੱਚੋਂ ਪਾਣੀ ਕੱਢ ਰਹੀਆਂ ਹਨ। ਉਨ੍ਹਾਂ ਦੀ ਮਾਰਕੀਟ ਮੰਗ DD_1 ਹੈ ਅਤੇ ਸੀਮਿਤ ਆਗਮ ਵਕ੍ਰ MR_1 ਹੈ, ਜਿਵੇਂ ਕਿ ਚਿੱਤਰ 16.1 ਵਿੱਚ ਦਰਸਾਇਆ ਗਿਆ ਹੈ। A ਅਤੇ B ਦੋਵਾਂ ਦੀਆਂ ਸੀਮਿਤ ਲਾਗਤਾਂ ਜ਼ੀਰੋ ਹਨ, ਜਿਸ ਤੋਂ ਉਹ ਸਮਾਂਤਰ ਅਕਸ਼ ਦੇ ਨਾਲ ਮੇਲ ਖਾਂਦਾ ਹੈ। ਮੰਨ ਲਓ ਕਿ ਫਰਮ A ਇਕੱਲੀ ਉਤਪਾਦਕ ਹੈ। ਅਜਿਹੀ ਸਥਿਤੀ ਵਿੱਚ ਜਦੋਂ ਇਸ ਦਾ MR1 ਵਕ੍ਰ ਬਿੰਦੂ A 'ਤੇ MC ਵਕ੍ਰ (ਸਮਾਂਤਰ ਅਕਸ਼) ਦੇ ਬਰਾਬਰ ਹੁੰਦਾ ਹੈ ਤਾਂ ਉਹ OA (=1/2 OD_1) ਮਾਤਰਾ ਉਤਪਾਦਤ ਕਰਦੀ ਹੈ ਅਤੇ ਵੇਚਦੀ ਹੈ। ਉਹ AS (= OP) ਏਕਾਧਿਕਾਰ ਕੀਮਤ ਲੈਂਦੀ ਹੈ ਅਤੇ OASP ਏਕਾਧਿਕਾਰ ਲਾਭ ਪ੍ਰਾਪਤ ਕਰਦੀ ਹੈ। ਹੁਣ ਫਰਮ ਵੀ ਮਾਰਕੀਟ ਵਿੱਚ ਪ੍ਰਵੇਸ਼ ਕਰਦੀ ਹੈ ਅਤੇ ਇਹ ਉਮੀਦ ਰੱਖਦੀ ਹੈ ਕਿ A ਆਪਣੇ ਉਤਪਾਦਨ ਪੱਧਰ OA ਨੂੰ ਨਹੀਂ ਬਦਲੇਗੀ। ਇਸ ਲਈ ਉਹ ਮੰਗ ਵਕ੍ਰ ਦੇ SD_1 ਭਾਗ ਨੂੰ ਆਪਣਾ ਮੰਗ ਵਕ੍ਰ ਮੰਨਦੀ ਹੈ। ਇਸ ਦਾ ਸੀਮਿਤ ਆਗਮ ਵਕ੍ਰ MR_2 ਹੈ ਜੋ ਇਸ ਦੇ MC ਵਕ੍ਰ (ਸਮਾਂਤਰ ਅਕਸ਼) ਨੂੰ B ਬਿੰਦੂ 'ਤੇ ਕੱਟਦਾ ਹੈ ਅਤੇ ਉਹ BG (= OP_1) ਦੀ ਕੀਮਤ 'ਤੇ AB ਮਾਤਰਾ (=1/2 OD_1 = BD_1) ਵੇਚਦੀ ਹੈ ਅਤੇ BGTA ਲਾਭ ਕਮਾਉਣ ਦੀ ਇੱਛਾ ਰੱਖਦੀ ਹੈ।

ਨੋਟਸ ਦੂਸਰਾ ਅਧਿਕਾਰ ਘੱਟ ਅਧਿਕਾਰ ਸਿਧਾਂਤ ਦਾ ਉਹ ਵਿਸ਼ੇਸ਼ ਪੱਖ ਹੈ, ਜਿਸ ਵਿੱਚ ਕੇਵਲ ਦੋ ਵਿਕਰੇਤਾ ਹੁੰਦੇ ਹਨ।

ਫਰਮ A ਨੂੰ ਇਹ ਪਤਾ ਲੱਗਦਾ ਹੈ ਕਿ B ਦੇ ਪ੍ਰਵੇਸ਼ ਨਾਲ ਕੀਮਤ OP ਤੋਂ ਘੱਟ ਕੇ OP_1 ਹੋ ਗਈ ਹੈ। ਨਤੀਜੇ ਵਜੋਂ ਇਸ ਦੇ ਸੰਭਾਵਿਤ ਲਾਭ ਡਿੱਗ ਕੇ OP_1TA ਹੋ ਜਾਂਦੇ ਹਨ। ਅਜਿਹੀ ਸਥਿਤੀ ਵਿੱਚ, ਉਹ ਆਪਣੀ ਕੀਮਤ ਅਤੇ ਉਤਪਾਦਨ ਦਾ ਸਮਾਯੋਜਨ ਕਰਨ ਦਾ ਯਤਨ ਕਰਦੀ ਹੈ, ਇਹ ਮੰਨ ਕੇ ਕਿ ਫਰਮ B ਉਹੀ ਮਾਤਰਾ AB (= BD_1) ਵੇਚਦੀ ਰਹੇਗੀ, A ਫਰਮ 1/2 OB ਵੇਚਦੀ ਹੈ। ਇਸ ਤਰ੍ਹਾਂ ਇਸ ਦੀ ਮਾਤਰਾ ਵਿੱਚ OA (= 1/2 OD_1) ਤੋਂ 1/2 OB ਦੀ ਘੱਟ ਕੀਮਤ ਨੂੰ ਵਧਾ ਦਿੰਦੀ ਹੈ, ਜਿਸ ਨਾਲ ਚਿੱਤਰ ਨੂੰ ਅਸਾਨ ਰੱਖਣ ਦੇ ਲਈ ਨਹੀਂ ਦਿਖਾਇਆ ਗਿਆ। A ਦੇ ਉਤਪਾਦਨ ਵਿੱਚ ਕਮੀ ਦੇ ਨਤੀਜੇ ਵਜੋਂ B ਪ੍ਰਤੀਕਿਰਿਆ (react) ਕਰਦੀ ਹੈ ਅਤੇ ਆਪਣੇ ਉਤਪਾਦਨ ਨੂੰ 1/2 (OD_1- 1/2 OB) ਵਧਾ ਦਿੰਦੀ ਹੈ, ਜਿਸ ਨਾਲ ਕੀਮਤ ਡਿੱਗ ਜਾਂਦੀ ਹੈ। ਇਸ ਤਰ੍ਹਾਂ ਫਰਮ A ਦਾ ਆਪਣੇ ਉਤਪਾਦਨ ਨੂੰ ਘੱਟ ਕਰਨਾ, ਜਿਸ ਨਾਲ ਕੀਮਤ ਦੇ ਵਧਣ ਅਤੇ B ਦਾ ਪ੍ਰਤੀਕਿਰਿਆ ਨਾਲ ਆਪਣੇ ਉਤਪਾਦਨ ਨੂੰ ਵਧਾਉਣਾ, ਜਿਸ ਨਾਲ ਕੀਮਤ ਦੇ ਘੱਟ ਹੋਣ ਨਾਲ ਅਤੇ **ਸੰਤੁਲਨ ਕੀਮਤ** OP_2 ਆ ਜਾਵੇਗੀ। ਇਸ ਕੀਮਤ 'ਤੇ ਖਣਿਜ ਪਾਣੀ ਦਾ ਕੁੱਲ ਉਤਪਾਦਨ OF ਹੁੰਦਾ ਹੈ ਜੋ ਦੋਵਾਂ ਫਰਮਾਂ ਵਿੱਚ ਬਰਾਬਰ–ਬਰਾਬਰ ਵੰਡਿਆ ਹੁੰਦਾ ਹੈ। ਹਰੇਕ ਮਾਰਕੀਟ ਮੰਗ ਦਾ 1/3 ਭਾਗ ਵੇਚਦੀ ਹੈ ਅਤੇ A ਫਰਮ OC ਵੇਚਦੀ ਹੈ ਅਤੇ B ਫਰਮ CF। ਇਸ ਕੀਮਤ 'ਤੇ A ਦੇ ਲਾਭ $OCLP_2$=CFRL ਫਰਮ B ਦੇ ਲਾਭਾਂ ਦੇ।

ਸਪੱਸ਼ਟ ਹੈ ਕਿ ਦੋਵੇਂ ਫਰਮਾਂ ਕੁੱਲ ਉਤਪਾਦਨ OD_1 ਦਾ 2/3 ਵੇਚਦੀਆਂ ਹਨ, ਜੇਕਰ n ਫਰਮਾਂ ਹੋਣ ਤਾਂ ਉਤਪਾਦਨ ਦੀ ਦਰ ਕੁੱਲ ਉਤਪਾਦਨ ਦੇ n/n+1 ਗੁਣਾਂ ਹੋਵੇਗੀ। ਦੋਵੇਂ ਫਰਮਾਂ A ਅਤੇ B ਦਾ ਕੁੱਲ ਉਤਪਾਦਨ 2/2+1 = 2/3 ਹੈ। ਅਤੇ A+B ਦਾ ਕੁੱਲ ਉਤਪਾਦਨ ਹੈ: OD_1 (1 – 1/2+1/4 – 1/8+1/16 – 1/32+1/64...) =2/3 OD_1 = OF.

ਕੂਰਨੋ ਦੇ ਦੂਸਰੇ ਅਧਿਕਾਰ ਹੱਲ ਦੀ ਪੂਰਨ ਪ੍ਰਤੀਯੋਗਾਤਮਕ ਹੱਲ ਦੇ ਨਾਲ ਤੁਲਨਾ ਕੀਤੀ ਜਾਂਦੀ ਹੈ। ਦੂਸਰਾ ਅਧਿਕਾਰ ਫਰਮ A ਅਤੇ B ਸੰਤੁਲਨ ਵਿੱਚ OP_2 ਕੀਮਤ ਲੈਂਦੀ ਹੈ ਅਤੇ OF ਮਾਤਰਾ ਵੇਚਦੀ ਹੈ। ਪੂਰਨ ਪ੍ਰਤੀਯੋਗਤਾ ਅਧੀਨ ਜ਼ੀਰੋ ਕੀਮਤ 'ਤੇ ਕੁੱਲ ਉਤਪਾਦਨ OD_1 ਹੋਵੇਗਾ। ਕੀਮਤ ਜ਼ੀਰੋ ਹੈ, ਕਿਉਂਕਿ ਸੀਮਿਤ ਲਾਗਤ ਜ਼ੀਰੋ ਹੈ। ਜਦੋਂ MR ਵਕ੍ਰ ਸਮਾਂਤਰ ਲਕਸ਼ ਜੋ MC ਵਕ੍ਰ ਹੈ, ਨੂੰ ਚਿੱਤਰ ਵਿੱਚ A ਬਿੰਦੂ 'ਤੇ ਕੱਟਦਾ ਹੈ ਜੋ ਕੀਮਤ ਜ਼ੀਰੋ ਹੁੰਦੀ ਹੈ। A ਅਤੇ B ਫਰਮਾਂ ਦਰਮਿਆਨ ਕੁੱਲ ਉਤਪਾਦਨ OD_1 ਬਰਾਬਰ ਵੰਡਿਆ ਜਾਵੇਗਾ : OD_1 = OA+AD_1 ਅਤੇ OA= AD_1 ਕੂਰਨੋ ਹੱਲ ਵਿੱਚ OP_2 ਕੀਮਤ ਪੂਰਨ ਪ੍ਰਤੀਯੋਗੀ ਜ਼ੀਰੋ ਕੀਮਤ ਅਤੇ ਸੀਮਿਤ ਲਾਗਤ (MC) ਤੋਂ ਜ਼ਿਆਦਾ ਹੁੰਦੀ ਹੈ ਅਤੇ ਉਤਪਾਦਨ OF ਪੂਰਨ ਪ੍ਰਤੀਯੋਗੀ ਉਤਪਾਦਨ OD_1 ਤੋਂ ਘੱਟ

ਨੋਟ ਹੁੰਦਾ ਹੈ ਪਰ ਕੂਰਨੋ ਹੱਲ ਵਿੱਚ ਉਤਪਾਦਨ OF ਏਕਾਧਿਕਾਰਾਤਮਕ ਉਤਪਾਦਨ OA ਤੋਂ ਜ਼ਿਆਦਾ ਹੁੰਦਾ ਹੈ ਪਰ ਕੀਮਤ OP_2 ਏਕਾਧਿਕਾਰ ਕੀਮਤ OP ਤੋਂ ਘੱਟ ਹੁੰਦੀ ਹੈ। ਹਿਸਾਬੀ ਰੂਪ ਵਿੱਚ ਕੂਰਨੋ ਦੇ ਹੱਲ ਵਿੱਚ ਉਤਪਾਦਨ ਏਕਾਧਿਕਾਰ ਉਤਪਾਦਨ ਦਾ 4/3 ਅਤੇ ਪੂਰਨ ਪ੍ਰਤੀਯੋਗਤਾ ਦਾ 2/3 ਹੋਵੇਗਾ।

ਸਿੱਟਾ (Conclusion)– ਕੂਰਨੋ ਮਾਡਲ ਨੂੰ ਦੋ ਤੋਂ ਜ਼ਿਆਦਾ ਫਰਮਾਂ 'ਤੇ ਵੀ ਵਧਾਇਆ ਜਾ ਸਕਦਾ ਹੈ। ਜਦੋਂ ਜ਼ਿਆਦਾ ਫਰਮਾਂ ਘੱਟ ਅਧਿਕਾਰ ਉਦਯੋਗ ਵਿੱਚ ਪ੍ਰਵੇਸ਼ ਕਰਦੀਆਂ ਜਾਂਦੀਆਂ ਹਨ ਤਾਂ ਉਦਯੋਗ ਦੀ ਕੀਮਤ ਅਤੇ ਉਤਪਾਦਨ ਪੂਰਨ ਪ੍ਰਤੀਯੋਗੀ ਉਤਪਾਦਨ OD_1 ਅਤੇ ਜ਼ੀਰੋ ਕੀਮਤ ਤੱਕ ਪਹੁੰਚ ਜਾਵੇਗਾ।

ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)–

1. ਦੂਸਰਾ ਅਧਿਕਾਰ ਘੱਟ ਅਧਿਕਾਰ ਸਿਧਾਂਤ ਦਾ ਉਹ ਵਿਸ਼ੇਸ਼ ਪੱਖ ਹੈ, ਜਿਸ ਵਿੱਚ ਕੇਵਲ ਦੋ ..... ਹੁੰਦੇ ਹਨ।
2. ਕੂਰਨੋ ਮਾਡਲ ਦੇ ਅਨੁਸਾਰ ਉਤਪਾਦਨ ਦੀ ਲਾਗਤ ..... ਮੰਨ ਲਈ ਜਾਂਦੀ ਹੈ।
3. ਕੂਰਨੋ ਦੀ ਮਾਨਤਾ ਹੈ ਕਿ ਹਰੇਕ ਵਿਕਰੇਤਾ ਵਸਤੂ ਦੇ ਮਾਰਕੀਟ ..... ਦਾ ਗਿਆਨ ਰੱਖਦਾ ਹੈ।

ਕੂਰਨੋ ਮਾਡਲ ਪ੍ਰਤੀਕਿਰਿਆ ਵਕ੍ਰਾਂ ਦੇ ਰੂਪ ਵਿੱਚ (Cournot Model in Terms of Reaction Curves)

ਕੂਰਨੋ ਦੇ ਮੂਲ ਮਾਡਲ ਦੀਆਂ ਮਾਨਤਾਵਾਂ 'ਤੇ ਅਧਾਰਿਤ, ਅਰਥ ਸ਼ਾਸਤਰੀਆਂ ਨੇ ਪ੍ਰਤੀਕਿਰਿਆ ਵਕ੍ਰਾਂ ਦੇ ਰੂਪ ਵਿੱਚ ਇਕ ਬਿਹਤਰ ਹੱਲ ਦਿੱਤਾ ਹੈ। ਇਹ ਵਿਆਖਿਆ ਇਕ ਹੋਰ ਮਾਨਤਾ ਲੈਂਦੀ ਹੈ ਕਿ ਇਕ ਦੂਸਰਾ ਅਧਿਕਾਰ ਫਰਮ ਆਪਣੀ ਪ੍ਰਤੀਦੰਦੀ ਫਰਮ ਦੇ ਉਤਪਾਦਨ ਸਬੰਧੀ ਚਾਲਾਂ ਵਿਰੁੱਧ ਖੁਦ ਪ੍ਰਤੀਕਿਰਿਆ ਕਰਦੀ ਹੈ।



ਚਿੱਤਰ 16.2

ਅਤੇ ਇਹ ਮੰਨ ਕੇ ਕਿ ਜਦੋਂ A ਉਤਪਾਦਨ ਕਰਦੀ ਹੈ ਤਾਂ B ਪ੍ਰਤੀਕਿਰਿਆ ਨਹੀਂ ਕਰੇਗੀ, ਵਿਲੋਮਸ਼ਃ (vice versa), ਉਤਪਾਦਨ ਪ੍ਰਤੀਕਿਰਿਆ ਵਕ੍ਰਾਂ (Output Reaction Curves) ਨੂੰ ਅਨੁਲੰਬ ਅਕਸ਼ 'ਤੇ A ਦੇ ਉਤਪਾਦਨ ਨੂੰ ਹੋਰ ਸਮਾਂਤਰ ਪੱਖ 'ਤੇ B ਦੇ ਉਤਪਾਦਨ ਨੂੰ ਨਾਪ ਕੇ ਖਿੱਚੇ ਜਾ ਸਕਦੇ ਹਨ। ਚਿੱਤਰ 16.2 ਵਿੱਚ A ਦਾ ਪ੍ਰਤੀਕਿਰਿਆ AL ਹੈ ਅਤੇ B ਦਾ ਪ੍ਰਤੀਕਿਰਿਆ ਵਕ੍ਰ RB ਹੈ। ਮੰਨ ਲਓ ਕਿ A ਫਰਮ OG ਉਤਪਾਦਤ ਕਰਦੀ ਹੈ। ਇਹ ਮੰਨਦੇ ਹੋਏ ਕਿ A ਆਪਣੇ OG ਉਤਪਾਦਨ ਪੱਧਰ ਦਾ ਪਰਿਵਰਤਨ ਨਹੀਂ ਕਰੇਗੀ। B ਫਰਮ OH ਉਤਪਾਦਤ ਕਰਕੇ ਪ੍ਰਤੀਕਿਰਿਆ ਕਰਦੀ ਹੈ। ਉਦੋਂ A ਇਸ ਧਾਰਨਾ 'ਤੇ ਪ੍ਰਤੀਕਿਰਿਆ ਕਰਦੀ ਹੈ ਕਿ B ਆਪਣੇ ਉਤਪਾਦਨ OH ਨੂੰ ਤਬਦੀਲ ਨਹੀਂ ਕਰਦੀ ਤਾਂ ਉਹ OE ਉਤਪਾਦਨ ਕਰਦੀ ਹੈ। A ਵੱਲੋਂ ਉਤਪਾਦਨ ਵਿੱਚ ਇਸ ਪਰਿਵਰਤਨ ਦੀ ਪ੍ਰਤੀਕਿਰਿਆ B ਕਰਦੀ ਹੈ, ਜਦੋਂ ਉਹ OF ਉਤਪਾਦਤ ਕਰਦੀ ਹੈ। ਅਸੀਂ ਇਹ ਦੇਖਦੇ ਹਾਂ ਕਿ B ਦੀਆਂ ਚਾਲਾਂ ਦੀ A 'ਤੇ ਪ੍ਰਤੀਕਿਰਿਆ ਉਸ ਦੇ ਉਤਪਾਦਨ ਦੀ ਕਮੀ ਵਿੱਚ ਪ੍ਰਗਟ ਹੁੰਦੀ ਹੈ ਅਤੇ A ਦੀਆਂ ਚਾਲਾਂ ਦੀ B 'ਤੇ ਪ੍ਰਤੀਕਿਰਿਆ ਉਸ ਦੇ ਉਤਪਾਦਨ ਵਿੱਚ ਵਾਧੇ ਨਾਲ ਪ੍ਰਗਟ ਹੁੰਦੀ ਹੈ। ਇਕ ਦੇ ਉਤਪਾਦਨ ਦੀ ਦੂਸਰੇ ਦੇ ਉਤਪਾਦਨ 'ਤੇ

ਨੋਟ

ਪ੍ਰਤੀਕਿਰਿਆ ਦੀ ਕਿਰਿਆ ਉਦੋਂ ਤੱਕ ਚੱਲਦੀ ਰਹੇਗੀ, ਜਦੋਂ ਤੱਕ ਕਿ ਦੋਵੇਂ ਹੀ ਕੂਰਨੋ ਬਿੰਦੂ C 'ਤੇ ਨਹੀਂ ਪਹੁੰਚ ਜਾਂਦੇ, ਜਿੱਥੇ ਦੋਵੇਂ A ਅਤੇ B ਬਰਾਬਰ ਉਤਪਾਦਨ ਕਰਦੇ ਹਨ। A ਦਾ ਉਤਪਾਦਨ OM ਦੇ ਬਰਾਬਰ ਹੈ ਅਤੇ B ਦਾ ਉਤਪਾਦਨ OF ਦੇ। ਇਹੀ ਸਿੱਟਾ ਉਸ ਸਮੇਂ ਵੀ ਪ੍ਰਾਪਤ ਹੁੰਦਾ ਹੈ ਕਿ ਜੇਕਰ ਅਸੀਂ ਹੇਠਾਂ ਸੱਜੇ ਤੋਂ ਉਪਰ ਖੱਬੇ ਨੂੰ ਚਿੱਤਰ 16.2 ਵਿੱਚ ਗਤੀਮਾਨ ਹੋਵੇ ਅਤੇ ਪ੍ਰਤੀਕਿਰਿਆ ਵਕ੍ਰ ਵਿਸ਼ਲੇਸ਼ਣ ਕੂਰਨੋ ਮਾਡਲ ਦਾ ਸਥਿਰ ਅਤੇ ਦੂਸਰਾ ਸੰਤੁਲਨ ਜਾਨਣ ਵਿੱਚ ਸਹਾਇਕ ਹੁੰਦਾ ਹੈ।

ਇਸ ਦੀਆਂ ਆਲੋਚਨਾਵਾਂ (Its Criticism)

ਕੂਰਨੋ ਦੇ ਮਾਡਲ ਦੀਆਂ ਹੇਠ ਲਿਖੀਆਂ ਆਲੋਚਨਾਵਾਂ ਕੀਤੀਆਂ ਗਈਆਂ ਹਨ–

(1) ਕੂਰਨੋ ਦੇ ਹੱਲ ਵਿੱਚ ਦੋਸ਼ ਇਹ ਹੈ ਕਿ ਹਰੇਕ ਵਿਕਰੇਤਾ ਇਹ ਮੰਨ ਲੈਂਦਾ ਹੈ ਕਿ ਉਸ ਦੇ ਪ੍ਰਤੀਦੰਦੀ ਦੀ ਪੂਰਤੀ ਸਥਿਰ ਰਹਿੰਦੀ ਹੈ, ਜਦੋਂ ਕਿ ਉਸ ਨੂੰ ਵਾਰ–ਵਾਰ ਤਬਦੀਲ ਹੁੰਦੇ ਦੇਖਦਾ ਹੈ। ਇਕ ਫ੍ਰਾਂਸਿਸੀ ਹਿਸਾਬੀ **ਜੋਸੇਫ ਬਟ੍ਰੇਂਡ** (Joseph Betrand) ਨੇ 1883 ਵਿੱਚ ਕੂਰਨੋ ਦੀ ਆਲੋਚਨਾ ਕਰਦੇ ਹੋਏ ਦੱਸਿਆ ਕਿ ਵਿਕਰੇਤਾ ਆਪਣੇ ਉਨ੍ਹਾਂ ਸਾਰੇ ਗ੍ਰਾਹਕਾਂ ਨੂੰ, ਜੋ ਟੁੱਟ ਕੇ B ਦੇ ਕੋਲ ਚਲੇ ਗਏ ਹਨ, ਵਾਪਸ ਲਿਆਉਣ ਲਈ ਆਪਣੀ ਕੀਮਤ ਨੂੰ B ਵੱਲੋਂ ਨੀਯਤ ਕੀਤੀ ਗਈ ਕੀਮਤ ਤੋਂ ਘੱਟ ਰੱਖੇਗਾ ਅਤੇ ਕੀਮਤ ਘਟਾਉਣ ਦਾ ਇਹ ਸਿਲਸਿਲਾ ਚੱਲਦਾ ਰਹਿ ਸਕਦਾ ਹੈ, ਜਦੋਂ ਤੱਕ ਕਿ ਕੀਮਤ ਜ਼ੀਰੋ ਤੱਕ ਨਹੀਂ ਪਹੁੰਚ ਜਾਂਦੀ। ਇਸ ਤਰ੍ਹਾਂ ਸਟ੍ਰੇਂਡ ਨੇ ਇਹ ਦਲੀਲ ਦਿੱਤੀ ਕਿ ਕੀਮਤਾਂ ਦੇ ਡਿੱਗਣ ਦੀ ਕੋਈ ਹੱਦ ਨਹੀਂ ਹੋਵੇਗੀ, ਕਿਉਂਕਿ ਹਰ ਵਿਕਰੇਤਾ ਆਪਣਾ ਉਤਪਾਦਨ ਦੁੱਗਣਾ ਕਰਕੇ ਆਪਣੇ ਪ੍ਰਤੀਦੰਦੀ ਤੋਂ ਘੱਟ ਬੋਲੀ ਦੇ ਸਕਦਾ ਹੈ। ਇਸ ਨਾਲ ਕੀਮਤ ਲੰਮੇ ਸਮੇਂ ਵਿੱਚ ਪ੍ਰਤੀਯੋਗਾਤਮਕ ਪੱਧਰ 'ਤੇ ਆ ਜਾਵੇਗੀ।

(2) ਇਹ **ਸਥੈਤਿਕ ਮਾਡਲ** ਹੈ ਕਿਉਂਕਿ ਇਹ ਉਸ ਸਮੇਂ ਸਬੰਧੀ ਚੁੱਪ ਹੈ, ਜਿਸ ਵਿੱਚ ਫਰਮ ਪ੍ਰਤੀਕਿਰਿਆ ਕਰਦੀ ਹੈ ਅਤੇ ਆਪਣੇ ਉਤਪਾਦਨ ਨੂੰ ਦੂਸਰੀ ਫਰਮ ਦੀਆਂ ਚਾਲਾਂ ਦੇ ਅਨੁਸਾਰ ਸਮਾਯੋਜਿਤ (Adjust) ਕਰਦੀ ਹੈ।

(3) ਕੂਰਨੋ ਦਾ ਹੱਲ ਗਲਤ ਹੈ, ਕਿਉਂਕਿ **ਜ਼ੀਰੋ** ਉਤਪਾਦਨ ਲਾਗਤ ਮੰਨਦਾ ਹੈ।

(4) ਇਹ ਬੰਦ ਮਾਡਲ ਹੈ, ਕਿਉਂਕਿ ਇਹ ਫਰਮਾਂ ਦੇ ਪ੍ਰਵੇਸ਼ ਦੀ ਤੁਲਨਾ ਕਰਦਾ ਹੈ।

(5) ਇਹ ਮਾਨਤਾ ਵੀ ਗਲਤ ਹੈ ਕਿ ਹਰੇਕ ਦੂਸਰਾ ਅਧਿਕਾਰੀ ਦੂਸਰੇ ਦੀ ਉਤਪਾਦਨ ਪ੍ਰਤੀਕਿਰਿਆ ਤੋਂ ਬਿਨਾਂ ਕੰਮ ਕਰਦਾ ਹੈ। ਅਸਲ ਵਿੱਚ ਇਹ **ਕਿਰਿਆ--ਨਾ-ਸਿੱਖਣਾ** ਮਾਡਲ ਹੈ।

(6) ਮਾਰਸ਼ਲ ਦੇ ਅਨੁਸਾਰ ਕੂਰਨੋ ਮਾਡਲ ਕੋਈ "ਸਾਰਿਆਂ ਦੇ ਮੰਨਣਯੋਗ ਹੱਲ ਦੇਣ ਵਿੱਚ ਅਸਮਰੱਥ ਹੈ।" ਅਜਿਹਾ ਇਸ ਲਈ ਕਿ ਇਕ ਅਸਲੀ ਦੂਸਰਾ ਅਧਿਕਾਰ ਮਾਰਕੀਟ ਨੂੰ ਪਾਉਣਾ ਸੰਭਵ ਨਹੀਂ ਹੈ। ਇੱਥੇ ਹਰੇਕ ਦੂਸਰਾ ਅਧਿਕਾਰੀ ਸੁਤੰਤਰ ਰੂਪ ਵਿੱਚ ਕੰਮ ਕਰਦਾ ਹੋਵੇ ਅਤੇ ਉਤਪਾਦਨ ਦੀ ਹੀ ਪ੍ਰਕਿਰਿਆ ਦਾ ਇੱਕੋ–ਇਕ ਪੈਰਾਮੀਟਰ (Parameter) ਨਹੀਂ ਹੈ।

16.3 ਘੱਟ ਅਧਿਕਾਰ ਵਿੱਚ ਕੀਮਤ ਨਿਰਧਾਰਣ (Price Determination Under Oligopoly)

ਘੱਟ ਅਧਿਕਾਰ ਦੀਆਂ ਵਿਸ਼ੇਸ਼ਤਾਵਾਂ ਦੇ ਸਬੰਧ ਵਿੱਚ, ਏਕਾਧਿਕਾਰਾਤਮਕ ਫਰਮਾਂ ਨਾਲ ਕੀਮਤ ਅਤੇ ਉਤਪਾਦਨ ਨਿਰਧਾਰਣ ਦਾ ਅਧਿਐਨ ਅਸੀਂ ਅੱਗੇ ਕਰਦੇ ਹਾਂ। ਪ੍ਰੋ. ਮੈਕਲਪ ਨੇ ਏਕਾਧਿਕਾਰੀਆਂ ਦੀਆਂ ਵਿਸਤ੍ਰਿਤ ਸ਼੍ਰੇਣੀਆਂ ਦਿੱਤੀਆਂ ਹਨ ਪਰ ਅਸੀਂ ਆਪਣਾ ਵਿਸ਼ਲੇਸ਼ਣ ਸਿਵਜੀ (Sweezy) ਦੇ ਗੈਰ–ਕਪਟਸੰਧੀ (Non-Collusive) ਏਕਾਧਿਕਾਰ ਮਾਡਲ (ਕਿੰਕਿਤ ਮੰਗ ਵਕ੍ਰ) ਅਤੇ ਕਾਰਟਲ ਅਤੇ ਕੀਮਤ ਅਗਵਾਈ ਕਪਟਸੰਧੀ ਏਕਾਧਿਕਾਰ ਮਾਡਲਾਂ ਤੱਕ ਸੀਮਿਤ ਰੱਖਾਂਗੇ।

1. ਸਿਵਜੀ ਦਾ ਕਿੰਕਿਤ ਮੰਗ ਵਕ੍ਰ (ਸਥਿਰ ਕੀਮਤ) ਮਾਡਲ
(The Sweezy Model of Kinked Demand Curve-Rigid Prices)

ਪ੍ਰੋ. ਸਿਵਜੀ ਨੇ ਆਪਣੇ 1939 ਵਿੱਚ ਛਪੇ ਇਕ ਲੇਖ ਵਿੱਚ ਏਕਾਧਿਕਾਰਾਤਮਕ ਮਾਰਕੀਟਾਂ ਵਿੱਚ ਅਕਸਰ ਪਾਈ ਜਾਣ ਵਾਲੀ ਕੀਮਤ ਸਥਿਤੀਆਂ ਦੀ ਵਿਆਖਿਆ ਕਰਨ ਲਈ ਕਿੰਕਿਤ ਮੰਗ ਵਕ੍ਰ ਦੇ ਵਿਸ਼ਲੇਸ਼ਣ ਨੂੰ ਪੇਸ਼ ਕੀਤਾ। ਸਿਵਜੀ ਇਹ ਮੰਨਦਾ ਹੈ ਕਿ ਜੇਕਰ ਏਕਾਧਿਕਾਰਾਤਮਕ ਫਰਮ ਆਪਣੀ ਕੀਮਤ ਨੂੰ ਘੱਟ ਕਰਦੀ ਹੈ ਤਾਂ ਉਸ ਦੇ ਪ੍ਰਤੀਦੰਦੀ ਆਪਣੇ ਗ੍ਰਾਹਕਾਂ ਨੂੰ ਗਵਾਉਣ ਦੇ ਡਰ ਤੋਂ ਆਪਣੀ ਕੀਮਤ ਵਿੱਚ ਬਰਾਬਰ ਦੀ ਕਟੌਤੀ ਨਾਲ ਪ੍ਰਤੀਕਿਰਿਆ ਕਰਨਗੇ। ਇਸ ਤਰ੍ਹਾਂ ਆਪਣੀ ਕੀਮਤ ਨੂੰ ਘੱਟ ਕਰਨ ਵਾਲੀ ਫਰਮ ਆਪਣੀ ਮੰਗ ਨੂੰ ਜ਼ਿਆਦਾ ਨਹੀਂ ਵਧਾ ਸਕੇਗੀ। ਇਸ ਲਈ ਮੰਗ ਵਕ੍ਰ ਦਾ ਇਹ ਭਾਗ ਘੱਟ ਲੋਚਦਾਰ ਹੁੰਦਾ ਹੈ। ਦੂਸਰੇ ਪਾਸੇ ਜੇਕਰ ਏਕਾਧਿਕਾਰਾਤਮਕ ਫਰਮ ਆਪਣੀ ਕੀਮਤ ਵਧਾਉਂਦੀ ਹੈ ਤਾਂ ਉਸ ਦੇ ਪ੍ਰਤੀਦੰਦੀ ਉਸ ਦਾ ਅਨੁਸਰਣ ਨਾ ਕਰਦੇ ਹੋਏ ਆਪਣੀਆਂ ਕੀਮਤਾਂ ਵਿੱਚ ਪਰਿਵਰਤਨ ਨਹੀਂ ਕਰਨਗੇ। ਇਸ ਤਰ੍ਹਾਂ ਉਸ ਵਸਤੂ ਦੀ ਮੰਗੀ ਗਈ ਮਾਤਰਾ ਵਿੱਚ ਕਾਫੀ ਗਿਰਾਵਟ ਆਵੇਗੀ। ਇਸ ਲਈ ਮੰਗ ਵਕ੍ਰ ਦਾ ਇਹ ਹਿੱਸਾ ਪ੍ਰਤੱਖ ਲੋਚਦਾਰ ਹੁੰਦਾ ਹੈ। ਇਨ੍ਹਾਂ ਦੋਵਾਂ ਸਥਿਤੀਆਂ ਵਿੱਚ ਏਕਾਧਿਕਾਰਾਤਮਕ ਫਰਮ ਦੇ ਮੰਗ ਵਕ੍ਰ ਵਿੱਚ ਵਰਤਮਾਨ ਕੀਮਤ 'ਤੇ ਕਿੰਕ ਹੁੰਦਾ ਹੈ ਜੋ ਕੀਮਤ ਸਥਿਰਤਾ ਨੂੰ ਦਰਸਾਉਂਦਾ ਹੈ।

ਨੋਟ

ਕੀ ਤੁਸੀਂ ਜਾਣਦੇ ਹੋ ਕੂਰਨੋ ਦਾ ਹੱਲ ਗਲਤ ਹੈ, ਕਿਉਂਕਿ ਜ਼ੀਰੋ ਉਤਪਾਦਨ ਲਾਗਤ ਮਾਨਤਾ ਹੈ।

ਇਸ ਦੀਆਂ ਮਾਨਤਾਵਾਂ (Its Assumptions)

ਕੀਮਤ ਸਥਿਰਤਾ ਦਾ ਕਿੰਕਿਤ ਮੰਗ ਵਕ੍ਰ ਸਿਧਾਂਤ ਹੇਠ ਲਿਖੀਆਂ ਮਾਨਤਾਵਾਂ 'ਤੇ ਅਧਾਰਿਤ ਹੈ–

(1) ਏਕਾਧਿਕਾਰਾਤਮਕ ਉਦਯੋਗ ਵਿੱਚ ਕੁਝ ਫਰਮਾਂ ਹਨ।

(2) ਇਕ ਫਰਮ ਵੱਲੋਂ ਉਤਪਾਦਤ ਵਸਤੂ ਹੋਰ ਫਰਮਾਂ ਦੀ ਵਸਤੂ ਦੀ ਨੇੜਲੀ ਸਥਾਨਾਪੰਨ ਹੈ।

(3) ਵਸਤੂ ਇਕ ਗੁਣਵਤਾ (ਕੁਆਲਿਟੀ) ਵਾਲੀ ਹੈ। ਵਸਤੂ ਵਿਭੇਦੀਕਰਣ ਨਹੀਂ ਹੈ।

(4) ਇਸ਼ਤਿਹਾਰੀ ਖਰਚ ਨਹੀਂ ਹੈ।

(5) ਵਸਤੂ ਦੀ ਇਕ ਨਿਸ਼ਚਿਤ ਜਾਂ ਵਰਤਮਾਨ ਮਾਰਕੀਟ ਕੀਮਤ ਹੁੰਦੀ ਹੈ, ਜਿਸ 'ਤੇ ਸਾਰੇ ਵਿਕਰੇਤਾ ਸੰਤੁਸ਼ਟ ਹੁੰਦੇ ਹਨ।

(6) ਹਰੇਕ ਵਿਕਰੇਤਾ ਦਾ ਵਿਵਹਾਰ ਆਪਣੇ ਪ੍ਰਤੀਦੰਦੀਆਂ ਦੇ ਵਿਵਹਾਰ 'ਤੇ ਨਿਰਭਰ ਕਰਦਾ ਹੈ।

(7) ਜੇਕਰ ਕੋਈ ਵਿਕਰੇਤਾ ਆਪਣੀ ਵਸਤੂ ਦੀ ਕੀਮਤ ਘਟਾ ਕੇ ਆਪਣੀ ਵਿਕਰੀ ਨੂੰ ਵਧਾਉਣ ਦਾ ਯਤਨ ਕਰਦਾ ਹੈ ਤਾਂ ਹੋਰ ਵਿਕਰੇਤਾ ਉਸ ਦੀ ਰੀਸ ਕਰਨਗੇ ਅਤੇ ਆਪਣੀਆਂ ਵਸਤੂਆਂ ਦੀਆਂ ਕੀਮਤਾਂ ਘਟਾ ਕੇ ਉਸ ਦੇ ਉਸ ਯਤਨ ਨੂੰ ਅਸਫਲ ਕਰ ਦੇਣਗੇ।

(8) ਜੇਕਰ ਉਹ ਕੀਮਤ ਵਧਾ ਦਿੰਦਾ ਹੈ ਤਾਂ ਦੂਸਰੇ ਉਸ ਦੀ ਰੀਸ ਨਹੀਂ ਕਰਨਗੇ, ਸਗੋਂ ਉਹ ਉਸੇ ਕੀਮਤ 'ਤੇ ਡਟੇ ਰਹਿਣਗੇ ਅਤੇ ਕੀਮਤ ਵਧਾਉਣ ਵਾਲੇ ਵਿਕਰੇਤਾ ਨੂੰ ਛੱਡ ਕੇ ਆਉਣ ਵਾਲੇ ਗ੍ਰਾਹਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਗੇ।

(9) ਸੀਮਿਤ ਆਗਮ ਵਕ੍ਰ ਦੇ ਬਿੰਦੁਕਿਤ ਭਾਗ ਦੇ ਵਿੱਚੋਂ ਸੀਮਿਤ ਲਾਗਤ ਵਕ੍ਰ ਗੁਜ਼ਰਦਾ ਹੈ। ਇਸ ਲਈ ਸੀਮਿਤ ਲਾਗਤ ਵਿੱਚ ਪਰਿਵਰਤਨ, ਉਤਪਾਦਨ ਅਤੇ ਕੀਮਤ ਨੂੰ ਪ੍ਰਭਾਵਿਤ ਨਹੀਂ ਕਰਦੇ ਹਨ।

ਸਵੈ ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions)–

4. ਮਾਰਸ਼ਲ ਦੇ ਅਨੁਸਾਰ ਕੂਰਨੋ ਮਾਡਲ ਕੋਈ ਸਾਰਿਆਂ ਦੇ ਮੰਨਣਯੋਗ ਹੱਲ ਦੇਣ ਵਿੱਚ ਹੈ–

(ਅ) ਸਮਰੱਥ (ਬ) ਅਸਮਰੱਥ (ਸ) ਪ੍ਰਯਾਸਰਤ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

5. ਪ੍ਰਤੀਕਿਰਿਆ ਵਕ੍ਰ ਵਿਸ਼ਲੇਸ਼ਣ ਕੂਰਨੋ ਮਾਡਲ ਦਾ ਸਥਿਰ ਅਤੇ ..... ਸੰਤੁਲਨ ਜਾਨਣ ਵਿੱਚ ਸਹਾਇਕ ਹੈ।

(ਅ) ਅਦਿੱਤਯ (ਬ) ਵਕ੍ਰ (ਸ) ਲਾਗਤ (ਦ) ਸੀਮਿਤ

6. ਪ੍ਰੋ. ਮੈਕਲਪ ਦੇ ਏਕਾਧਿਕਾਰੀਆਂ ਦੀਆਂ ਸ਼੍ਰੇਣੀਆਂ ਹਨ–

(ਅ) ਵਿਸਤ੍ਰਿਤ (ਬ) ਦੋ (ਸ) ਚਾਰ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

7. ਕੂਰਨੋ ਮਾਡਲ ਦੀ ਆਲੋਚਨਾ ਅਨੁਸਾਰ, ਕੂਰਨੋ ਦਾ ਹੱਲ–

(ਅ) ਗਲਤ (ਬ) ਅਸਲੀ (ਸ) ਜ਼ੀਰੋ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

ਮਾਡਲ (The Model)

ਇਹ ਮਾਨਤਾਵਾਂ ਦਿੱਤੀਆਂ ਹੋਣ 'ਤੇ ਏਕਾਧਿਕਾਰਾਤਮਕ ਮਾਰਕੀਟ ਵਿੱਚ ਕੀਮਤ-ਉਤਪਾਦਨ ਸਬੰਧ ਦੀ ਚਿੱਤਰ 16.3 ਵਿੱਚ ਵਿਆਖਿਆ ਕੀਤੀ ਗਈ ਹੈ। ਚਿੱਤਰ ਵਿੱਚ KPD ਇਕ ਅੰਕਿਤ ਮੰਗ ਵਕ੍ਰ ਹੈ ਅਤੇ OP_0 ਘੱਟ ਅਧਿਕਾਰ ਮਾਰਕੀਟ ਵਿੱਚ ਇਕ ਵਿਕਰੇਤਾ ਦੀ ਵਰਤਮਾਨ ਕੀਮਤ ਹੈ। OR ਮਾਤਰਾ ਦੇ ਲਈ ਵਰਤਮਾਨ ਕੀਮਤ OP_0 ਦੇ ਅਨੁਰੂਪ P ਤੋਂ ਸ਼ੁਰੂ ਕਰਕੇ, ਇਸ ਤੋਂ ਉਪਰ ਕੀਮਤ ਵਿੱਚ ਕੋਈ ਵੀ ਵਾਧਾ ਉਸ ਦੇ ਵਿਕਰੀ ਨੂੰ ਕਾਫੀ ਮਾਤਰਾ ਵਿੱਚ ਘਟਾ ਦੇਵੇਗੀ, ਕਿਉਂਕਿ ਇਹ ਉਮੀਦ ਨਹੀਂ ਕੀਤੀ

ਨੋਟ

ਜਾਂਦੀ ਹੈ ਕਿ ਉਸ ਦੇ ਪ੍ਰਤੀਦੰਦੀ ਉਸ ਦੇ ਕੀਮਤ ਵਾਧੇ ਦਾ ਅਨੁਕਰਣ ਕਰਨਗੇ। ਇਸ ਦਾ ਕਾਰਨ ਇਹ ਹੈ ਕਿ ਕਿੰਕਿਤ ਮੰਗ ਵਕ੍ਰ ਦਾ KP ਭਾਗ ਲੋਚਦਾਰ ਹੈ ਅਤੇ ਉਸ ਦੇ ਅਨੁਰੂਪ MR ਵਕ੍ਰ ਦਾ KA ਭਾਗ ਧਨਾਤਮਕ (Positive) ਹੈ। ਇਸ ਲਈ ਕੀਮਤ ਵਾਧੇ ਨਾਲ ਉਸ ਦੀ ਕੁੱਲ ਵਿਕਰੀ ਹੀ ਨਹੀਂ, ਉਸ ਦਾ ਕੁੱਲ ਆਗਮ ਅਤੇ ਲਾਭ ਵੀ ਘੱਟ ਹੋ ਜਾਵੇਗਾ।

ਦੂਸਰੇ ਪਾਸੇ ਜੇਕਰ ਵਿਕਰੇਤਾ ਆਪਣੀ ਵਸਤੂ ਦੀ ਕੀਮਤ ਘਟਾ ਕੇ OP_0 (=P) ਤੋਂ ਹੇਠਾਂ ਲੈ ਜਾਂਦਾ ਹੈ ਤਾਂ ਉਸ ਦੇ ਪ੍ਰਤੀਦੰਦੀ ਵੀ ਆਪਣੀ ਕੀਮਤਾਂ ਘੱਟ ਕਰ ਦੇਣਗੇ, ਜਦੋਂ ਕਿ ਉਸ ਦੀ ਵਿਕਰੀ ਵੱਧ ਜਾਵੇਗੀ, ਫਿਰ ਵੀ ਉਸ ਦਾ ਲਾਭ ਪਹਿਲਾਂ ਨਾਲੋਂ ਘੱਟ ਹੋਵੇਗਾ। ਇਸ ਦਾ ਕਾਰਨ ਇਹ ਹੈ ਕਿ P ਤੋਂ ਹੇਠਾਂ ਅੰਕਿਤ ਮੰਗ ਵਕ੍ਰ ਦਾ PD ਭਾਗ ਘੱਟ ਲੋਚਦਾਰ ਹੈ ਅਤੇ ਉਸ ਦੇ ਅਨੁਰੂਪ ਸੀਮਿਤ ਆਗਮ ਵਕ੍ਰ ਦਾ R ਤੋਂ ਹੇਠਾਂ ਦਾ ਭਾਗ ਰਣਾਤਮਕ (Negative) ਹੈ। ਇਸ ਤਰ੍ਹਾਂ ਕੀਮਤ ਵਧਾਉਣ ਅਤੇ ਘਟਾਉਣ ਦੀਆਂ ਦੋਵਾਂ ਸਥਿਤੀਆਂ ਵਿੱਚ ਵਿਕਰੇਤਾ ਨੂੰ ਨੁਕਸਾਨ ਹੁੰਦਾ ਹੈ। ਉਹ ਵਰਤਮਾਨ ਮਾਰਕੀਟ ਕੀਮਤ OP_0 'ਤੇ ਰਹੇਗਾ ਜੋ ਕਿ ਸਥਿਰ (Rigid) ਰਹਿੰਦੀ ਹੈ।



ਚਿੱਤਰ 16.3

ਕਿੰਕਿਤ ਮੰਗ ਵਕ੍ਰ ਦੇ ਕੰਮ ਕਰਨ ਨੂੰ ਸਮਝਣ ਦੇ ਲਈ ਹੁਣ ਅਸੀਂ ਘੱਟ ਅਧਿਕਾਰ ਮਾਰਕੀਟ ਵਿੱਚ ਕੀਮਤ ਸਥਿਰ 'ਤੇ ਲਾਗਤ ਅਤੇ ਮੰਗ ਸਥਿਤੀਆਂ 'ਤੇ ਪਰਿਵਰਤਨ ਦੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਦੇ ਹਾਂ।

ਲਾਗਤਾਂ ਵਿੱਚ ਪਰਿਵਰਤਨ (Changes in Costs)– ਘੱਟ ਅਧਿਕਾਰ ਵਿੱਚ ਕਿੰਕਿਤ ਮੰਗ ਵਕ੍ਰ ਵਿਸ਼ਲੇਸ਼ਣ ਦੇ ਅਧੀਨ ਇਕ ਨਿਸ਼ਚਿਤ ਹੱਦ ਵਿੱਚ ਲਾਗਤ ਪਰਿਵਰਤਨ ਵਰਤਮਾਨ ਕੀਮਤ ਨੂੰ ਪ੍ਰਭਾਵਿਤ ਨਹੀਂ ਕਰਦੇ। ਮੰਨ ਲਓ ਕਿ ਉਤਪਾਦਨ ਦੀ ਲਾਗਤ ਘੱਟ ਹੋ ਜਾਂਦੀ ਹੈ, ਜਿਸ ਨਾਲ ਨਵਾਂ MC ਵਕ੍ਰ ਸੱਜੇ ਵੱਲ MC_1 'ਤੇ ਚਲਾ ਜਾਂਦਾ ਹੈ, ਜਿਵੇਂ ਕਿ ਚਿੱਤਰ 16.4 ਵਿੱਚ ਦਿਖਾਇਆ ਗਿਆ ਹੈ। ਇਹ AB ਅੰਤਰ ਵਿੱਚ MR ਵਕ੍ਰ ਨੂੰ ਕੱਟਦਾ ਹੈ, ਜਿਸ ਨਾਲ ਲਾਭ ਜ਼ਿਆਦਾ ਉਤਪਾਦਨ OR ਹੈ, ਜਿਸ ਨੂੰ OP_0 ਕੀਮਤ 'ਤੇ ਵੇਚਿਆ ਜਾ ਸਕਦਾ ਹੈ। ਇਹ ਧਿਆਨ ਰਹੇ ਕਿ ਕੀਮਤ ਚਾਹੇ ਕਿੰਨੀ ਵੀ ਘੱਟ ਹੋ ਜਾਵੇ, ਨਵਾਂ MC ਵਕ੍ਰ MR ਵਕ੍ਰ ਨੂੰ ਹਮੇਸ਼ਾ 'ਅੰਤਰ' ਵਿੱਚ ਕੱਟੇਗਾ, ਕਿਉਂਕਿ ਜਿਉਂ-ਜਿਉਂ ਕੀਮਤਾਂ ਡਿੱਗਦੀਆਂ ਹਨ, ਅੰਤਰ AB ਦੋ ਕਾਰਨਾਂ ਨਾਲ ਜ਼ਿਆਦਾ ਚੌੜਾ ਹੁੰਦਾ ਜਾਂਦਾ ਹੈ। (i) ਜਿਵੇਂ-ਜਿਵੇਂ ਲਾਗਤਾਂ ਡਿੱਗਦੀਆਂ ਹਨ, ਉਵੇਂ-ਉਵੇਂ ਮੰਗ ਵਕ੍ਰ ਦਾ KP ਭਾਗ ਜ਼ਿਆਦਾ ਲੋਚਦਾਰ ਹੋ ਜਾਂਦਾ ਹੈ, ਕਿਉਂਕਿ ਇਹ ਜ਼ਿਆਦਾ ਨਿਸ਼ਚਿਤ ਹੈ ਕਿ ਇਕ ਵਿਕਰੇਤਾ ਵੱਲੋਂ ਕੀਤੇ ਗਏ ਕੀਮਤ ਵਾਧੇ ਦਾ ਅਨੁਕਰਣ ਇਸ ਦੇ ਪ੍ਰਤੀਦੰਦੀ ਨਹੀਂ ਕਰਨਗੇ ਅਤੇ ਇਸ ਦੀ ਵਿਕਰੀ ਬਹੁਤ ਘੱਟ ਜਾਵੇਗੀ। (ii) ਲਾਗਤਾਂ ਵਿੱਚ ਕਮੀ ਹੋਣ ਨਾਲ ਕਿੰਕਿਤ ਵਕ੍ਰ ਦਾ ਹੇਠਲਾ ਭਾਗ PD ਪਹਿਲਾਂ ਤੋਂ ਜ਼ਿਆਦਾ

ਬੇਲੋਚਦਾਰ ਹੋਵੇਗਾ, ਕਿਉਂਕਿ ਇਹ ਜ਼ਿਆਦਾ ਨਿਸ਼ਚਿਤ ਹੈ ਕਿ ਇਕ ਵਿਕਰੇਤਾ ਵੱਲੋਂ ਕੀਤੀ ਗਈ ਕੀਮਤ ਵਿੱਚ ਕਮੀ ਦੇ ਅਨੁਕਰਣ ਵਿੱਚ ਹੋਰ ਵਿਕਰੇਤਾ ਵੀ ਕੀਮਤ ਘੱਟ ਕਰ ਦੇਣਗੇ।

ਇਸ ਲਈ ਕੋਣ KPD ਬਿੰਦੂ P 'ਤੇ ਸਮਕੋਣ ਬਣਨ ਲੱਗਦਾ ਹੈ ਅਤੇ AB ਅੰਤਰ ਵੱਧ ਜਾਂਦਾ ਹੈ, ਜਿਸ ਨਾਲ ਬਿੰਦੂ A ਤੋਂ ਹੇਠਾਂ ਕੋਈ ਵੀ MC ਵਕ੍ਰ MR ਨੂੰ ਅੰਤਰ ਦੇ ਅੰਦਰ ਹੀ ਕੱਟੇਗਾ। ਕੁੱਲ ਨਤੀਜਾ ਇਹ ਹੁੰਦਾ ਹੈ ਕਿ ਉਸੇ ਕੀਮਤ OP_0 'ਤੇ ਉੰਨਾ ਹੀ ਉਤਪਾਦਨ OR ਰਹਿੰਦਾ ਹੈ ਅਤੇ ਏਕਾਧਿਕਾਰਾਤਮਕ ਵਿਕਰੇਤਾਵਾਂ ਨੂੰ ਜ਼ਿਆਦਾ ਲਾਭ ਪ੍ਰਾਪਤ ਹੁੰਦੇ ਹਨ।

ਨੋਟ



ਚਿੱਤਰ 16.4



ਚਿੱਤਰ 16.5

ਜੇਕਰ ਉਤਪਾਦਨ ਦੀ ਲਾਗਤ ਵੱਧ ਜਾਵੇ ਤਾਂ ਸੀਮਿਤ ਲਾਗਤ ਵਕ੍ਰ ਪੁਰਾਣੇ MC ਵਕ੍ਰ ਦੇ ਖੱਬੇ ਨੂੰ MC_2 'ਤੇ ਚਲਾ ਜਾਂਦਾ ਹੈ, ਜਦ ਤੱਕ ਉਚਾ MC ਬਿੰਦੂ A ਬਿੰਦੂ ਤੱਕ ਅੰਤਰ ਦੇ ਅੰਦਰ MR ਵਕ੍ਰ ਨੂੰ ਕੱਟਦਾ ਹੈ, ਕੀਮਤ-ਸਥਿਤੀ ਸਥਿਰ ਰਹੇਗੀ। ਇੱਥੇ ਲਾਗਤਾਂ ਵਿੱਚ ਵਾਧਾ ਹੋਣ ਨਾਲ ਕੀਮਤ ਅਨਿਸ਼ਚਿਤ ਸਮੇਂ ਦੇ ਲਈ ਸਥਿਰ ਨਹੀਂ ਰਹਿ ਸਕਦੀ ਅਤੇ ਜੇਕਰ MC ਵਕ੍ਰ ਬਿੰਦੂ A ਤੋਂ ਉਪਰ ਚਲਾ ਜਾਵੇ ਤਾਂ ਉਹ MR ਵਕ੍ਰ ਨੂੰ KA ਭਾਗ ਵਿੱਚ ਕੱਟੇਗਾ, ਜਿਸ ਨਾਲ ਘੱਟ ਮਾਤਰਾ ਜ਼ਿਆਦਾ ਕੀਮਤ 'ਤੇ ਵੇਚੀ ਜਾਵੇਗੀ। ਸਿੱਟਾ ਇਹ ਹੈ ਕਿ ਘੱਟ ਅਧਿਕਾਰ ਵਿੱਚ ਕੀਮਤ ਸਥਿਰਤਾ ਹੋ ਸਕਦੀ ਹੈ, ਜਦੋਂ ਲਾਗਤਾਂ ਵਿੱਚ ਪਰਿਵਰਤਨ ਹੁੰਦੇ ਹਨ, ਜਦੋਂ ਤੱਕ MR ਵਕ੍ਰ ਨੂੰ MC ਵਕ੍ਰ ਉਸ ਦੇ ਅਨਿਰੰਤਰ ਭਾਗ ਵਿੱਚ ਕੱਟਦਾ ਹੈ ਪਰ ਕੀਮਤ ਸਥਿਰਤਾ ਦੇ ਪਾਏ ਜਾਣ ਦੀ ਸੰਭਾਵਨਾ ਵੱਧਦੀਆਂ ਲਾਗਤਾਂ ਦੀ ਤੁਲਨਾ ਵਿੱਚ ਘੱਟਦੀਆਂ ਲਾਗਤਾਂ ਵਿੱਚ ਜ਼ਿਆਦਾ ਹੁੰਦੀ ਹੈ।

ਮੰਗ ਵਿੱਚ ਪਰਿਵਰਤਨ (Changes in Demand)– ਹੁਣ ਅਸੀਂ ਚਿੱਤਰ 16.5 ਦੀ ਸਹਾਇਤਾ ਨਾਲ ਮੰਗ ਵਿੱਚ ਪਰਿਵਰਤਨ ਦੇ ਨਾਲ ਕੀਮਤ ਸਥਿਰਤਾ ਦੀ ਵਿਆਖਿਆ ਕਰਾਂਗੇ। D_2 ਮੂਲ ਮੰਗ ਵਕ੍ਰ ਹੈ, MR_2 ਇਸ ਦੇ ਅਨੁਰੂਪ ਸੀਮਿਤ ਆਗਮ ਵਕ੍ਰ ਅਤੇ MC ਸੀਮਿਤ ਲਾਗਤ ਵਕ੍ਰ ਹੈ। ਮੰਨ ਲਓ ਕਿ ਮੰਗ ਵਿੱਚ ਕਮੀ ਹੋ ਜਾਂਦੀ ਹੈ, ਜਿਸ ਨੂੰ D_1 ਵਕ੍ਰ ਪ੍ਰਗਟ ਕਰਦਾ ਹੈ ਅਤੇ MR_1 ਇਸ ਦਾ ਸੀਮਿਤ ਆਗਮ ਵਕ੍ਰ ਹੈ, ਜਦੋਂ ਮੰਗ ਘੱਟ ਹੋ ਜਾਂਦੀ ਹੈ ਤਾਂ ਇਕ ਵਿਕਰੇਤਾ ਕੀਮਤ ਘੱਟ ਕਰ ਦਿੰਦਾ ਹੈ ਅਤੇ ਉਸ ਦੀ ਕੀਮਤ ਘਟਾਉਣ ਦੀ ਇਸ ਚਾਲ ਦਾ ਉਸ ਦੇ ਪ੍ਰਤੀਦੰਦੀ ਅਨੁਕਰਣ ਕਰਦੇ ਹਨ। ਇਸ ਨਾਲ ਨਵੇਂ ਮੰਗ ਵਕ੍ਰ ਦਾ ਹੇਠਲਾ ਭਾਗ LD_1 ਪੁਰਾਣੇ ਮੰਗ ਵਕ੍ਰ ਦੇ ਹੇਠਲੇ ਭਾਗ HD_2 ਨੂੰ ਤੁਲਨਾ ਵਿੱਚ ਜ਼ਿਆਦਾ ਬੇਲੋਚਦਾਰ ਬਣ ਜਾਂਦਾ ਹੈ। ਇਹ L 'ਤੇ ਬਣੇ ਕੋਣ ਨੂੰ ਸਮਕੋਣ ਦੇ ਨੇੜੇ ਪਹੁੰਚਾ ਦੇਵੇਗਾ। ਨਤੀਜਾ ਇਹ ਹੋਵੇਗਾ ਕਿ MR_2 ਵਕ੍ਰ ਦੇ AB ਅੰਤਰ ਦੀ ਤੁਲਨਾ ਵਿੱਚ MR_1 ਵਕ੍ਰ ਦਾ EF ਅੰਤਰ ਜ਼ਿਆਦਾ ਵੱਡਾ ਹੋ ਜਾਵੇਗਾ। ਇਸ ਲਈ ਸੀਮਿਤ ਲਾਗਤ ਵਕ੍ਰ MC ਹੇਠਾਂ ਦੇ ਸੀਮਿਤ ਆਗਮ ਵਕ੍ਰ MR_1 ਨੂੰ ਅੰਤਰ EF ਦੇ ਅੰਦਰ ਕੱਟੇਗਾ। ਇਸ ਤਰ੍ਹਾਂ ਇਹ ਪ੍ਰਗਟ ਹੁੰਦਾ ਹੈ ਕਿ ਘੱਟ ਅਧਿਕਾਰ ਉਦਯੋਗ ਵਿੱਚ ਮੰਗ ਘੱਟ ਹੋਣ 'ਤੇ ਵੀ ਇਕ ਸਥਿਰ ਕੀਮਤ ਰਹਿੰਦੀ ਹੈ, ਕਿਉਂਕਿ ਦੋਵਾਂ ਮੰਗ ਵਕ੍ਰਾਂ ਦੇ ਕਿੰਕਿਤ H ਅਤੇ L ਦਾ ਪੱਧਰ ਬਰਾਬਰ ਹੈ, ਇਸ ਲਈ ਮੰਗ ਵਿੱਚ ਕਮੀ ਤੋਂ ਬਾਅਦ ਵੀ ਉਹੀ ਕੀਮਤ OP ਕਾਇਮ ਰਹਿੰਦੀ ਹੈ ਪਰ ਉਤਪਾਦਨ ਪੱਧਰ OQ_1 ਤੋਂ ਘੱਟ ਕੇ OQ_2 ਹੋ ਜਾਂਦਾ ਹੈ।

ਟਾਸਕ ਸਿਵਜੀ ਦੇ ਕਿੰਕਿਤ ਮੰਗ ਵਕ੍ਰ ਮਾਡਲ 'ਤੇ ਆਪਣੇ ਵਿਚਾਰ ਪ੍ਰਗਟ ਕਰੋ।

ਇਸ ਸਥਿਤੀ ਨੂੰ ਉਲਟਾ ਕੇ ਮੰਗ ਵਿੱਚ ਵਾਧੇ ਨੂੰ D_1 ਅਤੇ MR_1 ਮੂਲ ਮੰਗ ਅਤੇ ਸੀਮਿਤ ਆਗਮ ਵਕ੍ਰ ਅਤੇ D_2 ਅਤੇ MR_2 ਉਚੇ ਮੰਗ ਅਤੇ ਸੀਮਿਤ ਆਗਮ ਵਕ੍ਰ ਮੰਨ ਕੇ ਦਿਖਾਇਆ ਜਾ ਸਕਦਾ ਹੈ। ਇਸ ਵਿੱਚ OP ਕੀਮਤ ਕਾਇਮ ਰਹਿੰਦੀ ਹੈ ਪਰ ਉਤਪਾਦਨ OQ_1 ਤੋਂ ਵੱਧ ਕੇ OQ_2 ਹੋ ਜਾਂਦਾ ਹੈ। ਜਦੋਂ ਤੱਕ MR ਵਕ੍ਰਾਂ ਨੂੰ MC ਵਕ੍ਰ ਅਨਿਰੰਤਰ ਹਿੱਸੇ ਵਿੱਚ ਕੱਟਦਾ ਹੈ, ਕੀਮਤ ਸਥਿਰਤਾ ਹੋਵੇਗਾ। ਜਦੋਂ ਮੰਗ ਵੱਧ ਜਾਂਦੀ ਹੈ ਤਾਂ ਇਕ ਵਿਕਰੇਤਾ ਆਪਣੀ ਕੀਮਤ ਨੂੰ ਵਧਾਉਣਾ ਚਾਹੇਗਾ ਅਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਦੂਸਰੇ ਉਸ ਦਾ ਅਨੁਕਰਣ ਕਰਨਗੇ। ਇਸ ਨਾਲ ਪੁਰਾਣੇ ਮੰਗ ਵਕ੍ਰ ਦੇ NL ਭਾਗ ਦੀ ਤੁਲਨਾ ਵਿੱਚ ਨਵੇਂ ਮੰਗ ਵਕ੍ਰ ਦਾ

ਨੋਟ

ਉਪਰਲਾ ਭਾਗ MH ਲੋਚਦਾਰ ਹੋ ਜਾਵੇਗਾ। ਇਸ ਲਈ H 'ਤੇ ਸਥਿਤ ਕੋਣ ਇਕ ਅਧਿਕੋਣ, ਜੋ ਸਮਕੋਣ ਤੋਂ ਦੂਰ ਹੈ, ਬਣ ਜਾਂਦਾ ਹੈ। MR_2 ਵਕ੍ਰ ਵਿੱਚ AB ਅੰਤਰ ਘੱਟ ਹੋ ਜਾਂਦਾ ਹੈ ਅਤੇ MC ਵਕ੍ਰ MR_2 ਨੂੰ ਅੰਤਰ ਤੋਂ ਉਪਰ ਕੱਟਦਾ ਹੈ ਜੋ ਮੁਕਾਬਲਤਨ ਉਚੀ ਕੀਮਤ ਨੂੰ ਪ੍ਰਗਟ ਕਰਦਾ ਹੈ। ਹਾਂ ਜੇਕਰ ਸੀਮਿਤ ਲਾਗਤ ਵਕ੍ਰ MR_2 ਦੇ ਅੰਤਰ ਵਿੱਚੋਂ ਲੰਘੇ ਤਾਂ ਕੀਮਤ ਸਥਿਰਤਾ ਹੁੰਦੀ ਹੈ।

ਕੀਮਤ ਸਥਿਰਤਾ ਦੇ ਕਾਰਨ (Reasons for Price Stability)

ਕੁਝ ਘੱਟ ਅਧਿਕਾਰ ਮਾਰਕੀਟਾਂ ਵਿੱਚ ਕੀਮਤ ਸਥਿਰਤਾ ਦੇ ਕਈ ਕਾਰਨ ਹੁੰਦੇ ਹਨ–

ਪਹਿਲਾ, ਹੋ ਸਕਦਾ ਹੈ ਕਿ ਘੱਟ ਅਧਿਕਾਰ ਉਦਯੋਗ ਦੇ ਵਿਕਰੇਤਾਵਾਂ ਨੇ ਅਨੁਭਵ ਨਾਲ ਇਹ ਸਿੱਖ ਲਿਆ ਹੋਵੇ ਕਿ ਕੀਮਤ ਯੁੱਧ ਬੇਕਾਰ ਹੈ ਅਤੇ ਇਸ ਲਈ ਉਹ ਕੀਮਤ ਸਥਿਰਤਾ ਨੂੰ ਅਧਿਮਾਨ ਦੇਣ ਲੱਗੇ ਹੋਣ।

ਦੂਸਰਾ, ਹੋ ਸਕਦਾ ਹੈ ਕਿ ਉਹ ਵਰਤਮਾਨ ਕੀਮਤਾਂ, ਉਤਪਾਦਨਾਂ ਅਤੇ ਲਾਭਾਂ ਤੋਂ ਸੰਤੁਸ਼ਟ ਹੋਣ ਅਤੇ ਗੈਰ–ਜ਼ਰੂਰੀ ਅਨਿਸ਼ਚਿਤਤਾ ਅਤੇ ਅਸੁਰੱਖਿਆ ਵਿੱਚ ਉਲਝਣ ਤੋਂ ਬਚਣਾ ਚਾਹੁੰਦੇ ਹੋਣ।

ਤੀਸਰਾ, ਸੰਭਵ ਹੈ ਕਿ ਨਵੀਆਂ ਫਰਮਾਂ ਨੂੰ ਉਦਯੋਗ ਵਿੱਚ ਆਉਣ ਤੋਂ ਰੋਕਣ ਲਈ ਉਹ ਵਰਤਮਾਨ ਕੀਮਤ–ਪੱਧਰ 'ਤੇ ਰਹਿਣ ਲਈ ਅਧਿਮਾਨ ਦੇਣ।

ਚੌਥਾ, ਵਿਕਰੇਤਾ ਕੀਮਤ ਨੂੰ ਘਟਾਉਣ ਦੀ ਥਾਂ ਵਰਤਮਾਨ ਕੀਮਤ 'ਤੇ ਆਪਣੀ ਵਿਕਰੀ ਵਧਾਉਣ ਦੇ ਯਤਨਾਂ ਨੂੰ ਤੇਜ਼ ਕਰ ਸਕਦੇ ਹਨ।

ਹੋ ਸਕਦਾ ਹੈ ਕਿ ਉਹ ਕੀਮਤ ਸਪ੍ਰਧਾ ਦੇ ਮੁਕਾਬਲੇ **ਕੀਮਤ-ਰਹਿਤ** ਪ੍ਰਤੀਯੋਗਤਾ (Non-Price Competition) ਨੂੰ ਚੰਗਾ ਸਮਝਣ।

ਪੰਜਵਾਂ, ਆਪਣੀ ਵਸਤੂ ਦੇ ਇਸ਼ਤਿਹਾਰ 'ਤੇ ਮੁਦਰਾ ਦੀ ਵੱਡੀ ਮਾਤਰਾ ਖਰਚ ਕਰਨ ਤੋਂ ਬਾਅਦ ਕੀਮਤ ਨੂੰ ਇਸ ਲਈ ਨਾ ਵਧਾਉਣਾ ਚਾਹੁਣ ਕਿ ਉਹ ਆਪਣੀ ਸਖਤ ਮਿਹਨਤ ਦੇ ਫਲ ਤੋਂ ਵਾਂਝੇ ਨਾ ਹੋ ਜਾਣ। ਸੁਭਾਵਿਕ ਹੈ ਕਿ ਉਹ ਵਸਤੂ ਦੀ ਵਰਤਮਾਨ ਕੀਮਤ 'ਤੇ ਰਹਿਣਾ ਚਾਹੁਣਗੇ।

ਛੇਵਾਂ, ਜੇਕਰ ਸਮਝੌਤੇ ਜਾਂ ਗੁੱਟਬੰਦੀ ਦੇ ਮਾਧਿਅਮ ਨਾਲ ਇਕ ਸਥਿਰ ਕੀਮਤ ਨੀਯਤ ਕਰ ਦਿੱਤੀ ਗਈ ਹੈ ਤਾਂ ਕੋਈ ਵੀ ਵਿਕਰੇਤਾ ਇਸ ਨੂੰ ਇਸ ਡਰ ਤੋਂ ਕੀਮਤ ਨੂੰ ਨਹੀਂ ਛੱਡੇਗਾ ਕਿ ਕਿਤੇ ਫਿਰ ਖੁੱਲ੍ਹਾ ਕੀਮਤ ਯੁੱਧ ਨਾਲ ਛਿੜ ਜਾਵੇ ਅਤੇ ਇਸ ਤਰ੍ਹਾਂ ਉਹ ਖੁਦ ਅਨਿਸ਼ਚਿਤਤਾ ਅਤੇ ਅਸੁਰੱਖਿਆ ਦੀ ਦਲਦਲ ਵਿੱਚ ਨਾ ਫਸ ਜਾਵੇ।

ਆਖਰੀ, ਘੱਟ ਅਧਿਕਾਰ ਮਾਰਕੀਟ ਵਿੱਚ ਕਿੰਕਿਤ ਮੰਗ ਵਕ੍ਰ ਵਿਸ਼ਲੇਸ਼ਣ ਕੀਮਤ ਸਥਿਰਤਾ ਲਿਆਉਂਦਾ ਹੈ।

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚੋਂ ਸਹੀ/ਗਲਤ ਲੱਭੋ

(State whether the following statements are True/False)–

8. ਹਰੇਕ ਵਿਕਰੇਤਾ ਦਾ ਵਿਵਹਾਰ ਆਪਣੇ ਪ੍ਰਤੀਦੰਦੀਆਂ 'ਤੇ ਨਿਰਭਰ ਕਰਦਾ ਹੈ।
9. ਘੱਟ ਅਧਿਕਾਰ ਮਾਰਕੀਟ ਵਿੱਚ ਕਿੰਕਿਤ ਮੰਗ ਵਕ੍ਰ ਵਿਸ਼ਲੇਸ਼ਣ ਕੀਮਤ ਅਸਥਿਰਤਾ ਲਿਆਉਂਦਾ ਹੈ।
10. ਵਿਕਰੇਤਾ ਕੀਮਤ ਨੂੰ ਘਟਾਉਣ ਦੀ ਥਾਂ ਵਰਤਮਾਨ ਕੀਮਤ 'ਤੇ ਆਪਣੀ ਵਿਕਰੀ ਵਧਾਉਣ ਦੇ ਯਤਨਾਂ ਨੂੰ ਤੇਜ਼ ਕਰ ਸਕਦੇ ਹਨ।
11. ਵਿਕਰੀ ਹਮੇਸ਼ਾ ਸੂਚੀ ਕੀਮਤਾਂ ਦੇ ਅਨੁਸਾਰ ਨਹੀਂ ਹੁੰਦੀ।
12. ਕਿੰਕਿਤ ਮੰਗ ਵਕ੍ਰ ਦੋ ਮਾਨਤਾਵਾਂ 'ਤੇ ਅਧਾਰਿਤ ਹੈ।

ਇਸ ਦੀਆਂ ਕਮੀਆਂ (Its Shortcomings)

ਪਰ ਘੱਟ ਅਧਿਕਾਰ ਕੀਮਤ ਨਿਰਧਾਰਣ ਵਿੱਚ ਕਿੰਕਿਤ ਮੰਗ ਵਕ੍ਰ ਦਾ ਸਿਧਾਂਤ ਦੋਸ਼ਾਂ ਤੋਂ ਰਹਿਤ ਨਹੀਂ ਹੈ।

(1) ਜੇਕਰ ਅਸੀਂ ਇਸ ਦੀਆਂ ਸਾਰੀਆਂ ਮਾਨਤਾਵਾਂ ਨੂੰ ਸਵੀਕਾਰ ਵੀ ਕਰ ਲਈਏ ਤਾਂ ਇਹ ਸੰਭਵ ਨਹੀਂ ਹੈ ਕਿ ਸੀਮਿਤ ਆਗਮ ਵਕ੍ਰ ਵਿੱਚ ਅੰਤਰ ਇੰਨਾ ਵੱਡਾ ਹੋਵੇਗਾ ਕਿ ਸੀਮਿਤ ਲਾਗਤ ਵਕ੍ਰ ਉਸ ਵਿੱਚੋਂ ਲੰਘ ਸਕੇ। ਮੰਗ ਜਾਂ ਲਾਗਤ ਵਿੱਚ ਕਮੀ ਹੋਣ ਦੀ ਸਥਿਤੀਆਂ ਵਿੱਚ ਵੀ ਇਹ ਘੱਟ ਸਕਦਾ ਹੈ, ਜਿਸ ਨਾਲ ਕੀਮਤ ਅਸਥਿਰ ਹੋ ਜਾਵੇਗੀ।

(2) ਸਟਿੱਗਲਰ ਦੇ ਅਨੁਸਾਰ ਇਸ ਦੀ ਇਕ ਵੱਡੀ ਕਮੀ ਇਹ ਹੈ ਕਿ "ਸਿਧਾਂਤ ਇਹ ਨਹੀਂ ਦੱਸਦਾ ਕਿ ਉਹ ਕੀਮਤਾਂ ਜਿਨ੍ਹਾਂ ਵਿੱਚ ਪਰਿਵਰਤਨ ਹੋਇਆ ਹੈ, ਫਿਰ ਤੋਂ ਕਿਉਂ ਸਥਿਰ ਹੋ ਜਾਂਦੀਆਂ ਹਨ ਅਤੇ ਸਥਿਰਤਾ ਕਿਉਂ ਪ੍ਰਾਪਤ ਕਰਦੀਆਂ ਹਨ ਅਤੇ ਹੌਲੀ–ਹੌਲੀ ਇਕ ਨਵਾਂ ਕਿੰਕ ਕਿਉਂ ਬਣਾਉਂਦੀਆਂ ਹਨ।" ਉਦਾਹਰਣ ਦੇ ਤੌਰ 'ਤੇ ਚਿੱਤਰ 16.4 ਵਿੱਚ ਕਿੰਕ P 'ਤੇ ਬਣਦਾ ਹੈ, ਕਿਉਂਕਿ OP_0 ਵਰਤਮਾਨ ਕੀਮਤ ਹੈ ਪਰ ਸਿਧਾਂਤ ਸਾਨੂੰ ਇਹ ਨਹੀਂ ਦੱਸਦਾ ਕਿ OP_0 ਕੀਮਤ ਕਿਵੇਂ ਸਥਾਪਿਤ ਹੋਈ।

ਨੋਟ

(3) ਕੀਮਤ ਸਥਿਰਤਾ ਸ਼ਕਤੀਸ਼ਾਲੀ ਹੋ ਸਕਦੀ ਹੈ, ਕਿਉਂਕਿ ਉਹ ਮਾਰਕੀਟ ਦੇ ਅਸਲੀ ਵਿਵਹਾਰ 'ਤੇ ਅਧਾਰਿਤ ਨਹੀਂ ਹੈ। ਵੇਚਣਾ ਹਮੇਸ਼ਾ ਸੂਚੀ ਕੀਮਤਾਂ ਦੇ ਅਨੁਸਾਰ ਨਹੀਂ ਹੁੰਦਾ। ਭਾਵ ਪ੍ਰਚਾਰ-ਪਟ 'ਤੇ ਲੱਗੀਆਂ ਕੀਮਤਾਂ ਤੋਂ ਵੱਖ-ਵੱਖ ਕੀਮਤਾਂ ਲਈਆਂ ਜਾਂਦੀਆਂ ਹਨ ਜਿਵੇਂ ਕਮਿਸ਼ਨ ਜਾਂ ਛੂਟ ਦੇ ਕੇ। ਘੱਟ ਅਧਿਕਾਰੀ ਵਿਕਰੇਤਾ ਬ੍ਰਾਹਮ ਤੌਰ 'ਤੇ ਕੀਮਤ ਸਥਿਰ ਰੱਖ ਸਕਦਾ ਹੈ ਪਰ ਵਸਤੂ ਦੀ ਮਾਤਰਾ ਜਾਂ ਕੁਆਲਿਟੀ ਨੂੰ ਘੱਟ ਕਰਕੇ ਅਤੇ ਕੀਮਤ ਸਥਿਰਤਾ ਵਹਿਮ ਭਰਪੂਰ ਹੈ।

(4) ਫਿਰ ਕਈ ਵਸਤੂਆਂ ਜੋ ਕੀਮਤਾਂ ਨੂੰ ਦਰਸਾਉਂਦੀਆਂ ਹਨ, ਉਨ੍ਹਾਂ ਲਈ ਅਸਲੀ ਵੇਚ ਕੀਮਤਾਂ ਨੂੰ ਸੰਖਿਅਕ ਤੌਰ 'ਤੇ ਇਕੱਠਾ ਕਰਨਾ ਸੰਭਵ ਨਹੀਂ ਹੈ। ਇਸ ਲਈ ਇਸ ਵਿੱਚ ਨਿਸ਼ਚਿਤ ਹੀ ਹੈ ਘੱਟ ਅਧਿਕਾਰ ਵਿੱਚ ਕੀਮਤ ਸਥਿਰਤਾ ਅਸਲੀ ਰੂਪ ਵਿੱਚ ਪਾਈ ਜਾਂਦੀ ਹੈ।

(5) ਕਿੰਕਿਤ ਮੰਗ ਵਕ੍ਰ ਦੋ ਮਾਨਤਾਵਾਂ 'ਤੇ ਅਧਾਰਿਤ ਹੈ। ਪਹਿਲਾ, ਹੋਰ ਫਰਮਾਂ ਕੀਮਤਾਂ ਘਟਾਉਣ ਦਾ ਅਨੁਸਰਣ ਕਰਨਗੀਆਂ ਅਤੇ ਦੂਸਰਾ ਉਹ ਕੀਮਤ ਵਾਧੇ ਦਾ ਅਨੁਸਰਣ ਨਹੀਂ ਕਰੇਗੀ। ਸਟਿੱਗਲਰ ਨੇ ਸਬੂਤਾਂ ਦੇ ਅਧਾਰ 'ਤੇ ਸਿੱਧ ਕੀਤਾ ਹੈ ਕਿ ਸਫੀਤੀਕਾਰੀ ਕਾਲ ਵਿੱਚ ਆਗਤਾਂ (Input) ਦੀਆਂ ਕੀਮਤਾਂ ਵਿੱਚ ਵਾਧਾ ਕੇਵਲ ਇਕ ਫਰਮ ਵਿੱਚ ਹੀ ਨਹੀਂ ਪਾਇਆ ਜਾਂਦਾ, ਸਗੋਂ ਸਾਰੇ ਉਦਯੋਗ ਵਿੱਚ ਹੁੰਦਾ ਹੈ। ਇਸ ਲਈ ਬਰਾਬਰ ਲਾਗਤਾਂ ਵਾਲੀਆਂ ਸਾਰੀਆਂ ਫਰਮਾਂ ਕੀਮਤ ਵਾਧੇ ਵਿੱਚ ਇਕ-ਦੂਸਰੇ ਦਾ ਅਨੁਸਰਣ ਕਰਨਗੀਆਂ। **ਸਟਿੱਗਲਰ** ਦੇ ਸ਼ਬਦਾਂ ਵਿੱਚ, "ਇਤਿਹਾਸਿਕ ਅਧਾਰ 'ਤੇ ਇਕ ਫਰਮ ਦੇ ਲਈ ਇਹ ਵਿਸ਼ਵਾਸ ਕਰਨਾ ਸੰਭਵ ਹੈ ਕਿ ਕੀਮਤ ਵਾਧਾ ਪ੍ਰਤੀਦੰਦੀਆਂ ਵੱਲੋਂ ਅਨੁਰੂਪ ਨਹੀਂ ਕੀਤਾ ਜਾਵੇਗਾ ਅਤੇ ਕੀਮਤ ਕਮੀਆਂ ਅਨੁਰੂਪ ਕੀਤੀਆਂ ਜਾਣਗੀਆਂ।"

16.4 ਸਾਰੰਸ਼ (Summary)

- ਕਿੰਕਿਤ ਮੰਗ ਵਕ੍ਰ ਦਾ ਸਾਰਾ ਵਿਸ਼ਲੇਸ਼ਣ ਇਹ ਦੱਸਦਾ ਹੈ ਕਿ ਘੱਟ ਅਧਿਕਾਰ ਮਾਰਕੀਟ ਵਿੱਚ ਕੀਮਤ ਸਥਿਰਤਾ ਉਸ ਸਮੇਂ ਰਹਿੰਦੀ ਹੈ, ਜਦੋਂ ਸਾਰੇ ਵਿਕਰੇਤਾ ਕੀਮਤ ਵਿੱਚ ਕਮੀ ਕਰਨ। ਮੰਗ ਅਤੇ ਲਾਗਤਾਂ ਵਿੱਚ ਪਰਿਵਰਤਨ ਸਧਾਰਣ ਸਥਿਤੀਆਂ ਵਿੱਚ ਕੀਮਤ ਸਥਿਰਤਾ ਲਿਆਉਂਦੇ ਹਨ, ਜਦੋਂ ਤੱਕ ਕਿ MR ਵਕ੍ਰ ਨੂੰ MC ਵਕ੍ਰ ਉਸ ਦੇ ਅਨਿਰੰਤਰ ਭਾਗ ਵਿੱਚ ਕੱਟਦਾ ਹੈ ਪਰ ਕੀਮਤ ਸਥਿਰਤਾ ਦੀ ਥਾਂ ਕੀਮਤ ਵਾਧਾ ਵੱਧਦੀ ਲਾਗਤ ਅਤੇ ਵੱਧਦੀ ਮੰਗ ਵਿੱਚ ਪਾਈ ਜਾ ਸਕਦੀ ਹੈ।

16.5 ਸ਼ਬਦਕੋਸ਼ (Keywords)

1. **ਕਮੀਆਂ** (Shortcomings) – ਦੋਸ਼।
2. **ਸਥਿਰਤਾ** (Stability)– (ਕੀਮਤ ਵਿੱਚ) ਦ੍ਰਿੜਤਾ।

16.6 ਅਭਿਆਸ ਪ੍ਰਸ਼ਨ (Review Questions)

1. ਦੂਸਰੇ ਅਧਿਕਾਰ ਤੋਂ ਕੀ ਭਾਵ ਹੈ? ਸਮਝਾਓ।
2. ਕੂਰਨੋ ਮਾਡਲ ਤੋਂ ਤੁਸੀਂ ਕੀ ਸਮਝਦੇ ਹੋ?
3. 'ਘੱਟ ਅਧਿਕਾਰ ਵਿੱਚ ਕੀਮਤ ਨਿਰਧਾਰਣ' 'ਤੇ ਟਿੱਪਣੀ ਲਿਖੋ।

ਉਤਰ : ਸਵੈ ਮੁਲਾਂਕਣ (Answers : Self Assessment)

1. ਵਿਕਰੇਤਾ	2. ਜ਼ੀਰੋ	3. ਮੰਗ ਵਕ੍ਰ	4. (ਬ)
5. (ਅ)	6. (ਅ)	7. (ਅ)	8. ਸਹੀ
9. ਗਲਤ	10. ਸਹੀ	11. ਸਹੀ	12. ਸਹੀ।

16.7 ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕ੍ਰੋਇਕਨੋਮਿਕਸ-ਵ੍ਹੇਂਕ ਕਾਵੈਲ ਆਕਸਫੋਰਡ ਯੂਨੀਵਰਸਿਟੀ ਪ੍ਰੈਸ, 2007।
2. ਮਾਈਕ੍ਰੋਇਕਨੋਮਿਕਸ-ਸਿਪਰਾ ਮੁੱਖ ਉਪਾਧਿਆਇ, ਐਨੀ ਬੁਕਸ, 2011।
3. ਮਾਈਕ੍ਰੋਇਕਨੋਮਿਕਸ: ਐਨ ਐਡਵਾਂਸਡ ਟ੍ਰੀਟਾਈਜ਼-ਐਸ. ਪੀ. ਐਸ. ਚੌਹਾਨ, ਪੀ. ਐਚ. ਆਈ. ਲਰਨਿੰਗ।

ਨੋਟ

ਇਕਾਈ–17 : ਬੇਨ ਦਾ ਸੀਮਾ ਕੀਮਤ ਨਿਰਧਾਰਣ ਸਿਧਾਂਤ (Bain's Limit Pricing Theory)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

17.1 ਬੇਨ ਦਾ ਸੀਮਾ ਕੀਮਤ ਸਿਧਾਂਤ (Limit Price Theory of Bain)

17.2 ਇਸ ਦੀਆਂ ਆਲੋਚਨਾਵਾਂ (Its Criticisms)

17.3 ਸਾਰਾਂਸ਼ (Summary)

17.4 ਸ਼ਬਦਕੋਸ਼ (Keywords)

17.5 ਅਭਿਆਸ ਪ੍ਰਸ਼ਨ (Review Questions)

17.6 ਸਬੰਧਿਤ ਪੁਸਤਕਾਂ (Further Readings)

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਸੀਮਾ ਕੀਮਤ ਸਿਧਾਂਤ ਜਾਨਣ ਸਬੰਧੀ।
- ਬੇਨ ਮਾਡਲ ਨੂੰ ਸਮਝਣ ਸਬੰਧੀ।
- ਵਸਤੂ–ਵਿਭੇਦੀਕਰਣ ਨੂੰ ਜਾਨਣ ਸਬੰਧੀ।

ਪ੍ਰਸਤਾਵਨਾ (Introduction)

ਬੀ. ਐਸ. ਬੇਨ ਪਹਿਲਾ ਅਰਥ ਸ਼ਾਸਤਰੀ ਹੈ, ਜਿਸ ਨੇ 1949 ਵਿੱਚ ਆਪਣੇ ਇਕ ਲੇਖ ਨਾਲ ਸੀਮਾ ਕੀਮਤ ਨਿਰਧਾਰਣ ਸਿਧਾਂਤ ਨੂੰ ਪ੍ਰਤੀਪਾਦਿਤ ਕੀਤਾ ਹੈ। ਇਸ ਨੂੰ ਉਸ ਨੇ ਅੱਗੇ 1956 ਵਿੱਚ ਆਪਣੀ ਪੁਸਤਕ Barriers to New Competition ਅਤੇ ਫਿਰ 1959 ਵਿੱਚ ਆਪਣੀ ਦੂਸਰੀ ਪੁਸਤਕ Industrial Organisation ਵਿੱਚ ਇਸ ਸਿਧਾਂਤ ਨੂੰ ਪ੍ਰਸਾਰਿਤ ਅਤੇ ਸੋਧ ਕੀਤੀ। ਆਪਣੇ ਮੂਲ ਲੇਖ ਵਿੱਚ ਬੇਨ ਨੇ ਇਹ ਦਰਸਾਇਆ ਕਿ ਕਪਟ–ਸੰਧੀ (Collusion) ਵਾਲੇ ਘੱਟ ਅਧਿਕਾਰ ਫਰਮਾਂ ਨੂੰ ਹੋਰ ਫਰਮਾਂ ਦੇ ਸੰਭਾਵਿਤ ਪ੍ਰਵੇਸ਼ ਦਾ ਡਰ ਹੋ ਸਕਦਾ ਹੈ। ਇਕ ਨਿਸ਼ਚਿਤ ਰੇਂਜ ਵਿੱਚ ਉਨ੍ਹਾਂ ਦੀਆਂ ਵਸਤੂਆਂ ਦੇ ਸਥਾਨਾਪੰਨ ਨਹੀਂ ਹੋ ਸਕਦੇ ਪਰ ਜੇਕਰ ਕੀਮਤ ਨੂੰ ਬਹੁਤ ਉਚੇ ਪੱਧਰ 'ਤੇ ਨਿਸ਼ਚਿਤ ਕੀਤਾ ਜਾਂਦਾ ਹੈ ਤਾਂ ਸੰਭਵ ਤੌਰ 'ਤੇ ਵਿਰੋਧੀ ਫਰਮਾਂ ਵੱਲੋਂ ਪ੍ਰਵੇਸ਼ ਦਾ ਡਰ ਹੁੰਦਾ ਹੈ। ਉਚੇ ਲਾਭਾਂ ਨਾਲ ਆਕਰਸ਼ਿਤ ਹੋ ਕੇ ਉਹ ਉਦਯੋਗ ਵਿੱਚ ਪ੍ਰਵੇਸ਼ ਕਰ ਸਕਦੀਆਂ ਹਨ। ਅਜਿਹੀ ਸਥਿਤੀ ਵਿੱਚ ਹਮੇਸ਼ਾ ਜ਼ਿਆਦਾ ਕੀਮਤ ਹੁੰਦੀ ਹੈ, ਜਿਸ ਨੂੰ **ਸੀਮਾ ਕੀਮਤ** ਕਹਿੰਦੇ ਹਨ। ਸਥਾਪਿਤ ਫਰਮਾਂ ਹੋਰ ਫਰਮਾਂ ਦਾ ਪ੍ਰਵੇਸ਼ ਆਕਰਸ਼ਿਤ ਕੀਤੇ ਬਿਨਾਂ ਇਸ ਕੀਮਤ ਨੂੰ ਚਾਰਜ ਕਰ ਸਕਦੀਆਂ ਹਨ।

ਆਪਣੀ ਪੁਸਤਕ Barriers to New Competition ਵਿੱਚ ਬੇਨ ਨੇ ਜ਼ਿਆਦਾ ਤੱਥ ਭਰਪੂਰ ਵਿਸਤ੍ਰਿਤ ਵੇਰਵਾ ਅਤੇ ਸਮੱਗਰੀ ਦੇ ਕੇ ਨਵੀਆਂ ਫਰਮਾਂ ਦੇ ਪ੍ਰਵੇਸ਼ ਨੂੰ ਰੋਕਣ ਲਈ ਸੀਮਾ–ਕੀਮਤ ਨਿਰਧਾਰਣ ਦੇ ਸਿਧਾਂਤ ਨੂੰ ਵਿਕਸਿਤ ਕੀਤਾ। ਆਪਣੀ ਪੁਸਤਕ Industrial Organisation ਵਿੱਚ ਉਸ ਨੇ ਆਪਣੇ ਸਿਧਾਂਤ ਦਾ ਬਿਹਤਰ ਅਤੇ ਜ਼ਿਆਦਾ ਮਹੱਤਵਪੂਰਨ ਵੇਰਵਾ ਦਿੱਤਾ। ਅਸੀਂ ਬੇਨ ਦੀ ਪੁਸਤਕ ਵਿੱਚ ਵਰਨਣ ਕੀਤੇ ਗਏ ਉਸ ਦੇ ਸਿਧਾਂਤ ਦੀ ਵਿਵੇਚਨਾ ਕਰ ਰਹੇ ਹਾਂ।

ਨੋਟ

17.1 ਬੇਨ ਦਾ ਸੀਮਾ ਕੀਮਤ ਸਿਧਾਂਤ (Limit Price Theory of Bain)

ਬੇਨ ਨੇ ਆਪਣੀ ਪੁਸਤਕ Barriers to New Competition (1959) ਵਿੱਚ ਇਕ ਘੱਟ ਅਧਿਕਾਰ ਉਦਯੋਗ ਵਿੱਚ ਨਵੀਆਂ ਫਰਮਾਂ ਦੇ ਪ੍ਰਵੇਸ਼ ਨੂੰ ਰੋਕਣ ਲਈ ਹੱਦ ਕੀਮਤ ਨਿਰਧਾਰਣ ਦੇ ਸਿਧਾਂਤ ਨੂੰ ਵਿਕਸਿਤ ਕੀਤਾ ਹੈ। ਕਪਟਸੰਧੀ ਹੈ। ਇਹ ਉਹ ਕੀਮਤ ਹੈ ਜੋ ਸਥਾਪਿਤ (Established) ਫਰਮ ਉਦਯੋਗ ਵਿੱਚ ਕਿਸੇ ਹੋਰ ਫਰਮ ਦੇ ਪ੍ਰਵੇਸ਼ ਨੂੰ ਪ੍ਰੇਰਿਤ ਕੀਤੇ ਬਿਨਾਂ ਚਾਰਜ ਕਰ ਸਕਦੀਆਂ ਹਨ। ਇਹ ਕੀਮਤ ਘੱਟ ਸਮੇਂ ਵਿੱਚ ਲਾਭ ਜ਼ਿਆਦਾਤਰ ਕੀਮਤ ਨਾਲ ਘੱਟ ਹੋ ਸਕਦੀ ਹੈ ਅਤੇ ਗਰੁੱਪ ਦੇ ਬਾਹਰ ਅਤੇ ਅੰਦਰ ਫਰਮਾਂ ਦੀ ਸਾਪੇਖ ਲਾਗਤਾਂ ਅਤੇ ਉਦਯੋਗ ਵਿੱਚ ਮੰਗ ਸਥਿਤੀਆਂ 'ਤੇ ਨਿਰਭਰ ਕਰੇਗੀ। ਬੇਨ ਹੱਦ ਕੀਮਤ ਨੂੰ ਪ੍ਰਤੀਯੋਗੀ ਕੀਮਤ ਤੋਂ ਉਪਰ ਜ਼ਿਆਦਾ ਕੀਮਤ ਮੰਨਦਾ ਹੈ ਜੋ ਸਥਾਪਿਤ ਫਰਮਾਂ ਨਾਲ ਨਿਸ਼ਚਿਤ ਕੀਤੀ ਜਾਂਦੀ ਹੈ। ਅਜਿਹੀ ਕੀਮਤ ਨਵੀਆਂ ਫਰਮਾਂ ਦੇ ਪ੍ਰਵੇਸ਼ 'ਤੇ ਰੁਕਾਵਟ (ਜਾਂ ਅਵਰੋਧ ਜਾਂ ਰੁਕਾਵਟ) (Barrier) ਦਾ ਕੰਮ ਕਰਦੀ ਹੈ। ਉਦਯੋਗ ਵਿੱਚ ਨਵੇਂ ਪ੍ਰਵੇਸ਼ਕਾਂ ਉਪਰ ਸਥਾਪਿਤ ਫਰਮਾਂ ਨੂੰ ਪ੍ਰਾਪਤ ਹੋਣ ਵਾਲੇ ਪ੍ਰਵੇਸ਼ ਦੀਆਂ ਰੁਕਾਵਟਾਂ ਹਨ।

ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)-

1. ਲੰਮੇ ਸਮੇਂ ਵਿੱਚ ਕੀਮਤ ਅਤੇ ਉਤਪਾਦਨ ਦੇ .....ਹੁੰਦੇ ਹਨ।
2. ਉਦਯੋਗ ਵਿੱਚ ਸਥਾਪਿਤ ਘੱਟ ਅਧਿਕਾਰ ..... ਹਨ।
3. ਗਰੁੱਪ ਹੋਰ ਫਰਮਾਂ ..... ਕੀਮਤ ਨੀਤੀ ਦਾ ਅਨੁਸਰਣ ਕਰਦੀਆਂ ਹਨ।
4. ਸਥਾਪਿਤ ਫਰਮਾਂ ਦੇ ਵਿੱਚ ਪ੍ਰਭਾਵਸ਼ਾਲੀ .....ਹੈ।

ਇਸ ਦੀਆਂ ਮਾਨਤਾਵਾਂ (Its Assumptions)

ਬੇਨ ਦਾ ਮਾਡਲ ਹੇਠ ਲਿਖੀਆਂ ਮਾਨਤਾਵਾਂ 'ਤੇ ਅਧਾਰਿਤ ਹੈ–

1. ਲੰਮੇ ਸਮੇਂ ਵਿੱਚ ਕੀਮਤ ਅਤੇ ਉਤਪਾਦਨ ਦੇ ਸਮਾਯੋਜਨ (Adjustments) ਹੁੰਦੇ ਹਨ।
2. ਉਦਯੋਗ ਵਿੱਚ ਸਥਾਪਿਤ ਘੱਟ ਅਧਿਕਾਰ ਫਰਮਾਂ ਹਨ।
3. ਉਦਯੋਗ ਦੇ ਉਤਪਾਦਨ ਦੇ ਲਈ ਮੰਗ ਵਕ੍ਰ, ਨਵੀਂ ਫਰਮ ਦੇ ਪ੍ਰਵੇਸ਼ ਨਾਲ ਜਾਂ ਸਥਾਪਿਤ ਘੱਟ ਅਧਿਕਾਰ ਫਰਮਾਂ ਵੱਲੋਂ ਕੀਮਤ ਸਮਾਯੋਜਨਾਂ ਨਾਲ ਪ੍ਰਭਾਵਿਤ ਨਹੀਂ ਹੁੰਦੀ ਹੈ।
4. ਸਥਾਪਿਤ ਫਰਮਾਂ ਵਿੱਚ ਪ੍ਰਭਾਵਸ਼ਾਲੀ ਕਪਟਸੰਧੀ ਹੈ। ਇਹ ਕਪਟਸੰਧੀ ਪ੍ਰਧਾਨ ਨੇਤਾ ਫਰਮ 'ਤੇ ਅਧਾਰਿਤ ਹੈ।
5. ਗਰੁੱਪ ਵਿੱਚ ਹੋਰ ਫਰਮਾਂ ਇਕੱਠੀ ਕੀਮਤ ਨੀਤੀ ਦਾ ਅਨੁਸਰਣ ਕਰਦੀਆਂ ਹਨ।
6. ਨੇਤਾ ਫਰਮ ਹੱਦ ਕੀਮਤ ਜਾਂ ਪ੍ਰਵੇਸ਼-ਰੋਕ ਕੀਮਤ ਨਿਸ਼ਚਿਤ ਕਰਦੀ ਹੈ, ਜਿਸ ਦੇ ਹੇਠਾਂ ਪ੍ਰਵੇਸ਼ ਨਹੀਂ ਹੋ ਸਕਦਾ ਹੈ।
7. ਕੇਵਲ ਇਕ ਸੰਭਾਵਿਤ (Entrant) ਫਰਮ ਹੈ ਜਿਸ ਦੀਆਂ ਲਾਗਤਾਂ ਹੋਰ ਸੰਭਾਵਿਤ ਪ੍ਰਵੇਸ਼ਕਾਂ ਦੀ ਤੁਲਨਾ ਵਿੱਚ ਘੱਟ ਹਨ।

ਨੋਟਸ ਕਪਟਸੰਧੀ ਵਿੱਚ ਮਿਲ ਕੇ ਫਰਮਾਂ ਦੇ ਇਕ ਗਰੁੱਪ ਵੱਲੋਂ ਹੱਦ ਕੀਮਤ ਨਿਸ਼ਚਿਤ ਕੀਤੀ ਜਾਂਦੀ ਹੈ, ਜੋ ਉਚੀ ਸਧਾਰਣ ਕੀਮਤ ਹੁੰਦੀ ਹੈ।

ਬੇਨ ਮਾਡਲ (The Bain Model)

ਬੇਨ ਆਪਣੀ ਹੱਦ ਕੀਮਤ-ਨਿਰਧਾਰਣ ਮਾਡਲ ਨੂੰ ਪ੍ਰਵੇਸ਼ ਦੀਆਂ ਸ਼ਰਤਾਂ ਨਾਲ ਪ੍ਰਭਾਵਿਤ ਕਰਦਾ ਹੈ। ਇਹ ਪ੍ਰੀਮੀਅਮ ਜਾਂ ਪ੍ਰਤੀਸ਼ਤਤਾ ਹੈ ਜਿਸ ਨਾਲ ਸਥਾਪਿਤ ਫਰਮਾਂ ਗਰੁੱਪ ਵਿੱਚ ਨਵੀਂ ਫਰਮ ਦੇ ਪ੍ਰਵੇਸ਼ ਨੂੰ ਆਕਰਸ਼ਿਤ ਕੀਤੇ ਬਿਨਾਂ ਕੀਮਤ ਨੂੰ ਪ੍ਰਤੀਯੋਗੀ ਕੀਮਤ ਤੋਂ ਉਪਰ ਵਧਾ ਸਕਦੀਆਂ ਹਨ। ਪ੍ਰਤੀਕਾਤਮਕ ਰੂਪ ਵਿੱਚ ਪ੍ਰਵੇਸ਼ ਦੀ ਸ਼ਰਤ,

ਨੋਟ

$$E = \frac{P_L - P_C}{P_C} \text{ ਅਤੇ } P_L = P_C (1+E)$$

ਜਿੱਥੇ P_L ਹੱਦ ਕੀਮਤ ਹੈ ਅਤੇ P_C ਪ੍ਰਤੀਯੋਗੀ ਕੀਮਤ ਹੈ। ਫਾਰਮੂਲਾ ਇਹ ਦਰਸਾਉਂਦਾ ਹੈ ਕਿ E ਪ੍ਰੀਮੀਅਰ ਹੈ ਜੋ ਸਥਾਪਿਤ ਫਰਮਾਂ ਨਵੀਂ ਫਰਮ ਦੇ ਪ੍ਰਵੇਸ਼ ਨੂੰ ਆਕਰਸ਼ਿਤ ਕੀਤੇ ਬਿਨਾਂ ਹੱਦ ਕੀਮਤ (P_L) ਲੈਣ ਦੇ ਲਈ ਪ੍ਰਾਪਤ ਕਰਦੀਆਂ ਹਨ। ਜਦੋਂ ਸਥਾਪਿਤ ਫਰਮਾਂ P_L ਨੂੰ P_C ਤੋਂ ਉਪਰ ਨਿਸ਼ਚਿਤ ਕਰਦੀਆਂ ਹਨ, ਉਹ ਸਧਾਰਣ ਲਾਭਾਂ ਤੋਂ ਜ਼ਿਆਦਾ ਕਮਾਉਂਦੀਆਂ ਹਨ, ਕਿਉਂਕਿ ਪ੍ਰਤੀਯੋਗੀ ਕੀਮਤ $PC = LA_C$ ਹੈ, ਜਿਸ ਵਿੱਚ ਸਧਾਰਣ ਲਾਭ ਸ਼ਾਮਿਲ ਹਨ ਅਤੇ E ਪ੍ਰਤੀਯੋਗੀ ਕੀਮਤ, P_C ਤੋਂ ਉਪਰ ਸੀਮਿਤ (ਜਾਂ ਪ੍ਰਤੀਸ਼ਤਤਾ ਜਾਂ ਪ੍ਰੀਮੀਅਰ) ਹੈ, ਜੋ ਸਥਾਪਿਤ ਫਰਮਾਂ ਉਚੀਆਂ ਕੀਮਤਾਂ, P_L ਨਿਸ਼ਚਿਤ ਕਰਕੇ ਕਮਾਉਂਦੀਆਂ ਹਨ।

ਬੇਨ ਦੇ ਅਨੁਸਾਰ ਪ੍ਰਵੇਸ਼ ਦੀ ਸਥਿਤੀ ਵਿੱਚ ਸ਼ਾਮਿਲ ਸਮੇਂ ਸੀਮਾ ਲੰਬੀ ਹੈ, ਜਿਸ ਵਿੱਚ ਮੰਗ, ਸਾਧਨ ਕੀਮਤਾਂ ਆਦਿ ਦੀਆਂ ਬਦਲਦੀਆਂ ਪ੍ਰਸਥਿਤੀਆਂ ਦੀ ਇਕ ਵਿਸ਼ੇਸ਼ ਰੇਂਜ ਸ਼ਾਮਿਲ ਹੁੰਦੀ ਹੈ। ਇਹ ਸਮਾਂ ਸੀਮਾ 5 ਤੋਂ 10 ਸਾਲ ਤੱਕ ਦੀ ਰੇਂਜ ਦੀ ਹੋ ਸਕਦੀ ਹੈ। ਜਿੰਨਾ ਲੰਬਾ ਸਮਾਂ ਇਕ ਨਵੀਂ ਫਰਮ ਨੂੰ ਆਪਣੇ ਆਪ ਨੂੰ ਸਥਾਪਿਤ ਕਰਨ ਵਿੱਚ ਚਾਹੀਦਾ ਹੈ ਉੰਨਾ ਉਸ ਦੇ ਪ੍ਰਵੇਸ਼ ਦਾ ਡਰ ਘੱਟ ਹੋਵੇਗਾ ਅਤੇ ਉੰਨੀ ਹੀ ਵੱਡੀ ਹੱਦ ਕੀਮਤ (P_L) ਅਤੇ ਪ੍ਰਤੀਯੋਗੀ ਕੀਮਤ (P_L) ਵਿੱਚ ਫਰਕ (Gap) **ਪ੍ਰਵੇਸ਼ ਫਰਕ ਜਾਂ ਪ੍ਰਵੇਸ਼ ਰੁਕਾਵਟ** ਕਹਾਉਂਦਾ ਹੈ।

ਪ੍ਰਵੇਸ਼ ਦੀਆਂ ਰੁਕਾਵਟਾਂ ਅਤੇ ਹੱਦ ਕੀਮਤ-ਨਿਰਧਾਰਣ ਵਿੱਚ ਆਧਾਰਭੂਤ ਸਬੰਧ ਨੂੰ ਸਮਝਣ ਦੇ ਲਈ ਬੇਨ ਦੇ ਵਿਸ਼ਲੇਸ਼ਣ ਨੂੰ ਪ੍ਰਵੇਸ਼ ਦੇ ਸਰੋਤਾਂ ਅਤੇ ਪ੍ਰਵੇਸ਼-ਰੋਕ ਕੀਮਤ ਦੇ ਨਿਰਧਾਰਣ ਵਿੱਚ ਵੰਡਿਆ ਜਾਂਦਾ ਹੈ।

ਪ੍ਰਵੇਸ਼ ਰੁਕਾਵਟਾਂ ਦੇ ਸਰੋਤ ਅਤੇ ਹੱਦ ਕੀਮਤ-ਨਿਰਧਾਰਣ
(Sources of Entry Barriers and Determination of Limit Prices)

ਬੇਨ ਪ੍ਰਵੇਸ਼ ਰੁਕਾਵਟਾਂ ਦੇ **ਚਾਰ** ਮੁੱਖ ਸਰੋਤਾਂ ਦਾ ਵਿਵੇਚਨ ਕਰਦਾ ਹੈ: ਵਸਤੂ ਵਿਭੇਦੀਕਰਨ, ਪੈਮਾਨੇ ਦੀਆਂ ਮਿਤ-ਖਰਚੇ, ਨਿਰਪੱਖ ਲਾਗਤਾਂ ਲਾਭ ਅਤੇ ਪੂੰਜੀ ਦੀ ਜ਼ਿਆਦਾ ਰਾਸ਼ੀ। ਆਪਣੀ ਪੁਸਤਕ Industrial Organisation ਵਿੱਚ ਬੇਨ ਪੂੰਜੀ ਦੀ ਜ਼ਿਆਦਾ ਰਾਸ਼ੀ ਨੂੰ ਨਿਰਪੱਖ ਲਾਗਤ ਲਾਭਾਂ ਵਿੱਚ ਸ਼ਾਮਿਲ ਕਰਦਾ ਹੈ ਇਸ ਲਈ ਅਸੀਂ ਵੀ ਇਸ ਦਾ ਅਲੱਗ ਵਿਵੇਚਨ ਨਹੀਂ ਕਰ ਰਹੇ ਹਾਂ।

ਵਸਤੂ ਵਿਭੇਦੀਕਰਨ (Product Differentiation)

ਵਸਤੂ ਵਿਭੇਦੀਕਰਨ ਇਕ ਨਵੀਂ ਫਰਮ ਦੇ ਪ੍ਰਵੇਸ਼ ਦੀ ਰੋਕ ਨੂੰ ਹੇਠ ਲਿਖੇ ਤਰੀਕਿਆਂ ਨਾਲ ਪ੍ਰਦਾਨ ਕਰਦਾ ਹੈ:

1. ਜੇਕਰ ਖਰੀਦਦਾਰਾਂ ਦੀਆਂ ਸਥਾਪਿਤ ਫਰਮਾਂ ਦੀਆਂ ਵਸਤੂਆਂ ਦੇ ਲਈ ਅਧਿਮਾਨ ਹਨ।
2. ਪ੍ਰਵੇਸ਼ਕ ਫਰਮ ਨੂੰ ਸਥਾਪਿਤ ਫਰਮਾਂ ਦੇ ਨਾਲ ਪ੍ਰਤੀਯੋਗਤਾ ਕਰਨ ਦੇ ਲਈ ਵਿਗਿਆਪਨ ਅਤੇ ਉਤਸ਼ਾਹ ਦੇ ਲਈ ਵੱਡੇ ਨਿਵੇਸ਼ ਕਰਨੇ ਪੈਂਦੇ ਹਨ, ਜੋ ਨਵੀਂ ਪ੍ਰਵੇਸ਼ਕ ਫਰਮ ਦੀਆਂ ਵਿੱਤੀ ਹੱਦਾਂ ਤੋਂ ਪਰੇ ਹੋਣ।
3. ਸਥਾਪਿਤ ਫਰਮਾਂ ਦੇ ਲੋਕਪ੍ਰਿਯ ਬ੍ਰੈਂਡ ਹੋਣ। ਇਸ ਤਰ੍ਹਾਂ ਨਵੀਂ ਫਰਮ ਦੇ ਲਈ ਸਥਾਪਿਤ ਫਰਮਾਂ ਦੇ ਗ੍ਰਾਹਕਾਂ ਦੀ ਬ੍ਰੈਂਡ ਨਿਸ਼ਠਾ (Brand Loyalty) ਦੇ ਨਾਲ ਪ੍ਰਤੀਯੋਗਤਾ ਕਰਨਾ ਔਖਾ ਹੋ ਸਕਦਾ ਹੈ।
4. ਜੇਕਰ ਸਥਾਪਿਤ ਫਰਮਾਂ ਦੀਆਂ ਆਪਣੀਆਂ ਵਸਤੂਆਂ ਨੂੰ ਵੇਚਣ ਲਈ ਵਿਸ਼ੇਸ਼ ਵਿਕਰੀ ਰਸਤੇ ਹਨ ਅਤੇ ਉਨ੍ਹਾਂ ਦੇ ਥੋਕ ਵਿਕਰੇਤਾਵਾਂ ਦੇ ਨਾਲ ਸਿਰਫ ਇਕ ਖਰੀਦ ਸਮਝੌਤੇ ਹਨ ਤਾਂ ਨਵੀਂ ਪ੍ਰਵੇਸ਼ਕ ਫਰਮ ਬਾਜ਼ਾਰ ਵਿੱਚ ਆਪਣੇ ਆਪ ਨੂੰ ਸਥਾਪਿਤ ਕਰਨ ਵਿੱਚ ਕਠਿਨਾਈ ਪਾਵੇਗੀ।

ਹੱਦ ਕੀਮਤ ਨਿਰਧਾਰਣ (Limit Price Determination)- ਪ੍ਰਵੇਸ਼ ਦੀ ਰੁਕਾਵਟ ਦੇ ਰੂਪ ਵਿੱਚ ਵਸਤੂ ਵਿਭੇਦੀਕਰਨ ਨੂੰ ਚਿੱਤਰ 17.1 ਦੀ ਸਹਾਇਤਾ ਨਾਲ ਸਮਝਾਇਆ ਗਿਆ ਹੈ। ਇਹ ਮੰਨ ਕੇ ਕਿ ਔਸਤ ਲਾਗਤਾਂ ਹਨ, LAC ਸਥਾਪਿਤ ਫਰਮ ਦਾ ਲੰਮਾ ਸਮਾਂ ਔਸਤ ਲਾਗਤ ਵਕ੍ਰ ਹੈ। ਗਰੁੱਪ ਜਾਂ ਜਿਸ ਨੂੰ ਬੇਨ ਸਭ ਤੋਂ ਸ੍ਰੇਸ਼ਠ ਕਹਿੰਦਾ ਹੈ, ਦਾ ਮੰਗ ਵਕ੍ਰ DD ਹੈ। P_L ਇਸ ਫਰਮ ਨਾਲ ਨਿਸ਼ਚਿਤ ਹੱਦ ਕੀਮਤ ਹੈ ਅਤੇ Q_L ਹੱਦ ਸੀਮਾ ਉਤਪਾਦਨ ਹੈ। ਜੇਕਰ ਫਰਮ P_L ਕੀਮਤ ਲੈਂਦੀ ਹੈ ਤਾਂ ਸੰਭਾਵਿਤ ਪ੍ਰਵੇਸ਼ਕ ਫਰਮ ਦਾ ਮੰਗ ਵਕ੍ਰ D_E ਹੈ ਜੋ ਇਸ ਨੂੰ ਘੱਟ ਅਧਿਕਾਰ ਮਾਰਕੀਟ ਵਿੱਚ ਪ੍ਰਵੇਸ਼ ਨਹੀਂ ਕਰਨ ਦਿੰਦਾ ਹੈ, ਕਿਉਂਕਿ D_E ਵਕ੍ਰ LAC ਨੂੰ A ਬਿੰਦੂ 'ਤੇ ਛੂੰਹਦੀ (ਟੈਜੇਂਟ) ਹੈ। ਇਸ ਨਾਲ ਫਰਮ ਦਾ ਕੋਈ ਵੀ ਉਤਪਾਦਨ ਪੱਧਰ ਅਜਿਹਾ ਨਹੀਂ ਹੈ ਜੋ ਫਰਮ ਦੀ ਔਸਤ ਉਤਪਾਦਨ ਲਾਗਤ ਤੋਂ ਜ਼ਿਆਦਾ ਹੋਵੇ। ਜੇਕਰ ਸਥਾਪਿਤ ਫਰਮ ਕੀਮਤ ਨੂੰ ਵਧਾ ਕੇ P_H ਕਰ ਦਿੰਦੀ ਹੈ ਜੋ ਪ੍ਰਵੇਸ਼ ਪ੍ਰੇਰਕ ਕੀਮਤ (Entry Inducing Price) ਹੈ ਤਾਂ ਉਸ ਦਾ ਉਤਪਾਦਨ ਡਿੱਗ ਕੇ Q_1 ਹੋ ਜਾਵੇਗਾ। ਇਹ ਸੰਭਾਵਿਤ ਪ੍ਰਵੇਸ਼ਕ ਫਰਮ ਨੂੰ ਮਾਰਕੀਟ ਵਿੱਚ ਪ੍ਰਵੇਸ਼ ਕਰਨ ਦੀ ਪ੍ਰੇਰਨਾ ਦਿੰਦੀ ਹੈ ਅਤੇ ਉਸ ਦਾ ਮੰਗ ਵਕ੍ਰ ਉਪਰ ਉਠ ਕੇ DE_1 ਹੋ ਜਾਂਦਾ ਹੈ। ਨਵੀਂ ਫਰਮ Q_E ਪੱਧਰ ਤੱਕ ਕੋਈ

ਨੋਟ ਵੀ ਵਸਤੂ ਦੀ ਮਾਤਰਾ ਉਤਪਾਦਿਤ ਕਰ ਸਕਦੀ ਹੈ। P_L ਕੀਮਤ ਦੀ ਜਿੰਨੀ ਰਾਸ਼ੀ P_C ਤੋਂ ਜ਼ਿਆਦਾ ਹੁੰਦੀ ਹੈ ਉਹ ਪ੍ਰਵੇਸ਼ ਫਰਕ ਜਾਂ ਪ੍ਰਵੇਸ਼ ਰੋਕ ਦੀ "ਉਚਾਈ" ਹੈ ਜੋ ਚਿੱਤਰ ਵਿੱਚ G ਹੈ।



ਚਿੱਤਰ 17.1

ਸਵੈ ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions)–

5. ਬੇਨ ਆਪਣੀ ਹੱਦ ਕੀਮਤ–ਨਿਰਧਾਰਣ ਮਾਡਲ ਨੂੰ ਪ੍ਰਵੇਸ਼ ਦੀਆਂ ਸ਼ਰਤਾਂ ਨਾਲ ਕਰਦਾ ਹੈ–

   (ਅ) ਅਰੰਭ (ਬ) ਖਤਮ (ਸ) ਮੇਲ ਜੋਲ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

6. ਬੇਨ ਦੇ ਅਨੁਸਾਰ ਪ੍ਰਵੇਸ਼ ਦੀ ਸਥਿਤੀ ਵਿੱਚ ਸ਼ਾਮਿਲ ਸਮੇਂ ਸੀਮਾ ਹੈ–

   (ਅ) ਛੋਟੀ (ਬ) ਲੰਬੀ (ਸ) ਜ਼ੀਰੋ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

7. ਕੇਵਲ ਇਕ ਸੰਭਾਵਿਤ ਪ੍ਰਵੇਸ਼ਕ ਫਰਮ ਹੈ ਜਿਸ ਦੀਆਂ ਲਾਗਤਾਂ ਹੋਰ ਸੰਭਾਵਿਤ ਪ੍ਰਵੇਸ਼ਕਾਂ ਦੀ ਤੁਲਨਾ ਵਿੱਚ ਹਨ–

   (ਅ) ਜ਼ਿਆਦਾ (ਬ) ਸਧਾਰਣ (ਸ) ਘੱਟ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

8. ਬੇਨ ਪ੍ਰਵੇਸ਼ ਰੁਕਾਵਟਾਂ ਦੇ ..... ਮੁੱਖ ਸਰੋਤਾਂ ਦਾ ਵਿਵੇਚਨ ਕਰਦਾ ਹੈ–

   (ਅ) ਦੋ (ਬ) ਤਿੰਨ (ਸ) ਪੰਜ (ਦ) ਚਾਰ

ਇਸ ਸਥਿਤੀ ਵਿੱਚ, "**ਕਿਸੇ ਇਕ ਸਾਧਨ ਅਤੇ ਕਿਸੇ ਇਕ ਵਸਤੂ ਦੇ ਵਿੱਚ ਰੂਪਾਂਤਰਣ ਦੀ ਸੀਮਿਤ ਦਰ ਕਿਸੇ ਦੋ ਫਰਮਾਂ ਦੇ ਲਈ ਬਰਾਬਰ ਹੋਣੀ ਚਾਹੀਦੀ ਹੈ ਜੋ ਕਿ ਉਸ ਸਾਧਨ ਦਾ ਪ੍ਰਯੋਗ ਅਤੇ ਵਸਤੂ ਦਾ ਉਤਪਾਦਨ ਕਰਦੀਆਂ ਹਨ।**" ਇਸ ਦਾ ਮਤਲਬ ਹੈ ਕਿ ਇਕ ਵਿਸ਼ੇਸ਼ ਵਸਤੂ ਦੇ ਉਤਪਾਦਨ ਕਰਨ ਵਿੱਚ ਕਿਸੇ ਸਾਧਨ ਦੀ ਸੀਮਿਤ ਉਤਪਾਦਕਤਾ ਸਭ ਫਰਮਾਂ ਦੇ ਲਈ ਬਰਾਬਰ ਹੋਣੀ ਚਾਹੀਦਾ ਹੈ। ਜੇਕਰ ਇਕ ਵਸਤੂ ਦਾ ਉਤਪਾਦਨ ਕਰਨ ਦੇ ਲਈ ਇਕ ਸਾਧਨ ਦੀ ਸੀਮਿਤ ਉਤਪਾਦਕਤਾ ਘੱਟ ਹੋਵੇ ਤਾਂ ਸਾਧਨ ਦੀਆਂ ਕੁਝ ਇਕਾਈਆਂ ਨੂੰ ਜ਼ਿਆਦਾ ਉਤਪਾਦਕ ਫਰਮ ਵਿੱਚ ਤਬਦੀਲ ਕਰਨ ਨਾਲ ਕੁਲ ਉਤਪਾਦਨ ਵੱਧ ਜਾਵੇਗਾ। ਇਸ ਨੂੰ ਚਿੱਤਰ 22.4 ਦੀ ਸਹਾਇਤਾ ਨਾਲ ਸਪੱਸ਼ਟ ਕੀਤਾ ਜਾ ਰਿਹਾ ਹੈ। ਮੰਨ ਲਓ ਕਿ ਫਰਮ A ਦਾ ਰੂਪਾਂਤਰਣ ਵਕ੍ਰ OA ਹੈ ਅਤੇ ਫਰਮ B ਦਾ ਰੂਪਾਂਤਰਣ ਵਕ੍ਰ OB, ਜਿਸ ਨੂੰ OA ਰੂਪਾਂਤਰਣ ਵਕ੍ਰ ਦੇ ਉਪਰ ਇਸ ਢੰਗ ਨਾਲ ਉਲਟਾ ਕੇ ਸਥਿਰ ਕੀਤਾ ਗਿਆ ਹੈ ਕਿ ਅਕਸ਼ ਇਕ-ਦੂਸਰੇ ਦੇ ਸਮਾਂਤਰ ਕਰਦੇ ਹਨ। ਅਸਲ ਵਿੱਚ ਇਹ ਕੁਲ ਉਤਪਾਦਕਤਾ ਵਕ੍ਰ ਹਨ ਅਤੇ ਇਨ੍ਹਾਂ ਦੇ ਢਲਾਣ ਦਿੱਤੇ ਹੋਏ ਸਾਧਨ ਨੂੰ ਵਸਤੂ ਵਿੱਚ ਤਬਦੀਲ ਕਰਨ ਦੀ ਸੀਮਿਤ ਦਰ ਨੂੰ ਪ੍ਰਗਟ ਕਰਦੇ ਹਨ। ਦੋ ਫਰਮਾਂ ਨਾਲ ਉਤਪਾਦਨ ਕੀਤੀ ਜਾ ਰਿਹਾ Z ਵਸਤੂ ਨੂੰ ਅਨੁਲੰਬ ਅਕਸ਼ 'ਤੇ ਇਸ ਦੇ ਉਤਪਾਦਨ ਵਿੱਚ ਇਸਤੇਮਾਲ ਕੀਤੇ ਸਾਧਨ L ਨੂੰ ਕਸ਼ੈਤਿਜ ਅਕਸ਼ 'ਤੇ ਲਿਆ ਗਿਆ ਹੈ। ਦੋਨੋਂ ਰੂਪਾਂਤਰਣ ਵਕ੍ਰਾਂ ਨੂੰ ਆਪਿਸ ਵਿੱਚ ਕੱਟਣ ਦਾ F ਬਿੰਦੂ ਇਸ਼ਟਤਮ ਦਸ਼ਾ ਬਿੰਦੂ ਨਹੀਂ ਹੈ ਕਿਉਂਕਿ ਉਹ ਦੋਨੋਂ ਵਕ੍ਰ ਇਕ-ਦੂਸਰੇ ਨੂੰ **ਛੂੰਹਦੇ ਨਹੀਂ** ਹਨ। ਇਸ਼ਟਤਮ ਦਸ਼ਾ ਪ੍ਰਾਪਤ ਕਰਨ ਦੇ ਲਈ OB ਵਕ੍ਰ ਨੂੰ ਉਪਰ ਵੱਲ ਖਿਸਕਾਓ ਤਾਂ ਕਿ ਉਹ E ਬਿੰਦੂ 'ਤੇ OA ਵਕ੍ਰ ਨੂੰ ਛੂਹ ਸਕੇ। ਇਹ ਇਸ਼ਟਤਮ ਸਾਧਨ ਵਸਤੂ ਉਪਭੋਗ ਦਾ ਬਿੰਦੂ ਹੈ ਕਿਉਂਕਿ OA ਅਤੇ O_1 B_1 ਦੋਨੋਂ ਰੂਪਾਂਤਰਣ ਵਕ੍ਰਾਂ ਦੇ ਢਲਾਣ **ਬਰਾਬਰ** ਹਨ ਅਤੇ ਵਸਤੂ ਦੀ ਮਾਤਰਾ ਹੁਣ DC ਤੋਂ ਵੱਧ ਕੇ KH ਹੋ ਗਈ ਹੈ।



ਚਿੱਤਰ 22.4

ਕੀ ਤੁਸੀਂ ਜਾਣਦੇ ਹੋ

ਕਿਸੇ ਦੋ ਵਸਤੂਆਂ ਦਾ ਉਤਪਾਦਨ ਕਰਨ ਵਾਲੀਆਂ ਦੋ ਫਰਮਾਂ ਦੇ ਲਈ ਉਨ੍ਹਾਂ ਦੋ ਵਸਤੂਆਂ ਦੇ ਵਿੱਚ ਰੂਪਾਂਤਰਣ ਦੀ ਸੀਮਿਤ ਦਰ ਬਰਾਬਰ ਹੋਵੇ।

22.5 ਵਸਤੂ ਸਥਾਨਾਪੰਨਤਾ ਦੀ ਇਸ਼ਟਤਮ ਦਸ਼ਾ (The Optimum Condition of Product Substitution)

ਵਸਤੂ ਸਥਾਨਾਪੰਨਤਾ ਦੀ ਇਸ਼ਟਤਮ ਦਸ਼ਾ ਦੇ ਲਈ ਜ਼ਰੂਰੀ ਹੈ ਕਿ "**ਕਿਸੇ ਦੋ ਵਸਤੂਆਂ ਦਾ ਉਭੋਗ ਕਰਨ ਵਾਲੇ ਕਿਸੇ ਵੀ ਵਿਅਕਤੀ ਦੇ ਲਈ ਉਨ੍ਹਾਂ ਵਸਤੂਆਂ ਦੇ ਵਿੱਚ ਸਥਾਨਾਪੰਨਤਾ ਦੀ ਸੀਮਿਤ ਦਰ ਉਨ੍ਹਾਂ ਦੇ ਵਿੱਚ (ਸਮੁਦਾਇ ਦੇ ਲਈ) ਰੂਪਾਂਤਰਣ ਸੀਮਿਤ ਦਰ ਦੇ ਬਰਾਬਰ ਹੋਵੇ।**" ਇਸ ਦਾ ਮਤਲਬ ਹੈ ਕਿ ਦੋ ਵਸਤੂਆਂ ਦੇ ਵਿੱਚ ਸਥਾਨਾਪੰਨਤਾ ਦੀ ਸੀਮਿਤ ਦਰ ਉਨ੍ਹਾਂ ਦੇ ਵਿੱਚ ਰੂਪਾਂਤਰਣ ਦੀ ਸੀਮਿਤ ਦਰ ਦੇ ਬਰਾਬਰ ਹੋਣੀ ਚਾਹੀਦੀ ਹੈ। ਇਸ ਨੂੰ ਚਿੱਤਰ 22.5 ਵਿੱਚ ਦਿਖਾਇਆ ਗਿਆ ਹੈ। ਮੰਨ ਲਓ ਕਿ AB ਵਕ੍ਰ ਦੋ ਵਸਤੂਆਂ X ਅਤੇ Y ਦੇ ਵਿੱਚ ਸਮੁਦਾਇ ਰੂਪਾਂਤਰਣ ਵਕ੍ਰ (Community transformation Curve) ਹੈ। ਇਸ ਚਿੱਤਰ

ਵਿੱਚ O_1X_1 ਅਤੇ O_1 Y_1 ਦਾ ਅਕਸ਼ ਮੰਨ ਕੇ ਦੋ ਵਸਤੂਆਂ ਦੇ ਵਿਅਕਤੀਗਤ ਉਪਭੋਗਤਾ ਦੇ ਉਦਾਸੀਨਤਾ ਵਕ੍ਰ I_1 ਅਤੇ I_2 ਦੇ ਰੂਪ ਵਿੱਚ ਪ੍ਰਗਟ ਕੀਤੇ ਗਏ ਹਨ। **ਨੋਟ**

ਮੰਨ ਲਓ ਕਿ ਉਤਪਾਦਨ L 'ਤੇ ਹੁੰਦਾ ਹੈ, ਜਿੱਥੇ ਸਮੁਦਾਇ X ਦੀ ON ਅਤੇ Y ਦੀ NL ਮਾਤਰਾਵਾਂ ਦਾ ਉਤਪਾਦਨ ਕਰਦਾ ਹੈ ਅਤੇ ਉਪਭੋਗਤਾ X ਦੀ O_1M ਅਤੇ Y ਦੀ ML ਮਾਤਰਾਵਾਂ ਖਰੀਦਦਾ ਹੈ ਪਰ ਸਮਾਜਿਕਤਾ ਦੀ ਦ੍ਰਿਸ਼ਟੀ ਨਾਲ L ਇਸ਼ਟਤਮ ਬਿੰਦੂ ਨਹੀਂ ਕਿਉਂਕਿ ਉਸ 'ਤੇ ਰੂਪਾਂਤਰਣ ਦੀ ਸੀਮਿਤ ਦਰ (MRT) ਸਥਾਨਾਪੰਨਤਾ ਦੀ ਸੀਮਿਤ ਦਰ (MRS) ਦੇ ਬਰਾਬਰ ਨਹੀਂ ਹੈ। AB ਅਤੇ I_1 ਵਕ੍ਰ ਇਕ–ਦੂਸਰੇ ਨੂੰ ਛੂੰਹਦੀ ਨਹੀਂ ਹੈ। L ਤੋਂ E 'ਤੇ ਤਬਦੀਲ, AB ਅਤੇ I_2 ਵਕ੍ਰਾਂ ਨੂੰ ਬਰਾਬਰ ਬਣਾ ਦਿੰਦਾ ਹੈ। ਇਸ ਤਰ੍ਹਾਂ E ਬਿੰਦੂ ਉਤਪਾਦਕ ਅਤੇ ਉਪਭੋਗਤਾ ਦੋਨਾਂ ਦੇ ਲਈ ਇਸ਼ਟਤਮ ਸਥਿਤੀ ਨੂੰ ਪ੍ਰਗਟ ਕਰਦਾ ਹੈ, ਕਿਉਂਕਿ MRS = MRT. ਇਸ ਦਾ ਮਤਲਬ ਹੈ ਕਿ ਉਹ ਦਰ ਜਿਸ 'ਤੇ ਉਪਭੋਗਤਾ X ਨੂੰ Y ਦੇ ਸਥਾਨ 'ਤੇ ਸਥਾਨਾਪੰਨਤਾ ਕਰਨ ਦੇ ਲਈ ਤਿਆਰ ਹੈ, ਉਸ ਦਰ ਦੇ ਬਰਾਬਰ ਹੈ ਜਿਸ 'ਤੇ ਉਤਪਾਦਕ X ਨੂੰ Y ਵਿੱਚ ਰੂਪਾਂਤ੍ਰਿਤ ਕਰ ਸਕਦੇ ਹਨ। ਸਾਡੇ ਚਿੱਤਰ ਦੀ ਭਾਸ਼ਾ ਵਿੱਚ ਜਦੋਂ ਉਪਭੋਗਤਾ ਤੁਲਨਾ 'ਚ ਜ਼ਿਆਦਾ ਉਚੇ ਉਦਾਸੀਨਤਾ ਵਕ੍ਰ I_2 'ਤੇ ਆ ਜਾਂਦਾ ਹੈ ਜੋ E ਬਿੰਦੂ 'ਤੇ ਰੂਪਾਂਤਰਣ ਵਕ੍ਰ ਦੀ ਛੂੰਹਦੀ–ਰੇਖਾ (Tangential) ਹੈ ਤਾ ਸਮੁਦਾਇ ਨਾਲ ਉਤਪਾਦਨ ਕੀਤੀ ਗਈ X ਦੀ OG ਅਤੇ Y ਦੀ GE ਮਾਤਰਾਵਾਂ ਵਿੱਚੋਂ ਉਪਭੋਗਤਾ ਕ੍ਰਮ ਅਨੁਸਾਰ X ਦੀ O1F ਅਤੇ Y ਦੀ FE ਮਾਤਰਾਵਾਂ ਦਾ ਉਪਭੋਗ ਕਰਦਾ ਹੈ। Y ਦੀ OB ਅਤੇ Y ਦੀ GE ਬਾਕੀ ਮਾਤਰਾਵਾਂ ਸਮੁਦਾਇ ਦੇ ਹੋਰ ਉਪਭੋਗਤਾਵਾਂ ਦੇ ਲਈ ਬਚ ਜਾਂਦੀਆਂ ਹਨ।



ਚਿੱਤਰ 22.5

22.6 ਸਾਧਨ-ਪ੍ਰਯੋਗ ਦੀ ਤੇਜੀ ਦੇ ਲਈ ਇਸ਼ਟਤਮ ਦਸ਼ਾ (The Optimum Condition for Intensity of Factor Use)

ਕਿਸੇ ਵੀ ਦਿੱਤੇ ਹੋਏ ਸਮੇਂ ਵਿੱਚ ਇਕ ਸਾਧਨ ਦੇ ਇਸ਼ਟਤਮ ਵੰਡ ਨਾਲ ਇਸ ਦਸ਼ਾ ਦਾ ਸਬੰਧ ਹੈ। ਇਸ ਦੇ ਲਈ ਜ਼ਰੂਰੀ ਹੈ ਕਿ **ਕੰਮ ਦੇ ਪੁਰਸਕਾਰ ਅਤੇ ਛੁੱਟੀ ਦੇ ਵਿੱਚ ਸਥਾਨਾਪੰਨਤਾ ਦੀ ਸੀਮਿਤ ਦਰ ਕੰਮ ਦੇ ਘੰਟੇ ਅਤੇ ਨਤੀਜੇ ਵਸਤੂ ਦੇ ਵਿੱਚ ਰੂਪਾਂਤਰਣ ਦੀ ਸੀਮਿਤ ਦਰ ਦੇ ਬਰਾਬਰ ਹੋਵੇ।** ਦਿੱਤੇ ਹੋਏ ਸਮੇਂ ਦੀ ਇਕ ਸੀਮਾ ਵਿੱਚ ਇਕ ਵਿਅਕਤੀ ਨੂੰ ਕੰਮ ਅਤੇ ਛੁੱਟੀ ਵਿੱਚੋਂ ਚੋਣ ਕਰਨ ਦੀ ਸਮੱਸਿਆ ਦਾ ਹਮੇਸ਼ਾ ਸਾਹਮਣਾ ਕਰਨਾ ਪੈਂਦਾ ਹੈ। ਜੇਕਰ ਉਹ ਛੁੱਟੀ ਦਾ ਉਪਭੋਗ ਕਰਦਾ ਹੈ ਤਾਂ ਉਸ ਨੂੰ ਕੰਮ ਦੇ ਲਈ ਘੱਟ ਆਮਦਨ ਪ੍ਰਾਪਤ ਹੁੰਦੀ ਹੈ ਅਤੇ ਵਿਲੋਮਸ਼ : ਕਿਉਂਕਿ ਛੁੱਟੀ ਅਤੇ ਆਮਦਨ ਵਿੱਚ ਉਲਟ ਸਬੰਧ ਹੈ, ਇਸ ਲਈ ਉਸ ਦਾ ਇਕ ਉਦਾਸੀਨਤਾ ਮਾਨਚਿੱਤਰ ਹੁੰਦਾ ਹੈ ਜੋ ਛੁੱਟੀ ਅਤੇ ਆਮਦਨ ਦੇ ਵੱਖ–ਵੱਖ ਸੰਜੋਗਾਂ ਨੂੰ ਪ੍ਰਗਟ ਕਰਦਾ ਹੈ। ਇਕ ਉਦਾਸੀਨਤਾ ਵਕ੍ਰ 'ਤੇ ਹਰੇਕ ਬਿੰਦੂ ਛੁੱਟੀ ਅਤੇ ਆਮਦਨ ਦੇ ਵਿੱਚ ਸਥਾਨਾਪੰਨਤਾ ਦੀ ਸੀਮਿਤ ਦਰ ਨੂੰ ਪ੍ਰਗਟ ਕਰਦਾ ਹੈ। ਇਸ ਤਰ੍ਹਾ ਸਾਧਨ ਇਕਾਈ ਦੇ ਹਰੇਕ ਮਾਲਿਕ ਦਾ ਵਸਤੂ ਅਤੇ ਉਤਪਾਦਨ ਵਿੱਚ ਸਹਾਇਕ ਸਾਧਨ ਇਕਾਈ ਦੇ ਵਿੱਚ ਖਰਚ ਕੀਤੇ ਗਏ ਸਮੇਂ ਦਾ ਇਕ ਰੂਪਾਂਤਰਣ ਵਕ੍ਰ ਹੁੰਦਾ ਹੈ। ਇਸ ਵਕ੍ਰ 'ਤੇ ਹਰੇਕ ਬਿੰਦੂ ਵਸਤੂ ਅਤੇ ਕੰਮ ਦੇ ਘੰਟੇ ਦੇ ਵਿੱਚ ਰੂਪਾਂਤਰਣ ਦੀ ਸੀਮਿਤ ਦਰ, **ਕੰਮ ਅਤੇ ਵਸਤੂ** ਦੇ ਵਿੱਚ ਰੂਪਾਂਤਰਣ ਦੀ ਸੀਮਿਤ ਦਰ ਦੇ ਬਰਾਬਰ ਹੋਣੀ ਚਾਹੀਦੀ ਹੈ। ਜੇਕਰ ਛੁੱਟੀ ਅਤੇ ਕੰਮ ਦੇ ਵਿੱਚ ਸਥਾਨਾਪੰਨਤਾ ਦੀ ਸੀਮਿਤ ਦਰ ਦੀ ਤੁਲਨਾ 'ਚ ਕੰਮ ਅਤੇ ਵਸਤੂ ਦੇ ਵਿੱਚ ਰੂਪਾਂਤਰਣ ਦੀ ਸੀਮਿਤ ਦਰ ਜ਼ਿਆਦਾ ਹੈ ਤਾਂ ਸਾਧਨ ਇਕਾਈ ਦੇ ਸਮੇਂ ਨੂੰ ਛੁੱਟੀ ਨਾਲ ਕੰਮ ਵਿੱਚ ਤਬਦੀਲ ਕਰਕੇ ਵਸਤੂ ਦੇ ਉਤਪਾਦਨ ਨੂੰ ਵਧਾਇਆ ਜਾ ਸਕਦਾ ਹੈ। ਇਸ਼ਟਤਮ ਦਸ਼ਾ ਉਸ ਸਮੇਂ ਆਉਂਦੀ ਹੈ

ਨੋਟ ਜਦੋਂ ਇਕ ਸਾਧਨ-ਮਾਲਕ ਨੂੰ ਭੁਗਤਾਨ ਕੀਤਾ ਗਿਆ ਪੁਰਸਕਾਰ ਸਾਧਨ ਦੀ ਸੀਮਿਤ ਉਤਪਾਦਕਤਾ ਦੇ ਮੁੱਲ ਦੇ ਬਰਾਬਰ ਹੁੰਦਾ ਹੈ। ਇਸ ਨੂੰ ਚਿੱਤਰ 22.6 ਦੀ ਸਹਾਇਤਾ ਨਾਲ ਸਪੱਸ਼ਟ ਕੀਤਾ ਜਾਂਦਾ ਹੈ।



ਚਿੱਤਰ 22.6

TC ਕੰਮ ਅਤੇ ਉਤਪਾਦਨ ਦਾ ਰੂਪਾਂਤਰਣ ਵਕ੍ਰ ਹੈ। C ਨੂੰ ਸਾਧਨ ਦਾ ਜ਼ੀਰੋ ਬਿੰਦੂ ਮੰਨ ਕੇ ਸਾਧਨ ਇਕਾਈਆਂ ਸਮਾਂਤਰ ਅਕਸ਼ 'ਤੇ ਸੱਜੇ ਤੋਂ ਖੱਬੇ ਨੂੰ ਕਸ਼ੈਤਿਜ ਰੂਪ ਵਿੱਚ ਨਾਪੀਆਂ ਗਈਆਂ ਹਨ। ਉਤਪਾਦਨ ਇਕਾਈਆਂ ਅਨੁਲੰਬ ਅਕਸ਼ 'ਤੇ ਨਾਪੀਆਂ ਗਈਆਂ ਹਨ। ਇਸ ਤਰ੍ਹਾ TC ਵਕ੍ਰ ਕੰਮ ਅਤੇ ਉਤਪਾਦਨ ਦੇ ਵਿੱਚ ਰੂਪਾਂਤਰਣ ਦੀ ਘੱਟਦੀ ਸੀਮਿਤ ਦਰ ਨੂੰ ਪ੍ਰਗਟ ਕਰਦਾ ਹੈ। ਦੂਸਰੇ ਪਾਸੇ ਹਰੇਕ ਉਦਾਸੀਨਤਾ ਵਕ੍ਰ ਆਮਦਨ (ਕੰਮ ਨਾਲ) ਅਤੇ ਛੁੱਟੀ ਦੇ ਵੱਖ-ਵੱਖ ਸੰਜੋਗਾਂ ਨੂੰ ਦਰਸਾਇਆ ਹੈ। ਇਸ ਸਥਿਤੀ ਵਿੱਚ ਆਮਦਨ ਨੂੰ ਕਸ਼ੈਤਿਜ ਅਕਸ਼ ਦੇ ਨਾਲ ਅਤੇ ਛੁੱਟੀ ਨੂੰ (ਘੰਟੇ ਵਿੱਚ) ਅਨੁਲੰਬ ਅਕਸ਼ 'ਤੇ ਨਾਪਿਆ ਗਿਆ ਹੈ। ਉਦਾਸੀਨਤਾ ਵਕ੍ਰ ਦੀ ਉੱਤੋਦਰਤਾ (Convexity) ਆਮਦਨ ਅਤੇ ਛੁੱਟੀ ਦੇ ਵਿੱਚ ਸਥਾਨਾਪੰਨਤਾ ਦੀ ਘੱਟਦੀ ਸੀਮਿਤ ਦਰ ਨੂੰ ਪ੍ਰਗਟ ਕਰਦੀ ਹੈ। ਇਹ ਸੀਮਿਤ ਦਸ਼ਾ ਉਸ ਬਿੰਦੂ 'ਤੇ ਸੰਤੁਸ਼ਟ ਹੁੰਦੀ ਹੈ, ਜਿੱਥੇ ਰੂਪਾਂਤਰਣ ਵਕ੍ਰ ਅਤੇ ਉਦਾਸੀਨਤਾ ਵਕ੍ਰ ਇਕ-ਦੂਸਰੇ ਦੇ ਛੂੰਹਦੀ ਰੇਖਾ (Tangent) ਹਨ ਅਤੇ ਜਿੱਥੇ ਉਨ੍ਹਾਂ ਦੀਆਂ ਢਲਾਣਾਂ ਬਰਾਬਰ ਹਨ। ਸਪੱਸ਼ਟ ਹੈ ਕਿ L ਬਿੰਦੂ ਇਸ਼ਟਤਮ ਸਥਿਤੀ ਦਾ ਬਿੰਦੂ ਨਹੀਂ ਹੋ ਸਕਦਾ ਕਿਉਂਕਿ ਇਸ ਬਿੰਦੂ 'ਤੇ TC ਅਤੇ I_1 ਵਕ੍ਰ ਆਪਸ ਵਿੱਚ ਇਕ-ਦੂਸਰੇ ਨੂੰ ਕੱਟਦੇ ਹਨ। ਆਮਦਨ (ਕੰਮ ਨਾਲ) ਅਤੇ ਛੁੱਟੀ ਦੇ ਵਿੱਚ ਸਥਾਨਾਪੰਨਤਾ ਦੀ ਸੀਮਿਤ ਦਰ ਅਤੇ ਕੰਮ ਅਤੇ ਉਤਪਾਦਨ ਵਿੱਚ ਰੂਪਾਂਤਰਣ ਦੀ ਸੀਮਿਤ ਦਰ ਕੇਵਲ ਤਾਂ ਹੀ ਬਰਾਬਰ ਹੁੰਦੀ ਹੈ ਜਦੋਂ ਵਿਅਕਤੀ ਤੁਲਨਾ 'ਚ ਜ਼ਿਆਦਾ ਉਚੇ ਉਦਾਸੀਨਤਾ ਵਕ੍ਰ I_2 'ਤੇ ਆ ਜਾਂਦਾ ਹੈ, ਜਿੱਥੇ I ਵਕ੍ਰ P ਬਿੰਦੂ 'ਤੇ TC ਵਕ੍ਰ ਦੀ ਛੂੰਹਦੀ ਰੇਖਾ ਹੈ। ਇਸ ਤਰ੍ਹਾਂ ਇਹ ਦਸ਼ਾ P ਬਿੰਦੂ 'ਤੇ ਸੰਤੁਸ਼ਟੀ ਹੁੰਦੀ ਹੈ।

22.7 ਇਸ਼ਟਤਮ ਅੰਤ:ਕਾਲਿਕ ਦਸ਼ਾ (The Optimum Intertemporal Condition)

ਇਸ ਦਸ਼ਾ ਦੇ ਲਈ ਜ਼ਰੂਰੀ ਹੈ ਕਿ **''ਸਾਧਨਾਂ ਅਤੇ ਵਸਤੂਆਂ ਦੇ ਹਰੇਕ ਜੋੜਿਆਂ ਦੇ ਵਿੱਚ ਰੂਪਾਂਤਰਣ ਦੀ ਸੀਮਿਤ ਘੱਟ ਕਾਲਿਕ ਦਰ ਅਤੇ ਸਾਧਨਾਂ ਦੇ ਹਰੇਕ ਜੋੜੇ ਦੇ ਵਿੱਚ ਅਤੇ ਵਸਤੂਆਂ ਦੇ ਹਰੇਕ ਜੋੜੇ ਦੇ ਵਿੱਚ ਸਥਾਨਾਪੰਨਤਾ ਦੀ ਸੀਮਿਤ ਘੱਟ ਕਾਲਿਕ ਦਰ ਵੀ ਜ਼ਰੂਰ ਮੁਸ਼ਕਿਲ ਰਹਿਤ ਪ੍ਰਤੀਭੂਤੀਆਂ 'ਤੇ ਵਿਆਜ ਦੀ ਦਰ ਦੇ ਬਰਾਬਰ ਹੋਣੀ ਚਾਹੀਦੀ ਹੈ।''** ਇਸ ਲਈ, ਮੁਸ਼ਕਿਲ ਜਾਂ ਅਨਿਸ਼ਚਿਤਤਾ ਦੇ ਅਹਿਸਾਸ ਵਿੱਚ ਉਤਪਾਦਕਾਂ ਦੇ ਵਿੱਚ ਕਰਜ਼ ਦੇ ਲੈਣ ਅਤੇ ਕਰਜ਼ ਦੇਣ ਨਾਲ ਇਸ ਦਸ਼ਾ ਦਾ ਸਬੰਧ ਹੈ। ਇਸ ਦਸ਼ਾ ਦਾ ਮਤਲਬ ਹੈ ਕਿ ਵਿਆਜ ਦੀ ਉਹ ਦਰ ਜਿਸ 'ਤੇ ਇਕ ਵਿਅਕਤੀਗਤ ਉਤਪਾਦਨ ਇਕ ਦਿੱਤੀ ਹੋਈ ਪੂੰਜੀ ਦੀ ਮਾਤਰਾ ਉਧਾਰ ਲੈਣ ਨੂੰ ਤਿਆਰ ਹੈ, ਉਧਾਰ ਲੈਣ ਵਾਲੇ ਉਤਪਾਦਕ ਦੇ ਲਈ ਉਸ (ਪੂੰਜੀ) ਦੀ ਸੀਮਿਤ ਉਤਪਾਦਕਤਾ ਦੇ ਬਰਾਬਰ ਹੋਣੀ ਚਾਹੀਦੀ ਹੈ। ਇਸ ਨੂੰ ਚਿੱਤਰ 22.6 ਦੀ ਸਹਾਇਤਾ ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ। ਸਮਾਂਤਰ ਅਕਸ਼ ਮੁਦਰਾ ਨੂੰ ਆਮਦਨ ਦੇ ਰੂਪ ਵਿੱਚ ਅਤੇ ਅਨੁਲੰਬ ਅਕਸ਼ ਵੇਚ ਸ਼ਕਤੀ ਦੇ ਰੂਪ, ਹਰੇਕ ਵੱਖ-ਵੱਖ ਸਮੇਂ ਵਿੱਚ ਨਾਪਦਾ ਹੈ। I_1 ਅਤੇ I_2 ਵਿਅਕਤੀਗਤ ਕਰਜ਼ਦਾਤਾ ਤੋਂ ਵੱਖ-ਵੱਖ ਆਮਦਨ ਪੱਧਰਾਂ ਨਾਲ ਸਬੰਧਿਤ 'ਸਮੇਂ (ਕਾਲ) ਉਦਾਸੀਨਤਾ ਵਕ੍ਰ' ਹੈ। ਕਾਲ ਉਦਾਸੀਨਤਾ ਦੇ ਵਕ੍ਰ 'ਤੇ ਹਰੇਕ ਬਿੰਦੂ ਵਰਤਮਾਨ ਅਤੇ ਭਵਿੱਖ ਨੂੰ ਆਮਦਨਾਂ ਦੇ ਵਿੱਚ ਸਥਾਨਾਪੰਨਤਾ ਦੀ ਘੱਟਦੀ ਸੀਮਿਤ ਦਰ ਨੂੰ ਪ੍ਰਗਟ ਕਰਦਾ ਹੈ। ਇਸ ਦਾ ਮਤਲਬ ਹੈ ਕਿ ਵਿਅਕਤੀ ਆਮਦਨ ਦੀ ਹਰ ਉਸ ਇਕਾਈ 'ਤੇ ਤੁਲਨਾ 'ਚ ਜ਼ਿਆਦਾ ਉਚਾ ਪ੍ਰਤੀਫਲ (ਪ੍ਰੀਮਿਅਮ) ਚਾਹੁੰਦਾ ਹੈ ਜਿਸ ਨਾਲ ਉਹ ਭਵਿੱਖ ਵਿੱਚ ਪ੍ਰਯੋਗ ਦੇ ਲਈ ਛੱਡਦਾ ਹੈ। TC ਵਿਅਕਤੀਗਤ ਕਰਜ਼ਾਈ ਦਾ 'ਸਮਾਂ-ਉਤਪਾਦਨ ਸੰਭਾਵਨਾ ਵਕ੍ਰ' (Time production possibility Curve) ਇਸ ਨਤੋਦਰ (concav) ਵਕ੍ਰ 'ਤੇ ਹਰੇਕ ਬਿੰਦੂ ਕਾਲਪ੍ਰਯੰਤਰ (Through Time) ਪੂੰਜੀ ਦੀ ਘੱਟਦੀ ਸੀਮਿਤ ਉਤਪਾਦਕਤਾ ਨੂੰ ਪ੍ਰਗਟ ਕਰਦਾ ਹੈ। ਇਹ ਦਸ਼ਾ ਉਸ ਸਮੇਂ ਸੰਤੁਸ਼ਟ ਹੁੰਦੀ ਹੈ ਜਦੋਂ ਸਮਾਂ ਉਦਾਸੀਨਤਾ ਵਕ੍ਰ ਅਤੇ ਸਮਾਂ ਉਤਪਾਦਨ ਸੰਭਾਵਨਾ ਵਕ੍ਰ ਇਕ ਦੂਸਰੇ ਦੀ ਛੂੰਹਦੀ ਰੇਖਾ ਹੁੰਦੀਆਂ ਹਨ। ਕਿਉਂਕਿ ਦੋਨੋਂ ਵਕ੍ਰ L 'ਤੇ ਇਕ ਦੂਸਰੇ ਨੂੰ

ਆਪਸ ਵਿੱਚ ਕੱਟਦੇ ਹਨ, ਇਸ ਲਈ ਉਹ ਇਸ਼ਟਤਮ ਸਥਿਤੀ ਦਾ ਬਿੰਦੂ ਨਹੀਂ ਹੋ ਸਕਦਾ। P ਬਿੰਦੂ ਇਸ਼ਟਤਮ ਸਥਿਤੀ ਨੂੰ ਪ੍ਰਗਟ ਕਰਦਾ ਹੈ ਕਿਉਂਕਿ ਇਸ ਬਿੰਦੂ 'ਤੇ TC ਅਤੇ I_2 ਵਕ੍ਰਾਂ ਦੀ ਢਲਾਣ ਬਰਾਬਰ ਹਨ।

ਨੋਟ

ਟਾਸਕ ਇਸ਼ਟਤਮ ਅੰਸ਼ਕਾਲਿਕ ਦਸ਼ਾ 'ਤੇ ਆਪਣੇ ਵਿਚਾਰ ਪ੍ਰਗਟ ਕਰੋ।

ਇਨ੍ਹਾਂ ਸਭ ਸੀਮਿਤ ਸਥਿਤੀਆਂ ਨੂੰ ਇਕ ਸੰਪੂਰਨ ਸਿਧਾਂਤ ਵਿੱਚ ਇੰਝ ਇਕੱਠਾ ਕੀਤਾ ਜਾ ਸਕਦਾ ਹੈ **ਕਿਉਂਕਿ ਦੋ ਵਸਤੂਆਂ ਅਤੇ ਸਾਧਨਾਂ ਦੇ ਵਿੱਚ ਸਥਾਨਾਪੰਨਤਾ ਦੀ ਸੀਮਿਤ ਦਰਾਂ ਉਨ੍ਹਾਂ ਦੇ ਰੂਪਾਂਤਰਣ ਦੀ ਸੀਮਿਤ ਦਰਾਂ ਦੇ ਬਰਾਬਰ ਅਤੇ ਉਨ੍ਹਾਂ ਦੀਆਂ ਕੀਮਤਾਂ ਦੇ ਅਨੁਪਾਤ ਇਕ-ਦੂਸਰੇ ਦੇ ਬਰਾਬਰ ਹੋਣਾ ਜ਼ਰੂਰੀ ਹਨ।**

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚੋਂ ਸਹੀ/ਗਲਤ ਲੱਭੋ

(State whether the following statements are True/False)–

9. ਰੂਪਾਂਤਰਣ ਦੀ ਸੀਮਿਤ ਦਰ ਉਹ ਦਰ ਹੈ ਜਿਸ 'ਤੇ ਵਸਤੂ ਤਿਆਗ ਕਰਨਾ ਪਵੇਗਾ।
10. ਇਸ਼ਟਤਮ ਦਸ਼ਾ ਉਸ ਸਮੇਂ ਆਉਂਦੀ ਹੈ, ਉਦੋਂ ਇਕ ਸਾਧਨ–ਮਾਲਕ ਨੂੰ ਭੁਗਤਾਨ ਕੀਤਾ ਗਿਆ ਪੁਰਸਕਾਰ ਸਾਧਨ ਦੀ ਸੀਮਿਤ ਉਤਪਾਦਕਤਾ ਦੇ ਮੁੱਲ ਦੇ ਬਰਾਬਰ ਹੁੰਦਾ ਹੈ।
11. ਉਦਾਸੀਨਤਾ ਵਕ੍ਰ ਦੀ ਉਂਤੋਦਰਤਾ ਆਮਦਨ ਅਤੇ ਛੁੱਟੀ ਦੇ ਵਿੱਚ ਸਥਾਨਾਪੰਨਤਾ ਦੀ ਘੱਟਦੀ ਸੀਮਿਤ ਦਰ ਨੂੰ ਪ੍ਰਗਟ ਕਰਦੀ ਹੈ।
12. ਉਂਤੋਦਰ ਰੂਪਾਂਤਰਣ ਵਕ੍ਰ ਅਤੇ ਨਤੋਦਰ ਉਦਾਸੀਨਤਾ ਵਕ੍ਰ ਆਰਥਿਕ ਜ਼ਿਆਦਾ ਨੂੰ ਪ੍ਰਗਟ ਕਰਨਗੇ।

ਇਸ ਦੀਆਂ ਅਲੋਚਨਾਵਾਂ (Its Criticisms)- ਇਹ **ਸੀਮਿਤ** ਜਾਂ **ਪਹਿਲੀਆਂ ਕੋਟੀ ਦਿਸ਼ਾਵਾਂ** (Marginal or first order conditions) ਜ਼ਿਆਦਾ ਕਲਿਆਣ ਤੱਕ ਪਹੁੰਚਣ ਦੇ ਲਈ ਜ਼ਰੂਰੀ ਹਨ, ਪਰ ਕਲਿਆਣ ਜ਼ਿਆਦਾ ਦੇ ਲਈ **ਕਾਫੀ ਨਹੀਂ ਹੈ।** ਉਸ ਦੀ ਤੁਲਨਾ 'ਚ ਇਹ ਅਸਲ ਵਿੱਚ ਨਿਊਨਤਮ ਦਸ਼ਾ 'ਤੇ ਲਿਜਾ ਸਕਦੇ ਹਨ। ਉਂਤੋਦਰ (Convex) ਰੂਪਾਂਤਰਣ ਵਕ੍ਰ ਅਤੇ ਨਤੋਦਰ (Concave) ਉਦਾਸੀਨਤਾ ਵਕ੍ਰ **ਆਰਥਿਕ ਨਿਊਨਤਮ** (economic minimum) ਨੂੰ ਪ੍ਰਗਟ ਕਰਨਗੇ। ਇਸ ਲਈ ਜ਼ਿਆਦਾ ਕਲਿਆਣ ਪ੍ਰਾਪਤ ਕਰਨ ਦੇ ਲਈ ਪਹਿਲੀ ਕੋਟੀ ਦਿਸ਼ਾਵਾਂ ਦੇ ਨਾਲ ਦੂਸਰੀ ਕੋਟੀ ਦਿਸ਼ਾਵਾਂ ਨੂੰ ਸੰਤੁਸ਼ਟ ਕਰਨ ਦੀ ਜ਼ਰੂਰਤ ਰਹਿੰਦੀ ਹੈ। ਦੂਸਰੀ ਕੋਟੀ ਦਿਸ਼ਾਵਾਂ ਦੇ ਲਈ ਜ਼ਰੂਰੀ ਹੈ ਕਿ ਸਭ ਉਦਾਸੀਨਤਾ ਵਕ੍ਰ ਮੂਲ ਬਿੰਦੂ ਦੇ ਉਂਤੋਦਰ ਅਤੇ ਸਭ ਰੂਪਾਂਤਰਣ ਵਕ੍ਰ ਮੂਲ ਬਿੰਦੂ ਦੇ ਨਤੋਦਰ ਹੋਣ ਪਰ ਦੋਨੋਂ ਦਿਸ਼ਾਵਾਂ ਦੀ ਸੰਤੁਸ਼ਟੀ ਨਾਲ ਵੀ ਜ਼ਿਆਦਾ ਸਥਿਤੀ ਦੀ ਪ੍ਰਾਪਤੀ ਨਿਸ਼ਚਿਤ ਨਹੀਂ ਹੋ ਸਕਦੀ। ਜਿਵੇਂ ਕਿ ਪ੍ਰੋਫੈਸਰ **ਬੋਲਡਿੰਗ** ਨੇ ਸੰਕੇਤ ਕੀਤਾ ਹੈ, "ਸੀਮਿਤ ਦਿਸ਼ਾਵਾਂ ਵਿੱਚ ਅਜਿਹਾ ਕੁਝ ਨਹੀਂ ਜੋ ਰਾਈ ਅਤੇ ਪਹਾੜ (ਇਕ ਪਹਾੜੀ ਦੇ ਸਿਖਰ ਅਤੇ ਮਾਊਂਟ ਐਵਰੈਸਟ) ਵਿੱਚ ਅੰਤਰ ਕਰ ਸਕੇ।" ਇਸ ਲਈ ਹਿਕਸ ਦੀ ਕਲਿਆਣ ਦੀਆਂ **ਕੁੱਲ ਦਿਸ਼ਾਵਾਂ** ਸੰਤੁਸ਼ਟੀ ਹੋਣੀ ਚਾਹੀਦੀ ਹੈ, ਜੋ ਅਸੀਂ ਬੋਲਡਿੰਗ ਨਾਲ ਦਿੱਤੇ ਗਏ ਰੂਪਕ ਦਾ ਇਸਤੇਮਾਲ ਕਰਨ ਤਾਂ ਐਵਰੈਸਟ ਸਿਖਰ ਦਾ ਪਤਾ ਲਗਾ ਦਿੰਦੀਆਂ ਹਨ। ਕੁੱਲ ਦਿਸ਼ਾਵਾਂ (Total conditions) ਦੇ ਲਈ ਜ਼ਰੂਰੀ ਹੈ ਕਿ "ਜੇਕਰ ਕਲਿਆਣ ਨੂੰ ਜ਼ਿਆਦਾ ਹੋਣਾ ਹੈ ਤਾਂ ਇਹ ਅਸੰਭਵ ਹੋਣਾ ਚਾਹੀਦਾ ਹੈ ਕਿ ਜਿਸ ਦਾ ਨਹੀਂ ਤਾਂ ਉਤਪਾਦਨ ਨਹੀਂ ਹੋਇਆ ਹੈ ਉਸ ਵਸਤੂ ਦੇ ਉਤਪਾਦਨ ਨਾਲ ਜਾਂ ਜਿਸ ਦਾ ਨਹੀਂ ਤਾਂ ਇਸਤੇਮਾਲ ਨਹੀਂ ਹੋਇਆ ਹੈ ਉਸ ਸਾਧਨ ਦਾ ਇਸਤੇਮਾਲ ਕਰਕੇ ਕਲਿਆਣ ਨੂੰ ਵਧਾਇਆ ਜਾ ਸਕੇ।" **ਡਾ. ਮਿਸ਼ਨ** (Dr. Mishan) ਇਨ੍ਹਾਂ ਕੁੱਲ ਦਿਸ਼ਾਵਾਂ ਨੂੰ 'ਸੱਚ ਕਾਫੀ ਦਿਸ਼ਾਵਾਂ' (True sufficient conditions) ਮਾਨਤਾ ਹੈ ਜੋ ਕਿ ਜੇਕਰ ਸੀਮਿਤ ਅਤੇ ਦੂਸਰੀ ਕੋਟੀ ਦਿਸ਼ਾਵਾਂ ਦੇ ਨਾਲ ਸੰਤੁਸ਼ਟ ਹੋ ਜਾਵੇ ਤਾਂ ਆਰਥਿਕ ਕਲਿਆਣ ਦੇ ਜ਼ਿਆਦਾਕਰਨ ਤੱਕ ਲਿਜਾਇਆ ਜਾ ਸਕਦੀਆਂ ਹਨ ਪਰ ਜ਼ਿਆਦਾਤਰ ਕਈ ਇਸ਼ਟਤਮ ਦਿਸ਼ਾਵਾਂ ਵਿੱਚੋਂ ਇਕ ਹੋ ਸਕਦੀ ਹੈ। ਇਸ ਤਰ੍ਹਾਂ ਕੁੱਲ ਦਿਸ਼ਾਵਾਂ ਵਿੱਚ ਮੁੱਲ ਫੈਸਲੇ ਮੌਜੂਦ ਰਹਿੰਦੇ ਹਨ, ਜਦੋਂ ਕਿ ਪਰੇਟੋ ਇਸ਼ਟਤਮ ਦੀ ਪ੍ਰੀਭਾਸ਼ਾ ਸੀਮਿਤ ਦਿਸ਼ਾਵਾਂ ਮੁੱਲ ਫੈਸਲਿਆਂ ਨੂੰ ਕੱਢ ਦਿੰਦੀਆਂ ਹਨ। ਅਸਲ ਵਿੱਚ ਸੀਮਿਤ ਦਿਸ਼ਾਵਾਂ ਵੀ ਮੁੱਲ ਫੈਸਲਿਆਂ ਤੋਂ ਮੁਕਤ ਨਹੀਂ ਹਨ। (ਚਿੱਤਰ 22.1 ਵਿੱਚ) ਸੰਵਿਦਾ ਵਕ੍ਰ ਦਾ ਹਰੇਕ ਬਿੰਦੂ ਪਰੇਟੋ ਇਸ਼ਟਤਮ ਨੂੰ ਪ੍ਰਗਟ ਕਰਦਾ ਹੈ ਅਤੇ ਉਨ੍ਹਾਂ ਵਿੱਚੋਂ ਚੋਣ ਕਰਨ ਵਿੱਚ ਮੁੱਲ ਫੈਸਲੇ ਮੌਜੂਦ ਰਹਿੰਦੇ ਹਨ।

ਸਭ ਸੀਮਿਤ ਦਿਸ਼ਾਵਾਂ ਪੂਰੀ ਪ੍ਰਤੀਯੋਗਤਾ ਦੇ ਅਧੀਨ ਪੂਰਨ ਰੂਪ ਨਾਲ ਸੰਤੁਸ਼ਟ ਹੁੰਦੀਆਂ ਹਨ ਪਰ ਅਸਲੀਅਤ ਵਿੱਚ ਪੂਰਨ ਪ੍ਰਤੀਯੋਗਤਾ ਦੀਆਂ ਇਹ ਜ਼ਰੂਰਤਾਂ ਕਦੀ ਵੀ ਪੂਰੀਆਂ ਨਹੀਂ ਹੁੰਦੀਆਂ ਕਿਉਂਕਿ ਘੱਟ ਅਧਿਕਾਰ, ਦੂਸਰਾ ਅਧਿਕਾਰ ਅਤੇ ਏਕਾਧਿਕਾਰਾਤਮਕ ਪ੍ਰਤੀਯੋਗਤਾ ਅਸਲੀ ਜਗਤ ਵਿੱਚ ਪਾਏ ਜਾਂਦੇ ਹਨ ਪਰ ਏਕਾਧਿਕਾਰ (ਜਾਂ ਏਕਾਧਿਕਾਰਾਤਮਕ ਪ੍ਰਤੀਯੋਗਤਾ)

ਨੋਟ

ਦੇ ਅਧੀਨ ਪਰੇਟੋ ਦੀਆਂ ਇਸ਼ਟਤਮ ਦਿਸ਼ਾਵਾਂ ਕਦੀ ਪ੍ਰਾਪਤ ਨਹੀਂ ਹੋ ਸਕਦੀਆਂ ਕਿਉਂਕਿ ਵੱਖ-ਵੱਖ ਉਪਭੋਗਤਾਵਾਂ ਦੀ ਸਥਾਪਨਾ ਦੀਆਂ ਸੀਮਿਤ ਦਰਾਂ ਬਰਾਬਰ ਨਹੀਂ ਹੋਣਗੀਆਂ, ਵੱਖ-ਵੱਖ ਫਰਮਾਂ ਦੇ ਰੂਪਾਂਤਰਣ ਦੀਆਂ ਸੀਮਿਤ ਦਰਾਂ ਬਰਾਬਰ ਨਹੀਂ ਹੋਣਗੀਆਂ, ਵਸਤੂਆਂ ਅਤੇ ਸਾਧਨਾਂ ਦੇ ਵਿੱਚ ਸਥਾਨਾਪੰਨਤਾ ਦੀ ਸੀਮਿਤ ਦਰਾਂ ਉਨ੍ਹਾਂ ਦੇ ਰੂਪਾਂਤਰਣ ਦੀ ਸੀਮਿਤ ਦਰਾਂ ਦੇ ਬਰਾਬਰ ਨਹੀਂ ਹੋਵੇਗੀ ਅਤੇ ਨਾ ਹੀ ਉਨ੍ਹਾਂ ਦੀਆਂ ਕੀਮਤਾਂ ਦੇ ਅਨੁਪਾਤ ਬਰਾਬਰ ਹੋਣਗੇ। ਸੀਮਿਤ ਦਿਸ਼ਾਵਾਂ ਦੇ ਸੰਤੁਸ਼ਟ ਨਾ ਹੋਣ ਦਾ ਮੁੱਖ ਕਾਰਨ ਇਹ ਹੈ ਕਿ ਏਕਾਧਿਕਾਰ ਦੇ ਅਧੀਨ ਕੀਮਤ ਹਮੇਸ਼ਾ ਸੀਮਿਤ ਲਾਗਤ ਤੋਂ ਜ਼ਿਆਦਾ ਹੁੰਦੀ ਹੈ, P>MC=MR, ਜਿਸ ਨਾਲ ਸਾਧਨਾਂ ਦਾ ਵੰਡ ਸਹੀ ਤਰੀਕੇ ਨਾਲ ਨਹੀਂ ਹੁੰਦੀ।

ਸਮਾਜਵਾਦੀ ਹੱਲ (The Socialist Solution)-ਕਿਉਂਕਿ ਏਕਾਧਿਕਾਰਾਤਮਕ ਪ੍ਰਤੀਯੋਗਤਾ ਦੇ ਅਧੀਨ ਪਰੇਟੋ ਇਸ਼ਟਤਮਤਾ ਦੀਆਂ ਦਿਸ਼ਾਵਾਂ ਸੰਤੁਸ਼ਟ ਨਹੀਂ ਹੁੰਦੀਆਂ ਹਨ, ਇਸ ਲਈ ਇਹ ਇਸ ਵਿਚਾਰ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ ਕਿ ਹਰੇਕ ਪਰੇਟੋ ਇਸ਼ਟਤਮ ਵੰਡ ਪੂਰਨ ਪ੍ਰਤੀਯੋਗੀ ਹੁੰਦਾ ਹੈ ਅਤੇ ਹਰੇਕ ਪ੍ਰਤੀਯੋਗੀ ਸੰਤੁਲਨ ਪਰੇਟੋ ਇਸ਼ਟਤਮ ਹੈ। ਪਰ ਜਿਵੇਂ ਕਿ ਡਾ. ਮਿਸ਼ਨ ਨੇ ਸਪੱਸ਼ਟ ਕੀਤਾ ਹੈ "ਇਸ਼ਟਤਮ ਦਿਸ਼ਾਵਾਂ ਨੂੰ ਪ੍ਰਾਪਤ ਕਰਨ ਦੇ ਲਈ ਪੂਰਨ ਪ੍ਰਤੀਯੋਗਤਾ ਨਾ ਤਾਂ ਜ਼ਰੂਰੀ ਅਤੇ ਨਾ ਹੀ ਕਾਫੀ ਸ਼ਰਤ ਹੈ।"ਇਸ ਲਈ ਲੈਂਗ ਅਤੇ ਲਰਨਰ ਜਿਵੇਂ ਅਰਥ ਸ਼ਾਸਤਰੀਆਂ ਨੇ ਇਹ ਸਿੱਧ ਕੀਤਾ ਹੈ ਕਿ ਸਮਾਜਵਾਦ ਦੇ ਅਧੀਨ ਪਰੇਟੋ ਇਸ਼ਟਤਮ ਪ੍ਰਾਪਤ ਕਰਨ ਦੇ ਲਈ ਦਕਸ਼ ਸਾਧਨ ਵੰਡ ਸੰਭਵ ਹੈ। ਜੇਕਰ ਪੂੰਜੀਵਾਦ ਵਿੱਚ ਉਤਪਾਦਨ ਦੇ ਸਾਧਨਾਂ ਦੀ ਮਲਕੀਅਤ ਖਤਮ ਕਰ ਦਿੱਤੀ ਜਾਂਦੀ ਹੈ ਤਾਂ ਪੂੰਜੀਵਾਦ ਦੀ ਤਰ੍ਹਾਂ ਸਮਾਜਵਾਦ ਸਥਿਤੀਆਂ ਦਾ ਨਿਰਮਾਣ ਕਰ ਸਕਦਾ ਹੈ। ਸਮਾਜਵਾਦੀ ਅਰਥ ਵਿਵਸਥਾ ਵਿੱਚ ਯੋਜਨਾ ਸੱਤਾ ਪੂੰਜੀਵਾਦੀ ਮਾਰਕੀਟ ਦਾ ਸਥਾਨ ਲੈਂਦੀ ਹੈ ਅਤੇ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਦੇ ਸਮਾਯੋਜਨ ਨਾਲ ਉਨ੍ਹਾਂ ਦੀ ਮੰਗ ਅਤੇ ਪੂਰਤੀ ਨੂੰ ਬਰਾਬਰ ਕਰਦੀ ਹੈ। ਸਾਧਨਾਂ ਦੇ ਵਿਵੇਕਪੂਰਨ ਵੰਡ ਨੂੰ ਪ੍ਰੀਖਣ-ਪ੍ਰਣਾਲੀ (Trial and error) ਨਾਲ ਲੇਖਾਂਕਣ (Accounting) ਕੀਮਤਾਂ ਸਥਾਪਿਤ ਕਰਕੇ ਪ੍ਰਾਪਤ ਕੀਤਾ ਜਾਂਦਾ ਹੈ। ਉਦੋਂ ਪਲਾਂਟ ਪ੍ਰਬੰਧਕਾਂ ਦੀ ਸੀਮਿਤ ਨਿਯਤ ਦਾ ਅਨੁਸਰਣ ਕਰਨ ਦੇ ਨਿਰਦੇਸ਼ ਦੇ ਕੇ ਇਸ਼ਟਤਮ ਉਤਪਾਦਨ ਅਤੇ ਇਸ਼ਟਤਮ ਸਾਧਨ ਅਨੁਪਾਤ ਪ੍ਰਾਪਤ ਕੀਤੇ ਜਾ ਸਕਦੇ ਹਨ। ਜਦੋਂ ਇਸ ਤਰ੍ਹਾਂ ਇਕ ਵਾਰ ਵੰਡ ਦਕਸ਼ਤਾ ਪ੍ਰਾਪਤ ਕਰ ਲਈ ਜਾਂਦੀ ਹੈ ਤਾਂ ਕਲਿਆਣ ਦੀ ਇਸ਼ਟਤਮ ਦਿਸ਼ਾਵਾਂ ਪੂਰੇ ਰੂਪ ਨਾਲ ਸੰਤੁਸ਼ਟ ਹੋ ਜਾਂਦੀਆਂ ਹਨ।

22.8 ਸਾਰਾਂਸ਼ (Summary)

• ਇਹ ਦਸ਼ਾ ਜੋ ਸਾਧਨਾਂ ਦੇ ਇਸ਼ਟਤਮ ਵੰਡ ਨਾਲ ਸਬੰਧ ਰੱਖਦੀ ਹੈ, ਮੰਗ ਕਰਦੀ ਹੈ ਕਿ ਕਿਸੇ ਅਜਿਹੀਆਂ **ਦੋ ਫਰਮਾਂ ਦੇ ਲਈ ਕਿਸੇ ਦੋ ਸਾਧਨਾਂ ਦੇ ਵਿੱਚ ਤਕਨੀਕੀ ਸਥਾਨਾਪੰਨਤਾ ਦੀ ਸੀਮਿਤ ਦਰ ਬਰਾਬਰ ਹੋਣੀ ਚਾਹੀਦੀ ਹੈ**, ਜਿਨ੍ਹਾਂ ਦੇ ਨਾਂਲ ਉਸੇ ਵਸਤੂ ਦੇ ਉਤਪਾਦਨ ਦੇ ਲਈ ਇਨ੍ਹਾਂ ਦੋਨਾਂ ਸਾਧਨਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਸਮ ਮਾਤਰਾ ਵਕ੍ਰ ਦੇ ਕਿਸੇ ਵੀ ਬਿੰਦੂ 'ਤੇ ਤਕਨੀਕੀ ਸਥਾਨਾਪੰਨਤਾ ਦੀ ਸੀਮਿਤ ਦਰ, ਉਤਪਾਦਨ ਦੇ ਲਈ ਹੋਏ ਪੱਧਰ ਨੂੰ ਬਣਾਏ ਰੱਖਣ ਦੇ ਲਈ ਇਕ ਦੇ ਸਥਾਨ 'ਤੇ ਦੂਸਰੇ ਸਾਧਨ ਦੀ ਸਥਾਨਾਪੰਨਤਾ ਦਰ ਹੁੰਦੀ ਹੈ।

22.9 ਸ਼ਬਦਕੋਸ਼ (Keywords)

1. **ਵੀਨਿਮਯ** (Exchange)- ਅਦਲ-ਬਦਲ।
2. **ਵਿਸ਼ੇਸ਼ੀਕਰਨ** (Specialisation)-ਵਿਸ਼ੇਸ਼ ਹੋਣਾ।
3. **ਸੱਚ ਕਾਫੀ ਦਿਸ਼ਾਵਾਂ** (True Sufficient Conditions)-ਕੁੱਲ ਦਿਸ਼ਾਵਾਂ।

22.10 ਅਭਿਆਸ ਪ੍ਰਸ਼ਨ (Review Questions)

1. ਵੀਨਿਮਯ ਦੀ ਇਸ਼ਟਤਮ ਸਥਿਤੀ ਤੋਂ ਕੀ ਭਾਵ ਹੈ?
2. ਸਾਧਨ ਸਥਾਨਾਪੰਨਤਾ ਦੀ ਇਸ਼ਟਤਮ ਸਥਿਤੀ ਤੋਂ ਤੁਸੀਂ ਕੀ ਸਮਝਦੇ ਹੋ?
3. 'ਇਸ਼ਟਤਮ ਅੰਤਃਕਾਲਿਕ ਸਥਿਤੀ' 'ਤੇ ਟਿੱਪਣੀ ਲਿਖੋ।
4. ਵਸਤੂ ਸਥਾਨਪੰਨਤਾ ਦੀ ਇਸ਼ਟਤਮ ਸਥਿਤੀ ਨੂੰ ਸਮਝਾਓ।

ਉਤਰ : ਸਵੈ ਮੁਲਾਂਕਣ (Answers: Self Assessment)

1. ਸੁਤੰਤਰਤ 2. ਵੰਡ 3. ਗਤੀਸ਼ੀਲਤਾ 4. ਸਾਧਨ

5. (ਅ) 6. (ਬ) 7. (ਅ) 8. (ਸ) **ਨੋਟ**

9. ਸਹੀ 10. ਸਹੀ 11. ਸਹੀ 12. ਗਲਤ।

22.11 ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕ੍ਰੋਇਕਨੋਮਿਕਸ–ਸਿਪਰਾ ਮੁੱਖ ਉਪਾਧਿਆਇ, ਐਨੀ ਬੁਕਸ, 2011।
2. ਮਾਈਕ੍ਰੋਇਕਨੋਮਿਕਸ : ਐਨ. ਐਡਵਾਂਸ ਟ੍ਰੀਟਾਈਜ਼–ਐਸ. ਪੀ. ਐਸ. ਚੌਹਾਨ, ਪੀ. ਐਚ. ਆਈ. ਲਰਨਿੰਗ।
3. ਮਾਈਕ੍ਰੋਇਕਨੋਮਿਕਸ : ਬਿਹੇਵਿਅਰ, ਇੰਸਟੀਟਿਊਸ਼ਨਜ਼ ਐਂਡ ਇਵੋਲਿਊਏਸ਼ਨ ਬੋਵੈਲਸ ਆਕਸਫੋਰਡ ਯੂਨੀਵਰਸਿਟੀ ਪ੍ਰੈਸ, 2004।

ਨੋਟ

ਇਕਾਈ–23 : ਬਾਜ਼ਾਰ ਅਸਫਲਤਾ : ਅਰਥ ਅਤੇ ਸਰੋਤ (Market Failure : Meaning and Sources)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

23.1 ਵਸਤੂਆਂ ਅਤੇ ਸੇਵਾਵਾਂ ਦੀਆਂ ਕਿਸਮਾਂ (Types of Goods and Services)

23.2 ਵਰਜਿਤ ਵਸਤੂਆਂ ਅਤੇ ਬਾਜ਼ਾਰ ਅਸਫਲਤਾ (Excludable Goods and Market Failure)

23.3 ਬਾਜ਼ਾਰ ਅਸਫਲਤਾ ਦੇ ਸਰੋਤ ਦੇ ਰੂਪ ਵਿੱਚ ਵਰਜਿਤ ਪਰ ਗੈਰ-ਪ੍ਰਤੀਦੰਦੀ ਵਸਤੂਆਂ (Excludable but Non-rivalrous Goods as a Source of Market Failure)

23.4 ਗੈਰ-ਵਰਜਿਤ ਵਸਤੂਆਂ ਅਤੇ ਬਾਜ਼ਾਰ ਅਸਫਲਤਾ (Non-excludable Goods and Market Failure)

23.5 ਬਾਹਰੀ ਪ੍ਰਭਾਵ ਅਤੇ ਬਾਜ਼ਾਰ ਅਸਫਲਤਾ (Externalities and Market Failure)

23.6 ਰਿਣਾਤਮਕ ਬਾਹਰੀ ਪ੍ਰਭਾਵ (Negative Externality)

23.7 ਧਨਾਤਮਕ ਬਾਹਰੀ ਪ੍ਰਭਾਵ (Positive Externality)

23.8 ਬਾਹਰੀ ਪ੍ਰਭਾਵ ਅਤੇ ਕੋਸ਼ ਸਿਧਾਂਤ (Externalities and the Coase Theory)

23.9 ਉਚਾ ਸਮਝੌਤਾ (ਜਾਂ ਲੈਣ-ਦੇਣ) ਲਾਗਤਾਂ (High Transaction Costs)

23.10 ਸਾਰਾਂਸ਼ (Summary)

23.11 ਸ਼ਬਦਕੋਸ਼ (Keywords)

23.12 ਅਭਿਆਸ ਪ੍ਰਸ਼ਨ (Review Questions)

23.13 ਸਬੰਧਿਤ ਪੁਸਤਕਾਂ (Further Readings)

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਵਸਤੂਆਂ ਅਤੇ ਸੇਵਾਵਾਂ ਦੀਆਂ ਕਿਸਮਾਂ ਜਾਨਣ ਸਬੰਧੀ।
- ਬਾਹਰੀ ਪ੍ਰਭਾਵ ਅਤੇ ਬਾਜ਼ਾਰ ਅਸਫਲਤਾ ਜਾਨਣ ਸਬੰਧੀ।
- ਬਾਹਰੀ ਪ੍ਰਭਾਵ ਅਤੇ ਕੋਸ਼ ਸਿਧਾਂਤ ਸਮਝਣ ਸਬੰਧੀ।
- ਉਚੀ ਸਮਝੌਤਾ ਲਾਗਤਾਂ ਜਾਨਣ ਸਬੰਧੀ।

ਪ੍ਰਸਤਾਵਨਾ (Introduction)

ਬਾਜ਼ਾਰ ਅਸਫਲਤਾ ਤੋਂ ਭਾਵ ਉਸ ਸਥਿਤੀ ਤੋਂ ਹੈ ਜਿਸ ਵਿੱਚ ਬਾਜ਼ਾਰ ਤੰਤਰ, ਜੋ ਮੰਗ ਅਤੇ ਪੂਰਤੀ ਦੀਆਂ ਸ਼ਕਤੀਆਂ 'ਤੇ ਅਧਾਰਿਤ ਹੈ, ਖੁਦ ਹੀ ਆਪਣੇ ਆਪ ਇਕ ਕੁਸ਼ਲ ਸਾਧਨ ਵੰਡ ਦੇ ਲਈ ਕਾਫੀ ਨਹੀਂ ਹੈ। ਬਾਜ਼ਾਰ ਅਸਫਲਤਾ ਦੇ ਮੁੱਖ ਸਰੋਤਾਂ

ਵਿੱਚੋਂ ਇਕ ਸਰੋਤ ਏਕਾਧਿਕਾਰ ਬਾਜ਼ਾਰ ਰਚਨਾ (Monopoly Market Structure) ਹੈ। ਇਹ ਕਿਸ ਤਰ੍ਹਾਂ ਵਾਪਰਦਾ ਹੈ, ਇਸ ਦਾ ਵੇਰਵਾ ਹੇਠਾਂ ਦਿੱਤਾ ਹੈ– ਨੋਟ

ਏਕਾਧਿਕਾਰੀ ਦੇ ਮੰਗ ਵਕ੍ਰ ਦਾ ਢਲਾਣ ਹੇਠਾਂ ਵੱਲ ਹੁੰਦਾ ਹੈ। ਇਸ ਲਈ ਔਸਤ ਆਗਮ (AR) ਸੀਮਿਤ ਆਗਮ (MR) ਤੋਂ ਜ਼ਿਆਦਾ ਹੋ ਜਾਂਦਾ ਹੈ। ਇਕ ਫਰਮ ਦੀ ਸੰਤੁਲਨ ਸ਼ਰਤ ਹੈ ਕਿ MR= MC । ਜਦੋਂ AR>MR (ਅਤੇ MR =MC) ਉਦੋਂ ਇਸ ਦਾ ਅਰਣ ਹੈ ਕਿ ਕੀਮਤ ਸੀਮਿਤ ਲਾਗਤ ਤੋਂ ਜ਼ਿਆਦਾ ਹੁੰਦੀ ਹੈ (AR>MC)। ਅਜਿਹੀ ਸਥਿਤੀ ਵਿੱਚ ਉਤਪਾਦਨ ਵੀ ਪੂਰੀ ਪ੍ਰਤੀਯੋਗੀ ਉਦਯੋਗ ਦੇ ਉਤਪਾਦਨ ਦੀ ਤੁਲਨਾ ਵਿੱਚ ਘੱਟ ਹੋਵੇਗਾ। ਇਸ ਲਈ ਏਕਾਧਿਕਾਰ ਦੀ ਸਥਿਤੀ ਵਿੱਚ ਲਾਭ ਜ਼ਿਆਦਾ ਦੀ ਸ਼ਰਤ ਤਾਂ ਪੂਰੀ ਹੋ ਜਾਂਦੀ ਹੈ ਪਰ ਕੁਸ਼ਲਤਾਂ ਵਾਲੀ ਸ਼ਰਤ ਪ੍ਰਾਪਤ ਨਹੀਂ ਹੁੰਦੀ, ਇਸ ਲਈ ਬਾਜ਼ਾਰ ਸਾਧਨਾਂ ਦੇ ਕੁਸ਼ਲ ਵੰਡ ਵਿੱਚ ਅਸਫਲ ਹੋ ਜਾਂਦਾ ਹੈ।

ਜੇ. ਬੀ. ਟੇਲਰ, ਦੇ ਸ਼ਬਦਾਂ ਵਿੱਚ, **"ਬਾਜ਼ਾਰ ਅਸਫਲਤਾ ਉਹ ਸਥਿਤੀ ਹੈ ਜੋ ਕੁਸ਼ਲ ਆਰਥਿਕ ਲਾਗਤ ਨੂੰ ਪ੍ਰਾਪਤ ਨਹੀਂ ਕਰਦੀ ਅਤੇ ਜਿਸ ਵਿੱਚ ਸਰਕਾਰ ਦੀ ਦਖਲਅੰਦਾਜ਼ੀ ਦੀ ਸੰਭਾਵਨਾ ਹੁੰਦੀ ਹੈ। ਇਸ ਦੇ ਤਿੰਨ ਮੁੱਖ ਕਾਰਨ ਹਨ-ਸਰਵਜਨਿਕ ਪਦਾਰਥ, ਬਾਹਰੀ ਪ੍ਰਭਾਵ ਅਤੇ ਬਾਜ਼ਾਰ ਸ਼ਕਤੀ।"** (Any situation in which the market does not lead to an efficient economic outcome and in which there is potential role of government. There are three broad sources of market failure: Public goods, externalities and market power. **—J. B. Taylar**)

ਏਕਾਧਿਕਾਰ ਬਾਜ਼ਾਰ ਰਚਨਾ ਤੋਂ ਇਲਾਵਾ ਬਾਜ਼ਾਰ ਅਸਫਲਤਾ ਦੇ ਹੋਰ ਵੀ ਕਈ ਸਰੋਤ ਹਨ। ਇਨ੍ਹਾਂ ਸਾਰੇ ਸਰੋਤਾਂ ਵਿੱਚ ਸੰਖੇਪ ਵਿੱਚ ਵੇਰਵਾ ਹੇਠਾਂ ਦਿੱਤਾ ਗਿਆ ਹੈ–

1. ਜਦੋਂ ਫਰਮਾਂ ਨਿਊਨਤਮ ਲਾਗਤ 'ਤੇ ਕੰਮ ਨਹੀਂ ਕਰ ਰਹੀਆਂ ਹੁੰਦੀਆਂ ਅਤੇ ਹੋਰ ਸਮਰੱਥਾ (Excess Capacity) ਪ੍ਰਗਟ ਕਰਦੀਆਂ ਹਨ। ਏਕਾਧਿਕਾਰ ਤੋਂ ਇਲਾਵਾ ਅਜਿਹੀ ਬਾਜ਼ਾਰ ਅਸਫਲਤਾ ਏਕਾਧਿਕਾਰੀ ਪ੍ਰਤੀਯੋਗਤਾ ਵਿੱਚ ਵੀ ਪਾਈ ਜਾਂਦੀ ਹੈ। ਏਕਾਧਿਕਾਰੀ ਪ੍ਰਤੀਯੋਗਤਾ ਦੇ ਅਧੀਨ ਫਰਮ LAC ਦੇ ਘੱਟਦੇ ਹੋਏ ਭਾਗ (Decreasing Segment of Lac) 'ਤੇ ਉਤਪਾਦਨ ਕਰਨ ਦੀ ਪ੍ਰਵਿਰਤੀ ਰੱਖਦੀ ਹੈ, ਜਿਸ ਦਾ ਅਰਥ ਹੈ ਕਿ ਪੂਰਨ ਪ੍ਰਤੀਯੋਗੀ ਸਥਿਤੀ ਦੀ ਤੁਲਨਾ ਵਿੱਚ ਉਤਪਾਦਨ ਦਾ ਘੱਟ ਹੋਣਾ।
2. ਜਦੋਂ ਸੰਪਤੀ ਅਧਿਕਾਰ (Property Rights) ਇਕੱਲੇ ਰੂਪ ਵਿੱਚ (Exclusively) ਕਿਸੇ ਇਕ ਨਿੱਜੀ ਵਿਅਕਤੀ ਦਾ ਅਧਿਕਾਰ ਨਹੀਂ ਹੈ, ਸਗੋਂ ਸੰਪਤੀ ਦਾ ਇਸਤੇਮਾਲ ਵਿਅਕਤੀ ਕਰ ਸਕਦੀ ਹੈ। ਅਜਿਹੀ ਸਥਿਤੀ ਵਿੱਚ ਹਰੇਕ ਵਿਅਕਤੀ ਇਕ ਸਾਧਨ 'ਤੇ ਆਪਣਾ ਸਧਾਰਣ ਸੰਪਤੀ ਅਧਿਕਾਰ ਪ੍ਰਗਟ ਕਰਦਾ ਹੈ ਅਤੇ ਇਸ ਲਈ ਸਾਧਨ ਦੇ ਬਹੁਤ ਜ਼ਿਆਦਾ ਸ਼ੋਸ਼ਣ ਦੀ ਪ੍ਰਵਿਰਤੀ ਪ੍ਰਗਟ ਕਰਦਾ ਹੈ।
3. ਜਦੋਂ ਕਿਸੇ ਵਸਤੂ ਦੇ ਇਸਤੇਮਾਲ ਤੋਂ ਮਿਲਣ ਵਾਲੇ ਲਾਭ ਲਈ ਗੈਰ–ਅਦਾਇਗੀ ਕਰਨ ਵਾਲੇ (Non-Payers) ਨੂੰ ਅਲੱਗ ਕਰਨਾ ਸੰਭਵ ਨਾ ਹੋਵੇ। ਅਜਿਹਾ ਸਧਾਰਣ ਤੌਰ 'ਤੇ ਸੜਕਾਂ, ਫਲਾਂ, ਕਾਨੂੰਨ ਵਿਵਸਥਾਂ ਆਦਿ ਸਰਵਜਨਿਕ ਪਦਾਰਥਾਂ (Public Good) ਦੇ ਮਾਮਲੇ ਵਿੱਚ ਦੇਖਿਆ ਗਿਆ ਹੈ, ਇਸ ਦਾ ਇਸਤੇਮਾਲ ਸਾਰੇ ਕਰਦੇ ਹਨ। ਚਾਹੇ ਉਹ ਇਸ ਦੇ ਇਸਤੇਮਾਲ ਲਈ ਕੁਝ ਟੈਕਸ (Fees) ਜਾਂ ਨਹੀਂ।
4. ਜਦੋਂ ਕਿਸੇ ਇਕ ਏਜੰਟ ਦੀ ਆਰਥਿਕ ਕਿਰਿਆ ਹੋਰ ਵਿਅਕਤੀਆਂ ਨੂੰ ਪ੍ਰਭਾਵਿਤ ਕਰਦੀ ਹੈ ਪਰ ਅਜਿਹੇ ਪ੍ਰਭਾਵ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਇਸ ਨੂੰ ਬਾਹਰੀ ਪ੍ਰਭਾਵ (Externality) ਕਿਹਾ ਜਾਂਦਾ ਹੈ। ਇਹ ਉਤਪਾਦਨ ਅਤੇ ਉਪਭੋਗ ਕਿਸੇ ਵਿੱਚ ਵੀ ਹੋ ਸਕਦੀ ਹੈ।
5. ਜਦੋਂ ਅਪੂਰਨ ਸੂਚਨਾ ਉਪਲੱਬਧ ਹੋਵੇ ਜਾਂ ਸੂਚਨਾ ਸਹੀ ਨਹੀਂ ਹੈ ਜਾਂ ਇਸ ਨੂੰ ਬਾਜ਼ਾਰ ਵਿੱਚ ਪੂਰੀ ਤਰ੍ਹਾਂ ਨਾਲ ਨਹੀਂ ਫੈਲਾਇਆ ਗਿਆ। ਵੱਖ–ਵੱਖ ਪਰਿਵਰਤਨਾਂ ਅਤੇ ਇਨ੍ਹਾਂ ਦੇ ਨਤੀਜਿਆਂ ਸਬੰਧੀ ਸੂਚਨਾ ਹੋ ਸਕਦੀ ਹੈ। ਆਰਥਿਕ ਏਜੰਟਾਂ ਦੀ ਸੰਖਿਆ ਦੀ ਪ੍ਰਸਤਾਵਨਾ ਵਿੱਚ ਹੋਵੇ। **ਅਸੀਮਿਤ ਸੂਚਨਾ** (Asymmetric Information) ਜਾਂ ਅਸੰਤੁਲਿਤ ਸੂਚਨਾ ਵੀ ਬਾਜ਼ਾਰ ਅਸਫਲਤਾ ਦਾ ਇਕ ਸਰੋਤ ਹੈ।

ਬਾਜ਼ਾਰ ਅਸਫਲਤਾ ਸਰਕਾਰੀ ਦਖਲਅੰਦਾਜ਼ੀ ਨੂੰ ਸੱਦਾ ਦਿੰ ਦੀ ਹੈ

ਸਾਧਨਾਂ ਦੀ ਕੁਸ਼ਲ ਵੰਡ ਦੀ ਪ੍ਰਾਪਤੀ ਲਈ ਬਾ੍ਜ਼ਾਰ ਅਸਫਲਤਾ ਸਰਕਾਰੀ ਦਖਲਅੰਦਾਜ਼ੀ ਨੂੰ ਸੱਦਾ ਦਿੰਦੀ ਹੈ। ਸਰਕਾਰੀ ਦਖਲਅੰਦਾਜ਼ੀ ਹੇਠ ਲਿਖੇ ਤੱਤਾਂ–ਪੈਰਾਮੀਟਰਾਂ 'ਤੇ ਧਿਆਨ ਕੇਂਦਰਿਤ ਕਰਦਾ ਹੈ–

1. ਬਾਜ਼ਾਰ ਅਸਫਲਤਾ ਦੇ ਅਨੇਕਾਂ ਕਾਰਨਾਂ ਨੂੰ ਧਿਆਨ ਵਿੱਚ ਰੱਖ ਕੇ ਆਰਥਿਕ ਕੁਸ਼ਲਤਾ ਵਿੱਚ ਸੁਧਾਰ ਕਰਨਾ।

ਨੋਟ

2. ਸਮਤਾ (Equity) ਦੇ ਕੁਝ ਮਨਜ਼ੂਰਸ਼ੁਦਾ ਮਾਨਦੰਡਾਂ (Accepted Standard) ਨੂੰ ਪ੍ਰਾਪਤ ਕਰਨ ਵਿੱਚ ਸਮਾਜ ਦੇ ਮੈਂਬਰਾਂ ਦੀ ਸਹਾਇਤਾ ਕਰਨਾ।
3. ਆਰਥਿਕ ਵਿਕਾਸ ਦੀ ਦਰ ਨੂੰ ਪ੍ਰਭਾਵਿਤ ਕਰਨਾ।
4. ਆਮਦਨ ਅਤੇ ਕੀਮਤ ਪੱਧਰੀ ਉਤਾਰ-ਚੜ੍ਹਾਵਾਂ ਦੇ ਬਦਲੇ ਅਰਥ ਵਿਵਸਥਾ ਨੂੰ ਸਥਿਰਤਾ ਪ੍ਰਦਾਨ ਕਰਨਾ।
5. ਸਮਾਜ ਵਿੱਚ ਰਹਿਣ ਵਾਲੇ ਨਿੱਜੀ ਵਿਅਕਤੀਆਂ ਅਤੇ ਗ੍ਰਹਿਸਥੀਆਂ ਦੇ ਸੰਪਤੀ ਅਧਿਕਾਰਾਂ ਨੂੰ ਸਥਾਪਿਤ ਕਰਨਾ ਅਤੇ ਉਨ੍ਹਾਂ ਦੀ ਰੱਖਿਆ ਕਰਨਾ।
6. ਜਦੋਂ ਏਕਾਧਿਕਾਰੀ ਸ਼ਕਤੀ ਦੇ ਕਾਰਨ ਉਤਪਾਦਕ ਵਸਤੂ ਦੀ ਕੀਮਤ ਦੀ ਇਸ ਦੀ ਸੀਮਿਤ ਲਾਗਤ ਨਾਲ ਅਪਸਾਰਿਤ (Diverge) ਜਾਂ ਬਦਲ ਦਿੰਦੇ ਹਨ।
7. ਜਦੋਂ ਬਾਜ਼ਾਰ ਲੁਪਤ ਜਾਂ ਮੌਜੂਦ ਨਾ ਹੋਵੇ।

ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)-

1. ਬਾਜ਼ਾਰ ਅਸਫਲਤਾ ਦੇ ਮੁੱਖ ਸਰੋਤਾਂ ਵਿੱਚੋਂ ਇਕ ਸਰੋਤ.....ਬਾਜ਼ਾਰ ਰਚਨਾ ਹੈ।
2. ਏਕਾਧਿਕਾਰੀ ਦੇ ਮੰਗ ਵਕ੍ਰ ਦਾ ਢਲਾਣ .....ਵੱਲ ਹੁੰਦਾ ਹੈ।
3. ਬਾਜ਼ਾਰ ਅਸਫਲਤਾ.....ਦਖਲਅੰਦਾਜ਼ੀ ਨੂੰ ਬੁਲਾਵਾ ਦਿੰਦੀ ਹੈ।

23.1 ਵਸਤੂਆਂ ਅਤੇ ਸੇਵਾਵਾਂ ਦੀਆਂ ਕਿਸਮਾਂ (Types of Goods and Services)

ਬਾਜ਼ਾਰ ਅਸਲਫਤਾ ਦੇ ਵਿਸ਼ੇ ਖੇਤਰ ਦੀ ਸਾਰੀ ਪ੍ਰਸਤਾਵਨਾ ਦੇ ਲਈ ਵਸਤੂਆਂ ਦੀਆਂ ਵੱਖ-ਵੱਖ ਕਿਸਮਾਂ ਦਾ ਗਿਆਨ ਜ਼ਰੂਰੀ ਹੈ, ਇਹ ਕਿਸਮਾਂ ਹਨ **ਸਰਵਜਨਿਕ ਵਸਤੂਆਂ** (Public Goods), **ਸਮੂਹਿਕ ਸੰਪਤੀ ਸਾਧਨ** (Common Property Resources) **ਅਤੇ ਸਧਾਰਣ ਵਸਤੂਆਂ** (Normal Goods)। ਇਨ੍ਹਾਂ ਵਸਤੂਆਂ ਦੇ ਵਿੱਚ ਇਹ ਅੰਤਰ ਵਸਤੂਆਂ ਦੀਆਂ ਚਾਰ ਮੁਖ ਵਿਸ਼ੇਸ਼ਤਾਵਾਂ 'ਤੇ ਆਸ਼ਰਿਤ ਹੈ ਇਹ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ-

(i) ਪ੍ਰਤੀਦੰਦੀ ਇਸਤੇਮਾਲ (Rivalrous or Rival Consumption)
(ii) ਗੈਰ-ਪ੍ਰਤੀਦੰਦੀ ਇਸਤੇਮਾਲ (Non-rivalrous or Non-rival Consumption)
(iii) ਏਕਾਕੀ/ਵਰਜਿਤ (Excludable)
(iv) ਗੈਰ-ਏਕਾਕੀ/ਗੈਰ-ਵਰਜਿਤ (Non-excludable)

(i) ਪ੍ਰਤੀਦੰਦੀ ਇਸਤੇਮਾਲ (Rivalrous or Rival Consumption)-ਕਿਸੇ ਵਸਤੂ ਦੇ ਇਸਤੇਮਾਲ ਨੂੰ ਪ੍ਰਤੀਸਪ੍ਰਧੀ ਉਦੋਂ ਮੰਨਿਆ ਜਾਂਦਾ ਹੈ ਜਦੋਂ ਵਿਅਕਤੀ A ਨਾਲ ਇਸਤੇਮਾਲ ਕਰਨ ਨਾਲ ਇਸ ਦੀ ਉਪਲੱਬਧਤਾ ਵਿਅਕਤੀ B ਦੇ ਲਈ ਘੱਟ ਹੋ ਜਾਂਦੀ ਹੈ ਅਤੇ ਦੋਨੋਂ ਵਿਅਕਤੀ (A ਅਤੇ B) ਇਕ ਦੂਸਰੇ ਦੀ ਸੰਤੁਸ਼ਟੀ ਨੂੰ ਘੱਟ ਕੀਤੇ ਬਿਨਾਂ ਉਸੇ ਵਸਤੂ ਦਾ ਇਸਤੇਮਾਲ ਨਹੀਂ ਕਰ ਸਕਦੇ। ਉਦਾਹਰਣ ਦੇ ਤੌਰ 'ਤੇ ਜੇਕਰ ਰਾਹੁਲ ਜੂਸ ਪੀਂਦਾ ਹੈ, ਰੋਹਿਤ ਉਸੇ ਜੂਸ ਨੂੰ ਪੀ ਨਹੀਂ ਸਕਦਾ, ਇਕ ਵਿਅਕਤੀ ਨਾਲ ਇਸ ਦਾ ਉਪਯੋਗ ਦੂਸਰੇ ਵਿਅਕਤੀਆਂ ਨੂੰ ਇਸ ਨਾਲ ਵਰਜਿਤ (Exclude) ਕਰ ਦਿੰਦਾ ਹੈ। **ਇਸ ਲਈ ਉਨ੍ਹਾਂ ਵਸਤੂਆਂ (ਜਿਵੇਂ ਸੇਬ, ਪੈਪਸੀ, ਕੋਲਾ, ਮਸ਼ੀਨ ਆਦਿ) ਦਾ ਇਸਤੇਮਾਲ ਜੋ ਦੂਸਰੇ ਵਿਅਕਤੀਆਂ ਦੇ ਲਈ ਇਸ ਦੀ ਉਪਲੱਬਧਾ ਨੂੰ ਘੱਟ ਕਰ ਦਿੰਦਾ ਹੈ, ਪ੍ਰਤੀਦੰਦੀ ਵਸਤੂਆਂ ਕਹਾਉਂਦੀਆਂ ਹਨ।** ਇਨ੍ਹਾਂ ਨੂੰ ਨਿੱਜੀ ਵਸਤੂਆਂ (Private) ਵੀ ਕਿਹਾ ਜਾਂਦਾ ਹੈ।

(ii) ਗੈਰ-ਪ੍ਰਤੀਦੰਦੀ ਇਸਤੇਮਾਲ (Non-rivalrous or Non-rival Consumption)- ਇਕ ਵਸਤੂ ਉਦੋਂ ਗੈਰ-ਪ੍ਰਤੀਦੰਦੀ ਜਾਂ ਇਸ ਦਾ ਇਸਤੇਮਾਲ ਉਦੋਂ ਗੈਰ-ਪ੍ਰਤੀਦੰਦੀ ਹੁੰਦਾ ਹੈ ਜਦੋਂ ਕਿਸੇ ਵਿਅਕਤੀ (ਮੰਨ ਲਓ A) ਨਾਲ ਇਸ ਦੇ ਇਸਤੇਮਾਲ ਕਰਨ ਨਾਲ ਹੋਰ ਵਿਅਕਤੀ ਦੇ ਲਈ ਇਸ ਦਾ ਉਪਭੋਗ ਘੱਟ ਨਹੀਂ ਹੁੰਦਾ ਅਤੇ ਵਸਤੂ ਦੀ ਬਰਾਬਰ ਇਕਾਈ ਇਕ ਤੋਂ ਜ਼ਿਆਦਾ ਵਿਅਕਤੀਆਂ ਦੇ ਉਪਭੋਗ ਦੇ ਲਈ ਉਪਲੱਬਧ ਹੁੰਦੀ ਹੈ।

ਪਾਰਕ, ਰਾਸ਼ਟਰੀ ਸੁਰੱਖਿਆ, ਸੜਕਾਂ, ਪੁੱਲ ਆਦਿ ਗੈਰ-ਪ੍ਰਤੀਦੰਦੀ ਵਸਤੂਆਂ ਹਨ। ਇਕ ਪਾਰਕ, ਜਿਸ ਵਿੱਚ ਸਾਰੇ ਆ ਜਾ ਸਕਦੇ ਹਨ ਦਾ ਆਨੰਦ ਉਨ੍ਹਾਂ ਸਾਰੇ ਵਿਅਕਤੀਆਂ ਨੂੰ ਪ੍ਰਾਪਤ ਹੁੰਦਾ ਹੈ ਜੋ ਉਥੇ ਘੁੰਮਣ ਦੇ ਲਈ ਜਾਂਦੇ ਹਨ।

ਇਸੇ ਤਰ੍ਹਾਂ ਕਿਸੇ ਵੀ ਦੇਸ਼ ਦੇ ਲੋਕ ਰਾਸ਼ਟਰੀ ਸੁਰੱਖਿਆ ਪ੍ਰਣਾਲੀ ਨਾਲ ਉਪਲੱਬਧ ਕਰਾਈ ਗਈ ਸੁਰੱਖਿਆ (Security) ਨਾਲ ਬਰਾਬਰ ਰੂਪ ਨਾਲ ਲਾਭਕਾਰੀ ਹੁੰਦੇ ਹਨ। **ਨੋਟ**

(iii) ਵਰਜਿਤ (Excludable)–ਕੋਈ ਵਸਤੂ ਉਦੋਂ ਵਰਜਿਤ ਕਹੀ ਜਾਂਦੀ ਹੈ ਜਦੋਂ ਇਸ ਦੇ ਇਸਤੇਮਾਲ ਨਾਲ ਗੈਰ–ਅਦਾਇਗੀ ਕਰਤਾਵਾਂ (Non-Payers) ਨੂੰ ਵਰਜਿਤ ਜਾਂ ਅਲੱਗ ਕਰਨਾ ਸੰਭਵ ਹੋਵੇ। ਹੋਰ ਸ਼ਬਦਾਂ ਵਿੱਚ ਜਦੋਂ ਸੰਪਤੀ ਅਧਿਕਾਰਾਂ ਦਾ ਲਾਗੂ ਕਰਨਾ ਇਸ ਤਰ੍ਹਾਂ ਨਾਲ ਸੰਭਵ ਹੋਵੇ ਕਿ ਕੇਵਲ ਅਦਾਇਗੀ ਕਰਤਾ (Payers) ਹੀ ਉਸ ਵਸਤੂ ਦੇ ਇਸਤੇਮਾਲ ਦਾ ਲਾਭ ਪ੍ਰਾਪਤ ਕਰ ਸਕਦੇ ਹਨ। ਰਮੇਸ਼ ਪੀਜਾ ਖਾਂਦਾ ਹੈ ਪਰ ਇਹ ਰਾਜੂ ਦੇ ਲਈ ਉਪਲੱਬਧ ਨਹੀਂ ਹੈ ਕਿਉਂਕਿ ਰਮੇਸ਼ ਦਾ ਇਸ 'ਤੇ ਮਾਲਕਾਨਾ ਹੱਕ ਹੈ ਅਤੇ ਉਸੇ ਪੀਜੇ ਨੂੰ ਖਾਣ ਦਾ ਉਸ ਦਾ ਅਧਿਕਾਰ ਹੈ। ਉਸੇ ਤਰ੍ਹਾਂ ਜੇਕਰ ਤੁਸੀਂ ਇਕ ਕਾਰ ਖਰੀਦੀ ਹੈ, ਕਾਰ ਦੇ ਤੁਸੀਂ ਮਾਲਕ ਹੋ ਅਤੇ ਇਸ 'ਤੇ ਤੁਹਾਡਾ ਸੰਪਤੀ ਅਧਿਕਾਰ (Property Right) ਹੈ, ਇਸ ਲਈ ਕੋਈ ਹੋਰ ਵਿਅਕਤੀ, ਤੁਹਾਡੀ ਮਨਜ਼ੂਰੀ ਬਿਨਾਂ, ਇਸ ਦਾ ਇਸਤੇਮਾਲ ਨਹੀਂ ਕਰ ਸਕਦਾ। ਸੰਪਤੀ ਅਧਿਕਾਰੀਆਂ ਦੇ ਇਕ ਬੰਦੋਬਸਤ ਨਾਲ ਅਜਿਹੇ ਪਦਾਰਥ/ਵਸਤੂਆਂ ਵਰਜਿਤ ਹੋ ਜਾਂਦੀਆਂ ਹਨ।

(iv) ਗੈਰ-ਵਰਜਿਤ (Non-excludable)–ਇਹ ਉਹ ਵਸਤੂਆਂ ਹਨ ਜਿਨ੍ਹਾਂ ਦੇ ਲਈ ਕੋਈ ਵੀ ਵਿਅਕਤੀ ਪ੍ਰੀਭਾਸ਼ਿਤ ਸੰਪਤੀ ਅਧਿਕਾਰ ਨਹੀਂ ਬਣ ਸਕਦਾ, ਸੜਕਾਂ, ਪੁੱਲ, ਸਰਵਜਨਿਕ ਨਲਕਾ, ਸਟਰੀਟ ਲਾਈਟ ਆਦਿ ਉਹ ਵਸਤੂਆਂ ਹਨ ਜਿਨ੍ਹਾਂ ਦਾ ਇਸਤੇਮਾਲ ਕੋਈ ਸੰਪਤੀ ਅਧਿਕਾਰ ਨਾਲ ਅਪਣਾਇਆ ਜਾਂ ਅਲੱਗ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਸਮੂਹਿਕ ਸੰਪਤੀ (Common Property) ਹਨ। ਗੈਰ–ਅਦਾਇਗੀਕਰਤਾਵਾਂ (Non-Payers) ਨੂੰ ਸਟਰੀਟ ਲਾਈਟ ਦੇ ਲਾਭ ਚੁੱਕਣ ਨਾਲ ਅਲੱਗ ਕਰਨਾ ਔਖਾ ਹੈ, ਕਿਉਂਕਿ ਗਲ੍ਹੀ ਵਿੱਚ ਜਗਣ ਵਾਲੀਆਂ ਬਿਜਲੀ ਦੀਆਂ ਬੱਤੀਆਂ ਸਮੂਹਿਕ ਸੰਪਤੀਆਂ ਹਨ।



ਚਿੱਤਰ 23.1

ਪ੍ਰਤੀਦੰਦੀ, ਗੈਰ–ਪ੍ਰਤੀਦੰਦੀ, ਵਰਜਿਤ ਅਤੇ ਗੈਰ–ਵਰਜਿਤ ਵਸਤੂਆਂ ਦੀਆਂ ਵਿਸ਼ੇਸ਼ਤਾਵਾਂ ਦਾ ਗਿਆਨ ਪ੍ਰਾਪਤ ਕਰਨ ਦੇ ਬਾਅਦ ਅਸੀਂ ਹੁਣ ਸਰਵਜਨਿਕ ਵਸਤੂਆਂ, ਸਮੂਹਿਕ ਸੰਪਤੀ ਸਧਾਨਾਂ ਅਤੇ ਸਧਾਰਣ ਵਸਤੂਆਂ ਦੀ ਵਿਆਖਿਆ ਚਿੱਤਰ 23.1 ਦੀ ਸਹਾਇਤਾ ਨਾਲ ਕਰਾਂਗੇ।

ਚਿੱਤਰ 23.1 ਵਿੱਚ, ਕਸ਼ੈਤਿਜ ਅੱਖ (Horizontal Axis) 'ਤੇ ਸੰਯੁਕਤਾ ਦੀ ਮਾਤਰਾ (Degree of Jointness) ਅਤੇ ਊਧਰਾਧਰ ਅੱਖ (Vertical Axis) 'ਤੇ ਪ੍ਰਤੀਦੰਦਤਾ ਦੀ ਮਾਤਰਾ (Degree of Rivalry) ਨੂੰ ਨਾਪਿਆ ਗਿਆ ਹੈ।

ਸਰਵਜਨਿਕ ਵਸਤੂਆਂ ਵਿੱਚ ਗੇਰ-ਵਰਜਿਤ ਅਤੇ ਗੇਰ-ਪ੍ਰਤੀਦੰਦਿਤਾ ਦੀ ਵਿਸ਼ੇਸ਼ਤਾ ਪਾਈ ਜਾਂਦੀ ਹੈ (Public goods have characteristics of non-excludability and non-rivalry)। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਇਸ ਵਿੱਚ ਸੰਯੁਕਤਾ ਦੀ ਉਚੀ ਮਾਤਰਾ ਅਤੇ ਪ੍ਰਤੀਦੰਦਿਤਾ ਦੀ ਜ਼ੀਰੋ ਮਾਤਰਾ ਪਾਈ ਜਾਂਦੀ ਹੈ। ਚਿੱਤਰ 23.1 ਵਿੱਚ ਇਸ ਨੂੰ ਹੇਠਾਂ ਤਲ ਵਿੱਚ ਸੱਜੇ ਪਾਸੇ (Bottom Right) ਨਾਲ ਪ੍ਰਗਟ ਕੀਤਾ ਗਿਆ ਹੈ।

ਸਮੂਹਿਕ ਸੰਪਤੀ ਸਾਧਨਾਂ ਵਿੱਚ ਪ੍ਰਤੀਦੰਦਿਤਾ ਦੀ ਉਚੀ ਮਾਤਰਾ ਪਾਈ ਜਾਂਦੀ ਹੈ ਪਰ ਇਹ ਗੈਰ-ਵਰਜਿਤ ਵੀ ਹਨ (Common property resources have high degree of rivalry but are also non-excludable) । ਇਸ ਨੂੰ ਚਿੱਤਰ 23.1 ਵਿੱਚ ਉਪਰ ਤਲ ਵਿੱਚ ਸੱਜੇ ਪਾਸੇ (On Top Right) C ਬਿੰਦੂ ਨਾਲ ਦਿਖਾਇਆ ਗਿਆ ਹੈ।

ਸਧਾਰਣ ਵਸਤੂਆਂ ਪ੍ਰਤੀਦੰਦੀ ਅਤੇ ਵਰਜਿਤ ਵੀ ਹੁੰਦੀਆਂ ਹਨ (Normal goods are rival and also excludable) – ਇਸ ਲਈ ਇਨ੍ਹਾਂ ਵਿੱਚ ਪ੍ਰਤੀਦੰਦਿਤਾ ਦੀ ਉਚੀ ਮਾਤਰਾ ਅਤੇ ਸੰਯੁਕਤਾ ਦੀ ਜ਼ੀਰੋ ਮਾਤਰਾ ਪਾਈ ਜਾਂਦੀ ਹੈ, ਇਸ ਨੂੰ ਚਿੱਤਰ ਇਕ ਵਿੱਚ ਉਪਰੀ ਤਲ ਖੱਬੇ ਪਾਸੇ (On Top Left) N ਬਿੰਦੂ ਨਾਲ ਦਰਸਾਇਆ ਗਿਆ ਹੈ।

ਨੋਟ

23.2 ਵਰਜਿਤ ਵਸਤੂਆਂ ਅਤੇ ਬਾਜ਼ਾਰ ਅਸਫਲਤਾ (Excludable Goods and Market Failure)

ਲਾਭਾਂ ਨੂੰ ਜਿਆਦਾ ਕਰਨ ਦੀ ਦ੍ਰਿਸ਼ਟੀ ਨਾਲ ਹੇਠਲੀਆਂ ਫਰਮਾਂ ਨਾਲ ਉਤਪਾਦਿਤ ਵਸਤੂਆਂ ਸੁਭਾਵਿਕ ਰੂਪ ਨਾਲ ਵਰਜਿਤ (Excludable) ਹੋਣੀਆਂ ਚਾਹੀਦੀਆਂ ਹਨ। ਉਤਪਾਦਕ ਉਨ੍ਹਾਂ ਵਿਅਕਤੀਆਂ ਨਾਲ ਇਨ੍ਹਾਂ ਵਸਤੂਆਂ ਦੇ ਇਸੇਤਮਾਲ ਨੂੰ ਰੋਕ ਸਕਦੇ ਹਨ ਜੋ ਉਨ੍ਹਾਂ ਦੇ ਲਈ ਕੁਝ ਵੀ ਭੁਗਤਾਨ ਨਹੀਂ ਕਰਦੇ। ਜੇਕਰ ਉਹ ਅਜਿਹਾ ਨਹੀਂ ਕਰਨਗੇ ਤਾਂ ਇਕ ਪਾਸੇ ਉਨ੍ਹਾਂ ਨੂੰ ਆਮਦਨ ਦੀ ਹਾਨੀ (Revenue Loss) ਹੋਵੇਗੀ ਅਤੇ ਦੂਸਰੇ ਪਾਸੇ ਉਨ੍ਹਾਂ ਦੇ ਲਾਭ ਜ਼ਿਆਦਾ ਕਰਨ ਦੀ ਇੱਛਾ ਪੂਰੀ ਹੋਵੇਗੀ।

ਅਜਿਹਾ ਹੋਣ 'ਤੇ ਵੀ ਬਾਜ਼ਾਰ ਅਸਫਲ ਹੋ ਸਕਦੀ ਹੈ। ਬਾਜ਼ਾਰ ਪੂਰਨ ਤੌਰ 'ਤੇ ਵਰਜਿਤਤਾ ਇਕ ਜ਼ਰੂਰੀ ਸ਼ਰਤ ਹੈ ਪਰ ਕਾਫੀ ਸ਼ਰਤ ਨਹੀਂ ਹੈ। (Excludability is a necessary condition for market perfection, but not a sufficient condition.) **ਉਹ ਵਸਤੂਆਂ ਜੋ ਵਰਜਿਤ ਹਨ ਹੋ ਸਕਦਾ ਹੈ ਉਹ ਪ੍ਰਤੀਦੰਦੀ ਨਾ ਹੋਵੇ।** (Goods which are excludable may not be rivalrous) ਇਸ ਦੇ ਉਦਾਹਰਣ ਹਨ ਆਰਟ ਗੈਲਰੀਆਂ, ਮਿਊਜ਼ੀਅਮ, ਬਾਂਡ ਲੱਗੇ ਪਾਰਕ ਆਦਿ। ਇਕ ਵਿਅਕਤੀ ਉਨ੍ਹਾਂ ਦਾ ਇਸਤੇਮਾਲ ਹੋਰ ਵਿਅਕਤੀਆਂਨਾਲ ਉਸ ਦੇ ਇਸਤੇਮਾਲ ਨੂੰ ਵਰਜਿਤ ਨਹੀਂ ਕਰਦਾ। ਪ੍ਰਸ਼ਨ ਇਹ ਹੈ ਕਿ ਇਨ੍ਹਾਂ ਵਸਤੂਆਂ ਦੇ ਲਈ ਕੁਸ਼ਲ ਕੀਮਤ ਪ੍ਰਣਾਲੀ (Efficient Pricing System) ਨੂੰ ਅਸੀਂ ਕਿਸ ਤਰ੍ਹਾਂ ਲੱਭ ਸਕਦੇ ਹਾਂ। ਆਪਣੀ ਸੰਤੁਸ਼ਟੀ ਪੱਧਰ 'ਤੇ ਨਿਰਭਰ ਵੱਖ-ਵੱਖ ਪ੍ਰਯੋਗ ਕਰਤਾ (Users) ਉਨ੍ਹਾਂ ਦੇ ਲਈ ਵੱਖ-ਵੱਖ ਕੀਮਤ ਦੇਦ ਦੇ ਲਈ ਇਛੁੱਕ ਹੋਣਗੇ।

ਇਸ ਸਬੰਧ ਵਿੱਚ **ਲਿਪਸੀ** ਦਾ ਕਹਿਣਾ ਹੈ ਕਿ, **''ਬਾਜ਼ਾਰ ਵਿੱਚ ਵਿਕਰੀ ਲਈ ਫਰਮ ਵੱਲੋਂ ਉਤਪਾਦਤ ਕੀਤੀ ਜਾਣ ਵਾਲੀ ਵਸਤੂ ਦੇ ਲਈ ਵਰਜਿਤਤਾ ਇਕ ਜ਼ਰੂਰੀ ਸ਼ਰਤ ਹੈ।''** (Excludability is a necessary condition for a good to be produced by a firm for sale in the market. **—Lipsey**)

ਸਵੈ ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions)–

4. ਬਾਜ਼ਾਰ ਅਸਫਲਤਾ ਉਹ ਸਥਿਤੀ ਹੈ ਜੋ ਕੁਸ਼ਲ ਆਰਥਿਕ ਲਾਗਤ ਨੂੰ .....ਨਹੀਂ ਕਰਦੀ।

   (ਅ) ਪ੍ਰਾਪਤ (ਬ) ਸਵੀਕਾਰ (ਸ) ਗੈਰ-ਸਵੀਕਾਰ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

5. ਸਰਵਜਿਨਕ ਵਸਤੂਆਂ ਵਿੱਚ ਗੈਰ-ਵਰਜਿਤਤਾ ਅਤੇ ਗੈਰ-ਪ੍ਰਤੀਦੰਦਿਤਾ ਦੀ ਪਾਈ ਜਾਂਦੀ ਹੈ–

   (ਅ) ਕਮੀ (ਬ) ਭਾਵਨਾ (ਸ) ਵਿਸ਼ੇਸ਼ਤਾ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

6. ਸਧਾਰਣ ਵਸਤੂਆਂ ਉਹ ਵਸਤੂਆਂ ਹਨ ਜੋ ਵਰਜਿਤਤਾ ਅਤੇ ਪ੍ਰਤੀਦੰਦਿਤਾ ਦੋਨਾਂ ਨੂੰ ਕਰਦੀਆਂ ਹਨ–

   (ਅ) ਪ੍ਰਗਟ (ਬ) ਸਥਾਈ (ਸ) ਅਪ੍ਰਗਟ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

7. ਉਤਪਾਦਕ, ਉਨ੍ਹਾਂ ਵਿਅਕਤੀਆਂ ਵੱਲੋਂ ਇਨ੍ਹਾਂ ਵਸਤੂਆਂ ਦੇ ਇਸਤੇਮਾਲ ਨੂੰ ਰੋਕ ਸਕਦੇ ਹਨ ਜੋ ਉਨ੍ਹਾਂ ਦੇ ਲਈ ਕੁਝ ਵੀ ਨਹੀਂ ਕਰਦੇ–

   (ਅ) ਕੰਮ (ਬ) ਭੁਗਤਾਨ (ਸ) ਖਰਚ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

8. 'ਹੋਰ ਵਸਤੂਆਂ' ਉਹ ਵਸਤੂਆਂ ਹਨ ਜੋ ਵਰਜਿਤਤਾ ਦੀ ਵਿਸ਼ੇਸ਼ਤਾ ਨੂੰ ਤਾਂ ਪੂਰਾ ਕਰਦੀਆਂ ਹਨ ਪਰ ਪ੍ਰਤੀਦੰਦਿਤਾ ਦੀ .....ਨੂੰ ਨਹੀਂ।

   (ਅ) ਸ਼ਰਤ (ਬ) ਅਸਲੀਅਤ (ਸ) ਵਿਸ਼ੇਸ਼ਤਾ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

23.3 ਬਾਜ਼ਾਰ ਅਸਫਲਤਾ ਦੇ ਸਰੋਤ ਦੇ ਰੂਪ ਵਿੱਚ ਵਰਜਿਤ ਪਰ ਗੈਰ-ਪ੍ਰਤੀਦੰਦੀ ਵਸਤੂਆਂ (Excludable but Non-rivalrous Goods as a Source of Market Failure)

ਇਸ ਸਬੰਧ ਵਿੱਚ ਅਸੀਂ 'ਸਧਾਰਣ ਵਸਤੂਆਂ' ਅਤੇ 'ਹੋਰ ਵਸਤੂਆਂ' ਦੇ ਵਿੱਚ ਅੰਤਰ ਕਰ ਸਕਦੇ ਹਾਂ। **ਸਧਾਰਣ ਵਸਤੂਆਂ ਉਹ ਵਸਤੂਆਂ ਹਨ ਜੋ ਵਰਜਿਤਤਾ ਅਤੇ ਪ੍ਰਤੀਦੰਦਿਤਾ ਦੋਨਾਂ ਨੂੰ ਪ੍ਰਗਟ ਕਰਦੀਆਂ ਹਨ।** ਇਸ ਲਈ ਇਹ ਵਸਤੂਆਂ ਬਾਜ਼ਾਰ ਅਸਫਲਤਾ ਦਾ ਸਰੋਤ ਨਹੀਂ ਹੋ ਸਕਦੀਆਂ, ਅਜਿਹਾ ਉਦੋਂ ਸੰਭਵ ਹੈ ਜਦੋਂ ਉਤਪਾਦਕ ਨਾ ਵੰਡਣ ਯੋਗ ਕੁਸ਼ਲਤਾ ਦੀ ਸ਼ਰਤ ਨੂੰ ਪੂਰਾ ਕਰਦੇ ਹਨ, ਅਤੇ ਉਹ ਉਸ ਬਿੰਦੂ 'ਤੇ ਕੰਗ ਕਰਦੇ ਹਨ ਜਿੱਥੇ AR=MC ਹੈ।

'ਹੋਰ ਵਸਤੂਆਂ' ਉਹ ਵਸਤੂਆਂ ਹਨ ਜੋ ਵਰਜਿਤਤਾ ਦੀ ਵਿਸ਼ੇਸ਼ਤਾ ਨੂੰ ਤਾਂ ਪੂਰਾ ਕਰਦੀਆਂ ਹਨ ਪਰ ਪ੍ਰਤੀਦੰਦਿਤਾ ਦੀ ਸ਼ਰਤ ਨੂੰ ਨਹੀਂ। ਇਸ ਲਈ ਇਹ ਵਸਤੂਆਂ ਬਾਜ਼ਾਰ ਅਸਫਲਤਾ ਦਾ ਇਕ ਸਰੋਤ ਹਨ।

ਨੋਟ

ਨੋਟਸ ਬਾਜ਼ਾਰ ਅਸਫਲਤਾ ਤੋਂ ਭਾਵ ਉਸ ਸਥਿਤੀ ਨਾਲ ਹੈ ਜਿਸ ਵਿੱਚ ਬਾਜ਼ਾਰ ਤੰਤਰ, ਜੋ ਮੰਗ ਅਤੇ ਪੂਰਤੀ ਦੀਆਂ ਸ਼ਕਤੀਆ 'ਤੇ ਅਧਾਰਿਤ ਹੈ, ਖੁਦ ਹੀ ਆਪਣੇ ਆਪ ਇਕ ਕੁਸ਼ਲ ਸਾਧਨ ਵੰਡ ਲਈ ਕਾਫੀ ਨਹੀਂ ਹੈ।

23.4 ਗੈਰ-ਵਰਜਿਤ ਵਸਤੂਆਂ ਅਤੇ ਬਾਜ਼ਾਰ ਅਸਫਲਤਾ (Non-Excludable Goods and Market Failure)

ਪ੍ਰਤੀਦੰਦਿਤਾ ਦੇ ਅਧਾਰ 'ਤੇ ਗੈਰ-ਵਰਜਿਤ ਵਸਤੂਆਂ ਦੀ ਵੰਡ ਦੋ ਸ਼੍ਰੇਣੀਆਂ ਵਿੱਚ ਕੀਤੀ ਜਾ ਸਕਦੀ ਹੈ-

(i) ਸਮੂਹਿਕ ਸੰਪਤੀ ਸਾਧਨ

(ii) ਸਰਵਜਨਿਕ ਵਸਤੂਆਂ/ਪਦਾਰਥ

ਇਹ ਦੋਵੇਂ ਕੁਝ ਬਾਜ਼ਾਰ ਅਸਫਲਤਾਵਾਂ ਵੱਲ ਕੇਂਦਰਿਤ ਹੋ ਸਕਦੀ ਹੈ-

(i) ਸਮੂਹਿਕ ਸੰਪਤੀ ਸਾਧਨ (Common Property Resources)

ਜਿਵੇਂ ਕਿ ਚਿੱਤਰ 23.1 ਵਿੱਚ ਦਿਖਾਇਆ ਗਿਆ ਹੈ, ਸਮੂਹਿਕ ਸੰਪਤੀ ਸਾਧਨ (CPR) ਨੂੰ ਉਪਰਲੇ ਤੱਤ ਵਿੱਚ ਸੱਜੇ ਪਾਸੇ (On Top Right) ਬਿੰਦੂ C ਨਾਲ ਪ੍ਰਦਰਸ਼ਿਤ ਕੀਤਾ ਗਿਆ ਹੈ, ਜਿੱਥੇ ਸੰਯੁਕਤਤਾ ਦੀ ਉਚੀ ਮਾਤਰਾ (High Degree of Jointness) ਅਤੇ ਪ੍ਰਤੀਦੰਦਿਤਾ ਦੀ ਉਚੀ ਮਾਤਰਾ (High Degree of Rivalry) ਨੂੰ ਦਰਸਾਇਆ ਗਿਆ ਹੈ। ਹੋਰ ਸ਼ਬਦਾਂ ਵਿੱਚ ਇਹ ਪ੍ਰਤੀਦੰਦੀ ਅਤੇ ਗੈਰ-ਵਰਜਿਤ ਵਸਤੂਆਂ ਨੂੰ ਪ੍ਰਗਟ ਕਰਦਾ ਹੈ ਅਤੇ ਸਮੂਹਿਕ ਸੰਪਤੀ ਸਾਧਨ (CPR) ਦੇ ਲਈ ਕਿਸੇ ਦਾ ਵੀ ਏਕਾਕੀ (Exclusive) ਸੰਪਤੀ ਅਧਿਕਾਰ ਨਹੀਂ ਹੈ ਅਤੇ ਇਸ ਦਾ ਇਸਤੇਮਾਲ ਕੋਈ ਵੀ ਕਰ ਸਕਦਾ ਹੈ। ਸਮੁੰਦਰ ਵਿੱਚ ਮਛਲੀਆਂ ਫੜਨਾ CPR ਦਾ ਇਕ ਉਦਾਹਰਣ ਹੈ। ਜਿਵੇਂ ਇਕ ਵਿਅਕਤੀ ਵੱਲੋਂ ਮਛਲੀਆਂ ਨੂੰ ਫੜਨਾ ਦੂਸਰੇ ਵਿਅਕਤੀ ਵੱਲੋਂ ਮਛਲੀਆਂ ਦੇ ਫੜਨ ਨੂੰ ਪ੍ਰਭਾਵਿਤ ਕਰਦਾ ਹੈ ਪਰ ਦੂਸਰੇ ਵਿਅਕਤੀ ਨੂੰ ਮਛਲੀਆਂ ਫੜਨ ਤੋਂ ਰੋਕਿਆ ਨਹੀਂ ਜਾ ਸਕਦਾ ਜਾਂ ਮਨ੍ਹਾ ਨਹੀਂ ਕੀਤਾ ਜਾ ਸਕਦਾ, ਕਿਉਂਕਿ ਸਮੁੰਦਰ ਵਿੱਚ ਮਛਲੀਆਂ ਫੜਨ ਦਾ ਕਿਸੇ ਦਾ ਵੀ ਏਕਾਕੀ (Exclusive) ਸੰਪਤੀ ਅਧਿਕਾਰ ਨਹੀਂ ਹੈ।

ਉਦਾਹਰਣ ਦੇ ਤੌਰ 'ਤੇ ਪਿੰਡ ਦੀ ਸਮੂਹਿਕ ਭੂਮੀ (Common Land) 'ਤੇ ਸਾਰੇ ਕਿਸਾਨਾਂ ਦਾ ਹੱਕ ਹੁੰਦਾ ਹੈ, ਇਕ ਕਿਸਾਨ ਵੱਲੋਂ ਆਪਣੀਆਂ ਭੇਡਾਂ ਉਥੇ ਚਰਾਉਣ ਨਾਲ ਹੋਰ ਕਿਸਾਨਾਂ ਦੀਆਂ ਭੇਡਾਂ ਦੇ ਲਈ ਉਪਲੱਬਧ ਚਾਰਾ ਘੱਟ ਹੋ ਜਾਂਦਾ ਹੈ। ਇਸ ਨੂੰ **''ਸਮੂਹਿਕਤਾ ਦੀ ਤ੍ਰਾਸਦੀ''** (Tragedy of Commons) ਕਿਹਾ ਜਾਂਦਾ ਹੈ ਅਤੇ ਇਸ ਨੂੰ ਸਾਂਝੇਪਣ ਦਾ ਦੁਖਾਂਤ ਨਾਟਕ ਵੀ ਕਿਹਾ ਜਾ ਸਕਦਾ ਹੈ।

ਅਤੇ ਸਮੂਹਿਕ ਸੰਪਤੀ ਦਾ ਕੁਸ਼ਲ ਇਸਤੇਮਾਲ ਹੁੰਦਾ ਹੈ ਅਤੇ ਸ਼ੋਸ਼ਣ ਹੁੰਦਾ ਹੈ। ਇਹ ਖੁਦ ਸੰਪਤੀ ਦੇ ਨੁਕਸਾਨ (Destruction) ਦੀ ਹੱਦ ਤੱਕ ਹੋ ਸਕਦਾ ਹੈ।

CPR ਦੇ ਮਾਮਲੇ ਵਿੱਚ ਬਾਜ਼ਾਰ ਨਿਰੰਤਰ ਸਾਧਨਾਂ ਦੇ ਕੁਸ਼ਲ ਵੰਡ ਨੂੰ ਪੇਸ਼ ਕਰਨ ਵਿੱਚ ਅਸਫਲ ਰਹਿੰਦਾ ਹੈ।

ਸਮੂਹਿਕ ਸੰਪਤੀ ਸਾਧਨ ਦਾ ਸਮਾਜਿਕ ਇਸ਼ਟਤਮ ਸ਼ੋਸ਼ਣ (Socially Optimal Exploitation of CPR)- CPR ਸਮਾਜਿਕ ਇਸ਼ਟਤਮ ਸ਼ੋਸ਼ਣ/ਇਸਤੇਮਾਲ ਕੀ ਹੋਣਾ ਚਾਹੀਦਾ ਹੈ? ਅਸੀਂ ਇਸ ਧਾਰਨਾ ਨੂੰ ਇਕ ਉਦਾਹਰਣ ਨਾਲ ਸਮਝ ਸਕਦੇ ਹਾਂ। ਅਸੀਂ ਮਛਲੀ ਫੜ੍ਹਨ ਦਾ ਉਦਾਹਰਣ ਲੈਂਦੇ ਹਾਂ। ਇੱਥੇ ਇਹ ਸਮਾਜਿਕ ਇਸ਼ਟਤਮ ਹੋਵੇਗਾ ਕਿ ਮਛਲੀ ਫੜ੍ਹਨ ਲਈ ਇਕ ਹੋਰ ਕਿਸ਼ਤੀ ਵਿੱਚ ਵਾਧਾ ਕੀਤਾ ਜਾਵੇ, ਜੇਕਰ ਕਿਸ਼ਤੀ ਦੇ ਪ੍ਰਚਲਨ ਦੀ ਲਾਗਤ ਉਸ ਕੁੱਲ ਫੜ੍ਹੀਆਂ ਮਛਲੀਆਂ ਦੇ ਮੁੱਲ (Value of Total Catch) ਤੋਂ ਘੱਟ (ਜਾਂ ਬਰਾਬਰ) ਹੈ ਜੋ ਹੋਰ ਕਿਸ਼ਤੀ ਦੇ ਕਾਰਨ ਹੋਈ ਹੈ। (Cost to operate the boat is less than (equal to) the value of total catch by the additional boat.)।

ਨੋਟ

> **ਲਿਪਸੀ** ਦੇ ਸ਼ਬਦਾਂ ਵਿੱਚ, **''ਇਕ ਸਮੂਹਿਕ ਸੰਪਤੀ ਸਾਧਨ ਸਮਾਜਿਕ ਇਸ਼ਟਤਮ ਵੰਡ ਉਦੋਂ ਹੁੰਦੀ ਹੈ ਜਦੋਂ ਆਖਰੀ ਪ੍ਰਯੋਗ ਕਰਤਾ ਦੀ ਸੀਮਿਤ ਲਾਗਤ ਕੁੱਲ ਉਤਪਾਦਨ ਵਿੱਚ ਹੋਏ ਸੀਮਿਤ ਵਾਧੇ ਦੇ ਮੁੱਲ ਦੇ ਬਰਾਬਰ ਹੋ ਜਾਂਦੀ ਹੈ।''** (The Socially optimal allocation of a common property resource occurs when the marginal cost of the last user equals the value of the marginal addition to total output. —**Lipsey.**)

ਇਸੇ ਤਰ੍ਹਾਂ ਸਮੂਹਿਕ ਭੂਮੀ ਦੇ ਮਾਮਲੇ ਵਿੱਚ ਇਹ ਇਸ਼ਟਤਮ ਹੋਵੇਗਾ, ਜੇਕਰ ਚਰਾਉਣ ਲਈ ਇਕ ਹੋਰ ਭੇਡ ਵਿੱਚ ਵਾਧਾ ਕੀਤਾ ਜਾਵੇ। ਜੇਕਰ ਚਰਾਉਣ ਦੀ ਲਾਗਤ (ਜਾਂ ਭੇਡਾਂ ਨੂੰ ਉਪਲੱਬਧ ਚਾਰੇ ਦੀ ਹਾਨੀ) ਉਸ ਦੁੱਧ ਜਾਂ ਮਾਸ ਦੇ ਮੁੱਲ ਤੋਂ ਘੱਟ (ਜਾਂ ਬਰਾਬਰ) ਹੈ ਜੋ ਉਹ ਭੇਡ ਪ੍ਰਦਾਨ ਕਰਦੀ ਹੈ।

ਅਤੇ CPR ਦੇ ਸਮਾਜਿਕ ਇਸ਼ਟਤਮ ਸ਼ੋਸ਼ਣ/ਇਸਤੇਮਾਲ ਦੇ ਸਬੰਧ ਵਿੱਚ, ਸਾਨੂੰ ਹੋਰ ਪ੍ਰਯੋਗ ਕਰਤਾ (Additional User) ਦੀ ਸੀਮਿਤ ਲਾਗਤ ਨੂੰ ਕੁੱਲ ਉਤਪਾਦਨ ਵਿੱਚ ਹੋਈ ਸੀਮਿਤ ਵਾਧੇ ਦੇ ਮੁੱਲ ਦੇ ਬਰਾਬਰ ਹੋਵੇਗਾ। (We have to equate marginal cost of additional user with the value of the marginal addition to total output.)

ਸੁਤੰਤਰ ਬਾਜ਼ਾਰ ਅਤੇ ਪੂਰਨ ਤੌਰ 'ਤੇ ਪ੍ਰਤੀਯੋਗੀ ਬਾਜ਼ਾਰ ਸਮਾਜਿਕ ਇਸ਼ਟਤਮ ਹੱਲ ਪੇਸ਼ ਨਹੀਂ ਕਰਦੇ (The free markets or perfectly competitive markets do not offer socially optimal solutions.)– ਮਛਲੀਆਂ ਫੜਨ ਦਾ ਉਦਾਹਰਣ ਲੈਂਦੇ ਹੋਏ, ਮਛਲੀਆਂ ਫੜਨ ਵਾਲੇ ਉਦਯੋਗ ਵਿੱਚ ਪ੍ਰਵੇਸ਼ ਦਾ ਫੈਸਲਾ ਅਤੇ ਮਛਲੀਆਂ ਫੜਨ ਦੇ ਕੰਮ ਵਿੱਚ ਇਕ ਨਵੀਂ ਕਿਸ਼ਤੀ ਦਾ ਲਗਾਉਣਾ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਵਿਸ਼ੇਸ਼ ਕਿਸਮ ਦੀ ਕਿਸ਼ਤੀ (Typical Boat) ਦੇ ਮਛਲੀਆਂ ਫੜਨ ਦਾ ਔਸਤ ਮੁੱਲ ਕੀ ਹੈ ਅਤੇ ਨਵੀਂ ਕਿਸ਼ਤੀ ਦੇ ਚਲਾਉਣ ਦੀ ਲਾਗਤ ਕੀ ਹੈ। ਸੁਤੰਤਰ ਬਾਜ਼ਾਰ ਅਧੀਨ ਸਮੂਹਿਕ ਸੰਪਤੀ ਸਾਧਨ ਦੇ ਨਵੇਂ ਪ੍ਰਯੋਗ ਕਰਤਾ ਬਾਜ਼ਾਰ ਵਿੱਚ ਵਾਧਾ ਕਰਦੇ ਜਾਂਦੇ ਹਨ, ਜਦੋਂ ਤੱਕ ਕਿ ਅੰਤਿਮ ਪ੍ਰਵੇਸ਼ ਕਰਦਾ (Last Entrant) ਦੀ ਸੀਮਿਤ ਲਾਗਤ ਵਰਤਮਾਨ ਉਤਪਾਦਕਾਂ (Existing Producers) ਦੇ ਔਸਤ ਦੇ ਔਸਤ ਉਤਪਾਦਨ ਦੇ ਬਰਾਬਰ ਨਹੀਂ ਹੋ ਜਾਂਦਾ ਅਤੇ ਜਦੋਂ CPR ਦਾ ਬਹੁਤ ਜ਼ਿਆਦਾ ਇਸਤੇਮਾਲ (Over-usage) ਹੁੰਦਾ ਹੈ, ਉਦੋਂ ਸ਼ੋਸ਼ਣ ਇਸ ਦਾ ਨਤੀਜਾ ਹੋ ਜਾਂਦਾ ਹੈ।

ਇਸ ਸਥਿਤੀ ਦੀ ਚਿੱਤਰ 23.2 ਨਾਲ ਵਿਆਖਿਆ ਕੀਤੀ ਗਈ ਹੈ–

ਕੁੱਲ ਫੜ੍ਹੀਆਂ/ਫਸੀਆਂ (Catch) ਦਾ ਮੁੱਲ ਘੱਟਦੀ ਦਰ 'ਤੇ ਉਦੋਂ ਤੱਕ ਵੱਧਦਾ ਹੈ, ਜਦੋਂ ਤੱਕ ON ਕਿਸ਼ਤੀਆਂ ਨਹੀਂ ਲਗਾਈਆਂ ਜਾਂਦੀਆਂ। ਇਸ ਤੋਂ ਬਾਅਦ ਹੋਰ ਕਿਸ਼ਤੀਆਂ ਦੇ ਨਤੀਜੇ ਵਜੋਂ, ਇਸ ਵਿੱਚ ਘਟਣ ਦੀ ਪ੍ਰਵਿਰਤੀ ਪਾਈ ਜਾਂਦੀ ਹੈ। ਸਮਾਜਿਕ ਇਸ਼ਟਤਮ ਪੱਧਰ ਉਦੋਂ ਪ੍ਰਾਪਤ ਹੁੰਦਾ ਹੈ, ਜਦੋਂ OS ਕਿਸ਼ਤੀਆਂ ਨੂੰ ਲਗਾਇਆ ਜਾਂਦਾ ਹੈ।



ਚਿੱਤਰ 23.2

ਜਦੋਂ OS ਕਿਸ਼ਤੀ ਲਗਾਈ ਜਾਂਦੀ, ਉਦੋਂ

T ਵਕ੍ਰ ਦਾ ਢਲਾਣ = V ਵਕ੍ਰ ਦੇ ਢਲਾਣ

ਇਹ ਕਿਵੇਂ? ਇੱਥੇ ਪੁਰਾਣੀ ਤਕਨੀਕ ਅਪਣਾਏ ਜਾਣ ਦੇ ਕਾਰਨ V ਵਕ੍ਰ ਦਾ ਢਲਾਣ T ਵਕ੍ਰ ਦੇ ਢਲਾਣ ਦੇ ਬਰਾਬਰ ਹੈ। ਇਸ ਦਾ ਅਰਥ ਜਾਂ ਭਾਵ ਇਹ ਹੈ ਕਿ ਸੀਮਿਤ ਲਾਭ (V-ਵਕ੍ਰ ਦੇ ਢਲਾਣ ਵੱਲੋਂ ਦੱਸੇ ਹੋਰ ਫੜ੍ਹੀਆਂ/ਫਸੀਆਂ (Catch) ਦੇ ਰੂਪ ਵਿੱਚ)

ਸੀਮਿਤ ਲਾਗਤ (T-ਵਕ੍ਰ ਦੇ ਢਲਾਣ ਨਾਲ ਪ੍ਰਗਟ ਇਕ ਹੋਰ ਕਿਸ਼ਤੀ ਦੇ ਦੌੜਨ ਦੀ ਲਾਗਤ ਦੇ ਰੂਪ ਵਿੱਚ) ਦੇ ਬਰਾਬਰ ਹੈ, ਜਾਂ OS ਕਿਸ਼ਤੀ ਲਗਾਉਣ 'ਤੇ ਸੀਮਿਤ ਲਾਭ (Marginal Benefit) = ਸੀਮਿਤ ਲਾਗਤ (Marginal Cost)

ਨੋਟ

ਧਿਆਨ ਨਾਲ ਦੇਖੋ ਕਿ E **ਬਿੰਦੂ 'ਤੇ** t **ਰੇਖਾ** V **ਵਕ੍ਰ ਦਾ ਛੂਹਣ ਬਿੰਦੂ ਹੈ ਅਤੇ** T **ਰੇਖਾ ਦੇ ਸਮਾਂਤਰ ਹੈ।** (Note that t line is tangent to the V curve and is parallel to the T line)

ਇਕ ਸੁਤੰਤਰ ਬਾਜ਼ਾਰ, ਅਰਥ ਵਿਵਸਥਾ ਵਿੱਚ ਕੀ ਉਦਮੀ ਸਮੂਹਿਕ ਸੰਪਤੀ ਮਛਲੀਆਂ ਫੜਨ ਦੇ ਇਸਤੇਮਾਲ ਦੇ T ਬਿੰਦੂ 'ਤੇ ਰੁਕ ਜਾਣਗੇ। ਜਵਾਬ ਹੈ ਕਿ ਨਹੀਂ। ਇਸ ਦਾ ਕਾਰਨ ਇਹ ਹੈ ਕਿ ਉਹ ਅਜੇ ਵੀ ਇਹ ਮਹਿਸੂਸ ਕਰਦੇ ਹਨ ਕਿ ਇਕ ਹੋਰ ਕਿਸ਼ਤੀ ਦੇ ਪ੍ਰਚਲਨ ਦੀ ਲਾਗਤ (Cost of Operating an Additional Boat) ਅਨੁਮਾਨਿਤ ਆਮਦਨ (Expected Revenue) ਤੋਂ ਘੱਟ ਹੈ।

ਮਛਲੀਆਂ ਫੜਨਾ (Fishing) ਪੁਰਾਣੀ ਤਕਨੀਕ ਦੇ ਨਾਲ E_1 ਤੱਕ ਜਾਰੀ ਰਹੇਗਾ। (ਜਦੋਂ OK) ਕਿਸ਼ਤੀਆਂ ਨੂੰ ਚਲਾਇਆ ਜਾਂਦਾ ਹੈ) ਅਤੇ ਨਵੀਂ ਤਕਨੀਕ ਦੇ ਨਾਲ E_2 ਤੱਕ ਜਾਰੀ ਰਹੇਗਾ, (ਜਦੋਂ OA ਕਿਸ਼ਤੀਆਂ ਨੂੰ ਚਲਾਇਆ ਜਾਂਦਾ ਹੈ)। ਹਰੇਕ ਨਵਾਂ **ਪ੍ਰਵੇਸ਼ ਕਰਤਾ** (Entrant) ਆਪਣੀ ਔਸਤ ਮਛਲੀ ਫੜਨਾ/ਫਸੀਆਂ (Catch) ਜਾਂ (ਔਸਤ ਉਤਪਾਦਨ) ਨੂੰ ਇਕ ਹੋਰ ਕਿਸ਼ਤੀ ਦੀ **ਪ੍ਰਚਲਨ ਲਾਗਤ** (Cost of Opeating an Additional Boat) ਬਰਾਬਰ ਕਰਦਾ ਹੈ ਪਰ ਤ੍ਰਾਸਦੀ (Tragedy) ਇਹ ਹੈ ਕਿ ਕਾਰੋਬਾਰ ਵਿੱਚ ਆਪਣੇ ਪ੍ਰਵੇਸ਼ ਦੀ ਸਮਾਜਿਕ ਲਾਗਤ ਨੂੰ ਧਿਆਨ ਵਿੱਚ ਨਹੀਂ ਰੱਖਦਾ, ਸਮਾਜਿਕ ਲਾਗਤ ਜਿਸ ਨਾਲ ਉਹ ਬਚ (Miss) ਰਿਹਾ ਹੈ, **ਉਹ ਮਛਲੀਆਂ ਫੜ੍ਹਨ** (Catch) ਦੀ ਉਹ ਹਾਨੀ ਹੈ ਜੋ ਉਹ ਹੋਰ ਮਛਲੀਆਂ ਫੜਨ ਵਾਲਿਆਂ (Fishermen) ਜਾਂ ਮਛੇਰਿਆਂ ਨੂੰ ਦੇ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਸਮੂਹਿਕ **ਸੰਪਤੀ ਮਛਲੀਆਂ ਫੜਨ** (Common Property Fishing) ਦਾ E_2 ਤੱਕ ਸ਼ੋਸ਼ਣ ਹੁੰਦਾ ਹੈ, ਜਦੋਂ OA **ਕਿਸ਼ਤੀਆਂ ਦਾ ਪ੍ਰਚਲਨ ਉਹ ਵੀ ਉਦੋਂ, ਜਦੋਂ ਕਿ ਉਤਪਾਦਨ ਨੂੰ ਰਣਾਤਮਕ ਸੀਮਿਤ ਪ੍ਰਤੀਫਲ** (Negative Marginal Returns) ਦੇ ਅੱਗੇ ਜਾਂ ਬਾਅਦ ਵਿੱਚ ਵੀ ਵਧਾਇਆ ਜਾਂਦਾ ਹੈ ਜਾਂ ਸਮੂਹਿਕ ਸੰਪਤੀ ਸਾਧਨਾਂ ਅਧੀਨ ਉਤਪਾਦਨ ਦਾ ਪੱਧਰ (ਕਿਸ਼ਤੀਆਂ ਦੀ ਸੰਖਿਆ) ਬਹੁਤ ਉਚਾ ਹੋਵੇਗਾ, ਕਿਉਂਕਿ ਨਵਾਂ ਪ੍ਰਵੇਸ਼ ਕਰਤਾ ਉਸ ਹਾਨੀ ਨੂੰ ਧਿਆਨ ਵਿੱਚ ਨਹੀਂ ਰੱਖੇਗਾ, ਜਦੋਂ ਉਹ ਵਰਤਮਾਨ ਉਤਪਾਦਕਾਂ (ਮਛੇਰਿਆਂ) ਨੂੰ ਦੇ ਰਿਹਾ ਹੈ।

ਅਜਿਹੀ ਸਮੱਸਿਆ ਸਾਰੇ **ਮਛਲੀ ਸਥਾਨਾਂ** (Fishery Grounds) ਵਿੱਚ ਉਦੋਂ ਤੱਕ ਪਾਈ ਜਾਂਦੀ ਹੈ, ਜਦੋਂ ਤੱਕ ਕਿ ਸਰਕਾਰ ਵੱਲੋਂ ਮਛਲੀਆਂ ਦੇ ਫੜਨ 'ਤੇ ਰੋਕ ਲਗਾਉਣ ਸਬੰਧੀ ਕੋਈ **ਅਧਿਨਿਯਮ** (Regulation) ਨਹੀਂ ਬਣਾਇਆ ਜਾਂਦਾ। **ਸਮੂਹਿਕ ਸੰਪਤੀ ਸਾਧਨ ਦੇ ਅਤਿਸ਼ੋਸ਼ਣ ਤੋਂ ਕਿਵੇਂ ਬਚਿਆ ਜਾ ਸਕਦਾ ਹੈ?** (How can Over-exploitation of CPR be Avoided?)– ਸਮੂਹਿਕ ਸੰਪਤੀ ਦੇ ਅਧਿਸ਼ੋਸ਼ਣ ਜਾਂ ਬਹੁਤ ਜ਼ਿਆਦਾ ਇਸਤੇਮਾਲ ਨਾਲ ਦੋ ਤਰ੍ਹਾਂ ਨਾਲ ਬਚਿਆ ਜਾ ਸਕਦਾ ਹੈ ਜਾਂ ਇਸ ਨੂੰ ਦੋ ਤਰ੍ਹਾਂ ਨਾਲ ਘੱਟ ਕੀਤਾ ਜਾ ਸਕਦਾ ਹੈ।

ਪਹਿਲੇ ਸੁਝਾਅ ਦੇ ਅਨੁਸਾਰ ਇਸਤੇਮਾਲ ਦੇ **ਇਸ਼ਟਤਮ ਪੱਧਰ** (Optimum Level of Use) ਨੂੰ ਮੰਨਿਆ ਜਾਂ ਸਮਝਿਆ ਜਾਵੇ ਅਤੇ ਫਿਰ ਉਸ ਪੱਧਰ ਨੂੰ ਕੰਟਰੋਲ (Control) ਨਾਲ ਪ੍ਰਤੀਬੰਧਿਤ (Restrict) ਕੀਤਾ ਜਾਵੇ। ਇਹ ਸਧਾਰਣ ਤੌਰ 'ਤੇ ਉਨ੍ਹਾਂ ਮਾਮਲਿਆਂ ਜਾਂ ਮਦਾਂ ਵਿੱਚ ਕੀਤਾ ਜਾਂਦਾ ਹੈ, ਜਿਵੇਂ **ਸ਼ਿਕਾਰ ਕਰਨ ਦੇ ਲਾਇਸੈਂਸ** (Hunting Licenses), **ਮਛਲੀਆਂ ਫੜਨ ਦਾ ਕੋਟਾ** (Fishing Quota) ਆਦਿ ਪਰ ਇਸ ਸੁਝਾਅ/ਹੱਲ (Solution) ਦੀਆਂ ਕੁਝ ਸਮੱਸਿਆਵਾਂ ਹਨ। ਬੇਸ਼ੱਕ ਇਸ ਵੱਲੋਂ ਸਮੁੰਦਰ ਵਿੱਚ ਮਛਲੀਆਂ ਫੜਨ ਦੀ ਮਾਤਰਾ ਨੂੰ ਕੰਟਰੋਲ ਕਰਨਾ ਅਸੰਭਵ ਨਹੀਂ ਹੈ ਪਰ ਇਸ ਵਿੱਚ ਭਾਰੀ ਖਰਚ ਜਾਂ ਲਾਗਤ ਹੁੰਦੀ ਹੈ। ਜੇਕਰ **ਕੋਟਾ ਉਲੰਘਣ** (Quota Violations) ਵਿੱਚ ਸਬੰਧਿਤ ਅੰਤਰਰਾਸ਼ਟਰੀ ਮਾਮਲਿਆਂ ਦੀ ਦਿੱਤੀ ਹੋਈ ਸੰਖਿਆ ਨੂੰ ਦੇਖਿਆ ਜਾਵੇ ਜਾਂ ਅੰਤਰਰਾਸ਼ਟਰੀ ਖੇਤਰ ਵਿੱਚ ਕਈ ਅਜਿਹੇ ਮਾਮਲੇ ਹਨ, ਜਿੱਥੇ ਕੋਟਾ ਨਿਸ਼ਚਿਤ ਕੀਤੇ ਜਾਣ ਤੋਂ ਬਾਅਦ ਵੀ, ਇਸ ਦਾ (ਕੰਟਰੋਲ ਦਾ) ਉਲੰਘਣ ਕੀਤਾ ਗਿਆ ਹੈ।

ਦੂਸਰਾ ਸੁਝਾਅ/ਹੱਲ ਦੇ ਅਨੁਸਾਰ ਸੰਪਤੀ ਅਧਿਕਾਰਾਂ ਦੀ ਸਪੱਸ਼ਟ ਰੂਪ ਵਿੱਚ ਵਿਆਖਿਆ ਕੀਤੀ ਜਾਵੇ, ਉਨ੍ਹਾਂ ਨੂੰ **ਏਕਾਕੀ** (Exclusive) ਬਣਾਇਆ ਜਾਵੇ। ਇਕ CPR ਪ੍ਰਕਿਰਤੀ ਨਾਲ ਪ੍ਰਤੀਦੰਦੀ (Rival) ਹੈ, ਏਕਾਕੀ ਸੰਪਤੀ ਅਧਿਕਾਰ ਬਣਾ ਦੇਣ ਦਾ ਅਰਥ ਇਹ ਹੋਵੇਗਾ ਕਿ CPR ਵਿੱਚ ਸਧਾਰਣ ਵਸਤੂਆਂ ਦੀਆਂ ਦੋਵੇਂ ਵਿਸ਼ੇਸ਼ਤਾਵਾਂ ਹਨ (i) ਵਰਜਿਤਤਾ ਅਤੇ (ii) ਪ੍ਰਤੀਦੰਦਿਤਾ। ਇਹ ਸੁਤੰਤਰ ਬਾਜ਼ਾਰ ਸਥਿਤੀਆਂ ਵਿੱਚ ਕੁਸ਼ਲ ਵੰਡ ਨੂੰ ਸੁਵਿਧਾਜਨਕ ਬਣਾ ਦੇਵੇਗਾ।

ਪਰ ਫਿਰ ਵੀ ਸਮਤਾ (Equity) ਅਤੇ ਕੁਸ਼ਲਤਾ ਵਿਚਕਾਰ ਟਕਰਾਅ ਪਾਇਆ ਜਾਂਦਾ ਹੈ। ਦਰਅਸਲ ਸਮੂਹਿਕ ਭੂਮੀ ਦੇ ਮਾਮਲੇ ਵਿੱਚ ਸਮੂਹਿਕ ਸੰਪਤੀ ਅਧਿਕਾਰਾਂ ਦਾ ਇਸਤੇਮਾਲ ਪ੍ਰਣਾਲੀ ਵਿੱਚ ਸਮਤਾ ਵਧਾਉਣ ਲਈ ਕੀਤਾ ਜਾਂਦਾ ਹੈ ਜੋ ਨਿਸ਼ਚਿਤ ਰੂਪ ਵਿੱਚ ਕੁਸ਼ਲਤਾ ਦੀ ਲਾਗਤ 'ਤੇ ਹੈ।

ਇਸ ਨਾਲ ਸਾਡੇ ਅੱਗੇ ਇਹ ਵਿਚਾਰ-ਵਟਾਂਦਰਾ (Debate) ਪੈਦਾ ਹੁੰਦਾ ਹੈ ਕਿ ਕੀ ਕੁਸ਼ਲਤਾ ਜ਼ਿਆਦਾ ਮਹੱਤਵਪੂਰਨ ਹੈ ਜਾਂ ਸਮਤਾ? ਇਸ ਚੋਣ ਦੇ ਅਧਾਰ 'ਤੇ ਹੀ ਦੂਸਰੇ ਸੁਝਾਅ ਦਾ ਲਾਗੂ ਹੋਣਾ ਨਿਰਭਰ ਕਰਦਾ ਹੈ।

ਨੋਟ

(ii) ਸਾਰਵਜਨਿਕ ਵਸਤੂਆਂ ਅਤੇ ਬਾਜ਼ਾਰ ਅਸਫਲਤਾ (Public Goods and Market Failure)

ਸਾਰਵਜਨਿਕ ਵਸਤੂਆਂ ਜਾਂ **'ਸਮੁਦਾਇਕ ਉਪਭੋਗ ਵਸਤੂਆਂ'** (Collective Consumption Goods) ਬਾਜ਼ਾਰ ਅਸਫਲਤਾ ਦੇ ਮਹੱਤਵਪੂਰਨ ਸਰੋਤ ਹਨ।

ਸਰਵਜਨਿਕ ਵਸਤੂਆਂ ਵਿੱਚ ਗੈਰ-ਪ੍ਰਤੀਦੰਦਿਤਾ ਅਤੇ ਗੈਰ-ਵਰਜਿਤਤਾ ਦੀ ਵਿਸ਼ੇਸ਼ਤਾ ਪਾਈ ਜਾਂਦੀ ਹੈ। ਇਸ ਦੇ ਉਦਾਹਰਣ ਹਨ ਸੁਰੱਖਿਆ ਸੇਵਾਵਾਂ, ਕਾਨੂੰਨ ਅਤੇ ਵਿਵਸਥਾ ਸੇਵਾਵਾਂ ਆਦਿ। ਇਨ੍ਹਾਂ ਸੇਵਾਵਾਂ ਦੇ ਇਸਤੇਮਾਲ ਲਈ ਚਾਹੇ ਕੋਈ ਭੁਗਤਾਨ ਕਰ ਰਿਹਾ ਹੈ ਜਾਂ ਨਹੀਂ, ਇਹ ਸੇਵਾਵਾਂ ਸਾਰਿਆਂ ਲਈ ਉਪਲੱਬਧ ਹਨ। ਇਸ ਲਈ ਇਹ ਸੇਵਾਵਾਂ **ਗੈਰ-ਵਰਜਿਤ** (Non-excludable) ਹਨ। ਇਸੇ ਤਰ੍ਹਾਂ ਇਨ੍ਹਾਂ ਸੇਵਾਵਾਂ ਦਾ ਕਿਸੇ ਇਕ ਵਿਅਕਤੀ ਵੱਲੋਂ ਉਪਭੋਗ ਹੋਰ ਵਿਅਕਤੀਆਂ ਦੇ ਲਈ ਇਨ੍ਹਾਂ ਦੀ ਉਪਲੱਬਧਤਾ ਨੂੰ ਘੱਟ ਨਹੀਂ ਕਰਦਾ।

ਇਨ੍ਹਾਂ ਦੀ ਗੈਰ-ਵਰਜਿਤਤਾ ਅਤੇ ਗੈਰ-ਪ੍ਰਤੀਦੰਦਿਤਾ ਦੀ ਵਿਸ਼ੇਸ਼ਤਾ ਦੇ ਕਾਰਨ, ਸਰਵਜਨਿਕ ਵਸਤੂਆਂ ਦਾ ਬਾਜ਼ਾਰ ਕੰਟਰੋਲ ਦੀ ਪ੍ਰਣਾਲੀ ਵਿੱਚ ਕੁਸ਼ਲਤਾਪੂਰਵਕ ਵੰਡ ਨਹੀਂ ਕੀਤੀ ਜਾ ਸਕਦੀ। (ਕਿਉਂਕਿ ਇਨ੍ਹਾਂ ਦੇ ਮਾਮਲੇ ਵਿੱਚ ਨਿੱਜੀ ਲਾਭ ਅਤੇ ਨਿੱਜੀ ਲਾਗਤ ਦੀ ਤੁਲਨਾ ਵਿੱਚ ਸਮਾਜ/ਸਮੁਦਾਇ ਨੂੰ ਸਮਾਜਿਕ ਲਾਭ ਜ਼ਿਆਦਾ ਹੈ) ਅਤੇ ਇਹ ਵਸਤੂਆਂ ਸਰਕਾਰ ਵੱਲੋਂ ਉਪਲੱਬਧ ਕਰਵਾਈਆਂ ਜਾਂਦੀਆਂ ਹਨ ਅਤੇ ਇਨ੍ਹਾਂ 'ਤੇ ਹੋਣ ਵਾਲੇ ਖਰਚ ਲਈ ਵਿੱਤ ਪ੍ਰਬੰਧ ਸਰਕਾਰ ਕਰਾਂ ਅਤੇ ਹੋਰ ਸਰੋਤਾਂ ਨਾਲ ਪ੍ਰਾਪਤ ਆਮਦਨ ਨਾਲ ਕਰਦੀ ਹੈ।

ਸਰਵਜਨਿਕ ਵਸਤੂਆਂ ਕਦੋਂ ਉਪਲੱਬਧ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਇਨ੍ਹਾਂ ਲਈ ਕਿੰਨਾ ਅਤੇ ਕੌਣ ਭੁਗਤਾਨ ਕਰਦਾ ਹੈ? ਇਸ ਸਬੰਧ ਵਿੱਚ ਹੇਠ ਲਿਖੇ ਅਵਲੋਕਨ ਧਿਆਨ ਦੇਣ ਯੋਗ ਹਨ-

(i) ਸਰਵਜਨਿਕ ਪਦਾਰਥ ਉਦੋਂ ਉਪਲੱਬਧ ਕਰਵਾਏ ਜਾਣੇ ਚਾਹੀਦੇ ਹਨ, ਜਦੋਂ ਸੁਰੱਖਿਅਤ ਕੀਮਤ (Reservation Price) ਦਾ ਜੋੜ ਸਰਵਜਨਿਕ ਵਸਤੂ ਦੀ ਲਾਗਤ ਤੋਂ ਜ਼ਿਆਦਾ ਜਾਂ ਬਰਾਬਰ ਹੋਣ। **ਸੁਰੱਖਿਅਤ ਕੀਮਤ ਉਹ ਜ਼ਿਆਦਾ ਕੀਮਤ ਹੈ ਜੋ ਕੋਈ ਵਿਅਕਤੀ ਸਰਵਜਨਿਕ ਵਸਤੂਆਂ ਦੀ ਉਪਲੱਬਧਤਾ ਲਈ ਦੇਣ ਲਈ ਤਿਆਰ ਹੁੰਦਾ ਹੈ ਤਾਂ ਕਿ ਉਸ ਨੂੰ ਬਰਾਬਰ ਜਾਂ ਜ਼ਿਆਦਾ ਸੰਤੁਸ਼ਟੀ ਪ੍ਰਾਪਤ ਹੋਵੇ।**

ਉਦਾਹਰਣ- 10 ਪਰਿਵਾਰਾਂ ਦੇ ਇਕ ਸਰਕਾਰੀ ਇਲਾਕੇ ਵਿੱਚ ਇਕ ਸਮੂਹਿਕ ਟੈਲੀਵਿਜ਼ਨ ਦਾ ਉਪਲੱਬਧ ਕਰਵਾਉਣਾ ਇਕ ਸਰਵਜਨਿਕ ਵਸਤੂ ਹੈ। ਇਕ ਗੈਰ-ਤਬਦੀਲ ਅਤੇ ਗੈਰ-ਪ੍ਰਤੀਦੰਦੀ ਹੈ, ਇਸ ਨੂੰ ਕਦੋਂ ਲਗਾਇਆ-ਉਪਲੱਬਧ ਕਰਵਾਇਆ ਜਾਣਾ ਚਾਹੀਦਾ ਹੈ। ਸਪੱਸ਼ਟ ਹੈ ਕਿ ਉਦੋਂ ਜਦੋਂ ਉਸ ਸਬੰਧਿਤ ਇਲਾਕੇ ਦੇ ਨਿਵਾਸੀ ਜੋ ਕੀਮਤ ਜਾਂ ਰਾਸ਼ੀ ਇਸ ਲਈ ਦੇਣ ਲਈ ਤਿਆਰ ਹਨ, ਉਹ ਟੀ. ਵੀ. ਲਗਾਉਣ ਦੀ ਕੁੱਲ ਲਾਗਤ/ਖਰਚ ਦੇ ਬਰਾਬਰ ਹੋਵੇ ਜਾਂ ਉਸ ਤੋਂ ਜ਼ਿਆਦਾ ਹੋਵੇ।

(ii) ਸਰਵਜਨਿਕ ਵਸਤੂਆਂ ਕਿੰਨੀ ਮਾਤਰਾ ਵਿੱਚ ਉਪਲੱਬਧ ਕਰਵਾਈ ਜਾਣੀ ਚਾਹੀਦੀ ਹੈ। ਸਧਾਰਣ ਵਸਤੂਆਂ ਦੇ ਮਾਮਲੇ ਵਿੱਚ ਜੇਕਰ ਇਕ ਇਕਾਈ ਦਾ ਇਕ ਵਿਅਕਤੀ ਵੱਲੋਂ ਉਪਭੋਗ ਕੀਤਾ ਜਾਂਦਾ ਹੈ, ਇਸ ਦਾ ਹੋਰ ਵਿਅਕਤੀਆਂ ਵੱਲੋਂ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਇਸ ਲਈ ਇਕ ਦਿੱਤੀ ਹੋਈ ਕੀਮਤ 'ਤੇ ਮੰਗੀ ਗਈ ਵੰਛਿਤ ਮਾਤਰਾ ਦਾ ਹੀ ਉਤਪਾਦਨ ਕੀਤਾ ਜਾਂਦਾ ਹੈ। ਹੋਰ ਸ਼ਬਦਾਂ ਵਿੱਚ ਸਧਾਰਣ ਵਸਤੂਆਂ ਦੇ ਮਾਮਲੇ ਵਿੱਚ ਸਮੂਹਿਕ (Aggregate) ਮੰਗ ਵਕ੍ਰ ਜਾਂ ਕੁੱਲ ਮੰਗ ਵਕ੍ਰ ਪ੍ਰਾਪਤ ਕਰਨ ਦੇ ਲਈ ਵਿਅਕਤੀਗਤ ਮੰਗ ਵਕ੍ਰ ਦੇ ਸਮ-ਪੱਧਰੀ ਜੋੜ (Horizontal Summation of Individual Demand Curve to Drive Aggregate Demand Curve.) ਨੂੰ ਲੱਭਿਆ ਜਾਂਦਾ ਹੈ ਅਤੇ ਇਕ ਵਿਸ਼ੇਸ਼ ਕੀਮਤ (Particular Price) ਵੰਛਿਤ ਮਾਤਰਾ ਦਾ ਉਤਪਾਦਨ ਕੀਤਾ ਜਾਂਦਾ ਹੈ ਪਰ ਉਦੋਂ ਸਰਵਜਨਿਕ ਵਸਤੂਆਂ ਦਾ ਸਬੰਧ ਹੈ, ਉਨ੍ਹਾਂ ਦੀ ਕੁਝ ਮਾਤਰਾ ਸਾਰੇ ਵਿਅਕਤੀਆਂ ਦੇ ਲਈ ਉਪਲੱਬਧ ਹੁੰਦੀ ਹੈ। ਇਸ ਲਈ ਵਸਤੂ ਦੀ ਦਿੱਤੀ ਹੋਈ ਮਾਤਰਾ ਦੇ ਅਨੁਰੂਪ ਇਸ ਦੀ ਚਾਰਜ ਜਾਂ ਪ੍ਰਾਪਤ ਕੀਤੀ ਗਈ ਕੀਮਤ ਹਰੇਕ ਵਿਅਕਤੀ ਵਸਤੂ ਲਈ ਦਿੱਤੇ ਮੁੱਲ ਦੇ ਬਰਾਬਰ ਜ਼ਰੂਰ ਹੋਣੀ ਚਾਹੀਦੀ ਹੈ।

ਇਸ ਦੇ ਅਨੁਰੂਪ ਵਿਅਕਤੀਗਤ ਮੰਗ ਵਕ੍ਰਾਂ ਦਾ ਖੜ੍ਹਾ ਜਾਂ ਸਿੱਧਾ ਜੋੜ (Vertical Summation) ਕੱਢਿਆ ਜਾਂਦਾ ਹੈ, ਜਿਵੇਂ 23.3 ਤੋਂ ਸਪੱਸ਼ਟ ਹੁੰਦਾ ਹੈ।

ਇਸ ਚਿੱਤਰ ਵਿੱਚ ਸਰਵਜਨਿਕ ਵਸਤੂ ਦੇ ਲਈ ਦੋ ਵਿਅਕਤੀਆਂ A ਅਤੇ B ਦੀ ਮੰਗ ਨੂੰ D_A ਅਤੇ D_V ਵਕ੍ਰਾਂ ਨਾਲ ਦਰਸਾਇਆ ਗਿਆ ਹੈ। ਸਿੱਧੇ/ਖੜ੍ਹੇ ਜੋੜ ਨਾਲ, ਸਾਨੂੰ D_M ਵਕ੍ਰ ਪ੍ਰਾਪਤ ਹੁੰਦਾ ਹੈ ਜੋ ਦੋਵਾਂ ਵਿਅਕਤੀਆਂ ਦੀ ਸਮੂਹਿਕ ਮੰਗ ਹੈ। ਇਹ ਮੰਗ ਵਕ੍ਰ (D_M) ਪ੍ਰਗਟ ਕਰਦਾ ਹੈ ਕਿ ਵਸਤੂ ਇਕ ਨਿਸ਼ਚਿਤ ਮਾਤਰਾ ਦੇ ਲਈ ਕਿੰਨੀ ਸਮੂਹਿਕ ਕੀਮਤ ਦੇਣ ਲਈ ਤਿਆਰ ਹੈ।

MC ਵਕ੍ਰ ਸਰਵਜਨਿਕ ਵਸਤੂ ਉਪਲੱਬਧ ਕਰਵਾਉਣ ਦੀ ਸੀਮਿਤ ਲਾਗਤ ਹੈ, ਇਹ ਪੂਰਤੀ ਵਕ੍ਰ ਵੀ ਹੈ।

E ਸੰਤੁਲਨ ਬਿੰਦੂ ਹੈ, ਜਿਸ 'ਤੇ OP_2 ਕੀਮਤ 'ਤੇ ਮੰਗੀ ਗਈ ਮਾਤਰਾ ਪੂਰਤੀ ਕੀਤੀ ਗਈ ਮਾਤਰਾ ਦੇ ਬਰਾਬਰ ਹੈ। ਸਰਵਜਨਿਕ ਵਸਤੂ ਦੀ OQ_0 ਮਾਤਰਾ ਦਿੱਤੀ ਗਈ ਹੈ ਜੋ A ਅਤੇ B ਦੋਵਾਂ ਵਿਅਕਤੀਆਂ ਲਈ ਉਪਲੱਬਧ ਹੈ।

ਨੋਟ



ਚਿੱਤਰ 23.3

ਹਰੇਕ ਇਕਾਈ ਉਪਲੱਬਧ ਕਰਵਾਉਣ ਦੀ ਲਾਗਤ ਜਾਂ OP_2 ਦੋਵਾਂ ਵਿਅਕਤੀਆਂ ਵਿਚਕਾਰ ਵੰਡੀ ਜਾਂਦੀ ਹੈ। A ਵਿਅਕਤੀ ਹਰੇਕ ਇਕਾਈ ਦੇ ਲਈ OP_0 ਅਤੇ B ਵਿਅਕਤੀ OP_1 ਦਿੰਦਾ ਹੈ, ਇਸ ਲਈ OP_0+OP_1 OP_2।

ਅਤੇ OQ_0 ਇਸ਼ਟਤਮ ਮਾਤਰਾ ਦਾ ਉਤਪਾਦਨ ਕੀਤਾ ਜਾਂਦਾ ਹੈ ਅਤੇ ਇਸ ਦੀ ਉਪਲੱਬਧ ਕਰਵਾਉਣ ਦੀ ਲਾਗਤ ਇਸ ਦੇ ਪ੍ਰਯੋਗ ਕਰਤਾਵਾਂ ਵੱਲੋਂ ਆਪਸ ਵਿੱਚ ਵੰਡੀਆਂ ਜਾਂਦੀਆਂ ਹਨ।

ਪਰ ਹਮੇਸ਼ਾ ਦੇ ਲਈ ਇਹ ਸੰਭਵ ਨਹੀਂ ਹੈ ਕਿ ਪੂਰਤੀ-ਮੰਗ ਸਮੀਕਰਣਾਂ (Equations) ਦੇ ਸਿਧਾਂਤ ਨਾਲ ਪ੍ਰਚਲਨ ਕੀਤਾ ਜਾਵੇ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਸਰਵਜਨਿਕ ਵਸਤੂ ਦੀ ਬਰਾਬਰ ਮਾਤਰਾ ਸਾਰਿਆਂ ਲਈ ਉਪਲੱਬਧ ਹੈ (ਕਿਉਂਕਿ ਸਰਵਜਨਿਕ ਪਦਾਰਥ ਗੈਰ-ਪ੍ਰਤੀਦੰਦੀ ਹਨ) ਪਰ ਕੁਝ ਪ੍ਰਯੋਗਕਰਤਾ ਇਨ੍ਹਾਂ ਵਸਤੂਆਂ ਦੇ ਇਸਤੇਮਾਲ ਨੂੰ ਨਿਸ਼ਚਿਤ ਰੂਪ ਵਿੱਚ ਛੁਪਾਉਣਗੇ ਅਤੇ ਉਹ ਇਹ ਪ੍ਰਗਟ ਨਹੀਂ ਕਰਨਗੇ ਕਿ ਉਨ੍ਹਾਂ ਨੇ ਇਨ੍ਹਾਂ ਵਸਤੂਆਂ ਦਾ ਇਸਤੇਮਾਲ ਕੀਤਾ ਹੈ।

ਇਕ ਖੇਤਰ ਵਿੱਚ ਟੀ. ਵੀ. ਦੀ ਉਪਲੱਬਧਤਾ ਵਾਲੇ ਪਿਛਲੇ ਉਦਾਹਰਣ ਵਿੱਚ ਕੋਈ ਵੀ ਪ੍ਰਯੋਗਕਰਤਾ ਦੂਸਰੇ ਦੇ ਮੁਕਾਬਲੇ ਵਿੱਚ ਇਸ ਦਾ ਫਰੀ ਇਸਤੇਮਾਲ ਕਰ ਸਕਦਾ ਹੈ। ਅਜਿਹੀ ਸਥਿਤੀ ਵਿੱਚ ਸਰਵਜਨਿਕ ਵਸਤੂ/ਪਦਾਰਥ ਜਾਂ ਤਾਂ ਉਪਲੱਬਧ ਨਹੀਂ ਕਰਵਾਇਆ ਗਿਆ ਜਾਂ ਟੀ. ਵੀ. ਲਗਾਉਣ ਦੀ ਲਾਗਤ ਨੂੰ ਨਿਸ਼ਚਿਤ ਰੂਪ ਵਿੱਚ ਇਸ ਦੇ ਸਾਰੇ ਪ੍ਰਯੋਗਕਰਤਾਵਾਂ ਨੇ ਸਹਾਰਿਆ ਨਹੀਂ ਹੈ ਅਤੇ ਇਸ ਦੇ ਲਈ ਕੀਤੇ ਖਰਚ ਦਾ ਭੁਗਤਾਨ ਨਹੀਂ ਕੀਤਾ ਹੈ।

ਫਰੀ ਪ੍ਰਯੋਗਕਰਤਾ (Free Rider) ਦੀ ਸਮੱਸਿਆ ਤੋਂ ਬਚਣ ਦੇ ਵਿਚਾਰ ਨਾਲ ਸਰਵਜਨਿਕ ਪਦਾਰਥਾਂ 'ਤੇ ਹੋਣ ਵਾਲੇ ਖਰਚ ਪ੍ਰਬੰਧ ਅਕਸਰ ਸਰਕਾਰ ਵੱਲੋਂ ਕੀਤੇ ਜਾਂਦੇ ਹਨ, ਸਰਕਾਰ ਇਸ ਦੇ ਲਈ ਕਰਾਂ 'ਤੇ ਪ੍ਰਾਪਤ ਆਮਦਨ (Tax-Revenue) ਨੂੰ ਖਰਚ ਕਰਦੀ ਹੈ, ਕਿਸੇ ਵਿਕਰੀ ਆਮਦਨ (Sales Revenue) ਨੂੰ ਨਹੀਂ।

23.5 ਬਾਹਰੀ ਪ੍ਰਭਾਵ ਅਤੇ ਬਾਜ਼ਾਰ ਅਸਫਲਤਾ (Externalities and Market Failure)

ਬਾਜ਼ਾਰ ਅਸਫਲਤਾ ਦਾ ਇਕ ਹੋਰ ਮਹੱਤਵਪੂਰਨ ਸਰੋਤ ਬਾਹਰੀ ਪ੍ਰਭਾਵ ਹੈ। ਸੰਪਤੀ ਅਧਿਕਾਰਾਂ ਦੇ ਅਹਿਸਾਸ ਦੇ ਕਾਰਨ ਬਾਹਰੀ ਪ੍ਰਭਾਵ ਉਦੇ ਹੁੰਦਾ ਹੈ। **ਬਾਹਰੀ ਪ੍ਰਭਾਵ ਤੋਂ ਭਾਵ ਉਸ ਸਥਿਤੀ ਤੋਂ ਹੈ, ਜਿਸ ਵਿੱਚ ਕਿਸੇ ਲੈਣ-ਦੇਣ ਨਾਲ ਸਬੰਧਿਤ ਲਾਗਤ ਅਤੇ ਲਾਭ ਨਾ ਕੇਵਲ ਲੈਣ-ਦੇਣ ਕਰਨ ਵਾਲਿਆਂ, ਸਗੋਂ ਹੋਰ ਪੱਖਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ।** (By 'Externality' we mean the situation when the cost or benefits related to a transaction not only affects the transactors but also other parties.) ਇਸ ਨੂੰ **ਤੀਸਰਾ ਪੱਖ ਪ੍ਰਭਾਵ** (Third Party Effect) ਵੀ ਕਹਿੰਦੇ ਹਨ।

ਮੈਕੋਨਲ ਦੇ ਅਨੁਸਾਰ, **''ਬਾਹਰੀ ਪ੍ਰਭਾਵ ਉਦੋਂ ਉਦੇ ਹੁੰਦੇ ਹੈ, ਜਦੋਂ ਕਿਸੇ ਵਸਤੂ ਜਾਂ ਸੇਵਾ ਦੇ ਉਤਪਾਦਨ ਜਾਂ ਉਪਭੋਗ ਨਾਲ ਜੁੜੇ ਕੁਝ ਲਾਭ ਜਾਂ ਲਾਗਤ (ਹਾਨੀ) ਦਾ ਪ੍ਰਭਾਵ ਕਿਹੜੇ ਤੀਸਰੇ ਵਿਅਕਤੀਆਂ 'ਤੇ ਪੈਂਦਾ ਹੈ ਜਾਂ ਉਹ ਵਿਅਕਤੀ ਜੋ ਉਸ ਵਸਤੂ ਤੋਂ ਖਰੀਦਦਾਰ ਜਾਂ ਵਿਕਰੇਤਾ ਨਹੀਂ ਹਨ।''** (Externalities occur when some of the benefits of costs associated with the production or consumption of a good 'Spillover' on third parties, i.e. or parties other than the immediate buyer or seller. **—McConnel**)

ਉਦਾਹਰਣ- ਜੇਕਰ ਕੋਈ ਵਿਅਕਤੀ ਆਪਣੇ ਘਰ ਦੇ ਬਾਹਰ ਇਕ ਬਗੀਚਾ ਬਣਾਉਂਦਾ ਹੈ, ਜਿਸ ਵਿੱਚ ਉਹ ਸੁੰਦਰ-ਸੁੰਦਰ ਸੁਗੰਧ ਭਰਪੂਰ ਫੁੱਲ ਲਗਾਉਂਦਾ ਹੈ, ਹੁਣ ਉਸ ਦੀ ਇਸ ਕਿਰਿਆ ਦਾ ਲਾਭ ਨਾ ਕੇਵਲ ਉਸ ਦੇ ਗੁਆਂਢੀ ਨੂੰ ਨਾ ਕੇਵਲ ਉਥੋਂ ਲੰਘਣ

ਨੋਟ

ਵਾਲੇ (**ਤੀਸਰਾ ਪੱਖ**) ਨੂੰ ਵੀ ਸੁਗੰਧ ਪ੍ਰਦਾਨ ਕਰੇਗਾ। ਇਸ ਦੇ ਬਗੀਚਾ ਲਗਾਉਣ ਦੀ ਇਸ ਕਿਰਿਆ ਨੂੰ ਧਨਾਤਮਕ ਬਾਹਰੀ ਪ੍ਰਭਾਵ (Positive Externality) ਕਿਹਾ ਜਾਂਦਾ ਹੈ। ਗੁਆਂਢੀ ਜਾਂ ਆਉਣ-ਜਾਣ ਵਾਲੇ ਇਸ ਦੇ ਲਈ ਕੋਈ ਕੀਮਤ ਨਹੀਂ ਦਿੰਦਾ।

ਇਸ ਤੋਂ ਉਲਟ ਜਦੋਂ ਕੋਈ ਵਿਅਕਤੀ ਆਪਣੇ ਘਰ ਵਿੱਚ ਇਕ ਜਨਰੇਟਰ ਲਗਵਾਉਂਦਾ ਹੈ ਅਤੇ ਬਿਜਲੀ ਚਲੇ ਜਾਣ 'ਤੇ ਉਹ ਉਸ ਜਨਰੇਟਰ ਨੂੰ ਚਲਾਉਂਦਾ ਹੈ, ਜਦੋਂ ਉਸ ਵਿਅਕਤੀ ਨੂੰ ਤਾਂ ਰੋਸ਼ਨੀ ਮਿਲ ਜਾਵੇਗੀ ਪਰ ਉਹ ਜਨਰੇਟਰ ਸ਼ੋਰ ਪ੍ਰਦੂਸ਼ਣ (Noise Pollution) ਜਾਂ ਹਵਾ ਪ੍ਰਦੂਸ਼ਣ (Air Pollution) ਪੈਦਾ ਕਰੇਗਾ, ਜਿਸ ਦਾ **ਰਣਾਤਮਕ ਬਾਹਰੀ ਪ੍ਰਭਾਵ** (Negative Externality) ਗੁਆਂਢੀ ਜਾਂ ਹੋਰ ਵਿਅਕਤੀਆਂ ਨੂੰ ਸਹਿਣ ਕਰਨਾ ਪਵੇਗਾ। ਜਨਰੇਟਰ ਚਾਲਕ ਇਸ ਰਣਾਤਮਕ ਬਾਹਰੀ ਪ੍ਰਭਾਵ ਦੀ ਕੋਈ ਵੀ ਕੀਮਤ ਆਪਣੇ ਗੁਆਂਢੀ ਨੂੰ ਨਹੀਂ ਦਿੰਦਾ। ਗੁਆਂਢੀ ਵੱਲੋਂ ਸਹਿਣ ਕਰਨ ਵਾਲੇ ਰਣਾਤਮਕ ਪ੍ਰਭਾਵ ਨੂੰ ਰਣਾਤਮਕ ਬਾਹਰੀ ਪ੍ਰਭਾਵ ਕਿਹਾ ਜਾਵੇਗਾ।

ਫੈਸਲੇ-ਨਿਰਮਾਣ (Decision-Making) ਵਿੱਚ ਅਜਿਹੇ ਪ੍ਰਭਾਵ ਨੂੰ ਸ਼ਾਮਿਲ ਨਾ ਕਰਨ ਨਾਲ ਬਾਹਰੀ ਪ੍ਰਭਾਵ ਪੈਂਦਾ ਹੈ ਅਤੇ ਇਸ ਲਈ ਇਹ ਬਾਜ਼ਾਰ ਅਸਫਲਤਾ ਦਾ ਕਾਰਨ ਬਣਦਾ ਹੈ। ਉਦਾਹਰਣ ਦੇ ਤੌਰ 'ਤੇ ਕਾਰਖਾਨਿਆਂ ਵੱਲੋਂ ਫੈਲਾਏ ਗਏ ਪ੍ਰਦੂਸ਼ਣ ਨਾਲ ਕਾਰਖਾਨੇ ਦੇ ਗੁਆਂਢ ਵਿੱਚ ਰਹਿਣ ਵਾਲੇ ਵਿਅਕਤੀਆਂ 'ਤੇ ਮਾੜਾ ਪ੍ਰਭਾਵ ਪੈਂਦਾ ਹੈ ਪਰ ਇਸ ਦੀ ਲਾਗਤ ਨੂੰ ਉਤਪਾਦਨ ਲਾਗਤ ਦੇ ਅੰਦਾਜ਼ੇ ਵਿੱਚ ਸ਼ਾਮਿਲ ਨਹੀਂ ਕੀਤਾ ਜਾਂਦਾ। ਇਸ ਦੇ ਫਲਸਰੂਪ ਹੋਰ ਜਾਂ ਜ਼ਿਆਦਾ ਪੂਰਤੀ ਹੋ ਜਾਂਦੀ ਹੈ। ਇਹ ਰਣਾਤਮਕ ਜਾਂ ਹਾਨੀਕਾਰਕ ਬਾਹਰੀ ਪ੍ਰਭਾਵ।

ਬਾਹਰੀ ਪ੍ਰਭਾਵ ਦੀ ਵਿਸਥਾਰ ਵਿੱਚ ਵਿਆਖਿਆ ਕਰਨ ਤੋਂ ਪਹਿਲਾਂ ਇਹ ਦੱਸ ਦੇਣਾ ਜ਼ਰੂਰੀ ਹੈ ਕਿ **ਨਿੱਜੀ ਲਾਗਤ ਜਾਂ ਲਾਭ** ਅਤੇ ਸਮਾਜਿਕ ਲਾਗਤ ਜਾਂ ਲਾਭ ਵਿੱਚ ਕੀ ਅੰਤਰ ਹੈ।

ਕਿਸੇ ਵੀ ਸਮਾਜ ਵਿੱਚ ਸਾਧਨਾਂ ਦੀ ਵੰਡ ਉਦੋਂ ਇਸ਼ਟਤਮ ਮੰਨਿਆ ਜਾਂਦਾ ਹੈ, ਜਦੋਂ ਸਮਾਜਿਕ ਸੀਮਿਤ ਲਾਗਤ (Social Marginal Cost) ਸਮਾਜਿਕ ਸੀਮਿਤ ਲਾਭ (Social Marginal Benefit) ਦੇ ਬਰਾਬਰ ਹੋਵੇ।

ਸੁਤੰਤਰ ਬਾਜ਼ਾਰ ਸਾਧਨਾਂ ਦਾ ਇਸ਼ਟਤਮ ਵੰਡ ਉਦੋਂ ਕਰਦਾ ਹੈ, ਜਦੋਂ ਨਿੱਜੀ ਲਾਗਤਾਂ ਸਮਾਜਿਕ ਲਾਗਤਾਂ ਦੇ ਬਰਾਬਰ ਹੋਣ ਅਤੇ ਨਿੱਜੀ ਲਾਭ ਸਮਾਜਿਕ ਲਾਭਾਂ ਦੇ ਬਰਾਬਰ ਹੋਣ। ਰਣਾਤਮਕ ਬਾਹਰੀ ਪ੍ਰਭਾਵ ਉਦੋਂ ਹੋਵੇਗਾ, ਜਦੋਂ ਸਮਾਜਿਕ ਲਾਗਤਾਂ ਨਿੱਜੀ ਲਾਗਤਾਂ ਤੋਂ ਜ਼ਿਆਦਾ ਹਨ ਅਤੇ ਧਨਾਤਮਕ ਜਾਂ ਲਾਭਕਾਰੀ ਬਾਹਰੀ ਪ੍ਰਭਾਵ ਉਦੋਂ ਹੋਣਗੇ, ਜਦੋਂ ਸਮਾਜਿਕ ਨਿੱਜੀ ਲਾਭਾਂ ਤੋਂ ਜ਼ਿਆਦਾ ਹੋ ਜਾਂਦੇ ਹਨ।

ਨਿੱਜੀ ਅਤੇ ਸਮਾਜਿਕ ਲਾਗਤਾਂ ਅਤੇ ਲਾਭ

1. **ਨਿੱਜੀ ਲਾਗਤ ਅਤੇ ਲਾਭ** (Private Cost and Benefits)- ਉਤਪਾਦਨ ਪ੍ਰਕਿਰਿਆ ਦੇ ਦੌਰਾਨ ਇਕ ਉਤਪਾਦਕ ਮਜ਼ਦੂਰੀ, ਵਿਆਜ ਅਤੇ ਲਗਾਨ ਦੇ ਰੂਪ ਵਿੱਚ ਕੁਝ ਬੰਦੇ ਆਰਥਿਕ ਪੁਰਸਕਾਰਾਂ ਦੀ ਪ੍ਰਾਪਤੀ ਦੇ ਲਈ ਉਤਪਾਦਕ ਸਾਧਨਾਂ ਨੂੰ ਕੰਮ 'ਤੇ ਲਗਾਉਂਦਾ ਹੈ। ਉਤਪਾਦਕ ਦੇ ਲਈ ਇਹ ਨਿੱਜੀ ਲਾਗਤ ਹੈ। **ਅਤੇ ਨਿੱਜੀ ਲਾਗਤ ਉਹ ਲਾਗਤ ਹੈ ਜੋ ਕਿਸੇ ਉਤਪਾਦਕ ਨੂੰ ਇਕ ਵਸਤੂ ਦੇ ਉਤਪਾਦਨ ਦੇ ਲਈ ਖਰਚ ਕਰਨੀ ਪੈਂਦੀ ਹੈ।** ਜਦੋਂ ਤਿਆਰ ਜਾਂ ਉਤਪਾਦਿਤ ਵਸਤੂ ਉਪਭਾਗਤਾਵਾਂ ਵੱਲੋਂ ਖਰੀਦੀ ਅਤੇ ਇਸਤੇਮਾਲ ਕੀਤੀ ਜਾਂਦੀ ਹੈ ਅਤੇ ਉਦੋਂ ਜੋ ਉਪਯੋਗਤਾ ਜਾਂ ਲਾਭ ਵਸਤੂ ਦੇ ਇਸਤੇਮਾਲ ਤੋਂ ਪ੍ਰਾਪਤ ਕਰਦਾ ਹੈ, ਉਸ ਨੂੰ **ਨਿੱਜੀ ਲਾਭ** ਕਿਹਾ ਜਾਂਦਾ ਹੈ। ਇਨ੍ਹਾਂ ਨਿੱਜੀ ਲਾਗਤਾਂ ਅਤੇ ਨਿੱਜੀ ਲਾਭਾਂ ਦਾ ਸਰਵਜਨਿਕ/ਸਮਾਜਿਕ ਲਾਗਤਾਂ ਅਤੇ ਸਰਵਜਨਿਕ/ਸਮਾਜਿਕ ਲਾਭਾਂ ਤੋਂ ਫਰਕ (Distinguish) ਕੀਤਾ ਜਾਂਦਾ ਹੈ।
2. **ਸਮਾਜਿਕ ਲਾਗਤ** (Social Cost)- ਜਦੋਂ ਕਦੇ ਵੀ ਕੋਈ ਆਰਥਿਕ ਕਿਰਿਆ ਕੀਤੀ ਜਾਂਦੀ ਹੈ, ਇਕ ਵਿਅਕਤੀ ਜਾਂ ਫਰਮ (ਜੋ ਉਤਪਾਦਨ ਕਿਰਿਆ ਕਰ ਰਹੀ ਹੈ) ਉਤਪਾਦਨ ਲਾਗਤ ਤੋਂ ਇਲਾਵਾ, ਸਮਾਜ ਨੂੰ ਵੀ ਇਸ ਦੀ ਕੁਝ ਲਾਗਤ ਉਠਾਉਣੀ ਪੈਂਦੀ ਹੈ। ਇਹ ਸਮਾਜਿਕ ਲਾਗਤ ਸਮਾਜ ਦੇ ਲਈ ਕੀਤੀ ਗਈ ਆਰਥਿਕ ਕਿਰਿਆ ਦੀ ਸਮੂਹਿਕ ਲਾਗਤ ਹੈ। ਸਰਲ ਸ਼ਬਦਾਂ ਵਿੱਚ **ਸਮਾਜਿਕ ਲਾਗਤ ਉਹ ਲਾਗਤ ਹੈ ਜੋ ਸਾਰੇ ਸਮਾਜ ਨੂੰ ਕਿਸੇ ਵਸਤੂ ਦੇ ਉਤਪਾਦਨ ਲਈ ਚੁਕਾਉਣੀ ਪੈਂਦੀ ਹੈ।** ਉਦਾਹਰਣ ਦੇ ਤੌਰ 'ਤੇ, ਸੜਕ 'ਤੇ ਵਾਹਨਾਂ ਦੇ ਚਲਾਉਣ ਦੀ ਸਮਾਜਿਕ ਲਾਗਤ ਸੜਕ ਦੀ ਟੁੱਟ-ਭੱਜ, ਪ੍ਰਦੂਸ਼ਣ ਅਤੇ ਭੀੜ ਹੈ ਜੋ ਵਾਹਨਾਂ ਦੇ ਕਾਰਨ ਹੁੰਦਾ ਹੈ।
3. **ਸਮਾਜਿਕ ਲਾਭ** (Social Benefit)- ਸਮਾਜਿਕ ਲਾਗਤ ਦੀ ਤੁਲਨਾ ਵਿੱਚ ਸਮਾਜਿਕ ਲਾਭ ਤੋਂ ਭਾਵ ਉਸ ਲਾਭ ਤੋਂ ਹੈ ਜੋ ਕਿਸੇ ਵਿਅਕਤੀ ਦੀ ਆਰਥਿਕ ਕਿਰਿਆ ਦੇ ਕਾਰਨ ਸਾਰੇ ਸਮਾਜ ਨੂੰ ਪ੍ਰਾਪਤ ਹੁੰਦਾ ਹੈ। ਇਸ ਲਈ ਇਕ ਆਰਥਿਕ ਕਿਰਿਆ ਨਾਲ ਜਿਸ ਹੱਦ ਤੱਕ ਸਮਾਜ ਨੂੰ ਲਾਭ ਮਿਲਦਾ ਹੈ ਜਾਂ ਸਮਾਜਿਕ ਕਲਿਆਣ ਵਿੱਚ ਵਾਧਾ ਹੁੰਦਾ ਹੈ, ਉਸ ਨੂੰ ਸਮਾਜਿਕ ਲਾਭ ਕਹਿੰਦੇ ਹਨ।

ਨੋਟ

ਕੀ ਤੁਸੀਂ ਜਾਣਦੇ ਹੋ ਬਾਜ਼ਾਰ ਅਸਫਲਤਾ ਸਰਕਾਰੀ ਦਖਲਅੰਦਾਜ਼ੀ ਨੂੰ ਸੱਦਾ ਦਿੰਦੀ ਹੈ।

23.6 ਰਿਣਾਤਮਕ ਬਾਹਰੀ ਪ੍ਰਭਾਵ (Negative Externality)

ਜਦੋਂ ਕਿਸੇ ਵਿਅਕਤੀ ਦੀ ਉਤਪਾਦਨ ਅਤੇ ਉਪਭੋਗ ਕਿਰਿਆ ਨਾਲ ਸਮਾਜ ਦੇ ਹੋਰ ਵਿਅਕਤੀਆਂ ਨੂੰ ਹਾਨੀ ਹੁੰਦੀ ਹੈ ਅਤੇ ਉਨ੍ਹਾਂ 'ਤੇ ਇਸ ਕਿਰਿਆ ਦਾ ਰਣਾਤਮਕ ਬਾਹਰੀ ਪ੍ਰਭਾਵ ਪੈਂਦਾ ਹੈ ਅਤੇ ਉਨ੍ਹਾਂ ਨੂੰ ਇਸ ਦੀ ਕੋਈ **ਨੁਕਸਾਨ ਦੀ ਭਰਵਾਈ** (Compensation) ਵੀ ਨਹੀਂ ਮਿਲਦੀ ਤਾਂ ਉਸ ਨੂੰ ਰਣਾਤਮਕ ਬਾਹਰੀ ਪ੍ਰਭਾਵ ਕਿਹਾ ਜਾਵੇਗਾ। ਉਦਾਹਰਣ ਦੇ ਤੌਰ 'ਤੇ ਜੇਕਰ ਕੋਈ ਵਿਅਕਤੀ ਨਦੀ ਦੇ ਨੇੜੇ ਇਕ ਸਟੀਲ ਦਾ ਕਾਰਖਾਨਾ ਲਗਾਉਂਦਾ ਹੈ ਅਤੇ ਕਾਰਖਾਨੇ ਦੇ ਪ੍ਰਦੂਸ਼ਿਤ ਤੱਤਾਂ (Pollutants) ਨੂੰ ਨਦੀ ਵਿੱਚ ਸੁੱਟਦਾ ਹੈ। ਸਪੱਸ਼ਟ ਹੈ ਕਿ ਉਦੋਂ ਉਸ ਦੀ ਇਸ ਕਿਰਿਆ ਨਾਲ ਨਦੀ ਵਿੱਚ ਮਛਲੀਆਂ ਦੇ ਉਤਪਾਦਨ 'ਤੇ ਉਲਟ ਪ੍ਰਭਾਵ ਪਵੇਗਾ। ਹੁਣ ਸਵਾਲ ਇਹ ਹੈ ਕਿ ਕਾਰਖਾਨੇ ਦਾ ਮਾਲਿਕ ਇਸ ਸਮਾਜਿਕ ਲਾਗਤ (ਮਛਲੀ ਉਤਪਾਦਨ ਦੀ ਹਾਨੀ ਦੇ ਰੂਪ ਵਿੱਚ) ਨੂੰ ਸਟੀਲ ਉਤਪਾਦਨ ਦੀ ਆਪਣੀ ਲਾਗਤ ਦੇ ਅੰਦਾਜ਼ੇ ਵਿੱਚ ਸ਼ਾਮਿਲ ਕਰੇਗਾ। ਨਿਸ਼ਚਿਤ ਰੂਪ ਵਿੱਚ ਨਹੀਂ। ਚਿੱਤਰ 23.4 ਇਹ ਪ੍ਰਗਟ ਕਰਦਾ ਹੈ ਕਿ ਰਣਾਤਮਕ ਬਾਹਰੀ ਪ੍ਰਭਾਵ ਕਿਸ ਤਰ੍ਹਾਂ ਬਾਜ਼ਾਰ ਅਸਫਲਤਾ ਦਾ ਕਾਰਨ ਬਣਦਾ ਹੈ।



ਚਿੱਤਰ 23.4

ਕਿਉਂਕਿ ਸਟੀਲ ਫਰਮ ਸਮਾਜਿਕ ਲਾਗਤ ਨੂੰ ਧਿਆਨ ਵਿੱਚ ਨਹੀਂ ਰੱਖਦੀ, ਇਸ ਲਈ ਬਾਜ਼ਾਰ ਕੀਮਤ ਅਤੇ ਉਤਪਾਦਨ ਦਾ ਨਿਰਧਾਰਣ ਸੀਮਿਤ ਲਾਗਤ ਵਕ੍ਰ ਅਤੇ ਮੰਗ ਵਕ੍ਰ ਦੀ ਅੰਦਰੂਨੀ ਕਿਰਿਆ ਨਾਲ ਹੋਵੇਗਾ। ਬਾਜ਼ਾਰ ਸੰਤੁਲਨ OP_0 ਕੀਮਤ 'ਤੇ OQ_0 ਉਤਪਾਦਨ ਨਾਲ ਹੋਵੇਗਾ। ਇਸ ਚਿੱਤਰ ਵਿੱਚ MC_p ਨਿੱਜੀ ਸੀਮਿਤ ਲਾਗਤ ਹੈ ਪਰ ਇਹ ਸਹੀ ਲਾਗਤ ਨੂੰ ਪ੍ਰਗਟ ਨਹੀਂ ਕਰਦੀ, ਕਿਉਂਕਿ ਇਹ ਸਟੀਲ ਉਤਪਾਦਨ ਦੀ ਸਮਾਜਿਕ ਲਾਗਤ ਨੂੰ ਧਿਆਨ ਵਿੱਚ ਨਹੀਂ ਰੱਖਦੀ। ਜੇਕਰ ਸਮਾਜਿਕ ਲਾਗਤ ਨੂੰ ਗਿਣਿਆ ਜਾਂਦਾ ਹੈ, ਉਦੋਂ ਸੀਮਿਤ ਲਾਗਤ ਵਕ੍ਰ ਉਪਰ ਵੱਲ ਸੀਮਿਤ ਬਾਹਰੀ ਲਾਗਤ (Marginal External Cost) ਤੱਕ ਖਿਸਕ ਜਾਵੇਗੀ। ਨਵੀਂ ਲਾਗਤ ਵਕ੍ਰ MC_s ਹੈ ਜੋ ਸੀਮਿਤ ਬਾਹਰੀ ਲਾਗਤ ਨੂੰ ਗਿਣਤੀ ਵਿੱਚ ਲੈਂਦੀ ਹੈ। ਇਸ ਸੀਮਿਤ ਲਾਗਤ ਵਕ੍ਰ ਦੇ ਨਾਲ ਇਸ਼ਟਤਮ ਉਤਪਾਦਨ OQ^* ਇਕਾਈਆਂ ਹਨ

ਅਤੇ ਇਸ ਦਾ ਸਿੱਟਾ ਇਹ ਹੋਇਆ ਇਕ ਰਣਾਤਮਕ ਬਾਹਰੀ ਪ੍ਰਭਾਵ ਅਤੇ ਹਾਨੀਕਾਰਕ ਬਾਹਰੀ ਪ੍ਰਭਾਵ ਦੇ ਮਾਮਲੇ ਵਿੱਚ ਉਤਪਾਦਨ ਸਮਾਜਿਕ ਇਸ਼ਟਤਮ ਪੱਧਰ ਤੋਂ ਉਪਰ ਹੋਵੇਗਾ।

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚੋਂ ਸਹੀ/ਗਲਤ ਲੱਭੋ (State whether the following statements are True/False)—

9. ਸੁਤੰਤਰ ਬਾਜ਼ਾਰ ਅਤੇ ਪੂਰਨ ਤੌਰ 'ਤੇ ਪ੍ਰਤੀਯੋਗੀ ਬਾਜ਼ਾਰ ਸਮਾਜਿਕ ਇਸ਼ਟਤਮ ਹੱਲ ਪੇਸ਼ ਨਹੀਂ ਕਰਦੇ।

ਨੋਟ

10. ਜਦੋਂ CPR ਦਾ ਬਹੁਤ ਜ਼ਿਆਦਾ ਇਸਤੇਮਾਲ ਹੁੰਦਾ ਹੈ, ਉਦੋਂ ਪੋਸ਼ਣ ਇਸ ਦਾ ਨਤੀਜਾ ਹੋ ਜਾਂਦਾ ਹੈ।
11. ਸਰਵਜਨਿਕ ਵਸਤੂਆਂ ਜਾਂ 'ਸਮੁਦਾਇਕ ਇਸਤੇਮਾਲ ਵਸਤੂਆਂ' ਬਾਜ਼ਾਰ ਅਸਫਲਤਾ ਦੇ ਮਹੱਤਵਪੂਰਨ ਸਰੋਤ ਹਨ।
12. ਨਿੱਜੀ ਲਾਗਤ ਉਹ ਲਾਗਤ ਹੈ ਜੋ ਕਿਸੇ ਉਤਪਾਦਨ ਨੂੰ ਇਕ ਵਸਤੂ ਦੇ ਉਤਪਾਦਕ ਦੇ ਲਈ ਖਰਚ ਕਰਨੀ ਪੈਂਦੀ ਹੈ।

23.7 ਧਨਾਤਮਕ ਬਾਹਰੀ ਪ੍ਰਭਾਵ (Positive Externality)

ਜਦੋਂ ਕਿਸੇ ਉਤਪਾਦਕ ਦੀ ਉਤਪਾਦਨ ਕਿਰਿਆ ਨਾਲ ਸਮਾਜ ਦੇ ਹੋਰ ਵਿਅਕਤੀਆਂ ਨੂੰ ਬਿਨਾਂ ਕਿਸੇ ਨੁਕਸਾਨ ਦੀ ਭਰਵਾਈ ਦੇ ਲਾਭ (Uncompensated Benefits) ਪ੍ਰਾਪਤ ਹੁੰਦਾ ਹੈ ਤਾਂ ਉਸ ਨੂੰ ਉਤਪਾਦਨ ਦਾ ਧਨਾਤਮਕ ਜਾਂ ਸਕਾਰਾਤਮਕ ਬਾਹਰੀ ਪ੍ਰਭਾਵ ਕਹਿੰਦੇ ਹਨ। ਇਸ ਧਨਾਤਮਕ ਬਾਹਰੀ ਪ੍ਰਭਾਵ ਪ੍ਰਤੱਖ ਅਤੇ ਅਪ੍ਰਤੱਖ ਦੋਵਾਂ ਰੂਪਾਂ ਵਿੱਚ ਪ੍ਰਾਪਤ ਹੋ ਸਕਦਾ ਹੈ। ਉਦਾਹਰਣ ਦੇ ਤੌਰ 'ਤੇ ਇਕ ਵਿਅਕਤੀ ਦਾ ਸੇਬਾਂ ਦਾ ਬਾਗ (Apple Orchid) ਹੈ, ਇਸ ਦੇ ਨੇੜੇ ਹੀ ਇਕ ਸ਼ਹਿਦ ਫਾਰਮ ਹੈ, ਸ਼ਹਿਦ ਦੀਆਂ ਮੱਖੀਆਂ ਨਾਲ ਇਸ ਸੇਬ ਦੇ ਬਾਗ ਵਿੱਚੋਂ ਜੋ ਸ਼ਹਿਦ ਇਕੱਠਾ ਕੀਤਾ ਜਾਂਦਾ ਹੈ, ਉਸ ਦਾ ਲਾਭ ਸ਼ਹਿਦ-ਮੱਖੀਆਂ ਪਾਲਣ ਵਾਲੇ ਕਿਸਾਨ ਨੂੰ ਹੁੰਦਾ ਹੈ ਪਰ ਸੇਬ ਦੇ ਬਾਗ ਦਾ ਮਾਲਿਕ ਇਸ ਲਾਭ ਨੂੰ ਆਪਣੇ ਸੀਮਿਤ ਲਾਭ ਵਿੱਚ ਸ਼ਾਮਿਲ ਨਹੀਂ ਕਰਦਾ। ਆਪਣੇ ਉਤਪਾਦਨ ਪੱਧਰ ਦਾ ਫੈਸਲਾ ਲੈਂਦੇ ਸਮੇਂ ਉਹ ਕੇਵਲ ਆਪਣੀ ਸੀਮਿਤ ਲਾਗਤ (MC) ਨੂੰ ਸੀਮਿਤ ਲਾਭ (Marginal Benefit) ਦੇ ਬਰਾਬਰ ਕਰਦਾ ਹੈ ਅਤੇ ਸ਼ਹਿਦ ਦੀਆਂ ਮੱਖੀਆਂ ਪਾਲਣ ਵਾਲੇ ਕਿਸਾਨ ਦੇ ਬਾਹਰੀ ਸੀਮਿਤ ਲਾਭ ਦਾ ਵਿਚਾਰ ਨਹੀਂ ਕਰਦਾ, ਉਦੋਂ ਇਸ ਦੇ ਅਨੁਰੂਪ ਧਨਾਤਮਕ ਬਾਹਰੀ ਪ੍ਰਭਾਵ ਦੀ ਦ੍ਰਿਸ਼ਟੀ ਨਾਲ ਜੋ ਸਮਾਜਿਕ ਰੂਪ ਵਿੱਚ ਜ਼ਰੂਰੀ ਹੈ, ਇਸ ਦੇ ਲਈ ਉਤਪਾਦਨ ਦਾ ਹੇਠਲਾ ਪੱਧਰ ਨਿਸ਼ਚਿਤ ਕੀਤਾ ਜਾਵੇਗਾ। ਇਸ ਨੂੰ ਚਿੱਤਰ 23.5 ਨਾਲ ਪ੍ਰਗਟ ਕੀਤਾ ਗਿਆ ਹੈ।



ਚਿੱਤਰ 23.5

ਚਿੱਤਰ 23.5 ਵਿੱਚ OX- ਅਕਸ਼ 'ਤੇ ਸੇਬਾਂ ਦੀ ਉਤਪਾਦਿਤ ਮਾਤਰਾ ਨੂੰ ਦਿਖਾਇਆ ਗਿਆ ਹੈ ਅਤੇ OY- ਅਕਸ਼ ਕੀਮਤ ਨੂੰ ਪ੍ਰਗਟ ਕਰਦਾ ਹੈ। OP_0 ਕੀਮਤ 'ਤੇ ਸੇਬ ਦੀ OQ_0 ਇਕਾਈ ਦਾ ਉਤਪਾਦਨ ਕੀਤਾ ਜਾਂਦਾ ਹੈ। ਇਸ ਲਈ ਸੀਮਿਤ ਨਿੱਜੀ ਲਾਭ ਸੀਮਿਤ ਲਾਗਤ ਦੇ ਬਰਾਬਰ ਹਨ, ਜਦੋਂ ਬਾਹਰੀ ਲਾਭ ਨੂੰ ਜੋੜਿਆ ਜਾਂਦਾ ਹੈ, MB_p ਖਿਸਕ ਕੇ MB_s ਹੋ ਜਾਂਦੀ ਹੈ ਅਤੇ ਇਸ ਤਰ੍ਹਾਂ ਬਾਹਰੀ ਪ੍ਰਭਾਵ ਦਾ ਅੰਦਰੂਨੀਕਰਣ (Internationalisation) ਤੋਂ ਬਾਅਦ ਸੇਬਾਂ ਦਾ ਕੁੱਲ ਉਤਪਾਦਨ OQ_0 ਤੋਂ ਵੱਧ ਕੇ OQ^* ਹੋ ਜਾਣਾ ਚਾਹੀਦਾ ਹੈ ਅਤੇ ਇਹ ਸਿੱਟਾ ਨਿਕਲਦਾ ਹੈ ਕਿ ਧਨਾਤਮਕ **ਬਾਹਰੀ ਪ੍ਰਭਾਵ ਦੇ ਮਾਮਲੇ ਵਿੱਚ ਕੁੱਲ ਉਤਪਾਦਨ ਸਮਾਜਿਕ ਇਸ਼ਟਤਮ ਉਤਪਾਦਨ ਤੋਂ ਘੱਟ ਹੈ** (Total output is less than the socially optimal output in case of positive externality)।

ਟਾਸਕ 'ਵਰਜਿਤ ਵਸਤੂਆਂ ਅਤੇ ਬਾਜ਼ਾਰ ਅਸਫਲਤਾ' 'ਤੇ ਵਿਚਾਰ ਪ੍ਰਗਟ ਕਰੋ।

23.8 ਬਾਹਰੀ ਪ੍ਰਭਾਵ ਅਤੇ ਕੋਸ ਸਿਧਾਂਤ (Externalities and the Coase Theory)

ਨੋਟ

ਬਾਹਰੀ ਪ੍ਰਭਾਵਾਂ ਦੇ ਕਾਰਨ, ਉਤਪਾਦਿਤ ਅਤੇ ਉਪਭੋਗ ਕੀਤੇ ਗਏ ਉਤਪਾਦਨ ਦੇ ਕੁਸ਼ਲ ਪੱਧਰ ਦੀ ਸਮੱਸਿਆ (ਜਿਸ ਦੀ ਵਿਆਖਿਆ ਉਪਰ ਕੀਤੀ ਗਈ ਹੈ) ਦਾ ਹੱਲ ਇਕ ਹੋਰ ਢੰਗ ਨਾਲ ਵੀ ਹੋ ਸਕਦਾ ਹੈ, ਉਹ ਇਹ ਹੈ ਕਿ ਜੋ ਵਿਅਕਤੀ ਬਾਹਰੀ ਪ੍ਰਭਾਵ ਦਾ ਕਾਰਨ ਬਣਦਾ ਜਾਂ ਜੋ ਵਿਅਕਤੀ ਇਸ ਦੀ ਜਗ੍ਹਾ ਤੋਂ ਪ੍ਰਭਾਵਿਤ ਹੁੰਦਾ ਹੈ, ਉਸ ਨੂੰ ਸੰਪਤੀ ਅਧਿਕਾਰ (Property Rights) ਦੇ ਦਿੱਤਾ ਜਾਂ ਨਿਰਧਾਰਿਤ ਕੀਤੇ ਜਾਣ। ਇਹ ਵਿਚਾਰ ਹੀ **ਕੋਸ ਸਿਧਾਂਤ ਦਾ** ਅਧਾਰ ਹੈ। ਕੋਸ ਸਿਧਾਂਤ ਨੂੰ ਵਿਕਸਿਤ ਕਰਨ ਦਾ ਸਿਹਰਾ ਪ੍ਰਸਿੱਧ ਬ੍ਰਿਟਿਸ਼ ਅਰਥ ਸ਼ਾਸਤਰੀ **ਰੋਨਾਲਡ ਕੋਸ** (Ronald Coase) ਨੂੰ ਜਾਂਦਾ ਹੈ, ਜਿਸ ਨੂੰ ਸੰਨ 1991 ਵਿੱਚ ਅਰਥ ਸ਼ਾਸਤਰ ਦਾ '**ਨੋਬਲ ਪੁਰਸਕਾਰ**' ਮਿਲਿਆ ਸੀ। ਕੋਸ ਸਿਧਾਂਤ ਦੇ ਅਨੁਸਾਰ, **''ਜੇਕਰ ਇਕ ਬਾਹਰੀ ਪ੍ਰਭਾਵ ਦੇ ਦੋ ਪੱਖ-ਇਕ ਉਹ ਜੋ ਇਸ ਦਾ ਕਾਰਨ ਬਣਦਾ ਹੈ ਅਤੇ ਦੂਸਰਾ ਉਹ ਜੋ ਇਸ ਤੋਂ ਪ੍ਰਭਾਵਿਤ ਹੁੰਦਾ ਹੈ-ਆਪਸ ਵਿੱਚ ਸੌਦਾ ਜਾਂ ਸਮਝੌਤਾ ਕਰ ਲੈਣ ਕਿ ਉਹ ਸਾਧਨਾਂ ਦੇ ਕੁਸ਼ਲ ਇਸਤੇਮਾਲ ਦਾ ਉਤਪਾਦਨ ਕਰਨਗੇ।''** ਜਦੋਂ ਕਿਸੇ ਵਸਤੂ ਦੇ ਸੰਪਤੀ ਦੇ ਅਧਿਕਾਰ ਠੀਕ ਢੰਗ ਨਾਲ ਸਪੱਸ਼ਟ ਜਾਂ ਪ੍ਰਭਾਸ਼ਿਤ ਹੋ ਜਾਂਦੇ ਹਨ, ਉਦੋਂ ਲਾਭ ਪ੍ਰਾਪਤ ਕਰਨ ਵਾਲੇ (Beneficiary) ਅਤੇ ਨੁਕਸਾਨ ਉਠਾਉਣ ਵਾਲੇ (Victim) ਦੇ ਦਰਮਿਆਨ ਸੌਦਾ ਜਾਂ ਸਮਝੌਤਾ ਕਰਨਾ ਅਸਾਨ ਹੋ ਜਾਂਦਾ ਹੈ ਅਤੇ ਉਦੋਂ ਵਸਤੂ ਦੇ ਸਮਾਜਿਕ ਇਸ਼ਟਤਮ ਪੱਧਰ ਉਤਪਾਦਨ/ਇਸਤੇਮਾਲ ਕੀਤਾ ਜਾ ਸਕਦਾ ਹੈ।

ਉਦਾਹਰਣ ਦੇ ਤੌਰ 'ਤੇ ਮੰਨ ਲਓ ਦੋ ਵਿਦਿਆਰਥੀ A ਅਤੇ B ਇਕ ਕਮਰੇ ਵਿੱਚ ਰਹਿੰਦੇ ਹਨ। ਵਿਦਿਆਰਥੀ A ਸਿਗਰੇਟ ਪੀਣ ਵਾਲਾ ਅਤੇ B ਨਹੀਂ। ਵਿਦਿਆਰਥੀ A ਨੂੰ ਪੜ੍ਹਦੇ ਸਮੇਂ ਲਗਾਤਾਰ ਸਿਗਰੇਟ ਪੀਣ ਦੀ ਆਦਤ ਹੈ, ਜਿਸ ਦਾ ਵਿਦਿਆਰਥੀ B ਦੀ ਸਿਹਤ 'ਤੇ ਪ੍ਰਤੀਕੂਲ ਪ੍ਰਭਾਵ ਪੈਂਦਾ ਹੈ, ਕਿਉਂਕਿ ਕਮਰੇ ਵਿੱਚ ਹਵਾ ਦੋਵਾਂ ਵਿਦਿਆਰਥੀਆਂ ਦੀ ਸਮੂਹਿਕ ਸੰਪਤੀ ਹੈ। ਵਿਦਿਆਰਥੀ B ਵਿਦਿਆਰਥੀ A ਨੂੰ ਸਿਗੇਰਟ ਪੀਣ ਤੋਂ ਰੋਕ ਨਹੀਂ ਸਕਦਾ, ਕਿਉਂਕਿ ਕਮਰੇ ਵਿੱਚ ਹਵਾ ਦੋਵਾਂ ਵਿਦਿਆਰਥੀਆਂ ਦੀ ਸਮੂਹਿਕ ਸੰਪਤੀ ਹੈ। ਪਰ ਜੇਕਰ ਕਮਰੇ ਅੰਦਰ ਦੀ ਹਵਾ ਦੇ ਸੰਪਤੀ ਅਧਿਕਾਰ ਨੂੰ ਇਨ੍ਹਾਂ ਦੋਵਾਂ ਵਿੱਚੋਂ ਕਿਸੇ ਇਕ ਨੂੰ ਦੇ ਦਿੱਤੀ ਜਾਵੇ, ਉਦੋਂ A ਅਤੇ B ਦੋਵਾਂ ਵਿਦਿਆਰਥੀਆਂ ਦੀ ਸੰਤੁਸ਼ਟੀ ਦਾ ਇਕ ਇਸ਼ਟਤਮ ਪੱਧਰ ਪ੍ਰਾਪਤ ਕੀਤਾ ਜਾ ਸਕਦਾ ਹੈ। ਜੇਕਰ ਪਹਿਲਾ, ਜੇਕਰ ਸਿਗੇਰਟ ਪੀਣ ਵਾਲੇ ਵਿਦਿਆਰਥੀ A ਨੂੰ ਸੰਪਤੀ ਅਧਿਕਾਰ ਦੇ ਦਿੱਤਾ ਜਾਂਦਾ ਹੈ, ਉਦੋਂ ਉਹ ਵਿਦਿਆਰਥੀ B ਨੂੰ ਕਹਿ ਸਕਦਾ ਹੈ ਕਿ ਹਵਾ ਵਿੱਚ ਸਿਗਰੇਟ ਦੇ ਧੂੰਏਂ ਨੂੰ ਘੱਟ ਕਰਨ ਲਈ ਉਸ ਨੂੰ ਭੁਗਤਾਨ, ਮੰਨ ਲਓ ਇਕ ਰੁਪਿਆ ਪ੍ਰਤੀ ਸਿਗਰੇਟ ਦੇਣਾ ਪਵੇਗਾ। ਹੁਣ ਵਿਦਿਆਰਥੀ B ਇਸ ਇਕ ਰੁਪਏ ਦੀ ਰਾਸ਼ੀ ਦਾ ਭੁਗਤਾਨ ਕਰਕੇ ਆਪਣੇ ਲਈ ਸ਼ੁੱਧ ਹਵਾ ਪ੍ਰਾਪਤ ਕਰ ਸਕਦਾ ਹੈ। ਇਸ ਤੋਂ ਉਲਟ ਜੇਕਰ ਵਿਦਿਆਰਥੀ B ਨੂੰ ਸੰਪਤੀ ਅਧਿਕਾਰ ਮਿਲ ਜਾਂਦਾ ਹੈ ਤਾਂ ਉਹ ਵਿਦਿਆਰਥੀ A ਨੂੰ ਕਹਿ ਸਕਦਾ ਹੈ ਕਿ ਜੇਕਰ ਉਹ ਕਮਰੇ ਅੰਦਰ ਸਿਗਰੇਟ ਪੀਣਾ ਚਾਹੁੰਦਾ ਹੈ ਤਾਂ ਉਹ ਇਸ ਦਾ ਕੁਝ ਭੁਗਤਾਨ ਕਰੇ। (ਜਿਵੇਂ ਇਕ ਰੁਪਿਆ ਪ੍ਰਤੀ ਸਿਗਰੇਟ) । ਵਿਦਿਆਰਥੀ A ਇਹ ਫੈਸਲਾ ਲੈ ਸਕਦਾ ਹੈ ਕਿ ਉਹ ਕਿੰਨੇ ਸਿਗਰੇਟ ਪੀਏ ਅਤੇ ਵਿਦਿਆਰਥੀ B ਨੂੰ ਕਿੰਨੇ ਪੈਸੇ ਹਰਜਾਨੇ ਦੇ ਰੂਪ ਵਿੱਚ ਦੇਵੇ। ਵਿਦਿਆਰਥੀ B ਪ੍ਰਦੂਸ਼ਣ ਦੇ ਪੱਧਰ ਅਤੇ ਮੌਦ੍ਰਿਕ ਲਾਭ ਜੋ ਉਸ ਨੂੰ ਵਿਦਿਆਰਥੀ A ਤੋਂ ਮਿਲੇਗਾ, ਇਨ੍ਹਾਂ ਦੋਵਾਂ ਦਰਮਿਆਨ ਫੈਸਲਾ ਕਰ ਸਕਦਾ ਹੈ।

23.9 ਉਚਾ ਸਮਝੌਤਾ (ਜਾਂ ਲੈਣ-ਦੇਣ) ਲਾਗਤਾਂ (High Transaction Costs)

ਕੋਸ ਸਿਧਾਂਤ ਇਸ ਮਾਨਤਾ 'ਤੇ ਅਧਾਰਿਤ ਹੈ ਕਿ ਸੌਦਾਕਾਰੀ ਪ੍ਰਕਿਰਿਆ (Bargain Process) ਜੋ ਦੋ ਪੱਖਾਂ/ਏਜੰਟਾਂ ਦੇ ਵਿਚਕਾਰ ਹੁੰਦੀ ਹੈ। ਉਸ 'ਤੇ ਕੋਈ ਵੀ ਲੈਣ-ਦੇਣ ਜਾਂ ਸਮਝੌਤਾ ਨਹੀਂ ਆਉਂਦਾ। ਉਦਾਹਰਣ ਦੇ ਤੌਰ 'ਤੇ ਉਪਰ ਵਾਲੇ ਸਿਗਰੇਟ ਪੀਣ ਅਤੇ ਨਾ ਪੀਣ ਵਾਲੇ ਵਿਦਿਆਰਥੀਆਂ ਦੇ ਉਦਾਹਰਣ ਵਿੱਚ ਅਸੀਂ ਇਹ ਮੰਨ ਲਿਆ ਕਿ ਦੋਵੇਂ ਕਮਰੇ ਵਿੱਚ ਬੈਠ ਕੇ ਆਪਸ 'ਚ ਉਹੀ ਸੁਤੰਤਰ ਰੂਪ ਵਿੱਚ ਕੋਈ ਸਮਝੌਤਾ ਕਰ ਸਕਦੇ ਹਨ। ਮੰਨ ਲਓ ਜੇਕਰ ਦੋ ਏਜੰਟ ਵੱਖ-ਵੱਖ ਇਲਾਕਿਆਂ ਵਿੱਚ ਰਹਿੰਦੇ ਹਨ, ਉਦੋਂ ਇਨ੍ਹਾਂ ਦੋਵਾਂ ਵਿੱਚ ਆਪਸ 'ਚ ਗੱਲਬਾਤ ਕਰਨ ਅਤੇ ਸੰਪਰਕ ਬਣਾਉਣ ਦੇ ਲਈ ਕੁਝ ਖਰਚ ਜ਼ਰੂਰ ਕਰਨਾ ਪੈ ਸਕਦਾ ਹੈ, ਜਿਵੇਂ ਟੈਲੀਫੋਨ ਦਾ ਇਸਤੇਮਾਲ, ਫੈਕਸ ਮਸ਼ੀਨ ਦਾ ਇਸਤੇਮਾਲ ਆਦਿ। ਅਜਿਹੀ ਸਥਿਤੀ ਵਿੱਚ ਇਨ੍ਹਾਂ ਵਿੱਚੋਂ ਹਰੇਕ ਏਜੰਟ ਸੌਦਾ ਜਾਂ ਸਮਝੌਤਾ (Deal) ਪੂਰੀ ਹੋਣ 'ਤੇ ਉਸ ਕੋਲੋਂ ਸ਼ੁੱਧ ਲਾਭ-ਪ੍ਰਾਪਤੀ ਦਾ ਅੰਦਾਜ਼ਾ ਜ਼ਰੂਰ ਲਗਾਏਗਾ, ਉਦੋਂ ਕੁਝ ਲਾਭ ਵਿੱਚੋਂ ਸਮਝੌਤਾ (ਲੈਣ-ਦੇਣ) ਖਰਚ/ਲਾਗਤ ਨੂੰ ਘਟਾ ਕੇ ਉਹ ਸੌਦੇ (Deal) ਦੇ ਲਈ ਉਦੋਂ ਰਾਜ਼ੀ ਹੋਵੇਗਾ, ਜਦੋਂ ਉਸ ਨੂੰ ਪ੍ਰਾਪਤ ਹੋਣ ਵਾਲਾ ਸ਼ੁੱਧ ਲਾਭ ਧਨਾਤਮਕ ਹੈ। ਹੋਰ ਸ਼ਬਦਾਂ ਵਿੱਚ ਜੇਕਰ ਸੌਦਾਕਾਰੀ ਪ੍ਰਕਿਰਿਆ ਵਿੱਚ ਹੋਣ ਵਾਲਾ ਸਮਝੌਤਾ (ਲੈਣ-ਦੇਣ) ਖਰਚ ਜ਼ਿਆਦਾ ਹੈ, ਉਦੋਂ ਹੋ ਸਕਦਾ ਹੈ ਕਿ ਦੋਵੇਂ ਜਾਂ ਸਾਰੇ ਪੱਖ (Two or All Parties) ਸੌਦਾਕਾਰੀ (Bargaining) ਦੇ ਲਈ ਰਾਜ਼ੀ ਨਾ ਹੋਵੇ, ਬੇਸ਼ੱਕ ਸੰਪਤੀ ਅਧਿਕਾਰ ਕਿੰਨੇ ਵੀ ਸਪੱਸ਼ਟ ਅਤੇ ਪ੍ਰਭਾਸ਼ਿਤ (Well-Defined) ਕਿਉਂ ਨਾ ਹੋਣ।

ਅਕਸਰ ਅਜਿਹਾ ਦੇਖਿਆ ਗਿਆ ਹੈ ਕਿ ਬਾਹਰੀ ਪ੍ਰਭਾਵ ਤੋਂ ਬਹੁਤ ਜ਼ਿਆਦਾ ਨੁਕਸਾਨ (ਜਿਵੇਂ ਵਾਹਨਾਂ ਵੱਲੋਂ ਫੈਲਾਏ ਗਏ ਪ੍ਰਦੂਸ਼ਣ ਗ੍ਰੀਨ ਹਾਊਸ ਗੈਸ ਦਾ ਛੱਡਣਾ) ਜਾਂ ਲਾਭ (ਜਿਵੇਂ ਸੜਕਾਂ ਦਾ ਜਾਲ ਫੈਲਾਉਣਾ) ਵਿੱਚ ਕਾਫੀ ਜ਼ਿਆਦਾ ਸਮਝੌਤੇ (ਲੈਣ-ਦੇਣ) ਲਾਗਤਾਂ ਸ਼ਾਮਿਲ ਹੁੰਦੀਆਂ ਹਨ, ਜਿਸ ਨਾਲ ਨਿੱਜੀ ਏਜੰਟ ਸੌਦਾਕਾਰੀ ਦੇ ਲਈ ਅੱਗੇ ਨਹੀਂ ਆਉਂਦੇ। ਅਜਿਹੀਆਂ ਸਥਿਤੀਆਂ ਵਿੱਚ ਕਿਸੇ ਕੁਸ਼ਲ ਹੱਲ ਦੇ ਲਈ ਸਰਕਾਰੀ ਦਖਲਅੰਦਾਜ਼ੀ ਦੀ ਜ਼ਰੂਰਤ ਹੋ ਜਾਂਦੀ ਹੈ।

ਨੋਟ ਅਜਿਹਾ ਇਕ ਹੋਰ ਰਣਾਤਮਕ ਬਾਹਰੀ ਪ੍ਰਭਾਵ ਪ੍ਰਦੂਸ਼ਣ ਦੇ ਕਾਰਨ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣਾ ਹੈ, ਇਸ ਨੂੰ ਰੋਕਣ ਲਈ ਸਰਕਾਰੀ ਦਖਲਅੰਦਾਜ਼ੀ ਜ਼ਰੂਰੀ ਹੁੰਦੀ ਹੈ। ਤਿੰਨ ਤਰ੍ਹਾਂ ਦੇ ਕੰਟਰੋਲ, ਜਿਸ ਦਾ ਇਸਤੇਮਾਲ ਸਰਕਾਰ ਇਨ੍ਹਾਂ ਸਥਿਤੀਆਂ ਦਾ ਸਾਹਮਣਾ ਕਰਨ ਲਈ ਕਰ ਸਕਦੀ ਹੈ, ਉਹ ਹਨ ਪ੍ਰੱਤਖ ਪ੍ਰਦੂਸ਼ਣ ਕੰਟਰੋਲ ਅਤੇ ਧੂੰਆਂ ਉਤਸਰਜਿਤ ਨਿਸਾਰਣ ਟੈਕਸ (Emissions Taxes) ਅਤੇ ਪਰਮਿਟ ਦੇਣਾ। ਹਰੇਕ ਯੰਤਰ ਦੀਆਂ ਕੁਝ ਹੱਦਾਂ ਹਨ, ਇਸ ਲਈ ਇਨ੍ਹਾਂ ਦਾ ਇਸਤੇਮਾਲ ਕੁਝ ਵਿਸ਼ੇਸ਼ ਹਾਲਾਤਾਂ ਅੰਦਰ ਹੋ ਸਕਦਾ ਹੈ।

23.10 ਸਾਰੰਸ਼ (Summary)

• ਪਾਰਕ, ਰਾਸ਼ਟਰੀ ਸੁਰੱਖਿਆ, ਸੜਕਾਂ, ਪੁੱਲ ਆਦਿ ਗੈਰ-ਪ੍ਰਤੀਦੰਦੀ ਵਸਤੂਆਂ ਹਨ। ਇਕ ਪਾਰਕ, ਜਿਸ ਵਿੱਚ ਸਾਰੇ ਆ-ਜਾ ਸਕਦੇ ਹਨ, ਦਾ ਆਨੰਦ ਉਨ੍ਹਾਂ ਸਾਰੇ ਵਿਅਕਤੀਆਂ ਨੂੰ ਪ੍ਰਾਪਤ ਹੁੰਦਾ ਹੈ ਜੋ ਉਥੇ ਘੁੰਮਣ ਲਈ ਜਾਂਦੇ ਹਨ। ਇਸੇ ਤਰ੍ਹਾਂ ਕਿਸੇ ਵੀ ਦੇਸ਼ ਦੇ ਲੋਕ ਰਾਸ਼ਟਰੀ ਸੁਰੱਖਿਆ ਪ੍ਰਣਾਲੀ ਨਾਲ ਉਪਲੱਬਧ ਕਰਵਾਈ ਗਈ ਸੁਰੱਖਿਆ (Security) ਤੋਂ ਬਰਾਬਰ ਰੂਪ ਵਿੱਚ ਲਾਭ ਭਰਪੂਰ ਹੁੰਦੇ ਹਨ।

23.11 ਸ਼ਬਦਕੋਸ਼ (Keywords)

1. **ਸੰਪਤੀ ਅਧਿਕਾਰ** (Property Rights)-ਸੰਪਤੀ ਦਾ ਅਧਿਕਾਰ।
2. **ਅਸਮਿਤ ਸੂਚਨਾ** (Asymmetric Information)- ਅਸੰਤੁਲਨ ਸੂਚਨਾ।
3. **ਪ੍ਰਤੀਦੰਦੀ** (Rivalrous)- ਪ੍ਰਤੀਸਪ੍ਰਧੀ।
4. **ਵਰਜਿਤ** (Excludable)- ਨਿਛੇਧ।

23.12 ਅਭਿਆਸ ਪ੍ਰਸ਼ਨ (Review Questions)

1. ਵਰਜਿਤ ਵਸਤੂਆਂ ਅਤੇ ਬਾਜ਼ਾਰ ਅਸਫਲਤਾ ਤੋਂ ਕੀ ਭਾਵ ਹੈ?
2. 'ਸਮੂਹਿਕ ਸੰਪਤੀ ਸਾਧਨ' 'ਤੇ ਇਕ ਟਿੱਪਣੀ ਲਿਖੋ।
3. ਬਾਹਰੀ ਪ੍ਰਭਾਵ ਅਤੇ ਬਾਜ਼ਾਰ ਅਸਫਲਤਾ ਤੋਂ ਤੁਸੀਂ ਕੀ ਸਮਝਦੇ ਹੋ?
4. ਰਣਾਤਮਕ ਬਾਹਰੀ ਪ੍ਰਭਾਵ ਕੀ ਹੈ? ਸਪੱਸ਼ਟ ਕਰੋ।

ਉਤਰ : ਸਵੈ ਮੁਲਾਂਕਣ (Answers : Self Assessment)

1. ਏਕਾਧਿਕਾਰ	2. ਹੇਠਾਂ	3. ਸਰਕਾਰੀ	4. (ਅ)
5. (ਬ)	6. (ਅ)	7. (ਸ)	8. (ਅ)
9. ਸਹੀ	10. ਗਲਤ	11. ਸਹੀ	12 ਸਹੀ।

23.13 ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕ੍ਰੋਇਕਨੋਮਿਕਸ: ਐਨ. ਐਡਵਾਂਸਡ ਟ੍ਰੀਟਾਈਜ਼-ਐਸ. ਪੀ. ਐਸ. ਚੌਹਾਨ, ਪੀ. ਐਚ. ਆਈ. ਲਰਨਿੰਗ।
2. ਮਾਈਕ੍ਰੋਇਕਨੋਮਿਕਸ : ਬਿਹੇਵੀਅਰ, ਇੰਸਟੀਟਿਊਸ਼ਨ ਐਂਡ ਇਵੋਲਿਊਸ਼ਨ-ਸੈਂਪੁਲ ਬੋਵੈਲਸ ਆਕਸਫੋਰਡ ਯੂਨੀਵਰਸਿਟੀ ਪ੍ਰੈਸ.2004)
3. ਮਾਈਕ੍ਰੋਇਕਨੋਮਿਕਸ : ਪ੍ਰਿੰਸੀਪਲਜ਼ ਐਪਲੀਕੇਸ਼ੰਨਜ਼ ਐਂਡ ਟੂਲਸ-ਸੰਜੈ ਬਾਸੋਤੀਆ, ਡੀ. ਐਨ. ਡੀ. ਪਬਲੀਕੇਸ਼ੰਜ਼, 2010।

ਨੋਟ

ਇਕਾਈ–24 : ਪੀਗੂ ਦਾ ਕਲਿਆਣ ਅਰਥ ਸ਼ਾਸਤਰ ਅਤੇ ਬਹਿਰਭਾਵ
(Pigovian Welfare Economics and Externalities)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

24.1 ਕਲਿਆਣ ਧਾਰਨਾ (Concept of Welfare)

24.2 ਪੀਗੂ ਦੇ ਕਲਿਆਣ ਦੀਆਂ ਦਸ਼ਾਵਾਂ (Pigovian Welfare Conditions)

24.3 ਸੀਮਾਂਤ ਨਿੱਜੀ ਅਤੇ ਸੀਮਾਂਤ ਸਮਾਜਿਕ ਲਾਗਤਾਂ ਅਤੇ ਪ੍ਰਤੀਫਲਾਂ ਦੇ ਵਿਚਲਣ ਦਾ ਵਿਸ਼ਲੇਸ਼ਣ, ਜਾਂ ਬਹਿਰਭਾਵਾਂ ਜਾਂ ਬਾਹਰਲਾ ਪ੍ਰਭਾਵਾਂ ਦਾ ਵਿਸ਼ਲੇਸ਼ਣ
(Analysis of Divergence between Private and Social Costs and Returns, or of Externalities or External Effects)

24.4 ਪੀਗੂ ਦੀ ਆਦਰਸ਼ ਉਤਪਾਦ ਧਾਰਨਾ (Pigou's Concept of Ideal Output)

24.5 ਸਾਰਾਂਸ਼ (Summary)

24.6 ਸ਼ਬਦਕੋਸ਼ (Keywords)

24.7 ਅਭਿਆਸ ਪ੍ਰਸ਼ਨ (Review Questions)

24.8 ਸਬੰਧਿਤ ਪੁਸਤਕਾਂ (Further Readings)

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਕਲਿਆਣ ਧਾਰਣਾ ਨੂੰ ਜਾਨਣ ਸਬੰਧੀ।
- ਪੀਗੂ ਦੀਆਂ ਕਲਿਆਣ ਦੀਆਂ ਦਿਸ਼ਾਵਾਂ ਸਮਝਣ ਸਬੰਧੀ।
- ਪੀਗੂ ਦੀਆਂ ਆਦਰਸ਼ ਉਤਪਾਦ ਧਾਰਨਾ ਜਾਨਣ ਸਬੰਧੀ।
- ਉਤਪਾਦਨ ਦੀ ਬ੍ਰਹਮ ਮਿਤਵਯਇਤਾਵਾਂ ਜਾਨਣ ਸਬੰਧੀ।

ਪ੍ਰਸਤਾਵਨਾ (Introduction)

ਕਲਿਆਣ ਅਰਥ ਸ਼ਾਸਤਰ 'ਤੇ ਪਹਿਲਾ ਮਾਨਕ ਗ੍ਰੰਥ ਪ੍ਰੋ. ਏ. ਸੀ. ਪੀਗੂ ਦਾ The Economics of Welfare ਹੈ। ਪੀਗੂ ਕਲਿਆਣ ਅਰਥ ਸ਼ਾਸਤਰ ਦਾ ਪਿਤਾ ਮੰਨਿਆ ਜਾਂਦਾ ਹੈ, ਕਿਉਂਕਿ ਜਿਵੇਂ ਕਿ ਡਾ. ਲਿਟਲ ਨੇ ਸੰਕੇਤ ਕੀਤਾ ਹੈ, "ਕਲਿਆਣ ਅਰਥ ਸ਼ਾਸਤਰ ਪੀਗੂ ਤੋਂ ਆਰੰਭ ਹੋਇਆ। ਉਸ ਤੋਂ ਪਹਿਲਾਂ ਸਾਡੇ ਕੋਲ ਅਨੰਦ ਅਰਥ ਸ਼ਾਸਤਰ ਸੀ ਅਤੇ ਉਸ ਤੋਂ ਪਹਿਲਾਂ ਧਨ ਅਰਥ ਸ਼ਾਸਤਰ।" ਪੀਗੂ ਦੇ ਕਲਿਆਣ ਅਰਥ ਸ਼ਾਸਤਰ ਨੂੰ ਸੁਵਿਧਾ ਪੂਰਵਕ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ– (1) ਕਲਿਆਣ ਦੀ ਧਾਰਨਾ, (2) ਕਲਿਆਣ ਦਿਸ਼ਾਵਾਂ ਅਤੇ (3) ਸੀਮਿਤ ਨਿੱਜੀ ਅਤੇ ਸੀਮਿਤ ਸਮਾਜਿਕ ਲਾਗਤਾਂ ਅਤੇ ਪ੍ਰਤੀਫਲਾਂ ਵਿੱਚ ਵਿਚਲਨ ਦਾ ਵਿਸ਼ਲੇਸ਼ਣ। ਅਸੀਂ ਕ੍ਰਮ ਅਨੁਸਾਰ ਇਨ੍ਹਾਂ ਦਾ ਅਧਿਐਨ ਕਰਦੇ ਹਾਂ।

ਨੋਟ

24.1 ਕਲਿਆਣ ਧਾਰਨਾ (Concept of Welfare)

ਪੀਗੂ ਦੇ ਅਨੁਸਾਰ ਇਕ ਵਿਅਕਤੀ ਦੇ ਮਨ ਜਾਂ ਚੇਤਨਾ ਵਿੱਚ ਕਲਿਆਣ ਰਹਿੰਦਾ ਹੈ ਜੋ ਕਿ ਉਸ ਦੀ ਸੰਤੁਸ਼ਟੀ ਜਾਂ ਉਪਯੋਗਤਾਵਾਂ ਨਾਲ ਬਣਦਾ ਹੈ। ਇਸ ਤਰ੍ਹਾਂ ਜਿਸ ਹੱਦ ਤੱਕ ਇਕ ਵਿਅਕਤੀ ਦੀਆਂ ਇੱਛਾਵਾਂ ਦੀ ਪੂਰਤੀ ਹੁੰਦੀ ਹੈ, ਉਹ ਜ਼ਰੂਰੀ ਤੌਰ 'ਤੇ ਉਸ ਦੇ ਕਲਿਆਣ ਦਾ ਅਧਾਰ ਹੈ। ਸਮਾਜਿਕ ਕਲਿਆਣ ਇਕ ਸਮਾਜ ਵਿੱਚ ਸਾਰੇ ਵਿਅਕਤੀਆਂ ਦੇ ਕਲਿਆਣਾਂ ਦਾ ਇਕੱਠਾ ਕਰਨਾ ਸਮਝਿਆ ਜਾਂਦਾ ਹੈ। ਕਿਉਂਕਿ ਸਧਾਰਣ ਕਲਿਆਣ ਇਕ ਵਿਸਤ੍ਰਿਤ, ਮੁਸ਼ਕਿਲ ਅਤੇ ਗੈਰ-ਵਿਵਹਾਰਿਕ ਧਾਰਨਾ ਹੈ, ਇਸ ਲਈ ਪੀਗੂ ਆਪਣੇ ਅਧਿਐਨ ਦੀ ਹੱਦ ਨੂੰ ਆਰਥਿਕ ਕਲਿਆਣ ਤੱਕ ਹੀ ਸੀਮਿਤ ਕਰ ਦਿੰਦਾ ਹੈ। ਜਿਵੇਂ ਕਿ ਉਹ ਖੁਦ ਹੀ ਕਹਿੰਦਾ ਹੈ ਕਿ ਆਰਥਿਕ ਕਲਿਆਣ ਕੁੱਲ ਕਲਿਆਣ ਦਾ ਕਿਸੇ ਵੀ ਤਰ੍ਹਾਂ ਸੂਚਕ ਨਹੀਂ ਹੈ ਕਿਉਂਕਿ ਕੁੱਲ ਕਲਿਆਣ ਦੇ ਬਹੁਤ ਸਾਰੇ ਹੋਰ ਤੱਤ, ਜਿਵੇਂ ਕੰਮ ਦੀ ਗੁਣਵਤਾ, ਵਿਅਕਤੀ ਦਾ ਵਾਤਾਵਰਣ, ਮਨੁੱਖੀ ਸਬੰਧ, ਪਦ, ਨਿਵਾਸ ਅਤੇ ਸਰਕਾਰੀ ਸੁਰੱਖਿਆ ਆਦਿ ਆਰਥਿਕ ਕਲਿਆਣ ਵਿੱਚ ਵਰਤਮਾਨ ਨਹੀਂ ਹੁੰਦੇ। ਇਸ ਲਈ ਉਹ ਆਰਥਿਕ ਕਲਿਆਣ ਨੂੰ ਸਮਾਜਿਕ (ਸਧਾਰਣ) ਕਲਿਆਣ ਦਾ ਉਹ ਹਿੱਸਾ ਪ੍ਰੀਭਾਸ਼ਿਤ ਕਰਦਾ ਹੈ, ਜੋ ਪ੍ਰਤੱਖ ਜਾਂ ਅਪ੍ਰਤੱਖ ਰੂਪ ਨਾਲ ਮੁਦਰਾ ਦੇ ਨਾਪ ਦੰਡ ਲਾਲ ਸਬੰਧਿਤ ਕੀਤਾ ਜਾਂਦਾ ਹੈ ਅਤੇ ਪੀਗੂ ਦੇ ਵਿਚਾਰ ਵਿੱਚ ਆਰਥਿਕ ਕਲਿਆਣ ਤੋਂ ਭਾਵ ਇਕ ਵਿਅਕਤੀ ਵੀਨਿਮਯ-ਯੋਗ ਵਸਤੂਆਂ ਅਤੇ ਸੇਵਾਵਾਂ ਦੇ ਇਸਤੇਮਾਲ ਨਾਲ ਪ੍ਰਾਪਤ ਸੰਤੁਸ਼ਟੀ ਜਾਂ ਉਪਯੋਗਤਾ ਹੈ।

ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)-

1. ਕਲਿਆਣ ਅਰਥ ਸ਼ਾਸਤਰ 'ਤੇ ਪਹਿਲੇ ਮਾਨਕ ਗ੍ਰੰਥ ਪ੍ਰੋਫੈਸਰ.....ਦਾ The Economics of Welfare ਹੈ।
2. ਕਲਿਆਣ ਅਰਥ ਸ਼ਾਸਤਰ ਪੀਗੂ ਤੋਂ ਸ਼ੁਰੂ ਹੋਇਆ। ਉਸ ਤੋਂ ਪਹਿਲਾਂ .....ਅਰਥਸ਼ਾਸਤਰ ਸੀ।
3. ਪੀਗੂ ਦੇ ਅਨੁਸਾਰ, ਇਕ ਵਿਅਕਤੀ ਦੇ ਮੰਨ ਜਾਂ ਚੇਤਨਾ ਵਿੱਚ .....ਰੱਖਦਾ ਹੈ।

24.2 ਪੀਗੂ ਦੇ ਕਲਿਆਣ ਦੀਆਂ ਦਸ਼ਾਵਾਂ (Pigovian Welfare Conditions)

ਪੀਗੂ ਆਰਥਿਕ ਕਲਿਆਣ ਅਤੇ ਰਾਸ਼ਟਰੀ ਆਮਦਨ ਨੂੰ ਜ਼ਰੂਰੀ ਤੌਰ 'ਤੇ ਸਵਰਗ (Coordinate) ਮੰਨਦਾ ਹੈ। ਇਸ ਅਧਾਰ 'ਤੇ ਉਹ ਕਲਿਆਣ ਨੂੰ ਜ਼ਿਆਦਾ ਕਰਨ ਦੇ ਲਈ ਦੋ ਦਿਸ਼ਾਵਾਂ ਨਿਸ਼ਚਿਤ ਕਰਦਾ ਹੈ।

ਪਹਿਲਾ, ਪਹਿਲੀ ਦਸ਼ਾ ਇਹ ਪ੍ਰਗਟ ਕਰਦੀ ਹੈ ਕਿ ਜਦੋਂ ਰਾਸ਼ਟਰੀ ਆਮਦਨ ਵਿੱਚ ਵਾਧਾ ਹੁੰਦਾ ਹੈ ਤਾਂ ਕਲਿਆਣ ਵੱਧਦਾ ਹੈ। ਰੁਚੀਆਂ ਅਤੇ ਆਮਦਨ-ਵੰਡ ਦਿੱਤੇ ਹੋਣ 'ਤੇ ਰਾਸ਼ਟਰੀ ਆਮਦਨ ਵਿੱਚ ਵਾਧਾ ਕਲਿਆਣ ਵਿੱਚ ਵਾਧੇ ਨੂੰ ਪ੍ਰਗਟ ਕਰਦੀ ਹੈ। ਪੀਗੂ ਦਾ ਵਿਚਾਰ ਹੈ ਕਿ ਜ਼ਿਆਦਾ ਸਥਿਤੀਆਂ ਵਿੱਚ ਰਾਸ਼ਟਰੀ ਆਮਦਨ ਵਧੇਗੀ ਜਦ ਕਿ ਕੰਮ ਦੀ ਅਣਉਪਯੋਗਤਾ (Disutility) ਵਿੱਚ ਵੀ ਵਾਧਾ ਹੁੰਦਾ ਹੈ।

ਦੂਸਰਾ, ਕਲਿਆਣ ਨੂੰ ਜ਼ਿਆਦਾ ਕਰਨ ਲਈ ਰਾਸ਼ਟਰੀ ਆਮਦਨ ਦੀ **ਵੰਡ** ਵੀ ਮਹੱਤਵਪੂਰਨ ਹੈ। ਜੇਕਰ ਰਾਸ਼ਟਰੀ ਆਮਦਨ ਸਥਿਰ ਰਹਿੰਦੀ ਹੈ ਤਾਂ ਆਮਦਨ ਦਾ ਅਮੀਰਾਂ ਤੋਂ ਗਰੀਬਾਂ ਨੂੰ ਤਬਦੀਲ ਕਲਿਆਣ ਦੀ ਉਨਤੀ ਕਰੇਗਾ। ਪੀਗੂ ਦੇ ਅਨੁਸਾਰ, ਅਜਿਹੇ ਬਦਲਾਅ ਦਾ ਗਰੀਬਾਂ ਦੀ ਤੁਲਨਾ 'ਚ ਅਮੀਰਾਂ 'ਤੇ ਘੱਟ ਪ੍ਰਭਾਵ ਪੈਂਦਾ ਹੈ, ਜਿਸ ਦੇ ਨਤੀਜੇ ਵਜੋਂ ਗਰੀਬਾਂ ਦੀ ਆਰਥਿਕ ਹਾਲਤ ਸੁਧਰ ਜਾਂਦੀ ਹੈ। ਕਲਿਆਣ ਦੀ ਇਹ ਦਸ਼ਾ ਪੀਗੂ ਦੀਆਂ ਦੋਹਰੀਆਂ ਧਾਰਨਾਵਾਂ ''ਸੰਤੁਸ਼ਟੀ ਦੇ ਲਈ ਬਰਾਬਰ ਸਮਰੱਥਾ'' (Equal capacity for satisfaction) ਅਤੇ ''ਆਮਦਨ ਦੀ ਹਾਸਮਾਨ ਸੀਮਿਤ ਉਪਯੋਗਤਾ'' (Diminishing marginal utility of income) 'ਤੇ ਅਧਾਰਿਤ ਹੈ। ਪੀਗੂ ਵਿਚਾਰ ਕਰਦਾ ਹੈ ਕਿ ਵੱਖ ਲੋਕ ਉਸੇ **ਅਸਲੀਅਤ** ਆਮਦਨ ਵਿੱਚੋਂ ਬਰਾਬਰ ਸੰਤੁਸ਼ਟੀ ਪ੍ਰਾਪਤ ਕਰਦੇ ਹਨ ਅਤੇ ਜੋ ਲੋਕ ਹੁਣ ਅਮੀਰ ਹਨ ਉਹ ਪ੍ਰਕਿਰਤੀ ਵਿੱਚ ਉਨ੍ਹਾਂ ਲੋਕਾ ਤੋਂ ਵੱਖ ਹਨ ਜੋ ਹੁਣ ਗਰੀਬ ਹਨ ਕਿਉਂਕਿ ਉਨ੍ਹਾਂ ਦੀ ਮੂਲਭੂਤ ਪ੍ਰਕਿਰਤੀ ਵਿੱਚ ਇਸਤੇਮਾਲ ਦੀਆਂ ਜ਼ਿਆਦਾ ਸਮਰਥਾਵਾਂ ਹਨ, ਅਮੀਰਾਂ ਦੀਆਂ ਘੱਟ ਤੇਜ਼ ਜ਼ਰੂਰਤਾਂ ਦੀ ਲਾਗਤ 'ਤੇ ਗਰੀਬਾਂ ਦੀਆਂ ਜ਼ਿਆਦਾ ਤੇਜ਼ ਜ਼ਰੂਰਤਾਂ ਦੀ ਸੰਤੁਸ਼ਟੀ ਕਰਕੇ ਸਮਾਜਿਕ ਕਲਿਆਣ ਦਾ ਵਾਧਾ ਕਰਨਗੇ ਅਤੇ **ਆਰਥਿਕ ਸਮਾਨਤਾ** ਹੀ ਕਲਿਆਣ ਨੂੰ ਜ਼ਿਆਦਾ ਕਰਦੀ ਹੈ।

ਦੋਹਰੀ ਨਾਪਦੰਡ (Dual Criterion)- ਸਮਾਜਿਕ ਕਲਿਆਣ ਵਿੱਚ ਉਨਤੀ ਨੂੰ ਜਾਨਣ ਦੇ ਲਈ ਪੀਗੂ ਇਕ ਦੋਹਰਾ ਨਾਪਦੰਡ ਅਪਣਾਉਂਦਾ ਹੈ-

ਪਹਿਲੀ, ਰਾਸ਼ਟਰੀ ਆਮਦਨ ਵਿੱਚ ਵਾਧਾ ਦਾ ਲਿਆਏ ਜਾਣਾ ਜਾਂ ਕੁਝ ਵਸਤੂਆਂ ਨੂੰ ਵਧਾ ਕੇ ਦੂਸਰੀਆਂ ਵਸਤੂਆਂ ਨੂੰ ਘੱਟ ਕੀਤੇ ਬਿਨਾਂ ਜਾਂ ਸਾਧਨਾਂ ਨੂੰ ਅਜਿਹੀਆਂ ਕਿਰਿਆਵਾਂ ਵਿੱਚ ਤਬਦੀਲ ਕਰਕੇ, ਜਿਨ੍ਹਾਂ ਵਿੱਚ ਉਨ੍ਹਾਂ ਦਾ ਸਮਾਜਿਕ ਮੁੱਲ ਜ਼ਿਆਦਾ ਹੋਵੇ, ਕਲਿਆਣ ਵਿੱਚ ਉਨਤੀ ਮੰਨਿਆ ਜਾਂਦਾ ਹੈ, ਬਸ਼ਰਤੇ ਕਿ ਗਰੀਬਾਂ ਦੇ ਹਿੱਸੇ ਵਿੱਚ ਕਮੀ ਨਾ ਹੋਵੇ।

ਨੋਟ

ਦੂਸਰਾ, ਅਰਥਵਿਵਸਥਾ ਦਾ ਕੋਈ ਵੀ ਪੁਨਰਸੰਗਠਨ, ਜੋ ਰਾਸ਼ਟਰੀ ਆਮਦਨ ਨੂੰ ਘੱਟ ਕੀਤੇ ਬਿਨਾਂ ਗਰੀਬਾਂ ਦੇ ਹਿੱਸੇ ਨੂੰ ਵਧਾਇਆ ਹੈ, ਸਮਾਜਿਕ ਕਲਿਆਣ ਵਿੱਚ ਉਨਤੀ ਮੰਨਿਆ ਜਾਂਦਾ ਹੈ।

ਪੀਗੂ ਦੀਆਂ ਦਿਸ਼ਾਵਾਂ ਦੀਆਂ ਮਾਨਤਾਵਾਂ (Assumption of Pigovian Conditions) –ਪੀਗੂ ਦੀ ਕਲਿਆਣ ਦੀਆਂ ਦਿਸ਼ਾਵਾਂ ਅਤੇ ਦੋਹਰਾ ਨਾਪਦੰਡ ਹੇਠ ਲਿਖੀਆਂ ਮਾਨਤਾਵਾਂ 'ਤੇ ਅਧਾਰਿਤ ਹਨ, ਜਿਨ੍ਹਾਂ ਵਿੱਚੋਂ ਕੁਝ ਦਾ ਪਹਿਲਾਂ ਹੀ ਸੰਕੇਤ ਕੀਤਾ ਜਾ ਚੁੱਕਿਆ ਹੈ।

1. ਹਰੇਕ ਵਿਅਕਤੀ ਵੱਖ-ਵੱਖ ਵਸਤੂਆਂ ਅਤੇ ਸੇਵਾਵਾਂ 'ਤੇ ਕੀਤੇ ਗਏ ਆਪਣੇ ਖਰਚ ਨਾਲ ਆਪਣੀ ਸੰਤੁਸ਼ਟੀ ਨੂੰ ਜ਼ਿਆਦਾ ਕਰਨ ਦਾ ਯਤਨ ਕਰਦਾ ਹੈ।
2. ਇਹ ਵੀ ਮਾਨਤਾ ਹੈ ਕਿ ਵਿਅਕਤੀਗਤ-ਅਭਯੰਤਰ (Intra-personally) ਅਤੇ ਅੰਤਃਵਿਅਕਤੀਗਤ (Inter-personally) ਰੂਪ ਨਾਲ ਸੰਤੁਸ਼ਟੀਆਂ ਤੁਲਨਾ-ਯੋਗ ਹਨ।
3. ਇਹ ਮੰਨ ਲਿਆ ਜਾਂਦਾ ਹੈ ਕਿ ਆਮਦਨ ਦੀ ਹਾਸਮਾਨ ਸੀਮਿਤ ਉਪਯੋਗਤਾ ਦਾ ਨਿਯਮ ਲਾਗੂ ਹੁੰਦਾ ਹੈ। ਇਸ ਦਾ ਅਰਥ ਇਹ ਹੈ ਕਿ ਆਮਦਨ ਵੱਧਦੀ ਹੈ ਤਾਂ ਆਮਦਨ ਦੀ ਸੀਮਿਤ ਉਪਯੋਗਤਾ ਘੱਟ ਹੁੰਦਾ ਹੈ। ਇਸ ਦੇ ਨਤੀਜੇ ਵਜੋਂ ਹੋਰ ਆਮਦਨ ਨਾਲ **ਉਪਯੋਗਤਾ** ਵਿੱਚ ਇਕ ਗਰੀਬ ਵਿਅਕਤੀ ਨੂੰ ਲਾਭ, ਇਕ ਅਮੀਰ ਵਿਅਕਤੀ ਨੂੰ ਹਾਨੀ ਤੋਂ ਜ਼ਿਆਦਾ ਹੁੰਦਾ ਹੈ ਜੇਕਰ ਆਮਦਨ ਰਾਸ਼ੀ ਨੂੰ ਬਰਾਬਰ ਮੰਨ ਲਿਆ ਜਾਵੇ ਅਤੇ ਆਮਦਨ ਦਾ **ਬਦਲਾਅ ਅਮੀਰ ਤੋਂ ਗਰੀਬ ਨੂੰ ਹੋਵੇ।**
4. ਇਕ ਹੋਰ ਮਾਨਤਾ 'ਸੰਤੁਸ਼ਟੀ ਦੇ ਲਈ ਬਰਾਬਰ ਸਮਰੱਥਾ' ਕੀਤੀ ਹੈ ਜਿਸ ਦਾ ਭਾਵ ਇਹ ਹੈ ਕਿ ਵੱਖ-ਵੱਖ ਲੋਕ ਬਰਾਬਰ ਅਸਲੀ ਆਮਦਨ ਨਾਲ ਬਰਾਬਰ ਸੰਤੁਸ਼ਟੀ ਪ੍ਰਾਪਤ ਕਰਦੇ ਹਨ।

ਇਹ ਮਾਨਤਾਵਾਂ ਦਿੱਤੀਆਂ ਹੋਣ 'ਤੇ ਪੀਗੂ ਦੀ ਜ਼ਿਆਦਾ ਸਮਾਜਿਕ ਕਲਿਆਣ ਦੀਆਂ ਦਿਸ਼ਾਵਾਂ ਨੂੰ ਉਸ ਦੇ ਦੋਹਰੇ ਨਾਪਦੰਡ ਦੇ ਅਧਾਰ 'ਤੇ ਪੂਰਾ ਕੀਤਾ ਜਾ ਸਕਦਾ ਹੈ।

ਇਸ ਦੀਆਂ ਆਲੋਚਨਾਵਾਂ (Its Criticisms) –ਜਦ ਕਿ ਪੀਗੂ ਦੀ The Economics of Welfare ਕਲਿਆਣ ਅਰਥ ਸ਼ਾਸਤਰ ਦਾ ਪਹਿਲਾ ਸਾਫ ਸਪੱਸ਼ਟ ਵਿਸ਼ਲੇਸ਼ਣ ਹੈ, ਫਿਰ ਵੀ ਉਸ ਦੀਆਂ 'ਕਲਿਆਣ ਦਿਸ਼ਾਵਾਂ' ਦੀ ਹੇਠ ਲਿਖੀਆਂ ਆਲੋਚਨਾਵਾਂ ਕੀਤੀਆਂ ਗਈਆਂ ਹਨ।

1. **'ਜ਼ਿਆਦਾ** (Maximisation) **ਦੀ ਧਾਰਨਾ ਸਪੱਸ਼ਟ ਨਹੀਂ ਹੈ।** ਪੀਗੂ ਕਲਿਆਣ ਦੇ ਜ਼ਿਆਦਾ ਕਰਨ 'ਤੇ ਜ਼ੋਰ ਦਿੰਦਾ ਹੈ ਪਰ ਉਹ ਜ਼ਿਆਦਤਰ ਦੀ ਧਾਰਨਾ ਨੂੰ ਸਪੱਸ਼ਟ ਨਹੀਂ ਕਰਦਾ। ਉਸ ਦਾ 'ਜ਼ਿਆਦਾ' ਅਸਲੀ ਵਿੱਚ ਇਸ਼ਟਤਮ ਹੀ ਹੈ ਪਰ ਇਹ ਇਕ ਸਥਿਰ ਬਿੰਦੂ ਜੋ ਸਹੀ ਨਹੀ ਕਿਉਂਕਿ 'ਇਸ਼ਟਤਮ' ਸਥਿਰ ਨਹੀਂ ਹੁੰਦਾ। ਉਹ ਤਾਂ ਰਾਸ਼ਟਰੀ ਆਮਦਨ ਦੇ ਵਧਣ 'ਤੇ ਵੱਧਦਾ ਹੈ ਅਤੇ ਘੱਟ ਹੋਣ ਦੇ ਨਾਲ ਘੱਟ ਹੁੰਦਾ ਹੈ।
2. **'ਕਲਿਆਣ ਨੂੰ ਪੀਗੂ ਗਣਨ-ਸੰਖਿਆਤਮਕ** (Cardinal) **ਵਿਧੀ ਨਾਲ ਨਾਪਦਾ ਹੈ।** ਪੀਗੂ ਦੇ ਅਨੁਸਾਰ ਕਲਿਆਣ ਨੂੰ ਉਪਯੋਗਤਾ ਜਾਂ ਸੰਤੁਸ਼ਟੀ ਨਾਲ ਨਾਪਿਆ ਜਾਂਦਾ ਹੈ। ਸਮਾਜਿਕ ਕਲਿਆਣ ਵੀਨਿਮਯ-ਯੋਗ ਵਸਤੂਆਂ ਅਤੇ ਸੇਵਾਵਾਂ ਦੀਆਂ ਵਿਅਕਤੀਗਤ ਉਪਯੋਗਤਾਵਾਂ ਦਾ ਕੁੱਲ ਜੋੜ ਮੰਨਿਆ ਗਿਆ ਹੈ। ਅਰਥ ਸ਼ਾਸਤਰੀ ਇਸ ਧਾਰਨਾ ਨਾਲ ਸਹਿਮਤ ਨਹੀਂ ਕਿਉਂਕਿ ਵਿਅਕਤੀਗਤ ਉਪਯੋਗਤਾਵਾਂ ਦਾ ਕੁੱਲ ਜੋੜ ਮੰਨਿਆ ਗਿਆ ਹੈ। ਅਰਥ ਸ਼ਾਸਤਰੀ ਇਸ ਧਾਰਨਾ ਨਾਲ ਸਹਿਮਤ ਨਹੀਂ ਕਿਉਂਕਿ ਉਪਯੋਗਤਾ ਦਾ ਮਾਤਰਾਤਮਕ ਨਾਪ ਨਹੀਂ ਹੋ ਸਕਦਾ। ਇਹੀ ਕਾਰਨ ਹੈ ਕਿ ਆਧੁਨਿਕ ਅਰਥ ਸ਼ਾਸਤਰੀ ਉਪਯੋਗਤਾ ਨੂੰ ਕ੍ਰਮ-ਸੰਖਿਆਤਮਕ (Ordinal) ਵਿਧੀ ਨਾਲ ਨਾਪਦੇ ਹਨ।
3. **ਰਾਸ਼ਟਰੀ ਆਮਦਨ ਕਲਿਆਣ ਦਾ ਸਹੀ ਨਾਪਦੰਡ ਨਹੀਂ ਹੈ।** ਪੀਗੂ ਦੀਆਂ 'ਕਲਿਆਣ ਦਿਸ਼ਾਵਾਂ' ਰਾਸ਼ਟਰੀ ਆਮਦਨ ਨਾਲ ਸਬੰਧਿਤ ਹਨ ਪਰ ਰਾਸ਼ਟਰੀ ਆਮਦਨ ਦਾ ਆਗਣਨ ਕਰਨਾ ਆਸਾਨ ਕੰਮ ਨਹੀਂ। ਫਿਰ ਰਾਸ਼ਟਰੀ ਆਮਦਨ ਦੇ ਵਧਣ ਨਾਲ ਹੀ ਸਮਾਜਿਕ ਕਲਿਆਣ ਵਿੱਚ ਵਾਧਾ ਨਹੀਂ ਹੋ ਜਾਂਦਾ। ਸੰਭਵ ਹੈ ਕਿ ਸਫੀਤੀ ਦੇ ਕਾਰਨ ਰਾਸ਼ਟਰੀ ਆਮਦਨ ਵਿੱਚ ਵਾਧਾ ਦ੍ਰਿਸ਼ਟੀਗੋਚਰ ਹੋਵੇ ਅਤੇ ਉਸ ਨਾਲ ਗਰੀਬਾਂ ਦੀ ਸਥਿਤੀ ਪਹਿਲਾਂ ਤੋਂ ਵੀ ਬੁਰੀ ਹੋ ਜਾਵੇ। ਇਨ੍ਹਾਂ ਕਾਰਨਾਂ ਨਾਲ ਆਧੁਨਿਕ ਅਰਥ ਸ਼ਾਸਤਰੀ ਰਾਸ਼ਟਰੀ ਆਮਦਨ ਦੇ ਸਥਾਨ 'ਤੇ 'ਚੋਣ' ਦੇ ਅਧਾਰ 'ਤੇ ਕਲਿਆਣ ਨੂੰ ਨਾਪਦੇ ਹਨ। ਉਦਾਹਰਣ ਦੇ ਤੌਰ 'ਤੇ ਜੇਕਰ ਕੋਈ ਵਿਅਕਤੀ ਕਿਸੇ ਵਸਤੂ ਦੇ B ਸਮੂਹ ਦੀ ਤੁਲਨਾ 'ਚ A ਸਮੂਹ ਦੀ ਚੋਣ ਕਰਦਾ ਹੈ ਤਾਂ ਬਿਨਾਂ ਸ਼ੱਕ ਉਸ ਨੂੰ A ਤੋਂ ਜ਼ਿਆਦਾ ਉਪਯੋਗਤਾ ਜਾਂ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ ਉਸ ਦੇ ਕਲਿਆਣ ਵਿੱਚ ਵਾਧਾ ਹੁੰਦਾ ਹੈ।
4. **ਪ੍ਰੋਫੈਸਰ ਰਾਬਿੰਸ ਦੇ ਅਨੁਸਾਰ 'ਮਨੁੱਖ ਦੀ ਬਰਾਬਰ ਸਮਰੱਥਾ' ਦੀ ਮਾਨਤਾ ਪੀਗੂ ਦੀ ਕਲਿਆਣ ਦੀ ਧਾਰਨਾ ਨੂੰ ਯਥਾਰਥ ਅਧਿਐਨ ਨਹੀਂ ਬਣਾਉਂਦੀ ਹੈ।** ਉਸ ਦੇ ਸ਼ਬਦਾਂ ਵਿੱਚ ਇਹ ਮਾਨਤਾ ਨੀਤੀ-ਵਿਸ਼ਯਕ ਸਿਧਾਂਤ 'ਤੇ ਨਿਰਭਰ ਕਰਦੀ ਹੈ ਨਾ ਕਿ ਵਿਗਿਆਨਕ ਪ੍ਰਦਰਸ਼ਨ 'ਤੇ ਇਹ ਮੂਲ ਦਾ ਫੈਸਲਾ ਨਹੀਂ ਹੈ।

ਨੋਟ

5. **ਪੀਗੂ ਕਲਿਆਣ ਦੇ ਨੀਤੀਵਿਸ਼ਯਕ ਸਬੰਧ ਨੂੰ ਸਪੱਸ਼ਟ ਨਹੀਂ ਕਰਦਾ ਹੈ।** ਕਲਿਆਣਕਾਰੀ ਅਰਥ ਸ਼ਾਸਤਰ ਦਾ ਨੀਤੀ ਸ਼ਾਸਤਰ ਨਾਲ ਗਹਿਰਾ ਸਬੰਧ ਹੈ ਪਰ ਪੀਗੂ ਇਸ ਨੂੰ ਸਪੱਸ਼ਟ ਨਹੀਂ ਕਰਦਾ। ਕਲਿਆਣਕਾਰੀ ਅਰਥ ਸ਼ਾਸਤਰ ਜ਼ਰੂਰੀ ਤੌਰ ਨਾਲ ਆਦਰਸ਼ਵਾਦੀ ਅਧਿਐਨ ਹੈ ਜਿਸ ਵਿੱਚ ਮੂਲ ਫੈਸਲਾ ਅਤੇ ਅੰਤ:ਵਿਅਕਤੀਗਤ (Interpersonal) ਤੁਲਨਾਵਾਂ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਧਾਰਨਾਵਾਂ ਨੂੰ ਆਪਣੀ 'ਕਲਿਆਣ' ਧਾਰਨਾ ਦੇ ਨਾਲ ਸਬੰਧ ਨਾ ਕਰਨ ਦੇ ਕਾਰਨ ਪੀਗੂ ਦਾ ''ਕਲਿਆਣ ਦਾ ਅਰਥ ਸ਼ਾਸਤਰ'' ਕਲਿਆਣ ਦੇ ਕਾਰਨਾਂ ਦਾ ਅਸਲੀ ਅਧਿਐਨ ਨਹੀਂ ਸਮਝਿਆ ਜਾਂਦਾ।

ਇਨ੍ਹਾਂ ਤੁਰਟੀਆਂ ਦੇ ਕਾਰਨ ਆਧੁਨਿਕ ਅਰਥ ਸ਼ਾਸਤਰੀਆਂ ਨੇ 'ਨੁਕਸਾਨ ਦੀ ਪੂਰਤੀ ਸਿਧਾਂਤ' ਅਤੇ 'ਸਮਾਜਿਕ ਕਲਿਆਣ ਫਲਨ' ਦੀਆਂ ਵਿਚਾਰਧਾਰਾਵਾਂ ਨੂੰ ਪ੍ਰਤੀਪਾਦਿਤ ਕੀਤਾ ਹੈ, ਜੋ ਕਲਿਆਣ ਅਰਥ ਸ਼ਾਸਤਰ ਨੂੰ ਨਵਾਂ ਸਵਰੂਪ ਦੇਣ ਦੇ ਯਤਨ ਹਨ।

ਨੋਟਸ ਸਮਾਜਿਕ ਕਲਿਆਣ ਇਕ ਸਮਾਜ ਵਿੱਚ ਸਾਰੇ ਵਿਅਕਤੀਆਂ ਦੇ ਕਲਿਆਣਾਂ ਦਾ ਇਕੱਠਾ ਕਰਨਾ ਸਮਝਿਆ ਜਾਂਦਾ ਹੈ।

ਸਵੈ ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions)–

4. ਜਦੋਂ ਰਾਸ਼ਟਰੀ ਆਮਦਨ ਵਿੱਚ ਵਾਧਾ ਹੁੰਦਾ ਹੈ ਤਾਂ ਵੱਧਦਾ ਹੈ–

   (ਅ) ਕਲਿਆਣ (ਬ) ਸਨਮਾਨ (ਸ) ਗੈਰ-ਕਲਿਆਣ (ਦ) ਇਨ੍ਹਾਂ ਵਿੱਚ ਕੋਈ ਨਹੀਂ

5. ਕਲਿਆਣ ਨੂੰ ਜ਼ਿਆਦਾ ਕਰਨ ਲਈ ਰਾਸ਼ਟਰੀ ਆਮਦਨ ਦਾ ਮਹੱਤਵਪੂਰਨ ਹੈ–

   (ਅ) ਸਮਾਂ (ਬ) ਵੰਡ (ਸ) ਸਨਮਾਨ (ਦ) ਇਨ੍ਹਾਂ ਵਿੱਚ ਕੋਈ ਨਹੀਂ

6. ਕਲਿਆਣ ਨੂੰ ਜ਼ਿਆਦਾ ਕਰਦੀ ਹੈ–

   (ਅ) ਆਮਦਨ (ਬ) ਲਾਗਤ (ਸ) ਆਰਥਿਕ ਸਮਾਨਤਾ (ਦ) ਇਨ੍ਹਾਂ ਵਿੱਚ ਕੋਈ ਨਹੀਂ

7. ਸਮਾਜਿਕ ਕਲਿਆਣ ਵਿੱਚ ਉਨਤੀ ਨੂੰ ਜਾਨਣ ਦੇ ਲਈ ਪੀਗੂ.....ਇਕ ਨਾਪਦੰਡ ਅਪਣਾਉਂਦਾ ਹੈ।

   (ਅ) ਦੋਹਰਾ (ਬ) ਸਧਾਰਣ (ਸ) ਆਰਥਿਕ (ਦ) ਇਨ੍ਹਾਂ ਵਿੱਚ ਕੋਈ ਨਹੀਂ

8. ਪੀਗੂ ਆਰਥਿਕ ਕਲਿਆਣ ਅਤੇ ਰਾਸ਼ਟਰੀ ਆਮਦਨ ਨੂੰ ਜ਼ਰੂਰੀ ਤੌਰ 'ਤੇ ਨਾਪਦਾ ਹੈ–

   (ਅ) ਸਵਰਗ (ਬ) ਨਾ ਜ਼ਰੂਰੀ (ਸ) ਜ਼ਰੂਰੀ (ਦ) ਇਨ੍ਹਾਂ ਵਿੱਚ ਕੋਈ ਨਹੀਂ

24.3 ਸੀਮਾਂਤ ਨਿੱਜੀ ਅਤੇ ਸੀਮਾਂਤ ਸਮਾਜਿਕ ਲਾਗਤਾਂ ਅਤੇ ਪ੍ਰਤੀਫਲਾਂ ਦੇ ਵਿਚਲਨ ਦਾ ਵਿਸ਼ਲੇਸ਼ਣ ਜਾਂ ਬਹਿਰਭਾਵਾਂ ਜਾਂ ਬਾਹਰਲਾ ਪ੍ਰਭਾਵਾਂ ਦਾ ਵਿਸ਼ਲੇਸ਼ਣ (Analysis of Divergence between Private and Social Costs and Returns, or of Externalities or External Effects)

ਸੀਮਿਤ ਨਿੱਜੀ ਅਤੇ ਸਮਾਜਿਕ ਲਾਗਤਾਂ ਅਤੇ ਪ੍ਰਤੀਫਲਾਂ (ਲਾਭਾਂ) ਦੇ ਵਿੱਚ ਵਿਚਲਨ ਬਹਿਭਾਰਵ (Externalities) ਜਾਂ ਬਾਹਮ ਪ੍ਰਭਾਵ (External effects) ਜਾਂ ਬਾਹਮ ਖਰਚ ਅਤੇ ਨਾ ਖਰਚ (External economies and diseconomies) ਕਹਾਉਂਦੇ ਹਨ। ''ਇਕ ਬਾਹਮ ਪ੍ਰਭਾਵ ਉਦੋਂ ਹੋਣਾ ਮੰਨਿਆ ਜਾਂਦਾ ਹੈ ਜਦੋਂ ਵੀ ਇਕ ਫਰਮ ਦਾ ਉਤਪਾਦਨ ਜਾਂ ਇਕ ਵਿਅਕਤੀ ਦੀ ਉਪਯੋਗਤਾ ਕਿਸੇ ਹੋਰ ਫਰਮ ਜਾਂ ਵਿਅਕਤੀ ਦੀ ਕਿਰਿਆ ਅਜਿਹੇ ਸਾਧਨ 'ਤੇ ਨਿਰਭਰ ਕਰਦੀ ਹੈ **ਜਿਸ ਨੂੰ ਵੇਚਿਆ ਜਾਂ ਖਰੀਦਿਆ ਨਹੀਂ ਜਾਂਦਾ ਹੈ, ਘੱਟ ਤੋਂ ਘੱਟ ਵਰਤਮਾਨ ਵਿੱਚ ਅਜਿਹੇ ਸਾਧਨ ਵੀਨਿਮਯ-ਯੋਗ ਨਹੀਂ ਹੁੰਦਾ ਹੈ**... ਬਾਹਮ ਪ੍ਰਭਾਵਾਂ ਨੂੰ (ਵਿਅਕਤੀਆਂ ਅਤੇ ਫਰਮਾਂ ਦੇ ਵਿੱਚ) **ਗੈਰ-ਨਿਯਮਿਤ ਪ੍ਰੰਪਰਾਵਾਂ ਨਿਰਭਰਤਾਵਾਂ** (Untraded interdependencies) ਵੀ ਕਿਹਾ ਜਾਂਦਾ ਹੈ ਕਿ ਪਾਰਸਪ੍ਰਿਕ ਜਾਂ ਇਕ-ਦਿਸ਼ਾਤਮਕ (Uni-directional) ਹੋ ਸਕਦੀਆਂ ਹਨ। ਬਹਿਭਾਰਵ ਉਤਪਾਦਨ ਨਾਲ

ਨੋਟ

ਉਤਪਾਦਨ ਅਤੇ ਉਤਪਾਦਨ ਨਾਲ ਉਪਭੋਗ ਵੱਲ ਜਾਂਦੇ ਹਨ। ਉਹ ਉਪਭੋਗ ਉਤਪਾਦਨ ਵੱਲ ਵੀ ਜਾ ਸਕਦੇ ਹਨ। ਬਹਿਰਭਾਵ ਧਨਾਤਮਕ ਅਤੇ ਰਣਾਤਮਕ ਹੁੰਦੇ ਹਨ। ਲਾਭਦਾਇਕ ਬਹਿਰਭਾਵ ਧਨਾਤਮਕ (Positive) ਬਹਿਰਭਾਵ ਕਹਾਉਂਦੇ ਹਨ। ਮਹਿੰਗੇ ਬਹਿਰਭਾਵ ਰਣਾਤਮਕ (Negative) ਕਹਾਉਂਦੇ ਹਨ। ਦੂਸਰੇ ਸ਼ਬਦਾਂ ਵਿੱਚ ਜੇਕਰ ਨਿੱਜੀ ਲਾਭਾਂ ਨਾਲ ਸਮਾਜਿਕ ਲਾਭ ਜ਼ਿਆਦਾ ਹੁੰਦੇ ਹਨ ਤਾਂ ਇਹ ਧਨਾਤਮਕ ਬਹਿਰਭਾਵ ਜਾਂ ਬਾਹਮ ਖਰਚ ਹੁੰਦਾ ਹੈ। ਜੇਕਰ ਨਿੱਜੀ ਲਾਗਤਾਂ ਨਾਲ ਸਮਾਜਿਕ ਲਾਗਤਾਂ ਜ਼ਿਆਦਾ ਹੁੰਦੀਆਂ ਹਨ ਤਾਂ ਇਹ ਰਣਾਤਮਕ ਬਹਿਰਭਾਵ ਜਾਂ ਬਾਹਮ ਖਰਚ ਹੁੰਦਾ ਹੈ। ਅਸਲ ਵਿੱਚ ਬਹਿਰਭਾਵ (externalities) ਮਾਰਕੀਟ ਅਪੂਰਨਤਾਵਾਂ ਹੁੰਦੀਆਂ ਹਨ, ਜਿੱਥੇ ਵਸਤੂ ਦੀ ਸੇਵਾ ਜਾਂ ਗੈਰ-ਸੇਵਾ ਦੇ ਲਈ ਮਾਰਕੀਟ ਕੋਈ ਕੀਮਤ ਪ੍ਰਦਾਨ ਨਹੀਂ ਕਰਦੀ ਹੈ। ਇਨ੍ਹਾਂ ਬਹਿਰਭਾਵਾਂ ਨਾਲ ਸਾਧਨਾਂ ਦਾ ਸਹੀ ਵੰਡ ਨਹੀਂ ਹੁੰਦੀ, ਜਿਸ ਨਾਲ ਉਤਪਾਦਨ ਜਾਂ ਉਪਭੋਗ ਇਸ਼ਟਤਮ **ਪੱਧਰ ਤੋਂ ਘੱਟ** ਰਹਿ ਜਾਂਦਾ ਹੈ। ਇਸ ਤਰ੍ਹਾਂ ਬਾਹਮ ਪ੍ਰਭਾਵਾਂ ਦੇ ਕਾਰਨ ਜ਼ਿਆਦਾ ਸਮਾਜਿਕ ਕਲਿਆਣ ਨਹੀਂ ਹੋ ਸਕਦਾ। ਪੀਗੂ ਨੂੰ ਇਸ ਗੱਲ ਦਾ ਸਿਹਰਾ ਹੈ ਕਿ ਉਸ ਨੇ ਇਨ੍ਹਾਂ ਬ੍ਰਾਹਮ ਪ੍ਰਭਾਵਾਂ ਦੇ ਕਾਰਨਾਂ ਦਾ ਵਿਸ਼ਲੇਸ਼ਣ ਹੀ ਨਹੀਂ ਕੀਤਾ ਬਲਕਿ ਸਮਾਜਿਕ ਅਤੇ ਨਿੱਜੀ ਲਾਗਤਾਂ ਅਤੇ ਲਾਭਾਂ ਦੇ ਵਿਚਲਣਾਂ ਨੂੰ ਦੂਰ ਕਰਨ ਦੇ ਤਰੀਕੇ ਵੀ ਦੱਸੇ, ਜਿਨ੍ਹਾਂ ਦਾ ਅਸੀਂ ਹੇਠਾਂ ਵਿਵੇਚਨ ਕਰਦੇ ਹਾਂ।

ਸਮਾਜਿਕ ਅਤੇ ਨਿੱਜੀ ਲਾਗਤਾਂ ਅਤੇ ਪ੍ਰਤੀਫਲਾਂ ਵਿੱਚ ਵਿਚਲਨਾਂ ਦੇ ਕਾਰਨ (Causes of Divergences between Social and Private Costs and Returns)- ਪੀਗੂ ਦੇ ਅਨੁਸਾਰ ਅਨਪੜ੍ਹਤਾ ਜਾਂ ਦ੍ਰਿੜਤਾਵਾਂ ਦੇ ਪ੍ਰਤੀਬੰਧਾਂ ਤੋਂ ਮੁਕਤ ਆਪਣੇ ਹਿੱਤ ਨਾਲ ਨਿੱਜੀ ਅਤੇ ਸਮਾਜਿਕ ਲਾਗਤਾਂ ਅਤੇ ਪ੍ਰਤੀਫਲਾਂ ਵਿੱਚ ਸਮਾਨਤਾ ਆਉਂਦੀ ਹੈ ਪਰ ਕੁਝ ਕਾਰੋਬਾਰੀ ਵਿਵਹਾਰ ਦ੍ਰਿੜਤਾਵਾਂ (Rigidities) ਨੂੰ ਜਨਮ ਦਿੰਦੇ ਹਨ ਜਿਨ੍ਹਾਂ ਨਾਲ ਨਿੱਜੀ ਅਤੇ ਸਮਾਜਿਕ ਲਾਗਤਾਂ ਅਤੇ ਪ੍ਰਤੀਫਲਾਂ ਵਿੱਚ ਵਿਚਲਨ ਪੈਦਾ ਹੋ ਜਾਂਦੀਆਂ ਹਨ ਜੋ ਕਿ ਮੰਗ ਵਿੱਚ ਪਰਿਵਰਤਨਾਂ, ਰੁਚੀਆਂ, ਵਪਾਰਕ ਉਤਾਰ-ਚੜ੍ਹਾਅ, ਯੁੱਧ ਅਤੇ ਨਵੇਂ ਉਦਯੋਗਾਂ ਦੇ ਉਥਾਨ ਨਾਲ ਅਤੇ ਵਿਸਤ੍ਰਿਤ ਹੋ ਜਾਂਦੇ ਹਨ। ਬਾਹਮ ਮਿਤਵਯਯਿਤਾਵਾਂ ਅਤੇ ਅਮਿਤਵਯਯਿਤਾਵਾਂ ਦੇ ਪਾਏ ਜਾਣ ਨਾਲ ਨਿੱਜੀ ਉਤਪਾਦ (Private Product) ਅਤੇ ਸਮਾਜਿਕ ਉਤਪਾਦ (Social product) ਵਿੱਚ ਵਿਭਿੰਨਤਾ ਹੁੰਦੀ ਹੈ, ਜਿਸ ਨਾਲ ਸਮਾਜਿਕ ਅਤੇ ਨਿੱਜੀ ਲਾਗਤਾਂ ਅਤੇ ਲਾਭਾਂ ਵਿੱਚ ਵਿਚਲਨ ਪਾਇਆ ਜਾਂਦਾ ਹੈ। ਹੁਣ ਅਸੀਂ ਇਨ੍ਹਾਂ ਬਾਹਮ ਮਿਤਵਯਯਿਤਾਵਾਂ ਅਤੇ ਅਮਿਤਵਯਯਿਤਾਵਾਂ ਦਾ ਵਿਸ਼ਲੇਸ਼ਣ ਕਰਦੇ ਹਾਂ-

1. **ਉਤਪਾਦਨ ਦੀ ਬਾਹਮ ਖਰਚ** (External Economies of production)- ਜਦੋਂ ਕੋਈ ਫਰਮ ਕਿਸੇ ਸੇਵਾ ਦੇ ਸਾਰੇ ਲਾਭ ਜਾਂ ਲਾਗਤ ਦਾ ਖੁਦ ਇਸਤੇਮਾਲ ਕੀਤੇ ਬਿਨਾਂ, ਦੂਸਰੀਆਂ ਫਰਮਾਂ ਨੂੰ ਉਸ ਸੇਵਾ ਦਾ ਲਾਭ ਜਾਂ ਲਾਗਤ ਪ੍ਰਦਾਨ ਕਰਦੀ ਹੈ ਤਾਂ ਇਹ ਉਤਪਾਦਨ ਦੀ ਬਾਹਮ ਖਰਚ ਹੈ। ਉਤਪਾਦਨ ਦੀ ਬਾਹਮ ਖਰਚ ਇਕ ਜਾਂ ਜ਼ਿਆਦਾ ਫਰਮਾਂ ਨੂੰ ਔਸਤ ਲਾਗਤਾਂ ਦੀ ਕਮੀ ਦੇ ਰੂਪ ਵਿੱਚ ਕਿਸੇ ਹੋਰ ਫਰਮ ਦੀਆਂ ਕਿਰਿਆਵਾਂ ਦੇ ਨਤੀਜੇ ਵਜੋਂ ਪ੍ਰਾਪਤ ਹੁੰਦੀਆਂ ਹਨ।

   ਉਤਪਾਦਨ ਦੇ ਬਾਹਮ ਖਰਚ ਉਸ ਸਮੇਂ ਪੈਦਾ ਹੁੰਦੇ ਹਨ ਜਦੋਂ ਇਕ ਫਰਮ ਦਾ ਪ੍ਰਸਾਰ ਉਦਯੋਗ ਵਿੱਚ ਹੋਰ ਫਰਮਾਂ ਦੇ ਲਈ ਸਿੱਖਿਅਤ, ਮਿਹਨਤ, ਕੱਚਾ ਮਾਲ, ਆਦਿ ਲਾਗਤਾਂ ਨੀਵੀਆਂ ਦਰਾਂ 'ਤੇ ਪ੍ਰਾਪਤ ਕਰਨਾ ਸੰਭਵ ਬਣਾ ਦਿੰਦਾ ਹੈ। ਇਨ੍ਹਾਂ ਸਾਰੀਆਂ ਸਥਿਤੀਆਂ ਵਿੱਚ ਸਮਾਜਿਕ ਸੀਮਿਤ ਲਾਭ ਨਿੱਜੀ ਸੀਮਿਤ ਲਾਭਾਂ ਤੋਂ ਜ਼ਿਆਦਾ ਹੁੰਦਾ ਹੈ ਅਤੇ ਨਿੱਜੀ ਲਾਗਤਾਂ ਸਮਾਜਿਕ ਲਾਗਤਾਂ ਤੋਂ ਜ਼ਿਆਦਾ ਹੁੰਦੀਆਂ ਹਨ। ਅਜਿਹਾ ਇਸ ਲਈ ਕਿ ਪ੍ਰਸਾਰ ਕਰ ਰਹੀ ਫਰਮ ਨਾ ਤਾਂ ਖਰਚ ਕੀਤੀਆਂ ਗਈਆਂ ਲਾਗਤਾਂ ਅਤੇ ਨਾ ਹੀ ਪ੍ਰਦਾਨ ਕੀਤੇ ਗਏ ਲਾਭਾਂ ਦੇ ਲਈ ਹੋਰ ਫਰਮਾਂ ਤੋਂ ਕੁਝ ਲੈਂਦੀ ਹੈ।

2. **ਉਤਪਾਦਨ ਦੀ ਬਾਹਰੀ ਖਰਚ** (External diseconomies of production)- ਉਤਪਾਦਨ ਦਾ ਬਾਹਰੀ ਖਰਚ ਵੀ ਨਿੱਜੀ ਅਤੇ ਸਮਾਜਿਕ ਲਾਗਤਾਂ ਅਤੇ ਲਾਭਾਂ ਵਿੱਚ ਵਿਚਲਣ ਲਿਆਉਂਦੀਆਂ ਹਨ, ਜਦੋਂ ਕਿਸੇ ਵਸਤੂ ਜਾਂ ਸੇਵਾ ਦਾ ਇਕ ਫਰਮ ਨਾਲ ਉਤਪਾਦਨ ਉਦਯੋਗ ਵਿੱਚ ਦੂਸਰੀਆਂ ਫਰਮਾਂ 'ਤੇ ਪ੍ਰਤੀਕੂਲ ਪ੍ਰਭਾਵ ਪਾਉਂਦਾ ਹੈ। ਪ੍ਰੋ. ਪੀਗੂ ਦਾ ਹਵਾ-ਪ੍ਰਦੂਸ਼ਣ ਦਾ ਉਦਾਹਰਣ ਇਨ੍ਹਾਂ ਵਿਭਿੰਨਤਾਵਾਂ ਨੂੰ ਸਪੱਸ਼ਟ ਕਰਦਾ ਹੈ। ਮੰਨ ਲਓ ਕਿ ਇਕ ਫੈਕਟਰੀ ਕਿਸੇ ਅਮੀਰ ਆਬਾਦੀ ਜਾਂ ਆਵਾਸ ਖੇਤਰ ਵਿੱਚ ਸਥਿਤ ਹੈ ਅਤੇ ਇਹ ਧੂੰਆਂ ਪੈਦਾ ਕਰਦੀ ਹੈ। ਫੈਕਟਰੀ ਦਾ ਧੂੰਆਂ ਉਸ ਇਲਾਕੇ ਦੇ ਨਿਵਾਸੀਆਂ ਦੀ ਸਿਹਤ, ਮਕਾਨ, ਘਰੇਲੂ ਵਸਤੂਆਂ ਅਤੇ ਉਨ੍ਹਾਂ ਦੇ ਕੱਪੜੇ ਖਰਾਬ ਕਰਦਾ ਹੈ। ਇਸ ਦੇ ਨਤੀਜੇ ਵਜੋਂ ਉਥੇ ਦੇ ਨਿਵਾਸੀਆਂ ਦਾ ਗੁਜ਼ਾਰਾ ਲਾਗਤਾਂ ਕਈ ਤਰ੍ਹਾਂ ਨਾਲ ਵੱਧ ਜਾਂਦੀਆਂ ਹਨ, ਜਿਵੇਂ ਕੱਪੜਿਆਂ ਦੀ ਧੁਲਾਈ, ਘਰੇਲੂ ਵਸਤੂਆਂ ਅਤੇ ਕਮਰਿਆਂ ਦੀ ਸਫਾਈ ਅਤੇ ਮਕਾਨਾਂ ਦੀ ਸਫਾਈ, ਰੋਗਨ ਅਤੇ ਵਧੇ ਹੋਏ ਇਲਾਜ 'ਤੇ ਜ਼ਿਆਦਾ ਖਰਚ ਦੇ ਰੂਪ ਵਿੱਚ। ਇਹ ਸਮਾਜਿਕ ਲਾਗਤਾਂ ਹਨ ਜਿਨ੍ਹਾਂ ਦੇ ਲਈ ਫੈਕਟਰੀ ਇਲਾਕੇ ਦੇ ਨਿਵਾਸੀਆਂ ਦੇ ਨੁਕਸਾਨ ਦੀ ਪੂਰਤੀ ਨਹੀਂ ਕਰਦੀ ਅਤੇ ਇਸ ਤਰ੍ਹਾਂ ਖੁਦ ਲਾਭ ਉਠਾਉਂਦੀ ਹੈ। ਇਸ ਤਰ੍ਹਾਂ ਨਿੱਜੀ ਲਾਗਤਾਂ ਸਮਾਜਿਕ ਲਾਗਤਾਂ ਤੋਂ ਘੱਟ ਹਨ ਅਤੇ ਫੈਕਟਰੀ ਦੇ ਨਿੱਜੀ ਲਾਭ ਸਮਾਜਿਕ ਲਾਭਾਂ ਤੋਂ ਜ਼ਿਆਦਾ ਹਨ ਕਿਉਂਕਿ ਫੈਕਟਰੀ ਦਾ ਮਾਲਿਕ ਖੇਤਰ ਦੇ ਨਿਵਾਸੀਆਂ ਨਾਲ ਕੀਤੇ ਗਏ ਖਰਚ ਤੋਂ ਬਚ ਜਾਂਦਾ ਹੈ ਅਤੇ ਇਸ ਨਾਲ ਨਿੱਜੀ ਲਾਭ ਕਮਾਉਂਦਾ ਹੈ। ਇਸ ਤਰ੍ਹਾਂ ਨਿੱਜੀ ਲਾਗਤਾਂ ਅਤੇ ਲਾਭਾਂ ਦੀ ਤੁਲਨਾ ਵਿੱਚ ਸਮਾਜਿਕ ਲਾਗਤਾਂ ਜ਼ਿਆਦਾ ਅਤੇ ਲਾਭ ਘੱਟ ਹੁੰਦੇ ਹਨ।

ਨੋਟ

3. **ਉਪਭੋਗ ਦੀ ਬਾਹਮ ਖਰਚ** (External economies of consumption)– ਉਪਭੋਗ ਦੇ ਬਾਹਮ ਖਰਚ ਵੱਖ-ਵੱਖ ਉਪਭੋਗਤਾਵਾਂ ਨਾਲ ਸੰਤੁਸ਼ਟੀਆਂ ਦੀਆਂ ਗੈਰ-ਮਾਰਕੀਟ ਪ੍ਰਸਪਰ-ਨਿਰਭਰਤਾਵਾਂ ਨਾਲ ਪ੍ਰਾਪਤ ਆਨੰਦ ਨਾਲ ਪੈਦਾ ਹੁੰਦੀਆਂ ਹਨ। ਇਕ ਵਸਤੂ ਜਾਂ ਸੇਵਾ ਦੇ ਇਸਤੇਮਾਲ ਵਿੱਚ ਵਾਧਾ ਜੋ ਦੂਸਰੇ ਉਪਭੋਗਤਾਵਾਂ ਦੇ ਉਪਭੋਗ ਢਾਂਚੇ ਅਤੇ ਇੱਛਾਵਾਂ 'ਤੇ ਅਨੁਕੂਲ ਪ੍ਰਭਾਵ ਪਾਉਂਦੀ ਹੈ, ਉਪਭੋਗ ਦੀ ਬਾਹਮ ਖਰਚ ਹੈ। ਜਦੋਂ ਇਕ ਵਿਅਕਤੀ ਟੈਲੀਵਿਜ਼ਨ ਸੈਟ ਖਰੀਦਦਾ ਹੈ ਤਾਂ ਉਸ ਦੇ ਗੁਆਂਢੀਆਂ ਦੀ ਸੰਤੁਸ਼ਟੀ ਵਿੱਚ ਵਾਧਾ ਹੁੰਦਾ ਹੈ, ਜਦੋਂ ਉਹ ਅਤੇ ਉਨ੍ਹਾਂ ਦੇ ਬੱਚੇ ਵੱਖ-ਵੱਖ ਪ੍ਰੋਗਰਾਮਾਂ ਨੂੰ ਦੇਖਦੇ ਹਨ। ਇਹ ਉਪਭੋਗ ਵਿੱਚ ਬਾਹਮ ਖਰਚ ਦਾ ਉਦਾਹਰਣ ਹੈ ਜਿਸ ਵਿੱਚ ਸਮਾਜਿਕ ਲਾਭ ਨਿੱਜੀ ਲਾਭ ਤੋਂ **ਜ਼ਿਆਦਾ** ਹੈ ਅਤੇ ਸਮਾਜਿਕ ਲਾਗਤ ਨਿੱਜੀ ਲਾਗਤ ਤੋਂ **ਘੱਟ** ਹੈ, ਕਿਉਂਕਿ ਟੈਲੀਵਿਜ਼ਨ ਸੈਟ ਦੇ ਮਾਲਿਕ ਨੂੰ ਗੁਆਂਢੀਆਂ ਤੋਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ-ਪ੍ਰੋਗਰਾਮ ਦੇਖਣ ਦੇ ਬਦਲੇ ਵਿੱਚ ਉਨ੍ਹਾਂ ਤੋਂ ਕੁਝ ਨਹੀਂ ਉਪਲੱਬਧ ਕੀਤਾ ਜਾਂਦਾ।

4. **ਉਪਭੋਗ ਦੀ ਬਾਹਮ ਅਮਿਤਵਯਯਿਤਾਵਾਂ** (External diseconomies of consumption)– ਜਦੋਂ ਇਕ ਉਪਭੋਗਤਾ ਨਾਲ ਕਿਸੇ ਵਸਤੂ ਜਾਂ ਸੇਵਾ ਦੇ ਉਪਭੋਗ ਨਾਲ ਦੂਸਰੇ ਉਪਭੋਗਤਾਵਾਂ ਦੇ ਉਪਭੋਗ ਢਾਂਚੇ ਅਤੇ ਇੱਛਾਵਾਂ 'ਤੇ **ਪ੍ਰਤੀਕੂਲ** ਪ੍ਰਭਾਵ ਪੈਂਦਾ ਹੈ ਤਾਂ ਇਹ ਉਪਭੋਗ ਦੀ ਬਾਹਮ ਅਮਿਤਵਯਯਿਤਾ ਹੁੰਦਾ ਹੈ। ਉਪਭੋਗ ਦੀ ਅਮਿਤਵਯਯਿਤਾਵਾਂ ਵਿਸ਼ੇਸ਼ ਤੌਰ ਨਾਲ ਅਪਣਾਉਣ ਨਾਲ ਸਬੰਧਿਤ ਫੈਸਲਾ ਅਤੇ ਪ੍ਰਤੱਖ ਉਪਭੋਗ ਵਸਤੂਆਂ ਨਾਲ ਪੈਦਾ ਹੁੰਦੀਆਂ ਹਨ। ਜਦੋਂ ਕਿਸੇ ਇਲਾਕੇ ਵਿੱਚ ਇਕ ਅਮੀਰ ਇਸਤਰੀ ਨਵੇਂ ਸਟਾਇਲ ਦਾ ਪਹਿਰਾਵਾ ਪਹਿਨਦੀ ਹੈ ਤਾਂ ਇਸ ਨਾਲ ਪਹਿਲੇ ਇਸਤੇਮਾਲ ਕੀਤੇ ਜਾ ਰਹੇ ਕੱਪੜਿਆਂ ਦਾ ਨਿਰਾਦਰ ਕੇਵਲ ਉਹ ਹੀ ਨਹੀਂ ਕਰਦੀ ਬਲਕਿ ਦੂਸਰੀਆਂ ਔਰਤਾਂ ਵੀ ਕਰਦੀਆਂ ਹਨ ਜਾਂ ਪਹਿਰਾਵੇ ਵਿੱਚ ਉਸ ਦਾ ਅਨੁਕਰਨ ਕਰਦੀਆਂ ਹਨ। ਇਸ ਨਾਲ ਸਮਾਜਿਕ ਲਾਗਤਾਂ ਉਸ ਦੀਆਂ ਨਿੱਜੀ ਲਾਗਤਾਂ ਤੋਂ ਜ਼ਿਆਦਾ ਹੁੰਦੀਆਂ ਹਨ ਅਤੇ ਸਮਾਜਿਕ ਲਾਭ ਨਿਜੀ ਲਾਭਾਂ ਤੋਂ **ਘੱਟ** ਹੁੰਦੇ ਹਨ। ਉਹ ਵਿਅਕਤੀ ਜੋ ਆਪਣੇ ਅਮੀਰ ਗੁਆਂਢੀਆਂ ਦੇ ਉਪਭੋਗ ਢਾਂਚੇ ਨੂੰ ਅਪਣਾਉਣ ਦੀ ਸਮਰੱਥਾ ਦੇ ਤੌਰ 'ਤੇ ਨਹੀਂ ਰੱਖਦੇ ਅਸੰਤੋਸ਼ ਅਤੇ ਈਰਖਾ ਦਾ ਅਨੁਭਵ ਕਰਦੇ ਹਨ ਜਿਸ ਦੇ ਨਤੀਜੇ ਵਜੋਂ ਉਨ੍ਹਾਂ ਦੀ ਉਤਪਾਦਕ ਸਮਰੱਥਾ ਘੱਟ ਹੋ ਜਾਂਦੀ ਹੈ ਅਤੇ ਸਮਾਜਿਕ ਅਤੇ ਨਿੱਜੀ ਲਾਗਤਾਂ ਅਤੇ ਲਾਭਾਂ ਵਿੱਚ ਤੇਜ਼ ਵਿਭਿੰਨਤਾਵਾ ਪੈਦਾ ਹੋ ਜਾਂਦੀਆਂ ਹਨ। ਹੋਰ ਉਦਾਹਰਣ ਲਾਊਡ ਸਪੀਕਰਾਂ ਨਾਲ ਸ਼ੋਰ ਪੈਦਾ ਹੋਣਾ (Noise nuisance) ਹੈ।

5. **ਸਰਵਜਨਿਕ ਵਸਤੂਆਂ** (Public goods)– ਸਮਾਜਿਕ ਅਤੇ ਨਿੱਜੀ ਲਾਗਤਾਂ ਅਤੇ ਲਾਭਾਂ ਵਿੱਚ ਵਿਭਿੰਨਤਾਵਾਂ ਦਾ ਇਕ ਕਾਰਨ ਸਰਵਜਨਿਕ ਵਸਤੂਆਂ ਵੀ ਹੁੰਦੀਆਂ ਹਨ ਜਿਨ੍ਹਾਂ ਦੀ ਪੀਗੂ ਨੇ ਬਿਲਕੁਲ ਤੁਲਨਾ ਕੀਤੀ ਹੈ। ਪ੍ਰੋਫੈਸਰ ਬਾਮੋਲ ਸਰਵਜਨਿਕ ਵਸਤੂ ਨੂੰ ਪ੍ਰੀਭਾਸ਼ਿਤ ਕਰਦਾ ਹੈ ਕਿ "ਇਹ ਉਹ ਹੈ ਜਿਸ ਦਾ ਇਕ ਵਿਅਕਤੀ ਨਾਲ ਉਪਭੋਗ ਕਿਸੇ ਹੋਰ ਵਿਅਕਤੀ ਦੇ ਲਈ ਉਸ ਦੀ ਉਪਯੋਗਤਾ ਨੂੰ ਘੱਟ ਨਹੀਂ ਕਰਦਾ।" ਸਰਵਜਨਿਕ ਵਸਤੂਆਂ ਦਾ ਉਪਭੋਗ ਸੰਯੁਕਤ ਅਤੇ ਬਰਾਬਰ ਹੁੰਦਾ ਹੈ। ਸਰਕਾਰ ਵੱਲੋਂ ਪ੍ਰਦਾਨ ਕੀਤੀਆਂ ਗਈਆਂ ਸੇਵਾਂਵਾ ਜਿਵੇਂ ਰਾਸ਼ਟਰੀ ਰੱਖਿਆ, ਜਨ ਸੁਰੱਖਿਆ, ਨਿਆਂ ਲਈ ਅਦਾਲਤ, ਰੋਕ ਕੰਟਰੋਲ ਆਦਿ ਸਰਵਜਨਿਕ ਵਸਤੂਆਂ ਹਨ। ਇਨ੍ਹਾਂ ਦੇ ਲਾਭ ਨਾ ਵੰਡਣ ਯੋਗ ਹੁੰਦੇ ਹਨ। ਇਹ ਹਰੇਕ ਵਿਅਕਤੀ ਨੂੰ ਉਪਲੱਬਧ ਹੁੰਦੀਆਂ ਹਨ ਚਾਹੇ ਇਕ ਵਿਅਕਤੀ ਉਨ੍ਹਾਂ ਦੇ ਲਈ ਕੁਝ ਦਿੰਦਾ ਹੈ ਜਾਂ ਨਹੀਂ। ਇਸ ਲਈ ਉਹ ਬਹਿਸ਼ਕਾਰ ਨਿਯਮ (Exclusion principles) ਦੇ ਅਧੀਨ ਨਹੀਂ ਆਉਂਦੀਆਂ ਹਨ। ਸਰਵਜਨਿਕ ਵਸਤੂਆਂ ਦੀ ਦੂਸਰੀ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਦੇ ਲਾਭ ਜ਼ੀਰੋ ਸੀਮਿਤ ਲਾਗਤ 'ਤੇ ਉਪਲੱਬਧ ਹੁੰਦੇ ਹਨ ਅਤੇ ਉਨ੍ਹਾਂ ਦੇ ਲਾਭ ਇਕ ਹੋਰ ਪ੍ਰਯੋਗਕਰਤਾ ਨੂੰ ਬਿਨਾਂ ਹੋਰ ਲਾਗਤ ਦੇ ਪ੍ਰਦਾਨ ਕੀਤੇ ਜਾ ਸਕਦੇ ਹਨ। ਉਦਾਹਰਣ ਦੇ ਤੌਰ 'ਤੇ ਨਿਆ ਪ੍ਰਦਾਨ ਕਰਨ ਦੀ ਲਾਗਤ ਵੱਧਦੀ ਨਹੀਂ ਜਦੋਂ ਇਕ ਹੋਰ ਵਿਅਕਤੀ ਅਦਾਲਤ ਤੋਂ ਨਿਆ ਦੀ ਮੰਗ ਕਰਦਾ ਹੈ। ਸਰਵਜਨਿਕ ਵਸਤੂਆਂ ਦੀ **ਤੀਸਰੀ** ਵਿਸ਼ੇਸ਼ਤਾ ਇਹ ਹੈ ਕਿ ਉਹ ਬਹਿਰਭਾਵ ਜਾਂ ਸਮਾਜਿਕ ਅਤੇ ਨਿਜੀ ਲਾਭਾਂ ਵਿੱਚ ਵਿਚਲਣ ਲਿਆਉਂਦੇ ਹਨ। **ਬਹਿਰਭਾਵ** ਉਸ ਸਮੇਂ ਪੈਦਾ ਹੁੰਦੇ ਹਨ। ਜਦੋਂ ਇਕ ਵਿਅਕਤੀ ਸਰਵਜਨਿਕ ਵਸਤੂ ਦੀ ਵਿਵਸਥਾ ਕਰਦਾ ਹੈ ਤਾਂ ਉਹ ਦੂਸਰੇ ਵਿਅਕਤੀਆਂ ਨੂੰ ਲਾਭ ਪ੍ਰਦਾਨ ਕਰਦਾ ਹੈ ਅਤੇ ਇਸ ਤਰ੍ਹਾਂ ਸਮਾਜਿਕ ਲਾਭ ਪੈਦਾ ਕਰਦਾ ਹੈ ਜੋ ਉਸ ਦੇ ਨਿਜੀ ਲਾਭ ਤੋਂ ਜ਼ਿਆਦਾ ਹੁੰਦੇ ਹਨ। ਉਦਾਹਰਣ ਦੇ ਤੌਰ 'ਤੇ ਜਦੋਂ ਕੋਈ ਵਿਅਕਤੀ ਆਪਣੇ ਯਤਨ ਨਾਲ ਆਪਣੀ ਘਰ ਦੇ ਸਾਹਮਣੇ ਗਲ੍ਹੀ ਵਿੱਚ ਨਗਰ ਪਾਲਿਕਾ ਨਾਲ ਬਿਜਲੀ ਦਾ ਖੰਭਾ ਲਗਵਾਉਂਦਾ ਹੈ ਤਾਂ ਗਲ੍ਹੀ ਦੇ ਸਾਰੇ ਨਿਵਾਸੀ ਉਸ ਤੋਂ ਲਾਭ ਉਠਾਉਂਦੇ ਹਨ। ਇਸ ਦੇ ਨਤੀਜੇ ਵਜੋਂ ਸਮਾਜਿਕ ਲਾਭ ਉਸ ਦੇ ਨਿੱਜੀ ਲਾਭ ਤੋਂ ਜ਼ਿਆਦਾ ਹੁੰਦੇ ਹਨ।

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚੋਂ ਸਹੀ/ਗਲਤ ਲੱਭੋ (State whether the following statements are True/False)–

9. ਪੀਗੂ ਦੇ ਅਨੁਸਾਰ ਬਾਹਮ ਪ੍ਰਭਾਵਾਂ ਦੇ ਕਾਰਨ ਜ਼ਿਆਦਾ ਸਮਾਜਿਕ ਕਲਿਆਣ ਨਹੀਂ ਹੁੰਦਾ।

10. ਨਿੱਜੀ ਲਾਗਤਾਂ ਅਤੇ ਲਾਭਾਂ ਦੀ ਤੁਲਨਾ ਵਿੱਚ ਸਮਾਜਿਕ ਲਾਗਤਾਂ ਜ਼ਿਆਦਾ ਅਤੇ ਲਾਭ ਘੱਟ ਹੁੰਦੇ ਹਨ। **ਨੋਟ**

11. ਪੀਗੂ ਨੇ ਰਾਸ਼ਟਰੀ ਲਾਭ ਅੰਸ਼ ਨੂੰ ਕਲਿਆਣ ਦਾ ਸੂਚਕ ਨਹੀਂ ਮੰਨਿਆ ਹੈ।

12. ਪੀਗੂ ਦੀ ਤਰ੍ਹਾਂ ਬੋਮੋਲ ਦਾ ਸੁਝਾਅ ਹੈ ਕਿ ਕਰਾਂ ਅਤੇ ਸਬਸਿਡੀ ਦੀ ਪ੍ਰਣਾਲੀ ਨਾਲ ਬਾਹਮ ਪ੍ਰਭਾਵ ਠੀਕ ਕੀਤੇ ਜਾ ਸਕਦੇ ਹਨ।

ਉਪਚਾਰੀ ਤਰੀਕੇ (Remedial measures)-ਨਿੱਜੀ ਅਤੇ ਸਮਾਜਿਕ ਲਾਗਤਾਂ ਅਤੇ ਲਾਭਾਂ ਵਿੱਚ ਸਮਾਨਤਾ ਲਿਆਉਣ ਦੇ ਲਈ ਪੀਗੂ ਰਾਜ ਦਖਲਅੰਦਾਜ਼ੀ ਦੇ ਪੱਖ ਵਿੱਚ ਸੀ। ਉਤਪਾਦਨ ਅਤੇ ਉਪਭੋਗ ਵਿੱਚ ਹੋਣ ਵਾਲੇ ਬਹਿਭਾਰਵਾਂ ਦੇ ਕਾਰਨ ਜੋ ਅੰਤਰ ਇਨ੍ਹਾਂ ਲਾਗਤਾਂ ਅਤੇ ਲਾਭਾਂ ਵਿੱਚ ਪੈਦਾ ਹੁੰਦੇ ਹਨ, ਉਨ੍ਹਾਂ ਨੂੰ ਪੀਗੂ ਕਰਾਂ, ਆਰਥਿਕ ਸਹਾਇਤਾ ਅਤੇ ਹੋਰ ਸਮਾਜਿਕ ਕੰਟਰੋਲ ਤਰੀਕਿਆਂ ਨਾਲ ਬੰਦ ਕਰਨ ਦਾ ਸੁਝਾਅ ਦਿੰਦਾ ਹੈ, ਜਿਸ ਦਾ ਹੁਣ ਵਿਸ਼ਲੇਸ਼ਣ ਕੀਤਾ ਜਾਂਦਾ ਹੈ।

1. **ਸਮਾਜਿਕ ਕੰਟਰੋਲ ਤਰੀਕੇ** (Social control measures)-ਸਭ ਤੋਂ ਪਹਿਲਾਂ ਪੀਗੂ ਆਦਰਸ਼ ਉਤਪਾਦ (ideal output) ਜਾਂ ਇਸ਼ਟਤਮ ਕਲਿਆਣ ਦੀ ਪ੍ਰਾਪਤੀ ਦੇ ਲਈ ਸਮਾਜਿਕ ਕੰਟਰੋਲ ਦੇ ਤਰੀਕੇ ਦੱਸਦਾ ਹੈ। ਉਸ ਦੇ ਅਨੁਸਾਰ ਰਾਸ਼ਟਰੀ ਲਾਭ ਅੰਸ਼ ਜ਼ਿਆਦਾ ਹੋਵੇਗਾ, ਜਦੋਂ ਸਮਾਜਿਕ ਸ਼ੁੱਧ ਉਤਪਾਦ (Social net Product) ਦੇ ਮੁੱਲ ਸਾਰੇ ਸੰਭਵ ਪ੍ਰਯੋਗਾਂ ਵਿੱਚ ਬਰਾਬਰ ਹੋਣ। ਜੇਕਰ ਸਾਧਨਾਂ ਦੇ ਸਮਾਜਿਕ ਸ਼ੁੱਧ ਉਤਪਾਦ ਦਾ ਮੁੱਲ ਇਕ ਪ੍ਰਯੋਗ ਵਿੱਚ ਦੂਸਰੇ ਪ੍ਰਯੋਗ ਦੀ ਤੁਲਨਾ 'ਚ **ਘੱਟ** ਹੋਵੇ ਤਾਂ ਸਾਧਨਾਂ ਨੂੰ ਉਤਪਾਦਨ ਤੋਂ ਜ਼ਿਆਦਾ **ਲਾਭਦਾਇਕ** ਢੰਗਾਂ ਵਿੱਚ ਤਬਦੀਲ ਕਰਕੇ ਰਾਸ਼ਟਰੀ ਲਾਭ ਅੰਸ਼ ਵਧਾਇਆ ਜਾ ਸਕਦਾ ਹੇ। ਅਜਿਹਾ ਸਮਾਜਿਕ ਕੰਟਰੋਲ ਨਾਲ ਹੀ ਸੰਭਵ ਹੋ ਸਕਦਾ ਹੈ। ਉਦਾਹਰਣ ਦੇ ਤੌਰ 'ਤੇ ਸਰਕਾਰ ਧੂੰਆਂ ਪੈਦਾ ਕਰਨ ਵਾਲੀ ਫੈਕਟਰੀ ਨੂੰ ਠੀਕ ਸੁਵਿਧਾਵਾਂ ਪ੍ਰਦਾਨ ਕਰਕੇ ਫੈਕਟਰੀ ਦੇ ਮਾਲਿਕ ਨੂੰ ਰਹਿਣ ਦੇ ਖੇਤਰ ਤੋਂ ਬਾਹਰ ਫੈਕਟਰੀ ਲਿਜਾਣ ਨੂੰ ਕਹਿ ਸਕਦੀ ਹੈ। ਅਜਿਹਾ ਕਰਨ ਨਾਲ ਧੂੰਆਂ ਅਨੁਤਰਾਸ (Smoked nuisance) ਤੋਂ ਪੈਦਾ ਹੋਣ ਵਾਲੀ ਸਮਾਜਿਕ ਅਤੇ ਨਿੱਜੀ ਲਾਗਤਾਂ ਅਤੇ ਲਾਭਾਂ ਵਿੱਚ ਵਿਭਿੰਨਤਾਵਾਂ ਰਾਜ ਦਖਲਅੰਦਾਜ਼ੀ ਤੋਂ ਦੂਰ ਹੋ ਜਾਂਦੀਆਂ ਹਨ। ਉਪਭੋਗ ਦੀਆਂ ਅਮਿਤਵਯਯਿਤਾਵਾਂ ਬਾਰੇ ਰਾਜ ਲਾਊਡ ਸਪੀਕਰਾਂ ਦੇ ਇਸਤੇਮਾਲ ਨੂੰ ਵਿਸ਼ੇਸ਼ ਮੌਕਿਆਂ ਤੱਕ ਸੀਮਿਤ ਕਰਕੇ ਸ਼ੋਰ ਅਨੁਤਰਾਸ ਖਤਮ ਕਰ ਸਕਦਾ ਹੈ। ਘੱਟ ਅਧਿਕਾਰ ਜਾਂ ਪੂਰਨ ਪ੍ਰਤੀਯੋਗਤਾ ਦੀ ਸਥਿਤੀ ਵਿੱਚ ਪੀਗੂ ਕਿਸੇ ਵੀ ਤਰ੍ਹਾਂ ਦੇ ਸਮਾਜਿਕ ਕੰਟਰੋਲ ਜਾਂ ਰਾਸ਼ਟਰੀਕਰਨ ਦੇ ਪੱਖ ਵਿੱਚ ਸੀ।

2. **ਕਰ ਅਤੇ ਸਬਸਿਡੀ** (Taxes and subsidies)- ਇਸ ਤੋਂ ਇਲਾਵਾ ਪੀਗੂ ਨੇ ਸਮਾਜਿਕ ਅਤੇ ਨਿੱਜੀ ਲਾਗਤਾਂ ਅਤੇ ਲਾਪਾਂ ਦੇ ਅੰਤਰ ਨੂੰ ਖਤਮ ਕਰਨ ਦੇ ਲਈ ਕਰਾਂ ਜਾਂ ਸਬਸਿਡੀ ਦੇ ਇਸਤੇਮਾਲ ਦਾ ਸੁਝਾਅ ਦਿੱਤਾ। ਉਸ ਦੇ ਅਨੁਸਾਰ ਉਤਪਾਦਨ ਅਤੇ ਉਪਭੋਗ ਦੀ ਬਾਹਮ ਅਮਿਤਵਯਿਯਤਾਵਾਂ ਦੀਆਂ ਸਾਰੀਆਂ ਸਥਿਤੀਆਂ ਵਿੱਚ ਰਾਜ ਕਰ ਲਗਾ ਸਕਦਾ ਹੈ। ਉਦਾਹਰਣ ਦੇ ਤੌਰ 'ਤੇ ਸਰਕਾਰ ਹਰੇਕ ਪਰਿਵਾਰ 'ਤੇ ਕਰ ਲਗਾ ਕੇ ਫੈਕਟਰੀ ਦੇ ਮਾਲਕ ਨੂੰ ਆਵਾਸ ਖੇਤਰ ਨਾਲ ਚਲੇ ਜਾਣ ਦੇ ਲਈ ਉਸ ਨੂੰ ਕਰ ਇਕੱਠੀ ਰਾਸ਼ੀ ਦੇ ਸਕਦੀ ਹੈ। ਉਤਪਾਦਨ ਦੀ ਬਾਹਮ ਮਿਤਵਯਿਯਤਾਵਾਂ ਦੀ ਸਥਿਤੀ ਵਿੱਚ ਰਾਜ ਉਤਪਾਦਕਾਂ ਨੂੰ ਆਰਥਿਕ ਸਹਾਇਤਾ ਦੇ ਕੇ ਰਾਸ਼ਟਰੀ ਲਾਭ ਅੰਸ਼ ਵਿੱਚ ਵਾਧਾ ਕਰਕੇ ਆਦਰਸ਼ ਉਤਪਾਦ ਨੂੰ ਪ੍ਰਾਪਤ ਕਰ ਸਕਦਾ ਹੈ। ਜਦੋਂ ਕਿ ਉਪਭੋਗਤਾਵਾਂ ਨੂੰ ਛੂਟਾਂ ਦੇ ਕੇ ਸਰਕਾਰ ਉਨ੍ਹਾਂ ਦੀਆਂ ਵਸਤੂਆਂ ਦੇ ਉਪਭੋਗ ਦੀ ਸਮਰੱਥਾ ਵਿੱਚ ਵਾਧਾ ਕਰਕੇ ਉਨ੍ਹਾਂ ਦੀਆਂ ਸੰਤੁਸ਼ਟੀਆਂ ਜ਼ਿਆਦਾ ਕਰਨ ਵਿੱਚ ਸਹਾਇਕ ਹੋ ਸਕਦੀਆਂ ਹਨ।

ਇਸ ਦੀ ਵਿਆਖਿਆ ਮੰਗ ਅਤੇ ਪੂਰਤੀ ਦੇ ਵਕ੍ਰਾਂ ਨਾਲ ਕੀਤੀ ਜਾਂਦੀ ਹੈ। ਇਕ ਪੂਰਨ ਪ੍ਰਤੀਯੋਗੀ ਮਾਰਕੀਟ ਦੇ ਮੰਗ ਅਤੇ ਪੂਰਤੀ ਵਕ੍ਰ ਕੇਵਲ ਪ੍ਰਤੱਖ ਨਿੱਜੀ ਲਾਭ ਜਾਂ ਲਾਗਤਾਂ ਪ੍ਰਗਟ ਕਰਦੇ ਹਨ ਪਰ ਬਹਿਰਭਾਵ ਨਹੀਂ। ਜੇਕਰ ਬਹਿਰਭਾਵ ਮੌਜੂਦ ਹੋਵੇ ਤਾਂ ਪੂਰਨ ਪ੍ਰਤੀਯੋਗੀ ਮਾਰਕੀਟ ਇਕ ਸਮਾਜਿਕ ਇਸ਼ਟਤਮ ਪੱਧਰ ਪ੍ਰਦਾਨ ਨਹੀਂ ਕਰੇਗੀ। ਸਰਕਾਰ ਕਰ ਲਗਾ ਕੇ ਅਤੇ ਸਬਸਿਡੀ ਦੇ ਕੇ ਬਹਿਰਭਾਵਾਂ ਦਾ ਅੰਦਰੂਨੀਕਰਨ (Internationalisation) ਕਰ ਸਕਦੀ ਹੈ। ਮੰਨ ਲਓ ਕਿ ਨਿੱਜੀ ਲਾਗਤਾਂ ਨਾਲ ਸਮਾਜਿਕ ਲਾਗਤਾਂ ਜ਼ਿਆਦਾ ਹੁੰਦੀਆਂ ਹਨ ਜਿਸ ਦਾ ਭਾਵ ਹੈ ਕਿ **ਰਣਾਤਮਕ** ਬਹਿਰਭਵਾਂ ਦਾ ਹੋਣਾ। ਅਜਿਹੀ ਸਥਿਤੀ ਵਿੱਚ ਉਦਯੋਗ ਨਾਲ ਵਸਤੂ ਦਾ ਅਤਿ ਉਤਪਾਦਨ (Overproduction) ਹੁੰਦਾ ਹੈ ਜਿੰਨਾ ਕਿ ਸਮਾਜ ਨੂੰ ਚਾਹੀਦਾ ਹੈ। ਇਸ ਨੂੰ ਘੱਟ ਕਰਨ ਦੇ ਲਈ ਪੀਗੂ ਨੇ ਵਸਤੂ 'ਤੇ ਕਰ ਲਗਾਉਣ ਦਾ ਸੁਝਾਅ ਦਿੱਤਾ। ਇਸ ਨੂੰ ਚਿੱਤਰ 24.1 ਵਿੱਚ ਦਰਸਾਇਆ ਗਿਆ ਹੈ। ਜਿੱਥੇ D ਅਤੇ S ਕ੍ਰਮ ਅਨੁਸਾਰ ਮਾਰਕੀਟ ਮੰਗ ਅਤੇ ਪੂਰਤੀ ਵਕ੍ਰ ਹਨ। ਉਹ E ਬਿੰਦੂ 'ਤੇ ਕੱਟਦੇ ਹਨ ਅਤੇ OQ ਉਤਪਾਦਨ ਪ੍ਰਾਪਤ ਹੁੰਦਾ ਹੈ। ਵਕ੍ਰ S ਵਿੱਚ ਵਸਤੂ ਦੇ ਉਤਪਾਦਕਾਂ ਨਾਲ ਖਰਚ ਕੀਤੀ ਗਈ ਕੇਵਲ ਪ੍ਰਤੱਖ ਲਾਗਤਾਂ ਸ਼ਾਮਿਲ ਹਨ। ਇਸ ਵਿੱਚ ਰਣਾਤਮਕ ਬਹਿਰਭਾਵ ਸ਼ਾਮਿਲ ਨਹੀਂ ਹਨ। ਜਦੋਂ ਉਹ ਮਾਰਕੀਟ ਪੂਰਤੀ ਵਕ੍ਰ S ਵਿੱਚ ਸ਼ਾਮਿਲ ਜਾਂ ਅੰਦੂਰਨੀਕ੍ਰਿਤ (Internatised) ਕੀਤੇ ਜਾਂਦੇ ਹਨ ਤਾਂ ਪੂਰਤੀ ਵਕ੍ਰ S_1 ਬਣ ਜਾਂਦਾ ਹੈ। ਹੁਣ ਵਕ੍ਰ D ਵਕ੍ਰ S_1 ਨੂੰ ਬਿੰਦੂ E_1 'ਤੇ ਕੱਟਦਾ ਹੈ ਅਤੇ OQ_1 ਉਤਪਾਦਨ ਨਿਰਧਾਰਿਤ ਹੁੰਦਾ ਹੈ ਜੋ OQ ਤੋਂ ਘੱਟ ਹੈ। ਇੱਥੇ ਉਤਪਾਦਨ ਦਾ ਸਮਾਜਿਕ ਇਸ਼ਟਤਮ ਪੱਧਰ ਹੈ। ਉਤਪਾਦਕਾਂ 'ਤੇ ਵਸਤੂ ਦੀ ਪ੍ਰਤੀ ਇਕਾਈ T ਕਰ ਲਗਾਉਣ ਨਾਲ ਵਸਤੂ ਦਾ ਉਤਪਾਦਨ OQ ਤੋਂ OQ_1 ਘੱਟ ਹੋ ਜਾਵੇਗਾ ਜੋ OQ ਉਤਪਾਦਨ ਦੇ ਨਾਲ

ਨੋਟ ਸਬੰਧਿਤ ਰਣਾਤਮਕ ਬਹਿਰਭਾਵਾਂ ਨੂੰ ਵੀ ਘੱਟ ਕਰ ਦੇਵੇਗਾ। ਇਸ ਤਰ੍ਹਾਂ ਅਤਿ ਉਤਪਾਦਨ ਖਤਮ ਹੋ ਜਾਵੇਗਾ ਅਤੇ ਸਮਾਜਿਕ ਲਾਗਤਾਂ ਅਤੇ ਨਿੱਜੀ ਲਾਗਤਾਂ ਬਰਾਬਰ ਹੋ ਜਾਣਗੀਆਂ।

ਜਦੋਂ ਨਿੱਜੀ ਲਾਭਾਂ ਨਾਲ ਸਮਾਜਿਕ ਲਾਭ ਜ਼ਿਆਦਾ ਹੁੰਦੇ ਹਨ ਤਾਂ ਉਹ ਧਨਾਤਮਕ ਬਹਿਰਭਾਵਾਂ ਹਨ। ਅਜਿਹੀ ਸਥਿਤੀ ਵਿੱਚ ਵਸਤੂ ਦਾ ਘੱਟ ਉਤਪਾਦਨ ਹੁੰਦਾ ਹੈ ਜਿੰਨਾ ਸਮਾਜ ਨੂੰ ਚਾਹੀਦਾ ਹੈ। ਇਸ ਨਾਲ ਵਧਾਉਣ ਦੇ ਲਈ ਪੀਗੂ ਨੇ ਉਤਪਾਦਕ ਨੂੰ ਵਸਤੂ ਦੀ ਪ੍ਰਤੀ ਇਕਾਈ ਪ੍ਰਦਾਨ ਕਰਨ ਦਾ ਸੁਝਾਅ ਦਿੱਤਾ। ਇਸ ਨੂੰ ਚਿੱਤਰ 24.2 ਵਿੱਚ ਦਰਸਾਇਆ ਗਿਆ ਹੈ। ਜਿੱਥੇ D ਅਤੇ S ਕ੍ਰਮ ਅਨੁਸਾਰ ਮਾਰਕੀਟ ਮੰਗ ਅਤੇ ਪੂਰਤੀ ਵਕ੍ਰ ਹਨ। ਇਹ ਬਿੰਦੂ E 'ਤੇ ਕੱਟਦੇ ਹਨ ਅਤੇ OQ ਉਤਪਾਦਨ ਨਿਰਧਾਰਿਤ ਹੁੰਦਾ ਹੈ ਪਰ ਇਹ ਉਤਪਾਦਨ ਦਾ ਸਮਾਜਿਕ ਇਸ਼ਟਤਮ ਪੱਧਰ ਨਹੀਂ ਹੈ। ਵਸਤੂ ਦੇ ਉਤਪਾਦਨ ਨੂੰ ਉਤਸ਼ਾਹਿਤ ਕਰਨ ਦੇ ਲਈ ਜਿਸ ਨਾਲ ਧਨਾਤਮਕ ਬਹਿਰਭਾਵ ਪ੍ਰਾਪਤ ਹੁੰਦੇ ਹਨ, ਉਤਪਾਦਕ ਨੂੰ ਸਰਕਾਰ B ਦੇ ਬਰਾਬਰ ਸਬਸਿਡੀ ਪ੍ਰਦਾਨ ਕਰਦੀ ਹੈ ਜਿਸ ਨਾਲ ਮੰਗ ਵਕ੍ਰ D ਉਪਰ ਨੂੰ ਖਸਿਕ ਕੇ D_1 ਹੋ ਜਾਂਦਾ ਹੈ। ਇਸਤੋਂ ਉਤਪਾਦਤਿ ਕੀਤੀ ਗਈ ਚੀਜ਼ ਦੀ ਮਾਤਰਾ OQ ਵਲੋਂ ਵੱਧ ਕਰ OQ_1 ਹੋ ਜਾਂਦੀ ਹੈ ਜੋ ਸਮਾਜਿਕ ਇਸ਼ਟਤਮ ਪੱਧਰ ਹੈ। ਇਸ ਤਰ੍ਹਾਂ ਸਮਾਜਿਕ ਅਤੇ ਨਿੱਜੀ ਲਾਗਤਾਂ ਅਤੇ ਲਾਭਾਂ ਵਿੱਚ ਸਮਾਨਤਾ ਲਿਆਉਣ ਦੇ ਲਈ ਕਰ ਅਤੇ ਸਬਸਿਡੀ ਸਭ ਤੋਂ ਪ੍ਰਭਾਵਸ਼ਾਲੀ ਤਰੀਕੇ ਹਨ।



ਚਿੱਤਰ 24.1



ਚਿੱਤਰ 24.2

3. **ਸਰਵਜਨਿਕ ਵਸਤੂਆਂ** (Public goods)– ਜੇਕਰ ਇਕ ਸਰਵਜਨਿਕ ਵਸਤੂ ਦੇ ਸੰਭਾਵਿਤ ਉਪਭੋਗਤਾਵਾਂ ਦੀ ਸੰਖਿਆ ਬਹੁਤ ਜ਼ਿਆਦਾ ਹੋਵੇ ਤਾਂ ਉਸ ਨੂੰ ਕਿਸੇ ਜਨ ਅਧਿਕਾਰੀ (Public authority) ਦੀ ਸਹਾਇਤਾ ਨਾਲ ਹੀ ਉਪਭੋਗਤਾਵਾਂ ਵਿੱਚ ਵੰਡਿਆ ਜਾ ਸਕਦਾ ਹੈ। ਕਿਉਂਕਿ ਸਰਵਜਨਿਕ ਵਸਤੂਆਂ ਦੇ ਲਾਭ ਨਾ ਵੰਡਣ ਯੋਗ ਹੁੰਦੇ ਹਨ, ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਤਰੀਕੇ ਅਪਣਾਏ ਜਿਨ੍ਹਾਂ ਨਾਲ ਸਰਵਜਨਿਕ ਵਸਤੂਆਂ ਦੀਆਂ ਲਾਗਤਾਂ ਜਨਤਾ ਵਿੱਚ ਵੰਡੀਆਂ ਜਾ ਸਕਣ ਤਾਂ ਕਿ ਹਰੇਕ ਵਿਅਕਤੀ ਉਨ੍ਹਾਂ ਦਾ ਉਪਭੋਗ ਕਰਕੇ ਪਹਿਲਾਂ ਤੋਂ ਚੰਗੀ ਸਥਿਤੀ ਵਿੱਚ ਹੋਵੇ। ਇਸ ਤੋਂ ਇਲਾਵਾ ਜੇਕਰ ਇਕ ਸਰਵਜਨਿਕ ਵਸਤੂ ਨਾਲ ਸੰਭਾਵਿਤ ਲਾਭ ਉਸ ਦੀਆਂ ਲਾਗਤਾਂ ਤੋਂ ਜ਼ਿਆਦਾ ਹੋਵੇ। ਜਿਨ੍ਹਾਂ ਨਾਲ ਸਰਕਾਰ ਵੱਲੋਂ ਆਪਣੀ ਕਿਰਿਆ ਦੇ ਖੇਤਰ ਦੇ ਵਿਸਥਾਰ ਨਾਲ ਆਰੋਪਿਤ (Imputed) ਲਾਗਤਾਂ ਵੀ ਸ਼ਾਮਲਿ ਹੋਣ ਤਾਂ ਲੋਕ ਕਰਿਆ (Public activity) ਦੇ ਖੇਤਰ ਵਿੱਚ ਇਹ ਵਾਧਾ ਆਰਥਿਕ ਕਲਿਆਣ ਦੇ ਅਧਾਰ 'ਤੇ ਪੂਰਨ ਰੂਪ ਵਿੱਚ ਨਿਆਸੰਗਤ ਹੈ।

4. **ਏਕੀਕਰਨ** (Unitisation)– ਇਕ ਹੋਰ ਤਰੀਕਾ ਉਤਪਾਦਨ ਵਿੱਚ ਬਹਿਰਭਾਵਾਂ ਦਾ ਅੰਦੂਰਨੀਕਰਨ ਹੈ। ਇਕ ਹੀ ਖੇਤਰ ਵਿੱਚ ਜਦੋਂ ਤੇਲ ਉਤਪਾਦਨ ਵਿੱਚ ਫਰਮਾਂ ਲਗਾਈਆਂ ਜਾਂਦੀਆਂ ਹਨ ਤਾਂ ਉਨ੍ਹਾਂ ਤੋਂ ਜ਼ਿਆਦਾ ਬਰਮਾਕਰਨ (drilling) ਅਤੇ ਪੰਪਿੰਗ ਹੁੰਦੇ ਹਨ, ਜਿਨ੍ਹਾਂ ਨਾਲ ਉਤਪਾਦਨ ਅਮਿਤਵਯਯਿਤਾਵਾਂ ਹੁੰਦੀਆਂ ਹਨ। ਫਰਮਾਂ ਦੇ ਵਿਲਯਨ (merger) ਨਾਲ ਉਤਪਾਦਨ ਦੀ ਅਮਿਤਵਯਯਿਤਾਵਾਂ ਤੋਂ ਬਿਨਾਂ ਤੇਲ ਵੱਡੀ ਕੁਸ਼ਲਤਾ ਦੇ ਨਾਲ ਉਤਪਾਦਤ ਕੀਤਾ ਜਾ ਸਕਦਾ ਹੈ।

5. **ਸੰਪਤੀ ਅਧਿਕਾਰ** (Property rights)– ਪ੍ਰੋ. ਰੋਨਾਲਡ ਕੋਸ (Ronald Coase) ਨੇ ਇਹ ਪ੍ਰਗਟ ਕੀਤਾ ਹੈ ਕਿ ਬਹਿਰਭਾਵਾਂ ਦਾ ਮੁੱਖ ਸਰੋਤ ਸੰਪਤੀ ਅਧਿਕਾਰਾਂ ਦੀ ਅਸੰਗਤ ਵੰਡ (Inappropriate assignment) ਹੈ। ਉਸ ਦੇ ਅਨੁਸਾਰ ਜੇਕਰ ਸੰਪਤੀ ਅਧਿਕਾਰ ਸਪੱਸ਼ਟ ਤੌਰ 'ਤੇ ਪ੍ਰੀਭਾਸ਼ਿਤ ਕੀਤੇ ਜਾਂਦੇ ਹਨ ਤਾਂ ਪ੍ਰਭਾਵਿਤ ਵਿਅਕਤੀ ਬਹਿਰਭਾਵਾਂ

ਨੂੰ ਅੰਦੂਰਨੀਕ੍ਰਿਤ ਕਰਨ ਦੇ ਲਈ ਨੀਤੀਆਂ ਅਪਣਾਏਗਾ। ਇਸ ਦੇ ਲਈ ਇਹ ਜ਼ਰੂਰੀ ਹੈ ਕਿ ਸੰਪਤੀ ਅਧਿਕਾਰ ਵਿਕਰੀ (Marketable) ਹੋਵੇ ਤਾਂ ਕਿ ਨਿੱਜੀ ਸੌਦੇਬਾਜ਼ੀ ਕੀਤੀ ਜਾ ਸਕੇ। ਉਸ ਦੇ ਅਨੁਸਾਰ ਤੰਤਰ ਪਰੇਟੋ ਇਸ਼ਟਤਮ ਵੱਲ ਲਿਜਾ ਸਕਦਾ ਹੈ।

ਨੋਟ

ਕੀ ਤੁਸੀਂ ਜਾਣਦੇ ਹੋ ਆਰਥਿਕ ਸਮਾਨਤਾ ਹੀ ਕਲਿਆਣ ਨੂੰ ਜ਼ਿਆਦਾ ਕਰਦੀ ਹੈ।

24.4 ਪੀਗੂ ਦੀ ਆਦਰਸ਼ ਉਤਪਾਦ ਧਾਰਨਾ (Pigou's Concept of Ideal Output)

ਪੀਗੂ ਦੀ ਆਦਰਸ਼ ਉਤਪਾਦ ਦੀ ਧਾਰਨਾ ਆਰਥਿਕ ਪ੍ਰਣਾਲੀ ਦੇ ਇਸ਼ਟਤਮ ਕਲਿਆਣ ਨਾਲ ਸਬੰਧ ਰੱਖਦੀ ਹੈ। ਪੀਗੂ ਨੇ ਰਾਸ਼ਟਰੀ ਲਾਭ ਅੰਸ਼ ਨੂੰ ਕਲਿਆਣ ਦਾ ਸੂਚਕ ਮੰਨਿਆ ਹੈ। ਪੀਗੂ ਦੇ ਅਨੁਸਾਰ ਜਦੋਂ ਸਾਰੇ ਸੰਸਾਧਨਾਂ ਦੇ ਸੀਮਿਤ ਸਮਾਜਿਕ ਉਤਪਾਦ ਦਾ ਮੁੱਲ ਸਾਰੇ ਸੰਭਵ ਪ੍ਰਯੋਗਾਂ ਵਿੱਚ ਬਰਾਬਰ ਹੋਵੇ ਤਾਂ ਰਾਸ਼ਟਰੀ ਲਾਭ ਅੰਸ਼ ਜ਼ਿਆਦਾ ਹੋ ਜਾਂਦਾ ਹੈ। ਜਿੱਥੇ ਪੂਰੀ ਪ੍ਰਤੀਯੋਗਤਾ ਹੁੰਦੀ ਹੈ, ਉਥੇ ਇਸ਼ਟਤਮ ਜਾਂ ਆਦਰਸ਼ ਉਤਪਾਦ ਕੀਤੀ ਸਥਿਤੀ ਆਪਣੇ ਆਪ ਆ ਜਾਂਦੀ ਹੈ ਪਰ ਜੇਕਰ ਹੋਰ ਪ੍ਰਯੋਗਾਂ ਦੀ ਤੁਲਨਾ 'ਚ ਕਿਸੇ ਵੀ ਇਕ ਪ੍ਰਯੋਗ ਵਿੱਚ ਸਾਧਨਾਂ ਦੇ ਸਮਾਜਿਕ ਸੀਮਿਤ ਉਤਪਾਦ ਦਾ ਮੁੱਲ ਘੱਟ ਹੋਵੇ ਤਾਂ ਸਮਾਜਿਕ ਕੰਟਰੋਲ ਜਾਂ ਕਰਾਂ ਜਾਂ ਸਬਸਿਡੀ ਨਾਲ ਸਾਧਨਾਂ ਨੂੰ ਉਤਪਾਦ ਦੇ ਜ਼ਿਆਦਾ ਲਾਭਪ੍ਰਦ ਕਿਸਮਾਂ ਵਿੱਚ ਤਬਦੀਲ ਕਰਕੇ ਆਦਰਸ਼ ਉਤਪਾਦ ਦੀ ਸਥਿਤੀ ਉਪਲੱਬਧ ਕੀਤੀ ਜਾਂਦੀ ਹੈ।

ਪ੍ਰੋ. ਬੋਮੋਲ (Baumol) ਨੇ ਪੀਗੂ ਦੀ ਆਦਰਸ਼ ਉਤਪਾਦ ਵਿਸ਼ਯਕ ਧਾਰਨਾ ਦੀ ਨਵੀਂ ਵਿਆਖਿਆ ਕੀਤੀ ਹੈ ਅਤੇ ਪਰੇਟੋ ਦੇ ਸਾਰੇ ਸੰਤੁਲਨ ਨਾਲ ਉਸ ਦਾ ਸਬੰਧ ਜੋੜਿਆ ਹੈ। ਉਸ ਦੀ ਪ੍ਰੀਭਾਸ਼ਾ ਦੇ ਅਨੁਸਾਰ ਆਦਰਸ਼ ਉਤਪਾਦ ਉਹ ਉਤਪਾਦਨ ਹੈ ਜਿਸ 'ਤੇ ਕਿ ਅਰਥਵਿਵਸਕਾ ਦੇ ਸਾਧਨਾਂ ਦਾ ਵੱਖ-ਵੱਖ ਪ੍ਰਯੋਗਾਂ ਵਿੱਚ ਅਜਿਹਾ ਪੁਨਰ ਵੰਡ ਨਹੀਂ ਹੋ ਸਕਦੀ ਜੋ ਸਮਾਜ ਨੂੰ ਪਹਿਲਾਂ ਦੀ ਤੁਲਨਾ 'ਚ ਬਿਹਤਰ ਸਥਿਤੀ ਵਿੱਚ ਪਹੁੰਚਾ ਦੇਵੇ। ਆਦਰਸ਼ ਉਤਪਾਦ ਦੀ ਇਹ ਪ੍ਰੀਭਾਸ਼ਾ ਉਸ ਪਰੇਟੀਅਨ ਸਥਿਤੀ ਨਾਲ ਮਿਲਦੀ-ਜੁਲਦੀ ਹੈ ਜਿਸ ਦੇ ਅਨੁਸਾਰ ਕਲਿਆਣ ਉਦੋਂ ਜ਼ਿਆਦਾ ਹੁੰਦਾ ਹੈ ਜਦੋਂ ਕਿਸੇ ਵੀ ਆਰਥਿਕ ਪੁਨਰ ਸੰਗਠਨ ਨਾਲ ਘੱਟ ਤੋਂ ਘੱਟ ਇਕ ਵਿਅਕਤੀ ਦੀ ਸਥਿਤੀ ਨੂੰ ਦੂਸਰਿਆਂ ਦੀ ਸਥਿਤੀ ਵਿੱਚ ਪਰਿਵਰਤਨ ਕੀਤੇ ਬਿਨਾਂ ਪਹਿਲੇ ਤੋਂ ਬਿਹਤਰ ਬਣਾ ਦਿੱਤਾ ਜਾਵੇ।

ਬੋਮੋਲ ਨੇ ਕਲਿਆਣ ਅਰਥਸ਼ਾਸਤਰ ਦੇ ਆਧੁਨਿਕ ਵਿਸ਼ਲੇਸ਼ਣਾਤਮਕ ਔਜ਼ਾਰਾ ਦੀ ਸ਼ਬਦਾਵਲੀ ਵਿੱਚ ਆਦਰਸ਼ ਉਤਪਾਦ ਦੀ ਸਮੱਸਿਆ ਦਾ ਵਿਵੇਚਨ ਕੀਤਾ ਹੈ। ਉਸ ਦਾ ਵਿਸ਼ਲੇਸ਼ਣ ਹੇਠ ਲਿਖੀਆਂ ਮਾਨਤਾਵਾਂ 'ਤੇ ਅਧਾਰਿਤ ਹੈ- (1) ਬਾਜ਼ਾਰ ਵਿੱਚ ਤਿਆਰ ਵਸਤੂਆਂ ਦੀ ਮੰਗ ਵਿੱਚ ਪੂਰੀ ਪ੍ਰਤੀਯੋਗਤਾ ਹੁੰਦੀ ਹੈ। (2) ਸਾਰੀਆਂ ਵਸਤੂਆਂ ਦੀ ਸਮਾਜ ਵਿੱਚ ਅਨੁਪਮ ਰੂਪ ਨਾਲ ਵੰਡ ਹੁੰਦੀ ਹੈ। (3) ਸਮਾਜ ਵਿੱਚ ਰੁਚੀਆਂ ਅਤੇ ਉਦਯੋਗਿਕੀ ਨਾ ਬਦਲਣ ਯੋਗ ਰਹਿੰਦੀਆਂ ਹਨ। (4) ਸਮਾਜ ਦਾ ਹਰੇਕ ਮੈਂਬਰ ਹਰ ਵਸਤੂ ਦੀ ਜ਼ਿਆਦਾ ਮਾਤਰਾ ਨੂੰ ਪਹਿਲਾ ਦਿੰਦਾ ਹੈ ਨਾ ਕਿ ਘੱਟ ਨੂੰ। (5) ਸਾਧਨਾਂ ਦੇ ਨਿਯੋਜਨ ਦਾ ਪੱਧਰ ਦਿੱਤਾ ਹੋਇਆ ਹੈ। (6) ਉਪਭੋਗ ਅਤੇ ਉਤਪਾਦ ਵਿੱਚ ਕੋਈ ਬਾਹਮ ਪ੍ਰਭਾਵ ਨਹੀਂ ਹੁੰਦੇ। (7) ਸਮੁਦਾਇ ਦੇ ਉਦਾਸੀਨਤਾ ਵਕ੍ਰ ਇਕ ਦੂਸਰੇ ਨੂੰ ਨਹੀਂ ਕੱਟਦੇ। (8) ਅਰਥਵਿਵਸਕਾ ਵਿੱਚ ਕੇਵਲ ਦੋ ਹੀ ਵਸਤੂਆਂ X ਅਤੇ Y ਦਾ ਉਤਪਾਦਨ ਹੁੰਦਾ ਹੈ।

ਟਾਸਕ ਪੀਗੂ ਦੀ ਆਦਰਸ਼ ਉਤਪਾਦ ਧਾਰਨਾ 'ਤੇ ਆਪਣੇ ਵਿਚਾਰ ਪ੍ਰਗਟ ਕਰੋ।

ਇਨ੍ਹਾਂ ਮਾਨਤਾਵਾਂ ਦੇ ਲਈ ਦਿੱਤੇ ਹੋਏ ਹੋਣ 'ਤੇ ਬੋਮੋਲ ਨੇ ਰੇਖੀ ਰੂਪ ਨਾਲ ਸਿੱਧ ਕੀਤਾ ਹੈ ਕਿ ਸਮਾਜ ਕਿਸ ਤਰ੍ਹਾਂ ਆਦਰਸ਼ ਉਤਪਾਦ ਦੀ ਸਥਿਤੀ 'ਤੇ ਪਹੁੰਚਦਾ ਹੈ। ਚਿੱਤਰ 24.3 'ਤੇ ਧਿਆਨ ਦਿਓ। ਇਸ ਵਿੱਚ ਵਸਤੂ X ਦਾ ਉਤਪਾਦ ਕਸ਼ੈਤਿਜ ਅਕਸ਼ ਅਤੇ ਵਸਤੂ Y ਦਾ ਉਤਪਾਦਨ ਅਨੁਲੰਬ ਅਕਸ਼ 'ਤੇ ਨਾਪਿਆ ਗਿਆ ਹੈ। I, I_1 ਅਤੇ I_2 ਸਮੁਦਾਇ ਉਦਾਸੀਨਤਾ ਵਕ੍ਰ ਹਨ ਜੋ ਇਨ੍ਹਾਂ ਵਸਤੂਆਂ ਦੇ ਸਮਾਜ ਨੂੰ ਉਪਲੱਬਧ ਹੋਣ ਵਾਲੇ ਵੱਖ-ਵੱਖ ਸੰਜੋਗਾਂ ਨੂੰ ਪ੍ਰਦਰਸ਼ਿਤ ਕਰਦੇ ਹਨ। ਕਿਸੇ ਵੀ ਬਿੰਦੂ 'ਤੇ ਉਦਾਸੀਨਤਾ ਵਕ੍ਰ ਵਸਤੂਆਂ ਦਾ ਢਲਾਣ ਇਨ੍ਹਾਂ ਦੋ X ਅਤੇ Y ਦੇ ਵਿੱਚ ਸਥਾਨਾਪੰਨਤਾ ਦੀ ਦਰ ਨੂੰ (MRS_{xy}) ਪ੍ਰਗਟ ਕਰਦਾ ਹੈ। TC ਰੂਪਾਂਤਰਣ ਵਕ੍ਰ ਹੈ ਜੋ ਦਿੱਤੇ ਹੋਏ ਸਾਧਨਾਂ ਅਤੇ ਉਦਯੋਗਿਕੀ ਨਾਲ ਸੰਭਵ ਵੱਖ-ਵੱਖ ਉਤਪਾਦਨ ਸੰਜੋਗਾਂ ਨੂੰ ਪ੍ਰਗਟ ਕਰਦਾ ਹੈ। ਕਿਸੇ ਵੀ ਬਿੰਦੂ 'ਤੇ ਰੂਪਾਂਤਰਣ ਵਕ੍ਰ ਦੀ ਢਲਾਣ ਵਸਤੂ Y ਦੀ ਸਮਾਜਿਕ ਸੀਮਿਤ ਲਾਗਤ ਨਾਲ ਵਸਤੂ X ਦੀ ਸਮਾਜਿਕ ਸੀਮਿਤ ਲਾਗਤ (SMC) ਦੇ ਅਨੁਪਾਤ ਨੂੰ ਨਾਪਦੀ ਹੈ। ਰੂਪਾਂਤਰਣ ਵਕ੍ਰ ਦੀ ਢਲਾਣ ਸਾਡੇ ਵੱਲੋਂ ਲਈ ਗਈ ਉਦਾਹਰਣ ਵਿੱਚ ਦੋ ਵਸਤੂਆਂ X ਅਤੇ Y ਦੇ ਵਿੱਚ ਰੂਪਾਂਤਰਣ ਦੀ ਸੀਮਿਤ ਦਰ ਹੈ। ਇਸ ਤਰ੍ਹਾਂ MRT_{xy} MSC_x/MSC_y ਕੀਮਤ ਰੇਖਾ PL ਹੈ ਜਿਸ ਦੀ ਢਲਾਣ P_x/P_y ਨੂੰ ਪ੍ਰਗਟ ਕਰਦੀ ਹੈ।

ਨੋਟ

ਬਿੰਦੂ E 'ਤੇ ਸਮਾਜ ਆਦਰਸ਼ ਉਤਪਾਦ ਦੀ ਸਥਿਤੀ ਉਪਲੱਬਧ ਕਰ ਲੈਂਦਾ ਹੈ, ਜਿੱਥੇ ਕਿ ਰੂਪਾਂਤਰਣ ਵਕ੍ਰ TC ਉਚੇ ਸੰਭਵ ਸਮੁਦਾਇ ਉਦਾਸੀਨਤਾ ਵਕ੍ਰ I_1 ਨੂੰ ਛੂੰਹਦਾ ਹੈ। ਇਸ ਇਸ਼ਟਤਮ ਪੱਧਰ 'ਤੇ ਸਮਾਜ ਵਸਤੂ X ਦਾ OX_1 ਅਤੇ ਵਸਤੂ Y ਦਾ OY_1 ਉਤਪਾਦਨ ਅਤੇ ਉਪਭੋਗ ਕਰਦਾ ਹੈ। ਜੇਕਰ TC ਵਕ੍ਰ 'ਤੇ ਬਿੰਦੂ E ਤੋਂ ਪਰੇ ਕੋਈ ਵੀ ਗਤੀ ਹੋਵੇਗੀ, ਤਾਂ ਸਮੁਦਾਇ ਤੁਲਨਾ 'ਚ ਜ਼ਿਆਦਾ ਹੇਠਾਂ ਉਦਾਸੀਨਤਾ ਵਕ੍ਰ 'ਤੇ ਜਿਵੇਂ ਕਿ I ਵਕ੍ਰ 'ਤੇ ਅਤੇ ਕਲਿਆਣ ਦੇ ਮੁਕਾਬਲੇ ਹੇਠਾਂ ਪੱਧਰ 'ਤੇ ਆ ਜਾਵੇਗਾ। ਇਹ ਸਿੱਧ ਕੀਤਾ ਜਾ ਸਕਦਾ ਹੈ ਕਿ ਇਹ ਆਦਰਸ਼ ਉਤਪਾਦ ਅਸਲ ਵਿੱਚ ਪ੍ਰਯੋਗਤਾ ਮੂਲਕ ਉਤਪਾਦ ਹੈ। ਕਿਉਂਕਿ ਮਾਨਤਾ ਇਹ ਹੈ ਕਿ ਪੂਰੀ ਪ੍ਰਤੀਯੋਗਤਾ ਹੈ ਅਤੇ ਬਾਹਰੀ ਪ੍ਰਭਾਵਾਂ ਦਾ ਅਹਿਸਾਸ ਹੈ, ਇਸ ਲਈ ਸਾਰੇ ਬਾਜ਼ਾਰ ਵਿੱਚ ਦੋਨੋਂ ਵਸਤੂਆਂ ਦੀਆਂ ਕੀਮਤਾਂ ਇਕ ਸਾਰ ਰਹਿੰਦੀਆਂ ਹਨ। ਇਸ ਤਰ੍ਹਾਂ ਮੰਗ ਪੱਖ ਵੱਲੋਂ ਬਿੰਦੂ E 'ਤੇ ਸੰਤੁਲਨ ਸਥਾਪਿਤ ਹੋ ਜਾਂਦਾ ਹੈ ਜਿੱਥੇ ਕਿ ਕੀਮਤ ਰੇਖਾ PL ਤਟਸਥਤਾ ਵਕ੍ਰ I_1 ਨੂੰ ਛੂੰਹਦੀ ਹੈ। ਇਸ ਤਰ੍ਹਾ ਬਿੰਦੂ E 'ਤੇ

$$MRS_{xy} = P_x/P_y \quad ...(i)$$

ਪੂਰਤੀ ਪੱਖ ਵਜੋਂ ਪ੍ਰਤੀਯੋਗਤਾ ਮੂਲਕ ਸੰਤੁਲਨ ਦੇ ਲਈ ਇਸ ਗੱਲ ਦੀ ਜ਼ਰੂਰਤ ਹੈ ਕਿ ਕੀਮਤ ਰੇਖਾ ਦੀ ਢਲਾਣ ਨਿਸ਼ਚਿਤ ਨਾਲ ਰੂਪਾਂਤਰਣ ਵਕ੍ਰ ਦੀ ਢਲਾਣ ਦੇ ਬਰਾਬਰ ਹੋਵੇ, ਅਤੇ

$$P_x/P_y = MRT_{xy} \quad ...(ii)$$

ਪੂਰਨ ਬਾਜ਼ਾਰ ਵਿੱਚ MRTxy ਸੀਮਿਤ ਨਿੱਜੀ ਲਾਗਤ Y ਦੀ (MC_y) ਨਾਲ X ਦੀ ਸੀਮਿਤ ਨਿੱਜੀ ਲਾਗਤ (MC_x) ਦੇ ਅਨੁਪਾਤ ਦੇ ਬਰਾਬਰ ਹੈ, ਕਿਉਂਕਿ ਮਾਨਤਾ ਇਹ ਹੈ ਕਿ ਉਤਪਾਦਨ ਵਿੱਚ ਬਾਹਰੀ ਪ੍ਰਭਾਵ ਨਹੀਂ ਹੈ, ਇਸ ਲਈ ਉਤਪਾਦਨ ਦੀ ਸੀਮਿਤ ਨਿੱਜੀ ਲਾਗਤ ਉਤਪਾਦਨ ਦੀ ਸੀਮਿਤ ਸਮਾਜਿਕ ਲਾਗਤ ਦੇ ਬਰਾਬਰ ਹੈ। ਇਸ ਤਰ੍ਹਾਂ ਰੂਪਾਂਤਰਣ ਵਕ੍ਰ ਦਾ ਢਲਾਣ ਦੱਸਦਾ ਹੈ ਕਿ

$$MRT_{xy} = MC_x/MC_y = MSC_x/MSC_y$$

(i) ਅਤੇ (ii) ਤੋਂ ਸਿੱਟਾ ਨਿਕਲਦਾ ਹੈ ਕਿ ਪ੍ਰਤੀਯੋਗਤਾ ਮੂਲਕ ਉਤਪਾਦਨ ਉਸ ਸਥਾਨ 'ਤੇ ਨਿਰਧਾਰਿਤ ਹੁੰਦਾ ਹੈ ਜਿੱਥੇ ਕੀਮਤ ਰੇਖਾ ਅਤੇ ਤਟਸਥਾ ਵਕ੍ਰ ਪ੍ਰਸਪਰ ਛੂੰਹਦੀ ਹੋਵੇ ਅਤੇ $MRTxy = P_x/P_y = MRT_{xy}$ ਇਹ ਸਥਾਨ ਚਿੱਤਰ 24.3 ਵਿੱਚ ਬਿੰਦੂ E ਹੈ। ਅਸਲ ਵਿੱਚ ਇਹ ਪ੍ਰਤੀਯੋਗਤਾ ਮੂਲਕ ਸੰਤੁਲਨ ਹੀ ਪਰੇਟੀਅਨ ਸਾਰੇ ਸੰਤੁਲਨ ਜਾਂ ਪਰੇਟੀਅਨ ਇਸ਼ਟਮਤਾ ਹੈ ਪਰ ਆਦਰਸ਼ ਉਤਪਾਦ ਉਸ ਸਥਾਨ 'ਤੇ ਨਿਰਧਾਰਿਤ ਹੁੰਦਾ ਹੈ ਜਿੱਥੇ ਰੂਪਾਂਤਰਣ ਵਕ੍ਰ ਅਧਿਮਾਨ ਵਕ੍ਰ ਨੂੰ ਛੂੰਹਦੀ ਹੈ ਪਰ ਬਾਹਰੀ ਪ੍ਰਭਾਵਾਂ ਦੇ ਅਹਿਸਾਸ ਵਿੱਚ ਹੀ ਅਜਿਹਾ ਹੁੰਦਾ ਹੈ ਕਿ ਪ੍ਰਤੀਯੋਗਤਾ ਮੂਲਕ ਉਤਪਾਦਨ ਅਤੇ ਆਦਰਸ਼ ਉਤਪਾਦ ਦੀ ਸਥਿਤੀ ਇਕ ਹੀ ਹੋਵੇ ਜਿਸ ਨੂੰ ਚਿੱਤਰ 24.3 ਵਿੱਚ E ਨਾਲ ਦਿਖਾਇਆ ਗਿਆ ਹੈ।



ਚਿੱਤਰ 24.3

ਪਰ ਜੇਕਰ ਵਸਤੂ X ਦਾ ਉਤਪਾਦਨ ਕਰਨ ਵਾਲੇ ਉਦਯੋਗ ਵਿੱਚ ਬਾਹਰੀ ਪ੍ਰਭਾਵ ਮੌਜੂਦ ਹੋਣਗੇ ਤਾਂ ਇਸ ਦੀ ਸੀਮਿਤ ਸਮਾਜਿਕ ਲਾਗਤ ਇਸ ਦੀ ਸੀਮਿਤ ਨਿੱਜੀ ਲਾਗਤ ਤੋਂ ਵੱਖ (Diverge) ਹੋ ਜਾਵੇਗੀ। ਇਸ ਤਰ੍ਹਾਂ ਇਸ ਉਦਯੋਗ ਵਿੱਚ ਸੀਮਿਤ ਸਮਾਜਿਕ

ਨੋਟ

ਲਾਗਤ ਅਤੇ ਵਸਤੂ y ਦਾ ਉਤਪਾਦਨ ਕਰਨ ਵਾਲੇ ਉਦਯੋਗ ਵਿੱਚ ਸਮਾਜਿਕ ਸੀਮਿਤ ਲਾਗਤ ਦੇ ਵਿੱਚ ਅਨੁਪਾਤ ਉਨ੍ਹਾਂ ਦੀਆਂ ਕੀਮਤਾ ਵਿੱਚ ਅਨੁਪਾਤ ਦੇ ਬਰਾਬਰ ਨਹੀਂ ਹੋਵੇਗਾ। ਦੂਸਰੇ ਸ਼ਬਦਾਂ ਵਿੱਚ ਰੂਪਾਂਤਰਣ ਵਕ੍ਰ ਅਤੇ ਕੀਮਤ ਰੇਖਾ ਪ੍ਰਸਪਰ ਛੂਹ ਨਹੀਂ (Tangent) ਨਹੀਂ ਹੋਣਗੇ।

ਪਹਿਲਾਂ ਉਸ ਸਥਿਤੀ 'ਤੇ ਵਿਚਾਰ ਕਰੋ ਜਿੱਥੇ ਵਸਤੂ X ਦੇ ਉਤਪਾਦਨ ਵਿੱਚ ਬਾਹਰ ਮਿਤਵਯਯਿਤਾਵਾ ਪਾਈਆਂ ਜਾਂਦੀਆਂ ਹਨ। ਉਤਪਾਦਨ ਵਿੱਚ ਸੰਤੁਲਨ ਦੇ ਲਈ ਜ਼ਰੂਰੀ ਕੀਮਤ-ਰੇਖਾ ਚਿੱਤਰ 24.4 ਵਿੱਚ bb ਰੇਖਾ ਵਿੱਚ ਦਿਖਾਈ ਗਈ ਹੈ। ਇਸ ਰੇਖਾ ਦਾ ਢਲਾਣ ਰੂਪਾਂਤਰਣ ਵਕ੍ਰ TC ਦੇ ਢਲਾਣ ਤੋਂ ਜ਼ਿਆਦਾ ਹੈ ਜਿਸ ਦਾ ਮਤਲਬ ਹੈ ਕਿ ਸੀਮਿਤ ਨਿੱਜੀ ਲਾਗਤ, ਸੀਮਿਤ ਸਮਾਜਿਕ ਲਾਗਤ ਤੋਂ ਜ਼ਿਆਦਾ ਹੈ। ਹੁਣ ਇਸ ਗੱਲ 'ਤੇ ਧਿਆਨ ਦਿਓ ਕਿ ਵਸਤੂ X ਦੇ ਉਤਪਾਦਨ ਵਿੱਚ ਬਾਹਰ ਅਲਾਭ ਮੌਜੂਦ ਹਨ। ਕੀਮਤ ਨੂੰ dd ਰੇਖਾ ਨਾਲ ਦਿਖਾਇਆ ਗਿਆ ਹੈ ਜਿਸ ਦੀ ਢਲਾਣ ਰੂਪਾਂਤਰਣ ਵਕ੍ਰ ਦੀ ਢਲਾਣ ਤੋਂ ਘੱਟ ਹੈ। ਇੱਥੇ ਸੀਮਿਤ ਨਿੱਜੀ ਲਾਗਤ ਦੀ ਤੁਲਨਾ 'ਚ ਸੀਮਿਤ ਸਮਾਜਿਕ ਲਾਗਤ ਜ਼ਿਆਦਾ ਹੈ।

ਬਾਹਰੀ ਪ੍ਰਭਾਵਾਂ ਦੇ ਅਹਿਸਾਸ ਵਿੱਚ ਬਿੰਦੂ E ਆਦਰਸ਼ ਉਤਪਾਦ ਦਾ ਬਿੰਦੂ ਹੈ ਜਿੱਥੇ ਉਦਾਸੀਨਤਾ ਵਕ੍ਰ I_1 ਅਤੇ ਰੂਪਾਂਤਰਣ TC ਇਕ ਦੂਸਰੇ ਨੂੰ ਛੂੰਹਦੇ ਹਨ। ਜੇਕਰ ਪ੍ਰਤੀਯੋਗਤਾ ਮੂਲਕ ਉਤਪਾਦਨ ਦੀ ਵੀ ਸਥਿਤੀ ਹੈ, ਕਿਉਂਕਿ ee ਕੀਮਤ ਰੇਖਾ ਉਦਾਸੀਨਤਾ ਵਕ੍ਰ I_1 ਅਤੇ ਰੂਪਾਂਤਰਣ ਵਕ੍ਰ (TC) ਪ੍ਰਸਪਰ ਛੂੰਹਦੇ ਹਨ। ਜੇਕਰ ਉਤਪਾਦਨ ਬਾਹਰੀ ਮਿਤਵਯਯਿਤਾਵਾਂ ਦੀਆਂ ਸਥਿਤੀਆਂ ਵਿੱਚ ਵਸਤੂ X ਦਾ ਉਤਪਾਦਨ ਕੀਤਾ ਜਾਂਦਾ ਹੈ ਤਾਂ ਸੰਤੁਲਨ ਬਿੰਦੂ B ਹੋਵੇਗਾ ਜੋ E ਦੇ ਖੱਬੇ ਪਾਸੇ ਸਥਿਤ ਹੈ। ਇੱਥੇ ਕੀਮਤ ਰੇਖਾ bb ਉਦਾਸੀਨਤਾ ਵਕ੍ਰ I ਦੇ ਬਿੰਦੂ B 'ਤੇ ਛੂੰਹਦਾ ਹੈ, ਇੱਥੇ ਵਸਤੂ X ਦਾ ਉਤਪਾਦਨ OX_1 ਹੈ ਜੋ ਉਸ ਦੇ ਆਦਰਸ਼ ਉਤਪਾਦਨ OX ਦੇ ਮੁਕਾਬਲੇ ਬਹੁਤ ਘੱਟ ਹੈ। ਜੇਕਰ ਬਾਹਰੀ ਅਲਾਭਾਂ ਦੀਆਂ ਸਥਿਤੀਆਂ ਵਿੱਚ ਵਸਤੂ X ਦਾ ਉਤਪਾਦਨ ਕੀਤਾ ਜਾਵੇਗਾ ਤਾਂ ਸੰਤੁਲਨ ਦਾ ਬਿੰਦੂ D ਹੋਵੇਗਾ ਜੋ E ਦੇ ਸੱਜੇ ਪਾਸੇ ਹੈ। ਇੱਥੇ ਕੀਮਤ ਰੇਖਾ dd ਉਦਾਸੀਨਤਾ ਵਕ੍ਰ I ਨੂੰ ਬਿੰਦੂ D 'ਤੇ ਛੂੰਹਦੀ ਹੈ, ਜਿੱਥੇ ਵਸਤੂ X ਦਾ ਉਤਪਾਦਨ OX_2 ਹੈ ਜੋ ਉਸ ਦੇ ਆਦਰਸ਼ ਉਤਪਾਦ OX ਦੇ ਮੁਕਾਬਲੇ ਬਹੁਤ ਜ਼ਿਆਦਾ ਹਨ। ਬਿੰਦੂ B ਅਤੇ D ਆਦਰਸ਼ ਉਤਪਾਦ ਨਹੀਂ ਹੋ ਸਕਦੇ, ਕਿਉਂਕਿ ਉਹ ਤੁਲਨਾ 'ਚ ਹੇਠਾਂ ਉਦਾਸੀਨਤਾ ਵਕ੍ਰ 'ਤੇ ਸਥਿਤ ਹਨ, ਜਦੋਂ ਕਿ ਬਿੰਦੂ E ਤੁਲਨਾ ਵਿੱਚ ਉਚੇ ਅਧਿਮਾਨ ਵਕ੍ਰ I_1 'ਤੇ ਸਥਿਤ ਹੈ।



ਚਿੱਤਰ 24.4

ਪੀਗੂ ਵਾਂਗ ਬੋਮੋਲ ਦਾ ਸੁਝਾਅ ਹੈ ਕਿ ਕਰਾਂ ਦੇ ਸਬਸਿਡੀ ਨਾਲ ਬਾਹਰੀ ਪ੍ਰਭਾਵ ਠੀਕ ਕੀਤੇ ਜਾ ਸਕਦੇ ਹਨ ਅਤੇ ਆਦਰਸ਼ ਉਤਪਾਦਨ ਉਪਲੱਬਧ ਕੀਤਾ ਜਾ ਸਕਦਾ ਹੈ। ਜੇਕਰ ਵਸਤੂ X ਦਾ ਉਤਪਾਦਨ ਆਦਰਸ਼ ਉਤਪਾਦਨ ਨੂੰ ਜ਼ਿਆਦਾ ਹੋਵੇ, ਜਿਵੇਂ ਕਿ ਬਿੰਦੂ D 'ਤੇ ਹੈ ਤਾਂ ਉਤਪਾਦਨ ਦੀ ਹਰੇਕ ਇਕਾਈ 'ਤੇ ਭਾਰੀ ਕਰ ਲਗਾ ਕੇ ਉਤਪਾਦਨ ਘਟਾਇਆ ਜਾ ਸਕਦਾ ਹੈ। ਇਸ ਤੋਂ ਉਲਟ ਜੇਕਰ ਵਸਤੂ X ਦਾ ਉਤਪਾਦਨ ਆਦਰਸ਼ ਉਤਪਾਦ ਤੋਂ ਘੱਟ ਹੈ, ਜਿਵੇਂ ਕਿ ਬਿੰਦੂ B 'ਤੇ ਹੈ ਤਾਂ ਉਤਪਾਦਨ ਦੀ ਹਰੇਕ ਇਕਾਈ 'ਤੇ ਸਬਸਿਡੀ ਦੇ ਕੇ ਉਸ ਦਾ ਉਤਪਾਦਨ ਵਧਾਇਆ ਜਾ ਸਕਦਾ ਹੈ। ਆਦਰਸ਼ ਉਤਪਾਦ ਦੀ ਸਥਿਤੀ ਤਾਂ ਹੀ ਉਪਲੱਬਧ ਹੋ ਸਕਦੀ ਹੈ, ਜਦੋਂ ਕਰ ਦੇ ਰੂਪ ਵਿੱਚ ਇਕੱਠੀ ਕੀਤੀ ਗਈ ਰਾਸ਼ੀ ਸਰਕਾਰ ਵੱਲੋਂ ਸਬਸਿਡੀ ਦੇ ਰੂਪ ਵਿੱਚ ਦਿੱਤੀ ਗਈ ਰਾਸ਼ੀ ਦੇ ਬਰਾਬਰ ਹੋਵੇ।

ਨੋਟ

24.5 ਸਾਰੰਸ਼ (Summary)

- ਕਲਿਆਣ ਨੂੰ ਜ਼ਿਆਦਾ ਕਰਨ ਲਈ ਰਾਸ਼ਟਰੀ ਆਮਦਨ **ਵੰਡ** ਵੀ ਮਹੱਤਵਪੂਰਨ ਹੈ। ਜੇਕਰ ਰਾਸ਼ਟਰੀ ਆਮਦਨ ਸਥਿਰ ਰਹਿੰਦੀ ਹੈ ਤਾਂ ਆਮਦਨ ਦਾ ਅਮੀਰਾਂ ਕੋਲੋਂ ਗਰੀਬਾਂ ਨੂੰ ਤਬਦੀਲ ਕਲਿਆਣ ਦੀ ਉਨਤੀ ਕਰੇਗਾ। ਪੀਗੂ ਦੇ ਅਨੁਸਾਰ ਅਜਿਹੀਆਂ ਤਬਦੀਲੀਆਂ ਦਾ ਗਰੀਬਾਂ ਦੀ ਤੁਲਨਾ ਵਿੱਚ ਅਮੀਰਾਂ 'ਤੇ ਘੱਟ ਪ੍ਰਭਾਵ ਪੈਂਦਾ ਹੈ, ਜਿਸ ਦੇ ਨਤੀਜੇ ਵਜੋਂ ਗਰੀਬਾਂ ਦੀ ਆਰਥਿਕ ਹਾਲਤ ਸੁਧਰ ਜਾਂਦੀ ਹੈ। ਕਲਿਆਣ ਦੀ ਇਹ ਸਥਿਤੀ ਪੀਗੂ ਦੀਆਂ ਦੋਹਰੀਆਂ ਧਾਰਨਾਵਾਂ "ਸੰਤੁਸ਼ਟੀ ਦੇ ਲਈ ਸਨਮਾਨ ਸਮਰੱਥਾ" (Equal capacity for satisfaction) ਅਤੇ "ਆਮਦਨ ਦੀ ਹਾਸਮਾਨ ਸੀਮਿਤ ਉਪਯੋਗਤਾ" (Diminishing marginal utility of Income) 'ਤੇ ਅਧਾਰਿਤ ਹੈ।

24.6 ਸ਼ਬਦਕੋਸ਼ (Keywords)

1. **ਦੋਹਰਾ ਮਾਪਦੰਡ** (Dual Criterion)– ਦੋ ਤਰ੍ਹਾਂ ਦੀ ਨੀਤੀ।
2. **ਬ੍ਰਾਹਮ ਪ੍ਰਭਾਵ** (External effects)– ਬਾਹਰੀ ਪ੍ਰਭਾਵ।
3. **ਅਤਿ ਉਤਪਾਦਨ** (Over Production)– ਬਹੁਤ ਜ਼ਿਆਦਾ ਉਤਪਾਦਨ।
4. **ਏਕੀਕਰਣ** (Unitisation)– ਇਕ ਕਰਨ ਦੀ ਕਿਰਿਆ।

24.7 ਅਭਿਆਸ ਪ੍ਰਸ਼ਨ (Review Questions)

1. ਪੀਗੂ ਦੀਆਂ ਕਲਿਆਣ ਦਿਸ਼ਾਵਾਂ ਕੀ ਹਨ? ਦੱਸੋ।
2. 'ਉਤਪਾਦਨ ਦੀਆਂ ਮਿਤਵਯਯਿਤਾਵਾਂ 'ਤੇ ਟਿੱਪਣੀ ਲਿਖੋ।
3. ਪੀਗੂ ਨੇ ਆਦਰਸ਼ ਉਤਪਾਦਨ ਜਾਂ ਕਲਿਆਣ ਦੀ ਪ੍ਰਾਪਤੀ ਲਈ ਸਮਾਜਿਕ ਕੰਟਰੋਲ ਦੇ ਕੀ ਉਪਾਅ ਦੱਸੇ ਹਨ?
4. ਪੀਗੂ ਦੀ ਆਦਰਸ਼ ਉਤਪਾਦਨ ਧਾਰਨਾ ਤੋਂ ਤੁਸੀਂ ਕੀ ਸਮਝਦੇ ਹੋ?

ਉਤਰ : ਸਵੈ-ਮੁਲਾਂਕਣ (Answers : Self Assessment)

1. ਏ. ਸੀ. ਪੀਗੂ	2. ਆਨੰਦ	3. ਕਲਿਆਣ	4. (ਅ)
5. (ਸ)	6. (ਬ)	7. (ਅ)	8. (ਅ)
9. ਸਹੀ	10. ਸਹੀ	11. ਗਲਤ	12. ਸਹੀ

24.8. ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕ੍ਰੋਇਕਨੋਮਿਕਸ : ਐਡਵਾਂਸਡ ਟ੍ਰੀਟਾਈਜ਼-ਐਸ. ਪੀ. ਐਸ. ਚੌਹਾਨ, ਪੀ. ਐਚ. ਆਈ. ਲਰਨਿੰਗ।
2. ਮਾਈਕ੍ਰੋਇਕਨੋਮਿਕਸ : ਬਿਹੇਵੀਅਰ ਇੰਸਟੀਟਿਊਸ਼ਨਜ਼ ਐਂਡ ਇਵੈਲਿਊਸ਼ਨ-ਸੈਂਪੂਲ ਬੋਵੈਲਸ ਆਕਸਫੋਰਡ ਯੂਨੀਵਰਸਿਟੀ ਪ੍ਰੈਸ, 2004।
3. ਮਾਈਕਰੋਇਕਨੋਮਿਕਸ : ਪ੍ਰਿੰਸੀਪਲਜ਼ ਐਪਲੀਕੇਸ਼ਨਜ਼ ਐਂਡ ਟੂਲਸ-ਸੰਜੈ ਬਾਸੋਤੀਆ, ਡੀ. ਐਨ. ਡੀ. ਪਬਲੀਕੇਸ਼ਨਜ਼, 2010।

ਨੋਟ

ਇਕਾਈ–25 : ਸਮਾਜ ਕਲਿਆਣ ਫਲਨ (The Social Welfare Function)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

25.1 ਬਰਗਸਨ ਦਾ ਸਮਾਜ ਕਲਿਆਣ (Burgson's Social Welfare)

25.2 ਸਾਰੰਸ਼ (Summary)

25.3 ਸ਼ਬਦਕੋਸ਼ (Keywords)

25.4 ਅਭਿਆਸ ਪ੍ਰਸ਼ਨ (Review Questions)

25.5 ਸਬੰਧਿਤ ਪੁਸਤਕਾਂ (Further Readings)

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਸਮਾਜ ਕਲਿਆਣ ਫਲਨ ਜਾਨਣ ਸਬੰਧੀ।
- ਸਮਾਜ ਕਲਿਆਣ ਫਲਨ ਦੀ ਆਲੋਚਨਾ ਜਾਨਣ ਸਬੰਧੀ।
- ਸਮਾਜ ਕਲਿਆਣ ਫਲਨ ਦੇ ਸਮੀਕਰਣ ਜਾਨਣ ਸਬੰਧੀ।
- ਬਹੁਮਤ ਨਿਯਮ ਦਾ ਅਧਿਐਨ ਕਰਨ ਸਬੰਧੀ।

ਪ੍ਰਸਤਾਵਨਾ (Introduction)

ਪ੍ਰੋ. ਬਰਗਸਨ ਨੇ ਸਮਾਜ ਕਲਿਆਣ ਫਲਨ ਸਿਧਾਂਤ ਸਭ ਤੋਂ ਪਹਿਲਾਂ ਪੇਸ਼ ਕੀਤਾ ਅਤੇ ਬਾਅਦ ਵਿੱਚ ਸੈਮਿਊਲਸਨ, ਟਿੰਟਨਰ (Tintner) ਅਤੇ ਐਰੋ (Arrow) ਨੇ ਇਸ ਸਿਧਾਂਤ ਦਾ ਵਿਕਾਸ ਕੀਤਾ। ਉਨ੍ਹਾਂ ਦਾ ਵਿਚਾਰ ਹੈ ਕਿ ਮੂਲ ਫੈਸਲੇ (Value Judgements) ਦਾ ਸਮਾਵੇਸ਼ ਕੀਤੇ ਬਿਨਾਂ ਕਲਿਆਣ ਅਰਥ ਸ਼ਾਸਤਰ ਵਿੱਚ ਕੋਈ ਅਰਥ ਭਰਪੂਰ ਸਥਾਪਨਾਵਾਂ (Meaningful Propositions) ਨਹੀਂ ਕੀਤੀ ਜਾ ਸਕਦੀ। ਸਮਾਜ ਕਲਿਆਣ ਦੀ ਧਾਰਨਾ ਕਲਿਆਣ ਅਰਥ ਸ਼ਾਸਤਰ ਦਾ ਵਿਗਿਆਨਿਕ ਦ੍ਰਿਸ਼ਟੀ ਨਾਲ ਸੋ ਆਦਰਸ਼ਵਾਦੀ ਅਧਿਐਨ ਪੇਸ਼ ਕਰਨ ਦਾ ਯਤਨ ਕੀਤਾ ਹੈ।

25.1 ਬਰਗਸਨ ਦਾ ਸਮਾਜ ਕਲਿਆਣ (Burgson's Social Welfare)

ਸਮਾਜ ਕਲਿਆਣ ਫਲਨ ਉਨ੍ਹਾਂ ਸਾਧਨਾਂ ਨੂੰ ਪ੍ਰਗਟ ਕਰਦਾ ਹੈ, ਜਿਨ੍ਹਾਂ 'ਤੇ ਇਕ ਸਮਾਜ ਦਾ ਕਲਿਆਣ ਨਿਰਭਰ ਮੰਨਿਆ ਜਾਂਦਾ ਹੈ। ਪ੍ਰੋ. **ਬਰਗਸਨ** ਦੀ ਪਰਿਭਾਸ਼ਾ ਦੇ ਅਨੁਸਾਰ ਇਹ "ਜਾਂ ਤਾਂ ਸਮੁਦਾਇ ਦੇ ਹਰੇਕ ਵਿਅਕਤੀ ਦੇ ਕਲਿਆਣ ਦਾ ਫਲਨ ਹੁੰਦਾ ਹੈ ਜਾਂ ਫਿਰ ਸਮੁਦਾਇ ਦੇ ਹਰੇਕ ਵਿਅਕਤੀ ਵੱਲੋਂ ਉਪਭੋਗ ਕੀਤੀਆਂ ਗਈਆਂ ਵਸਤੂਆਂ ਅਤੇ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਦਾ ਫਲਨ ਹੈ।" ਆਪਣੇ ਮੂਲ ਰੂਪ ਵਿੱਚ ਬਰਗਸਨ ਦਾ ਸਮਾਜ ਕਲਿਆਣ ਫਲਨ ਪੂਰੀ ਤਰ੍ਹਾਂ ਸਧਾਰਣ ਢੰਗ ਨਾਲ ਪੇਸ਼ ਕੀਤਾ ਹੈ। ਇਹ ਉਹ ਫਲਨ ਹੈ ਜੋ ਸਮਾਜ ਕਲਿਆਣ ਅਤੇ ਉਨ੍ਹਾਂ ਸਾਰੇ ਸੰਭਵ ਚਰਾਂ (Variable) ਦੇ ਦਰਮਿਆਨ ਸਬੰਧ ਸਥਾਪਿਤ ਕਰਦਾ ਹੈ ਜੋ ਕਿ ਹਰੇਕ ਵਿਅਕਤੀ ਦੇ ਕਲਿਆਣ ਨੂੰ ਪ੍ਰਭਾਵਿਤ ਕਰਦੇ ਹਨ, ਜਿਵੇਂ ਹਰੇਕ ਵਿਅਕਤੀ ਦੀਆਂ ਸੇਵਾਵਾਂ ਅਤੇ ਉਪਭੋਗਤਾ। ਇਹ ਮੰਨਿਆ ਜਾ ਸਕਦਾ ਹੈ ਕਿ ਇਹ "ਹਰੇਕ ਵਿਅਕਤੀ ਦੇ ਕਲਿਆਣ ਦਾ ਫਲਨ ਹੈ ਜੋ ਕ੍ਰਮ ਅਨੁਸਾਰ ਉਸ ਵਿਅਕਤੀ ਦੀ

ਨੋਟ ਨਿੱਜੀ ਸ੍ਰੇਸ਼ਠ ਸਥਿਤੀ ਅਤੇ ਸਮੁਦਾਇ ਦੇ ਸਾਰੇ ਮੈਂਬਰਾਂ ਵਿੱਚ ਵੰਡ ਕਲਿਆਣ ਦੇ ਸਬੰਧ ਵਿੱਚ ਉਸ ਦੇ ਨਿੱਜੀ ਮੁਲਾਂਕਣ 'ਤੇ ਨਿਰਭਰ ਕਰਦਾ ਹੈ।" ਇਸ ਤਰ੍ਹਾਂ ਸਮਾਜ ਕਲਿਆਣ ਫਲਨ ਸਮਾਜ ਦੇ ਕਲਿਆਣ ਦਾ ਕ੍ਰਮ-ਸੰਖਿਆਤਮਕ ਸੂਚਕ ਅਤੇ ਵਿਅਕਤੀਗਤ ਉਪਯੋਗਤਾ ਦਾ ਫਲਨ ਹੁੰਦਾ ਹੈ। ਇਸ ਨੂੰ ਇਸ ਤਰ੍ਹਾਂ ਪ੍ਰਗਟ ਕਰਦੇ ਹਨ-

$$W = F(U_1, U_2, \ldots U_n).$$

ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)–

1. ਸਮਾਜ ਕਲਿਆਣ ਫਲਨ ਸਿਧਾਂਤ ਸਭ ਤੋਂ ਪਹਿਲਾਂ .....ਨੇ ਪੇਸ਼ ਕੀਤਾ।
2. ਇਸ ਸਿਧਾਂਤ ਦਾ ਵਿਕਾਸ ਕੀਤਾ-ਐਰੋ, ਟਿੰਟਨਰ ਅਤੇ .....ਨੇ।
3. ਸਮਾਜ ਕਲਿਆਣ ਦੀ ਧਾਰਨਾ ਕਲਿਆਣ ਅਰਥ ਸ਼ਾਸਤਰ ਦਾ .....ਨਾਲ ਆਦਰਸ਼ਵਾਦੀ ਅਧਿਐਨ ਪੇਸ਼ ਕਰਨ ਦਾ ਯਤਨ ਹੈ।

ਨੋਟਸ ਸਮਾਜ ਕਲਿਆਣ ਫਲਨ ਉਨ੍ਹਾਂ ਸਾਧਨਾਂ ਨੂੰ ਪ੍ਰਗਟ ਕਰਦਾ ਹੈ ਜਿਨ੍ਹਾਂ 'ਤੇ ਇਕ ਸਮਾਜ ਦਾ ਕਲਿਆਣ ਨਿਰਭਰ ਮੰਨਿਆ ਜਾਂਦਾ ਹੈ।

ਜਿੱਥੇ W ਸਮਾਜ ਦਾ ਆਰਥਿਕ ਕਲਿਆਣ, F ਫਲਨ U_1 ਤੋਂ.... U_n ਤੱਕ 1, 2, ...*n* ਵਿਅਕਤੀਆਂ ਦੀਆਂ ਉਪਯੋਗਤਾਵਾਂ ਦੇ ਪੱਧਰ ਹਨ। W ਇਨ੍ਹਾਂ ਉਪਯੋਗਤਾਵਾਂ ਦਾ ਵੱਧਦਾ ਫਲਨ ਹੈ।

ਦੋਨੋਂ ਅਕਸ਼ਾਂ ਨੂੰ ਨਾਪਦੇ ਹੋਏ,'ਸਦਵਿਵਹਾਰ ਯੁਕਤ ਸਮਾਜਿਕ ਉਦਾਸੀਨਤਾ ਵਕ੍ਰਾਂ' (well behave social indifference curves) ਦੀ ਸ਼੍ਰੰਖਲਾ (Series) ਖਿੱਚ ਕੇ ਸਮਾਜ ਕਲਿਆਣ ਫਲਨ ਚਿੱਤਰ 'ਤੇ ਪ੍ਰਗਟ ਕੀਤਾ ਜਾ ਸਕਦਾ ਹੈ। ਹਰੇਕ ਉਦਾਸੀਨਤਾ ਵਕ੍ਰ ਉਨ੍ਹਾਂ ਵਿਅਕਤੀਆਂ ਵਿੱਚ ਪ੍ਰਤੀਯੋਗਤਾਵਾਂ ਦੇ ਵੱਖ-ਵੱਖ ਵੰਡਾਂ ਨੂੰ ਪ੍ਰਗਟ ਕਰਦਾ ਹੈ ਜਿਨ੍ਹਾਂ ਦਾ ਸਮਾਜ ਕਲਿਆਣ ਪੱਧਰ ਬਰਾਬਰ ਹੁੰਦਾ ਹੈ। ਅਜਿਹੇ ਵਕ੍ਰਾਂ ਨਾਲ ਨੀਤੀ ਬਣਾਉਣ ਵਾਲੇ ਨੂੰ ਇਹ ਜਾਨਣ ਵਿੱਚ ਸਹਾਇਤਾ ਮਿਲਦੀ ਹੈ ਕਿ ਇਕ ਵਿਸ਼ੇਸ਼ ਆਰਥਿਬ ਨੀਤੀ ਨਾਲ ਉਨਤੀ ਹੋਵੇਗੀ ਜਾਂ ਨਹੀਂ। ਜੇਕਰ ਇਕ ਪਰਿਵਰਤਨ ਵਿਅਕਤੀਆਂ ਨੂੰ ਤੁਲਨਾ 'ਚ ਜ਼ਿਆਦਾ ਉਚੇ ਉਦਾਸੀਨਤਾ ਵਕ੍ਰ 'ਤੇ ਨੇ ਜਾਂਦਾ ਹੈ ਤਾਂ ਸਮਾਜ ਕਲਿਆਣ ਵਿੱਚ ਵਾਧਾ ਹੋਇਆ ਮੰਨਿਆ ਜਾਂਦਾ ਹੈ।

ਸਵੈ ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions)–

4. ਬਰਗਸਨ ਦਾ ਸਮਾਜ ਫਲਨ ਕੁਝ ਨਿਸ਼ਚਿਤ .....'ਤੇ ਅਧਾਰਿਤ ਹੈ।

   (ਅ) ਮਾਨਤਾਵਾਂ (ਬ) ਕਥਾਵਾਂ (ਸ) ਪ੍ਰਥਾਵਾਂ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

5. ਸਮਾਜ ਕਲਿਆਣ ਦੀ ਧਾਰਨਾ ਕਲਿਆਣ ਅਰਥ ਸ਼ਾਸਤਰ ਦਾ ਵਿਗਿਆਨਿਕ ਦ੍ਰਿਸ਼ਟੀ ਨਾਲ .....ਅਧਿਐਨ ਪੇਸ਼ ਕਰਨ।

   (ਅ) ਆਦਰਸ਼ਵਾਦੀ (ਬ) ਸਮਾਵਾਦੀ (ਸ) ਅਰਥਵਾਦੀ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

6. ਹਰੇਕ ਕਲਿਆਣ ਵਕ੍ਰ ਸਮਾਜਿਕ ਕਲਿਆਣ ਦੇ .....ਦਰਸਾਉਂਦਾ ਹੈ।

   (ਅ) ਅਧਾਰ ਨੂੰ (ਬ) ਆਰਥਿਕ ਪੱਧਰ ਨੂੰ (ਸ) ਪੱਧਰ ਨੂੰ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

7. ਬਰਗਸਨ ਦੇ ਸਿਧਾਂਤ ਦੇ ਅਨੁਸਾਰ ਸਮਾਜ ਕਲਿਆਣ ਹਰੇਕ ਵਿਅਕਤੀ ਦੇ ਧਨ ਅਤੇ .....'ਤੇ ਨਿਰਭਰ ਕਰਦਾ ਹੈ।

   (ਅ) ਸੰਪਤੀ (ਬ) ਪੱਧਰ (ਸ) ਆਮਦਨ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

ਨੋਟ

ਰੇਖਾ ਚਿੱਤਰ ਦੇ ਰੂਪ ਵਿੱਚ ਸਮਾਜ ਕਲਿਆਣ ਫਲਨ ਚਿੱਤਰ 25.1 ਨਾਲ ਸਮਝਾਇਆ ਗਿਆ ਹੈ। FF_1 **ਉਪਯੋਗਤਾ ਸੀਮਾ** (Utility frontier) ਜੋ ਅਰਥ ਵਿਵਸਥਾ ਦੇ ਦਿੱਤੇ ਸਾਧਨਾਂ ਨਾਲ ਪ੍ਰਾਪਤ ਸਾਰੇ ਸੰਭਵ ਉਪਯੋਗਤਾ ਸੰਜੋਗਾਂ ਦੀ ਸੀਮਾ (boundary of all utility combinations possible) ਨੂੰ ਪ੍ਰਗਟ ਕਰਦਾ ਹੈ। ਇਹ ਇਕ ਦੂਸਰੇ 'ਤੇ ਅਸ਼ਾਰਿਤ ਕਈ ਉਪਯੋਗਤਾ ਸੰਭਾਵਨਾ ਵਕ੍ਰਾਂ ਨੂੰ ਲਪੇਟ ਲੈਂਦਾ ਹੈ। ਚਿੱਤਰ 25.1 ਵਿੱਚ W, W_1 ਅਤੇ W_2 ਸਮਾਜ ਕਲਿਆਣ ਫਲਨ ਨੂੰ ਪ੍ਰਗਟ ਕਰਦੇ ਹੋਏ ਵਕ੍ਰਾਂ ਦਾ ਪਰਿਵਾਰ ਹੈ। ਹਰੇਕ ਕਲਿਆਣ ਵਕ੍ਰ ਦੋ ਵਿਅਕਤੀਆਂ A ਅਤੇ B ਦੀਆਂ ਉਦਯੋਗਤਾਵਾਂ ਦੇ ਕਲਿਆਣ ਸੰਜੋਗਾਂ ਦੇ ਪਥ-ਬਿੰਦੂ (Locus) ਪ੍ਰਗਟ ਕਰਦਾ ਹੈ, ਜਿਨ੍ਹਾਂ ਦੇ ਪ੍ਰਤੀ ਦੋਨੋਂ ਵਿਅਕਤੀ ਉਦਾਸੀਨ ਹਨ। ਹਰੇਕ ਕਲਿਆਣ ਵਕ੍ਰ ਸਮਾਜਿਕ ਕਲਿਆਣ ਦੇ ਪੱਧਰ ਨੂੰ ਦਰਸਾਉਂਦਾ ਹੈ। ਕਲਿਆਣ ਵਕ੍ਰ W_1 ਵਕ੍ਰ W ਤੋਂ W_2 ਵਕ੍ਰ W_1 ਨਾਲ ਸਮਾਜਿਕ ਕਲਿਆਣ ਦਾ ਉਚਾ ਪੱਧਰ ਦਿਖਾਇਆ ਹੈ। **ਜ਼ਿਆਦਾਤਰ ਸਮਾਜਿਕ ਕਲਿਆਣ ਜਾਂ ਇਸ਼ਟਤਮ ਸਥਿਤੀ ਉਹ** ਹੈ ਜਿੱਥੇ ਉਪਯੋਗਤਾ ਹੱਦ FF_1 ਕਲਿਆਣ ਵਕ੍ਰ W_1 ਨੂੰ ਛੂੰਹਦਾ ਹੈ। ਚਿੱਤਰ ਵਿੱਚ ਬਿੰਦੂ E ਸਪੱਸ਼ਟ ਤੌਰ 'ਤੇ ਜ਼ਿਆਦਾ ਸਮਾਜਿਕ ਕਲਿਆਣ ਦੀ ਸਥਿਤੀ ਜਾਂ **ਪਰਮਾਨੰਦ ਬਿੰਦੂ** (Bliss point) ਨੂੰ ਦਰਸਾਉਂਦਾ ਹੈ। ਸਮਾਜ ਦੇ ਕੋਲ ਦਿੱਤੀ ਹੋਈ ਉਦਯੋਗਕੀ (Given technology) ਅਤੇ ਆਗਤਾਂ ਦੀਆਂ ਸਥਿਰ ਮਾਤਰਾਵਾਂ (Fixed quantities of inputs) ਦੇ ਸੰਰੋਧਕ (Constraints) ਹੁੰਦੇ ਹੋਏ, ਜਿੰਨੇ ਵੀ ਕਲਿਆਣ ਸੰਜੋਗ ਪ੍ਰਾਪਤ ਹਨ, ਉਨ੍ਹਾਂ ਵਿੱਚ E ਜ਼ਿਆਦਾ ਸਮਾਜਿਕ ਮੁੱਲ ਹੈ। ਬਿੰਦੂ L ਹੇਠਾਂ ਦੇ ਕਲਿਆਣ ਵਕ੍ਰ W 'ਤੇ ਸਥਿਰ ਹੈ ਅਤੇ ਸਮਾਜਿਕ ਕਲਿਆਣ ਦੇ ਹੇਠ ਪੱਧਰ ਨੂੰ ਪ੍ਰਗਟ ਕਰਦਾ ਹੈ, ਜਦੋਂ ਕਿ ਬਿੰਦੂ C ਕਲਿਆਣ ਵਕ੍ਰ W_2 'ਤੇ ਹੋਣ ਦੇ ਕਾਰਨ ਸਮਾਜ ਦੀ ਉਪਯੋਗਤਾ ਸੀਮਾ (Utility frontier of society) FF_1 ਤੋਂ ਬਾਹਰ ਸਥਿਰ ਹੈ ਅਤੇ E ਬਿੰਦੂ ਹੀ ਜ਼ਿਆਦਾ ਸਮਾਜਿਕ ਕਲਿਆਣ ਨੂੰ ਪ੍ਰਗਟ ਕਰਦਾ ਹੈ।



ਚਿੱਤਰ 25.1

ਕੀ ਤੁਸੀਂ ਜਾਣਦੇ ਹੋ

ਸਮਾਜ ਕਲਿਆਣ ਫਲਨ ਸਮਾਜ ਦੇ ਕਲਿਆਣ ਦੀ ਕ੍ਰਮ-ਸੰਖਿਆਤਮਕ ਸੂਚਕ ਅਤੇ ਵਿਅਕਤੀਗਤ ਉਪਯੋਗਤਾ ਦਾ ਫਲਨ ਹੁੰਦਾ ਹੈ।

ਇਸ ਦੀਆਂ ਮਾਨਤਾਵਾਂ (Its Assumptions)- ਬਰਗਸਨ ਦਾ ਸਮਾਜ ਕਲਿਆਣ ਫਲਨ ਕੁਝ ਨਿਸ਼ਚਿਤ ਮਾਨਤਾਵਾਂ 'ਤੇ ਅਧਾਰਿਤ ਹੈ-

1. ਇਹ ਸਿਧਾਂਤ ਮੰਨ ਲੈਂਦਾ ਹੈ ਕਿ ਸਮਾਜ ਕਲਿਆਣ ਹਰੇਕ ਵਿਅਕਤੀ ਦੇ ਧਨ ਅਤੇ ਆਮਦਨ 'ਤੇ ਨਿਰਭਰ ਕਰਦਾ ਹੈ ਅਤੇ ਹਰੇਕ ਵਿਅਕਤੀ ਦਾ ਕਲਿਆਣ ਉਸ ਦੀ ਨਿੱਜੀ ਸੰਪਤੀ ਅਤੇ ਆਮਦਨ 'ਤੇ ਅਤੇ ਸਮਾਜ ਦੇ ਮੈਂਬਰਾਂ ਵਿੱਚ ਕਲਿਆਣ ਦੀ ਵੰਡ 'ਤੇ ਨਿਰਭਰ ਕਰਦਾ ਹੈ।
2. ਇਹ ਬਾਹਰੀ ਮਿਤਵਯਯਿਤਾਵਾਂ ਅਤੇ ਅਮਿਤਵਯਯਿਆਵਾਂ ਅਤੇ ਉਨ੍ਹਾਂ ਦੇ ਪ੍ਰਣਾਮ ਪ੍ਰਭਾਵਾਂ ਦੀ ਮੌਜੂਦਗੀ ਮੰਨ ਕੇ ਚੱਲਦਾ ਹੈ।
3. ਇਹ ਵਿਅਕਤੀਗਤ ਕਲਿਆਣ ਨੂੰ ਪ੍ਰਭਾਵਿਤ ਕਰਨ ਵਾਲੇ ਚਰਾਂ ਦੇ ਸੰਜੋਗਾਂ ਦੇ ਕ੍ਰਮ-ਸੰਖਿਆਤਮਕ ਕ੍ਰਮਬੱਧਤਾ (Ranking) 'ਤੇ ਅਧਾਰਿਤ ਹੈ।
4. ਇਸ ਫਲਨ ਵਿੱਚ ਉਪਯੋਗਤਾ ਦੀਆਂ ਅੰਤਃ ਵਿਅਕਤੀਗਤ (Interpersonal) ਤੁਲਨਾਵਾਂ ਜਿਨ੍ਹਾਂ ਵਿੱਚ ਮੂਲ ਨਿਰਮਾਣ ਸ਼ਾਮਿਲ ਹੁੰਦੇ ਹਨ, ਪਾਈਆਂ ਜਾਂਦੀਆਂ ਹਨ।

ਨੋਟ

ਇਸ ਦੀਆਂ ਆਲੋਚਨਾਵਾਂ (Its criticisms)– ਇਨ੍ਹਾਂ ਮਾਨਤਾਵਾਂ ਨਾਲ ਸਮਾਜ ਕਲਿਆਣ ਫਲਨ, ਪ੍ਰੋਫੈਸਰ ਸੈਮਿਊਲਸਨ ਦੇ ਅਨੁਸਾਰ, "ਉਂਨਾ ਹੀ ਵਿਆਪਕ, ਖਾਲੀ ਅਤੇ ਜ਼ਰੂਰੀ ਬਣ ਗਿਆ ਹੈ (as broad and empty as) ਜਿੰਨੀ ਕਿ ਖੁਦ ਭਾਸ਼ਾ" ਹੋਰ ਅਰਥ ਸ਼ਾਸਤਰੀਆਂ ਨੇ "ਕਲਿਆਣ ਅਰਥ ਸ਼ਾਸਤਰ ਵਿੱਚ ਮੁੱਖ ਯੋਗਦਾਨ ਦੇ ਰੂਪ ਵਿੱਚ" ਇਸ ਦਾ ਸਵਾਗਤ ਕੀਤਾ ਹੈ, ਜਦੋਂ ਕਿ **ਡਾ. ਲਿਟਲ** ਦੀ ਸਲਾਹ ਅਨੁਸਾਰ ਇਹ "ਕਲਿਆਣ ਅਰਥ ਸ਼ਾਸਤਰ ਦੀ ਉਪਚਾਰਕ ਹਿਸਾਬੀ ਵਿਵਸਥਾ ਨੂੰ ਪੂਰਾ ਬਣਾਉਂਦੀ ਹੈ।" ਸਿਕਟੋਵਸਕੀ ਉਸ ਨੂੰ "ਪੂਰੇ ਰੂਪ ਨਾਲ ਸਧਾਰਣ" ਮੰਨਦਾ ਹੈ ਅਤੇ ਉਸ ਦਾ ਲਕਸ਼–ਕਲਿਆਣ ਅਰਥ ਸ਼ਾਸਤਰ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਉਪਚਾਰਕ ਅਤੇ ਦ੍ਰਿੜ ਪੁਨਰ ਕਥਨ (Formal and rigorous restatement) ਸਮਝਾਉਂਦਾ ਹੈ। ਉਦਾਹਰਣ ਦੇ ਤੌਰ 'ਤੇ ਸਮਾਜ ਕਲਿਆਣ ਫਲਨ ਦਾ ਸਮਾਵੇਸ਼ ਪਰੇਟੋ ਇਸ਼ਟਮਤਾ ਵਿੱਚ ਪਾਈ ਜਾਣ ਵਾਲੀ ਅਨਿਸ਼ਚਿਤਤਾ ਨੂੰ ਦੂਰ ਕਰ ਸਕਦਾ ਹੈ ਪਰ ਇਸ ਫਲਨ ਦੀਆਂ ਕੁਝ ਹੱਦਾਂ ਵੀ ਹਨ।

ਟਾਸਕ ਬਰਗਸਨ ਦੇ ਸਮਾਜ ਕਲਿਆਣ 'ਤੇ ਆਪਣੇ ਵਿਚਾਰ ਪ੍ਰਗਟ ਕਰੋ।

1. **ਵਿਵਹਾਰਿਕ ਨੀਤੀ ਨਾਲ ਕੋਈ ਸਬੰਧ ਨਹੀਂ** (Not relation to practical policy)– ਡਾ. ਲਿੱਟਨ ਇਸ ਨੂੰ ਸਰਵਸਤਾਮਕ ਰਾਜ (Totalitarian state) ਵਿੱਚ ਅਵਿਵਹਾਰ ਸਮਝਦਾ ਹੈ ਅਤੇ ਲੋਕਤੰਤਰੀ ਰਾਜ ਵਿੱਚ ਤਾ ਹੋਰ ਵੀ ਜ਼ਿਆਦਾ ਅਵਿਵਹਾਰ, " ਜਿੱਥੇ ਉਂਨੇ ਹੀ ਅਸਪੱਸ਼ਟ ਕਲਿਆਣ ਫਲਨ ਹੁੰਦੇ ਹਨ ਜਿੰਨੇ ਵੀ ਉਥੇ ਵਿਅਕਤੀ ਹੋਣ। ਇਸ ਨੂੰ ਕਲਿਆਣ ਦੀ ਪੂਰੇ ਰੂਪ ਨਾਲ ਸਧਾਰਣ ਨਿਰਪੱਖ ਵਿਵਸਥਾ ਦੇ ਲਈ ਜ਼ਰੂਰੀ ਉਪਚਾਰਕ ਸਾਧਨ ਦੇ ਰੂਪ ਵਿੱਚ ਸਵੀਕਾਰ ਕੀਤਾ ਜਾ ਸਕਦਾ ਹੈ ਜਿਸ ਦਾ ਵਿਵਹਾਰਿਕ ਨੀਤੀ ਨਾਲ ਕੋਈ ਸਬੰਧ ਨਹੀਂ ਹੈ।"
2. **ਸਮਾਜ ਕਲਿਆਣ ਫਲਨ ਨਿਰਮਾਣ ਔਖਾ** (Difficult to construct social welfare function)–ਕਲਿਆਣ ਫਲਨ ਦੇ **ਨਿਰਮਾਣ** ਅਤੇ **ਅਕ੍ਰਿਤੀ** ਦੇ ਸਬੰਧ ਵਿੱਚ ਇਕ ਹੋਰ ਕਠਿਨਾਈ ਪੈਦਾ ਹੁੰਦੀ ਹੈ। ਹਰੇਕ ਵਿਅਕਤੀ ਦੇ ਅਧਿਮਾਨਾਂ ਨੂੰ ਜੋੜਨ ਨਾਲ ਸਮਾਜ ਕਲਿਆਣ ਫਲਨ ਦਾ ਨਿਰਮਾਣ ਹੁੰਦਾ ਹੈ ਪਰ ਸਮੱਸਿਆ ਇਹ ਹੈ ਕਿ ਵਿਅਕਤੀਗਤ ਅਧਿਮਾਨਾਂ ਨੂੰ ਬਰਾਬਰ ਮਹੱਤਵ ਦਿੱਤਾ ਜਾਵੇ ਜਾਂ ਵੱਖ–ਵੱਖ। ਇਸ ਨਾਲ ਸਮਾਜ ਕਲਿਆਣ ਫਲਨ ਦਾ ਨਿਰਮਾਣ ਇਕ ਔਖਾ ਕੰਮ ਬਣ ਜਾਂਦਾ ਹੈ।

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚੋਂ ਸਹੀ/ਗਲਤ ਲੱਭੋ
(State Whether the following statements are True/False)-

8. ਡਾ. ਲਿੱਟਲ ਦੀ ਸਲਾਹ ਅਨੁਸਾਰ, "ਕਲਿਆਣ ਅਰਥ ਸ਼ਾਸਤਰ ਦੀ ਉਪਚਾਰਿਕ ਹਿਸਾਬੀ ਸਥਿਤੀ ਨੂੰ ਪੂਰਨ ਬਣਾਉਂਦਾ ਹੈ।"
9. ਕਲਿਆਣ ਫਲਨ ਦੇ ਨਿਰਮਾਣ ਅਤੇ ਅਕ੍ਰਿਤੀ ਦੇ ਸਬੰਧ ਵਿੱਚ ਇਕ ਹੋਰ ਕਠਿਨਾਈ ਪੈਦਾ ਹੁੰਦੀ ਹੈ।
10. ਸਮਾਜ ਕਲਿਆਣ ਫਲਨ ਦਾ ਸਮਾਵੇਸ਼ ਪਰੇਟੋ ਇਸ਼ਟਮਤਾ ਵਿੱਚ ਪਾਈ ਜਾਣ ਵਾਲੀ ਨਿਸ਼ਚਿਤਤਾ ਨੂੰ ਦੂਰ ਕਰ ਸਕਦਾ ਹੈ।

3. **ਸਮੀਕਰਣ ਅਤੇ ਵਕ੍ਰ ਮਨਮਰਜ਼ੀ ਅਤੇ ਕਾਲਪਨਿਕ** (Equations and curves arbitrary and imaginary)– ਸਮਾਜ ਕਲਿਆਣ ਫਲਨ ਨੂੰ ਸਮੀਕਰਣ ਜਾਂ ਸਮਾਜ–ਉਦਾਸੀਨਤਾ ਵਕ੍ਰਾਂ ਦੇ ਰੂਪ ਵਿੱਚ ਪ੍ਰਗਟ ਕਰਨ ਨਾਲ ਸਮੱਸਿਆ ਨੂੰ ਹੱਲ ਕਰਨ ਵਿੱਚ ਸਹਾਇਤਾ ਨਹੀਂ ਮਿਲਦੀ, ਕਿਉਂਕਿ ਵਿਅਕਤੀਗਤ ਗਿਆਨ ਫਲਨ ਯਾਦ ਨਹੀਂ ਹੋ ਸਕਦਾ। ਇਸ ਲਈ ਸਮਾਜ ਕਲਿਆਣ ਫਲਨ ਨੂੰ ਪ੍ਰਗਟ ਕਰਨ ਵਾਲੇ ਸਾਰੇ ਸਮੀਕਰਣ ਅਤੇ ਵਕ੍ਰ **ਮਨਮਰਜ਼ੀ** ਅਤੇ **ਕਾਲਪਨਿਕ** ਹੁੰਦੇ ਹਨ।
4. **ਅਨੁਭਵਿਕ ਮਹੱਤਵ ਰਹਿਤ** (Without empirical significance)– ਡਾ. ਲਿੱਟਲ ਦੇ ਅਨੁਸਾਰ ਜ਼ਿਆਦਾਤਰ ਦੀ ਸੰਭਾਵਨਾ ਬਿਨਾਂ ਕਿਸੇ ਸੰਭਾਵਿਤ ਅਨੁਭਵੀ ਮਹੱਤਵ ਦੇ ਹੈ, ਇਸ ਲਈ ਚੰਗਾ ਇਹ ਹੈ ਕਿ ਇਸ ਨੂੰ ਇਸਤੇਮਾਲ ਹੀ ਨਾ ਕੀਤਾ ਜਾਵੇ। ਇਕ ਜ਼ਿਆਦਾ ਸਥਿਤੀ ਨੂੰ ਪ੍ਰਭਾਸ਼ਿਤ ਕਰਨ ਦੇ ਖਾਤਮੇ ਤੋਂ ਬਿਨਾਂ ਸੁਧਾਰ ਲਈ ਇਸ਼ਟਤਮ ਸਥਿਤੀਆਂ ਨੂੰ ਕਾਫੀ ਸਥਿਤੀਆਂ ਦੇ ਰੂਪ ਵਿੱਚ ਨਿਊਤਪੰਨ ਕਰਨਾ ਜ਼ਿਆਦਾ ਅਰਥ ਭਰਪੂਰ (Meaningful) ਹੈ।
5. **ਵਿਅਕਤੀਗਤ ਅਧਿਮਾਨਾਂ ਨਾਲ ਸਮਾਜ ਕਲਿਆਣ ਫਲਨ ਨਿਰਮਾਣ ਸੰਭਵ ਨਹੀਂ** (Not possible to construct social welfare functions based on individual preferences)– ਪ੍ਰੋਫੈਸਰ **ਏਰੋ** ਨੇ ਦੱਸਿਆ ਹੈ ਕਿ ਜੇਕਰ ਵਿਅਕਤੀਆਂ ਨੂੰ ਦੋ ਤੋਂ ਜ਼ਿਆਦਾ ਵਿਕਲਪਾਂ ਵਿੱਚੋਂ ਚੋਣ ਕਰਨੀ ਪਵੇ ਤਾਂ ਕ੍ਰਮ ਸੰਖਿਆਤਮਕ ਅਧਿਮਾਨਾਂ ਦੇ ਅਧਾਰ 'ਤੇ ਸਮਾਜ ਕਲਿਆਣ ਫਲਨ ਦੇ ਨਿਰਮਾਣ ਨਾਲ **ਪ੍ਰਸਪਰ ਵਿਰੋਧੀ** ਨਤੀਜੇ ਪ੍ਰਾਪਤ ਹੁੰਦੇ ਹਨ। ਮੰਨ ਲਓ ਕਿ ਇਕ ਸਮਾਜ ਵਿੱਚ ਤਿੰਨ ਵਿਅਕਤੀ A, B, C ਹਨ, ਜਿਨ੍ਹਾਂ ਨੂੰ 1,2, 3 ਸੰਖਿਆ ਵਾਲੀਆਂ ਤਿੰਨ ਸੰਭਵ X, Y, Z ਸਮਾਜਿਕ ਸਥਿਤੀਆਂ ਵਿੱਚੋਂ ਚੋਣ ਕਰਨੀ ਹੈ। ਪ੍ਰਾਪਤ ਅੰਕੜੇ ਅੱਗੇ ਦੀ ਤਾਲਿਕਾ 25.1 ਵਿੱਚ ਦਿਖਾਏ ਗਏ

ਨੋਟ

ਹਨ। A ਤਾਂ X ਨੂੰ Y ਦੀ ਤੁਲਨਾ ਅਤੇ Y ਨੂੰ Z ਦੀ ਤੁਲਨਾ ਵਿੱਚ ਜ਼ਿਆਦਾ ਅਧਿਮਾਨ ਦਿੰਦਾ ਹੈ। ਇਸ ਲਈ ਉਹ X ਨੂੰ Z ਦੀ ਤੁਲਨਾ ਵਿੱਚ ਜ਼ਿਆਦਾ ਅਧਿਮਾਨ ਦਿੰਦਾ ਹੈ। B ਦਾ ਅਧਿਮਾਨ Y ਦੇ ਲਈ Z ਦੀ ਤੁਲਨਾ ਵਿੱਚ, X ਦੇ ਲਈ Y ਦੀ ਤੁਲਨਾ ਵਿੱਚ ਅਤੇ ਇਸ ਲਈ Z ਦੇ ਲਈ Y ਦੀ ਤੁਲਨਾ ਵਿੱਚ ਜ਼ਿਆਦਾ ਹੈ। ਜੇਕਰ ਵਿਅਕਤੀਗਤ ਅਧਿਮਾਨਾਂ ਨੂੰ ਬਰਾਬਰ ਮਹੱਤਵ ਦਿੱਤਾ ਜਾਵੇ ਤਾਂ ਬਹੁਮਤ ਨਿਯਮ (majority rule) ਦੇ ਅਧਾਰ 'ਤੇ ਸਮਾਜ ਫਲਨ ਦੱਸਿਆ ਜਾ ਸਕਦਾ ਹੈ ਪਰ ਬਹੁਮਤ ਨਿਯਮ ਤੋਂ ਪ੍ਰਸਪਰ ਵਿਰੋਧੀ ਨਤੀਜੇ ਪ੍ਰਾਪਤ ਹੁੰਦੇ ਹਨ। ਦੋ ਵਿਅਕਤੀ (A ਅਤੇ C) X ਨੂੰ Y ਦੀ ਤੁਲਨਾ ਵਿੱਚ ਜ਼ਿਆਦਾ ਅਧਿਮਾਨ ਦਿੰਦੇ ਹਨ ਅਤੇ ਦੋ ਵਿਅਕਤੀ (B ਅਤੇ C) Z ਨੂੰ X ਦੀ ਤੁਲਨਾ ਵਿੱਚ ਜ਼ਿਆਦਾ ਅਧਿਮਾਨ ਦਿੰਦੇ ਹਨ। ਇਹ ਬਹੁਮਤ ਨਿਯਮ ਦੇ **ਵਿਰੋਧਤਾ ਦੀ ਭਾਵਨਾ** ਨੂੰ ਸਪੱਸ਼ਟ ਕਰ ਦਿੰਦਾ ਹੈ ਜੋ ਕਿ ਪ੍ਰੋਫੈਸਰ ਏਰੋ ਦੇ ਅਨੁਸਾਰ, ਵਿਰੋਧ (Deadlock) ਅਤੇ ਇਸ ਲਈ ਸਮਾਜਿਕ ਦੀ ਦ੍ਰਿਸ਼ਟੀ ਨਾਲ ਅਨਪੇਕਸ਼ਿਤ ਅਸਫਲਤਾ (undesired inaction) ਨੂੰ ਜਨਮ ਦਿੰਦਾ ਹੈ। ਇਸ ਤਰ੍ਹਾਂ ਇਕ ਅਜਿਹੇ ਸਮਾਜ ਕਲਿਆਣ ਫਲਨ ਦਾ ਨਿਰਮਾਣ ਸੰਭਵ ਨਹੀਂ ਜੋ ਸਾਰੇ ਵਿਅਕਤੀਆਂ ਦੇ ਅਧਿਮਾਨਾਂ 'ਤੇ ਧਿਆਨ ਦਿੰਦਾ ਹੈ।

6. **ਕਲਿਆਣ ਅਰਥ ਸ਼ਾਸਤਰ ਦੀਆਂ ਮੁੱਖ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਸਹਾਇਕ ਨਹੀਂ** (Not helpful in solving the main problems of welfare economics)–ਪ੍ਰੋਫੈਸਰ ਬਾਮੋਲ ਦੇ ਅਨੁਸਾਰ, "ਸਮਾਜ ਕਲਿਆਣ ਫਲਨ ਕਲਿਆਣਕਾਰੀ ਫੈਸਲਿਆਂ ਦਾ ਸੰਗ੍ਰਹਿ ਕਰਨ ਲਈ ਉਸ ਸਨਮਾਨ ਅਤੇ ਹਦਾਇਤਾਂ ਦੇ ਸੈਟ ਨਾਲ ਲੈਸ ਹੋ ਕੇ ਨਹੀਂ ਆਉਂਦਾ, ਜਿਸ ਦੀ ਇਸ ਨੂੰ ਜ਼ਰੂਰਤ ਪੈਂਦੀ ਹੈ।" ਇਸ ਤਰ੍ਹਾਂ ਕਲਿਆਣ ਅਰਥ ਸ਼ਾਸਤਰ ਦੀਆਂ ਪ੍ਰਮੁੱਖ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਇਹ ਬਹੁਤ ਸਹਾਇਕ ਨਹੀਂ ਹੈ।

25.2 ਸਾਰੰਸ਼ (Summary)

- ਸਮਾਜ ਕਲਿਆਣ ਫਲਨ ਉਨ੍ਹਾਂ ਸਾਧਨਾਂ ਨੂੰ ਪ੍ਰਗਟ ਕਰਦਾ ਹੈ, ਜਿਨ੍ਹਾਂ 'ਤੇ ਇਕ ਸਮਾਜ ਦਾ ਕਲਿਆਣ ਨਿਰਭਰ ਮੰਨਿਆ ਜਾਂਦਾ ਹੈ। ਪ੍ਰੋਫੈਸਰ **ਬਰਗਸਨ** ਦੀ ਪਰਿਭਾਸ਼ਾ ਦੇ ਅਨੁਸਾਰ, ਇਹ "ਜਾਂ ਤਾਂ ਸਮੁਦਾਇ ਦੇ ਹਰੇਕ ਵਿਅਕਤੀ ਦੇ ਕਲਿਆਣ ਦਾ ਫਲਨ ਹੁੰਦਾ ਹੈ, ਜਾਂ ਫਿਰ ਸਮੁਦਾਇ ਦੇ ਹਰੇਕ ਵਿਅਕਤੀ ਵੱਲੋਂ ਉਪਭੋਗ ਕੀਤੀ ਗਈ ਵਸਤੂਆਂ ਅਤੇ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਦਾ ਫਲਨ ਹੈ।"

25.3 ਸ਼ਬਦਕੋਸ਼ (Keywords)

1. **ਪਰਮਾਨੰਦ ਬਿੰਦੂ** (Bliss Point)– ਅਤਿ ਆਨੰਦ ਦਾ ਬਿੰਦੂ।
2. **ਉਦਯੋਗਿਕ** (Technology)–ਤਕਨੀਕੀ।

25.4 ਅਭਿਆਸ ਪ੍ਰਸ਼ਨ (Review Questions)

1. ਬਰਗਸਨ ਦੇ ਸਮਾਜ ਕਲਿਆਣ ਤੋਂ ਤੁਸੀਂ ਕੀ ਸਮਝਦੇ ਹੋ?
2. ਵਿਅਕਤੀਗਤ ਅਧਿਮਾਨਾਂ ਨਾਲ ਸਮਾਜ ਕਲਿਆਣ ਫਲਨ ਨਿਰਮਾਣ ਸੰਭਵ ਨਹੀਂ ਹੈ। ਕਿਉਂ?

ਉਤਰ : ਸਵੈ-ਮੁਲਾਂਕਣ (Answers : Self Assessment)

1. ਪ੍ਰੋ. ਬਰਗਸਨ	2. ਸੈਮਿਊਲਸਨ	3. ਵਿਗਿਆਨਿਕ ਦ੍ਰਿਸ਼ਟੀ ਸੋ	4. (ਅ)
5. (ਅ)	6. (ਸ)	7. (ਸ)	8. ਸਹੀ
9. ਸਹੀ	10. ਗਲਤ		

25.5. ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕ੍ਰੋਇਕਨੋਮਿਕਸ-ਵ੍ਰੇਂਕ ਕਾਵੈਲ, ਆਕਸਫੋਰਡ ਯੂਨੀਵਰਸਿਟੀ ਪ੍ਰੈਸ, 2007।
2. ਮਾਈਕ੍ਰੋਇਕਨੋਮਿਕਸ-ਰਾਬਰਟ ਐਸ ਪਿੰਡੀਕ, ਡੈਨੀਅਲ ਐਲ ਰੂਬਿਨਫੇਲਡ ਐਂਡ ਪ੍ਰੇਮ ਐਲ. ਮਹਿਤਾ, ਪੀਅਰਸੰਨ ਐਜੂਕੇਸ਼ਨ, 2009, ਪੀ. ਬੀ. ਕੇ. ਸੱਤਵਾਂ ਐਡੀਸ਼ਨ।
3. ਮਾਈਕ੍ਰੋਇਕਨੋਮਿਕਸ-ਡੇਵਿਡ ਬੇਸੈਨਕੋ ਐਂਡ ਰੋਨਾਲਡ ਬਰੂਟੀਗੈਮ, ਵਿਲੇ ਇੰਡੀਆ, 2011, ਪੀ. ਬੀ. ਕੇ. ਚੌਥਾ ਐਡੀਸ਼ਨ।

ਨੋਟ

ਇਕਾਈ–26 : ਸਧਾਰਣ ਸੰਤੁਲਨ ਸਿਧਾਂਤ (General Equilibrium Theory)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

26.1 ਸਧਾਰਣ ਸੰਤੁਲਨ ਦੀ ਹੋਂਦ, ਸਥਿਰਤਾ ਅਤੇ ਅਨੋਖਾਪਨ ਦੀ ਸਮੱਸਿਆਵਾਂ (Problems of Existence, Stability and Uniqueness of General Equilibrium)

26.2 ਵਾਲਰਸੀਅ ਸਧਾਰਣ ਸੰਤੁਲਨ ਮਾਡਲ (The Walrasian General Equilibrium Model)

26.3 2 × 2 × 2 ਗ੍ਰਾਫੀ ਸਧਾਰਣ ਸੰਤੁਲਨ ਮਾਡਲ (2 × 2 × 2 Graphical General Equilibrium Model)

26.4 ਸਾਰੰਸ਼ (Summary)

26.5 ਸ਼ਬਦਕੋਸ਼ (Keywords)

26.6 ਅਭਿਆਸ ਪ੍ਰਸ਼ਨ (Review Questions)

26.7 ਸਬੰਧਿਤ ਪੁਸਤਕਾਂ (Further Readings)

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਸਧਾਰਣ ਸੰਤੁਲਨ ਦੀ ਹੋਂਦ ਸਥਿਰਤਾ ਅਤੇ ਦੂਸਰੀਆਂ ਸਮੱਸਿਆਵਾਂ ਜਾਨਣ ਸਬੰਧੀ।
- ਬਾਲਰਸੀ ਸਧਾਰਣ ਸੰਤੁਲਨ ਮਾਡਲ ਦਾ ਅਧਿਐਨ ਕਰਨ ਸਬੰਧੀ।
- ਗ੍ਰਾਫੀ ਸਧਾਰਣ ਸੰਤੁਲਨ ਮਾਡਲ ਸਮਝਣ ਸਬੰਧੀ।

ਪ੍ਰਸਤਾਵਨਾ (Introduction)

ਪੇਸ਼ ਅਧਿਆਇ ਵਿੱਚ ਬਾਲਰਸੀ ਸਧਾਰਣ ਸੰਤੁਲਨ ਸਿਧਾਂਤ, ਗ੍ਰਾਫੀ 2×2×2 ਸਧਾਰਣ ਸੰਤੁਲਨ ਮਾਡਲ ਅਤੇ ਸਧਾਰਣ ਸੰਤੁਲਨ ਦੀ ਹੋਂਦ, ਸਥਿਰਤਾ ਅਤੇ ਦੂਸਰੀਆਂ ਸਮੱਸਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਅੰਸ਼ਿਕ ਸੰਤੁਲਨ, ਸਧਾਰਣ ਸੰਤੁਲਨ ਅਤੇ ਸੰਤੁਲਨ ਦੀਆਂ ਹੋਰ ਸਬੰਧਿਤ ਧਾਰਨਾਵਾਂ ਦੀ ਵਿਵੇਚਨਾ। "ਸੰਤੁਲਨ ਦੀ ਧਾਰਨਾ" ਨਾਮਕ ਅਧਿਆਇ ਵਿੱਚ ਪੁਸਤਕ ਦੇ ਪਹਿਲੇ ਭਾਗ ਵਿੱਚ ਕੀਤੀ ਗਈ ਹੈ।

26.1 ਸਧਾਰਣ ਸੰਤੁਲਨ ਦੀ ਹੋਂਦ, ਸਥਿਰਤਾ ਅਤੇ ਅਨੋਖਾਪਨ ਦੀ ਸਮੱਸਿਆਵਾਂ (Problems of Existence, Stability and Uniqueness of General Equilibrium)

ਹੋਂਦ, ਸਥਿਰਤਾ ਅਤੇ ਦੂਸਰਿਆਂ ਦੀਆਂ ਸਮੱਸਿਆਵਾਂ ਸਧਾਰਣ ਸੰਤੁਲਨ ਵਿਸ਼ਲੇਸ਼ਣ ਵਿੱਚ ਸ਼ਾਮਿਲ ਹਨ। ਉਨ੍ਹਾਂ ਦੀ ਵਿਵੇਚਨਾ ਹੇਠਾਂ ਅੰਸ਼ਿਕ ਸੰਤੁਲਨ ਦੇ ਮੰਗ ਅਤੇ ਪੂਰਤੀ ਵਕ੍ਰਾਂ ਨਾਲ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੇ ਨਤੀਜਿਆਂ ਨੂੰ ਸਧਾਰਣ ਸੰਤੁਲਨ ਵਿਸ਼ਲੇਸ਼ਣ 'ਤੇ ਲਾਗੂ ਕੀਤਾ ਜਾਂਦਾ ਹੈ।

ਨੋਟ

1. ਸਧਾਰਣ ਸੰਤੁਲਨ ਦੀ ਹੋਂਦ (Existence of General Equilibrium)

ਸਧਾਰਣ ਸੰਤੁਲਨ ਦੇ ਹੋਂਦ ਦੀ ਸਮੱਸਿਆ ਮਾਰਕੀਟ ਵਿੱਚ ਖਰੀਦਾਦਾਰਾਂ ਅਤੇ ਵਿਕਰੇਤਾਵਾਂ ਦੇ ਵਿਵਹਾਰ ਨਾਲ ਸਬੰਧਿਤ ਹੁੰਦੀ ਹੈ ਅਤੇ ਇਹ ਕਿਸ ਤਰ੍ਹਾਂ ਉਨ੍ਹਾਂ ਦੇ ਮੰਗ ਅਤੇ ਪੂਰਤੀ ਵਕ੍ਰਾਂ ਨੂੰ ਪ੍ਰਭਾਵਿਤ ਕਰਦਾ ਹੈ। ਇਕ ਸੰਤੁਲਨ ਉਸ ਸਮੇਂ ਹੁੰਦਾ ਹੈ, ਜਦੋਂ ਮੰਗ ਅਤੇ ਪੂਰਤੀ ਵਕ੍ਰ **ਧਨਾਤਮਕ** (Positive) **ਕੀਮਤ** 'ਤੇ ਬਰਾਬਰ ਹੁੰਦੇ ਹਨ। ਅਜਿਹੀ ਕੀਮਤ ਸੰਤੁਲਨ ਕੀਮਤ ਅਖਵਾਉਂਦੀ ਹੈ। ਕੀਮਤ 'ਤੇ ਮੰਗ ਅਤੇ ਪੂਰਤੀ ਦੀ ਮਾਤਰਾ ਸੰਤੁਲਨ ਮਾਤਰਾ ਅਖਵਾਉਂਦੀ ਹੈ। ਸੰਤੁਲਨ ਕੀਮਤ 'ਤੇ ਨਾ ਤਾਂ ਜ਼ਿਆਦਾ ਮੰਗ (Excess Demand) ਅਤੇ ਨਾ ਹੀ ਜ਼ਿਆਦਾ ਪੂਰਤੀ (Excess Supply) ਹੁੰਦੀ ਹੈ। ਉਸ ਸਮੇਂ ਕੀਮਤ 'ਤੇ ਜ਼ਿਆਦਾ ਮੰਗ **ਜ਼ੀਰੋ** ਹੁੰਦੀ ਹੈ। ਪ੍ਰਤੀਕਾਤਮਕ ਤੌਰ 'ਤੇ,

$$E_D = Q_D - Q_S = 0$$

ਜਿੱਥੇ E_D ਜ਼ਿਆਦਾ ਮੰਗ ਹੈ, Q_D ਮੰਗ ਦੀ ਮਾਤਰਾ ਅਤੇ QS ਪੂਰਤੀ ਦੀ ਮਾਤਰਾ। ਜ਼ਿਆਦਾ ਮੰਗ ਇਹ ਬਿੰਦੂ ਹੈ, ਜਿੱਥੇ ਇਕ ਵਿਸ਼ੇਸ਼ ਕੀਮਤ 'ਤੇ ਪੂਰਤੀ ਵਕ੍ਰ ਨੂੰ ਮੰਗ ਵਕ੍ਰ ਕੱਟਦਾ ਹੈ। ਸੰਤੁਲਨ ਦੀ ਹੋਂਦ ਲਈ ਦੋਵਾਂ ਵਕ੍ਰਾਂ ਨੂੰ ਇਕ-ਦੂਸਰੇ ਨੂੰ ਇਕ ਧਨਾਤਮਕ ਕੀਮਤ 'ਤੇ ਕੱਟਣਾ ਚਾਹੀਦਾ ਹੈ। ਇਕ ਧਨਾਤਮਕ ਕੀਮਤ 'ਤੇ ਸਧਾਰਣ ਸੰਤੁਲਨ ਦੇ ਹੋਂਦ ਦੀਆਂ ਦੋ ਸ਼ਰਤਾਂ ਹਨ-

1. ਇਸ ਕੀਮਤ 'ਤੇ ਸਾਰੇ ਉਪਭੋਗਤਾ ਆਪਣੀਆਂ ਸੰਤੁਸ਼ਟੀਆਂ ਜ਼ਿਆਦਾ ਕਰਦੇ ਹਨ ਅਤੇ ਸਾਰੇ ਉਤਪਾਦਕ ਆਪਣੇ ਲਾਭਾਂ ਨੂੰ ਜ਼ਿਆਦਾ ਕਰਦੇ ਹਨ।
2. ਇਸ ਕੀਮਤ 'ਤੇ ਸਾਰੀਆਂ ਮਾਰਕੀਟਾਂ ਖਾਲੀ (Clear) ਹੋ ਜਾਂਦੀਆਂ ਹਨ, ਭਾਵ ਇਕ ਧਨਾਤਮਕ ਕੀਮਤ 'ਤੇ ਵਸਤੂ ਅਤੇ ਹੋਰ ਮਾਰਕੀਟਾਂ ਦੋਵਾਂ ਵਿੱਚ ਕੁੱਲ ਮੰਗ ਅਤੇ ਕੁੱਲ ਪੂਰਤੀ ਦੀਆਂ ਮਾਤਰਾਵਾਂ ਬਰਾਬਰ ਹੁੰਦੀਆਂ ਹਨ।

ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)-

1. ਹੋਂਦ, ਸਥਿਰਤਾ ਅਤੇ ਦੂਸਰਿਆਂ ਦੀਆਂ ਸਮੱਸਿਆਵਾਂ ..... ਵਿਸ਼ਲੇਸ਼ਣ ਵਿੱਚ ਸ਼ਾਮਿਲ ਹਨ।
2. ਸਧਾਰਣ ਸੰਤੁਲਨ ਦੀ ਹੋਂਦ ਦੀ ਸਮੱਸਿਆ ਮਾਰਕੀਟ ਵਿੱਚ ਖਰੀਦਾਦਾਰਾਂ ਅਤੇ ..... ਦੇ ਵਿਵਹਾਰ ਨਾਲ ਸਬੰਧਿਤ ਹੁੰਦੀਆਂ ਹਨ।
3. ਕੀਮਤ 'ਤੇ ਮੰਗ ਅਤੇ ਪੂਰਤੀ ਦੀ ਮਾਤਰਾ ..... ਮਾਤਰਾ ਅਖਵਾਉਂਦੀ ਹੈ।

ਚਿੱਤਰ 26.1 ਸਧਾਰਣ ਸੰਤੁਲਨ ਦੀ ਹੋਂਦ ਨੂੰ ਚਿੱਤਰਿਤ ਕਰਦਾ ਹੈ, ਜਦੋਂ ਪੂਰਤੀ ਵਕ੍ਰ S ਨੂੰ ਮੰਗ ਵਕ੍ਰ D ਬਿੰਦੂ E 'ਤੇ ਕੱਟਦਾ ਹੈ ਅਤੇ OP ਕੀਮਤ ਨਿਰਧਾਰਿਤ ਹੁੰਦੀ ਹੈ ਜੋ ਧਨਾਤਮਕ ਕੀਮਤ ਹੈ। ਇਹ ਕੀਮਤ ਮਾਰਕੀਟ ਵਿੱਚ ਮੰਗ ਅਤੇ ਪੂਰਤੀ ਦੀ OQ ਮਾਤਰਾ ਨੂੰ ਬਰਾਬਰ ਕੱਟਦੀ ਹੈ। ਇਸ ਚਿੱਤਰ ਨੂੰ ਵਸਤੂ ਬਾਜ਼ਾਰ ਅਤੇ ਸਾਧਨ ਬਾਜ਼ਾਰ ਦੋਵਾਂ 'ਤੇ ਲਾਗੂ ਹੁੰਦਾ ਸਮਝਣਾ ਚਾਹੀਦਾ ਹੈ। ਇੱਥੇ ਇਕ ਸਧਾਰਣ ਅਤੇ ਇਕ ਸੰਤੁਲਨ ਹੁੰਦਾ ਹੈ।



ਚਿੱਤਰ 26.1

ਏਰੋ ਅਤੇ **ਡੇਬਰੋ** ਦੇ ਅਨੁਸਾਰ, ਜਦੋਂ ਪੂਰਨ ਪ੍ਰਤੀਯੋਗਤਾ ਮਾਰਕੀਟ ਵਿੱਚ ਅਸੰਗਤੀਆਂ ਅਤੇ ਪੈਮਾਨੇ ਦੇ ਵੱਧ ਰਹੇ ਪ੍ਰਤੀਫਲ ਨਾ ਪਾਏ ਜਾਂਦੇ ਹੋਣ ਤਾਂ ਸਧਾਰਣ ਸੰਤੁਲਨ ਦੀ ਹੋਂਦ ਹੁੰਦੀ ਹੈ।

ਨੋਟ

ਨੋਟਸ ਸਧਾਰਣ ਸੰਤੁਲਨ ਦੇ ਹੋਂਦ ਦੀ ਸਮੱਸਿਆ ਮਾਰਕੀਟ ਵਿੱਚ ਖਰੀਦਾਦਾਰਾਂ ਅਤੇ ਵਿਕਰੇਤਾਵਾਂ ਦੇ ਵਿਵਹਾਰ ਨਾਲ ਸਬੰਧਿਤ ਹੁੰਦੀ ਹੈ।

2. ਸਧਾਰਣ ਸੰਤੁਲਨ ਦੀ ਸਥਿਰਤਾ (Stability of General Equilibrium)

ਸਧਾਰਣ ਸੰਤੁਲਨ ਦੀ ਸਥਿਰਤਾ ਉਦੋਂ ਪਾਈ ਜਾਂਦੀ ਹੈ, ਜਦੋਂ ਮੰਗ ਅਤੇ ਪੂਰਤੀ ਦੇ ਦਰਮਿਆਨ ਸਮਾਨਤਾ ਦਿੱਤੀ ਹੋਈ ਕੀਮਤ 'ਤੇ ਭੰਗ ਹੋ ਜਾਂਦੀ ਹੈ ਅਤੇ ਜ਼ਿਆਦਾ ਮੰਗ ਜਾਂ ਜ਼ਿਆਦਾ ਪੂਰਤੀ, ਕੀਮਤ ਨੂੰ ਅਤੇ ਇਸ ਲਈ ਮੰਗ ਤੇ ਪੂਰਤੀ ਨੂੰ, ਸੰਤੁਲਨ ਕੀਮਤ ਅਤੇ ਮਾਤਰਾ 'ਤੇ ਲੈ ਜਾਂਦੀ ਹੈ, ਰੇਖਾ ਹਿਸਾਬੀ ਤੌਰ 'ਤੇ, ਸੰਤੁਲਨ ਉਦੋਂ ਸਥਿਰ ਹੁੰਦਾ ਹੈ, ਜਦੋਂ ਪੂਰਤੀ ਵਕ੍ਰ ਨੂੰ ਮੰਗ ਵਕ੍ਰ ਉਪਰੋਂ ਕੱਟਦਾ ਹੈ। ਸੰਤੁਲਨ ਦੀ ਸਥਿਰਤਾ ਨੂੰ ਚਿੱਤਰ 26.2 ਵਿੱਚ ਦਰਸਾਇਆ ਗਿਆ ਹੈ। ਜਿੱਥੇ D ਮੰਗ ਵਕ੍ਰ S ਪੂਰਤੀ ਵਕ੍ਰ ਨੂੰ ਉਪਰੋਂ E ਬਿੰਦੂ 'ਤੇ ਕੱਟਦਾ ਹੈ ਜੋ ਸੰਤੁਲਨ ਬਿੰਦੂ ਹੈ। OP ਸੰਤੁਲਨ ਕੀਮਤ 'ਤੇ ਵਸਤੂ ਦੀ OQ ਮਾਤਰਾ ਖਰੀਦੀ ਅਤੇ ਵੇਚੀ ਜਾਂਦੀ ਹੈ। ਜੇਕਰ ਕੀਮਤ OP ਤੋਂ OP_2 'ਤੇ ਡਿੱਗ ਜਾਂਦੀ ਹੈ ਤਾਂ ਮੰਗ $P_2d_1 > P_2s_1$ ਪੂਰਤੀ ਅਤੇ s_1d_1 ਜ਼ਿਆਦਾ ਮੰਗ ਹੁੰਦੀ ਹੈ। ਕਿਉਂਕਿ ਪੂਰਤੀ ਨਾਲ ਮੰਗ ਜ਼ਿਆਦਾ ਹੁੰਦੀ ਹੈ, ਖਰੀਦਦਾਰਾਂ ਵਿੱਚ ਘੱਟ ਪੂਰਤੀ ਲਈ ਪ੍ਰਤੀਯੋਗਤਾ OP_2 ਕੀਮਤ ਨੂੰ ਵਧਾ ਕੇ ਸੰਤੁਲਨ ਕੀਮਤ OP 'ਤੇ ਲੈ ਆਵੇਗੀ। ਜੇਕਰ ਕੀਮਤ OP ਤੋਂ ਵੱਧ ਕੇ OP_1 ਹੋ ਜਾਂਦੀ ਹੈ ਤਾਂ ਪੂਰਤੀ $P_1s > P_1d$ ਮੰਗ ਜਿਸ ਨਾਲ ds ਜ਼ਿਆਦਾ ਪੂਰਤੀ ਹੁੰਦੀ ਹੈ, ਕਿਉਂਕਿ ਪੂਰਤੀ ਤੋਂ ਮੰਗ ਘੱਟ ਹੈ, ਇਸ ਲਈ ਹਰੇਕ ਵਿਕਰੇਤਾ ਆਪਣੀ ਕੀਮਤ ਨੂੰ ਥੋੜ੍ਹਾ ਜਿਹਾ ਘੱਟ ਕਰਕੇ ਆਪਣੀ ਵਸਤੂ ਵੇਚਣ ਦਾ ਯਤਨ ਕਰੇਗਾ ਅਤੇ ਵਿਕਰੇਤਾਵਾਂ ਵਿੱਚ ਪ੍ਰਤੀਯੋਗਤਾ OP_2 ਕੀਮਤ ਨੂੰ ਸੰਤੁਲਨ ਕੀਮਤ OP 'ਤੇ ਲੈ ਆਵੇਗੀ। ਇਸ ਤਰ੍ਹਾਂ OP ਕੀਮਤ 'ਤੇ ਬਿੰਦੂ E ਸੰਤੁਲਨ ਦੀ ਸਥਿਰਤਾ ਨੂੰ ਦਰਸਾਉਂਦਾ ਹੈ।



ਚਿੱਤਰ 26.2

ਦੂਸਰੇ ਪਾਸੇ ਸਥਿਰ ਸੰਤੁਲਨ ਉਹ ਸਥਿਤੀ ਹੁੰਦੀ ਹੈ, ਜਿਸ ਵਿੱਚ ਜਦੋਂ ਇਕ ਵਾਰ ਸੰਤੁਲਨ ਕੀਮਤ ਵਿੱਚ ਗੜਬੜ ਹੈ ਤਾਂ ਉਹ ਪੁਨਰ ਕਦੇ ਵੀ ਸਥਾਪਿਤ ਨਹੀਂ ਹੁੰਦੀ। ਰੇਖਾ ਹਿਸਾਬੀ ਤੌਰ 'ਤੇ ਜਦੋਂ ਪੂਰਤੀ ਵਕ੍ਰ ਨੂੰ ਮੰਗ ਵਕ੍ਰ **ਹੇਠਾਂ ਤੋਂ** ਕੱਟਦਾ ਹੈ ਤਾਂ ਅਸਥਿਰ ਸੰਤੁਲਨ ਹੁੰਦਾ ਹੈ। ਇਸ ਨੂੰ ਚਿੱਤਰ 26.3 ਨਾਲ ਸਮਝਾਇਆ ਗਿਆ ਹੈ, ਜਿੱਥੇ D ਮੰਗ ਵਕ੍ਰ ਉਪਰ ਵੱਲ ਢਾਲ ਵਾਲਾ ਹੈ ਅਤੇ S ਪੂਰਤੀ ਵਕ੍ਰ ਨੂੰ E ਬਿੰਦੂ 'ਤੇ ਹੇਠਾਂ ਤੋਂ ਕੱਟਦਾ ਹੈ ਅਤੇ OP ਸੰਤੁਲਨ ਕੀਮਤ ਨਿਰਧਾਰਿਤ ਹੁੰਦੀ ਹੈ। ਜੇਕਰ ਕੀਮਤ OP ਤੋਂ ਵੱਧ ਕੇ OP_1 ਹੋ ਜਾਂਦੀ ਹੈ ਤਾਂ ਮੰਗ $P_1d > P_1s$ ਪੂਰਤੀ। ਜਦੋਂ ਪੂਰਤੀ ਤੋਂ ਮੰਗ ਜ਼ਿਆਦਾ ਹੁੰਦੀ ਹੈ ਤਾਂ ਕੀਮਤ ਉਪਰ ਵੱਲ ਵੱਧਦੀ ਹੈ ਅਤੇ ਕੀਮਤ ਵਿੱਚ ਵਾਧਾ ਜ਼ਿਆਦਾ ਮੰਗ ਨੂੰ ਖਤਮ ਨਹੀਂ ਕਰੇਗਾ। ਇਹ ਸਮੱਸਿਆ ਨੂੰ ਕੇਵਲ ਹੋਰ ਗੰਭੀਰ ਕਰੇਗੀ, ਕਿਉਂਕਿ ਸੰਤੁਲਨ ਸਥਿਰ E ਕਦੇ ਵੀ ਪੁਨਰ ਪ੍ਰਾਪਤ ਪ੍ਰਾਪਤ ਨਹੀਂ ਹੋਵੇਗੀ। ਇਸੇ ਤਰ੍ਹਾਂ ਹੇਠਾਂ ਵੱਲ ਵੀ ਅਸਥਿਰਤਾ ਪਾਈ ਜਾਂਦੀ ਹੈ। ਜਦੋਂ ਕੀਮਤ OP ਤੋਂ ਡਿੱਗ ਕੇ OP_2 ਹੋ ਜਾਂਦੀ ਹੈ ਤਾਂ d_1s_1 ਜ਼ਿਆਦਾ ਪੂਰਤੀ ਹੁੰਦੀ ਹੈ ਜੋ ਕੀਮਤ ਨੂੰ ਹੋਰ ਸੁੱਟਦੀ ਹੈ ਅਤੇ ਸੰਤੁਲਨ ਸਥਿਤੀ E ਨੂੰ ਪੁਨਰ ਪ੍ਰਾਪਤ ਕਰਨ ਦੀ ਕੋਈ ਸੰਭਾਵਨਾ ਨਹੀਂ ਹੁੰਦੀ।

ਨੋਟ



ਚਿੱਤਰ 26.3

ਸਵੈ ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions):

4. ਜਦੋਂ ਪੂਰਨ ਪ੍ਰਤੀਯੋਗਤਾ ਮਾਰਕੀਟ ਵਿੱਚ ਅਸੰਗਤੀਆਂ ਅਤੇ ਪੈਮਾਨੇ ਦੇ ਵੱਧ ਰਹੇ ਪ੍ਰਤੀਫਲ ਨਹੀਂ ਪਾਏ ਜਾਂਦੇ ਤਾਂ .. .. ਦੀ ਹੋਂਦ ਹੁੰਦੀ ਹੈ।

(ਅ) ਸਧਾਰਣ ਸੰਤੁਲਨ (ਬ) ਮਾਰਕੀਟ ਸੰਤੁਲਨ

(ਸ) ਆਰਥਿਕ ਸੰਤੁਲਨ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

5. ਇਕ ਸੰਤੁਲਨ ਉਸ ਸਮੇਂ ਹੁੰਦਾ ਹੈ, ਜਦੋਂ ਮੰਗ ਅਤੇ ਪੂਰਤੀ ਵਕ੍ਰ ਬਰਾਬਰ ਹੁੰਦੇ ਹਨ–

(ਅ) ਇਕ ਰਣਾਤਮਕ ਕੀਮਤ 'ਤੇ (ਬ) ਇਕ ਧਨਾਤਮਕ ਕੀਮਤ 'ਤੇ

(ਸ) ਇਕ ਬਰਾਬਰ ਕੀਮਤ 'ਤੇ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

6. ਵਾਲਰਸ ਦੇ ਸਧਾਰਣ ਸੰਤੁਲਨ ਵਿੱਚ ਬਾਜ਼ਾਰ ਸੰਤੁਲਨ ਦੀ ਜ਼ਰੂਰਤ ਪਾਈ ਜਾਂਦੀ ਹੈ–

(ਅ) ਕਦੇ ਨਹੀਂ (ਬ) ਹਮੇਸ਼ਾ

(ਸ) ਨਹੀਂ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

ਬਹੁ ਸੰਤੁਲਨ (Multiple equilibrium) ਵੀ ਸਥਿਰ ਅਤੇ ਅਸਥਿਰ ਸੰਤੁਲਨ ਦੀਆਂ ਸਥਿਤੀਆਂ ਨੂੰ ਦਰਸਾਉਂਦੇ ਹਨ। ਮਾਰਸ਼ਲ ਨੇ ਟੇਢੇ-ਮੇਡੇ ਮੰਗ ਅਤੇ ਪੂਰਤੀ ਵਕ੍ਰਾਂ ਦੀ ਸਹਾਇਤਾ ਨਾਲ ਅਨੇਕਾਂ ਸਥਿਰ ਅਤੇ ਅਸਥਿਰ ਸਥਿਤੀਆਂ ਦੀ ਵਿਆਖਿਆ ਕੀਤੀ, ਜਿਵੇਂ ਕਿ ਚਿੱਤਰ 26.4 ਵਿੱਚ ਵਿੱਚ ਦਰਸਾਇਆ ਜਾਂਦਾ ਹੈ। ਉਹ ਸਥਿਰ ਸਥਿਤੀ ਦੀ ਸ਼ਰਤ ਨੂੰ ਇਨ੍ਹਾਂ ਸ਼ਬਦਾਂ ਵਿੱਚ ਵਰਨਣ ਕਰਦਾ ਹੈ, "ਮੰਗ ਅਤੇ ਪੂਰਤੀ ਵਕ੍ਰਾਂ ਦੇ ਕੱਟਣ ਵਾਲੇ ਬਿੰਦੂ ਦੇ ਅਨੁਰੂਪ ਮੰਗ ਅਤੇ ਪੂਰਤੀ ਦਾ ਸੰਤੁਲਨ ਇਸ ਗੱਲ ਦੇ ਅਨੁਸਾਰ ਸਥਿਰ ਜਾਂ ਅਸਥਿਰ ਹੁੰਦਾ ਹੈ ਕਿ ਮੰਗ ਵਕ੍ਰ ਉਸ ਬਿੰਦੂ ਦੇ ਠੀਕ ਸੱਜੇ ਪਾਸੇ ਪੂਰਤੀ ਵਕ੍ਰ ਦੇ ਹੇਠਾਂ ਜਾਂ ਉਪਰ ਕਿੱਥੇ ਸਥਿਰ ਹੈ।"

ਬਹੁ ਸੰਤੁਲਨ ਦੀਆਂ ਸ਼ਰਤਾਂ ਨੂੰ ਚਿੱਤਰ 26.4 ਵਿੱਚ ਦਿਖਾਇਆ ਗਿਆ ਹੈ, ਜਿੱਥੇ ਉਸ ਦੀ ਮੰਗ ਵਕ੍ਰ DD_1 ਅਤੇ ਪੂਰਤੀ ਵਕ੍ਰ SS_1 'ਤੇ ਸੰਤੁਲਨ ਦੇ ਤਿੰਨ ਬਿੰਦੂ A, B ਅਤੇ C ਹਨ। ਬਿੰਦੂ A ਅਤੇ C ਸਥਿਰ ਸੰਤੁਲਨ ਦੇ ਹਨ। ਬਿੰਦੂ A ਸਥਿਰ ਸੰਤੁਲਨ ਦਾ ਹੈ, ਕਿਉਂਕਿ ਜਦੋਂ ਕੀਮਤ OP_3 ਤੋਂ ਉਪਰ ਵੱਧਦੀ ਹੈ ਤਾਂ ਮੰਗ ਤੋਂ ਪੂਰਤੀ ਜ਼ਿਆਦਾ ਹੁੰਦੀ ਹੈ। ਵਿਕਰੇਤਾਵਾਂ ਵਿੱਚ ਆਪਣੀ ਜ਼ਿਆਦਾ ਪੂਰਤੀ ਵੇਚਣ ਦੀ ਪ੍ਰਤੀਯੋਗਤਾ ਕੀਮਤ ਨੂੰ ਹੇਠਾਂ ਵੱਲ ਧਕੇਲਦੀ ਹੈ ਅਤੇ ਸੰਤੁਲਨ ਪੁਨਰ ਕੀਮਤ OP_3 'ਤੇ ਸਥਾਪਿਤ ਹੋ ਜਾਂਦਾ ਹੈ। ਜੇਕਰ ਕੀਮਤ OP_3 ਤੋਂ ਘੱਟ ਹੋ ਜਾਂਦੀ ਹੈ ਤਾਂ ਪੂਰਤੀ ਤੋਂ ਮੰਗ ਜ਼ਿਆਦਾ ਹੁੰਦੀ ਹੈ। ਘੱਟ ਪੂਰਤੀ ਲਈ ਖਰੀਦਦਾਰਾਂ ਵਿੱਚ ਪ੍ਰਤੀਯੋਗਤਾ ਨਾਲ ਕੀਮਤ ਪੁਨਰ ਵੱਧ ਕੇ OP_3 ਸੰਤੁਲਨ ਪੱਧਰ 'ਤੇ ਆ ਜਾਂਦੀ ਹੈ। ਇਸੇ ਤਰ੍ਹਾਂ ਬਿੰਦੂ C 'ਤੇ ਸਥਿਰਤਾ ਪਾਈ

ਨੋਟ ਜਾਂਦੀ ਹੈ। ਜਦੋਂ ਕੀਮਤ OP_1 ਤੋਂ ਉਪਰ ਵੱਧਦੀ ਹੈ ਤਾਂ ਮੰਗ ਤੋਂ ਪੂਰਤੀ ਜ਼ਿਆਦਾ ਹੋਣ ਦੇ ਕਾਰਨ ਵਿਕਰੇਤਾਵਾਂ ਵਿੱਚ ਪ੍ਰਤੀਯੋਗਤਾ ਕੀਮਤ ਨੂੰ ਹੇਠਾਂ ਸੰਤੁਲਨ ਪੱਧਰ OP_1 'ਤੇ ਲੈ ਜਾਵੇਗੀ।



ਚਿੱਤਰ 26.4

ਜੇਕਰ ਕੀਮਤ OP_1 ਤੋਂ ਹੇਠਾਂ ਡਿੱਗ ਜਾਂਦੀ ਹੈ ਤਾਂ ਪੂਰਤੀ ਤੋਂ ਮੰਗ ਜ਼ਿਆਦਾ ਹੋਣ 'ਤੇ ਖਰੀਦਦਾਰਾਂ ਵਿੱਚ ਪ੍ਰਤੀਯੋਗਤਾ ਕੀਮਤ ਨੂੰ ਵਧਾ ਕੇ ਸੰਤੁਲਨ ਪੱਧਰ OP_1 'ਤੇ ਲੈ ਜਾਵੇਗੀ। ਇਨ੍ਹਾਂ ਦੋਵਾਂ ਸਥਿਤੀਆਂ ਦਰਮਿਆਨ ਅਸਥਿਰ ਸੰਤੁਲਨ ਦਾ ਬਿੰਦੂ B ਹੈ, ਜਦੋਂ ਕੀਮਤ OP_2 ਤੋਂ ਉਪਰ ਵੱਧਦੀ ਹੈ ਤਾਂ ਜ਼ਿਆਦਾ ਮੰਗ ਹੁੰਦੀ ਹੈ ਅਤੇ ਘੱਟ ਪੂਰਤੀ ਦੇ ਲਈ ਖਰੀਦਦਾਰਾਂ ਵਿੱਚ ਪ੍ਰਤੀਯੋਗਤਾ ਨਾਲ ਕੀਮਤਾਂ ਸੰਤੁਲਨ ਬਿੰਦੂ ਤੋਂ ਉਪਰ ਹੀ ਉਪਰ ਵੱਧਦੀ ਚਲੀ ਜਾਵੇਗੀ। ਦੂਸਰੇ ਪਾਸੇ ਜੇਕਰ ਕੀਮਤ OP_2 ਤੋਂ ਹੇਠਾਂ ਡਿੱਗਦੀ ਹੈ ਤਾਂ ਜ਼ਿਆਦਾ ਪੂਰਤੀ ਹੁੰਦੀ ਹੈ। ਵਿਕਰੇਤਾਵਾਂ ਵਿੱਚ ਆਪਣੀ-ਆਪਣੀ ਜ਼ਿਆਦਾ ਪੂਰਤੀ ਵੇਚਣ ਦੀ ਪ੍ਰਤੀਯੋਗਤਾ ਕੀਮਤ ਨੂੰ ਘੱਟ ਕਰਦੀ ਜਾਵੇਗੀ, ਜਦੋਂ ਤੱਕ ਕਿ ਬਿੰਦੂ C 'ਤੇ ਨਵਾਂ ਸਥਰਿ ਸੰਤੁਲਨ ਪ੍ਰਾਪਤ ਨਹੀਂ ਹੋ ਜਾਂਦਾ।

ਉਪਰਲਾ ਵਿਸ਼ਲੇਸ਼ਣ ਮਾਰਸ਼ਲ ਦੀਆਂ ਸਥਿਰਤਾ ਸ਼ਰਤਾਂ 'ਤੇ ਅਧਾਰਿਤ ਹੈ ਪਰ ਵਾਲਰਸ ਦੇ ਦ੍ਰਿਸ਼ਟੀਕੋਣ ਤੋਂ ਸਥਿਰ ਅਤੇ ਅਸਥਿਰ ਸੰਤੁਲਨ ਦੀਆਂ ਸਥਿਤੀਆਂ ਉਲਟ ਜਾਂਦੀਆਂ ਹਨ। ਜਿੱਥੇ ਪੂਰਤੀ ਨੂੰ ਮੰਗ ਵਕ੍ਰ **ਉਪਰ** ਤੋਂ ਕੱਟਦਾ ਹੈ, ਉਥੇ ਸੰਤੁਲਨ ਅਸਥਿਰ ਹੋਵੇਗਾ ਅਤੇ ਜਿੱਥੇ ਉਹ ਹੇਠਾਂ ਤੋਂ ਕੱਟਦਾ ਹੈ, ਉਹ ਸੰਤੁਲਨ ਸਥਿਰ ਹੋਵੇਗਾ ਅਤੇ ਵਾਲਰਸ ਦੇ ਲਈ A ਦੀ ਸਥਿਤੀ ਅਸਥਿਰ ਅਸੰਤੁਲਨ ਦੀ B ਸਥਿਰ ਸੰਤੁਲਨ ਦੀ ਅਤੇ C ਪੁਨਰ ਅਸਥਿਰ ਅਸੰਤੁਲਨ ਦੀ ਹੋਵੇਗੀ। ਅਜਿਹਾ ਇਸ ਲਈ ਕਿ ਮਾਰਸ਼ਲ ਦੀ ਸਥਿਰਤਾ ਦੀਆਂ ਸ਼ਰਤਾਂ **ਕੀਮਤ ਨਿਰਭਰ** ਧਾਰਨਾ 'ਤੇ ਅਧਾਰਿਤ ਹਨ, ਜਦੋਂ ਕਿ ਵਾਲਰਸ ਦੀ **ਮਾਤਰਾ ਨਿਰਭਰ** ਧਾਰਨਾ 'ਤੇ ਅਧਾਰਿਤ ਹੈ।

ਫਿਰ ਵੀ ਵਾਲਰਸ ਦੇ ਸਧਾਰਣ ਸੰਤੁਲਨ ਵਿੱਚ ਬਾਜ਼ਾਰ ਸੰਤੁਲਨ ਦੀ ਸਥਿਰਤਾ ਹਮੇਸ਼ਾ ਪਾਈ ਜਾਂਦੀ ਹੈ। ਇਹ ਪੁਨਰਵਿਰਤੀ (Repetitive) ਪ੍ਰਕਿਰਿਆ ਨਾਲ ਪ੍ਰਾਪਤ ਕੀਤੀ ਜਾਂਦੀ ਹੈ। ਜੇਕਰ ਅਸਥਿਰ ਸੰਤੁਲਨ ਹੋਵੇ ਤਾਂ ਹਰੇਕ ਮਾਰਕੀਟ ਆਪਣੇ ਸੰਤੁਲਨ ਮੁੱਲ 'ਤੇ ਸਮਾਯੋਜਿਤ ਹੋਵੇਗੀ। ਜਦੋਂ ਇਸ ਮਾਤਰਾ ਕੀਮਤ ਪ੍ਰਕਿਰਿਆ ਦੀ ਪੁਨਰਵਿਰਤੀ ਹੁੰਦੀ ਹੈ ਤਾਂ ਅਰਥ ਵਿਵਸਥਾ "ਲੱਭਣ" (Groping) ਅਤੇ ਪ੍ਰੀਖਣ-ਪ੍ਰਣਾਲੀ (Trial and error) ਨਾਲ ਸਧਾਰਣ ਸੰਤੁਲਨ ਪ੍ਰਾਪਤ ਕਰ ਲੈਂਦੀ ਹੈ। **ਏਰੋ** ਅਤੇ **ਹੁਰਵਿਕਜ਼** ਨੇ ਵਾਲਰਸ ਸਿਸਟਮ ਦੀ ਆਧੁਨਿਕ ਜਾਂਚ ਨਾਲ ਇਹ ਦਰਸਾਇਆ ਹੈ ਕਿ ਵਾਲਰਸ ਸਿਸਟਮ ਸਥਿਰ ਹੈ, ਜਦੋਂ ਕਿ ਕੁਝ ਹੋਰ ਅਧਿਐਨਾਂ ਨੇ ਇਸ ਨੂੰ ਅਸਥਿਰ ਦਰਸਾਇਆ ਹੈ। **ਏਰੋ** ਅਤੇ **ਡੇਬਰੋ** ਦੇ ਅਨੁਸਾਰ ਵਾਲਰਸ ਦਾ ਸਧਾਰਣ ਸੰਤੁਲਨ ਸਿਸਟਮ ਸਥਿਰ ਹੁੰਦਾ ਹੈ, ਜਦੋਂ ਪੈਮਾਨੇ ਦੇ ਪ੍ਰਤੀਫਲ ਸਥਿਰ ਅਤੇ ਘੱਟ ਰਹੇ ਹੋਣ, ਉਪਭੋਗ ਅਤੇ ਉਤਪਾਦਨ ਦੇ ਬਹਿਭਾਰਵ ਨਾ ਹੋਣ ਅਤੇ ਸਾਰੀਆਂ ਵਸਤੂਆਂ ਸਫਲ (Gross) ਸਥਾਨਾਪੰਨ ਹੋਣ ਅਤੇ ਇਕ ਵਸਤੂ ਦੀ ਕੀਮਤ ਵਿੱਚ ਵਾਧੇ ਨਾਲ ਹੋਰ ਵਸਤੂਆਂ ਦੀ ਧਨਾਤਮਕ ਜ਼ਿਆਦਾ ਮੰਗ ਹੁੰਦੀ ਹੈ।

3. ਸਧਾਰਣ ਸੰਤੁਲਨ ਦਾ ਅਨੋਖਾਪਨ (Uniqueness of General Equilibrium)

ਸੰਤੁਲਨ ਦੂਸਰਾ ਉਦੋਂ ਹੁੰਦਾ ਹੈ, ਜਦੋਂ ਕੀਮਤਾਂ ਅਤੇ ਮਾਤਰਾਵਾਂ ਦਾ ਕੇਵਲ ਇਕ ਸੈਟ ਸੰਤੁਲਨ ਦੀਆਂ ਸ਼ਰਤਾਂ ਨੂੰ ਪੂਰਾ ਕਰਦਾ ਹੈ। ਉਦਾਹਰਣ ਦੇ ਤੌਰ 'ਤੇ ਚਿੱਤਰ 26.1 ਵਿੱਚ ਪ੍ਰਗਟ E ਬਿੰਦੂ 'ਤੇ ਸੰਤੁਲਨ ਸਥਿਰ ਅਤੇ ਦੂਸਰਾ ਵੀ ਹੈ, ਕਿਉਂਕਿ ਕੇਵਲ ਇਕ ਕੀਮਤ OP ਅਤੇ ਮਾਤਰਾ OQ ਮਾਰਕੀਟ ਦੀ ਸਥਿਰਤਾ ਲਿਆਉਂਦੀ ਹੈ ਜੋ ਦੂਸਰੀ ਹੈ।

ਨੋਟ



ਚਿੱਤਰ 26.5

ਸੰਤੁਲਨ ਦੀ ਦੂਸਰੀ ਨੂੰ ਜ਼ਿਆਦਾ ਮੰਗ ਦੀ ਧਾਰਨਾ ਨਾਲ ਵੀ ਵਰਨਣ ਕੀਤਾ ਜਾਂਦਾ ਹੈ। ਜ਼ਿਆਦਾ ਮੰਗ (E_D) ਮੰਗ (Q_D) ਅਤੇ ਪੂਰਤੀ (Q_S) ਦਾ ਅੰਤਰ ਹੁੰਦਾ ਹੈ–

$$E_D = Q_D - Q_S$$

ਰੇਖਾ ਹਿਸਾਬੀ ਤੌਰ 'ਤੇ ਜ਼ਿਆਦਾ ਮੰਗ ਨੂੰ ਜ਼ਿਆਦਾ ਮੰਗ ਵਕ੍ਰ ਨਾਲ ਦਰਸਾਇਆ ਜਾਂਦਾ ਹੈ, ਜਿਸ ਨੂੰ ਇਕ ਕੀਮਤ 'ਤੇ ਮੰਗ ਅਤੇ ਪੂਰਤੀ ਵਕ੍ਰਾਂ ਦੇ ਅੰਤਰ ਦੇ ਅਧਾਰ 'ਤੇ ਖਿੱਚਿਆ ਜਾਂਦਾ ਹੈ। ਚਿੱਤਰ 26.2, 26.3 ਅਤੇ 26.4 ਦੇ ਲਈ ਜ਼ਿਆਦਾ ਮੰਗ ਵਕ੍ਰਾਂ ਨੂੰ ਅੱਗੇ ਚਿੱਤਰਾਂ 26.5 ਤੋਂ 26.7 ਤੱਕ ਪੁਨਰ ਖਿੱਚਿਆ ਗਿਆ ਹੈ।

ਚਿੱਤਰ 26.2 ਨੂੰ ਲਓ। OP ਕੀਮਤ 'ਤੇ ਜਦੋਂ S ਵਕ੍ਰ ਨੂੰ D ਵਕ੍ਰ **ਉਪਰੋਂ** ਕੱਟਦਾ ਹੈ, ਉਦੋਂ ਬਿੰਦੂ E 'ਤੇ ਦੋਵੇਂ ਵਕ੍ਰ ਸੰਤੁਲਨ ਵਿੱਚ ਹਨ। ਇੱਥੇ ਜ਼ਿਆਦਾ ਮੰਗ ਜ਼ੀਰੋ ਹੈ ਅਤੇ E_D=O ਉਸ ਖੇਤਰ ਵਿੱਚ ਜਿੱਥੇ S ਤੋਂ D ਜ਼ਿਆਦਾ ਹੈ। (P_2d_1, P_2s_1), ਜ਼ਿਆਦਾ ਮੰਗ **ਧਨਾਤਮਕ** (Positive) ਹੈ ਅਤੇ ਇੱਥੇ D ਤੋਂ S ਜ਼ਿਆਦਾ ਹੈ। (P_1sP_1d), ਜ਼ਿਆਦਾ ਮੰਗ **ਰਣਾਤਮਕ** (Negative) ਹੈ। ਸਧਾਰਣ D ਅਤੇ S ਵਕ੍ਰ ਦੇ ਲਈ ਜ਼ਿਆਦਾ ਮੰਗ ਵਕ੍ਰ ਦੀ ਢਲਾਣ ਰਣਾਤਮਕ (ਖੱਬੇ ਤੋਂ ਸੱਜੇ ਹੇਠਾਂ ਵੱਲ) ਹੁੰਦੀ ਹੈ। E_D<O। ਜਦੋਂ ਜ਼ਿਆਦਾ ਮੰਗ ਵਕ੍ਰ ਦੀ ਢਲਾਣ ਕੀਮਤ ਅਕਸ਼ ਨੂੰ ਕੱਟਣ ਦੇ ਬਿੰਦੂ 'ਤੇ ਰਣਾਤਮਕ ਹੁੰਦੀ ਹੈ, ਜਿਵੇਂ ਕਿ ਚਿੱਤਰ 26.5 ਵਿੱਚ ਬਿੰਦੂ D 'ਤੇ ਤਾਂ ਸੰਤੁਲਨ ਸਥਿਰ ਅਤੇ ਦੂਸਰਾ ਹੁੰਦਾ ਹੈ।



ਚਿੱਤਰ 26.6



ਚਿੱਤਰ 26.7

ਨੋਟ ਹੁਣ ਚਿੱਤਰ 26.3 ਨੂੰ ਹੀ ਲਓ ਉਥੇ ਪੂਰਤੀ ਵਕ੍ਰ ਨੂੰ ਮੰਗ ਵਕ੍ਰ ਨੂੰ ਮੰਗ ਵਕ੍ਰ **ਹੇਠਾਂ** ਤੋਂ ਕੱਟਦਾ ਹੈ। ਇੱਥੇ ਸੰਤੁਲਨ ਕੀਮਤ OP ਤੋਂ ਹੇਠਾਂ ਜ਼ਿਆਦਾ ਮੰਗ ਧਨਾਤਮਕ ਹੈ ਅਤੇ ਇਸ ਤੋਂ ਉਪਰ ਰਣਾਤਮਕ ਹੈ। ਇਸ ਲਈ ਜ਼ਿਆਦਾ ਮੰਗ ਦੀ ਢਲਾਣ ਧਨਾਤਮਕ ਹੋਵੇਗੀ, E_0>0. ਜਦੋਂ ਜ਼ਿਆਦਾ ਮੰਗ ਵਕ੍ਰ ਦੀ ਢਲਾਣ ਕੀਮਤ ਅਕਸ਼ ਨੂੰ ਕੱਟਣ ਦੇ ਬਿੰਦੂ 'ਤੇ ਧਨਾਤਮਕ ਹੁੰਦੀ ਹੈ, ਜਿਵੇਂ ਕਿ ਚਿੱਤਰ 26.6 ਵਿੱਚ ਬਿੰਦੂ E 'ਤੇ ਤਾਂ ਸੰਤੁਲਨ ਦੂਸਰਾ ਅਤੇ ਅਸਥਿਰ ਹੁੰਦਾ ਹੈ।

ਚਿੱਤਰ 26.7 ਬਹੁ ਸੰਤੁਲਨ ਨੂੰ ਪ੍ਰਗਟ ਕਰਦਾ ਹੈ, ਜਦੋਂ ਇਸ ਨੂੰ ਚਿੱਤਰ 26.4 ਦੇ ਅਧਾਰ 'ਤੇ ਦੂਸਰੀ ਮੰਗ ਦੇ ਅਨੁਸਾਰ ਖਿੱਚਿਆ ਗਿਆ ਹੈ, ਵਕ੍ਰ ED ਅਨੁਲੰਬ ਕੀਮਤ ਅਕਸ਼ ਨੂੰ P_1, P_2 ਅਤੇ P_3 ਬਿੰਦੂਆਂ 'ਤੇ ਕੱਟਦਾ ਹੈ ਜੋ ਬਹੁ ਸੰਤੁਲਨਾਂ ਨੂੰ ਪ੍ਰਗਟ ਕਰਦੇ ਹਨ। P_1 ਅਤੇ P_3 ਬਿੰਦੂਆਂ 'ਤੇ ਇੱਥੇ ED ਵਕ੍ਰ ਦੀ ਢਲਾਣ ਰਣਾਤਮਕ ਹੈ। ਦੋਵੇਂ ਸੰਤੁਲਨ ਸਥਿਤੀਆਂ ਦੂਸਰੀਆਂ ਅਤੇ ਸਥਿਰ ਹਨ ਪਰ ਬਿੰਦੂ P_2 'ਤੇ E_D ਵਕ੍ਰ ਦਾ ਢਲਾਣ ਧਨਾਤਮਕ ਹੈ ਜੋ ਦੂਸਰਾ ਪਰ ਅਸਥਿਰ ਸੰਤੁਲਨ ਨੂੰ ਪ੍ਰਗਟ ਕਰਦਾ ਹੈ।

ਸੰਤੁਲਨ ਦੇ ਦੂਸਰੇ ਅਤੇ ਸਥਿਰ ਉਪਰ ਵਰਨਣ ਕੀਤੇ ਗਏ ਵਿਸ਼ਲੇਸ਼ਣ ਨੂੰ ਇਕੱਠਾ ਵਸਤੂ ਅਤੇ ਸਾਧਨ ਮਾਰਕੀਟਾਂ ਦੇ ਪ੍ਰਸਪਰ ਸਬੰਧ ਅਤੇ ਪ੍ਰਸਪਰ ਨਿਰਭਰਤਾਵਾਂ ਨੂੰ ਲੈ ਕੇ ਸਧਾਰਣ ਸੰਤੁਲਨ ਵੱਲ ਵਧਾਇਆ ਜਾ ਸਕਦਾ ਹੈ।

ਕੀ ਤੁਸੀਂ ਜਾਣਦੇ ਹੋ ਕੀ ਤੁਸੀਂ ਜਾਣਦੇ ਹੋ ਕੀਮਤ 'ਤੇ ਮੰਗ ਅਤੇ ਪੂਰਤੀ ਦੀ ਮਾਤਰਾ ਸੰਤੁਲਨ ਮਾਤਰਾ ਅਖਵਾਉਂਦੀ ਹੈ।

26.2 ਵਾਲਰਸੀਅ ਸਧਾਰਣ ਸੰਤੁਲਨ ਮਾਡਲ (The Walrasian General Equilibrium Model)

ਫ੍ਰਾਂਸ ਦਾ ਅਰਥ ਸ਼ਾਸਤਰੀ ਲਿਓਨ ਵਾਲਰਸ ਪਹਿਲਾ ਵਿਅਕਤੀ ਸੀ, ਜਿਸ ਨੇ ਹਿਸਾਬੀ ਰੂਪ ਵਿੱਚ ਆਪਣੀ ਪੁਸਤਕ Elements of Pure Economics (1874) ਵਿੱਚ ਇਕ ਸਧਾਰਣ ਸੰਤੁਲਨ ਦਾ ਮਾਡਲ ਵਿਕਸਿਤ ਕੀਤਾ। ਵਾਲਰਸ ਨੇ ਵਿਚਾਰ ਦਿੱਤਾ ਕਿ **ਸਾਰੀਆਂ** ਮਾਰਕੀਟਾਂ ਵਿੱਚ **ਸਾਰੀਆਂ** ਕੀਮਤਾਂ ਅਤੇ ਮਾਤਰਾਵਾਂ ਇਕ-ਦੂਸਰੇ ਨੂੰ ਪ੍ਰਭਾਵਿਤ ਕਰਕੇ ਇਕੱਠੀਆਂ ਨਿਰਧਾਰਿਤ ਹੁੰਦੀਆਂ ਹਨ। ਵਾਲਰਸ ਨੇ ਸਾਰੀਆਂ ਮਾਰਕੀਟਾਂ ਵਿੱਚ ਵਿਅਕਤੀਗਤ ਖਰੀਦਦਾਰਾਂ ਦੀਆਂ ਪਾਰਸਪ੍ਰਿਕ ਕਿਰਿਆਵਾਂ ਦਾ ਵਰਨਣ ਕਰਨ ਲਈ ਯੁੱਗਪਤ ਸਮੀਕਰਣਾਂ ਦੇ ਇਕ ਸਿਸਟਮ ਦਾ ਇਸਤੇਮਾਲ ਕੀਤਾ ਅਤੇ ਉਸ ਨੇ ਇਹ ਕਿਹਾ ਕਿ ਸਾਰੇ ਸਬੰਧ ਵਸਤੂਆਂ ਅਤੇ ਸਾਧਨਾਂ ਦੀਆਂ ਕੀਮਤਾਂ ਅਤੇ ਮਾਤਰਾਵਾਂ ਉਨ੍ਹਾਂ ਵੱਲੋਂ ਇਕੱਠੀਆਂ ਨਿਰਧਾਰਿਤ ਕੀਤੀਆਂ ਜਾ ਸਕਦੀਆਂ ਹਨ।

ਇਨ੍ਹਾਂ ਦੀਆਂ ਮਾਨਤਾਵਾਂ (Its Assumptions)

ਵਾਲਰਸੀਆ ਸਧਾਰਣ ਸੰਤੁਲਨ ਮਾਡਲ ਹੇਠ ਲਿਖੀਆਂ ਮਾਨਤਾਵਾਂ 'ਤੇ ਅਧਾਰਿਤ ਹੈ-

1. ਵਸਤੂ ਅਤੇ ਸਾਧਨ ਦੋਵੇਂ ਮਾਰਕੀਟ ਵਿੱਚ ਪੂਰਨ ਪ੍ਰਤੀਯੋਗਤਾ ਹੈ।
2. ਉਪਭੋਗਤਾਵਾਂ ਦੀਆਂ ਰੁਚੀਆਂ ਦਿੱਤੀਆਂ ਹੋਈਆਂ ਅਤੇ ਸਥਿਰ ਹਨ।
3. ਕੋਈ ਸੰਯੁਕਤ ਵਸਤੂਆਂ ਨਹੀਂ ਹਨ।
4. ਕੋਈ ਉਨਤੀ ਨਹੀਂ ਹੁੰਦੀ ਹੈ।
5. ਨਾ ਹੀ ਨਿਵੇਸ਼ ਅਤੇ ਨਾ ਹੀ ਉਪ-ਨਿਵੇਸ਼ (Disinvestment) ਹੁੰਦਾ ਹੈ।
6. ਪੈਮਾਨੇ ਦੇ ਪ੍ਰਤੀਫਲ ਸਥਿਰ ਹਨ।
7. ਇਕ ਸਾਧਨ ਸੇਵਾ ਦੀਆਂ ਸਾਰੀਆਂ ਇਕਾਈਆਂ ਸਮਰੂਪ ਹਨ।
8. ਉਤਪਾਦਨ ਦੇ ਸਾਧਨ ਪੂਰਨ ਤੌਰ 'ਤੇ ਗਤੀਸ਼ੀਲ ਹਨ।
9. ਸਾਧਨਾਂ ਦਾ ਪੂਰਨ ਰੋਜ਼ਗਾਰ ਹੈ।
10. ਉਪਭੋਗ ਅਤੇ ਉਤਪਾਦਨ ਦੇ ਬਹਿਰਭਾਵ (Externalities) ਨਹੀਂ ਹਨ।
11. ਸਾਰੀਆਂ ਵਸਤੂਆਂ ਦਾ ਇਕ-ਦੂਸਰੇ ਨਾਲ ਸਕਲ ਪ੍ਰਤੀਸਥਾਪਨ ਨਹੀਂ ਹੈ।

ਵਾਲਰਸ ਦਾ ਸਿਸਟਮ ਅਤੇ ਮਾਡਲ (The Walrasian System or Model)

ਉਪਰ ਦੀਆਂ ਮਾਨਤਾਵਾਂ ਦਿੱਤੀਆਂ ਹੋਣ 'ਤੇ ਵਾਲਰਸ ਨੇ ਪ੍ਰਸਪਰ ਨਿਰਭਰ ਵਸਤੂ ਬਾਜ਼ਾਰ ਅਤੇ ਸਾਧਨ ਸੇਵਾ ਬਾਜ਼ਾਰ ਵਿੱਚ ਫਰਕ ਕਰਕੇ ਸਮੀਕਰਣਾਂ ਦੀ ਇਕ ਪ੍ਰਣਾਲੀ ਦਾ ਨਿਰਮਾਣ ਕੀਤਾ। ਵਸਤੂ ਬਾਜ਼ਾਰ ਵਿੱਚ ਉਪਭੋਗਤਾ ਵਸਤੂਆਂ ਨੂੰ ਖਰੀਦਦੇ ਹਨ ਜੋ ਫਰਮਾਂ

ਵੱਲੋਂ ਸਪਲਾਈ ਕੀਤੀ ਜਾਂਦੀ ਹੈ ਅਤੇ ਉਹ ਅੱਗੇ ਆਪਣੀਆਂ ਸੇਵਾਵਾਂ ਨੂੰ ਫਰਮ ਦੇ ਕੋਲ ਵੇਚਦੇ ਹਨ। ਇਸੇ ਤਰ੍ਹਾਂ, ਫਰਮਾਂ ਆਪਣੀਆਂ ਬਣਾਈਆਂ ਵਸਤੂਆਂ ਨੂੰ ਉਪਭੋਗਤਾਵਾਂ ਨੂੰ ਵੇਚਦੇ ਹਨ ਅਤੇ ਵਸਤੂਆਂ ਦਾ ਨਿਰਮਾਣ ਕਰਨ ਲਈ ਉਪਭੋਗਤਾਵਾਂ ਕੋਲੋਂ ਸਾਧਨ ਸੇਵਾਵਾਂ ਖਰੀਦਦੇ ਹਨ। ਇਸੇ ਤਰ੍ਹਾਂ ਉਪਭੋਗਤਾਵਾਂ ਅਤੇ ਫਰਮਾਂ ਲਈ ਸਮੀਕਰਣਾਂ ਦੇ ਪ੍ਰਸਪਰ ਨਿਰਭਰ ਸੈਟ ਹੁੰਦੇ ਹਨ। ਪ੍ਰਣਾਲੀ ਵਿੱਚ **ਅਣਪਛਾਤੇ ਚਰ** (Unknown Variables) ਸਾਰੀਆਂ ਵਸਤੂਆਂ ਅਤੇ ਸਾਰੇ ਸਾਧਨ ਸੇਵਾਵਾਂ ਦੀਆਂ ਕੀਮਤਾਂ ਅਤੇ ਮਾਤਰਾਵਾਂ ਹਨ।

ਨੋਟ

ਵਾਲਰਸੀਆ ਮਾਡਲ ਦਾ ਵਰਨਣ ਕਰਨ ਲਈ ਅਸੀਂ ਉਸੇ ਦੇ ਸੰਕੇਤ ਚਿੰਨ੍ਹ ਇਸਤੇਮਾਲ ਕਰ ਰਹੇ ਹਾਂ–

a, b, c ... n ਵਸਤੂਆਂ ਨੂੰ ਨੀਦ੍ਰਿਸ਼ਟ ਕਰਦੇ ਹਨ।

P_a, P_b, P_c ... , n ਵਸਤੂਆਂ ਦੀਆਂ ਸਬੰਧਿਤ ਕੀਮਤਾਂ ਨੂੰ ਨੀਦ੍ਰਿਸ਼ਟ ਕਰਦੇ ਹਨ।

t, p, q ..., m ਤਿਆਰ ਵਸਤੂਆਂ ਦੇ ਨਿਰਮਾਣ ਲਈ m ਉਤਪਾਦਨ ਦੇ ਸਾਧਨਾਂ ਨੂੰ ਨੀਦ੍ਰਿਸ਼ਟ ਕਰਦੇ ਹਨ।

P_t, P_p, P_q ..., m ਉਤਪਾਦਨ ਦੇ ਸਾਧਨਾਂ ਦੀਆਂ ਸਬੰਧਿਤ ਕੀਮਤਾਂ ਨੂੰ ਨੀਦ੍ਰਿਸ਼ਟ ਕਰਦੇ ਹਨ।

ਮੁਦਰਾ ਨਾਲ ਸਬੰਧਿਤ ਮੁਸ਼ਕਿਲਾਂ ਤੋਂ ਬਚਣ ਲਈ, ਵਾਲਰਸ ਇਕ ਵਸਤੂ a ਦਾ ਇਸਤੇਮਾਲ ਕਰਦਾ ਹੈ, ਜਿਸ ਨੂੰ ਉਹ (numeraire) (ਲੇਖਾ ਦੀ ਇਕਾਈ) ਕਹਿੰਦਾ ਹੈ ਅਤੇ ਸਾਰੀਆਂ ਵਸਤੂਆਂ ਦੀਆਂ ਕੀਮਤਾਂ ਨੂੰ ਇਸ ਦੀਆਂ ਇਕਾਈਆਂ ਦੇ ਰੂਪ ਵਿੱਚ ਪ੍ਰਗਟ ਕਰਦਾ ਹੈ। numeraire ਦੀਆਂ ਕੀਮਤਾਂ ਨੂੰ p_a=1 ਮੰਨਦਾ ਹੈ।

ਸਾਧਨ ਸੇਵਾਵਾਂ ਦੀਆਂ ਪਹਿਲੀਆਂ ਮਾਤਰਾਵਾਂ (q_t' q_p' q_q...) ਦਿੱਤੀਆਂ ਹੋਈਆਂ ਕੀਮਤਾਂ (p_t' p_p'p_q...) ਦੀਆਂ ਹੋਣ 'ਤੇ ਹਰੇਕ ਉਪਭੋਗਤਾ ਆਪਣੀ ਸੰਤੁਸ਼ਟੀ ਨੂੰ ਉਦੋਂ ਜ਼ਿਆਦਾ ਕਰਦਾ ਹੈ, ਜਦੋਂ ਸਾਧਨ ਸੇਵਾਵਾਂ ਦੀਆਂ ਮਾਤਰਾਵਾਂ (O_1, O_P, O_q...) **ਗੁਣਾ** ਉਨ੍ਹਾਂ ਦੀਆਂ ਕੀਮਤਾਂ (p_t' p_p' p_q'...) ਬਰਾਬਰ ਹੁੰਦੀਆਂ ਹਨ। ਮੰਗ ਕੀਤੀਆਂ ਗਈਆਂ ਵਸਤੂਆਂ ਦੀਆਂ ਮਾਤਰਾਵਾਂ (d_a' d_b' d_c...) ਗੁਣਾ ਉਨ੍ਹਾਂ ਦੀਆਂ ਕੀਮਤਾਂ (p_a' p_b' p_c...) ਇਸ ਤਰ੍ਹਾਂ ਸਮੀਕਰਣ ਬਣ ਜਾਂਦਾ ਹੈ–

$$O_tp_t + O_pp_p + O_qp_q + ... = d_ap_a + d_bp_b + d_cp_c + ...$$

ਇਹ **ਬਜਟ** ਸਮੀਕਰਣ ਹੈ।

ਹੁਣ ਸਾਨੂੰ ਉਪਭੋਗਤਾ ਵਸਤੂਆਂ ਦੇ ਲਈ M **ਅਣਪਛਾਤਾ ਵਿਅਕਤੀਗਤ ਮੰਗ ਫਲਨ** ਚਾਹੀਦਾ ਹੈ ਜੋ ਨਿਰਭਰ ਕਰਦਾ ਹੈ ਇਕ ਵਸਤੂ ਦੀ ਕੀਮਤ ਅਤੇ ਹੋਰ ਸਾਰੀਆਂ ਵਸਤੂਆਂ ਦੀਆਂ ਕੀਮਤਾਂ 'ਤੇ, ਜਿਨ੍ਹਾਂ ਨੂੰ ਉਹ ਖਰੀਦ ਸਕਦਾ ਹੈ ਅਤੇ ਉਨ੍ਹਾਂ ਕੀਮਤਾਂ 'ਤੇ ਜਿਨ੍ਹਾਂ ਨੂੰ ਉਹ ਆਪਣੀਆਂ ਸਾਧਨ ਸੇਵਾਵਾਂ ਫਰਮਾਂ ਨੂੰ ਪ੍ਰਦਾਨ ਕਰਕੇ ਪ੍ਰਾਪਤ ਕਰਕੇ ਪ੍ਰਾਪਤ ਕਰਦਾ ਹੈ। ਇਹ ਸਬੰਧ ਸਮੀਕਰਣਾਂ ਦੇ ਹੇਠ ਲਿਖੇ ਸੈਟਾਂ ਨਾਲ ਪ੍ਰਗਟ ਕੀਤੇ ਜਾ ਸਕਦੇ ਹਨ–

$$d_a = f_a (p_t, p_p, p_q, ... p_a, p_b, p_c ...)$$
$$d_b = f_b (p_t, p_p, p_q, ... p_a, p_b, p_c ...)$$

ਹੁਣ ਅਸੀਂ ਸਾਧਨ ਸੇਵਾਵਾਂ ਲਈ n **ਅਣਪਛਾਤਾ ਵਿਅਕਤੀਗਤ ਪੂਰਤੀ** ਸਮੀਕਰਣਾਂ ਦੇ ਇਕ ਸੈਟ ਦਾ ਨਿਰਮਾਣ ਕਰਦੇ ਹਾਂ

$$O_t = f_t (p_t, p_p, p_q, ... p_a, p_b, p_c ...)$$
$$O_p = f_q (p_t, p_p, p_q, ... p_a, p_b, p_c ...)$$

ਵਿਅਕਤੀਆਂ ਅਤੇ ਫਰਮਾਂ ਦੇ ਅਧੀਨ ਮੰਗ ਅਤੇ ਪੂਰਤੀ ਫਲਨਾਂ ਦਾ ਜੋੜ ਕਰਕੇ ਸਾਨੂੰ ਪ੍ਰਾਪਤ ਹੁੰਦੇ ਹਨ–

(1) m ਬਣਾਈਆਂ ਵਸਤੂਆਂ ਲਈ ਮਾਰਕੀਟ ਮੰਗ ਸਮੀਕਰਣ ਹਨ–

$$D_a = \Sigma d_a = F_a (p_t, p_p, p_q, ... p_a, p_b, p_c ...)$$
$$D_a = \Sigma d_b = F_b (p_t, p_p, p_q, ... p_a, p_b, p_c ...)$$

(2) n ਸਧਾਰਣ ਸੇਵਾਵਾਂ ਦੇ ਲਈ ਮਾਰਕੀਟ ਮੰਗ ਸਮੀਕਰਣਾਂ ਹਨ–

$$O_t = \Sigma O_t = F_t (p_t, p_p, p_q, ... p_a, p_b, p_c ...)$$
$$O_p = \Sigma O_p = F_p (p_t, p_p, p_q, ... p_a, p_b, p_c ...)$$

ਵਾਲਰਸੀਆ ਮਾਰਕੀਟ ਸੰਤੁਲਨ ਉਦੋਂ ਹੁੰਦਾ ਹੈ, ਜਦੋਂ ਬਣਾਈਆਂ ਵਸਤੂਆਂ ਦੇ ਲਈ ਮਾਰਕੀਟ ਮੰਗ ਸਮੀਕਰਣ ਬਰਾਬਰ ਹੁੰਦੇ ਹਨ। ਸਾਧਨ ਸੇਵਾਵਾਂ ਦੇ ਮਾਰਕੀਟ ਪੂਰਤੀ ਸਮੀਕਰਣਾਂ ਦੇ। ਇਸ ਤਰ੍ਹਾਂ (1) ਅਤੇ (2) ਤੋਂ ਸਾਨੂੰ ਪ੍ਰਾਪਤ ਹੁੰਦਾ ਹੈ–

ਨੋਟ

$$D_a = O_t$$

ਅਤੇ

$$D_b = O_p$$

ਫਿਰ ਵਾਲਰਸ ਦੀ ਪ੍ਰਣਾਲੀ ਵਿੱਚ ਸਾਧਨ ਸੇਵਾਵਾਂ ਦੀਆਂ ਮੰਗੀਆਂ ਗਈਆਂ ਮਾਤਰਾਵਾਂ ਬਰਾਬਰ ਹੋਣੀਆਂ ਚਾਹੀਦੀਆਂ ਹਨ ਉਨ੍ਹਾਂ ਦੀ ਪੂਰਤੀ ਦੀਆਂ ਮਾਤਰਾਵਾਂ ਦੇ ਅਤੇ ਵਸਤੂਆਂ ਦੀਆਂ ਕੀਮਤਾਂ ਬਰਾਬਰ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਦੀ ਔਸਤ ਉਤਪਾਦਨ ਲਾਗਤਾਂ ਦੇ। ਇਹ ਦੋ ਸ਼ਰਤਾਂ ਸਾਨੂੰ ਸਮੀਕਰਣਾਂ ਦੇ ਦੋ ਹੋਰ ਸੈਟ ਪ੍ਰਦਾਨ ਕਰਦੀਆਂ ਹਨ–

1. ਸਾਧਨ ਸੇਵਾਵਾਂ ਦੀਆਂ ਮੰਗ ਮਾਤਰਾਵਾਂ ਜ਼ਰੂਰ ਬਰਾਬਰ ਹੋਣੀਆਂ ਚਾਹੀਦੀਆਂ ਹਨ ਉਨ੍ਹਾਂ ਦੀ ਪੂਰਤੀ ਦੀਆਂ ਮਾਤਰਾਵਾਂ ਦੇ ਤਾਂ ਕਿ n ਸਾਧਨ ਸੇਵਾਵਾਂ ਦੇ ਲਈ ਮਾਰਕੀਟ ਖਾਲੀ (Clear) ਹੋ ਜਾਂਦੀ ਹੈ।

$$O_t = a_t D_a + b_t D_b + c_t D_c + ...$$

$$O_p = a_p D_a + b_p D_b + c_p D_c + ...$$

2. ਉਤਪਾਦਨ ਦੀ ਔਸਤ ਅਤੇ m ਬਣਾਈਆਂ ਵਸਤੂਆਂ ਦੀਆਂ ਕੀਮਤਾਂ ਦਾ ਬਰਾਬਰ ਹੋਣਾ–

$$a_tp_t + a_pp_p + a_qp_q + ... = 1$$

$$b_tp_t + b_pp_p + b_qp_q + ... = p_b$$

ਇਸ ਤਰ੍ਹਾਂ 2m+2n ਸਮੀਕਰਨ ਹਨ। ਇਨ੍ਹਾਂ ਸਮੀਕਰਨਾਂ ਵਿੱਚ ਇਕ ਸੁਤੰਤਰ ਸਮੀਕਰਨ ਇਸ ਅਰਥ ਵਿੱਚ ਨਹੀਂ ਹੈ ਕਿ ਇਹ ਆਪਣੇ ਹੀ ਸੰਤੁਸ਼ਟ ਨਹੀਂ ਹੋ ਜਾਂਦਾ ਹੈ ਜੇਕਰ ਵਿਅਕਤੀ ਦੇ ਲਈ ਬਜਟ ਸਮੀਕਰਨ ਕਾਇਮ ਰਹਿੰਦਾ ਹੈ। ਸਾਡੇ ਕੋਲ ਬਾਕੀ 2m +2n – 1 ਸੁਤੰਤਰ ਸਮੀਕਰਨ ਰਹਿ ਜਾਂਦੇ ਹਨ ਅਤੇ ਇਹ ਪੂਰੀ ਤਰ੍ਹਾਂ ਨਾਲ ਨਿਰਧਾਰਿਤ ਕੀਤੀਆਂ ਜਾਣ ਵਾਲੀਆਂ ਅਣਪਛਾਤੀ ਸੰਖਿਆ ਦੇ ਬਰਾਬਰ ਹਨ– (1) ਸਪਲਾਈ ਕੀਤੀਆਂ ਗਈਆਂ ਸਾਧਨ ਸੇਵਾਵਾਂ ਦੀਆਂ n ਮਾਤਰਾਵਾਂ, (2) ਮੰਗੀਆਂ ਗਈਆਂ ਬਣੀਆਂ ਵਸਤੂਆਂ ਦੀਆਂ m ਮਾਤਰਾਵਾਂ, (3) ਸਾਧਨ ਸੇਵਾਵਾਂ ਦੀ n ਕੀਮਤਾਂ ਅਤੇ (4) ਬਣੀਆਂ ਵਸਤੂਆਂ ਦੀ m – 1 ਕੀਮਤਾਂ, ਕਿਉਂਕਿ pa =1 ਪ੍ਰੀਭਾਸ਼ਾ ਨਾਲ ਹੈ।

ਕਿਉਂਕਿ ਸੁਤੰਤਰ ਸਮੀਕਰਨਾਂ ਦੀ ਸੰਖਿਆ ਅਣਪਛਾਤੀ ਸੰਖਿਆ ਦੇ ਬਰਾਬਰ ਹੈ ਇਸ ਲਈ ਵਾਲਰਸ ਦਾ ਸਧਾਰਣ ਸੰਤੁਲਨ ਮਾਡਲ ਨਿਰਧਾਰਿਤ ਹੈ ਪਰ ਅਣਪਛਾਤੇ ਅਤੇ ਸਮੀਕਰਨਾਂ ਦੀ ਸੰਖਿਆ ਵਿੱਚ ਮਾਡਲ ਦੇ ਹੱਲ ਦੀ ਹੋਂਦ ਦੇ ਲਈ ਇਕ ਜ਼ਰੂਰੀ ਸ਼ਰਤ ਹੈ। ਇਹ ਨਾ ਹੀ ਦੂਸਰੀ ਅਤੇ ਨਾ ਹੀ ਜ਼ਰੂਰੀ ਸ਼ਰਤ ਹੈ। ਅਜਿਹਾ ਇਸ ਲਈ ਕਿ ਵਾਲਰਸੀਆ ਪ੍ਰਣਾਲੀ ਸਾਧਨ–ਸੇਵਾਵਾਂ ਅਤੇ ਵਸਤੂਆਂ ਦੀ ਰਣਾਤਮਕ ਕੀਮਤਾਂ ਅਤੇ ਵਸਤੂਆਂ ਅਤੇ ਸਾਧਨਾਂ ਦੀ ਰਣਾਤਮਕ ਮਾਤਰਾਵਾਂ ਨੂੰ ਸ਼ਾਮਿਲ ਨਹੀਂ ਕਰਦੀ ਹੈ। ਇਸ ਮਾਡਲ ਵਿੱਚ ਨਿਰਪੇਖ (Absolute) ਕੀਮਤਾਂ ਨੂੰ ਨਿਰਧਾਰਿਤ ਕਰਨਾ ਵੀ ਸੰਭਵ ਨਹੀਂ ਹੈ। ਫਿਰ ਵਾਲਰਸ ਦਾ ਮਾਡਲ **ਗੈਰ-ਨਿਰਧਾਰਿਤ** ਹੈ ਕਿਉਂਕਿ ਸਮੀਕਰਨਾਂ ਵਿੱਚੋਂ ਇਕ ਸਮੀਕਰਨ ਦੂਸਰਿਆਂ ਤੋਂ ਸੁਤੰਤਰ ਨਹੀਂ ਹੈ ਜਿਸ ਨਾਲ ਜਦੋਂ ਇਹ ਮੰਨ ਲਿਆ ਜਾਂਦਾ ਹੈ ਕਿ pa =1 ਤੱਕ **ਘੱਟ** ਅਣਜਾਣ ਦੀ ਤੁਲਨਾ ਵਿੱਚ ਘੱਟ ਸੁਤੰਤਰ ਸਮੀਕਰਨ ਹੁੰਦੇ ਹਨ।

ਵਾਲਰਸ ਨੇ ਆਪਣੀ ਸਧਾਰਣ ਸੰਤੁਲਨ ਪ੍ਰਣਾਲੀ ਦੇ ਨਿਰਧਾਰਣ ਅਤੇ ਸਥਿਰਤਾ ਦੀਆਂ ਸਮੱਸਿਆਵਾਂ ਨੂੰ tatonnement ਜਾਂ ਲੱਭਣ (Groping) ਨਾਲ ਹੱਲ ਕੀਤਾ ਹੈ। ਮੰਨ ਲਓ ਕਿ ਸਾਰੇ ਖਰੀਦਦਾਰ–ਵਿਕਰੇਤਾ ਉਨ੍ਹਾਂ ਮਾਤਰਾਵਾਂ ਦੀ ਘੋਸ਼ਣਾ ਕਰ ਦਿੰਦੇ ਹਨ ਜੋ ਉਹ ਦਿੱਤੀਆਂ ਹੋਈਆਂ ਕੀਮਤਾਂ 'ਤੇ ਖਰੀਦਣਾ ਜਾਂ ਬੇਚਣਾ ਚਾਹੁੰਦੇ ਹਨ। ਪੂਰਨ ਪ੍ਰਤੀਯੋਗਾਤਮਕ ਮਾਰਕੀਟਾਂ ਵਿੱਚ ਵਪਾਰ ਇਕ ਨੀਲਾਮ (Auction) ਸਮਝਣਾ ਚਾਹੀਦਾ ਹੈ। ਨੀਲਾਮ ਕਰਨ ਵਾਲੀਆਂ ਕੀਮਤਾਂ ਨਿਸ਼ਚਿਤ ਕਰਦਾ ਹੈ ਅਤੇ ਵਪਾਰੀ ਉਨ੍ਹਾਂ ਦੇ ਅਨੁਸਾਰ ਬੋਲੀ ਦਿੰਦੇ ਹਨ ਪਰ ਕੀਮਤਾਂ ਅਤੇ ਇਕਰਾਰਨਾਮੇ ਉਦੋਂ ਤੱਕ ਅੰਤਿਮ ਨਹੀਂ ਹੁੰਦੇ ਜਦੋਂ ਤੱਕ ਕਿ ਸੰਤੁਲਨ ਕੀਮਤਾਂ ਦਾ ਇਕ ਸੈਟ ਨਹੀਂ ਪਹੁੰਚ ਜਾਂਦਾ ਹੈ, ਜੇਕਰ ਕੀਮਤਾਂ ਦੇ ਕਿਸੇ ਸੈਟ ਦੇ ਲਈ ਕਿਸੇ ਵਸਤੂ ਦੀ ਮੰਗ ਜ਼ਿਆਦਾ ਹੁੰਦੀ ਹੈ ਤਾਂ ਨੀਲਾਮ ਕਰਨਾ ਵਾਲਾ ਉਸ ਵਸਤੂ ਦੀ ਕੀਮਤ ਕੁਝ ਵਧਾ ਦਿੰਦਾ ਹੈ ਅਤੇ ਜ਼ਿਆਦਾ ਪੂਰਤੀ ਹੋਣ 'ਤੇ ਕੀਮਤ ਘੱਟ ਕਰ ਦਿੰਦਾ ਹੈ। ਉਹ ਉਦੋਂ ਤੱਕ ਅਜਿਹੀਆਂ ਘੋਸ਼ਣਾਵਾਂ ਕਰਦੇ ਰਹਿੰਦੇ ਹਨ ਜਦੋਂ ਤੱਕ ਉਹ ਅਜਿਹੀ ਕੀਮਤ 'ਤੇ ਨਹੀਂ ਪਹੁੰਚ ਜਾਂਦੇ ਜੋ ਸਧਾਰਣ ਮਾਰਕੀਟ ਵਿੱਚ ਸੰਤੁਲਨ ਲੈ ਆਏ। ਉਤਪਾਦਕ ਸੇਵਾਵਾਂ ਨੂੰ ਖਰੀਦਣ ਅਤੇ ਵੇਚਣ ਦੇ ਵਿਸ਼ੇ ਵਿੱਚ ਵਾਲਰਸ ਦੀ ਧਾਰਨਾ ਇਹ ਸੀ ਕਿ ਉਤਪਾਦਕ ''ਟਿਕਟਾਂ'' ਦਿੰਦੇ ਹਨ ਜਿਨ੍ਹਾਂ ਤੋਂ ਦਿੱਤੀ ਗਈ ਕੀਮਤ 'ਤੇ ਉਹ ਸੇਵਾਵਾਂ ਦੀ ਦਿੱਦੀ ਗਈ ਸੇਵਾਵਾਂ ਖਰੀਦ ਸਕਦੇ ਹਨ। ਇਹ ਟਿਕਟਾਂ ਸਾਧਨਾਂ ਨੂੰ ਖਰੀਦਣ ਵਾਲਿਆਂ (ਉਤਪਾਦਕਾਂ) ਅਤੇ ਵੇਚਣ ਵਾਲਿਆਂ (ਉਪਭੋਗਤਾਵਾਂ ਅਤੇ ਸਾਧਨਾਂ ਦੇ ਮਾਲਕਾਂ) ਨੂੰ ਅਸਥਾਈ ਰੂਪ ਨਾਲ ਬੰਨ੍ਹ ਲੈਂਦੀਆਂ ਹਨ। ਕੇਵਲ ਉਸ ਸਥਿਤੀ ਵਿੱਚ ਸਾਰੀ ਵਿਵਸਥਾ ਦੀਆਂ ਕੀਮਤਾਂ ਸੰਤੁਲਨ ਵਿੱਚ ਆਵੇਗੀ ਜਦੋਂ ਮਨਜ਼ੂਰ ਕੀਮਤਾਂ ਅਜਿਹੀਆਂ ਹੋਣ ਕਿ ਉਨ੍ਹਾਂ 'ਤੇ ਸੇਵਾਵਾਂ ਦੀ ਮੰਗ ਅਤੇ ਪੂਰਤੀ ਬਰਾਬਰ ਹੋ ਜਾਵੇ। ਇਸ ਤਰ੍ਹਾਂ ਵਾਲਰਸ ਦਾ ਮਾਡਲ ਸਧਾਰਣ ਅਤੇ ਮਾਰਕੀਟ ਸੰਤੁਲਨ ਦੇ ਨਿਰਧਾਰਣ ਅਤੇ ਸਥਿਰਤਾ ਨੂੰ ਪ੍ਰਗਟ ਕਰਦਾ ਹੈ।

ਇਸ ਦੀਆਂ ਆਲੋਚਨਾਵਾਂ (Its Criticisms)– ਨਿਰਧਾਰਣ ਦੀ ਸਮੱਸਿਆ ਦੇ ਇਲਾਵਾ, ਵਾਲਰਸ ਦੇ ਸਧਾਰਣ ਸੰਤੁਲਨ ਦੀਆਂ ਕੁਝ ਹੋਰ ਹੱਦਾਂ ਹਨ।

ਨੋਟ

ਪਹਿਲੀ, ਇਹ ਕਈ ਅਸਲੀ ਧਾਰਨਾਵਾਂ 'ਤੇ ਅਧਾਰਿਤ ਹੈ ਜੋ ਸੰਸਾਰ ਵਿੱਚ ਵਰਤਮਾਨ ਅਸਲੀ ਸਥਿਤੀਆਂ ਤੋਂ ਉਲਟ ਹੈ। ਪੂਰਨ ਪ੍ਰਤੀਯੋਗਤਾ ਜੋ ਇਸ ਮਾਡਲ ਦਾ ਅਧਾਰ ਹੈ, ਮਿਥਿਆ ਹੈ।

ਦੂਸਰਾ, ਇਹ ਮਾਡਲ ਸਥਾਨਕ ਹੈ। ਇਸ ਮਾਡਲ ਵਿੱਚ ਸਾਰੇ ਉਪਭੋਗਤਾ ਅਤੇ ਉਤਪਾਦਕ, ਸਮੇਂ ਦੇ ਕਿਸੇ ਵੀ ਤਰ੍ਹਾਂ ਦੇ ਦੇਰ ਦੇ ਬਿਨਾ, ਹਰ ਰੋਜ਼ ਵਸਤੂਆਂ ਦੀ ਉਨੀ ਹੀ ਮਾਤਰਾ ਦਾ ਉਪਭੋਗ ਅਤੇ ਉਤਪਾਦਨ ਕਰਦੇ ਹਨ। ਉਨ੍ਹਾਂ ਦੀਆਂ ਰੁਚੀਆਂ, ਅਧਿਮਾਨ ਅਤੇ ਉਦੇਸ਼ ਉਹੀ ਰਹਿੰਦੇ ਹਨ ਅਤੇ ਉਨ੍ਹਾਂ ਦੇ ਆਰਥਿਕ ਫੈਸਲੇ ਪੂਰੀ ਤਰ੍ਹਾਂ ਇਕ-ਦੂਸਰੇ ਦੇ ਅਨੁਰੂਪ ਹੁੰਦੇ ਹਨ। ਅਸਲ ਵਿੱਚ ਅਜਿਹਾ ਕੁਝ ਨਹੀਂ ਹੁੰਦਾ। ਉਤਪਾਦਕ ਅਤੇ ਉਪਭੋਗਤਾ ਕਦੀ ਵੀ ਇਕ ਢੰਗ ਨਾਲ ਨਾ ਤਾਂ ਸੋਚਦੇ ਹਨ ਅਤੇ ਨਾ ਹੀ ਇਕ ਢੰਗ ਨਾਲ ਕੰਮ ਕਰਦੇ ਹਨ। ਰੁਚੀਆਂ ਅਤੇ ਅਧਿਮਾਨਾਂ ਵਿੱਚ ਲਗਾਤਾਰ ਪਰਿਵਰਤਨ ਹੁੰਦੇ ਰਹਿੰਦੇ ਹਨ। ਪ੍ਰਤੀਫਲ ਦਾ ਪੈਮਾਨਾਂ ਹਮੇਸ਼ਾ ਸਥਿਰ ਨਹੀਂ ਹੁੰਦਾ ਅਤੇ ਕੋਈ ਦੋ ਸਾਧਨ-ਸੇਵਾਵਾਂ ਸਮਰੂਪ ਨਹੀਂ ਹੁੰਦੀਆਂ। ਇਸ ਤਰ੍ਹਾਂ ਹਰ ਉਤਪਾਦਕ ਦੀ ਲਾਗਤ ਸਥਿਤੀਆਂ ਵੱਖ-ਵੱਖ ਹੁੰਦੀਆਂ ਹਨ, ਕਿਉਂਕਿ ਵਾਲਰਸ ਦੀਆਂ ਦਿੱਤੀਆਂ ਹੋਈਆਂ ਸਥਿਤੀਆਂ ਲਗਾਤਾਰ ਬਦਲਦੀਆਂ ਰਹਿੰਦੀਆਂ ਹਨ, ਇਸ ਲਈ ਸਧਾਰਣ ਸੰਤੁਲਨ ਵੱਲੋਂ ਗਤੀ ਰੁਕ ਜਾਂਦੀ ਹੈ ਅਤੇ ਇਸ ਦੀ ਪ੍ਰਾਪਤੀ ਹਮੇਸ਼ਾ ਚਾਹ ਪੂਰਨ ਕਲਪਨਾ ਹੀ ਰਹੀ ਹੈ।

ਅੰਤਿਮ, ਆਰਥਿਕ ਸਿਧਾਂਤ ਨਾਲ ਕਈ ਧਾਰਨਾਵਾਂ ਨੂੰ ਕੱਢਿਆ ਨਹੀਂ ਜਾ ਸਕਦਾ ਕਿਉਂਕਿ ਵਾਲਰਸ ਦਾ ਸਾਰੇ ਮਾਡਲ ਯੁਗਪਤ ਸਮੀਕਰਨਾਂ (Simultaneous equations) ਦਾ ਸੈਟ ਹੈ ਜੋ ਉਨ੍ਹਾਂ ਧਾਰਨਾਵਾਂ ਦੇ ਅਹਿਸਾਸ ਵਿੱਚ ਖਤਮ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਮਾਡਲ ਸਮੀਕਰਨਾਂ ਦੇ ਅਧਾਰ 'ਤੇ ਵੱਧਦਾ ਹੈ ਜੋ ਇਸ ਨੂੰ ਭਾਰੀ ਅਤੇ ਔਖਾ ਬਣਾ ਦਿੰਦੇ ਹਨ। ਇਸ ਲਈ ਅਰਥ ਸ਼ਾਸਤਰ ਦੇ ਸਧਾਰਣ ਵਿਦਿਆਰਥੀ ਦੇ ਲਈ ਇਸ ਸਿਧਾਂਤ ਦੀ ਉਪਯੋਗਤਾ ਖਤਮ ਹੋ ਜਾਂਦੀ ਹੈ।

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚੋਂ ਸਹੀ/ਗਲਤ ਲੱਭੋ

(State whether the following statements are True/False)-

7. ਰੇਖਾ ਹਿਸਾਬੀ ਤੌਰ 'ਤੇ ਜ਼ਿਆਦਾ ਮੰਗ ਨੂੰ ਜ਼ਿਆਦਾ ਵਕ੍ਰ ਨਾਲ ਦਰਸਾਇਆ ਜਾਂਦਾ ਹੈ।
8. ਫ੍ਰਾਂਸ ਦਾ ਅਰਥਸ਼ਾਸਤਰੀ ਲਿਊਨ ਵਾਲਰਸ ਪਹਿਲਾ ਵਿਅਕਤੀ ਸੀ ਜਿਸ ਨੇ ਹਿਸਾਬੀ ਰੂਪ ਨਾਲ ਆਪਣੀ ਪੁਸਤਕ- Elements of Pure Economics (1874) ਵਿੱਚ ਇਕ ਸਧਾਰਣ ਸੰਤੁਲਨ ਦਾ ਮਾਡਲ ਵਿਕਸਿਤ ਕੀਤਾ।
9. ਵਸਤੂ ਅਤੇ ਸਾਧਨ ਦੋਨੋਂ ਮਾਰਕੀਟ ਵਿੱਚ ਪੂਰਨ ਪ੍ਰਤੀਯੋਗਤਾ ਨਹੀਂ ਹੈ।
10. ਉਪਭੋਗ ਜਾਂ ਉਤਪਾਦਨ ਦੇ ਬਹਿਰਭਾਵ ਨਹੀਂ ਹੈ।

26.3 2×2×2 ਗ੍ਰਾਫੀ ਸਧਾਰਣ ਸੰਤੁਲਨ ਮਾਡਲ (2 × 2 × 2 Graphical General Equilibrium Model)

ਹੇਠਾਂ ਅਸੀਂ ਇਕ ਸਥਿਰ (static) ਪੂਰਨ ਪ੍ਰਤੀਯੋਗੀ ਅਰਥਵਿਵਸਥਾ ਦੀ ਲੇਖਾ ਚਿੱਤਰੀ (ਗ੍ਰਾਫੀ) ਸਥਿਤੀ ਦਾ ਅਧਿਐਨ ਕਰਦੇ ਹਨ ਜਿਸ ਵਿੱਚ ਦੋ ਉਪਭੋਗਤਾ, ਦੋ ਵਸਤੂਆਂ ਅਤੇ ਦੋ ਸਾਧਨ ਹਨ। ਇਸ 2×2×2 ਸੰਤੁਲਨ ਮਾਡਲ ਕਹਿੰਦੇ ਹਨ।

ਇਸ ਦੀਆਂ ਮਾਨਤਾਵਾਂ (Its Assumptions)

ਇਹ ਮਾਡਲ ਹੇਠ ਲਿਖੀਆਂ ਮਾਨਤਾਵਾਂ 'ਤੇ ਅਧਾਰਿਤ ਹਨ-

1. ਸਾਧਨ ਅਤੇ ਵਸਤੂ ਮਾਰਕੀਟ ਵਿੱਚ ਪੂਰਨ ਪ੍ਰਤੀਯੋਗਤਾ ਹੈ।
2. ਦੋ ਸਮਰੂਪ ਅਤੇ ਪੂਰੀ ਤਰ੍ਹਾਂ ਨਾਲ ਵੰਡ ਉਤਪਾਦਨ ਦੇ ਸਾਧਨ ਮਿਹਨਤ (L) ਅਤੇ ਪੂੰਜੀ (L) ਹਨ। ਦੋਨੋਂ ਨਿਸ਼ਚਿਤ ਮਾਤਰਾਵਾਂ ਵਿੱਚ ਉਪਲੱਬਧ ਹਨ।
3. ਦੋਵੇਂ ਸਾਧਨ ਹਮੇਸ਼ਾ ਪੂਰਨ ਰੋਜ਼ਗਾਰ ਵਿੱਚ ਹਨ।
4. ਕੇਵਲ ਦੋ ਸਮਰੂਪ ਉਪਭੋਗਤਾ ਵਸਤੂਆਂ X ਅਤੇ Y ਅਰਥ ਵਿਵਸਥਾ ਵਿੱਚ ਉਤਪਾਦਤ ਕੀਤੀਆਂ ਜਾਂਦੀਆਂ ਹਨ। ਇਹ ਵਸਤੂਆਂ ਨਿਸ਼ਚਿਤ ਮਾਤਰਾਵਾਂ ਵਿੱਚ ਉਪਲੱਬਧ ਹੁੰਦੀਆਂ ਹਨ। ਹਰੇਕ ਵਸਤੂ ਦਾ ਉਤਪਾਦਨ ਫਲਨ ਦਿੱਤਾ ਹੋਇਆ ਹੈ ਅਤੇ ਪਰਿਵਰਤਨ ਨਹੀਂ ਹੁੰਦਾ ਹੈ। ਹਰੇਕ ਉਤਪਾਦਨ ਫਲਨ ਪੈਮਾਨੇ ਦੇ ਸਥਿਰ ਪ੍ਰਤੀਫਲ ਦਰਸਾਉਂਦਾ ਹੈ। ਕਿਸੇ ਵੀ ਵਕ੍ਰ (Isoquant) ਦੇ ਨਾਲ ਤਕਨੀਕੀ ਸਥਾਨਾਪੰਨਤਾ ਦੀ ਘੱਟਦੀ ਸੀਮਿਤ (MRTS) ਹੁੰਦੀ ਹੈ। ਇਸ ਦਾ ਮਤਲਬ ਹੈ ਕਿ ਸਮ ਮਾਤਰਾ ਵਕ੍ਰ ਮੂਲ ਦੇ ਉੱਤੋਦਰ (Convex) ਹਨ।

ਨੋਟ

5. ਉਤਪਾਦਨ (Externalities) ਹਨ।
6. ਅਰਥ ਵਿਵਸਥਾ ਵਿੱਚ A ਅਤੇ B ਦੋ ਉਪਭੋਗਤਾ ਹਨ ਜੋ X ਅਤੇ Y ਦੀਆਂ ਸਾਰੀਆਂ ਮਾਤਰਾਵਾਂ ਦਾ ਉਪਭੋਗ ਕਰਦੇ ਹਨ। ਹਰੇਕ ਉਪਭੋਗਤਾ ਦਾ ਮੂਲ ਦੇ ਉੱਤੋਦਰ ਉਦਾਸੀਨਤਾ ਵਕ੍ਰਾਂ ਦਾ ਇਕ ਸੈਟ ਹੈ।
7. ਉਪਭੋਗ ਦੇ ਬਹਿਰਭਾਵ ਨਹੀਂ ਹਨ।
8. ਹਰੇਕ ਉਪਭੋਗਤਾ ਆਪਣੀ ਦਿੱਤੀ ਹੋਈ ਆਮਦਨ 'ਤੇ ਆਪਣੀ ਉਪਯੋਗਤਾ ਨੂੰ ਜ਼ਿਆਦਾ ਕਰਨ ਦਾ ਉਦੇਸ਼ ਰੱਖਦਾ ਹੈ।
9. ਉਪਭੋਗਤਾ ਉਤਪਾਦਨ ਦੇ ਦੋਨੋਂ ਸਾਧਨਾਂ ਦੇ ਮਾਲਕ ਹਨ।
10. ਹਰੇਕ ਫਰਮ (ਉਤਪਾਦਕ) ਇਕ ਦਿੱਤਾ ਹੋਇਆ ਉਤਪਾਦਨ ਫਲਨ ਹੋਣ 'ਤੇ ਆਪਣੇ ਲਾਭ ਨੂੰ ਜ਼ਿਆਦਾ ਕਰਨ ਦਾ ਉਦੇਸ਼ ਰੱਖਦੀ ਹੈ।

ਇਹ ਮਾਨਤਾ ਦਿੱਤੀ ਹੋਣ 'ਤੇ ਅਰਥ ਵਿਵਸਥਾ ਉਸ ਸਮੇਂ ਸਧਾਰਣ ਸੰਤੁਲਨ ਵਿੱਚ ਹੁੰਦੀ ਹੈ ਜਦੋਂ ਦੋ ਵਸਤੂ ਮਾਰਕੀਟਾਂ ਅਤੇ ਦੋ ਸਾਧਨ ਮਾਰਕੀਟਾਂ ਅਤੇ ਦੋ ਉਪਭੋਗਤਾ ਅਤੇ ਦੋ ਫਰਮਾਂ ਵਿਅਕਤੀਗਤ ਰੂਪ ਵਿੱਚ ਅਤੇ ਨਾਲ ਸੰਤੁਲਨ ਕੀਮਤਾਂ ਦੇ ਇਕ ਸੈਟ 'ਤੇ ਸੰਤੁਲਨ ਵਿੱਚ ਹੋਵੇ। ਇਸ ਸਧਾਰਣ ਸੰਤੁਲਨ ਮਾਡਲ ਦੇ ਹੱਲ ਦੇ ਲਈ ਤਿੰਨ ਵਿਸ਼ੇਸ਼ਤਾਵਾਂ ਹੁੰਦੀਆਂ ਹਨ– (i) ਵੀਨਿਮਯ ਦਾ ਸਧਾਰਣ ਸੰਤੁਲਨ, (ii) ਉਤਪਾਦਨ ਦਾ ਸਧਾਰਣ ਸੰਤੁਲਨ, ਅਤੇ (iii) ਵੀਨਿਮਯ ਅਤੇ ਉਤਪਾਦਨ ਦੋਨਾਂ ਵਿੱਚ ਸਧਾਰਣ ਸੰਤੁਲਨ। ਇਨ੍ਹਾਂ ਦੀ ਗ੍ਰਾਫੀ ਵਿਵੇਚਨਾ ਹੇਠਾਂ ਕੀਤੀ ਜਾ ਰਹੀ ਹੈ।

ਟਾਸਕ ਵਾਲਰਸੀਆ ਸਧਾਰਣ ਸੰਤੁਲਨ ਮਾਡਲ 'ਤੇ ਆਪਣੇ ਵਿਚਾਰ ਪ੍ਰਗਟ ਕਰੋ।

(i) ਵੀਨਿਮਯ (ਉਪਭੋਗ) ਦਾ ਸਧਾਰਣ ਸੰਤੁਲਨ (General Equilibrium of Exchange or Consumption)

ਵੀਨਿਮਯ ਦੇ ਸਧਾਰਣ ਸੰਤੁਲਨ ਦੇ ਲਈ ਇਹ ਜ਼ਰੂਰੀ ਹੈ ਕਿ ਦੋ ਵਸਤੂਆਂ ਦੇ ਵਿੱਚ ਸਥਾਨਾਪੰਨਤਾ ਦੀ ਸੀਮਿਤ ਦਰ (MRS) ਹਰੇਕ ਉਪਭੋਗਤਾ ਦੇ ਲਈ ਬਰਾਬਰ ਹੋਵੇ ਜੋ ਉਨ੍ਹਾ ਦੋਨਾਂ ਦਾ ਉਪਭੋਗ ਕਰਦਾ ਹੈ। ਇਸ ਦਾ ਮਤਲਬ ਹੈ ਕਿ ਦੋ ਉਪਭੋਗਤਾ ਵਸਤੂਆਂ ਦੇ ਵਿੱਚ MRS ਉਨ੍ਹਾਂ ਦੇ ਕੀਮਤ ਅਨੁਪਾਤ ਦੇ ਬਰਾਬਰ ਹੋਵੇ, ਕਿਉਂਕਿ ਪੂਰਨ ਪ੍ਰਤੀਯੋਗਤਾ ਵਿੱਚ ਹਰੇਕ ਉਪਭੋਗਤਾ ਦਾ ਉਦੇਸ਼ ਆਪਣੀ ਉਪਭੋਗਤਾ ਨੂੰ ਜ਼ਿਆਦਾ ਕਰਨਾ ਹੈ ਇਸ ਲਈ ਉਹ X ਅਤੇ Y ਵਸਤੂਆਂ ਦੇ ਲਈ ਆਪਣੀ MRS ਨੂੰ ਉਨ੍ਹਾਂ ਦੇ ਕੀਮਤ ਅਨੁਪਾਤ (P_x/P_y) ਦੇ ਬਰਾਬਰ ਕਰੇਗਾ। ਇਸ ਮਾਡਲ ਵਿੱਚ ਦੋ ਉਪਭੋਗਤਾ A ਅਤੇ B, ਦੋ ਵਸਤੂਆਂ X ਅਤੇ Y ਅਤੇ ਕੀਮਤ ਅਨੁਪਾਤ P_x/P_y ਦਿੱਤੇ ਹੋਣ 'ਤੇ ਸਧਾਰਣ ਸੰਤੁਲਨ ਉਸ ਸਮੇਂ ਪ੍ਰਾਪਤ ਹੁੰਦਾ ਹੈ ਜਦੋਂ X ਅਤੇ Y ਦਾ A ਉਪਭੋਗਤਾ ਇਸ ਤਰ੍ਹਾਂ ਚੋਣ ਕਰਦਾ ਹੈ ਕਿ ${}_AMRS_{xy} = P_x/P_y$ ਅਤੇ B ਉਪਭੋਗਤਾ X ਅਤੇ Y ਨੂੰ ਇਸ ਤਰ੍ਹਾਂ ਕਿ ${}_BMRS_{xy} = P_x/P_y$ ਅਤੇ ਦੋਨੋਂ ਉਪਭੋਗਤਾਵਾਂ ਦੇ ਸਧਾਰਣ ਸੰਤੁਲਨ ਦੀ ਸ਼ਰਤ ਹੈ– ${}_AMRS_{xy} = {}_BMRS_{xy} = P_x/P_y$.

ਬਾਕਸ ਚਿੱਤਰ 26.8 ਵੀਨਿਮਯ ਦੀ ਸੰਤੁਲਨ ਦਿਸ਼ਾ ਦੀ ਸੰਖਿਆ ਕਰਦਾ ਹੈ। A ਅਤੇ B ਦੋ ਉਪਭੋਗਤਾਵਾਂ ਨੂੰ ਲਓ, ਜਿਨ੍ਹਾਂ ਦੇ ਕੋਲ ਕ੍ਰਮ ਅਨੁਸਾਰ X ਅਤੇ Y ਵਸਤੂਆਂ ਦੀ ਨਿਸ਼ਚਿਤ ਮਾਤਰਾਵਾਂ ਹਨ। O_a ਉਪਭੋਗਤਾ A ਦਾ ਮੂਲ ਬਿੰਦੂ ਹੈ O_B ਉਪਭੋਗਤਾ B ਦਾ ਮੂਲ ਬਿੰਦੂ ਹੈ। (ਸਮਝਣ ਦੇ ਲਈ ਚਿੱਤਰ ਨੂੰ ਉਲਟਾ ਕੇ ਦੇਖੋ) ਦੋਨੋਂ ਅਕਸ਼ਾਂ O_a ਅਤੇ O_b ਦੀ ਅਨੁਲੰਬ ਭੁਜਾਵਾਂ ਵਸਤੂ Y ਨੂੰ ਪ੍ਰਗਟ ਕਰਦੀਆਂ ਹਨ ਅਤੇ ਕਸ਼ੈਤਿਜ ਭੁਜਾਵਾਂ ਵਸਤੂ X ਨੂੰ। A_1, A_2 ਅਤੇ A_3 ਵਕ੍ਰ A ਦੇ ਉਦਾਸੀਨਤਾ ਮਾਨਚਿੱਤਰ ਨੂੰ ਪ੍ਰਗਟ ਕਰਦੇ ਹਨ ਅਤੇ B_1,B_2, ਅਤੇ B_3 ਵਕ੍ਰ B ਉਦਾਸੀਨਤਾ ਮਾਨਚਿੱਤਰ ਨੂੰ। ਇਸ ਬਾਕਸ ਦੇ ਅੰਦਰ ਦਾ ਕੋਈ ਵੀ ਬਿੰਦੂ ਦੋਨੋਂ ਉਪਭੋਗਤਾਵਾਂ ਦੇ ਵਿੱਚ ਦੋਨੋਂ ਵਸਤੂਆਂ ਦੇ ਸੰਭਵ ਵੰਡ ਨੂੰ ਪ੍ਰਗਟ ਕਰਦਾ ਹੈ। ਬਿੰਦੂ E ਨੂੰ ਲਓ ਜਿੱਥੇ A_1 ਅਤੇ B_1 ਉਦਾਸੀਨਤਾ ਵਕ੍ਰ ਆਪਸ ਵਿੱਚ ਕੱਟਦੇ ਹਨ। ਇਸ ਸਥਿਤੀ 'ਤੇ A ਦੇ ਕੋਲ Y ਵਸਤੂ ਦੀ O_aY_a ਇਕਾਈਆਂ ਅਤੇ X ਵਸਤੂ ਦੀ O_aX_a ਇਕਾਈਆਂ ਹਨ। B ਨੂੰ Y ਦੀ O_bY_b ਅਤੇ X ਦੀ O_bX_b ਇਕਾਈਆਂ ਪ੍ਰਾਪਤ ਹੁੰਦੀਆਂ ਹਨ। E ਬਿੰਦੂ 'ਤੇ ਦੋਨੋਂ ਵਸਤੂਆਂ ਦੇ ਵਿੱਚ ਸਥਾਨਾਪੰਨਤਾ ਦੀ ਸੀਮਿਤ ਦਰ ਉਨ੍ਹਾਂ ਦੀਆਂ ਕੀਮਤਾਂ ਦੇ ਅਨੁਪਾਤ ਦੇ ਬਰਾਬਰ ਨਹੀਂ ਹੈ ਕਿਉਂਕਿ ਦੋਨੋਂ ਵਕ੍ਰਾਂ ਦਾ ਢਲਾਣ ਬਰਾਬਰ ਨਹੀਂ ਹੈ। ਇਸ ਲਈ ਦੋ ਉਪਭੋਗਤਾਵਾਂ A ਅਤੇ B ਦੇ ਵਿੱਚ X ਅਤੇ Y ਦੋ ਵਸਤੂਆਂ ਦੇ ਸੰਤੁਲਨ ਵੀਨਿਮਯ ਦਾ ਬਿੰਦੂ E ਨਹੀਂ ਹੈ ਪਰ ਦੋਨਾਂ ਦੇ ਵਿੱਚ ਵੀਨਿਮਯ ਦਾ ਅਧਾਰ ਹੈ।

ਮੰਨ ਲਓ ਕਿ A ਤਾਂ ਵਸਤੂ X ਅਤੇ B ਵਸਤੂ Y ਦੀ ਜ਼ਿਆਦਾ ਮਾਤਰਾ ਲੈਣਾ ਚਾਹੁੰਦਾ ਹੈ ਅਤੇ ਉਹ E ਬਿੰਦੂ ਨਾਲ R ਬਿੰਦੂ 'ਤੇ ਆ ਜਾਂਦੇ ਹਨ। R ਬਿੰਦੂ 'ਤੇ A ਨੂੰ X ਦੀ ਜ਼ਿਆਦਾ ਮਾਤਰਾ ਪ੍ਰਾਪਤ ਹੁੰਦੀ ਹੈ, ਜਦੋਂ ਕਿ B ਨੂੰ Y ਦੀ ਜ਼ਿਆਦਾ ਮਾਤਰਾ ਪ੍ਰਾਪਤ

ਹੁੰਦੀ ਹੈ। B ਦੀ ਸਥਿਤੀ ਵਿੱਚ ਕੋਈ ਸੁਧਾਰ ਨਹੀਂ ਹੁੰਦਾ ਕਿਉਂਕਿ ਉਹ ਉਸੇ ਉਦਾਸੀਨਤਾ ਵਕ੍ਰ B_1 'ਤੇ ਰਹਿੰਦਾ ਹੈ, ਪਰ A ਦੀ ਸਥਿਤੀ R 'ਤੇ ਪਹਿਲਾਂ ਤੋਂ ਬਹੁਤ ਚੰਗੀ ਹੈ ਕਿਉਂਕਿ ਉਹ A_1 ਨਾਲ ਤੁਲਨਾ 'ਚ ਜ਼ਿਆਦਾ ਉਚੇ ਉਦਾਸੀਨਤਾ ਵਕ੍ਰ A_3 'ਤੇ ਆ ਗਿਆ ਹੈ ਪਰ ਜੇਕਰ A ਅਤੇ B ਦੋਨੋਂ E ਤੋਂ P 'ਤੇ ਆ ਜਾਵੇ, ਤਾਂ A ਦੀ ਸਥਿਤੀ ਪਹਿਲਾਂ ਵਰਗੀ ਹੀ ਰਹਿੰਦੀ ਹੈ ਕਿਉਂਕਿ ਉਹ ਉਸੇ ਉਦਾਸੀਨਤਾ ਵਕ੍ਰ A_1 'ਤੇ ਹੈ। B ਦੀ ਸਥਿਤੀ ਪਹਿਲਾਂ ਤੋਂ ਬਹੁਤ ਚੰਗੀ ਹੋ ਜਾਂਦੀ ਹੈ ਕਿਉਂਕਿ ਉਹ ਉਚੇ ਉਦਾਸੀਨਤਾ ਵਕ੍ਰ B_3 'ਤੇ ਚਲਾ ਜਾਂਦਾ ਹੈ। ਕੇਵਲ ਉਸ ਸਮੇਂ ਉਹ ਦੋਨੋਂ ਤੁਲਨਾ 'ਚ ਜ਼ਿਆਦਾ ਉਚੇ ਉਦਾਸੀਨਤਾ ਵਕ੍ਰਾਂ ਕ੍ਰਮ ਅਨੁਸਾਰ A_2 ਅਤੇ B_2 'ਤੇ ਹੋਣਗੇ, ਜਦੋਂ ਉਹ E ਤੋਂ Q 'ਤੇ ਜਾਣਗੇ।

ਨੋਟ



ਚਿੱਤਰ 26.8

ਇਸ ਤਰ੍ਹਾਂ P, Q ਅਤੇ R ਤਿੰਨ ਵੀਨਿਮਯ ਦੇ ਵਿਚਾਰਣਯੋਗ ਬਿੰਦੂ ਹੈ। ਜਦੋਂ ਇਨ੍ਹਾਂ ਸਾਰੇ ਬਿੰਦੂਆਂ ਨੂੰ CC ਰੇਖਾ ਨਾਲ ਜੋੜਿਆ ਜਾਂਦਾ ਹੈ ਤਾਂ ਉਹ ਸੰਵਿਦਾ ਵਕ੍ਰ (Contract Curve) ਬਣ ਜਾਂਦਾ ਹੈ। ਵੀਨਿਮਯ ਦਾ ਸਧਾਰਣ ਸੰਤੁਲਨ ਹਮੇਸ਼ਾ ਸੰਵਿਦਾ ਵਕ੍ਰ 'ਤੇ ਹੋਵੇਗਾ ਜਿੱਥੇ ${}_AMRS_{xy} = {}_BMRE_{xy}$. ਵੀਨਿਮਯ ਦਾ ਇਹ ਸਧਾਰਣ ਸੰਤੁਲਨ **ਦੁਸਰਾ ਨਹੀਂ ਹੈ** ਕਿਉਂਕਿ ਇਹ ਸੰਵਿਦਾ ਵਕ੍ਰ ਦੇ ਕਿਸੇ ਵੀ ਬਿੰਦੂ 'ਤੇ ਹੋ ਸਕਦਾ ਹੈ।

(ii) ਉਤਪਾਦ ਦਾ ਸਧਾਰਣ ਸੰਤੁਲਨ (General Equilibrium of Production)

ਉਤਪਾਦ ਦਾ ਸਧਾਰਣ ਸੰਤੁਲਨ ਉਦੋਂ ਹੁੰਦਾ ਹੈ ਜਦੋਂ ਵੀ ਵਸਤੂ X ਦੇ ਉਤਪਾਦਨ ਵਿੱਚ ਮਿਹਨਤ ਅਤੇ ਪੂੰਜੀ ਦੇ ਵਿੱਚ ਤਕਨੀਕੀ ਸਥਾਨਾਪੰਨਤਾ ਦੀ ਸੀਮਿਤ ਦਰ ($MRTS_{LK}$) ਵਸਤੂ Y ਦੇ ਉਤਪਾਦਨ ਵਿੱਚ $MRTS_{LX}$ ਦੇ ਬਰਾਬਰ ਹੁੰਦੀ ਹੈ- ${}_xMRTS_{LK} = {}_yMRTS_{LK}$.

ਬਾਕਸ ਚਿੱਤਰ 26.9 ਉਤਪਾਦਨ ਦੇ ਸਧਾਰਣ ਸੰਤੁਲਨ ਨੂੰ ਸਪੱਸ਼ਟ ਕਰਦਾ ਹੈ। ਅਰਥ ਵਿਵਸਥਾ ਨੂੰ ਦੋ ਵਸਤੂਆਂ X ਅਤੇ Y ਦੇ ਉਤਪਾਦਨ ਦੇ ਲਈ ਦੋ ਸਾਧਨ ਮਿਹਨਤ (L) ਅਤੇ ਪੂੰਜੀ (K) ਨਿਸ਼ਚਿਤ ਮਾਤਰਾ ਵਿੱਚ ਉਪਲੱਬਧ ਹਨ। O_Y ਮਿਹਨਤ-ਸਾਧਨ ਦਾ ਮੂਲ ਬਿੰਦੂ ਹੈ। ਮਿਹਨਤ ਨੂੰ ਕਸ਼ੈਤਿਜ ਅਕਸ 'ਤੇ ਨਾਪਿਆ ਗਿਆ ਹੈ ਅਤੇ O_Y ਪੂੰਜੀ-ਸਾਧਨ ਦਾ ਮੂਲ ਬਿੰਦੂ ਹੈ, ਜਿਸ ਨੂੰ ਅਨੁਲੰਬ ਅਕਸ਼ 'ਤੇ ਨਾਪਿਆ ਗਿਆ ਹੈ। ਦੋਨੋਂ ਅਕਸ਼ਾਂ ਦੇ ਕਸ਼ੈਤਿਜ ਅਕਸ਼ 'ਤੇ ਨਾਪਿਆ ਗਿਆ ਹੈ ਅਤੇ O_Y ਪੂੰਜੀ-ਸਾਧਨ ਦਾ ਮੂਲ ਬਿੰਦੂ ਹੈ, ਜਿਸ ਨਾਲ ਅਨੁਲੰਬ ਅਕਸ਼ ਅਕਸ਼ 'ਤੇ ਨਾਪਿਆ ਗਿਆ ਹੈ। ਦੋਨੋਂ ਅਕਸ਼ਾਂ ਦੇ ਕਸ਼ੈਤਿਜ ਬਾਜੂ O_x ਅਤੇ O_Y ਵਸਤੂ X ਨੂੰ ਅਤੇ ਅਨੁਲੰਬ ਬਾਜੂ ਵਸਤੂ Y ਨੂੰ ਪ੍ਰਗਟ ਕਰਦੇ ਹਨ।

ਹਰੇਕ ਵਸਤੂ ਦਾ ਉਤਪਾਦਨ ਫਲਨ ਇਕ ਸਾਰ ਬਰਾਬਰ ਮਾਤਰਾ ਵਕ੍ਰਾਂ ਨਾਲ ਪ੍ਰਾਪਤ ਹੁੰਦਾ ਹੈ। ਜਿਨ੍ਹਾਂ ਦੀ ਤਕਨੀਕੀ ਵਿਸ਼ੇਸ਼ਤਾ ਨਾਪ ਦੇ ਸਥਿਰ ਪ੍ਰਤੀਫਲ ਅਤੇ ਸਥਾਨਾਪੰਨਤਾ ਦੀ ਘੱਟਦੀਆਂ ਸੀਮਿਤ ਦਰਾਂ (MRTS) ਹੈ। ਵਸਤੂ X ਦੇ ਲਈ ਜਿਸ ਦੇ ਮੂਲ ਬਿੰਦੂ OX ਹੈ, ਦੇ ਸਮ ਮਾਤਰਾ ਵਕ੍ਰ X_1,X_2 ਅਤੇ X_3 ਹਨ ਅਤੇ ਵਸਤੂ Y ਦੇ ਲਈ ਜਿਸ ਦਾ ਮੂਲ ਬਿੰਦੂ O_Y ਹੈ ਦੇ ਸਮ ਮਾਤਰਾ ਵਕ੍ਰ Y_1, Y_2 ਅਤੇ Y_3 ਹਨ। ਜੇਕਰ ਸ਼ੁਰੂ ਵਿੱਚ ਅਰਥ ਵਿਵਸਥਾ E_1 ਬਿੰਦੂ 'ਤੇ ਹੈ ਤਾਂ ਉਹ X ਅਤੇ Y ਦੇ ਉਤਪਾਦਨ ਨੂੰ ਜ਼ਿਆਦਾ ਨਹੀਂ ਕਰੇਗੀ, ਕਿਉਂਕਿ ਬਿੰਦੂ E_1 'ਤੇ Y_1 ਦੀ ਢਲਾਣ ਨਾਲ X_1 ਦੀ ਢਲਾਣ ਜ਼ਿਆਦਾ ਹੈ- ${}_xMRTS_{LK} > {}_yMRTS_{LK}$ । ਮਿਹਨਤ ਨੂੰ ਪੂੰਜੀ ਦੇ ਲਈ ਸਥਾਨਾਪੰਨਤਾ ਕਰਕੇ, ਫਰਮਾਂ ਬਿੰਦੂ E_1 ਨਾਲ ਜਾਂ ਤਾਂ ਬਿੰਦੂ R_1 ਜਾਂ ਬਿੰਦੂ P_1 'ਤੇ ਚਲੀ ਜਾਵੇਗੀ। ਇਨ੍ਹਾਂ ਦੋਨਾਂ ਵਿੱਚੋਂ

ਨੋਟ ਇਕ ਵਸਤੂ ਦਾ ਉਤਪਾਦਨ ਸਥਿਰ ਰਹੇਗਾ ਅਤੇ ਦੂਸਰੀ ਦਾ ਉਤਪਾਦਨ ਵਧੇਗਾ। ਇਸ ਤਰ੍ਹਾਂ ਮਿਹਨਤ ਪੂੰਜੀ ਦਾ ਸਥਾਨਾਪੰਨਤਾ ਕਰਨ ਨਾਲ ਫਰਮ ਬਿੰਦੂ Q_1 'ਤੇ ਜਾ ਸਕਦੀਆਂ ਹਨ ਅਤੇ X ਅਤੇ Y ਦੋਨੋਂ ਵਸਤੂਆਂ ਦਾ ਉਤਪਾਦਨ ਵਧਾ ਸਕਦੀਆਂ ਹਨ। ਵਸਤੂ X ਸਮ ਮਾਤਰਾ ਵਕ੍ਰ P_1, Q_1 ਅਤੇ R_1 'ਤੇ ਜਾ ਸਕਦੀਆਂ ਹਨ ਅਤੇ X ਅਤੇ Y ਦੇ ਸਮ ਮਾਤਰਾ ਵਕ੍ਰ 'ਤੇ ਛੂੰਹਦਾ ਹੈ ਅਤੇ ਇਸ ਲਈ ${}_xMRTS_{LK} = MRTS_{LK}$ ਦੀ ਸ਼ਰਤ ਨੂੰ ਪੂਰਾ ਕਰਦਾ ਹੈ। ਇਨ੍ਹਾਂ ਛੂੰਹਦੀਆਂ ਬਿੰਦੂਆਂ ਨੂੰ ਮਿਲਾਉਣ ਨਾਲ ਸਪੇਸ਼ ਵਿੱਚ ਉਤਪਾਦਨ ਸੰਵਿਦਾ ਵਕ੍ਰ $O_XP_1Q_1R_1O_y$ ਬਣ ਜਾਂਦਾ ਹੈ। ਇਹ ਮਿਹਨਤ ਅਤੇ ਪੂੰਜੀ ਦੇ ਸਾਰੇ ਸੰਜੋਗਾਂ ਨੂੰ ਦਰਸਾਉਂਦਾ ਹੈ ਜੋ ਸੰਵਿਦਾ ਵਕ੍ਰ 'ਤੇ ${}_xMRTS_{LK} = {}_yMRTS_{LK}$ ਨੂੰ ਬਰਾਬਰ ਕਰਦਾ ਹੈ ਪਰ ਉਤਪਾਦਨ ਦਾ ਇਹ ਸਧਾਰਣ ਸੰਤੁਲਨ ਵੀ **ਦੂਸਰਾ ਨਹੀਂ ਹੈ** ਕਿਉਂਕਿ ਇਹ ਸੰਵਿਦਾ ਵਕ੍ਰ ਦੇ ਕਿਸੇ ਵੀ ਬਿੰਦੂ 'ਤੇਹੋ ਸਕਦਾ ਹੈ।



ਚਿੱਤਰ 26.9

ਇਸ ਉਤਪਾਦਨ ਵਕ੍ਰ ਨਾਲ ਅਸੀਂ ਆਗਤ ਸਪੇਸ ਨਾਲ ਉਤਪਾਦਨ ਸਪੇਸ ਵਿੱਚ ਉਤਪਾਦਨ ਸੰਭਾਵਨਾ ਵਕ੍ਰ ਜਾਂ ਰੂਪਾਂਤਰਣ ਵਕ੍ਰ ਅਨੁਰੇਖਿਤ ਕਰ ਸਕਦੇ ਹਨ। ਚਿੱਤਰ 16.9 ਦੇ $O_XP_1Q_1R_1O_y$ ਸੰਵਿਦਾ ਵਕ੍ਰ ਨਾਲ ਸਬੰਧਿਤ ਉਤਪਾਦਨ ਸੰਭਾਵਨਾ ਵਕ੍ਰ ਚਿੱਤਰ 26.10 ਵਿੱਚ TC ਦੇ ਰੂਪ ਵਿੱਚ ਅੰਕਿਤ ਹੈ। ਇਹ ਵਕ੍ਰ ਵਸਤੂ X ਅਤੇ Y ਦੇ ਉਨ੍ਹਾਂ ਵੱਖ-ਵੱਖ ਸੰਜੋਗਾਂ ਨੂੰ ਪ੍ਰਗਟ ਕਰਦਾ ਹੈ ਜੋ ਮਿਹਨਤ ਅਤੇ ਪੂੰਜੀ ਦੀ ਨਿਸ਼ਚਿਤ ਮਾਤਰਾਵਾਂ ਨਾਲ ਪੈਦਾ ਕੀਤੇ ਜਾ ਸਕਦੇ ਹਨ। ਚਿੱਤਰ 26.9 ਵਿੱਚ ਸੰਵਿਦਾ ਵਕ੍ਰ ਅਤੇ ਆਗਤ ਸਪੇਸ ਵਿੱਚ ਬਿੰਦੂ P 'ਤੇ ਧਿਆਨ ਦਿਓ। Y_3 ਸਮ ਮਾਤਰਾ Y ਵਸਤੂ ਦੀਆਂ 600 ਇਕਾਈਆਂ ਨੂੰ ਅਤੇ X_1 ਸਮ ਮਾਤਰਾ X ਦੀਆਂ 100 ਇਕਾਈਆਂ ਨੂੰ ਪ੍ਰਗਟ ਕਰਦਾ ਹੈ। ਇਨ੍ਹਾਂ ਨੂੰ ਚਿੱਤਰ 26.10 ਵਿੱਚ ਉਤਪਾਦਨ ਸਪੇਸ ਵਿੱਚ ਬਿੰਦੂ P ਦੇ ਰੂਪ ਵਿੱਚ ਚਿੱਤਰ ਅੰਕਿਤ ਕੀਤਾ ਗਿਆ ਹੈ। ਇਸ ਤਰ੍ਹਾਂ ਚਿੱਤਰ 26.9 ਦੇ Q_1 ਅਤੇ R_1 ਬਿੰਦੂ ਚਿੱਤਰ 26.10 ਵਿੱਚ ਉਤਪਾਦਨ ਸਪੇਸ ਵਿੱਚ ਕ੍ਰਮ ਅਨੁਸਾਰ Q ਅਤੇ R ਬੰਦਿਆਂ ਦੇ ਰੂਪ ਵਿੱਚ ਆਰੇਖਿਤ ਕੀਤੇ ਹਨ। P,Q ਅਤੇ R ਬਿੰਦੂਆਂ ਨੂੰ ਮਿਲਾ ਕੇ ਅਸੀਂ X ਅਤੇ Y ਵਸਤੂਆਂ ਦੇ ਲਈ ਉਤਪਾਦਨ ਸੰਭਾਵਨਾ ਵਕ੍ਰ TC ਪੈਦਾ ਕਰਦੇ ਹਨ। ਮਿਹਨਤ ਅਤੇ ਪੂੰਜੀ ਦੀਆਂ ਮਾਤਰਾਵਾਂ ਅਤੇ ਦਿੱਤੀ ਹੋਈ ਉਦਯੋਗਿਕ ਦੇ ਹੋਣ 'ਤੇ ਅਰਥ ਵਿਵਸਥਾ TC ਵਕ੍ਰ ਤੋਂ ਉਪਰ ਕਿਸੇ ਵੀ ਬਿੰਦੂ 'ਤੇ ਨਹੀਂ ਪਹੁੰਚ ਸਕਦੀ ਅਤੇ ਨਾ ਹੀ TC ਵਕ੍ਰ ਦੇ ਅੰਦਰ ਅਰਥ ਵਿਵਸਥਾ ਦਾ ਕੋਈ ਬਿੰਦੂ ਹੋ ਸਕਦਾ ਹੈ ਕਿਉਂਕਿ ਇਸ ਦਾ ਮਤਲਬ ਹੋਵੇਗਾ ਗਿ ਦੋਨੋਂ ਸਾਧਨ ਸੰਪਨਤਾਵਾਂ ਦਾ ਪੂਰਾ ਇਸਤੇਮਾਲ ਨਹੀਂ ਹੋ ਰਿਹਾ ਹੈ। ਇਸ ਲਈ X ਅਤੇ y ਦੇ ਉਤਪਾਦਨ ਨੂੰ ਜ਼ਿਆਦਾ ਕਰਨ ਦੇ ਲਈ ਜ਼ਰੂਰੀ ਹੈ ਕਿ ਅਰਥ ਵਿਵਸਥਾ TC ਵਕ੍ਰ 'ਤੇ ਰਹੇ। ਫਿਰ ਚਿੱਤਰ 26.10 ਵਿੱਚ ਉਤਪਾਦਨ ਸੰਭਾਵਨਾ ਵਕ੍ਰ 'ਤੇ ਕਿਸੇ ਵੀ ਬਿੰਦੂ ਦਾ ਢਲਾਨ Y ਵਿੱਚ X ਦੇ ਰੂਪਾਂਤਰ ਕੀ ਸੀਮਿਤ ਦਰ (MRT) ਨੂੰ ਪ੍ਰਗਟ ਕਰਦਾ ਹੈ। ਦੂਸਰੇ ਸ਼ਬਦਾਂ ਵਿੱਚ ਇਹ ਦੱਸਦਾ ਹੈ ਕਿ ਪੂੰਜੀ ਅਤੇ ਮਿਹਨਤ ਦੀ ਕਾਫੀ ਮਾਤਰਾ ਬਦਲ ਕੇ ਵਸਤੂ X ਦੀ ਇਕ ਹੋਰ ਇਕਾਈ ਦਾ ਉਤਪਾਦਨ ਕਰਨ ਦੇ ਲਈ ਵਸਤੂ Y ਦਾ ਉਤਪਾਦਨ ਕਿੰਨਾ ਘਟਾਇਆ ਜਾਵੇ।

ਪੂਰੀ ਪ੍ਰਤੀਯੋਗਤਾ ਦੇ ਅਧੀਨ ਇਕ ਲਾਭ ਜ਼ਿਆਦਾਕਰਨ ਕਰਨ ਵਾਲੀ ਫਰਮ ਉਸ ਸਮੇਂ ਉਤਪਾਦਨ ਦੇ ਸੰਤੁਲਨ ਵਿੱਚ ਹੋਵੇਗੀ ਜਦੋਂ ਸਮ ਆਗਮ (Isorevenue) ਰੇਖਾ ਉਸ ਦੇ ਰੂਪਾਂਤਰਣ (Transformation) ਵਕ੍ਰ ਨੂੰ ਛੂੰਹਦੀ ਹੈ। ਇਸ ਦਾ ਮਤਲਬ ਹੈ ਕਿ ਫਰਮ ਦੇ ਸੰਤੁਲਨ ਦੇ ਲਈ X ਅਤੇ Y ਦੋਨੋਂ ਵਸਤੂਆਂ ਦੇ ਵਿੱਚ ਰੂਪਾਂਤਰਣ ਦੀ ਸੀਮਿਤ ਦਰ ਉਸ ਦੇ ਕੀਮਤ ਅਨੁਪਾਤ ਦੇ ਬਰਾਬਰ ਹੋਣੀ ਚਾਹੀਦੀ ਹੈ- $MRT_{xy} = P_x/P_y$. ਇਹ ਨਿਯਮ ਚਿੱਤਰ 26.11 ਨਾਲ ਸਮਝਾਇਆ ਗਿਆ ਹੈ। MRT_{xy} ਨੂੰ ਰੂਪਾਂਤਰਣ ਵਕ੍ਰ PP_1 ਦੀ ਕਿਸੇ ਵੀ ਬਿੰਦੂ 'ਤੇ **ਢਲਾਣ** ਨਾਲ ਨਾਪਿਆ ਜਾਂਦਾ ਹੈ। TR ਸਮ ਆਗਮ ਰੇਖਾ ਹੈ ਜਿਸ ਦੀ ਢਲਾਣ P_x/P_y ਦਰਸਾਉਂਦੀ ਹੈ। E ਬਿੰਦੂ 'ਤੇ ਰੂਪਾਂਤਰਣ ਵਕ੍ਰ PP_1 ਦੀ ਢਲਾਣ ਅਤੇ ਸਮ ਆਗਮ ਰੇਖਾ TR ਦੀ ਢਲਾਣ ਬਰਾਬਰ ਹਨ। ਇਸ ਤਰ੍ਹਾਂ $MRT_{xy} = P_x/P_y$. ਅਤੇ ਹਰੇਕ ਫਰਮ X ਦੀ OX_1 ਮਾਤਰਾਵਾਂ ਅਤੇ Y ਵਸਤੂ ਦੀ OY_1 ਮਾਤਰਾਵਾਂ ਦਾ ਉਤਪਾਦਨ ਅਤੇ ਵਿਕਰੀ ਕਰਕੇ ਆਪਣੇ ਉਤਪਾਦਨ ਨੂੰ ਜ਼ਿਆਦਾ ਕਰਦੀ ਹੈ।

ਨੋਟ



ਚਿੱਤਰ 26.10



ਚਿੱਤਰ 26.11

ਅਸਲ ਵਿੱਚ X ਦੇ ਲਈ Y ਦੀ MRT ਬਰਾਬਰ ਹੁੰਦੀ ਹੈ ਵਸਤੂ X ਦੀ ਕੀਮਤ ਲਾਗਤ (MC_x) ਅਤੇ ਵਸਤੂ Y ਦੀ ਸੀਮਿਤ ਲਾਗਤ (MC_y) ਦੇ ਅਨੁਪਾਤ ਦੇ ਅਤੇ $MRT_{xy} = MC_x/MC_y$ ਪਰ ਹਰੇਕ ਫਰਮ ਉਤਪਾਦਨ ਦਾ ਉਹ ਪੱਧਰ ਉਤਪਾਦਤ ਕਰਦੀ ਹੈ ਜਿਸ 'ਤੇ ਉਸ ਦੀ ਸੀਮਿਤ ਲਾਗਤ ਉਸ ਦੀ ਮਾਰਕੀਟ ਕੀਮਤ ਦੇ ਬਰਾਬਰ ਹੁੰਦੀ ਹੈ। ਇਸ ਤਰ੍ਹਾਂ ਹਰੇਕ ਫਰਮ ਦੇ ਲਈ $P_x = MC_x$ ਅਤੇ $P_y = MC_y$ ਅਤੇ $MC_x/MC_y = P_x/P_y$.

(iii) ਵੀਨਿਮਯ ਅਤੇ ਉਤਪਾਦਨ ਦਾ ਸਧਾਰਣ ਸੰਤੁਲਨ
(General Eqilibrium of Exchange and Production)

ਹੁਣ ਅਸੀਂ ਪੂਰੀ ਪ੍ਰਤੀਯੋਗਤਾ ਦੇ ਅਧੀਨ ਵੀਨਿਮਯ ਅਤੇ ਉਤਪਾਦਨ ਦੇ ਇਕੱਠੇ ਸਧਾਰਣ ਸੰਤੁਲਨ ਦਾ ਅਧਿਐਨ ਕਰਦੇ ਹਾਂ। ਇਸ ਦੇ ਲਈ ਜ਼ਰੂਰੀ ਹੈ ਕਿ ਦੋ ਵਸਤੂਆਂ ਦੇ ਵਿੱਚ ਸਥਾਨਾਪੰਨਤਾ ਦੀ ਸੀਮਿਤ ਦਰ (MRS) ਉਨ੍ਹਾਂ ਦੇ ਵਿੱਚ ਰੂਪਾਂਤਰਣ ਦੀ ਸੀਮਿਤ ਦਰ (MRT) ਦੋਨੋਂ ਬਰਾਬਰ ਹੋਣ। ਕਿਉਂਕਿ ਪੂਰੀ ਪ੍ਰਤੀਯੋਗਤਾ ਵਿੱਚ ਉਪਭੋਗਤਾਵਾਂ ਅਤੇ ਫਰਮਾਂ ਦੇ ਲਈ ਦੋ ਵਸਤੂਆਂ ਦੀ ਕੀਮਤ ਅਨੁਪਾਤ ਬਰਾਬਰ ਹੁੰਦੀਆਂ ਹਨ, ਇਸ ਲਈ ਸਾਰੇ ਉਪਭੋਗਤਾਵਾਂ ਦੇ MRS ਸਾਰੇ ਫਰਮਾਂ ਦੇ MRT ਦੇ ਬਰਾਬਰ

ਨੋਟ

ਹੋਣਗੇ। ਨਤੀਜੇ ਵਜੋਂ ਦੋਨੋਂ ਵਸਤੂਆਂ ਦਾ ਦਕਸ਼ਤਾ ਦੇ ਨਾਲ ਉਤਪਾਦਨ ਅਤੇ ਵੀਨਿਮਯ ਕੀਤਾ ਜਾਵੇਗਾ। ਸੰਕੇਤਕ ਰੂਪ ਵਿੱਚ MRSxy = P_x/P_y ਅਤੇ $MRT_{xy} = P_x/P_y$। ਇਸ ਲਈ $MRS_{xy} = MRT_{xy}$.

ਚਿੱਤਰ 26.12 ਵਿੱਚ ਉਪਭੋਗ ਅਤੇ ਉਤਪਾਦਨ ਦੇ ਸਧਾਰਣ ਸੰਤੁਲਨ ਨੂੰ ਦਰਸਾਇਆ ਗਿਆ ਹੈ। X ਅਤੇ Y ਦੋਨੋਂ ਵਸਤੂਆਂ ਦੇ ਲਈ TC ਰੂਪਾਂਤਰਣ ਵਕ੍ਰ (ਜਾਂ ਉਤਪਾਦਨ ਸੰਭਾਵਨਾ ਹੱਦ) TC ਵਕ੍ਰ 'ਤੇ ਕੋਈ ਵੀ ਬਿੰਦੂ X ਅਤੇ Y ਦੇ ਵਿੱਚ MRT (MRT_{xy}) ਪ੍ਰਗਟ ਕਰਦਾ ਹੈ ਜਿੱਥੇ ਉਤਪਾਦਨ ਦਾ ਸਧਾਰਣ ਸੰਤੁਲਨ ਹੋਵੇਗਾ। TC ਵਕ੍ਰ 'ਤੇ ਕੋਈ ਬਿੰਦੂ Q ਲਓ ਤਾਂ ਕਿ X ਅਤੇ Y ਦੇ ਕੁੱਲ ਉਤਪਾਦਨ ਕ੍ਰਮ ਅਨੁਸਾਰ OX ਅਤੇ OY ਹੁੰਦੇ ਹਨ। ਇਹ ਉਤਪਾਦਨ ਅੱਗੇ ਵੀਨਿਮਯ ਦੇ ਲਈ ਇਕ ਏਜਵਰਥ ਬਾਕਸ ਚਿੱਤਰ ਦੇ ਆਯਾਮਾਂ (dimensions) ਨੂੰ ਨਿਰਧਾਰਿਤ ਕਰਦੇ ਹਨ। ਬਿੰਦੂ Q ਨਾਲ ਦੋਨੋਂ ਅਕਸ਼ਾਂ 'ਤੇ X ਅਤੇ Y ਲੰਬਾ ਸੁੱਟੇ। ਹੁਣ O ਉਪਭੋਗਤਾ A ਦਾ ਮੂਲ ਬਣ ਜਾਂਦਾ ਹੈ ਜਿਸ ਨੂੰ O_A ਨਾਮ ਦਿੰਦੇ ਹਨ। ਇਸੇ ਤਰ੍ਹਾ Q ਉਪਭੋਗਤਾ B ਦਾ ਮੂਲ ਬਣ ਜਾਂਦਾ ਹੈ। ਇਸ ਨੂੰ O_B ਕਹਿੰਦੇ ਹਨ। ਕਿਉਂਕਿ ਹਰੇਕ ਉਪਭੋਗਤਾ ਦਾ ਨਿਸ਼ਚਿਤ ਅਧਿਮਾਨ ਫਲਨ ਹੈ। ਇਸ ਲਈ ਵੀਨਿਮਯ ਬਾਕਸ ਵਿੱਚ A ਅਤੇ B ਉਦਾਸੀਨਤਾ ਵਕ੍ਰ ਖਿੱਚੇ ਗਏ ਹਨ। ਵਕ੍ਰ A_1,A_2, ਅਤੇ A_3 ਉਪਭੋਗਤਾ A ਦਾ ਉਦਾਸੀਨਤਾ ਮੈਪ ਦਰਸਾਉਂਦਾ ਹੈ ਅਤੇ ਵਕ੍ਰ B_1, B_2 ਅਤੇ B_3 ਉਪਭੋਗਤਾ B ਦਾ ਉਪਭੋਗਤਾ A ਅਤੇ B ਦੇ ਇਨ੍ਹਾਂ ਉਦਾਸੀਨਤਾ ਵਕ੍ਰਾਂ ਦੀ ਛੂੰਹਦੀ (ਟੇਂਜੇਂਟ) ਬਿੰਦੂ E,F ਅਤੇ G ਹਨ। ਇਨ੍ਹਾਂ ਬਿੰਦੂਆਂ ਨੂੰ ਜੋੜਨ ਨਾਲ ਇਕ ਉਪਭੋਗਤਾ ਸੰਵਿਦਾ ਵਕ੍ਰ Q_AEFGO_B। ਇਸ ਸੰਵਿਦਾ ਵਕ੍ਰ 'ਤੇ ਹਰੇਕ ਬਿੰਦੂ ਵੀਨਿਮਯ ਦਾ ਸਧਾਰਣ ਸੰਤੁਲਨ ਬਿੰਦੂ ਹੈ, ਜਿੱਥੇ $_AMRS_{xy} = {}_BMRS_{xy} - P_x/P_y$.



ਚਿੱਤਰ 26.12

ਵੀਨਿਮਯ ਅਤੇ ਉਤਪਾਦਨ ਦਾ ਇਕੱਠਾ ਸੰਤੁਲਨ ਉਥੇ ਹੋਵੇਗਾ ਜਿੱਥੇ $_AMRS_{xy} = {}_BMRS_{xy} = MRT_{xy}$. ਇੱਥੇ ਉਦੋਂ ਹੁੰਦਾ ਹੈ ਜਦੋਂ ਵੀਨਿਮਯ ਦੇ ਸੰਤੁਲਨ ਬਿੰਦੂ F 'ਤੇ ਖਿੱਚੀ ਗਈ ਟੇਂਜੇਂਟ bb ਸਮਾਂਤਰ ਹੈ ਵਕ੍ਰ TC ਦੇ ਬਿੰਦੂ Q 'ਤੇ ਖਿੱਚੀ ਗਈ ਟੇਂਜੇਂਟ aa ਦੇ। ਪਰ aa ਅਤੇ bb ਟੇਂਜੇਂਟਾਂ ਦੇ ਇਕ ਦੂਸਰੇ ਦੇ ਨਾਲ F ਬਿੰਦੂ 'ਤੇ ਸਮਾਂਤਰ ਹੋਣ ਦੀ ਸਧਾਰਣ ਸੰਤੁਲਨ ਦੀ ਸ਼ਰਤ **ਦੂਸਰਾ ਹੱਲ ਨਹੀਂ** ਪ੍ਰਦਾਨ ਕਰਦੀ ਹੈ। ਅਜਿਹਾ ਇਸ ਲਈ ਕਿ E ਜਾਂ G ਹਰੇਕ ਬਿੰਦੂ 'ਤੇ ਖਿੱਚੀ ਗਈ ਟੇਂਜੇਂਟ ਵੀ ਟੇਂਜੇਂਟ bb ਦੇ ਸਮਾਂਤਰ ਹੋ ਸਕਦੀ ਹੈ।

26.4 ਸਾਰੰਸ਼ (Summary)

• ਸਧਾਰਣ ਸੰਤੁਲਨ ਦੀ ਹੋਂਦ ਦੀ ਸਮੱਸਿਆ ਮਾਰਕੀਟ ਵਿੱਚ ਖਰੀਦਦਾਰਾਂ ਅਤੇ ਵਿਕਰੇਤਾਵਾਂ ਦੇ ਵਿਵਹਾਰ ਨਾਲ ਸਬੰਧਿਤ ਹੁੰਦਾ ਹੈ ਅਤੇ ਇਹ ਕਿਸ ਤਰ੍ਹਾ ਉਨ੍ਹਾਂ ਦੀ ਮੰਗ ਅਤੇ ਪੂਰਤੀ ਵਕ੍ਰਾਂ ਨੂੰ ਪ੍ਰਭਾਵਿਤ ਕਰਦਾ ਹੈ। ਇਕ ਸੰਤੁਲਨ ਉਸ ਸਮੇਂ ਹੁੰਦਾ ਹੈ ਜਦੋਂ ਮੰਗ ਅਤੇ ਪੂਰਤੀ ਵਕ੍ਰ ਇਕ **ਧਨਾਤਮਕ** (Positive) **ਕੀਮਤ** 'ਤੇ ਬਰਾਬਰ ਹੁੰਦੇ ਹਨ। ਅਜਿਹੀ ਕੀਮਤ ਸੰਤੁਲਨ ਕੀਮਤ ਕਹਾਉਂਦੀ ਹੈ। ਕੀਮਤ 'ਤੇ ਮੰਗ ਅਤੇ ਪੂਰਤੀ ਦੀ ਮਾਤਰਾ ਸੰਤੁਲਨ ਮਾਤਰਾ ਕਹਾਉਂਦੀ ਹੈ। ਸੰਤੁਲਨ ਕੀਮਤ 'ਤੇ ਨਾ ਤਾਂ ਜ਼ਿਆਦਾ ਮੰਗ (Excess demand) ਅਤੇ ਨਾ ਹੀ ਜ਼ਿਆਦਾ ਪੂਰਤੀ (Excess supply) ਹੁੰਦੀ ਹੈ। ਉਸ ਕੀਮਤ 'ਤੇ ਜ਼ਿਆਦਾ ਮੰਗ **ਜ਼ੀਰੋ** ਹੁੰਦੀ ਹੈ।

ਨੋਟ

26.5 ਸ਼ਬਦਕੋਸ਼ (Keywords)

1. **ਜ਼ਿਆਦਾ ਮੰਗ** (Excess Demand)- ਜ਼ਿਆਦਾ ਮੰਗ।
2. **ਜ਼ਿਆਦਾ ਪੂਰਤੀ** (Excess Supply)- ਜ਼ਿਆਦਾ ਪੂਰਤੀ।
3. **ਬਹੁ-ਸੰਤੁਲਨ** (Multiple Equilibrium)- ਸਥਿਰ ਅਤੇ ਅਸਥਿਰ ਸੰਤੁਲਨ।

26.6 ਅਭਿਆਸ ਪ੍ਰਸ਼ਨ (Review Questions)

1. ਸਧਾਰਣ ਸੰਤੁਲਨ ਦੀ ਹੋਂਦ ਤੋਂ ਤੁਸੀਂ ਕੀ ਸਮਝਦੇ ਹੋ?
2. 'ਵਾਲਰਸੀਆ ਸਧਾਰਣ ਸੰਤੁਲਨ ਮਾਡਲ' 'ਤੇ ਟਿੱਪਣੀ ਲਿਖੋ।
3. ਵੀਨਿਮਯ (ਉਪਭੋਗ) ਦਾ ਸਧਾਰਣ ਸੰਤੁਲਨ ਸਮਝਾਓ।

ਉਤਰ : ਸਵੈ-ਮੁਲਾਂਕਣ (Answers : Self Assessment)

1. ਸਧਾਰਣ ਸੰਤੁਲਨ	2. ਵਿਕਰੇਤਾਵਾਂ	3. ਸੰਤੁਲਨ	4. (ਅ)
5. (ਅ)	6. (ਬ)	7. ਸਹੀ	8. ਸਹੀ
9. ਗਲਤ	10. ਸਹੀ।		

26.7 ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕ੍ਰੋਇਕਨੋਮਿਕਸ-ਸਿਪਰਾ ਮੁੱਖ ਉਪਾਧਿਆਇ, ਏਨੀ ਬੁਕਸ, 2011।
2. ਮਾਈਕ੍ਰੋਇਕਨੋਮਿਕਸ : ਐਨ. ਐਡਵਾਂਸਡ ਟ੍ਰੀਟਾਈਜ਼-ਐਸ. ਪੀ. ਐਸ. ਚੌਹਾਨ, ਪੀ. ਐਚ. ਆਈ. ਲਰਨਿੰਗ।
3. ਮਾਈਕ੍ਰੋਇਕਨੋਮਿਕਸ : ਬਿਹੇਵੀਅਰ, ਇੰਸਟੀਟਿਊਸ਼ਨਜ਼ ਐਂਡ ਇਵੈਲਿਊਏਸ਼ਨ, ਸੈਂਪੂਲ, ਬੋਵੈਲਸ ਆਕਸਫੋਰਡ ਯੂਨੀਵਰਸਿਟੀ ਪ੍ਰੈਸ, 2004।

ਨੋਟ

ਇਕਾਈ-27 : ਉਤਪਾਦਨ ਬਨਾਮ ਉਪਭੋਗ (Production Versus Consumption)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

27.1 ਰੋਜ਼ਗਾਰ 'ਤੇ ਵਿਚਾਰ (Thoughts about Employment)

27.2 ਦੁਰਲੱਭਤਾ ਦੇ ਸਬੰਧ ਵਿੱਚ ਵਿਚਾਰ (Thoughts about Weaknesses)

27.3 ਉਤਪਾਦਨ ਉਪਭੋਗ ਨੂੰ ਸੀਮਿਤ ਕਰਦਾ ਹੈ (Production Limits the Consumption)

27.4 ਸਾਰਾਂਸ਼ (Summary)

27.5 ਸ਼ਬਦਕੋਸ਼ (Keywords)

27.6 ਅਭਿਆਸ ਪ੍ਰਸ਼ਨ (Review Questions)

27.7 ਸਬੰਧਿਤ ਪੁਸਤਕਾਂ (Further Readings)

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ-

- ਰੋਜ਼ਗਾਰ 'ਤੇ ਵਿਚਾਰ ਦਾ ਅਧਿਐਨ ਕਰਨ ਸਬੰਧੀ।
- ਦੁਰਲੱਭ ਦੇ ਸਬੰਧ ਵਿੱਚ ਵਿਚਾਰ ਕਰਨ ਸਬੰਧੀ।
- 'ਉਤਪਾਦਨ ਉਪਭੋਗ ਨੂੰ ਸੀਮਿਤ ਕਰਦਾ ਹੈ' ਜਾਨਣ ਸਬੰਧੀ।

ਪ੍ਰਸਤਾਵਨਾ (Introduction)

ਅਰਥ ਸ਼ਾਸਤਰ ਵਿੱਚ ਮੁੱਖ ਤੌਰ 'ਤੇ ਦੋ ਵਿਚਾਰ ਧਾਰਾਵਾਂ ਰਹੀਆਂ ਹਨ। ਪਹਿਲੀ, 19ਵੀਂ ਸਦੀ ਦੇ ਅਰਥ ਸ਼ਾਸਤਰੀ ਜੋ ਪੂਰਤੀ 'ਤੇ ਜ਼ੋਰ ਦਿੰਦੇ ਸਨ, ਜਿਸ ਦਾ ਸਿੱਧਾ ਸਬੰਧ ਉਤਪਾਦਨ ਨਾਲ ਹੁੰਦਾ ਹੈ, ਇਨ੍ਹਾਂ ਵਿੱਚ ਪ੍ਰਮੁੱਖ ਅਰਥ ਸ਼ਾਸਤਰੀ ਐਡਮ ਸਮਿੱਥ, ਐਡਮ ਰਿਕਾਰਡੋ, ਜੇ. ਬੀ. ਵਰਗੇ ਹੋਰ ਪ੍ਰਮੁੱਖ ਹਨ। ਇਹ ਅਰਥ ਸ਼ਾਸਤਰੀ ਵਿਸ਼ੇਸ਼ ਰੂਪ ਵਿੱਚ ਖੁੱਲ੍ਹੇ ਬਾਜ਼ਾਰ ਭਾਵ ਸਰਕਾਰ ਦੀ ਨਾਂਹਵਾਚਕ ਭੂਮਿਕਾ 'ਤੇ ਜ਼ੋਰ ਦਿੰਦੇ ਸਨ, ਜਦੋਂ ਕਿ ਦੂਸਰੀ ਵਿਚਾਰਧਾਰਾ 17ਵੀਂ ਸਦੀ ਦੇ ਅਰਥ ਸ਼ਾਸਤਰੀਆਂ ਦੀ ਰਹੀ ਹੈ। ਇਸ ਯੁੱਗ ਨੂੰ ਵਣਿਕਵਾਦ ਕਿਹਾ ਜਾਂਦਾ ਹੈ। ਇਸ ਵਿਚਾਰਧਾਰਾ ਨੂੰ 20ਵੀਂ ਸਦੀ ਵਿੱਚ ਮਹਾਨ ਅਰਥ ਸ਼ਾਸਤਰੀ, ਜਿਨ੍ਹਾਂ ਨੂੰ ਅਰਥ ਸ਼ਾਸਤਰ ਦਾ ਭਗਵਾਨ ਕਿਹਾ ਜਾਂਦਾ ਹੈ, ਨੇ ਅੱਗੇ ਵਧਾਇਆ ਹੈ। ਕੀਂਸ ਦਾ ਵਿਸ਼ਲੇਸ਼ਣ ਮੁੱਖ ਤੌਰ 'ਤੇ ਮੰਗ 'ਤੇ ਨਿਰਭਰ ਸੀ। ਮੰਗ ਦਾ ਸਿੱਧਾ ਸਬੰਧ ਉਪਭੋਗ ਨਾਲ ਹੁੰਦਾ ਹੈ। ਕੀਂਸ ਦਾ ਵਿਸ਼ਲੇਸ਼ਣ ਘੱਟ ਸਮੇਂ ਵਿੱਚ ਪ੍ਰਭਾਵ ਪੂਰਨ ਮੰਗ ਨਾਲ ਉਪਭੋਗ ਦਾ ਨਿਰਧਾਰਣ ਕਰਦਾ ਹੈ ਅਤੇ ਸਿੱਟੇ ਦੇ ਰੂਪ ਵਿੱਚ ਇਹ ਕਹਿ ਸਕਦੇ ਹਾਂ ਕਿ ਇਕ ਵਿਚਾਰਧਾਰਾ, ਪੂਰਤੀ ਭਾਵ ਉਤਪਾਦਨ ਅਤੇ ਦੂਸਰੀ ਵਿਚਾਰਧਾਰਾ ਮੰਗ ਭਾਵ ਉਪਭੋਗ 'ਤੇ ਜ਼ੋਰ ਦਿੰਦੀ ਹੈ, ਭਾਵ ਦੋਵੇਂ ਵਿਚਾਰਧਾਰਾਵਾਂ ਉਲਟ ਹਨ।

ਨੋਟਸ ਮੰਗ ਦਾ ਸਿੱਧਾ ਸਬੰਧ ਉਪਭੋਗ ਨਾਲ ਹੁੰਦਾ ਹੈ।

ਨੋਟ

ਜਦੋਂ ਮਨੁੱਖ ਧਰਤੀ 'ਤੇ ਜਨਮ ਲੈਂਦਾ ਹੈ ਤਾਂ ਉਸ ਦੀਆਂ ਕੁਝ ਮੂਲਭੂਤ ਜ਼ਰੂਰਤਾਂ ਹੁੰਦੀਆਂ ਹਨ, ਜਿਨ੍ਹਾਂ ਦੀ ਉਤਪਤੀ ਉਸ ਦੀ ਇੱਛਾ ਦੇ ਰੂਪ ਵਿੱਚ ਹੁੰਦੀ ਹੈ ਅਤੇ ਇੱਛਾ ਦੀ ਸੰਤੁਸ਼ਟੀ ਵਸਤੂ ਦੇ ਉਪਭੋਗ ਦੇ ਨਾਲ ਪੂਰਨ ਹੋ ਸਕਦੀ ਹੈ। ਐਡਮ ਸਮਿੱਥ ਨੇ ਆਪਣੀ ਪੁਸਤਕ Wealth of Nation ਵਿੱਚ ਇਹ ਦੱਸਿਆ ਹੈ ਕਿ ਆਰਥਿਕ ਕਿਰਿਆਵਾਂ ਧਨ ਦੇ ਨਾਲ ਕਿਰਿਆਸ਼ੀਲ ਹੁੰਦੀਆਂ ਹਨ। ਉਂਝ 19ਵੀਂ ਸਦੀ ਦੇ ਅਰਥ ਸ਼ਾਸਤਰੀ ਇਹ ਮੰਨਦੇ ਸਨ ਕਿ ਪੂਰਤੀ ਆਪਣੀ ਮੰਗ ਖੁਦ ਪੈਦਾ ਕਰਦੀ ਹੈ (Supply creats its own demand)। ਇਸ ਤੋਂ ਉਲਟ 20ਵੀਂ ਸਦੀ ਦੇ ਅਰਥ ਸ਼ਾਸਤਰੀ ਇਹ ਮੰਨਦੇ ਸਨ ਕਿ ਮੰਗ ਆਪਣੀ ਪੂਰਤੀ ਖੁਦ ਨਿਰਧਾਰਿਤ ਕਰਦੀ ਹੈ। (Demand creaty its own supply)। ਭਾਵ ਦੋਵੇਂ ਵਿਚਾਰ ਅਲੱਗ-ਅਲੱਗ ਧਾਰਨਾਵਾਂ ਨੂੰ ਜਨਮ ਦਿੰਦੇ ਹਨ।

ਕੀ ਤੁਸੀਂ ਜਾਣਦੇ ਹੋ	ਜਦੋਂ ਮਨੁੱਖ ਧਰਤੀ 'ਤੇ ਜਨਮ ਲੈਂਦਾ ਹੈ ਤਾਂ ਉਸ ਦੀਆਂ ਕੁਝ ਮੂਲਭੂਤ ਜ਼ਰੂਰਤਾਂ ਹੁੰਦੀਆਂ ਹਨ।

27.1 ਰੋਜ਼ਗਾਰ 'ਤੇ ਵਿਚਾਰ (Thoughts about Employment)

19ਵੀਂ ਸਦੀ ਦੇ ਅਰਥ ਸ਼ਾਸਤਰੀ ਇਹ ਮੰਨਦੇ ਸਨ ਕਿ ਜੇਕਰ ਪੂਰਤੀ ਵਿੱਚ ਵਾਧਾ ਕੀਤਾ ਜਾਂਦਾ ਹੈ, ਭਾਵ ਉਤਪਾਦਨ ਵਿੱਚ ਵਾਧਾ ਹੋਣ 'ਤੇ ਲੋਕਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਾਪਤ ਹੋਣਗੇ, ਜਿਸ ਨਾਲ ਬੇਰੋਜ਼ਗਾਰੀ ਦੀ ਸਮੱਸਿਆ ਦਾ ਹੱਲ ਸੰਭਵ ਹੋ ਸਕੇਗਾ। ਉਂਝ ਤਾਂ ਬੇਰੋਜ਼ਗਾਰੀ ਨੂੰ ਘੱਟ ਸਮਾਂ ਸਮੱਸਿਆ ਮੰਨਦੇ ਹਨ। ਭਾਵ ਬੇਰੋਜ਼ਗਾਰੀ ਹੋਣ 'ਤੇ ਜੇਕਰ ਮਜ਼ਦੂਰੀ ਦਰ ਵਿੱਚ ਕਮੀ ਕਰਕੇ ਪੂਰਾ ਕੀਤਾ ਜਾ ਸਕਦਾ ਹੈ। ਸੰਖੇਪ ਵਿੱਚ ਇਹ ਕਹਿ ਸਕਦੇ ਸਨ ਕਿ ਉਤਪਾਦਨ ਦੇ ਵਿਸਥਾਰ ਨਾਲ ਰੋਜ਼ਗਾਰ ਤੋਂ ਵਾਂਝੇ ਲੋਕਾਂ ਨੂੰ ਕੰਮ ਦੀ ਪ੍ਰਾਪਤੀ ਹੁੰਦੀ ਹੈ, ਜਦੋਂ ਕਿ ਇਸ ਤੋਂ ਉਲਟ Consumptionist ਯਾਨੀ 20ਵੀਂ ਸਦੀ ਦੇ ਅਰਥ ਸ਼ਾਸਤਰੀ ਨੂੰ ਇਹ ਤਰੀਕਾ ਪਸੰਦ ਨਹੀਂ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਕੇਵਲ ਉਤਪਾਦਨ ਦੇ ਵਿਸਥਾਰ ਨਾਲ ਹੀ ਬੇਰੋਜ਼ਗਾਰੀ ਦਾ ਅੰਤ ਸੰਭਵ ਨਹੀਂ ਹੈ। ਉਹ ਕਹਿੰਦੇ ਸਨ ਕਿ ਜ਼ਿਆਦਾ ਉਤਪਾਦਨ ਕਿਸੇ ਦੇਸ਼ ਨੂੰ ਮੰਦੀ ਵੱਲ ਧੱਕਦਾ ਹੈ ਭਾਵ ਉਤਪਾਦਨ ਵਿੱਚ ਵਾਧਾ ਕੇਵਲ ਉਨ੍ਹਾਂ ਵਸਤੂਆਂ ਦੀ ਕੀਤੀ ਜਾਵੇ, ਜਿਨ੍ਹਾਂ ਦੀ ਮੰਗ ਹੋਵੇ। ਭਾਵ ਮੰਗ ਦੇ ਅਨੁਸਾਰ ਵਸਤੂਆਂ ਦੀ ਪੂਰਤੀ ਕੀਤੀ ਜਾਵੇ। ਉਨ੍ਹਾਂ ਦਾ ਇਹ ਵਿਚਾਰ ਸੀ ਕਿ ਜ਼ਿਆਦਾ ਉਤਪਾਦਨ ਨਾਲ ਮੰਦੀ ਫੈਲੀ ਤਾਂ ਬੇਰੋਜ਼ਗਾਰੀ ਵਿੱਚ ਵਾਧਾ ਹੋ ਜਾਵੇਗਾ।

ਟਾਸਕ	ਰੋਜ਼ਗਾਰ 'ਤੇ ਆਪਣੇ ਵਿਚਾਰ ਪ੍ਰਗਟ ਕਰੋ।

ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)–

1. ਅਰਥ ਸ਼ਾਸਤਰ ਵਿੱਚ ਮੁੱਖ ਤੌਰ 'ਤੇ ..... ਵਿਚਾਰਧਾਰਾਵਾਂ ਰਹੀਆਂ ਹਨ।
2. ਮੰਗ ਦਾ ਸਿੱਧਾ ਸਬੰਧ ..... ਨਾਲ ਹੁੰਦਾ ਹੈ।

27.2 ਦੁਰਲੱਭਤਾ ਦੇ ਸਬੰਧ ਵਿੱਚ ਵਿਚਾਰ (Thoughts about Weaknesses)

ਦੁਰਲੱਭਤਾ ਦਾ ਮਤਲਬ ਧਨ ਵਿੱਚ ਕਮੀ ਤੋਂ ਲਗਾਇਆ ਜਾਂਦਾ ਹੈ। ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਲੋਕਾਂ ਦੀ ਉਪਭੋਗ ਕਰਨ ਦੀ ਸ਼ਕਤੀ ਬਹੁਤ ਘੱਟ ਹੋ ਗਈ ਸੀ। Productionist ਯਾਨੀ ਉਤਪਾਦਨ ਕਰਤਾ ਜਾਂ 19ਵੀਂ ਸਦੀ ਦੇ ਅਰਥ ਸ਼ਾਸਤਰੀ ਧਨ ਦੇ ਨਿਵੇਸ਼ ਨੂੰ ਸਮ੍ਰਿਧੀ ਦਾ ਰਸਤਾ ਮੰਨਦੇ ਸਨ, ਜਦੋਂ ਕਿ Consumptionist ਯਾਨੀ 20ਵੀਂ ਸਦੀ ਦੇ ਅਰਥ ਸ਼ਾਸਤਰੀ ਧਨ ਦੇ ਵਿਨਾਸ਼ ਨੂੰ ਸਮ੍ਰਿਧੀ ਦਾ ਰਸਤਾ ਅਪਣਾਉਂਦੇ ਸਨ। ਦੋਵੇਂ ਵਿਚਾਰਧਾਰਾਵਾਂ ਵਿੱਚ ਧਨ ਦੀ ਬਹੁਤ ਜ਼ਰੂਰਤ 'ਤੇ ਜ਼ੋਰ ਦਿੰਦੀ ਸੀ, ਕਿਉਂਕਿ 19ਵੀਂ ਸਦੀ ਦੇ ਅਰਥ ਸ਼ਾਸਤਰੀ ਮੰਨਦੇ ਸਨ ਕਿ ਧਨ ਦੇ ਨਿਵੇਸ਼ ਨਾਲ ਉਤਪਾਦਨ ਵਿੱਚ ਵਾਧਾ ਸੰਭਵ ਹੈ, ਜਿਸ ਨਾਲ ਲੋਕਾਂ ਨੂੰ ਰੋਜ਼ਗਾਰ ਅਤੇ ਵਸਤੂਆਂ ਦੀ ਪੂਰਤੀ ਸੰਭਵ ਹੋ ਸਕਦੀ ਹੈ। ਜਦੋਂ ਕਿ 20ਵੀਂ ਸਦੀ ਦੇ ਅਰਥ ਸ਼ਾਸਤਰੀ ਇਹ ਮੰਨਦੇ ਹਨ ਕਿ ਧਨ ਦੇ ਨਾਲ ਉਪਭੋਗ ਵਿੱਚ ਵਾਧਾ ਕੀਤਾ ਜਾ ਸਕਦਾ ਹੈ, ਜਿਸ ਨਾਲ ਮੰਦੀ ਨੂੰ ਦੂਰ ਕੀਤਾ ਜਾ ਸਕਦਾ ਹੈ ਅਤੇ ਰੋਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਸੰਭਵ ਹੋ ਸਕੇਗਾ। ਇਸ ਦੇ ਅਨੁਸਾਰ ਮਜ਼ਬੂਤ ਉਪਭੋਗ ਮੰਗ ਹੀ ਮੰਦੀ ਨੂੰ ਦੂਰ ਕਰਨ ਦਾ ਸਿਰਫ ਇਕ ਤਰੀਕਾ ਹੈ।

ਨੋਟ

ਸਵੈ ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions)–

3. 19ਵੀਂ ਸਦੀ ਦੇ ਅਰਥ ਸ਼ਾਸਤਰੀ ਜ਼ੋਰ ਦਿੰਦੇ ਹਨ–

(ਅ) ਪੂਰਤੀ 'ਤੇ (ਬ) ਖਰਚ 'ਤੇ

(ਸ) ਖਰੀਦ 'ਤੇ (ਦ) ਵੇਚ 'ਤੇ

4. ਦੁਰਲੱਭਤਾ ਦਾ ਮਤਲਬ ਲਗਾਇਆ ਜਾਂਦਾ ਹੈ–

(ਅ) ਧਨ ਵਿੱਚ ਕਮੀ ਨਾਲ (ਬ) ਸਰੀਰਿਕ ਕਮੀ ਨਾਲ

(ਸ) ਖਰੀਦ ਦੀ ਕਮੀ ਨਾਲ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

5. ..... ਅਰਥ ਸ਼ਾਸਤਰੀ ਮੰਨਦੇ ਸਨ ਕਿ 'ਪੂਰਤੀ ਆਪਣੀ ਮੰਗ ਖੁਦ ਪੈਦਾ ਕਰਦੀ ਹੈ।'

(ਅ) 20ਵੀਂ ਸਦੀ ਦੇ (ਬ) 19ਵੀਂ ਸਦੀ ਦੇ

(ਸ) 18ਵੀਂ ਸਦੀ ਦੇ (ਦ) 17ਵੀਂ ਸਦੀ ਦੇ

6. ..... ਅਰਥ ਸ਼ਾਸਤਰੀ ਮੰਨਦੇ ਸਨ, 'ਮੰਗ ਆਪਣੀ ਪੂਰਤੀ ਖੁਦ ਨਿਰਧਾਰਿਤ ਕਰਦੀ ਹੈ।'

(ਅ) 19ਵੀਂ ਸਦੀ ਦੇ (ਬ) 20ਵੀਂ ਸਦੀ ਦੇ

(ਸ) 18ਵੀਂ ਸਦੀ ਦੇ (ਦ) 17ਵੀਂ ਸਦੀ ਦੇ

27.3 ਉਤਪਾਦਨ ਉਪਭੋਗ ਨੂੰ ਸੀਮਿਤ ਕਰਦਾ ਹੈ (Production Limits the Consumption)

Productionist ਯਾਨੀ 20ਵੀਂ ਸਦੀ ਦੇ ਅਰਥ ਸ਼ਾਸਤਰੀ ਇਹ ਮੰਨਦੇ ਸਨ ਕਿ ਬੱਚਿਆਂ ਦੇ ਪਾਲਣ-ਪੋਸ਼ਣ ਲਈ ਮਾਤਾ-ਪਿਤਾ ਉਨ੍ਹਾਂ 'ਤੇ ਖਰਚ ਕਰਦੇ ਹਨ, ਕਿਉਂਕਿ ਇਹ ਖਰਚ ਉਤਪਾਦਨ ਹੋਈਆਂ ਵਸਤੂਆਂ 'ਤੇ ਹੁੰਦਾ ਹੈ। ਉਤਪਾਦਨ ਨਾਲ ਬਾਜ਼ਾਰ ਨੂੰ ਵਸਤੂਆਂ ਦੀ ਪੂਰਤੀ ਕੀਤੀ ਜਾਂਦੀ ਹੈ ਅਤੇ ਉਤਪਾਦਨ ਉਨ੍ਹਾਂ ਵਸਤੂਆਂ ਦਾ ਹੀ ਹੁੰਦਾ ਹੈ, ਜਿਨ੍ਹਾਂ ਦੀ ਇੱਛਾ ਕੀਤੀ ਜਾਂਦੀ ਹੈ। ਸਾਰੀਆਂ ਇੱਛਾਵਾਂ ਦੀ ਪੂਰਤੀ ਸੰਭਵ ਨਹੀਂ ਹੁੰਦੀ, ਇਸ ਲਈ ਉਤਪਾਦਨ ਉਪਭੋਗ ਦੀ ਪੂਰਤੀ ਨੂੰ ਸੀਮਿਤ ਬਣਾਉਂਦਾ ਹੈ।

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚੋਂ ਸਹੀ/ਗਲਤ ਲੱਭੋ

(State whether the following statements are True/False)—

7. ਮੰਗ ਦਾ ਸਿੱਧਾ ਸਬੰਧ ਉਪਭੋਗ ਨਾਲ ਹੁੰਦਾ ਹੈ।

8. ਕੀਂਸ ਦਾ ਵਿਸ਼ਲੇਸ਼ਣ ਘੱਟ ਸਮੇਂ ਵਿੱਚ ਪ੍ਰਭਾਵ ਪੂਰਨ ਮੰਗ ਨਾਲ ਉਪਭੋਗ ਨਿਰਧਾਰਣ ਕਰਦਾ ਹੈ।

9. ਐਡਮ ਸਮਿੱਥ ਦੀ ਪੁਸਤਕ ਹੈ–'Wealth of British'।

10. ਉਪਭੋਗ ਤੋਂ ਬਿਨਾਂ ਉਤਪਾਦਨ ਸੰਭਵ ਨਹੀਂ ਹੈ।

27.4 ਸਾਰੰਸ਼ (Summary)

- ਉਪਰੋਕਤ ਵਿਸ਼ਲੇਸ਼ਣ ਦੇ ਅਧਾਰ 'ਤੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਉਪਭੋਗ ਅਤੇ ਉਤਪਾਦਨ ਇਕ-ਦੂਸਰੇ ਤੋਂ ਉਲਟ ਨਾਲ ਹੋ ਕੇ ਪ੍ਰਸਪਰ ਇਕ-ਦੂਸਰੇ ਦੇ ਪੂਰਕ ਹੁੰਦੇ ਹਨ, ਕਿਉਂਕਿ ਉਪਭੋਗ ਤੋਂ ਬਿਨਾਂ ਨਾ ਤਾਂ ਉਤਪਾਦਨ ਸੰਭਵ ਹੈ ਅਤੇ ਨਾ ਹੀ ਉਤਪਾਦਨ ਤੋਂ ਬਿਨਾਂ ਉਪਭੋਗ। ਉਪਭੋਗ ਅਤੇ ਉਤਪਾਦਨ ਦੋਵੇਂ ਅਰਥ ਸ਼ਾਸਤਰ ਦੇ ਸਤੰਭ ਹਨ। ਇਨ੍ਹਾਂ ਦੋਵਾਂ ਦੇ ਅਧੀਨ ਹੀ ਆਰਥਿਕ ਕਿਰਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਲਈ ਦੋਵਾਂ ਵਿੱਚ ਮਹੱਤਵ ਦੇ ਅਨੁਸਾਰ ਤੁਲਨਾ ਕਰਨਾ ਬੇਫਜ਼ੂਲ ਹੈ, ਸਗੋਂ ਦੋਵਾਂ ਦਾ ਹੀ ਅਰਥ ਸ਼ਾਸਤਰ ਵਿੱਚ ਬਰਾਬਰ ਮਹੱਤਵ ਹੁੰਦਾ ਹੈ।

27.5 ਸ਼ਬਦਕੋਸ਼ (Keywords)

ਨੋਟ

1. **ਉਤਪਾਦਨ** (Production) : ਨਿਰਮਾਣ।
2. **ਉਪਭੋਗ** (Consumption) : ਖਪਤ।

27.6 ਅਭਿਆਸ ਪ੍ਰਸ਼ਨ (Review Questions)

1. ਉਤਪਾਦਨ ਅਤੇ ਉਪਭੋਗ ਤੋਂ ਕੀ ਭਾਵ ਹੈ? ਸਪੱਸ਼ਟ ਕਰੋ।
2. 'ਉਤਪਾਦਨ ਉਪਭੋਗ ਨੂੰ ਸੀਮਿਤ ਕਰਦਾ ਹੈ' 'ਤੇ ਟਿੱਪਣੀ ਲਿਖੋ।
3. ਦੁਰਲੱਭਤਾ ਦੇ ਸਬੰਧ ਵਿੱਚ ਆਪਣੇ ਵਿਚਾਰ ਪ੍ਰਗਟ ਕਰੋ।

ਉਤਰ : ਸਵੈ-ਮੁਲਾਂਕਣ (Answers : Self Assessment)

1. ਦੋ	2. ਉਪਭੋਗ	3. (ਅ)	4. (ਅ)
5. (ਬ)	6. (ਬ)	7. ਸਹੀ	8. ਸਹੀ
9. ਗਲਤ	10. ਸਹੀ।		

27.7 ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕ੍ਰੋਇਕਨੋਮਿਕਸ : ਐਨ. ਐਡਵਾਂਸਡ ਟ੍ਰੀਟਾਈਜ਼-ਐਸ. ਪੀ. ਐਸ. ਚੌਹਾਨ, ਪੀ. ਐਚ. ਆਈ. ਲਰਨਿੰਗ।
2. ਮਾਈਕ੍ਰੋਇਕਨੋਮਿਕਸ : ਬਿਹੇਵੀਅਰ, ਇੰਸਟੀਟਿਊਸ਼ਨਜ਼ ਐਂਡ ਇਵੈਲਿਊਸ਼ੇਨ-ਸੈਂਪੂਲ ਬੋਵੈਲਸ ਆਕਸਫੋਰਡ ਯੂਨੀਵਰਸਿਟੀ ਪ੍ਰੈਸ, 2004।
3. ਮਾਈਕ੍ਰੋਇਕਨੋਮਿਕਸ : ਪ੍ਰਿੰਸੀਪਲਸ ਐਪਲੀਕੇਸ਼ਨਜ਼ ਐਂਡ ਟੂਲਜ਼-ਸੰਜੇ ਬਾਸੋਤੀਆ, ਡੀ. ਐਨ. ਡੀ. ਪਬਲੀਕੇਸ਼ਨ, 2010।

ਨੋਟ

ਇਕਾਈ–28 : ਖਤਰਾ ਅਤੇ ਅਨਿਸ਼ਚਿਤਤਾ ਦਾ ਅਰਥਸ਼ਾਸਤਰ (Economics of Risk and Uncertainty)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

28.1 ਖਤਰੇ ਦੇ ਪ੍ਰਤੀ ਇਕ ਉਪਭੋਗਤਾ ਦਾ ਵਿਵਹਾਰ (Individual Consumer's Behaviour Towards Risk)

28.2 ਖਤਰਾ ਅਧਿਮਾਨ : ਖਤਰੇ ਦੇ ਪ੍ਰਤੀ ਵਿਵਹਾਰ (Risk Preference : Attitude Towards Risk)

28.3 ਜੂਆ (Gambling)

28.4 ਸਾਰੰਸ਼ (Summary)

28.5 ਸ਼ਬਦਕੋਸ਼ (Keywords)

28.6 ਅਭਿਆਸ ਪ੍ਰਸ਼ਨ (Review Questions)

28.7 ਸਬੰਧਿਤ ਪੁਸਤਕਾਂ (Further Readings)

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਖਤਰੇ ਪ੍ਰਤੀ ਇਕ ਉਪਭੋਗਤਾ ਦਾ ਵਿਵਹਾਰ ਜਾਨਣ ਸਬੰਧੀ।
- ਜੂਏ ਦੇ ਬਾਰੇ ਵਿੱਚ ਜਾਨਣ ਸਬੰਧੀ।
- ਬੀਮੇ ਦਾ ਅਧਿਐਨ ਕਰਨ ਸਬੰਧੀ।
- ਪ੍ਰੀਸੰਪਤੀ ਪੋਰਟਫੋਲੀਓ ਚੋਣ ਜਾਨਣ ਸਬੰਧੀ।

ਪ੍ਰਸਤਾਵਨਾ (Introduction)

ਅਨਿਸ਼ਚਿਤਤਾ ਮਨੁੱਖੀ ਜੀਵਨ ਦਾ ਇਕ ਮੌਲਿਕ ਤੱਤ ਹੈ ਅਤੇ ਸਾਰੇ ਆਰਥਿਕ ਲੈਣ–ਦੇਣ ਵਿੱਚ ਖਤਰੇ ਦਾ ਤੱਤ ਸ਼ਾਮਿਲ ਹੈ। ਜਿੱਥੇ ਕਿਤੇ ਅਨਿਸ਼ਚਿਤਤਾ ਹੁੰਦੀ ਹੈ, ਉਥੇ ਖਤਰਾ ਹੁੰਦਾ ਹੈ। ਖਤਰਾ ਅਤੇ ਅਨਿਸ਼ਚਿਤਤਾ ਵਿੱਚ ਅੰਤਰ ਜਾਨਣਾ ਜ਼ਰੂਰੀ ਹੈ। ਖਤਰਾ ਇਕ ਅਜਿਹੀ ਸਥਿਤੀ ਹੈ, ਜਿਸ ਵਿੱਚ ਕਿਸੇ ਘਟਨਾ ਦੇ ਵਾਪਰਨ ਜਾਂ ਨਾ ਵਾਪਰਨ ਦੀ ਸੰਭਾਵਨਾ ਨੂੰ ਮੰਨਿਆ ਜਾ ਸਕਦਾ ਹੈ। ਦੂਸਰੇ ਪਾਸੇ, ਅਨਿਸ਼ਚਿਤਤਾ ਇਕ ਅਜਿਹੀ ਸਥਿਤੀ ਹੈ, ਜਿੱਥੇ ਇਹ ਸੰਭਾਵਨਾ ਨਾਪੀ ਨਹੀਂ ਜਾ ਸਕਦੀ ਅਤੇ ਕਿਸੇ ਖਤਰੇ ਭਰਪੂਰ ਸਥਿਤੀ ਵਿੱਚ ਇਕ ਤੋਂ ਜ਼ਿਆਦਾ ਘਟਨਾਵਾਂ ਹੁੰਦੀਆਂ ਹਨ ਅਤੇ ਖਤਰਾ ਉਠਾਉਣ ਵਾਲਾ ਸਾਰੀਆਂ ਸੰਭਵ ਘਟਨਾਵਾਂ ਪ੍ਰਤੀ ਸੁਚੇਤ ਹੁੰਦਾ ਹੈ ਅਤੇ ਹਰੇਕ ਘਟਨਾ ਦੇ ਸੰਭਵ ਤੌਰ 'ਤੇ ਹੋਣ ਸਬੰਧੀ ਜਾਣਦਾ ਹੈ। ਕਿਸੇ ਇਕ ਸਥਿਤੀ ਵਿੱਚ ਅਨਿਸ਼ਚਿਤ ਸਥਿਤੀ ਵਿੱਚ ਇਨ੍ਹਾਂ ਘਟਨਾਵਾਂ ਦੀ ਸਹੀ ਪ੍ਰਕਿਰਤੀ ਪਤਾ ਨਹੀਂ ਹੁੰਦੀ ਅਤੇ ਨਾ ਹੀ ਘਟਨਾਵਾਂ ਦੀਆਂ ਸੰਭਾਵਨਾਵਾਂ ਨੂੰ ਵੰਡਿਆ ਜਾ ਸਕਦਾ ਹੈ। ਅਸਲੀ ਜੀਵਨ ਵਿੱਚ ਅਨਿਸ਼ਚਿਤਤਾ ਹੁੰਦੀ ਹੈ ਅਤੇ ਬਹੁਤ ਸਾਰੀਆਂ ਵਸਤੂਆਂ ਅਤੇ ਸੇਵਾਵਾਂ ਵਿੱਚ ਖਤਰਾ ਸ਼ਾਮਿਲ ਹੁੰਦਾ ਹੈ, ਜਿਵੇਂ ਕਿ ਸ਼ੇਅਰਾਂ ਅਤੇ ਸਟਾਕ ਵਿੱਚ ਨਿਵੇਸ਼, ਬੀਮਾ ਅਤੇ ਜੂਆ ਆਦਿ ਅਤੇ ਅਜਿਹੇ ਫੈਸਲੇ ਲੈਣੇ ਪੈਂਦੇ ਹਨ, ਜਿਸ ਦੇ ਨਤੀਜੇ ਪੂਰਨ ਤੌਰ 'ਤੇ ਪਤਾ ਨਹੀਂ ਲਗਾਏ ਜਾ ਸਕਦੇ।

ਖਤਰੇ ਦੇ ਸਿਧਾਂਤ ਦੇ ਵਿਸ਼ਲੇਸ਼ਣ ਤੋਂ ਪਹਿਲਾਂ, ਇਸ ਵਿੱਚ ਇਸਤੇਮਾਲ ਕੀਤੀਆਂ ਜਾਣ ਵਾਲੀਆਂ ਕੁਝ ਧਾਰਨਾਵਾਂ ਨੂੰ ਸਮਝਣਾ ਲਾਭਕਾਰੀ ਹੋਵੇਗਾ।

ਨੋਟ

ਨੋਟਸ ਅਨਿਸ਼ਚਿਤਤਾ ਮਨੁੱਖੀ ਜੀਵਨ ਦਾ ਇਕ ਮੌਲਿਕ ਤੱਥ ਹੈ।

ਸੰਭਾਵਤਾ (Probability)

ਕਿਸੇ ਘਟਨਾ ਦੀ ਸੰਭਾਵਨਾ ਉਸ ਦੇ ਵਾਪਰਨ (ਵਾਰ-ਵਾਰ) ਹੋਣ ਦੀ ਸੰਖਿਆ ਦਾ ਅਨੁਪਾਤ ਹੁੰਦੀ ਹੈ। ਇਹ ਘਟਨਾਵਾਂ ਦੀ ਅਨੁਕੂਲ ਸੰਖਿਆ ਦਾ ਘਟਨਾਵਾਂ ਦੀ ਕੁੱਲ ਸੰਖਿਆ ਨਾਲ ਅਨੁਪਾਤ ਹੁੰਦੀ ਹੈ। ਮੰਨ ਲਓ ਕਿ ਇਕ ਅਜਿਹੀ ਸਥਿਤੀ ਹੈ, ਜਿੱਥੇ ਸੰਭਾਵਨਾ ਨਤੀਜਿਆਂ ਵਿੱਚੋਂ ਕੋਈ ਇਕ ਹੋ ਸਕਦਾ ਹੈ। ਉਦਾਹਰਣ ਦੇ ਤੌਰ 'ਤੇ ਜਦੋਂ ਇਕ ਪਾਸਾ ਸੁੱਟਿਆ ਜਾਂਦਾ ਹੈ ਤਾਂ ਆਉਣ ਵਾਲੀ ਸੰਖਿਆ 1,2,3,4,5 ਜਾਂ 6 ਵਿੱਚੋਂ ਕੋਈ ਵੀ ਇਕ ਸੰਖਿਆ ਹੋ ਸਕਦੀ ਹੈ।

ਪ੍ਰਤੀਕਾਤਮਕ ਰੂਪ ਵਿੱਚ,

$$\text{ਸੰਭਾਵਨਾ} = \frac{\text{ਘਟਨਾਵਾਂ ਦੇ ਵਾਪਰਨ ਦੀ ਸੰਖਿਆ (Number of times event has occurred)}}{\text{ਸੰਭਵ ਘਟਨਾਵਾਂ ਦੀ ਕੁੱਲ ਸੰਖਿਆ (Total number of possible events)}}$$

ਕਿਉਂਕਿ ਪਾਸੇ ਨੂੰ ਘੁਮਾਉਣ 'ਤੇ ਇਸ ਦੇ 6 ਸੰਭਵ ਨਤੀਜੇ 1,2,3,4,5 ਅਤੇ 6 ਹੁੰਦੇ ਹਨ, ਇਨ੍ਹਾਂ ਵਿੱਚੋਂ ਕਿਸੇ ਇਕ ਨਤੀਜੇ ਦੀ ਸਬੰਧਿਤ ਵਾਰ-ਵਾਰ (Frequency) $1/6 = 0.167$ ਹੁੰਦੀ ਹੈ ਜੋ ਕਿ ਹਰੇਕ ਨਤੀਜੇ ਦੀ ਸੰਭਾਵਤਾ ਹੁੰਦੀ ਹੈ।

ਕਿਸੇ ਵਿਸ਼ੇਸ਼ ਸਥਿਤੀ ਜੇਕਰ ਕਿਸੇ ਘਟਨਾ ਦੇ ਸਾਰੇ ਸੰਭਵ ਨਤੀਜਿਆਂ ਦੀ ਸੂਚੀ ਬਣਾਈ ਜਾਂਦੀ ਹੈ ਅਤੇ ਘਟਨਾ ਦੀ ਸੰਭਾਵਨਾ ਹਰੇਕ ਨਤੀਜੇ ਦੇ ਹੋਣ 'ਤੇ ਵੰਡੀ ਜਾਂਦੀ ਹੈ ਤਾਂ ਉਸ ਨੂੰ ਸੰਭਾਵਨਾ ਵੰਡ (Probability Distribution) ਕਿਹਾ ਜਾਂਦਾ ਹੈ।

ਉਦਾਹਰਣ ਦੇ ਤੌਰ 'ਤੇ ਜੇਕਰ ਇਕ ਸਿੱਕਾ ਸੁੱਟਿਆ ਜਾਂਦਾ ਹੈ ਅਤੇ 'ਸਿਰਲੇਖ' (head) ਆਉਣ ਦੀ ਸੰਭਾਵਨਾ 0.6 ਅਤੇ ਨਾ ਆਉਣ ਦੀ ਸੰਭਾਵਨਾ 0.4 ਹੁੰਦੀ ਹੈ ਤਾਂ ਇਹ ਦਰਸਾਉਂਦਾ ਹੈ ਕਿ ਘਟਨਾ ਦੇ ਵਾਪਰਨ ਜਾਂ ਨਾ ਵਾਪਰਨ ਦੀ ਸੰਭਾਵਤਾ ਦਾ ਯੋਗ $1 = (0.6 + 0.4)$ ਹੁੰਦਾ ਹੈ।

ਕਿਸੇ ਘਟਨਾ ਦੇ ਹਰੇਕ ਨਤੀਜੇ ਦੀ ਸੂਚੀ ਅਤੇ ਉਸ ਦੀ ਸੰਭਾਵਨਾ ਨੂੰ ਤਾਲਿਕਾ ਦੇ ਰੂਪ ਵਿੱਚ ਦਰਸਾਉਣਾ ਇਸ ਦੀ ਸੰਭਾਵਨਾ ਵੰਡ ਹੈ, ਜਿਸ ਨੂੰ ਹੇਠਾਂ ਦਿਖਾਇਆ ਗਿਆ ਹੈ-

ਤਾਲਿਕਾ 1

ਘਟਨਾ ਸਿੱਕਾ ਉਛਾਲਣਾ (Event Toss of Coin)	**ਘਟਨਾ ਦੀ ਸੰਭਾਵਨਾ** (Probability of Occurrence)
'ਸਿਰਲੇਖ' ਆਉਣ ਦੀ ਸਥਿਤੀ	0.6
'ਸਿਰਲੇਖ' ਨਾ ਆਉਣ ਦੀ ਸਥਿਤੀ	0.4
	1.0

ਸੰਭਾਵਨਾ ਵੰਡ ਦਾ ਮੁੱਲ 0 ਤੋਂ 1 ਤੱਕ ਜ਼ਰੂਰੀ ਹੈ। ਜੇਕਰ ਸੰਭਾਵਨਾ Pi ਹੈ, ਉਦੋਂ $0 \leq P_i \leq 1$

ਜਿੱਥੇ $i = 1, 2, \ldots\ldots\ldots, n$

ਕੀ ਤੁਸੀਂ ਜਾਣਦੇ ਹੋ ਜਿੱਥੇ ਕਿਤੇ ਅਨਿਸ਼ਚਿਤਤਾ ਹੈ, ਉਥੇ ਖਤਰਾ ਹੁੰਦਾ ਹੈ।

ਜ਼ਰੂਰੀ ਮੁੱਲ (Expected Value)

ਕਿਸੇ ਸੰਭਾਵਨਾ ਵੰਡ ਲਈ ਅਜਿਹੇ ਹਿਸਾਬੀ ਨਾਪ ਹੁੰਦੇ ਹਨ ਜੋ ਵੇਰਵੇ ਦੇ ਵਿਸ਼ੇ ਵਿੱਚ ਸੰਖੇਪ ਪ੍ਰਸਤਾਵਨਾ ਉਪਲੱਬਧ ਕਰਵਾਉਂਦੇ

ਨੋਟ ਹਨ, ਜਿਨ੍ਹਾਂ ਵਿੱਚੋਂ ਇਕ ਸੰਭਾਵਨਾ ਵੰਡ ਜ਼ਰੂਰੀ ਮੁੱਲ ਅਤੇ ਮੱਧ (ਔਸਤ-mean) ਵਿੱਚ ਇਸਤੇਮਾਲ ਕਰਦੇ ਹੋਏ ਵੱਖ-ਵੱਖ ਨਤੀਜਿਆਂ ਨਾਲ ਸਬੰਧਿਤ ਮੁੱਲਾਂ ਦਾ ਭਾਰਿਤ ਔਸਤ ਹੁੰਦਾ ਹੈ।

ਜੇਕਰ ਦੋ ਸੰਭਵ ਨਤੀਜੇ X_1 ਅਤੇ X_2 ਮੁੱਲਾਂ ਦੇ ਹੋਣ ਅਤੇ ਹਰੇਕ ਨਤੀਜੇ ਦੀ ਸੰਭਾਵਨਾ P_1 ਅਤੇ P_2 ਦੀ ਹੋਈ ਹੋਵੇ ਤਾਂ ਜ਼ਰੂਰੀ ਮੁੱਲ ਦਾ ਸੂਤਰ ਹੋਵੇਗਾ।

$$\Sigma_v = P_1 (X_1) + P_2 (X_2)$$

ਮੰਨ ਲਓ ਕਿ ਦੋ ਖਿਡਾਰੀਆਂ ਦਰਮਿਆਨ ਸਿੱਕਾ ਉਛਾਲਣ 'ਤੇ ਇਹ ਤੈਅ ਕੀਤਾ ਜਾਂਦਾ ਹੈ ਕਿ ਜੇਕਰ ਪਿਛਲੀ ਵਾਰ ਸਿੱਕਾ ਉਛਾਲਣ 'ਤੇ ਸਿਰਲੇਖ (head) ਆਉਂਦਾ ਹੈ ਤਾਂ ਖਿਡਾਰੀ ਨੂੰ 100 ਰੁ. ਪ੍ਰਾਪਤ ਹੋਣਗੇ ਅਤੇ ਪਟ (tail) ਆਉਣ 'ਤੇ ਉਸ ਨੂੰ 60 ਰੁ. ਦੇਣੇ ਹੋਣਗੇ। ਉਪਰੋਕਤ ਤਾਲਿਕਾ ਦੇ ਅਨੁਸਾਰ ਜੇਕਰ ਸੰਭਾਵਨਾ ਵੰਡ ਕ੍ਰਮਵਾਰ : 0.6 ਅਤੇ 0.4 ਹੈ ਤਾਂ ਇਸ ਸ਼ਰਤ ਦਾ ਜ਼ਰੂਰੀ ਮੂਲ ਹੇਠ ਲਿਖੇ ਅਨੁਸਾਰ ਹੋਵੇਗਾ–

ਤਾਲਿਕਾ 2

ਘਟਨਾ	ਨਤੀਜਾ	ਸੰਭਾਵਨਾ
ਜਿੱਤ	ਰੁ. 100	0.6
ਹਾਰ	– ਰੁ. 60	0.4

ਜ਼ਰੂਰੀ ਮੁੱਲ ਅਤੇ ਖਿਡਾਰੀ ਨੂੰ ਭੁਗਤਾਨ ਰੁ. 36 ਹੈ ਭਾਵ

$\Sigma_v = 0.6$ (ਰੁ.100) + 0.4 (– ਰੁ. 60) = 60 – 24 = ਰੁ. 36।

28.1 ਖਤਰੇ ਦੇ ਪ੍ਰਤੀ ਇਕ ਉਪਭੋਗਤਾ ਦਾ ਵਿਵਹਾਰ (Individual Consumer's Behaviour Towards Risk)

ਪ੍ਰੰਪਰਾਗਤ ਉਪਯੋਗਤਾ ਵਿਸ਼ਲੇਸ਼ਣ ਖਤਰਾ ਰਹਿਤ ਅਤੇ ਨਿਸ਼ਚਿਤ ਚੋਣਾਂ ਦਰਮਿਆਨ ਕਿਸੇ ਇਕ ਉਪਭੋਗਤਾ ਦੇ ਵਿਵਹਾਰ ਦੀ ਵਿਆਖਿਆ ਕਰਦਾ ਹੈ। ਜੂਏ, ਲਾਟਰੀ, ਟਿਕਟਾਂ ਆਦਿ ਵਿੱਚ ਪਾਈ ਜਾਣ ਵਾਲੀ ਜ਼ਰੂਰੀ ਉਪਯੋਗਤਾ ਨਾਲ ਖਤਰਾ ਭਰਪੂਰ ਚੋਣਾਂ ਦੇ ਅਧਾਰ 'ਤੇ ਇਕ ਵਿਅਕਤੀ ਦੇ ਵਿਵਹਾਰ ਦਾ ਅਧਿਐਨ **ਨਿਊਮੈਨ** ਅਤੇ **ਮਾਰਗੈਂਸਟਰਨ** (Newmann and Morgenstern) ਨਾਲ ਕੀਤਾ ਗਿਆ। **ਫ੍ਰੀਡਮੈਨ** ਅਤੇ **ਸੈਵੇਜ** ਅਤੇ ਬਾਅਦ ਵਿੱਚ **ਮਾਰਕੋਵਿਟਜ਼** ਨੇ ਉਨ੍ਹਾਂ ਦੇ ਸਿਧਾਂਤ ਨੂੰ ਬੀਮਾ ਖਰੀਦਣ ਦੇ ਖਤਰੇ 'ਤੇ ਲਾਗੂ ਕਰਦੇ ਹੋਏ ਸੁਧਾਰਿਆ।

ਖਤਰੇ ਪ੍ਰਤੀ ਵਿਅਕਤੀਗਤ ਵਿਵਹਾਰ ਨੂੰ ਸਮਝਣ ਲਈ, ਇਕ ਵਿਅਕਤੀ ਦੇ ਖਤਰਾ ਅਧਿਮਾਨ ਦਾ ਅਧਿਐਨ ਅਸੀਂ ਕਰਦੇ ਹਾਂ।

ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)–

1. ਅਨਿਸ਼ਚਿਤਤਾ ਮਨੁੱਖੀ ਜੀਵਨ ਦਾ ਇਕ ..... ਤੱਥ ਹੈ।
2. ਖਤਰਾ ਅਤੇ ..... ਵਿੱਚ ਅੰਤਰ ਜਾਨਣਾ ਜ਼ਰੂਰੀ ਹੈ।
3. ਅਨਿਸ਼ਚਿਤਤਾ ਇਕ ਅਜਿਹੀ ਸਥਿਤੀ ਹੈ, ਜਿੱਥੇ ਇਹ ਸੰਭਾਵਨਾ ..... ਨਹੀਂ ਜਾ ਸਕਦੀ।

28.2 ਖਤਰਾ ਅਧਿਮਾਨ : ਖਤਰੇ ਦੇ ਪ੍ਰਤੀ ਵਿਵਹਾਰ (Risk Preference: Attitude Towards Risk)

ਖਤਰੇ ਦੇ ਪ੍ਰਤੀ ਕਿਸੇ ਵਿਅਕਤੀ ਦਾ ਵਿਵਹਾਰ ਉਸ ਦੀ ਚੋਣ ਅਤੇ ਉਨ੍ਹਾਂ ਵਿੱਚ ਪ੍ਰਾਪਤ ਹੋਣ ਵਾਲੇ ਜ਼ਰੂਰੀ ਲਾਭਾਂ 'ਤੇ ਨਿਰਭਰ ਕਰਦਾ ਹੈ। ਸਧਾਰਣ ਤੌਰ 'ਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਵੱਡੇ ਖਤਰੇ ਨਾਲ ਵੱਡੇ ਲਾਭ ਦੀ ਪ੍ਰਾਪਤੀ ਹੋਵੇਗੀ। ਕੋਈ ਵਿਅਕਤੀ ਫੈਸਲਾ ਉਸ ਵਿਅਕਤੀ ਦੇ ਵਿਵਹਾਰ ਅਤੇ ਖਤਰੇ ਦੇ ਅਧਿਮਾਨ ਨੂੰ ਦਰਸਾਉਂਦਾ ਹੈ ਅਤੇ ਅਧਿਮਾਨ ਹਰੇਕ ਵਿਅਕਤੀ ਵਿੱਚ

ਨੋਟ

ਵੱਖ-ਵੱਖ ਹੁੰਦੇ ਹਨ ਅਤੇ ਇਕ ਵਿਅਕਤੀ ਨੂੰ ਦੂਸਰੇ ਤੋਂ ਅਲੱਗ ਕਰਦੇ ਹਨ, ਕੁਝ ਲੋਕ ਖਤਰਾ ਉਠਾਉਣਾ ਪਸੰਦ ਕਰਦੇ ਹਨ, ਕੁਝ ਖਤਰਾ ਉਠਾਉਣ ਦਾ ਵਿਰੋਧ ਕਰਦੇ ਹਨ ਅਤੇ ਕੁਝ ਖਤਰੇ ਪ੍ਰਤੀ ਤਟਸਥ ਰਹਿੰਦੇ ਹਨ, ਉਹ ਲੋਕ ਜੋ ਖਤਰਾ ਉਠਾਉਂਦੇ ਹਨ, ਉਹ ਬਦਲੇ ਵਿੱਚ ਜ਼ਿਆਦਾ ਪ੍ਰਤੀਫਲ (Return), ਲਾਭ, ਮੌਦ੍ਰਿਕ ਆਮਦਨ ਅਤੇ ਉਪਯੋਗਤਾ ਦੇ ਰੂਪ ਵਿੱਚ ਇਸ ਦਾ ਇਨਾਮ ਮਿਲਣ ਦੀ ਉਮੀਦ ਰੱਖਦੇ ਹਨ।

ਖਤਰੇ ਦੇ ਪ੍ਰਤੀ ਕਿਸੇ ਵਿਅਕਤੀ ਦੇ ਵਿਵਹਾਰ ਦੀ ਵਿਆਖਿਆ ਕਰਨ ਲਈ ਇਕ ਜੂਏ ਦਾ ਉਦਾਹਰਣ ਪੇਸ਼ ਕੀਤਾ ਜਾ ਸਕਦਾ ਹੈ। ਜੂਏ ਵਿੱਚ ਸਿੱਕਾ ਉਛਾਲ ਕੇ ਖਿਡਾਰੀ ਨੂੰ ਭੁਗਤਾਨ ਕੀਤਾ ਜਾਂਦਾ ਹੈ। ਮੰਨ ਲਓ ਕਿ ਇਕ ਵਿਅਕਤੀ ਦੇ ਕੋਲ 10,000 ਰੁ. ਹਨ ਅਤੇ ਉਹ ਸ਼ਰਤ ਵਿੱਚ 10,000 ਰੁ. ਦਾਅ 'ਤੇ ਲਗਾ ਦਿੰਦਾ ਹੈ, ਜੇਕਰ ਉਹ ਇਹ ਦਾਅ ਜਿੱਤ ਲੈਂਦਾ ਹੈ ਤਾਂ ਉਹ 10,000 ਰੁ. ਦੀ ਰਾਸ਼ੀ ਪ੍ਰਾਪਤ ਕਰੇਗਾ। ਉਲਟ ਸਥਿਤੀ ਵਿੱਚ ਉਹ ਇਹ ਰਾਸ਼ੀ ਗੁਆ ਦੇਵੇਗਾ। ਇਸ ਤਰ੍ਹਾਂ ਦੋਵਾਂ ਨਤੀਜਿਆਂ ਦੀ ਸੰਭਾਵਨਾ ਬਰਾਬਰ ਹੀ ਰਹਿੰਦੀ ਹੈ ਅਤੇ ਹਰੇਕ ਨਤੀਜੇ ਦੀ ਸੰਭਾਵਨਾ 50 ਪ੍ਰਤੀਸ਼ਤ ਹੁੰਦੀ ਹੈ। ਇਸ ਖੇਡ ਦਾ ਜ਼ਰੂਰੀ (ਮੌਦ੍ਰਿਕ) ਮੁੱਲ (Expected Value-Ev) ਅਤੇ ਭੁਗਤਾਨ (Payoff) ਹੈ-

$E_v = 0.5$ (ਰੁ. 10,000) + 0.5 (– ਰੁ. 10,000) = ਰੁ. 5,000 – ਰੁ. 5,000 = 0 ਇਹ ਇਕ **ਇਮਾਨਦਾਰੀ** ਖੇਡ (Fair game) ਅਖਵਾਉਂਦਾ ਹੈ, ਜਿਸ ਵਿੱਚ ਨਤੀਜੇ ਦਾ ਜ਼ਰੂਰੀ ਮੁੱਲ ਜ਼ੀਰੋ ਹੁੰਦਾ ਹੈ।

ਖਤਰੇ ਪ੍ਰਤੀ ਵਿਅਕਤੀ ਦੇ ਵਿਵਹਾਰ ਵਿੱਚ ਨਤੀਜੇ ਦਾ ਜ਼ਰੂਰੀ ਮੁੱਲ ਜ਼ੀਰੋ ਹੁੰਦਾ ਹੈ।

1. **ਤਟਸਥ ਖਤਰਾ** (Risk Neutral)- ਇਸ ਤਰ੍ਹਾਂ ਦਾ ਵਿਅਕਤੀ ਸੰਭਾਵਨਾ (odds) ਦੇ ਆਪਣੇ ਪੱਖ ਵਿੱਚ ਹੋਣ 'ਤੇ ਖੇਡ ਖੇਡਦਾ ਹੈ, ਜੇਕਰ ਸੰਭਾਵਨਾ ਉਸ ਦੇ ਪੱਖ ਵਿੱਚ ਨਹੀਂ ਹੈ ਤਾਂ ਉਹ ਖੇਡ ਵਿੱਚ ਭਾਗ ਨਹੀਂ ਲੈਂਦਾ ਅਤੇ ਇਮਾਨਦਾਰੀ ਖੇਡ ਖੇਡਣ ਪ੍ਰਤੀ ਉਦਾਸੀਨ ਰਹਿੰਦਾ ਹੈ।
2. **ਖਤਰਾ ਪਸੰਦ** (Risk Loving)- ਇਕ ਖਤਰਾ ਪਸੰਦ ਵਿਅਕਤੀ ਸੰਭਾਵਨਾ ਦੇ ਪੱਖ ਵਿੱਚ ਨਾ ਹੋਣ 'ਤੇ ਵੀ ਖੇਡਣ ਲਈ ਤੱਤਪਰ ਰਹਿੰਦਾ ਹੈ। ਜੇਕਰ ਰੁ. 10,000 ਗੁਆ ਕੇ ਕੇਵਲ ਰੁ. 1,000 ਜਿੱਤਣ ਦੀ ਹੀ ਸੰਭਾਵਨਾ ਹੋਵੇ, ਉਦੋਂ ਵੀ ਉਹ ਖੇਡ ਵਿੱਚ ਜ਼ਰੂਰ ਭਾਗ ਲਵੇਗਾ।
3. **ਖਤਰਾ ਅਣਇਛੁੱਕ** (Risk Averse)- ਇਕ ਖਤਰਾ ਅਣਇਛੁੱਕ ਵਿਅਕਤੀ ਸੰਭਾਵਨਾ ਦੇ ਆਪਣੇ ਪੱਖ ਵਿੱਚ ਨਾ ਹੋਣ ਦੀ ਸਥਿਤੀ ਵਿੱਚ ਖੇਡ 'ਚ ਭਾਗ ਨਹੀਂ ਲੈਂਦਾ ਪਰ ਜੇਕਰ ਸੰਭਾਵਨਾ ਵਧੇਰੇ ਰੂਪ ਵਿੱਚ ਉਸ ਦੇ ਪੱਖ ਵਿੱਚ ਹੋਵੇ ਤਾਂ ਉਹ ਖੇਡਣ ਨੂੰ ਤਿਆਰ ਹੁੰਦਾ ਹੈ। ਖਤਰਾ ਅਣਇਛੁੱਕ ਵਿਅਕਤੀ ਇਮਾਨਦਾਰੀ ਖੇਡ ਖੇਡਣ ਲਈ ਵੀ ਤਿਆਰ ਨਹੀਂ ਹੁੰਦਾ।

ਖਤਰਾ ਅਧਿਮਾਨ ਅਤੇ ਜ਼ਰੂਰੀ ਉਦਯੋਗਿਕ (Risk Preference and Expected Utility)

ਜ਼ਿਆਦਾਤਰ ਵਿਅਕਤੀ ਜ਼ਿਆਦਾ ਧਨ ਕਮਾਉਣ ਲਈ ਕਿਸੇ **ਕੈਸੀਨੋ** (Casino) ਵਿੱਚ ਖੇਡਦੇ ਹਨ ਜਾਂ ਦੌੜ ਵਿੱਚ ਸ਼ਰਤ ਲਗਾਉਂਦੇ ਹਨ, ਜਿਸ ਨਾਲ ਉਨ੍ਹਾਂ ਨੂੰ ਸੰਤੁਸ਼ਟੀ ਮਿਲਦੀ ਹੈ। ਅਰਥ ਸ਼ਾਸਤਰੀ ਸੰਤੁਸ਼ਟੀ ਨੂੰ ਉਪਯੋਗਤਾ ਦੇ ਨਾਲ ਨਾਪਦੇ ਹਨ। ਉਹ ਤਿੰਨ ਤਰ੍ਹਾਂ ਦੇ ਵਿਅਕਤੀਆਂ ਦੇ ਖਤਰਾ ਅਧਿਮਾਨ ਨੂੰ ਉਪਯੋਗਤਾ ਦੇ ਨਾਲ ਜੋੜਦੇ ਹੋਏ ਉਨ੍ਹਾਂ ਦੀ ਵਿਆਖਿਆ ਕਰਦੇ ਹਨ।

ਸਵੈ ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions)-

4. ਸਾਰੇ ਆਰਥਿਕ ਲੈਣ-ਦੇਣ ਵਿੱਚ ਸ਼ਾਮਿਲ ਰਹਿੰਦਾ ਹੈ=

   (ਅ) ਖਤਰੇ ਦਾ ਤੱਤ (ਬ) ਖਰਚ ਦਾ ਤੱਤ (ਸ) ਲਾਭ ਦਾ ਤੱਤ (ਦ) ਹਾਨੀ ਦਾ ਤੱਤ
5. ਖਤਰੇ ਵਿੱਚ ਪ੍ਰਤੀ ਵਿਅਕਤੀ ਦੇ ਵਿਵਹਾਰ ਹੁੰਦੇ ਹਨ-

   (ਅ) ਦੋ ਤਰ੍ਹਾਂ ਦੇ (ਬ) ਤਿੰਨ ਤਰ੍ਹਾਂ ਦੇ (ਸ) ਚਾਰ ਤਰ੍ਹਾਂ ਦੇ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ
6. ਕਿਸੇ ਘਟਨਾ ਦੀ ਸੰਭਾਵਨਾ ਉਸ ਦੇ ਵਾਪਰਨ (ਵਾਰ-ਵਾਰ) ਹੋਣ ਦੀ ਸੰਖਿਆ ਦਾ ..... ਹੁੰਦੀ ਹੈ।

   (ਅ) ਅਨੁਪਾਤ (ਬ) ਪ੍ਰਤੀਸ਼ਤ (ਸ) ਵਾਰ-ਵਾਰ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ
7. ਇਕ ਖਤਰਾ ਪਸੰਦ ਵਿਅਕਤੀ ਸੰਭਾਵਨਾ ਦੇ ਪੱਖ ਵਿੱਚ ਨਾ ਹੋਣ 'ਤੇ ਵੀ ਖੇਡਣ ਲਈ ਰਹਿੰਦਾ ਹੈ-

   (ਅ) ਤੱਤਪਰ (ਬ) ਨਿਰਭਰ (ਸ) ਵੇਚਣ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

ਨੋਟ

ਮਾਨਤਾਵਾਂ (Assumptions)

ਇਹ ਵਿਸ਼ਲੇਸ਼ਣ ਮੰਨਦਾ ਹੈ ਕਿ–

1. ਵਿਅਕਤੀਆਂ ਦੀ ਸੰਤੁਸ਼ਟੀ ਧਨ ਨਾਲ ਜੁੜੀ ਹੁੰਦੀ ਹੈ।
2. ਉਪਯੋਗਤਾ ਉਸ ਦੀ ਸੰਤੁਸ਼ਟੀ ਦਾ ਇਕ ਨਾਪ ਹੈ।
3. ਵਿਅਕਤੀ ਦੇ ਕੋਲ ਇਕ ਨਿਸ਼ਚਿਤ ਧਨ ਰਾਸ਼ੀ ਹੁੰਦੀ ਹੈ।
4. ਉਹ ਸਿੱਕਾ ਉਛਾਲਣ ਵਾਲਾ ਖੇਡ ਖੇਡਦਾ ਹੈ।
5. ਉਹ ਸਾਰੀਆਂ ਸੰਭਾਵਨਾਵਾਂ (Probabilities) ਨੂੰ ਜਾਣਦਾ ਹੈ।
6. ਉਸ ਦੀਆਂ ਚੋਣਾਂ ਨਿਸ਼ਚਿਤ ਹੁੰਦੀਆਂ ਹਨ।
7. ਉਹ ਜ਼ਰੂਰੀ ਉਪਯੋਗਤਾ ਨੂੰ ਜ਼ਿਆਦਾ ਕਰਨਾ ਚਾਹੁੰਦਾ ਹੈ, ਭਾਵ ਉਹ ਜ਼ਿਆਦਾ ਜ਼ਰੂਰੀ ਉਪਯੋਗਤਾ ਅਤੇ ਭੁਗਤਾਨ ਦੀ ਚੋਣ ਕਰਦਾ ਹੈ।

ਇਹ ਮਾਨਤਾਵਾਂ ਦਿੱਤੀਆਂ ਹੋਣ 'ਤੇ ਇਕ ਜੂਏ ਦੇ ਵਿਸ਼ੇ ਵਿੱਚ ਸੋਚੋ, ਜਿਸ ਵਿੱਚ ਸਿੱਕਾ ਉਛਾਲ ਕੇ ਖਿਡਾਰੀ ਨੂੰ ਭੁਗਤਾਨ ਕੀਤਾ ਜਾਂਦਾ ਹੈ। ਮੰਨ ਲਓ ਕਿ ਇਕ ਵਿਅਕਤੀ ਦੇ ਕੋਲ ਰੁ. 10,000 ਹਨ ਅਤੇ ਰੁ. 5,000 ਦਾਅ 'ਤੇ ਲਗਾਉਂਦਾ ਹੈ। ਸਿੱਕਾ ਉਛਾਲਣ 'ਤੇ ਜੇਕਰ ਸਿਰਲੇਖ (head) ਆਉਂਦਾ ਹੈ ਤਾਂ ਰੁ. 5,000 ਕਮਾਉਂਦਾ ਹੈ, ਨਹੀਂ ਤਾਂ ਪਟ (tail) ਆਉਣ ਉੱਤੇ ਉਹ ਰੁ. 5,000 ਹਾਰ ਜਾਂਦਾ ਹੈ। ਜੇਕਰ ਉਹ ਸ਼ਰਤ ਨਹੀਂ ਲਗਾਉਦਾ ਤਾਂ ਨਸ਼ਿਚਤਿ ਹੀ ਉਸਦੇ ਕੋਲ ਰੁ. 10,000 ਰਹਿਣਗੇ। ਇਹ ਸਥਿਤੀ **ਨਿਸ਼ਚਿਤ ਸੰਭਾਵਨਾ** (certain prospect) ਅਖਵਾਉਂਦੀ ਹੈ ਪਰ ਜਦੋਂ ਉਹ ਸ਼ਰਤ ਲਗਾਉਂਦਾ ਹੈ ਜਾਂ ਤਾਂ ਉਹ 0.5 ਜਿੱਤਣ ਦੀ ਸੰਭਾਵਨਾ 'ਤੇ ਰੁ. 15,000 ਪਾਏਗਾ (10,000 + 5,000 ਰੁ.) ਅਤੇ 0.5 ਸੰਭਾਵਨਾ ਦੇ ਅਨੁਸਾਰ ਹਾਰਨ 'ਤੇ 5,000 ਰੁਪਏ ਪਾਏਗਾ। (10,000 ਰੁ. – 5,000)। ਇਹ ਸਥਿਤੀ ਅਨਿਸ਼ਚਿਤ ਸੰਭਾਵਨਾ ਅਖਵਾਉਂਦੀ ਹੈ। ਇਸ ਦਾ ਅਰਥ ਹੈ ਕਿ ਹਰੇਕ ਨਤੀਜੇ ਦੀ ਸੰਭਾਵਨਾ 50 ਪ੍ਰਤੀਸ਼ਤ ਹੁੰਦੀ ਹੈ, ਇਸ ਖੇਡ ਦਾ ਜ਼ਰੂਰੀ ਮੁੱਲ (expected value) ਅਤੇ ਭੁਗਤਾਨ (payoff) ਹੈ–

E_v = 0.5 (ਰੁ. 5,000) + 0.5 (ਰੁ. 15,000) = ਰੁ. 2,500 + ਰੁ. 75,00 = ਰੁ. 10,000।

ਹੁਣ ਇਸ ਵਿਸ਼ਲੇਸ਼ਣ ਨੂੰ ਉਪਯੋਗਤਾ ਨਾਲ ਸਬੰਧਿਤ ਹਰੇਕ ਰੁਪਏ ਦੇ ਜ਼ਰੂਰੀ ਮੁੱਲ (ਭੁਗਤਾਨ) ਦੇ ਤਿੰਨ ਤਰ੍ਹਾਂ ਦੇ ਖਤਰਾ ਵਿਵਹਾਰਾਂ 'ਤੇ ਲਗਾਉਂਦੇ ਹਨ।

ਟਾਸਕ ਖਤਰਾ ਅਧਿਮਾਨ ਦੇ ਸਬੰਧ ਵਿੱਚ ਆਪਣੇ ਵਿਚਾਰ ਪ੍ਰਗਟ ਕਰੋ।

ਖਤਰਾ ਤਟਸਥ (Risk Neutral)

ਖਤਰੇ ਦੇ ਪ੍ਰਤੀ ਤਟਸਥ ਵਿਵਹਾਰ ਨੂੰ ਚਿੱਤਰ 28.1 ਵਿੱਚ ਦਰਸਾਇਆ ਗਿਆ ਹੈ, ਜਿਸ ਵਿੱਚ ਰੁਪਿਆਂ 'ਚ ਮੁਦਰਾ ਕਸ਼ੈਤਿਜ ਅਕਸ਼ 'ਤੇ ਅਤੇ ਹਰੇਕ ਜ਼ਰੂਰੀ ਮੁੱਲ ਨਾਲ ਸਬੰਧਿਤ ਉਪਯੋਗਤਾ ਨੂੰ ਅਨੁਲੰਬ ਅਕਸ਼ 'ਤੇ ਦਰਸਾਇਆ ਗਿਆ ਹੈ। ਰੁ. 10,000 ਦੀ ਨਿਸ਼ਚਿਤ ਸੰਭਾਵਨਾ ਦੇ ਨਾਲ ਜ਼ਰੂਰੀ ਉਪਯੋਗਤਾ 16 ਹੈ। ਅਨਿਸ਼ਚਿਤ ਸੰਭਾਵਨਾ ਦੇ ਨਾਲ ਜ਼ਰੂਰੀ ਉਪਯੋਗਤਾ (expected utility) ਹੈ–

$$E_u = 0.5\,(8) + 0.5\,(24) = 4 + 12 = 16$$

ਅਸੀਂ ਦੇਖਦੇ ਹਾਂ ਕਿ ਖੇਡ ਦੇ ਖਤਰਾ ਤਟਸਥ ਮਾਮਲੇ ਵਿੱਚ, ਇਕ ਨਿਸ਼ਚਿਤ ਸੰਭਾਵਨਾ ਨਾਲ ਜੁੜੀ ਉਪਯੋਗਤਾ, ਇਸ ਦੀ ਅਨਿਸ਼ਚਿਤ ਸੰਭਾਵਨਾ ਨਾਲ ਜੁੜੀ ਉਪਯੋਗਤਾ ਦੇ ਬਰਾਬਰ ਹੁੰਦੀ ਹੈ ਅਤੇ 16 = 16. ਇੱਥੇ ਦੋਵਾਂ ਦੇ ਜ਼ਰੂਰੀ ਮੌਦ੍ਰਿਕ ਮੁੱਲ ਬਰਾਬਰ ਹੈ, ਜਿਸ ਦੀ ਵਿਆਖਿਆ ਉਛਾਲਣ ਦੇ ਉਪਰੋਕਤ ਉਦਾਹਰਣ ਵਿੱਚ ਕੀਤੀ ਗਈ ਹੈ। ਵਕ੍ਰ TU ਉਹ ਪੂਰਨ ਉਪਯੋਗਤਾ ਦਿਖਾਉਂਦਾ ਹੈ ਜੋ ਕਿ ਇਕ ਵਿਅਕਤੀ ਆਪਣੀ ਆਮਦਨ ਤੋਂ ਨਿਸ਼ਚਿਤ ਰੂਪ ਵਿੱਚ ਪ੍ਰਾਪਤ ਕਰਦਾ ਹੈ। ਚਿੱਤਰ ਵਿੱਚ ਉਪਰ ਵੱਲ ਢਲੀ ਸਿੱਧੀ ਰੇਖਾ **ਆਮਦਨ ਦੀ ਸਥਿਰ ਸੀਮਿਤ ਉਪਯੋਗਤਾ** (constant marginal utility of income) ਦਿਖਾਉਂਦੀ ਹੈ, ਜਿਵੇਂ ਕਿ TU ਵਕ੍ਰ ਵਿੱਚ BA ਅਤੇ BC ਬਿੰਦੂਆਂ ਦੇ ਵਿਚਕਾਰ ਬਰਾਬਰ ਦੂਰੀ ਨਾਲ ਦਿਖਾਇਆ ਗਿਆ ਹੈ।

ਨੋਟ



ਚਿੱਤਰ 28.1

ਖਤਰਾ ਪਸੰਦ (Risk Loving)

ਚਿੱਤਰ 28.2 ਇਕ ਖਤਰਾ ਪਸੰਦ ਵਿਅਕਤੀ ਦਿਖਾਉਂਦਾ ਹੈ, ਜਿਸ ਦਾ TU ਵਕ੍ਰ ਉਪਰ ਵੱਲ ਵੱਧਦਾ ਢਲਦਾ ਹੈ **ਜੋ ਆਮਦਨ ਦੀ ਵੱਧਦੀ ਹੋਈ ਸੀਮਿਤ ਉਪਯੋਗਤਾ ਦਿਖਾਉਂਦਾ ਹੈ।** ਰੁ. 10,000 ਦੀ **ਨਿਸ਼ਚਿਤ ਸੰਭਾਵਨਾ** ਤੋਂ ਜ਼ਰੂਰੀ ਉਪਯੋਗਤਾ 10 ਹੈ, **ਅਨਿਸ਼ਚਿਤ ਸੰਭਾਵਨਾ** ਤੋਂ ਜ਼ਰੂਰੀ ਉਪਯੋਗਤਾ ਹੈ–

$$E_u = 0.5\,(4) + 0.5\,(20) = 2 + 10 = 12$$

ਜਦੋਂ ਰੁ. 5,000 ਦੇ ਨਤੀਜੇ ਦਾ ਉਪਯੋਗਤਾ ਪੱਧਰ 4 ਹੈ ਅਤੇ 15,000 ਰੁ. ਦਾ 20 ਹੈ।



ਚਿੱਤਰ 28.2

ਅਨਿਸ਼ਚਿਤ ਸੰਭਾਵਨਾ (12) ਦੇ ਲਈ ਜ਼ਰੂਰੀ ਉਪਯੋਗਤਾ ਨਿਸ਼ਚਿਤ ਸੰਭਾਵਨਾ (10) ਦੀ ਜ਼ਰੂਰੀ ਉਪਯੋਗਤਾ ਤੋਂ ਜ਼ਿਆਦਾ ਹੈ ਅਤੇ 12 > 10. ਅਤੇ ਇਹ ਵਿਅਕਤੀ ਅਨਿਸ਼ਚਿਤ ਸੰਭਾਵਨਾ ਵਾਲਾ ਜੂਆ (ਜਿਸ ਦੀ ਜ਼ਰੂਰੀ ਉਪਯੋਗਤਾ 12 ਹੈ) ਨਿਸ਼ਚਿਤ ਸੰਭਾਵਨਾ (10 ਦੀ ਉਪਯੋਗਤਾ ਦੇ ਨਾਲ) ਵਾਲੇ ਜੂਏ ਤੋਂ ਜ਼ਿਆਦਾ ਅਧਿਮਾਨ ਦੇਵੇਗਾ। TU ਵਕ੍ਰ 'ਤੇ ਇਹ 2 ਉਪਯੋਗਤਾ ਪੱਧਰ ਵਾਲਾ ਜੂਆ ਰੁ. 12,000 ਨਾਲ ਸਬੰਧਿਤ ਹੈ ਅਤੇ ਖਤਰਾ ਪਸੰਦ ਆਪਣੀ ਨਿਸ਼ਚਿਤ ਸੰਭਾਵਨਾ (ਰੁ. 10,000 ਦੀ) ਤੋਂ ਉਪਰ 2,000 ਤੱਕ (= ਰੁ. 12,000 – ਰੁ. 10,000) ਜੂਏ ਦਾ ਖਤਰਾ ਉਠਾ ਲਵੇਗਾ।

ਖਤਰਾ ਅਣਇਛੁੱਕ (Risk Averse)

ਇਕ ਖਤਰਾ ਅਣਇਛੁੱਕ ਦਾ ਮਾਮਲਾ ਚਿੱਤਰ 28.3 ਵਿੱਚ ਪ੍ਰਦਰਸ਼ਿਤ ਕੀਤਾ ਗਿਆ ਹੈ, ਜਿਸ ਵਿੱਚ TU ਵਕ੍ਰ ਦੀ ਢਲਾਣ **ਆਮਦਨ ਦੀ ਘਟਦੀ ਹੋਈ ਸੀਮਿਤ ਉਪਯੋਗਤਾ** ਦਿਖਾਉਂਦੀ ਹੈ। ਜਿਵੇਂ-ਜਿਵੇਂ ਰੁ. 5,000 ਤੋਂ ਰੁ. 10,000 ਤੋਂ ਰੁ. 15,000 ਹੋ ਜਾਂਦੀ ਹੈ, ਸੀਮਿਤ ਉਪਯੋਗਤਾ 10 ਤੋਂ 8 (= 18–10) ਅਤੇ 8 ਤੋਂ 4 (= 22–18) ਹੋ ਜਾਂਦੀ ਹੈ। ਰੁ., 10,000 ਦੀ ਨਿਸ਼ਚਿਤ ਸੰਭਾਵਨਾ ਨਾਲ ਜੁੜੀ ਜ਼ਰੂਰੀ ਉਪਯੋਗਤਾ 18 ਹੈ।

ਨੋਟ



ਚਿੱਤਰ 28.3

ਅਨਿਸ਼ਚਿਤ ਸੰਭਾਵਨਾ ਦੀ ਜ਼ਰੂਰੀ ਉਪਯੋਗਤਾ 16 ਹੈ, ਜਦੋਂ ਰੁ. 5,000 ਦੇ ਨਤੀਜੇ ਦਾ ਉਪਯੋਗਤਾ ਪੱਧਰ 10 ਹੈ ਅਤੇ ਰੁ. 15,000 ਦਾ 22 ਹੈ। ਜਿਵੇਂ ਕਿ ਹੇਠਾਂ ਦਰਸਾਇਆ ਹੈ–

$$E_u = 0.5\,(10) + 0.5\,(22) = 5 + 11 = 16$$

ਇਸ ਉਦਾਹਰਣ ਵਿੱਚ ਅਨਿਸ਼ਚਿਤ ਸੰਭਾਵਨਾ ਦੀ ਜ਼ਰੂਰੀ ਉਪਯੋਗਤਾ (16) ਨਿਸ਼ਚਿਤ ਸੰਭਾਵਨਾ ਦੇ ਲਈ ਉਪਯੋਗਤਾ (18) ਤੋਂ ਘੱਟ ਹੈ ਅਤੇ $16 < 18$ ਖਤਰਾ ਅਣਇਛੁੱਕ ਵਿਅਕਤੀ ਉਚੀ ਉਪਯੋਗਤਾ ਵਾਲੀ ਨਿਸ਼ਚਿਤ ਸੰਭਾਵਨਾ ਨੂੰ ਘੱਟ ਉਪਯੋਗਤਾ ਵਾਲੀ ਅਨਿਸ਼ਚਿਤ ਸੰਭਾਵਨਾ ਤੋਂ ਜ਼ਿਆਦਾ ਅਧਿਮਾਨ ਦੇਵੇਗਾ। ਇਸ ਤਰ੍ਹਾਂ ਉਹ ਸ਼ਰਤ ਤੋਂ ਬਚੇਗਾ ਅਤੇ ਰੁ. 1,500 ਦੇਣ ਦਾ ਇਛੁੱਕ ਹੋਵੇਗਾ ਜੋ ਰੁ. 10,000 ਦੀ ਨਿਸ਼ਚਿਤ ਆਮਦਨ ਅਤੇ ਰੁ. 8,500 ਦੀ ਅਨਿਸ਼ਚਿਤ ਆਮਦਨ ਦਾ ਵਿਚਕਾਰਲਾ ਅੰਤਰ ਹੈ। ਇਹ ਅੰਤਰ ਖਤਰਾ ਪ੍ਰੀਮੀਅਮ (risk premium) ਅਖਵਾਉਂਦਾ ਹੈ।

ਖਤਰਾ ਪ੍ਰੀਮੀਅਮ ਦੇ ਅਕਾਰ ਨੂੰ ਨਿਰਧਾਰਿਤ ਕਰਨ ਲਈ ਅਸੀਂ ਆਪਣਾ ਉਦਾਹਰਣ ਵਧਾਉਂਦੇ ਹਾਂ ਅਤੇ ਚਿੱਤਰ 28.3 ਵਿੱਚ ਇਸ ਦੀ ਵਿਆਖਿਆ ਕਰਦੇ ਹਾਂ। TU ਵਕ੍ਰ 'ਤੇ ਬਿੰਦੂ A ਅਤੇ C ਨੂੰ ਇਕ ਰੇਖਾ ਨਾਲ ਮਿਲਾਓ ਜੋ 5,000 ਰੁ. ਦੀ 10 ਉਪਯੋਗਤਾ ਅਤੇ 15,000 ਰੁ. ਦੀ 22 ਉਪਯੋਗਤਾ ਦੇ ਆਮਦਨ–ਉਪਯੋਗਤਾ ਪੱਧਰਾਂ ਨਾਲ ਸਬੰਧਿਤ ਹੈ। ਚਿੱਤਰ ਵਿੱਚ ਧਿਆਨ ਦਿਓ ਕਿ 8,500 ਰੁ. ਵੀ TU ਵਕ੍ਰ ਦੇ ਬਿੰਦੂ B 'ਤੇ ਨਿਸ਼ਚਿਤਤਾ ਤੋਂ ਜ਼ਰੂਰੀ ਉਪਯੋਗਤਾ ਦਿੰਦੇ ਹਨ। ਇਹ ਰਾਸ਼ੀ ਖਤਰੇ ਵਾਲੇ ਵਿਅਕਤੀ ਵੱਲੋਂ ਜੂਏ ਦੀ ਨਿਸ਼ਚਿਤਤਾ ਬਰਾਬਰ ਰਾਸ਼ੀ ਹੈ। ਅਣਇਛੁੱਕ ਪਰ ਉਹ 16 ਦੀ ਬਰਾਬਰ ਉਪਯੋਗਤਾ ਦੇ ਨਾਲ 10,000 ਰੁਪਏ ਦੀ ਨਿਸ਼ਚਿਤ ਆਮਦਨ ਨੂੰ ਜ਼ਿਆਦਾ ਅਧਿਮਾਨ ਦੇਵੇਗਾ, ਜਿਵੇਂ ਕਿ AC ਰੇਖਾ 'ਤੇ B ਤੋਂ D ਤੱਕ ਕਸ਼ੈਤਿਜ ਰੇਖਾ ਖਿੱਚ ਕੇ ਦਿਖਾਇਆ ਗਿਆ ਹੈ। ਇਸ ਤਰ੍ਹਾਂ, **ਖਤਰਾ ਪ੍ਰੀਮੀਅਮ** ਚਿੱਤਰ ਵਿੱਚ BD ਖੰਡ ਹੈ ਜੋ 1,500 ਰੁ. ਹੈ। ਬਰਾਬਰ ਜ਼ਰੂਰੀ ਉਪਯੋਗਤਾ (16) 'ਤੇ 10,000 ਰੁ. ਨਿਸ਼ਚਿਤ ਅਤੇ 8,500 ਰੁ. ਅਨਿਸ਼ਚਿਤ ਆਮਦਨ ਦਾ ਅੰਤਰ।

ਖਤਰਾ ਘੱਟ ਕਰਨ ਦੇ ਉਪਾਅ (Measures to Reduce Risk)

ਖਤਰਾ ਪਸੰਦ ਵਿਅਕਤੀਆਂ ਨੂੰ ਛੱਡ ਕੇ ਜ਼ਿਆਦਾਤਰ ਲੋਕ ਖਤਰਾ ਅਣਇਛੁੱਕ ਹੁੰਦੇ ਹਨ ਜੋ ਖਤਰੇ ਦੀਆਂ ਸਥਿਤੀਆਂ ਦਾ ਸਾਹਮਣਾ ਕਰਦੇ ਹਨ, ਬਹੁਤ ਸਾਰੇ ਉਪਾਅ ਦੱਸੇ ਗਏ ਹਨ ਜੋ ਵਿਅਕਤੀਆਂ ਦਰਮਿਆਨ ਖਤਰਾ ਘੱਟ ਜਾਂ ਕੰਟਰੋਲ ਕਰਦੇ ਹਨ, ਉਨ੍ਹਾਂ ਦੀ ਵਿਆਖਿਆ ਹੇਠ ਲਿਖੀ ਹੈ–

1. ਬੀਮਾ (Insurance)

ਲੋਕ ਅਨੇਕਾਂ ਤਰ੍ਹਾਂ ਦੇ ਖਤਰੇ ਜਿਵੇਂ ਮੌਤ, ਸੱਟ, ਚੋਰੀ, ਅੱਗ ਆਦਿ ਨਾਲ ਹੋਣ ਵਾਲੇ ਨੁਕਸਾਨ ਦੇ ਵਿਰੁੱਧ ਬੀਮਾ ਕਰਵਾ ਕੇ ਖਤਰਾ ਅੰਤ੍ਰਿਤ (transfer) ਕਰਦੇ ਹਨ। ਬੀਮਾ ਕੰਪਨੀਆਂ ਪ੍ਰੀਮੀਅਮ ਦੇ ਰੂਪ ਵਿੱਚ ਕੰਪਨੀ ਨੂੰ ਦਿੱਤੇ ਗਏ ਮੁੱਲ 'ਤੇ ਨੁਕਸਾਨ ਦੀ ਸਥਿਤੀ ਵਿੱਚ, ਆਪਣੇ ਪਾਲਿਸੀ ਧਾਰਕਾਂ ਦੇ ਨੁਕਸਾਨ ਦੀ ਭਰਵਾਈ ਕਰਦੀ ਹੈ। ਖਤਰਾ ਅਣਇਛੁੱਕ ਵਿਅਕਤੀ, ਖਤਰਾ ਉਠਾਉਣ ਲਈ ਬੀਮਾ ਖਰੀਦਦੇ ਹਨ।

ਇਕ ਵਿਅਕਤੀ 'ਤੇ ਵਿਚਾਰ ਕਰੋ ਜੋ ਆਪਣੇ ਘਰ ਨੂੰ ਅੱਗ ਨਾਲ ਨਸ਼ਟ ਹੋਣ ਵਿਰੁੱਧ ਬੀਮਾ ਕਰਵਾਉਣ ਦਾ ਫੈਸਲਾ ਲੈਂਦਾ ਹੈ। ਜੇਕਰ ਘਰ ਦਾ ਮੁੱਲ ਰੁ. 20,00,000 ਹੈ ਅਤੇ ਇਕ ਸਾਲ ਵਿੱਚ ਇਸ ਨੂੰ ਅੱਗ ਲੱਗ ਜਾਣ ਦੀ ਸੰਭਾਵਨਾ (probability) 400

ਵਿੱਚ ਇਕ (1/400) ਹੈ। ਇਸ ਦੇ ਕੋਲ ਦੋ ਰਸਤੇ ਹਨ-**ਪਹਿਲਾ**, ਜੇਕਰ ਉਹ ਬੀਮਾ ਨਾ ਕਰਵਾਏ ਅਤੇ ਕੋਈ ਅੱਗ ਨਹੀਂ ਲੱਗਦੀ ਤਾਂ ਘਰ ਦਾ ਮੁੱਲ ਰੁ. 20,00,000 ਸੰਪੂਰਨ ਰਹਿੰਦਾ ਹੈ ਅਤੇ ਅੱਗ ਲੱਗਣ ਦੀ ਸਥਿਤੀ ਵਿੱਚ ਜ਼ੀਰੋ ਹੋ ਜਾਂਦਾ ਹੈ। **ਦੂਸਰਾ**, ਜੇਕਰ ਉਹ ਬੀਮਾ ਖਰੀਦਦਾ ਹੈ ਅਤੇ ਰੁ. 5,000 ਕੰਪਨੀ ਨੂੰ ਪ੍ਰੀਮੀਅਮ ਦੇ ਰੂਪ ਵਿੱਚ ਦਿੰਦਾ ਹੈ ਤਾਂ ਉਸ ਦੇ ਘਰ ਦਾ ਮੁੱਲ ਅੱਗ ਨਾ ਲੱਗਣ ਦੀ ਸਥਿਤੀ ਵਿੱਚ 8 ਸਾਲ ਦੇ ਅਖੀਰ ਤੱਕ ਰੁ. 20,00,000/- ਰੁ. 5,000 = ਰੁ. 19,95,000 ਰਹਿ ਜਾਂਦਾ ਹੈ। ਜੇਕਰ ਘਰ ਅੱਗ ਨਾਲ ਨਸ਼ਟ ਹੋ ਜਾਂਦਾ ਹੈ ਤਾਂ ਬੀਮਾ ਕੰਪਨੀ ਘਰ ਦਾ ਖਤਰਾ ਉਸ ਦੇ ਮਾਲਿਕ ਨੂੰ ਰੁ. 20,00,000 ਦੇ ਕੇ ਪੂਰਾ ਕਰੇਗੀ।

ਨੋਟ

2. ਵਿਵਿਧੀਕਰਣ (Diversification)

ਖਤਰੇ ਨੂੰ ਵਿਵਿਧੀਕਰਣ ਨਾਲ ਘਟਾ ਸਕਦੇ ਹਾਂ। ਜਦੋਂ ਇਕ ਫਰਮ ਕੇਵਲ ਇਕ ਹੀ ਤਰ੍ਹਾਂ ਦੇ ਕਾਰੋਬਾਰ 'ਤੇ ਧਿਆਨ ਦੇਣ ਦੀ ਜਗ੍ਹਾ 'ਤੇ ਨਵੇਂ ਤਰ੍ਹਾਂ ਦੇ ਕਾਰੋਬਾਰ ਵਿੱਚ ਵਿਸਥਾਰ ਕਰਦੀ ਹੈ ਤਾਂ ਖਤਰੇ ਨੂੰ ਘੱਟ ਕਰ ਦਿੰਦੀ ਹੈ। ਬੀਮਾ ਕੰਪਨੀਆਂ ਲਾਭ ਨੂੰ ਜ਼ਿਆਦਾ ਕਰਨ ਵਾਲੀਆਂ ਫਰਮਾਂ ਹੁੰਦੀਆਂ ਹਨ ਅਤੇ ਕੇਵਲ ਇਕ ਤਰ੍ਹਾਂ ਦਾ ਬੀਮਾ ਕਰਨ ਦੀ ਜਗ੍ਹਾ 'ਤੇ ਉਹ ਘਰ, ਜੀਵਨ, ਕਾਰ, ਸਿਹਤ ਆਦਿ ਦੇ ਲਈ ਬੀਮਾ ਵੇਚਦੀਆਂ ਹਨ। ਵੱਖ-ਵੱਖ ਤਰ੍ਹਾਂ ਦੇ ਬੀਮੇ ਵਿੱਚ ਵਿਵਿਧੀਕਰਣ ਕਰਕੇ, ਉਹ ਖਤਰੇ ਨੂੰ ਫੈਲਾਉਂਦੀਆਂ ਹਨ। ਇਸੇ ਤਰ੍ਹਾਂ ਪੋਰਟਫੋਲੀਓ ਵਿੱਚ ਵੱਖ-ਵੱਖ ਸਟਾਕਾਂ ਨੂੰ ਵੱਖ-ਵੱਖ ਅਨੁਪਾਤਾਂ ਵਿੱਚ ਮਿਲਾ ਕੇ ਉਹ ਖਤਰੇ ਵਾਲੇ ਸਟਾਕ ਤੋਂ ਜ਼ਰੂਰੀ ਹਾਨੀ ਨੂੰ ਘੱਟ ਕਰਦੀ ਹੈ।

3. ਫਿਊਚਰਜ਼ ਬਾਜ਼ਾਰ (Futures Market)

ਵਿਅਕਤੀ ਫਿਊਚਰਜ਼ ਬਾਜ਼ਾਰ ਨਾਲ ਵੀ ਆਪਣੇ ਖਤਰੇ ਨੂੰ ਘੱਟ ਕਰਨ ਦਾ ਯਤਨ ਕਰਦੇ ਹਨ। ਆਮ ਤੌਰ 'ਤੇ ਫਿਊਚਰਜ਼ ਬਾਜ਼ਾਰ, ਖੇਤੀ ਉਤਪਾਦਕਾਂ ਅਤੇ ਸਟਾਕ ਆਦਿ ਦੇ ਮਾਮਲੇ ਵਿੱਚ ਮੌਜੂਦ ਰਹਿੰਦਾ ਹੈ। ਮੰਨ ਲਓ ਕਿ ਕਿਸਾਨ ਚਾਵਲ ਉਗਾਉਂਦਾ ਹੈ ਅਤੇ ਉਹ ਨਹੀਂ ਜਾਣਦਾ ਕਿ ਚਾਵਲ ਦੀ ਕੀਮਤ ਫਸਲ ਕੱਟਣ ਤੋਂ ਬਾਅਦ ਡਿੱਗੇਗੀ ਜਾਂ ਵਧੇਗੀ। ਉਹ ਆਪਣੇ ਭਵਿੱਖ ਦੀ ਉਪਜ ਅਤੇ ਆਮਦਨ ਦੇ ਵਿਖੇ ਵਿੱਚ ਅਨਿਸ਼ਚਿਤ ਹੁੰਦਾ ਹੈ ਅਤੇ ਉਹ ਕੰਮ ਬਾਜ਼ਾਰ ਕੀਮਤ ਦੀ ਸੰਭਾਵਨਾ ਦੇ ਵਿਰੁੱਧ ਬੀਮਾ ਚਾਹੁੰਦਾ ਹੈ। ਆਪਣੇ ਭਵਿੱਖ ਦੇ ਖਤਰੇ ਨੂੰ ਪੂਰਾ ਕਰਨ ਲਈ ਉਹ ਇਕ ਥੋਕ ਵਿਕਰੇਤਾ ਦੇ ਨਾਲ, ਚਾਵਲ ਦੀ ਵਿਸ਼ੇਸ਼ ਮਾਤਰਾ, ਭਵਿੱਖ ਦੀ ਇਕ ਵਿਸ਼ੇਸ਼ ਤਾਰੀਖ ਨੂੰ ਇਕ ਵਿਸ਼ੇਸ਼ ਕੀਮਤ 'ਤੇ ਦੇਣ ਲਈ ਭਵਿੱਖ ਦੇ ਅਨੁਬੰਦ ਵਿੱਚ ਪ੍ਰਵੇਸ਼ ਕਰਦਾ ਹੈ। ਜੇਕਰ ਇਕ ਬੋਰੀ ਚਾਵਲ ਦੀ ਜ਼ਰੂਰੀ ਹੇਠਲੀ ਕੀਮਤ ਰੁ. 300 ਹੈ ਅਤੇ ਇਕ ਬੋਰੀ ਦੀ ਉਚ ਕੀਮਤ ਰੁ. 400 ਜ਼ਰੂਰੀ ਹੈ ਤਾਂ ਸਹੀ ਸੰਭਾਵਨਾ ਸਪੁਰਦਗੀ ਕੀਮਤ (fair odds delivery price) ਰੁ. 350 ਹੁੰਦੀ ਹੈ। ਇਸ ਕੀਮਤ 'ਤੇ ਚਾਵਲ ਦੇਣ ਲਈ ਇਕ ਭਵਿੱਖ ਦਾ ਲਿਖਤੀ ਅਨੁਬੰਦ ਕਰਕੇ, ਕਿਸਾਨ ਆਪਣੇ ਖਤਰੇ ਜ਼ਰੂਰੀ ਮੁੱਲ ਦਾ ਤਿਆਗ ਕੀਤੇ ਬਿਨਾਂ, ਆਪਣਾ ਖਤਰਾ ਘੱਟ ਕਰ ਲੈਂਦਾ ਹੈ।

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚੋਂ ਸਹੀ/ਗਲਤ ਲੱਭੋ

(State whether the following statements are True/False)-

8. ਸਧਾਰਣ ਤੌਰ 'ਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਵੱਡੇ ਖਤਰੇ ਨਾਲ ਵੱਡੇ ਲਾਭ ਦੀ ਪ੍ਰਾਪਤੀ ਹੋਵੇਗੀ।
9. ਜੂਏ ਵਿੱਚ ਸਿੱਕਾ ਉਛਾਲ ਕੇ ਖਿਡਾਰੀ ਨੂੰ ਭੁਗਤਾਨ ਕੀਤਾ ਜਾਂਦਾ ਹੈ।
10. ਇਕ ਖਤਰਾ ਇਛੁੱਕ ਵਿਅਕਤੀ ਸੰਭਾਵਨਾ ਦੇ ਆਪਣੇ ਪੱਖ ਵਿੱਚ ਨਾ ਹੋਣ ਦੀ ਸਥਿਤੀ ਵਿੱਚ ਖੇਡ ਵਿੱਚ ਭਾਗ ਨਹੀਂ ਲੈਂਦਾ।

4. ਵਾਅਦਾ ਬਾਜ਼ਾਰ (Forward Market)

ਇਕ ਵਾਅਦਾ ਬਾਜ਼ਾਰ ਵਿੱਚ ਭਵਿੱਖ ਦੀ ਇਕ ਵਿਸ਼ੇਸ਼ ਤਾਰੀਖ 'ਤੇ ਅੱਜ ਮਨਜ਼ੂਰ ਕੀਤੀ ਗਈ ਕੀਮਤ 'ਤੇ ਭਵਿੱਖ ਵਿੱਚ ਮਾਲ ਸਪੁਰਦ ਕਰਨ ਲਈ ਅੱਜ ਅਨੁਬੰਦ ਕੀਤਾ ਜਾਂਦਾ ਹੈ। ਵਾਅਦਾ ਬਾਜ਼ਾਰ ਅਨੇਕਾਂ ਵਸਤੂਆਂ ਅਤੇ ਸਾਧਨਾਂ ਜਿਵੇਂ ਚੀਨੀ, ਕਣਕ, ਚਾਹ, ਸੋਨਾ-ਚਾਂਦੀ, ਵਿਦੇਸ਼ੀ ਮੁਦਰਾ ਆਦਿ ਲਈ ਹੁੰਦੇ ਹਨ।

ਸੋਨੇ ਦੇ ਇਕ ਵਾਅਦੇ ਬਾਜ਼ਾਰ 'ਤੇ ਵਿਚਾਰ ਕਰੋ। ਇਸ ਦੀ ਵਰਤਮਾਨ (ਜਾਂ ਅੱਜ ਦੀ) ਕੀਮਤ ਰੁ. 5,000 ਪ੍ਰਤੀ 10 ਗ੍ਰਾਮ ਹੈ, ਇਸ ਨੂੰ ਤੁਰੰਤ ਸਪੁਰਦਗੀ ਦੇ ਲਈ **ਹਾਜ਼ਰ ਕੀਮਤ** (spot price) ਕਹਿੰਦੇ ਹਨ। ਲੋਕ ਅਗਲੇ ਸਾਲ ਵੀ ਇਸੇ ਤਾਰੀਖ ਨੂੰ ਇਸ ਦੀ ਕੀਮਤ ਰੁ. 5,500 ਜ਼ਰੂਰੀ ਕਰਦੇ ਹਨ ਤਾਂ ਇਸ ਦੀ **ਭਾਵੀ ਹਾਜ਼ਰ ਕੀਮਤ** (future spot price) ਹੈ ਅਤੇ ਵਿਅਕਤੀ ਵਾਅਦਾ ਬਾਜ਼ਾਰ ਵਿੱਚ ਸੋਨੇ ਦੇ ਲਈ ਇਸ ਖਤਰੇ ਦੇ ਵਿਰੁੱਧ ਇਕ ਵਪਾਰੀ ਨਾਲ ਜੋ ਕਿ ਇਕ ਸਟੋਰੀਆ ਹੈ, **ਪੇਸ਼ਬੰਦੀ** (hedging) ਕਰ ਸਕਦਾ ਹੈ। ਮੰਨ ਲਓ ਕਿ ਉਹ ਭਵਿੱਖ ਦੀ ਵਾਅਦਾ ਕੀਮਤ ਰੁ. 5,300 ਰੁ. ਪ੍ਰਤੀ 10 ਗ੍ਰਾਮ 'ਤੇ 1 ਕਿਲੋ ਸੋਨਾ, ਇਕ ਸਟੋਰੀਏ ਨੂੰ ਵੇਚਣ ਲਈ ਸਹਿਮਤ ਹੋ ਜਾਂਦਾ ਹੈ ਅਤੇ ਵਿਕਰੇਤਾ ਨੇ ਆਪਣਾ ਖਤਰਾ, ਪੇਸ਼ਬੰਦੀ (hedging) ਨਾਲ ਆਪਣਾ ਸੋਨਾ ਸਟੋਰੀਏ ਨੂੰ

ਨੋਟ ਭਾਵੀ ਵਾਅਦਾ ਕੀਮਤ ਰੁ. 5,300 'ਤੇ ਵੇਚ ਕੇ ਘੱਟ ਕਰ ਦਿੱਤਾ ਹੈ, ਜਦੋਂ ਕਿ ਉਹ ਇਸ ਦੇ ਰੁ. 5,500 ਹੋਣ ਦੀ ਉਮੀਦ ਕਰਦਾ ਹੈ। ਇਸ ਤਰ੍ਹਾਂ ਰੁ. 200 (ਰੁ. 5,500–ਰੁ. 5,300), ਇਕ ਬੀਮਾ ਪ੍ਰੀਮੀਅਮ ਵਾਂਗ ਹੁੰਦਾ ਹੈ ਜੋ ਵਿਕਰੇਤਾ ਨੇ ਭਾਵੀ ਵਾਅਦਾ ਕੀਮਤ ਨਾਲ ਸਬੰਧਿਤ ਖਤਰੇ ਤੋਂ ਬਾਹਰ ਆਉਣ ਲਈ ਚੁਕਾਇਆ ਹੈ, ਜੇਕਰ ਜ਼ਰੂਰੀ ਭਾਵੀ ਵਾਅਦਾ ਕੀਮਤ ਰੁ. 5,500 ਹੁੰਦੀ ਹੈ ਤਾਂ ਸਟੋਰੀਏ ਨੂੰ ਰੁ. 200 (ਰੁ. 5,500–ਰੁ. 5,300) ਪ੍ਰਤੀ 10 ਗ੍ਰਾਮ ਦਾ ਲਾਭ ਹੋਵੇਗਾ ਜੋ ਉਸ ਦਾ **ਖਤਰਾ ਪ੍ਰੀਮੀਅਰ** ਹੈ।

5. ਪੂਰੀ ਸੂਚਨਾ (Complete Information)

ਲੋਕ ਘੱਟ ਸੂਚਨਾ ਦੇ ਕਾਰਨ ਫੈਸਲਾ ਲੈਣ ਵਿੱਚ ਖਤਰਾ ਅਤੇ ਅਸਥਿਰਤਾ ਦਾ ਸਾਹਮਣਾ ਕਰਦੇ ਹਨ, ਉਹ ਜ਼ਿਆਦਾਤਰ ਕਰਨ ਵਾਲੇ ਫੈਸਲੇ ਨਹੀਂ ਲੈ ਸਕਦੇ। ਜੇਕਰ ਉਨ੍ਹਾਂ ਨੂੰ ਉਨ੍ਹਾਂ ਵਸਤੂਆਂ ਦੀ ਸਹੀ ਸੂਚਨਾ ਨਹੀਂ ਮਿਲਦੀ, ਜਿਨ੍ਹਾਂ ਨੂੰ ਉਹ ਖਰੀਦਣਾ ਜਾਂ ਵੇਚਣਾ ਚਾਹੁੰਦੇ ਹਨ ਅਤੇ ਇਕ ਵਸਤੂ ਨੂੰ ਖਰੀਦਣ ਜਾਂ ਵੇਚਣ ਵਿੱਚ ਖਤਰੇ ਨੂੰ ਘੱਟ ਕਰਨ ਦੇ ਲਈ ਪੂਰਨ ਸੂਚਨਾ ਜ਼ਰੂਰੀ ਹੁੰਦੀ ਹੈ। ਇਸ ਨੂੰ ਵੱਖ-ਵੱਖ ਦੇ ਇਸ਼ਤਿਹਾਰਾਂ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਅਰਥ ਸ਼ਾਸਤਰੀ ਸੂਚਨਾ ਨੂੰ ਇਕ ਵਸਤੂ ਮੰਨਦੇ ਹਨ ਜੋ ਖਰੀਦੀ ਅਤੇ ਵੇਚੀ ਜਾ ਸਕਦੀ ਹੈ। ਇਸ ਸੂਚਨਾ ਦਾ ਮੁੱਲ ਹੁੰਦਾ ਹੈ ਅਤੇ "ਪੂਰੀ ਸੂਚਨਾ ਦਾ ਮੁੱਲ ਇਕ ਵਿਕਲਪ ਦੇ ਜ਼ਰੂਰੀ ਮੁੱਲ, ਜਦੋਂ ਪੂਰਨ ਸੂਚਨਾ ਉਪਲੱਬਧ ਹੈ ਅਤੇ ਜ਼ਰੂਰੀ ਮੁੱਲ ਜਦੋਂ ਸੂਚਨਾ ਪੂਰੀ ਹੈ, ਦਾ ਅੰਤਰ ਹੈ। ਇਕ ਫਰਮ 'ਤੇ ਵਿਚਾਰ ਕਰੋ ਜੋ ਇਸ਼ਤਿਹਾਰ ਅਨਵੇਸ਼ਨ ਆਦਿ 'ਤੇ ਖਰਚ ਕਰਦੀ ਹੈ ਜਿਸ ਨਾਲ ਕਿ ਲੋਕਾਂ ਨੂੰ ਇਸ ਦੀ ਵਸਤੂ ਦੇ ਵਿਸ਼ੇ ਵਿੱਚ ਪੂਰੀ ਸੂਚਨਾ ਪ੍ਰਾਪਤ ਹੁੰਦੀ ਹੈ। ਨਤੀਜੇ ਵਜੋਂ ਇਸ ਦੀ ਵਿਕਰੀ ਅਤੇ ਲਾਭ ਵਿੱਚ ਵਾਧੇ ਦੀ ਸੰਭਾਵਨਾ ਹੁੰਦੀ ਹੈ। ਮੰਨ ਲਓ ਪੂਰਨ ਸੂਚਨਾ ਦੇ ਨਾਲ ਇਸ ਦਾ ਸੰਭਾਵੀ ਲਾਭ ਰੁ. 25,00,000 ਹੈ ਪਰ ਘੱਟ ਸੂਚਨਾ ਦੇ ਨਾਲ ਇਸ ਦੀ ਸੰਭਾਵਿਤ ਵਿਕਰੀ ਅਤੇ ਲਾਭ ਰੁ. 13,00,000 ਹੈ। ਪੂਰੀ ਸੂਚਨਾ ਦੇ ਸੰਭਾਵਿਤ ਅਤੇ ਘੱਟ ਸੂਚਨਾ ਦੇ ਨਾਲ ਸੰਭਾਵਿਤ ਲਾਭ ਵਿੱਚ ਅੰਤਰ ਰੁ. 25,00,000– ਰੁ. 13,00,000 = ਰੁ. 12,00,000 ਹੈ ਜੋ ਪੂਰੀ ਸੂਚਨਾ ਦਾ ਮੁੱਲ ਹੈ। ਇਸ ਤਰ੍ਹਾਂ ਫਰਮ ਆਪਣੀ ਹੋਰ ਵਿਕਰੀ ਜੋ ਪੂਰੀ ਸੂਚਨਾ ਦਾ ਮੁੱਲ ਹੈ, ਤੋਂ 12 ਲੱਖ ਰੁ. ਕਮਾਉਂਦੀ ਹੈ।

28.3 ਜੂਆ (Gambling)

ਹਰੇਕ ਵਿਅਕਤੀ ਵਿੱਚ ਬਿਨਾਂ ਜ਼ਿਆਦਾ ਯਤਨ ਦੇ ਜ਼ਿਆਦਾ ਧਨ ਪਾਉਣ ਦੀ ਸਹਿਜ ਪ੍ਰਵਿਰਤੀ ਹੁੰਦੀ ਹੈ। ਇਸ ਦੇ ਲਈ ਉਹ ਕੁਝ ਖਤਰਾ ਉਠਾਉਂਦਾ ਹੈ ਅਤੇ ਘੋੜ ਦੌੜ, ਸਿੱਕਾ ਜਾਂ ਪਾਸਾ ਉਛਾਲਣ ਜਾਂ ਜੂਏਖਾਨੇ ਵਿੱਚ ਅਨੇਕਾਂ ਤਰ੍ਹਾਂ ਦੀਆਂ ਖੇਡਾਂ 'ਤੇ ਕੈਸੀਨੋ (Casino) ਵਿੱਚ ਜੂਆ ਖੇਡਦਾ ਹੈ। ਅਸੀਂ ਸਿੱਕੇ ਦੀ ਉਛਾਲ ਅਤੇ ਇਸ ਦੇ ਪ੍ਰਤੀ ਵਿਅਕਤੀਗਤ ਵਿਵਹਾਰਾਂ ਦੀ ਹੇਠ ਲਿਖੇ ਤਰ੍ਹਾਂ ਨਾਲ ਵਿਆਖਿਆ ਕਰਦੇ ਹਾਂ–

ਜੂਏ ਦੇ ਇਕ ਮਾਮਲੇ 'ਤੇ ਵਿਚਾਰ ਕਰੋ, ਜਦੋਂ ਇਕ ਸਿੱਕਾ ਉਛਾਲਿਆ ਜਾਂਦਾ ਹੈ ਅਤੇ ਇਕ ਖਿਡਾਰੀ ਨੂੰ ਭੁਗਤਾਨ ਕੀਤਾ ਜਾਂਦਾ ਹੈ, ਜੇਕਰ ਪਹਿਲੀ ਉਛਾਲ (toss) ਵਿੱਚ ਸਿਰਲੇਖ (head) ਆਉਂਦਾ ਹੈ ਤਾਂ ਖਿਡਾਰੀ ਨੂੰ 100 ਰੁ. ਮਿਲਦੇ ਹਨ ਪਰ ਉਸ ਨੂੰ 100 ਰੁ. ਦੇਣੇ ਪੈਣਗੇ, ਜੇਕਰ ਪਟ (tail) ਆਉਂਦਾ ਹੈ। ਦੋ ਸੰਭਵ ਨਤੀਜਿਆਂ ਦੀ ਬਰਾਬਰ ਸੰਭਾਵਨਾ ਹੈ। ਇਸ ਦਾ ਅਰਥ ਹੈ ਕਿ ਹਰੇਕ ਦੇ ਹੋਣ ਦੀ ਸੰਭਾਵਨਾ (probability) 50 ਪ੍ਰਤੀਸ਼ਤ ਹੈ। ਇਸ ਜੂਏ ਦਾ ਜ਼ਰੂਰੀ ਮੁੱਲ ਉਨ੍ਹਾਂ ਦੀਆਂ ਸੰਭਾਵਨਾਵਾਂ ਨਾਲ ਭਾਰਿਤ ਨਤੀਜਿਆਂ ਦਾ ਯੋਗ ਹੁੰਦਾ ਹੈ। (The expected value of this gamble is the sum of the outcomes weighted by their probability)*

ਅਤੇ ਜ਼ਰੂਰੀ ਮੁੱਲ = 0.50 (100 ਰੁ.) + 0.50 (−100 ਰੁ.)

= 50 ਰੁ. − 50 ਰੁ. = 0

ਇਹ ਦਰਸਾਉਂਦਾ ਹੈ ਕਿ 100 ਰੁ. ਜਿੱਤਣ ਦੀ 50 ਪ੍ਰਤੀਸ਼ਤ ਸੰਭਾਵਨਾ ਹੈ ਅਤੇ 100 ਰੁ. ਇਸ ਜੂਏ ਵਿੱਚ ਹਾਰਨ ਦੀ 50 ਪ੍ਰਤੀਸ਼ਤ ਸੰਭਾਵਨਾ ਹੈ। ਇਸ ਨੂੰ ਇਕ **ਅਨੁਕੂਲ ਜੂਆ** ਜਾਂ **ਇਮਾਨਦਾਰੀ ਖੇਡ** ਜਾਂ **ਇਮਾਨਦਾਰੀ ਸੰਭਾਵਨਾ** (fair odds) ਕਹਿੰਦੇ ਹਨ। ਇਕ ਇਮਾਨਦਾਰੀ ਜੂਆ ਉਹ ਹੈ ਜਿਸ ਦੇ ਲਈ ਨਤੀਜੇ ਦਾ ਜ਼ਰੂਰੀ ਮੁੱਲ ਜ਼ੀਰੋ ਹੁੰਦੀ ਹੈ, ਔਸਤਨ ਵਿੱਤੀ ਲਾਭ ਜ਼ੀਰੋ ਹੈ, ਇਸ ਨੂੰ ਵੀ ਜ਼ੀਰੋ ਯੋਗ ਖੇਡ (zero-sum-game) ਕਹਿੰਦੇ ਹਨ।

ਜੇਕਰ 100 ਰੁ. ਜਿੱਤਣ ਦੀ ਸੰਭਾਵਨਾ 20 ਪ੍ਰਤੀਸ਼ਤ ਹੈ ਅਤੇ 100 ਰੁ. ਹਾਰਨ ਦੀ 80 ਪ੍ਰਤੀਸ਼ਤ ਹੈ ਤਾਂ ਇਸ ਨੂੰ **ਪ੍ਰਤੀਕੂਲ ਜੂਆ** (unfair gamble) ਕਹਿੰਦੇ ਹਨ। ਇਹ ਔਸਤਨ ਹਾਰਨ ਦੀ ਸੰਭਾਵਨਾ ਹੈ। ਇਸ ਦੇ ਮੁਕਾਬਲੇ ਜੇਕਰ 100 ਰੁ. ਹਾਰਨ ਦੀ ਸੰਭਾਵਨਾ 20 ਪ੍ਰਤੀਸ਼ਤ ਹੈ ਅਤੇ 100 ਰੁ. ਜਿੱਤਣ ਦੀ 80 ਪ੍ਰਤੀਸ਼ਤ ਤਾਂ ਇਹ **ਅਨੁਕੂਲ ਜੂਆ** (favourable gamble) ਹੁੰਦਾ ਹੈ।

ਹੁਣ ਦੋ ਸਿੱਕਾ ਉਛਾਲਣ ਦੇ ਖੇਡ (coin tossing game) ਦੀ ਤੁਲਨਾ ਕਰੋ, ਪਹਿਲੀ ਖੇਡ ਵਿੱਚ 100 ਰੁ. ਹਾਰਨ ਜਾਂ ਜਿੱਤਣ ਦੀ ਸੰਭਾਵਨਾ 50 ਪ੍ਰਤੀਸ਼ਤ ਹੈ ਅਤੇ ਦੂਸਰੀ ਖੇਡ ਵਿੱਚ 200 ਰੁਪਏ ਜਿੱਤਣ ਜਾਂ ਹਾਰਨ ਦੀ ਬਰਾਬਰ ਸੰਭਾਵਨਾ (50 ਪ੍ਰਤੀਸ਼ਤ)

ਨੋਟ

ਹੈ। ਦੋਵੇਂ ਅਨੁਕੂਲ ਜੂਏ ਹਨ ਜੋ ਜ਼ੀਰੋ ਯੋਗ (zero sum gamble) ਜੂਏ ਹਨ ਪਰ ਦੂਸਰੀ ਖੇਡ ਵਿੱਚ ਜ਼ਿਆਦਾ ਖਤਰਾ ਹੈ, ਕਿਉਂਕਿ ਜੇਕਰ ਖੇਡ ਦੀ ਪਹਿਲੀ ਉਛਾਲ (toss) ਤੋਂ ਬਾਅਦ ਰੋਕ ਦਿੱਤਾ ਜਾਂਦਾ ਹੈ ਤਾਂ ਖਿਡਾਰੀ ਪਹਿਲੀ ਖੇਡ (50 ਰੁ.) ਦੇ ਮੁਕਾਬਲੇ ਦੂਸਰੀ ਖੇਡ ਵਿੱਚ (100 ਰੁ.) ਜ਼ਿਆਦਾ ਜਿੱਤੇਗਾ ਜਾਂ ਹਾਰੇਗਾ।

ਜੂਏ ਪ੍ਰਤੀ ਵਿਅਕਤੀ ਦੇ ਵਿਵਹਾਰ (Individual Attitudes to Gambling)

ਜੂਏ ਦੇ ਪ੍ਰਤੀ ਤਿੰਨ ਤਰ੍ਹਾਂ ਦੇ ਵਿਅਕਤੀ ਦੇ ਵਿਵਹਾਰ ਹਨ ਜੋ ਇਕ ਵਿਅਕਤੀ ਦੇ ਅਨੁਕੂਲ ਜੂਏ ਨੂੰ ਸਵੀਕਾਰ ਕਰਨ ਜਾਂ ਨਾ ਕਰਨ 'ਤੇ ਨਿਰਭਰ ਕਰਦੇ ਹਨ।

ਖਤਰਾ ਤਟਸਥ (Risk Neutral)

ਇਕ ਖਤਰਾ ਤਟਸਥ ਵਿਅਕਤੀ ਵਾਰ-ਵਾਰ ਖੇਡਣ ਵਾਲਾ ਜੁਆਰੀ ਹੈ, ਜਿਸ ਦਾ ਉਦੇਸ਼ ਆਪਣੀ ਜਿੱਤੀ ਹੋਈ ਰਕਮ ਨੂੰ ਜ਼ਿਆਦਾ ਕਰਨਾ ਹੈ। ਉਸ ਦੀ ਸਿਰਫ ਇਕ ਚਿੰਤਾ ਉਸ ਦੇ ਦਾਅ ਦਾ ਜ਼ਰੂਰੀ ਮੁੱਲ ਹੈ। ਅਜਿਹਾ ਇਸ ਲਈ ਹੈ ਕਿ ਜਦੋਂ ਇਕ ਸਿੱਕਾ ਵਾਰ-ਵਾਰ ਅਕਸਰ ਉਛਾਲਿਆ ਜਾਂਦਾ ਹੈ ਤਾਂ ਇਹ ਔਸਤਨ ਆਪਣਾ ਜ਼ਰੂਰੀ ਮੁੱਲ ਵਾਪਿਸ ਕਰਦਾ ਹੈ।

ਇਹ ਚਿੱਤਰ 28.4 ਵਿੱਚ ਦਿਖਾਇਆ ਗਿਆ ਹੈ, ਜਿਸ ਵਿੱਚ ਬਿੰਦੂ A ਅਤੇ B ਦਾ ਬਰਾਬਰ ਜ਼ਰੂਰੀ ਮੁੱਲ ਹੈ ਅਤੇ ਉਹ ਵਾਰ-ਵਾਰ ਖੇਡਣ ਵਾਲੇ ਜੁਆਰੀ ਦੇ ਲਈ ਬਰਾਬਰ ਰੂਪ ਵਿੱਚ ਆਕਰਸ਼ਕ ਹੈ। ਇਹ ਮੰਨ ਕੇ ਕਿ ਜੁਆਰੀ ਦੇ ਕੋਲ ਦਾਅ ਲਗਾਉਣ ਲਈ 100 ਰੁ. ਹਨ ਅਤੇ ਸਿਰਲੇਖ (head) ਆਉਣ ਦੀ ਸੰਭਾਵਨਾ 50 ਪ੍ਰਤੀਸ਼ਤ ਹੈ। ਅਤੇ ਪਟ (tail) ਆਉਣ ਦੀ ਵੀ 50 ਪ੍ਰਤੀਸ਼ਤ ਹੈ ਤਾਂ ਬਿੰਦੂ A 'ਤੇ ਜੂਏ ਦਾ ਜ਼ਰੂਰੀ ਮੁੱਲ ਹੈ।

$$E_v = 0.50\ (100\ \text{ਰੁ.}) + 0.50\ (100\ \text{ਰੁ.}) = 50 + 50 = 100\ \text{ਰੁ.}$$

ਬਿੰਦੂ B 'ਤੇ ਜੂਏ ਦਾ ਜ਼ਰੂਰੀ ਮੁੱਲ ਹੈ-

$$E_v = 0.50\ (80\ \text{ਰੁ.}) + 0.50\ (120\ \text{ਰੁ.}) = 40 + 60 = 100\ \text{ਰੁ.}$$



ਚਿੱਤਰ 28.4

ਇਸੇ ਤਰ੍ਹਾਂ ਬਿੰਦੂ C 'ਤੇ ਅਤੇ ਹੋਰ ਬਿੰਦੂਆਂ 'ਤੇ ਜੇਕਰ ਇਹ ਸਿੱਕਾ ਉਛਾਲਣ ਦਾ ਜੂਆ ਜਾਰੀ ਰੱਖਦਾ ਹੈ ਤਾਂ ਔਸਤਨ 100 ਰੁ. ਹੋਵੇਗਾ।

ਇਕ ਖਤਰਾ ਤਟਸਥ ਜੁਆਰੀ ਇਮਾਨਦਾਰੀ ਸੰਭਾਵਨਾ (fair odds) ਅਪਣਾਉਣ ਸਬੰਧੀ ਤਟਸਥ ਹੁੰਦਾ ਹੈ। ਅਜਿਹਾ ਇਸ ਲਈ ਹੈ ਕਿ ਉਹ ਸਿੱਕਾ ਉਛਾਲਣ ਦਾ ਖੇਡ ਵਾਰ-ਵਾਰ ਆਪਣੇ ਖਤਰੇ ਦਾ ਵਿਵਿਧੀਕਰਣ ਕਰ ਸਕਦਾ ਹੈ ਅਤੇ ਲੰਮੇ ਸਮੇਂ ਵਿੱਚ ਜੂਏ ਦਾ ਜ਼ਰੂਰੀ ਮੁੱਲ ਜਿੱਤ ਲਵੇਗਾ ਅਤੇ ਅਨੁਕੂਲ ਸੰਭਾਵਨਾ (favourable odds) ਹੋਣ 'ਤੇ ਉਹ ਜੂਆ ਖੇਡੇਗਾ ਅਤੇ ਪ੍ਰਤੀਕੂਲ ਹੋਣ 'ਤੇ ਨਹੀਂ ਖੇਡੇਗਾ।

ਖਤਰਾ ਪਸੰਦ (Risk Loving)

ਇਕ ਖਤਰਾ ਪਸੰਦ ਵਿਅਕਤੀ ਜੂਆ ਖੇਡਣ ਦੇ ਲਈ ਤਿਆਰ ਰਹਿੰਦਾ ਹੈ, ਉਦੋਂ ਵੀ ਜੇਕਰ ਸੰਭਾਵਨਾਵਾਂ ਉਸ ਦੇ ਪ੍ਰਤੀਕੂਲ ਹਨ। ਉਹ ਬਰਾਬਰ ਜ਼ਰੂਰੀ ਮੁੱਲ ਵਾਲੇ ਜੂਏ ਦੇ ਵਿਕਲਪਾਂ ਵਿੱਚੋਂ ਜ਼ਿਆਦਾਤਰ ਖਤਰੇ ਵਾਲਾ ਪਸੰਦ ਕਰੇਗਾ। ਉਹ ਸਿੱਕਾ ਉਛਾਲਣ ਦੇ

ਨੋਟ ਇਕ ਖੇਡ 'ਤੇ ਦਾਅ ਲਗਾਏਗਾ ਚਾਹੇ ਉਹ ਸਾਰਾ ਰੁਪਿਆ ਹਾਰ ਜਾਂਦਾ ਹੈ, ਜਦੋਂ ਦਾਅ ਉਸ ਦੇ ਪੱਖ ਵਿੱਚ ਨਾ ਹੋਵੇ। ਇਹ ਚਿੱਤਰ 28.5 ਵਿੱਚ ਦਿਖਾਇਆ ਗਿਆ ਹੈ। ਜਿੱਥੇ ਜੁਆਰੀ ਦੇ ਨਤੋਦਰ (concave) ਉਦਾਸੀਨਤਾ ਵਕ੍ਰ I_1, I_2, I_3 ਅਤੇ I_4 ਹੈ ਜੋ ਦਾਅ ਵੱਖ-ਵੱਖ ਵਿਕਲਪ ਦਰਸਾਉਂਦੇ ਹਨ, TH ਰੇਖਾ ਦਾਅ (ਬਜਟ ਰੇਖਾ) ਲਈ ਉਸ ਦੀ ਮੁਦਰਾ ਹੈ।



ਚਿੱਤਰ 28.5

F ਇਮਾਨਦਾਰੀ ਸੰਭਾਵਨਾ (fair odds) ਦਾ ਬਿੰਦੂ ਹੈ, ਜਿਸ 'ਤੇ ਉਸ ਦੀ ਬਜਟ ਰੇਖਾ TH ਉਸ ਦੇ ਉਦਾਸੀਨ ਵਕ੍ਰ I_2 ਨੂੰ ਛੂੰਹਦੀ ਹੈ। ਖਤਰਾ ਪਸੰਦ ਹੋਣ ਨਾਲ ਜੁਆਰੀ ਇਮਾਨਦਾਰੀ ਸੰਭਾਵਨਾ 'ਤੇ ਦਾਅ ਨਹੀਂ ਲਗਾਏਗਾ ਪਰ ਉਹ ਹਮੇਸ਼ਾ ਇਕ ਔਖਾ ਹੱਲ ਚੁਣੇਗਾ। ਜੇਕਰ ਉਹ ਪਟ (tail) 'ਤੇ ਸ਼ਰਤ ਲਗਾਉਂਦਾ ਹੈ ਅਤੇ ਸਿੱਕਾ ਉਛਾਲਣ 'ਤੇ ਸਿਰਲੇਖ (head) ਆਉਂਦਾ ਹੈ ਤਾਂ ਉਹ ਬਿੰਦੂ H 'ਤੇ ਹੋਵੇਗਾ ਅਤੇ ਆਪਣੀ ਸਾਰੀ ਮੁਦਰਾ ਹਾਰ ਜਾਵੇਗਾ। ਦੂਸਰੇ ਪਾਸੇ ਜੇਕਰ ਪਟ (tail) ਆਉਂਦਾ ਹੈ ਤਾਂ ਉਹ ਬਿੰਦੂ T 'ਤੇ ਹੋਵੇਗਾ ਅਤੇ ਦਾਅ ਵਿੱਚ ਲਗਾਈ ਗਈ ਸਾਰੀ ਮੁਦਰਾ ਜਿੱਤ ਲਵੇਗਾ।

ਖਤਰਾ ਅਣਇਛੁੱਕ (Risk Averse)

ਇਕ ਖਤਰਾ ਅਣਇਛੁੱਕ ਵਿਅਕਤੀ ਉਹ ਹੁੰਦਾ ਹੈ ਜੋ ਇਮਾਨਦਾਰੀ ਸੰਭਾਵਨਾ (fair odds) 'ਤੇ ਵੀ ਜੂਆ ਨਹੀਂ ਖੇਡਦਾ ਪਰ ਉਹ ਜੂਆ ਖੇਡੇਗਾ, ਜੇਕਰ ਸੰਭਾਵਨਾ ਉਸ ਦੇ ਪੱਖ ਵਿੱਚ ਹੈ। ਮੰਨ ਲਓ ਕਿ ਉਹ ਇਕ ਕੈਸੀਨੋ ਵਿੱਚ 100 ਰੁ. ਲੈ ਕੇ ਜਾਂਦਾ ਹੈ ਅਤੇ ਸਿੱਕਾ ਉਛਾਲਣ 'ਤੇ 3 ਤੋਂ 1 ਸੰਭਾਵਨਾ 'ਤੇ ਜੂਆ ਖੇਡਣ ਦਾ ਮੌਕਾ ਉਸ ਕੋਲ ਹੈ। ਜੇਕਰ ਉਹ ਸਿਰਲੇਖ 'ਤੇ 10 ਰੁ. ਲਗਾਉਂਦਾ ਹੈ ਤਾਂ ਪਟ ਆਉਣ 'ਤੇ 10 ਰੁ. ਹਾਰ ਜਾਵੇਗਾ ਜਾਂ ਅਗਰ ਸਿਰਲੇਖ ਆਉਂਦਾ ਹੈ ਤਾਂ 30 ਰੁ. ਜਿੱਤ ਜਾਵੇਗਾ।

ਚਿੱਤਰ 28.6 'ਤੇ ਵਿਚਾਰ ਕਰੋ ਕਿ ਜੋ ਕਸ਼ੈਤਿਜ ਅਕਸ਼ 'ਤੇ ਸਿਰਲੇਖ (head) ਅਤੇ ਅਨੁਲੰਬ ਅਕਸ਼ 'ਤੇ ਪਟ (tail) ਨੂੰ ਮੁਦਰਾ ਦੇ ਰੂਪ ਵਿੱਚ ਨਾਪਦਾ ਹੈ, ਜੇਕਰ ਉਸ ਨੂੰ ਇਮਾਨਦਾਰੀ ਸੰਭਾਵਨਾ 'ਤੇ (1 ਤੋਂ 1 ਦੀ) ਸਿੱਕਾ ਉਛਾਲਣ ਦਾ ਦਾਅ ਲਗਾਉਣ ਦਾ ਮੌਕਾ ਦਿੱਤਾ ਜਾਂਦਾ ਹੈ ਤਾਂ ਉਹ ਬਿਲਕੁਲ ਵੀ ਦਾਅ ਨਹੀਂ ਲਗਾਏਗਾ ਅਤੇ ਬਿੰਦੂ A 'ਤੇ ਰਹੇਗਾ। 100 ਰੁ. ਜੋ ਉਸ ਕੋਲ ਹਨ, ਉਸ ਨਾਲ ਸੁਰੱਖਿਅਤ ਰਹੇਗਾ। ਉਸ ਦੇ ਉਦਾਸੀਨਤਾ ਵਕ੍ਰ I ਦੀ A 'ਤੇ ਨਿਰਪੱਖ ਢਲਾਣ 1 (ਇਕ) ਹੈ ਜੋ ਇਸ ਬਿੰਦੂ 'ਤੇ ਉਸ ਦੀ ਬਜਟ ਰੇਖਾ ਨੂੰ ਕੱਟਦੀ ਹੈ।

ਮੰਨਿਆ ਕਿ ਉਸ ਨੂੰ 1 ਦੀ ਅਨੁਕੂਲ ਸੰਭਾਵਨਾ (favourable odds) 'ਤੇ ਸਿਰਲੇਖ 'ਤੇ ਦਾਅ ਲਗਾਉਣ ਲਈ ਕਿਹਾ ਜਾਂਦਾ ਹੈ। 10 ਰੁ. 'ਤੇ ਦਾਅ ਲਗਾਉਣ ਨਾਲ, ਉਹ ਬਿੰਦੂ B 'ਤੇ ਜਾਂਦਾ ਹੈ, ਜਿਸ ਨੂੰ ਉਹ ਆਪਣੀ ਬਜਟ ਰੇਖਾ 'ਤੇ ਬਿੰਦੂ A ਤੋਂ ਜ਼ਿਆਦਾ ਪਸੰਦ ਕਰਦਾ ਹੈ, ਉਸ ਲਈ ਇਹ ਇਕ ਬਿਹਤਰ ਸਥਿਤੀ ਹੈ, ਕਿਉਂਕਿ ਉਸ ਨੂੰ 30. ਰੁ. ਦਾ ਲਾਭ ਹੁੰਦਾ ਹੈ। ਉਸ ਦਾ ਧਨ 100 ਰੁ. ਤੋਂ ਵੱਧ ਕੇ 130 ਰੁ. ਹੋ ਜਾਂਦਾ ਹੈ।

ਹੁਣ ਮੰਨ ਲਓ ਕਿ ਕੈਸੀਨੋ ਦੇ ਨਿਯਮ ਜਾਂ ਤਾਂ 30 ਰੁ. 'ਤੇ ਦਾਅ ਲਗਾਉਣ ਦੇ ਜਾਂ ਤਾਂ ਕੁਝ ਨਾ ਲਗਾਉਣ ਦੇ ਹਨ। ਇਸ ਸਥਿਤੀ ਵਿੱਚ 30 ਰੁ. ਦਾ ਦਾਅ ਉਸ ਨੂੰ ਬਿੰਦੂ A ਤੋਂ C ਤੱਕ ਲੈ ਆਉਂਦਾ ਹੈ ਜੋ ਉਸ ਲਈ ਅਨੁਕੂਲ ਨਹੀਂ ਹੈ, ਕਿਉਂਕਿ ਇਹ ਉਸ ਦੇ ਉਦਾਸੀਨਤਾ ਵਕ੍ਰ ਤੋਂ ਹੇਠਾਂ ਸਥਿਤ ਹੈ। ਉਹ 90 ਰੁ. (= 190 ਰੁ. − 100 ਰੁ.) ਦੇ ਲਾਭ ਲਈ 30 ਰੁ. (= 130 ਰੁ. − 100 ਰੁ.) ਹਾਰਨੇ ਦਾ ਖਤਰਾ ਨਹੀਂ ਲਵੇਗਾ ਅਤੇ ਇਹ ਦਾਅ ਸਵੀਕਾਰ ਨਹੀਂ ਕਰੇਗਾ। ਇਸ ਤਰ੍ਹਾਂ ਇਕ ਖਤਰਾ ਪ੍ਰਤੀਕੂਲ ਵਿਅਕਤੀ, ਇੱਥੋਂ ਤੱਕ ਕਿ ਸੰਭਾਵਨਾ ਅਨੁਕੂਲ ਹੋਵੇ ਤਾਂ ਵੀ ਇਕ ਬਹੁਤ ਵੱਡੀ ਸ਼ਰਤ 'ਤੇ ਨਹੀਂ ਖੇਡੇਗਾ।

ਨੋਟ



ਚਿੱਤਰ 28.6

28.4 ਸਾਰਾਂਸ਼ (Summary)

- ਖਤਰੇ ਦੇ ਪ੍ਰਤੀ ਕਿਸੇ ਵਿਅਕਤੀ ਦਾ ਵਿਵਹਾਰ ਉਸ ਦੀ ਚੋਣ ਅਤੇ ਉਨ੍ਹਾਂ ਤੋਂ ਪ੍ਰਾਪਤ ਹੋਣ ਵਾਲੇ ਜ਼ਰੂਰੀ ਲਾਭਾਂ 'ਤੇ ਨਿਰਭਰ ਕਰਦਾ ਹੈ। ਸਧਾਰਣ ਤੌਰ 'ਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਵੱਡੇ ਖਤਰੇ ਨਾਲ ਵੱਡੇ ਲਾਭ ਦੀ ਪ੍ਰਾਪਤੀ ਹੋਵੇਗੀ। ਕੋਈ ਵਿਅਕਤੀਗਤ ਫੈਸਲਾ ਉਸ ਵਿਅਕਤੀ ਦੇ ਵਿਵਹਾਰ ਅਤੇ ਖਤਰਾ ਅਧਿਮਾਨ ਨੂੰ ਦਰਸਾਉਂਦਾ ਹੈ ਅਤੇ ਅਧਿਮਾਨ ਹਰੇਕ ਵਿਅਕਤੀ ਵਿੱਚ ਵੱਖ-ਵੱਖ ਹੁੰਦੇ ਹਨ ਅਤੇ ਇਕ ਵਿਅਕਤੀ ਨੂੰ ਦੂਸਰੇ ਤੋਂ ਅਲੱਗ ਕਰਦੇ ਹਨ, ਕੁਝ ਲੋਕ ਖਤਰਾ ਉਠਾਉਣਾ ਪਸੰਦ ਕਰਦੇ ਹਨ, ਕੁਝ ਖਤਰਾ ਉਠਾਉਣ ਦਾ ਵਿਰੋਧ ਕਰਦੇ ਹਨ ਅਤੇ ਕੁਝ ਖਤਰੇ ਦੇ ਪ੍ਰਤੀ ਤਟਸਥ ਰਹਿੰਦੇ ਹਨ, ਉਹ ਲੋਕ ਜੋ ਖਤਰਾ ਉਠਾਉਂਦੇ ਹਨ, ਉਹ ਬਦਲੇ ਵਿੱਚ ਜ਼ਿਆਦਾ ਪ੍ਰਤੀਫਲ (return), ਲਾਭ ਮੌਦ੍ਰਿਕ ਆਮਦਨ ਅਤੇ ਉਪਯੋਗਤਾ ਦੇ ਰੂਪ ਵਿੱਚ ਇਸ ਦਾ ਇਨਾਮ ਮਿਲਣ ਦੀ ਉਮੀਦ ਰੱਖਦੇ ਹਨ।

28.5 ਸ਼ਬਦਕੋਸ਼ (Keywords)

1. **ਸੰਭਾਵਤਾ** (Probability)- ਸੰਭਾਵਨਾ।
2. **ਜ਼ਰੂਰੀ ਮੁੱਲ** (Expected Value)- ਪ੍ਰਤੱਖ ਮੌਦ੍ਰਿਕ ਮੁੱਲ।

28.6 ਅਭਿਆਸ ਪ੍ਰਸ਼ਨ (Review Questions)

1. ਖਤਰੇ ਦੇ ਪ੍ਰਤੀ ਇਕ ਉਪਭੋਗਤਾ ਦਾ ਕੀ ਵਿਵਹਾਰ ਹੋਣਾ ਚਾਹੀਦਾ ਹੈ?
2. ਖਤਰਾ ਅਧਿਮਾਨ ਕੀ ਹੈ? ਸਪੱਸ਼ਟ ਕਰੋ।
3. 'ਜੂਏ' ਸਬੰਧੀ ਆਪਣੇ ਵਿਚਾਰ ਪ੍ਰਗਟ ਕਰੋ।

ਉਤਰ : ਸਵੈ-ਮੁਲਾਂਕਣ (Answers : Self Assessment)

1. ਮੌਲਿਕ	2. ਅਨਿਸ਼ਚਿਤਤਾ	3. ਨਾਪੀ	4. (ਅ)
5. (ਬ)	6. (ਅ)	7. (ਅ)	8. ਸਹੀ
9. ਸਹੀ	10. ਗਲਤ		

ਨੋਟ

28.7 ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕ੍ਰੋਇਕਨੋਮਿਕਸ : ਐਨ. ਐਡਵਾਂਸਡ ਟ੍ਰੀਟਾਈਜ਼-ਐਸ. ਪੀ. ਐਸ. ਚੌਹਾਨ, ਪੀ. ਐਚ. ਆਈ. ਲਰਨਿੰਗ।
2. ਮਾਈਕ੍ਰੋਇਕਨੋਮਿਕਸ : ਬਿਹੇਵੀਅਰ, ਇੰਸਟੀਟਿਊਸ਼ਨਜ਼ ਐਂਡ ਇਵੈਲਿਊਸ਼ੇਨ-ਸੈਂਪੂਲ ਬੋਵੈਲਸ ਆਕਸਫੋਰਡ ਯੂਨੀਵਰਸਿਟੀ ਪ੍ਰੈਸ, 2004।
3. ਮਾਈਕ੍ਰੋਇਕਨੋਮਿਕਸ : ਪ੍ਰਿੰਸੀਪਲਸ ਐਪਲੀਕੇਸ਼ਨਜ਼ ਐਂਡ ਟੂਲਜ਼-ਸੰਜੇ ਬਾਸੋਤੀਆ, ਡੀ. ਐਨ. ਡੀ. ਪਬਲੀਕੇਸ਼ਨ, 2010।

ਨੋਟ

ਇਕਾਈ–29 : ਬੀਮਾ ਚੋਣ ਅਤੇ ਖਤਰਾ (Insurance Choice and Risk)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

29.1 ਬੀਮਾ (Insurance)

29.2 ਬੀਮਾ ਅਤੇ ਜੂਏ ਵਿੱਚ ਚੋਣ : ਫ੍ਰੀਡਮੈਨ–ਸੈਵੇਜ ਪਰਿਕਲਪਨਾ (Choice between Insurance and Gambling : Friedman – Savage Hypothesis)

29.3 ਪਰਿਸੰਪਤੀ ਪੋਰਟਫੋਲੀਓ ਚੋਣ (Asset Portfolio Selection)

29.4 ਸਾਰਾਂਸ਼ (Summary)

29.5 ਸ਼ਬਦਕੋਸ਼ (Keywords)

29.6 ਅਭਿਆਸ ਪ੍ਰਸ਼ਨ (Review Questions)

29.7 ਸਬੰਧਿਤ ਪੁਸਤਕਾਂ (Further Readings)

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਬੀਮਾ ਦੇ ਬਾਰੇ ਵਿੱਚ ਜਾਨਣ ਸਬੰਧੀ।
- ਬੀਮਾ ਅਤੇ ਜੂਏ ਵਿੱਚ ਚੋਣ ਕਰਨ ਸਬੰਧੀ।
- ਪ੍ਰੀਸੰਪਤੀ ਪੋਰਟਫੋਲੀਓ ਚੋਣ ਦੇ ਸਬੰਧ ਵਿੱਚ ਜਾਣ ਲਈ।

ਪ੍ਰਸਤਾਵਨਾ (Introduction)

ਇਕ ਬੀਮਾ ਕੰਪਨੀ ਆਪਣੇ ਗ੍ਰਾਹਕ ਦੀ ਮੌਤ ਦਾ ਖਤਰਾ ਥੋੜ੍ਹਾ ਪ੍ਰੀਮੀਅਮ ਲੈ ਕੇ ਉਠਾਉਂਦੀ ਹੈ ਕਿ ਜੇਕਰ ਉਸ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਪਰਿਵਾਰ ਨੂੰ ਇਕ ਬਹੁਤ ਵੱਡੀ ਰਾਸ਼ੀ ਦਾ ਭੁਗਤਾਨ ਕਰਨ ਵਾਅਦਾ ਕਰਦੀ ਹੈ। ਜਦੋਂ ਇਕ ਬੀਮਾ ਕੰਪਨੀ ਜੀਵਨ ਬੀਮਾ ਵੇਚਦੀ ਹੈ ਤਾਂ ਉਹ ਇਕ ਨਹੀਂ ਸਗੋਂ ਹਜ਼ਾਰਾਂ ਵਿਅਕਤੀਆਂ ਦਾ ਇਕੱਠਾ ਬੀਮਾ ਕਰਦੀ ਹੈ।

29.1 ਬੀਮਾ (Insurance)

ਖਤਰਾ ਅਨਿਸ਼ਚਿਤਤਾ ਨੂੰ ਘੱਟ ਕਰਨ ਦੇ ਸਾਧਨ ਦੇ ਰੂਪ ਵਿੱਚ ਬੀਮੇ ਦੇ ਦੋ ਪਹਿਲੂ ਹਨ– **ਪਹਿਲਾ**, ਉਸ ਵਿਅਕਤੀ ਦੇ ਦ੍ਰਿਸ਼ਟੀਕੋਣ ਨਾਲ ਜੋ ਪਾਲਿਸੀ ਖਰੀਦਦਾ ਹੈ ਅਤੇ **ਦੂਸਰਾ**, ਬੀਮਾ ਪਾਲਿਸੀ ਦੇ ਦ੍ਰਿਸ਼ਟੀਕੋਣ ਨਾਲ ਜੋ ਬੀਮਾ ਪਾਲਿਸੀ ਵੇਚਦੀ ਹੈ।

1. ਬੀਮਾ ਕਰਤਾ ਦੇ ਦ੍ਰਿਸ਼ਟੀਕੋਣ ਨਾਲ (From the Viewpoint of Buyer of Insurance)

ਬੀਮਾ, ਜੂਏ ਦਾ ਉਲਟ ਹੈ। ਇਹ ਖਤਰਾ ਦੂਰ ਕਰਦਾ ਹੈ। ਜਦੋਂ ਇਕ ਵਿਅਕਤੀ ਖੁਦ ਦੀ ਜਾਂ ਆਪਣੇ ਆਸ਼ਰਿਤਾਂ ਦੀ ਸੁਰੱਖਿਆ ਦੇ ਲਈ ਜਾਂ ਆਪਣੀ ਜਾਇਦਾਦ ਨੂੰ ਭਵਿੱਖ ਦੀ ਅਨਿਸ਼ਚਿਤ ਘਟਨਾਵਾਂ ਜਿਵੇਂ ਮੌਤ, ਦੁਰਘਟਨਾ, ਅੱਗ, ਚੋਰੀ ਹਾਨੀ ਤੋਂ ਬਚਣ ਦੇ ਲਈ ਬੀਮਾ ਪਾਲਿਸੀ ਖਰੀਦਦਾ ਹੈ ਤਾਂ ਉਹ ਖਤਰਾ ਟਾਲਦਾ ਹੈ। ਬੀਮੇ ਦਾ ਵੀ ਬਾਜ਼ਾਰ ਹੁੰਦਾ ਹੈ ਕਿਉਂਕਿ ਲੋਕ ਖਤਰੇ ਅਣਇਛੁੱਕ (averse) ਹੁੰਦੇ ਹਨ।

ਨੋਟ ਇਕ ਵਿਅਕਤੀ 'ਤੇ ਵਿਚਾਰ ਕਰੋ ਜਿਸ ਦੇ ਕੋਲ 50,000 ਰੁ. ਕੀਮਤ ਦੀ ਮੋਟਰ ਸਾਈਕਲ ਹੈ। ਉਹ ਚੋਰੀ, ਦੁਰਘਟਨਾ ਆਦਿ ਨਾਲ ਹੋਏ ਇਸ ਦੇ ਨੁਕਸਾਨ ਦੇ ਵਿਰੁੱਧ 5,000 ਰੁ. ਦੀ ਬੀਮਾ ਪਾਲਿਸੀ ਖਰੀਦਦਾ ਹੈ। ਉਹ ਅਨੁਮਾਨ ਲਗਾਉਦਾ ਹੈ ਕਿ ਇਸਦੇ ਚੋਰੀ ਹੋਣ ਦੀ ਸੰਭਾਵਿਅਤਾ 0.1 ਹੈ ਅਤੇ ਲੋੜ ਨੁਕਸਾਨ 5,000 ਰੁ. (=0.10× 50,000 ਰੁ.) ਹੈ। ਕਿਉਂਕਿ ਬੀਮਾ ਦੀ ਲਾਗਤ 50,000 ਰੁ. ਜ਼ਰੂਰੀ ਹਾਨੀ 5,000 ਰੁ. ਦੇ ਬਰਾਬਰ ਹੈ, ਉਹ ਬੀਮਾ ਖਰੀਦ ਕੇ ਖਤਰੇ ਨੂੰ ਟਾਲੇਗਾ ਜਿਸ ਨਾਲ ਕਿ ਉਹ ਚੋਰੀ ਹੋਣ 'ਤੇ ਬੀਮਾ ਕੰਪਨੀ ਤੋਂ ਪੂਰੀ ਨੁਕਸਾਨ ਦੀ ਭਰਵਾਈ ਕਰਵਾ ਸਕੇ।

ਖਤਰਾ ਅਣਇਛੁੱਕ ਦੇ ਸਾਹਮਣੇ ਦੋ ਵਿਕਲਪ ਹੁੰਦੇ ਹਨ (1) ਜੇਕਰ ਉਹ ਬੀਮਾ ਨਹੀਂ ਕਰਵਾਉਂਦਾ ਤਾਂ 50,000 ਰੁ. ਦੇ ਨੁਕਸਾਨ ਦੀ ਸੰਭਾਵਨਾ 0.1 ਹੈ ਅਤੇ 5,000 ਰੁ. ਅਤੇ (2) ਜੇਕਰ ਉਹ ਬੀਮਾ ਕਰਵਾਉਂਦਾ ਹੈ ਤਾਂ 50,000 ਰੁ. ਦੇ ਨੁਕਸਾਨ ਦੀ ਕੋਈ ਸੰਭਾਵਨਾ ਨਹੀਂ ਹੁੰਦੀ। ਉਹ ਬੀਮਾ ਪ੍ਰੀਮੀਅਮ ਦੇ ਰੂਪ ਵਿੱਚ 5,000 ਰੁ. ਦਿੰਦਾ ਹੈ ਅਤੇ 45,000 ਰੁ. ਦਾ ਲਾਭ 0.9 ਦੀ ਸੰਭਾਵਨਾ ਦੇ ਨਾਲ ਪਾਉਂਦਾ ਹੈ। ਇਕ ਖਤਰਾ ਅਣਇਛੁੱਕ, ਇਸ ਤਰ੍ਹਾਂ ਬੀਮਾ ਕਰਵਾ ਕੇ ਇਕ ਵੱਡੀ ਮੁਦਰਾ ਦੀ ਹਾਨੀ ਦਾ ਖਤਰਾ ਖਤਮ ਕਰ ਦਿੰਦਾ ਹੈ ਪਰ ਇਕ ਬੀਮਾ ਕੰਪਨੀ ਦੇ ਲਈ ਲਾਭ ਜ਼ਰੂਰੀ ਪ੍ਰਾਪਤ ਕਰਨਾ ਹੁੰਦਾ ਹੈ ਅਤੇ ਇਹ ਇਮਾਨਦਾਰੀ (fair) ਨੀਤੀਆਂ ਨਹੀਂ ਅਪਣਾਉਂਦੀ ਜਿਵੇਂ ਕਿ ਉਪਰ ਵਰਣਿਤ ਹੈ। ਇਸ ਦੇ ਸਥਾਨ 'ਤੇ ਇਹ 5,000 ਰੁ. ਤੋਂ ਜ਼ਿਆਦਾ ਪ੍ਰੀਮੀਅਮ, ਮੰਨ ਲਓ 5,500 ਰੁ. ਲਵੇਗੀ ਅਤੇ 500 ਰੁ. ਇਸ ਦੀ ਲਾਗਤ ਹੁੰਦੀ ਹੈ ਅਤੇ ਇਹੀ ਇਸ ਦੀ ਆਮਦਨ ਜਾਂ ਲਾਭ ਹੈ।

ਸਾਰੇ ਵਿਅਕਤੀਆਂ ਦੀ ਤਰ੍ਹਾਂ, ਇਕ ਖਤਰਾ ਅਣਇਛੁੱਕ ਵਿਅਕਤੀ ਦੇ ਧਨ ਦੀ ਘੱਟਦੀ ਹੋਈ ਸੀਮਿਤ ਉਪਯੋਗਤਾ ਹੁੰਦੀ ਹੈ। ਜਦੋਂ ਉਹ ਇਕ ਬੀਮਾ ਪਾਲਸੀ ਇੰਨੀ ਅਨੁਕੂਲ ਸੰਭਾਵਨਾ ਦੇ ਨਾ ਹੋਣ 'ਤੇ ਵੀ ਖਰੀਦਦਾ ਹੈ ਤਾਂ ਉਹ ਚੋਰੀ ਨਾਲ ਖਤਰੇ ਵਿੱਚ ਕਮੀ ਨੂੰ ਆਪਣੇ ਜ਼ਰੂਰੀ ਧਨ ਵਿੱਚ ਕਮੀ ਤੋਂ ਜ਼ਿਆਦਾ ਆਂਕਦਾ ਹੈ।

ਇਹ ਚਿੱਤਰ 29.1 ਵਿੱਚ ਦਿਖਾਇਆ ਗਿਆ ਹੈ ਜਿਸ ਵਿੱਚ ਧਨ ਜੋ ਪ੍ਰੀਸੰਪਤੀ, ਮੋਟਰ ਸਾਈਕਲ ਦਾ ਵਰਤਮਾਨ ਮੁੱਲ ਹੈ ਉਸ ਨੂੰ ਕਸ਼ੈਤਿਜ ਅਕਸ਼ ਤੇ ਉਪਯੋਗਤਾ ਅਨੁਲੰਬ ਅਕਸ਼ 'ਤੇ ਨਾਪਿਆ ਗਿਆ ਹੈ। ਧਨ W_1 ਅਤੇ U_1 ਉਪਯੋਗਤਾ ਦੇ ਨਾਲ ਬਿੰਦੂ A ਬੀਮਾ ਰਹਿਤ ਨਤੀਜਾ ਦਿਖਾਉਂਦਾ ਹੈ ਜੇਕਰ ਮੋਟਰ ਸਾਈਕਲ ਚੋਰੀ ਹੋ ਜਾਂਦੀ ਹੈ, ਬਿੰਦੂ B 'ਕੋਈ ਚੋਰੀ ਨਹੀਂ' ਨਤੀਜਾ ਬੀਮਾ ਰਹਿਤ ਦੇ ਨਾਲ W_2 ਧਨ ਅਤੇ U_2 ਉਪਯੋਗਤਾ ਨੂੰ ਦਿਖਾਇਆ ਹੈ। ਜਦੋਂ ਉਹ ਬੀਮਾ ਕਰਵਾਉਂਦਾ ਹੈ ਅਤੇ ਬੀਮਾ ਕੰਪਨੀ ਇਕ ਠੀਕ ਪ੍ਰੀਮੀਅਮ (ਅਤੇ 5,000 ਰੁ.) ਲੈਂਦੀ ਹੈ ਤਾਂ ਉਹ OW_3 ਧਨ ਅਤੇ OU_3 ਉਪਯੋਗਤਾ ਦੇ ਨਾਲ ਬਿੰਦੂ C 'ਤੇ ਹੋਵੇਗਾ। ਨਤੀਜੇ ਵਜੋਂ ਉਸ ਦਾ ਧਨ ਨਿਸ਼ਚਿਤਤਾ ਦੇ ਨਾਲ OW_2 ਨਾਲ OW_3 ਤੱਕ ਘੱਟ ਹੋ ਜਾਂਦਾ ਹੈ ਪਰ ਜਦੋਂ ਬੀਮਾ ਕੰਪਨੀ ਹੋਰ ਪ੍ਰੀਮੀਅਮ (500 ਰੁ.) ਆਪਣੀ ਲਾਗਤ ਪੂਰੀ ਕਰਨ ਦੇ ਲਈ ਲੈਂਦੀ ਹੈ ਤਾਂ ਇਹ ਪ੍ਰਤੀਕੂਲ ਪਾਲਿਸੀ ਬਿੰਦੂ D ਦੇ ਅਨੁਰੂਪ ਹੈ ਜਿਸ ਨਾਲ ਇਸ ਦਾ ਧਨ OW_4 ਤੱਕ ਅਤੇ ਉਪਯੋਗਤਾ ਵੀ OU_4 ਤੱਕ ਘੱਟ ਹੋ ਜਾਂਦੇ ਹਨ। ਇਹ ਧਨ ਦੀ ਘੱਟਦੀ ਹੋਈ ਸੀਮਿਤ ਉਪਯੋਗਤਾ ਪ੍ਰਦਰਸ਼ਿਤ ਕਰਦਾ ਹੈ ਜਦੋਂ ਇਕ ਖਤਰਾ ਅਣਇਛੁੱਕ ਵਿਅਕਤੀ ਇਕ ਪ੍ਰਤੀਕੂਲ ਬੀਮਾ ਪਾਲਿਸੀ ਲੈਂਦਾ ਹੈ।



ਚਿੱਤਰ 29.1

2. ਬੀਮਾ ਕੰਪਨੀ ਦੇ ਦ੍ਰਿਸ਼ਟੀਕੋਣ ਨਾਲ (From the Viewpoint of Insurance Company)

ਬੀਮਾ ਕੰਪਨੀ ਦਾ ਕੰਮ ਕਿਸੇ ਅਨਿਸ਼ਚਿਤ ਘਟਨਾ ਦੇ ਕਾਰਨ ਹੋਈ ਹਾਨੀ ਦੀ ਘਟਨਾ ਵਿੱਚ ਨਿਸ਼ਚਿਤਤਾ ਪ੍ਰਦਾਨ ਕਰਨਾ ਹੁੰਦਾ ਹੈ। ਇਹ ਆਪਣੇ ਗ੍ਰਾਹਕ ਤੋਂ ਪ੍ਰੀਮੀਅਮ ਦੀ ਇਕ ਘੱਟ ਰਾਸ਼ੀ ਲੈ ਕੇ ਹਾਨੀ ਦੇ ਖਤਰੇ ਨੂੰ ਘੱਟ ਕਰਦੀ ਹੈ ਅਤੇ ਉਸ ਘਟਨਾ ਜਿਸ ਦੇ ਲਈ ਬੀਮਾ ਪਾਲਿਸੀ ਲਈ ਗਈ ਹੈ ਦੇ ਹੋਣ ਦੇ ਮਾਮਲੇ ਵਿੱਚ ਇਕ ਬਹੁਤ ਵੱਡੀ ਰਾਸ਼ੀ ਦਾ ਭੁਗਤਾਨ ਕਰਨ ਦਾ ਵਚਨ ਦਿੰਦੀ ਹੈ। ਕਿਉਂਕਿ ਲੋਕ ਜ਼ਿਆਦ ਖਤਰਾ ਅਣਇਛੁੱਕ ਹੁੰਦੇ ਹਨ ਉਹ ਪ੍ਰਤੀਕੂਲ ਸੰਭਾਵਨਾ (odds) 'ਤੇ ਵੀ ਪ੍ਰੀਮੀਅਮ ਦਾ ਭੁਗਤਾਨ ਕਰਨ ਨੂੰ ਤਿਆਰ ਹੁੰਦੇ ਹਨ। ਇਸੇ ਤਰ੍ਹਾ ਬੀਮਾ ਕੰਪਨੀਆਂ ਵੀ ਖਤਰਾ ਅਣਇਛੁੱਕ ਹੁੰਦੀਆਂ ਹਨ। ਫਰਮਾਂ ਦੀ ਤਰ੍ਹਾਂ ਉਨ੍ਹਾਂ ਦਾ ਉਦੇਸ਼ ਵੀ

ਲਾਭ ਕਮਾਉਣਾ ਹੁੰਦਾ ਹੈ। ਖਤਰਾ ਟਾਲਣ ਅਤੇ ਲਾਭ ਕਮਾਉਣ ਦੇ ਲਈ ਉਹ ਖਤਰਾ ਇਕੱਠਾ ਕਰਨ (risk-pooling) ਅਤੇ ਖਤਰਾ ਪ੍ਰਸਾਰ (risk-spreading) ਅਪਣਾਉਂਦੀਆਂ ਹਨ। ਨੋਟ

ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)–

1. ਖਤਰਾ ਅਣਇਛੁੱਕ ਦੇ ਸਾਹਮਣੇ .....ਹੁੰਦੇ ਹਨ।
2. ਬੀਮੇ ਦਾ ਵੀ ਬਾਜ਼ਾਰ ਹੁੰਦਾ ਹੈ ਕਿਉਂਕਿ ਲੋਕ .....ਅਣਇਛੁੱਕ ਹੁੰਦੇ ਹਨ।
3. ਇਕ ਬੀਮਾ ਕੰਪਨੀ ਆਪਣੇ ਗ੍ਰਾਹਕ ਦੀ ਮੌਤ ਦਾ ਖਤਰਾ ਥੋੜ੍ਹਾ .....ਲੈ ਕੇ ਉਠਾਉਂਦੀ ਹੈ।

ਖਤਰਾ ਏਕਤਰੀਕਰਨ ਅਤੇ ਖਤਰਾ ਪ੍ਰਸਾਰ (Risk Pooling and Risk Spreading)

ਇਕ ਬੀਮਾ ਕੰਪਨੀ ਆਪਣੇ ਗ੍ਰਾਹਕ ਦੀ ਮੌਤ ਦਾ ਖਤਰਾ ਥੋੜ੍ਹਾ ਪ੍ਰੀਮੀਅਮ ਲੈ ਕੇ ਉਠਾਉਂਦੀ ਹੈ ਕਿ ਜੇਕਰ ਉਸ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਪਰਿਵਾਰ ਨੂੰ ਇਕ ਬਹੁਤ ਵੱਡੀ ਰਾਸ਼ੀ ਦਾ ਭੁਗਤਾਨ ਕਰਨ ਦਾ ਵਚਨ ਦਿੰਦੀ ਹੈ। ਉਹ ਇਕ ਵੱਡੀ ਸੰਖਿਆ ਵਿੱਚ ਗ੍ਰਾਹਕਾਂ ਵਿੱਚ ਆਪਣੇ ਖਤਰਿਆਂ ਦਾ ਏਕਤਰੀਕਰਨ ਕਰਕੇ ਵੱਡੀ ਨਿਸ਼ਚਿਤਤਾ ਦੇ ਨਾਂਲ ਅਜਿਹਾ ਕਰ ਸਕਦੀ ਹੈ। ਜਦੋਂ ਇਕ ਬੀਮਾ ਕੰਪਨੀ ਜੀਵਨ ਬੀਮਾ ਵੇਚਦੀ ਹੈ ਤਾਂ ਉਹ ਇਕ ਨਹੀਂ ਸਗੋਂ ਹਜ਼ਾਰਾਂ ਵਿਅਕਤੀਆਂ ਦਾ ਇਕੱਠਾ ਬੀਮਾ ਕਰਦੀ ਹੈ। ਉਹ ਜਾਣਦੀ ਹੈ ਕਿ ਸਾਰੇ ਬੀਮਾ ਪਾਲਿਸੀ ਲੋਕ ਇਕ ਵੱਡੀ ਮੁਸ਼ਕਿਲ ਜਿਵੇਂ ਮਹਾਵਾਰੀ, ਪਰਮਾਣੂ ਯੁੱਧ ਆਦਿ ਦੇ ਹੋਣ ਦੇ ਇਲਾਵਾ ਇਕੱਠੇ ਨਹੀਂ ਮਰਨਗੇ। ਕੁਝ? ਜਲਦੀ ਮਰ ਸਕਦੇ ਹਨ, ਹੋਰ ਬੀਮਾ ਦੇ ਸਮੇਂ ਦੌਰਾਨ ਮਰ ਸਕਦੇ ਹਨ ਅਤੇ ਕੁਝ ਹੋਰ ਲੋਕ ਪਾਲਿਸੀ ਦੇ ਪੂਰਾ (mature) ਹੋਣ 'ਤੇ ਵੀ ਨਹੀਂ ਮਰਨਗੇ। ਇਸ ਲਈ ਉਹ ਹਿਸਾਬੀ ਰੂਪ ਨਾਲ ਜਾਣਦੀ ਹੈ ਕਿ ਪ੍ਰੀਮੀਅਮ ਜੋ ਉਹ ਆਪਣੇ ਗ੍ਰਾਹਕਾਂ ਤੋਂ ਇਕੱਠਾ ਕਰਦੀ ਹੈ, ਉਹ ਮੌਤ ਦੀਆਂ ਘਟਨਾਵਾਂ ਵਿੱਚ ਪ੍ਰਤੀ ਸਾਲ ਕਰਨ ਵਾਲੇ ਭੁਗਤਾਨਾਂ ਤੋਂ ਜ਼ਿਆਦਾ ਹੁੰਦਾ ਹੈ। ਦੂਸਰੇ ਸ਼ਬਦਾਂ ਵਿੱਚ ਜਿੰਨੇ ਜ਼ਿਆਦਾ ਵਿਅਕਤੀਆਂ ਦਾ ਬੀਮਾ ਉਹ ਕਰਦੀ ਹੈ ਉਂਨਾ ਹੀ ਉਨ੍ਹਾਂ ਵਿਅਕਤੀਆਂ ਦਾ ਅਨੁਪਾਤ ਘੱਟ ਹੋਵੇਗਾ ਜੋ ਅਸਲ ਵਿੱਚ ਪ੍ਰਤੀਸ਼ਤ ਮਰਦੇ ਹਨ। ਇਸ ਨੂੰ **ਵੱਡੀਆਂ ਸੰਖਿਆਵਾਂ ਦਾ ਨਿਯਮ** (Law of Large Numbers) ਕਹਿੰਦੇ ਹਨ। ਇਸ ਦਾ ਅਰਥ ਹੈ ਕਿ ਬੀਮਾ ਧਾਰਕ ਵਿਅਕਤੀਆਂ ਦੀ ਸੰਖਿਆ ਜਿੰਨੀ ਜ਼ਿਆਦਾ ਹੋਵੇਗੀ, ਬੀਮਾ ਕੰਪਨੀ ਦੇ ਲਈ, ਉਨ੍ਹਾਂ ਦੀ ਔਸਤ ਉਂਨੀ ਹੀ ਜ਼ਿਆਦਾ ਪੂਰਵ ਅਨੁਮਾਨਿਤ ਹੋਵੇਗਾ।

ਇਸ ਤਰ੍ਹਾਂ ਬੀਮਾ ਕੰਪਨੀ ਖਤਰੇ ਦਾ ਅੰਦਾਜ਼ਾ ਲਗਾ ਸਕਦੀ ਹੈ ਅਤੇ ਲਾਭ ਕਮਾਉਣ ਦੇ ਲਈ ਆਪਣੇ ਗ੍ਰਾਹਕਾਂ ਵੱਲੋਂ ਪ੍ਰੀਮੀਅਰ ਦਾ ਭੁਗਤਾਨ ਕਰਨ ਦੀ ਗਣਨਾ ਕਰ ਸਕਦੀ ਹੈ। ਖਤਰਾ ਏਕਤੀਕਰਨ ਵਿਅਕਤੀਆਂ ਦੀ ਇਕ ਵੱਡੀ ਸੰਖਿਆ 'ਤੇ ਕੇਵਲ ਖਤਰੇ ਦੇ ਵਿਸਥਾਰ (Risk spreading) ਨਾਲ ਹੀ ਸੰਭਵ ਹੈ। ਇਸ ਦਾ ਕੇਵਲ ਇਹੀ ਅਰਥ ਨਹੀਂ ਹੈ ਕਿ ਪਾਲਿਸੀ ਧਾਰਕਾਂ ਦੀ ਸੰਖਿਆ ਵੱਡੀ ਹੋਣੀ ਚਾਹੀਦੀ ਹੈ। ਇਸ ਦਾ ਅਰਥ ਇਹ ਵੀ ਹੈ ਕਿ ਖਤਰਾ ਹੋਰ ਸਾਰੇ ਵਿਅਕਤੀਆਂ ਵੱਲੋਂ ਚੁੱਕੇ ਗਏ ਖਤਰਿਆਂ ਤੋਂ ਸੁਤੰਤਰ ਹੋਣਾ ਚਾਹੀਦਾ ਹੈ। ਮੰਨਿਆ ਕਿ ਇਕ ਸਮੇਂ ਵਿੱਚ 100 ਲੋਕਾਂ ਦਾ ਬੀਮਾ ਇਕ ਕੰਪਨੀ ਕਰਦੀ ਹੈ। ਜੇਕਰ ਇਕ ਵੱਡੀ ਅੱਗ ਲੱਗ ਜਾਂਦੀ ਹੈ ਤਾਂ ਸਾਰੇ ਘਰ ਸੜ ਸਕਦੇ ਹਨ। ਦਾਅਵਿਆਂ ਦੇ ਰੂਪ ਵਿੱਚ ਕੰਪਨੀ ਨੂੰ ਇਕ ਵੱਡੀ ਹਾਨੀ ਹੋਵੇਗੀ। ਇਸ ਮਾਮਲੇ ਵਿੱਚ ਅੱਗ ਦਾ ਖਤਰਾ ਸੁਤੰਤਰ ਨਹੀਂ ਹੈ। ਜੇਕਰ ਉਹੀ ਕੰਪਨੀ ਕਸਬੇ ਦੇ ਵੱਖ-ਵੱਖ ਸਥਾਨਾਂ ਵਿੱਚ 100 ਘਰਾਂ ਦਾ ਬੀਮਾ ਕਰਦੀ ਹੈ ਤਾਂ ਖਤਰੇ ਸੁਤੰਤਰ ਹੁੰਦੇ ਹਨ। 100 ਘਰਾਂ ਵਿੱਚੋਂ ਇਕ ਸਮੇਂ ਵਿੱਚ ਇਕ ਹੀ ਘਰ ਦੇ ਸੜ ਜਾਣ ਦੀ ਸੰਭਾਵਨਾ ਹੈ ਕਿਉਂਕਿ ਇਕ ਘਰ ਵਿੱਚ ਅੱਗ ਦੂਸਰੇ ਘਰ ਵਿੱਚ ਅੱਗ ਤੋਂ ਸੁਤੰਤਰ ਹੈ। ਸੁਤੰਤਰ ਖਤਰਿਆਂ ਦੀ ਕਸੌਟੀ ਦੇ ਅਧਾਰ 'ਤੇ ਹੈ ਕਿ ਬਹੁਤ ਸਾਰੀਆਂ ਬੀਮਾ ਕੰਪਨੀਆਂ ਯੁੱਧ, ਹੜ੍ਹ, ਭੂਚਾਲ ਆਦਿ ਨਾਲ ਨਸ਼ਟ ਹੋਣ ਵਾਲੀ ਸੰਪਤੀ ਦਾ ਬੀਮਾ ਨਹੀਂ ਕਰਦੀਆਂ ਹਨ ਕਿਉਂਕਿ ਉਨ੍ਹਾਂ ਦੇ ਇਕ ਵੱਡੇ ਪੈਮਾਨੇ 'ਤੇ ਨਸ਼ਟ ਹੋਣ ਦਾ ਖਤਰਾ ਹੁੰਦਾ ਹੈ। ਇਕ ਦੂਸਰਾ ਤਰੀਕਾ **ਵਿਧੀਕਰਨ** (diversification) ਹੈ, ਜਿਸ ਨਾਲ ਬੀਮਾ ਕੰਪਨੀਆਂ ਆਪਣੇ ਖਤਰਿਆਂ ਦਾ ਵਿਸਥਾਰ ਕਰਦੀਆਂ ਹਨ। ਉਹ ਅਜਿਹਾ ਕਈ ਤਰ੍ਹਾਂ ਦਾ ਬੀਮਾ ਜਿਵੇਂ ਜੀਵਨ ਬੀਮਾ, ਘਰ ਦਾ ਬੀਮਾ, ਕਾਰ ਦਾ ਬੀਮਾ, ਮੈਡੀਕਲ ਜਾਂ ਸਿਹਤ ਬੀਮਾ ਆਦਿ ਪੇਸ਼ ਕਰਕੇ ਕਰਦੀਆਂ ਹਨ।

ਨੋਟਸ ਬੀਮਾ, ਜੂਏ ਦਾ ਉਲਟ ਹੈ। ਇਹ ਖਤਰੇ ਦੂਰ ਕਰਦਾ ਹੈ।

ਖਤਰਾ ਹਿੱਸੇਦਾਰੀ (Risk Sharing)

ਖਤਰਾ ਏਕਤਰੀਕਰਨ ਅਤੇ ਖਤਰਾ ਵਿਸਥਾਰ ਦੇ ਇਲਾਵਾ ਖਤਰਾ ਹਿੱਸੇਦਾਰੀ ਨਾਲ ਇਕ ਬੀਮਾ ਕੰਪਨੀ ਖਤਰਿਆਂ ਦੀ ਲਾਗਤ ਘੱਟ ਕਰਨ ਦਾ ਇਕ ਹੋਰ ਤਰੀਕਾ ਅਪਣਾਉਂਦੀ ਹੈ। ਖਤਰੇ ਵਿੱਚ ਹਿੱਸੇਦਾਰੀ ਉਦੋਂ ਕੀਤੀ ਜਾਂਦੀ ਹੈ ਜਦੋਂ ਇਕ ਵਿਅਕਤੀ ਖੁਦ

ਨੋਟ

ਦਾ ਬੀਮਾ ਇੰਨੀ ਵੱਡੀ ਰਾਸ਼ੀ ਦੇ ਲਈ ਕਰਵਾਉਂਦਾ ਹੈ ਕਿ ਜੇਕਰ ਬਦਕਿਸਮਤੀ ਨਾਲ ਘਟਨਾ ਹੋ ਜਾਂਦੀ ਹੈ ਤਾਂ ਦਾਅਵਾ ਕਿਸੇ ਇਕ ਕੰਪਨੀ ਨੂੰ ਬਰਬਾਦ ਕਰ ਦੇਵੇਗਾ। ਅਜਿਹੇ ਮਾਮਲੇ ਇਕ ਵਿਸ਼ੇਸ਼ ਕੌਸ਼ਲ (specific skill) ਵਾਲੇ ਵਿਅਕਤੀ ਨਾਲ ਸਬੰਧਿਤ ਹੁੰਦੇ ਹਨ, ਜੋ ਆਪਣੇ ਸਰੀਰ ਦੇ ਕੌਸ਼ਲ ਨਾਲ ਸਬੰਧਿਤ ਹਿੱਸੇ ਦਾ ਬੀਮਾ ਕਰਵਾਉਂਦਾ ਹੈ। ਉਦਾਹਰਣ ਦੇ ਲਈ ਲਤਾ ਮੰਗੇਸ਼ਕਰ ਜਾਂ ਮੈਡੋਨਾ ਵੱਲੋਂ ਆਪਣੀ ਆਵਾਜ਼ ਦਾ ਬੀਮਾ ਕਰਵਾਉਣਾ, ਇਕ ਨ੍ਰਿਤਕੀ ਵੱਲੋਂ ਕਿਸੇ ਅਜਿਹੀ ਘਟਨਾ ਦੇ ਵਿਰੁੱਧ ਜੋ ਉਸ ਨੂੰ ਨ੍ਰਿਤਕੀ ਵੱਲੋਂ ਕਿਸੇ ਅਜਿਹੀ ਘਟਨਾ ਦੇ ਵਿਰੁੱਧ ਜੋ ਉਸ ਨੂੰ ਨ੍ਰਿਤ ਕਰਨ ਤੋਂ ਰੋਕ ਦੇਵੇ, ਆਪਣੇ ਪੈਰਾਂ ਦਾ ਬੀਮਾ ਕਰਵਾਉਣਾ ਆਦਿ। ਕਿਉਂਕਿ ਕੇਵਲ ਇਕ ਵਿਅਕਤੀ ਇਕ ਵੱਡੀ ਰਾਸ਼ੀ ਦੇ ਲਈ ਬੀਮਿਤ ਹੁੰਦਾ ਹੈ, ਪ੍ਰੀਮੀਅਮ ਵੀ ਬਹੁਤ ਵੱਡਾ ਹੁੰਦਾ ਹੈ। ਜੇਕਰ ਉਸ ਵਿਅਕਤੀ ਨੂੰ ਕੁਝ ਨਹੀਂ ਹੁੰਦਾ ਤਾਂ ਕੰਪਨੀ ਨੂੰ ਇਕ ਵੱਡਾ ਲਾਭ ਹੋਵੇਗਾ ਅਤੇ ਜੇਕਰ ਉਹ ਘਟਨਾ ਹੋ ਜਾਂਦੀ ਹੈ ਤਾਂ ਉਸ ਨੂੰ ਇਕ ਭਾਰੀ ਨੁਕਸਾਨ ਹੋਵੇਗਾ।

ਅਜਿਹੇ ਮਾਮਲੇ ਵਿੱਚ ਬੀਮਾ ਕੰਪਨੀ ਖਤਰੇ ਵਿੱਚ ਅਪਣਾਉਂਦੀ ਹੈ ਜਿਸ ਨੂੰ **ਪੁਨਰ ਬੀਮਾ** (re-insurance) ਵੀ ਕਹਿੰਦੇ ਹਨ। ਜਦੋਂ ਕੰਪਨੀ ਇਕ ਵਿਅਕਤੀ ਦੇ ਕੌਸ਼ਲ ਦਾ ਬੀਮਾ ਕਰਦੀ ਹੈ ਤਾਂ ਇਸ ਨੂੰ ਇਕ ਵੱਡੀ ਸੰਖਿਆ ਵਿੱਚ ਉਪ-ਪਾਲਿਸੀ ਵਿੱਚ ਵੰਡ ਕਰਕੇ ਹੋਰ ਕੰਪਨੀਆਂ ਦੇ ਨਾਲ ਪਾਲਿਸੀ ਦੀ ਹਿੱਸੇਦਾਰੀ ਕਰਦੀ ਹੈ। ਹਰੇਕ ਕੰਪਨੀ ਨੂੰ ਪ੍ਰੀਮੀਅਮ ਦਾ ਇਕ ਹਿੱਸਾ ਮਿਲਦਾ ਹੈ ਅਤੇ ਭੁਗਤਾਨ ਜਾਂ ਦਾਅਵਾ (claim) ਵੀ ਬਰਾਬਰ ਵੰਡ ਹੁੰਦਾ ਹੈ, ਜੇਕਰ ਉਹ ਘਟਨਾ ਹੋ ਜਾਂਦੀ ਹੈ। ਖਤਰੇ ਵਿੱਚ ਹਿੱਸੇਦਾਰੀ ਦਾ ਸਭ ਤੋਂ ਪਹਿਲਾ ਪ੍ਰਸਿੱਧ ਉਦਾਹਰਣ ਲੰਦਨ ਵਿੱਚ **ਲਾਅਡ ਦਾ ਬੀਮਾ ਬਾਜ਼ਾਰ** (Lioyd's Insurance Market, London) ਹੈ, ਹਜ਼ਾਰਾਂ ਸਿੰਡੀਕੇਟ ਜਾਂ ਬੀਮਾ ਕੰਪਨੀਆਂ ਜਿਸ ਦੇ ਮੈਂਬਰ ਹਨ ਅਤੇ ਹਰੇਕ ਸਿੰਡੀਕੇਟ ਅੱਗੇ 20 ਮੈਂਬਰਾਂ ਵਿੱਚ ਵੰਡਿਆ ਗਿਆ ਹੈ। ਇਸ ਤਰ੍ਹਾਂ ਇਕ ਵੱਡੀ ਰਾਸ਼ੀ ਦੇ ਵਿਅਕਤੀਗਤ ਬੀਮਾ ਨੂੰ ਵੰਡ ਅਤੇ ਉਪ-ਵੰਡ ਕਰਕੇ ਖਤਰੇ ਵਿੱਚ ਹਿੱਸੇਦਾਰੀ ਕੀਤੀ ਜਾਂਦੀ ਹੈ। ਸਿੰਡੀਕੇਟਾਂ ਅਤੇ ਉਨ੍ਹਾਂ ਦੇ ਮੈਂਬਰਾਂ ਵਿੱਚ ਬਰਾਬਰ ਅਨੁਪਾਤ ਵਿੱਚ ਪ੍ਰੀਮੀਅਮ ਦੀ ਵੰਡ ਕਰਕੇ, ਬੀਮੇ ਦਾ ਖਤਰਾ ਇੰਨਾ ਘੱਟ ਹੋ ਜਾਂਦਾ ਹੈ ਕਿ ਭੁਗਤਾਨ ਦਾ ਦਾਅਵਾ ਜੇਕਰ ਘਟਨਾ ਹੋ ਜਾਂਦੀ ਹੈ ਤਾਂ ਬਹੁਤ ਥੋੜ੍ਹਾ ਰਹਿ ਜਾਂਦਾ ਹੈ।

ਬੀਮੇ ਦੀਆਂ ਸਮੱਸਿਆਵਾਂ (Problems of Insurance)

ਦੋ ਮੁੱਖ ਸਮੱਸਿਆਵਾਂ ਹਨ ਜਿਨ੍ਹਾਂ ਦਾ ਸਾਹਮਣਾ ਬੀਮਾ ਕੰਪਨੀਆਂ ਨੂੰ ਕਰਨਾ ਹੁੰਦਾ ਹੈ। ਉਹ ਨੈਤਿਕ ਅਤੇ ਪ੍ਰਤੀਕੂਲ ਚੋਣਾਂ ਹਨ ਜਿਨ੍ਹਾਂ ਦੀ ਵਿਆਖਿਆ ਹੇਠ ਲਿਖੀ ਹੈ-

1. ਨੈਤਿਕ ਡਰ (Moral Hazard)

ਨੈਤਿਕ ਡਰ ਦੀ ਸਮੱਸਿਆ ਪੈਦਾ ਹੁੰਦੀ ਹੈ ਜਦੋਂ ਇਕ ਵਿਅਕਤੀ ਜਿਸ ਦਾ ਬਿਮਾਰੀ, ਅੱਗ ਜਾਂ ਕਾਰ ਦੁਰਘਟਨਾ ਦੇ ਲਈ ਬੀਮਾ ਹੋਇਆ ਹੈ, ਜਿਹੋ ਜਿਹਾ ਵਿਵਹਾਰ ਕਰਦਾ ਹੈ ਜਿਸ ਨਾਲ ਉਸ ਘਟਨਾ ਦੇ ਹੋਣ ਦੀ ਸੰਭਾਵਨਾ ਪੈਦਾ ਹੋਵੇ। ਅਜਿਹੇ ਮਾਮਲਿਆਂ ਵਿੱਚ ਨੁਕਸਾਨ ਵਿਅਕਤੀ ਤੋਂ ਬੀਮਾ ਕੰਪਨੀ ਨੂੰ ਤਬਦੀਲ ਹੋ ਜਾਂਦੀ ਹੈ ਜਿਸ ਨੂੰ ਵਧੇ ਹੋਏ ਦਾਅਵਿਆਂ ਨੂੰ ਸਹਿਣਾ ਪੈਂਦਾ ਹੈ। ਨੈਤਿਕ ਡਰ ਹੁੰਦਾ ਹੈ ਜਦੋਂ ਇਕ ਵਿਅਕਤੀ ਆਪਣੀ ਕਾਰ ਜ਼ਿਆਦਾ ਲਾਪ੍ਰਵਾਹੀ ਨਾਲ ਚਲਾਉਂਦਾ ਹੈ ਜਾਂ ਇਸ ਨੂੰ ਚੋਰੀ ਤੋਂ ਬਚਾਉਣ ਦੇ ਲਈ ਤਾਲਾ ਲਗਾਉਣ ਵਿੱਚ ਲਾਪ੍ਰਵਾਹੀ ਕਰਦਾ ਹੈ ਜਿਸ ਨਾਲ ਦੁਰਘਟਨਾ ਜਾਂ ਚੋਰੀ ਦੀ ਸੰਭਾਵਨਾ ਜ਼ਿਆਦਾ ਹੋ ਜਾਵੇ। ਇਸੇ ਤਰ੍ਹਾਂ ਮਕਾਨ ਮਾਲਕ ਜਾਂ ਫਰਮ ਅਗਨੀ ਬੀਮਾ ਦੇ ਨਾਲ ਅੱਗ ਸੂਚਕ ਯੰਤਰ ਨਹੀਂ ਲਗਾਉਂਦੀ, ਜਿਸ ਨਾਲ ਅੱਗ ਦੀ ਸੰਭਾਵਨਾ ਵੱਧ ਜਾਂਦੀ ਹੈ। ਸਿਹਤ ਦੇ ਲਈ ਇਕ ਬੀਮਾ ਧਾਰਕ ਵਿਅਕਤੀ ਲਗਾਤਾਰ ਸਿਗਰੇਟ ਦਾ ਨਸ਼ਾ (Chain smoking) ਕਰਦਾ ਹੈ ਅਤੇ ਇਸ ਤਰ੍ਹਾਂ ਬੀਮਾਰ ਪੈਣ ਦੀ ਸੰਭਾਵਨਾ ਵਧਾ ਲੈਂਦਾ ਹੈ। ਸਾਰੇ ਹੋਰ ਬਰਾਬਰ ਮਾਮਲਿਆਂ ਵਿੱਚ ਪਾਲਿਸੀ ਧਾਰਕ ਦਾ ਵਿਵਹਾਰ ਤਬਦੀਲ ਹੋ ਜਾਂਦਾ ਹੈ। ਉਹ ਬੀਮਾ ਨਾ ਹੋਣ ਦੀ ਸਥਿਤੀ ਤੋਂ ਜ਼ਿਆਦਾ ਖਤਰਾ ਲੈਂਦਾ ਹੈ। ਅਜਿਹਾ ਨੈਤਿਕ ਡਰ ਦੀ ਸਮੱਸਿਆ ਦੇ ਕਾਰਨ ਹੁੰਦਾ ਹੈ ਕਿ ਬੀਮਾ ਕੰਪਨੀਆਂ ਅਨੁਕੂਲ ਜਾਂ ਇਮਾਨਦਾਰੀ ਸੰਭਾਵਨਾ (favourable or fair odds) 'ਤੇ ਪ੍ਰੀਮੀਅਮ ਪੇਸ਼ ਨਹੀਂ ਕਰਦੀਆਂ ਹਨ। ਉਹ ਨੈਤਿਕ ਡਰ ਦੀ ਸਮੱਸਿਆ ਨੂੰ ਘੱਟ ਕਰਨ ਜਾਂ ਰੋਕਣ ਦੇ ਲਈ ਬੀਮਾ ਖਰੀਦਣ ਦੀ ਸ਼ਰਤ ਵਿੱਚ ਵਿਅਕਤੀ (ਜਾਂ ਫਰਮ) ਤੋਂ ਕੁਝ ਵਿਸ਼ੇਸ਼ ਤਰ੍ਹਾਂ ਦੇ ਵਿਵਹਾਰ ਨੂੰ ਸ਼ਾਮਿਲ ਕਰਦੀਆਂ ਹਨ। ਉਦਾਹਰਣ ਦੇ ਤੌਰ 'ਤੇ ਬੀਮਾ ਕੰਪਨੀ ਇਕ ਮਕਾਨ ਮਾਲਿਕ ਜਾਂ ਫਰਮ ਨੂੰ ਬੀਮਾ ਕੇਵਲ ਤਾਂ ਹੀ ਪੇਸ਼ ਕਰ ਸਕਦੀ ਹੈ ਜੇਕਰ ਉਸ ਵਿੱਚ ਇਕ ਅੱਗ ਸੂਚਕ ਯੰਤਰ ਲਗਾਇਆ ਜਾਵੇ, ਇਕ ਵਿਅਕਤੀ ਦੀ ਸਿਹਤ ਦਾ ਬੀਮਾ ਹੋ ਸਕਦਾ ਹੈ ਜੇਕਰ ਸਾਲਾਨਾ ਸਰੀਰਿਕ ਜਾਂ (check-up) ਕੀਤੀ ਜਾਂਦੀ ਹੈ ਅਤੇ ਵਾਰ-ਵਾਰ ਦੁਰਘਟਨਾਗ੍ਰਸਤ ਡਰਾਈਵਰਾਂ ਦਾ ਪ੍ਰੀਮੀਅਮ ਵਧਾਇਆ ਜਾ ਸਕਦਾ ਹੈ ਅਤੇ ਬੀਮਾ ਕੰਪਨੀਆਂ ਅੱਗ, ਬਿਮਾਰੀ ਜਾਂ ਦੁਰਘਟਨਾ ਦੀਆਂ ਸੰਭਾਵਨਾਵਾਂ ਨੂੰ ਘੱਟ ਕਰਕੇ ਬੀਮਾ ਧਾਰਕ ਵਿਅਕਤੀਆਂ ਦੇ ਦਾਅਵਿਆਂ ਦਾ ਭੁਗਤਾਨ ਅਤੇ ਸੰਖਿਆ ਨੂੰ ਘੱਟ ਕਰਦੀਆਂ ਹਨ। ਇਸ ਤਰ੍ਹਾਂ ਉਹ ਘੱਟ ਵਾਰ ਭੁਗਤਾਨ ਕਰਦੀਆਂ ਹਨ ਅਤੇ ਘੱਟ ਪ੍ਰੀਮੀਅਮ ਲੈਂਦੀਆਂ ਹਨ। ਫਿਰ, ਉਨ੍ਹਾਂ ਨੂੰ ਪ੍ਰੀਮੀਅਮ ਅਤੇ ਸੁਰੱਖਿਆ ਖਤਰੇ ਦੀ ਬੀਮੇ ਦੇ ਇਸ਼ਟਤਮ ਯੋਗ ਦੀ ਗਣਨਾ ਕਰਨੀ ਹੁੰਦੀ ਹੈ। ਉਹ ਵੱਖ-ਵੱਖ ਗ੍ਰਾਹਕਾਂ ਨੂੰ ਵੱਖ-ਵੱਖ ਅਨੁਬੰਦ ਪੇਸ਼ ਕਰਦੀਆਂ ਹਨ। ਉਚੇ-ਖਤਰੇ ਵਾਲੇ ਗ੍ਰਾਹਕਾਂ ਤੋਂ ਉਚਾ ਪ੍ਰੀਮੀਅਮ ਲਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਪੂਰੀ ਸੁਰੱਖਿਆ ਮਿਲਦੀ ਹੈ, ਜਦੋਂ ਕਿ ਘੱਟ ਖਤਰੇ ਵਾਲੇ ਗ੍ਰਾਹਕਾਂ ਤੋਂ ਘੱਟ ਪ੍ਰੀਮੀਅਮ ਲਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਕੇਵਲ ਅੰਸ਼ਿਕ ਸੁਰੱਖਿਆ ਪ੍ਰਾਪਤ ਹੋਵੇਗੀ।

ਨੋਟ

ਇਕ ਵਿਅਕਤੀ 'ਤੇ ਵਿਚਾਰ ਜਿਸ ਦੇ ਘਰ ਦਾ ਮੁੱਲ W ਹੈ। ਜੇਕਰ ਅੱਗ ਲੱਗਦੀ ਹੈ ਤਾਂ ਉਨ੍ਹਾਂ ਦਾ ਧਨ ਕੇਵਲ W2 = W-d ਹੁੰਦਾ ਹੈ, ਜਿਸ ਵਿੱਚ d ਘਰ ਦਾ ਮਲਬਾ ਹੈ। ਜੇਕਰ ਉਹ ਵਿਅਕਤੀ $\propto$ 1 ਪ੍ਰੀਮੀਅਮ, ਬੀਮਾ ਕੰਪਨੀ ਨੂੰ ਅੱਗ ਦੇ ਵਿਰੁੱਧ ਦੇ ਕੇ ਘਰ ਦਾ ਬੀਮਾ ਕਰਵਾਉਂਦਾ ਹੈ ਤਾਂ ਇਸ ਦੇ ਬਦਲੇ ਵਿੱਚ ਉਸ ਨੂੰ $\propto_2$ ਭੁਗਤਾਨ ਜਾਵੇਗਾ, ਜੇਕਰ ਘਰ ਨੂੰ ਅੱਗ ਲੱਗਦੀ ਹੈ। ਜੇਕਰ ਅੱਗ ਨਹੀਂ ਲੱਗਦੀ ਤਾਂ ਉਸ ਦਾ ਧਨ $W_1 = W - \propto_1$ ਹੋਵੇਗਾ ਜੋ ਬੀਮਾ ਪ੍ਰੀਮੀਅਮ ਹੈ ਜਿਸ ਦਾ ਉਹ ਭੁਗਤਾਨ ਕਰਦਾ ਹੈ। ਜੇਕਰ ਅੱਗ ਲੱਗਦੀ ਹੈ ਤਾਂ ਉਸ ਦਾ ਧਨ $W_2 = W - d + \propto_2$ ਹੋਵੇਗਾ।

ਇਕ ਬੀਮਾ ਕੰਪਨੀ ਖਤਰਾ ਪ੍ਰਤੀਕੂਲ ਹੋਣ ਦੇ ਕਾਰਨ ਨੈਤਿਕ ਡਰ ਦੀ ਮਾਤਰਾ ਘੱਟ ਕਰਨ ਦੇ ਲਈ ਆਪਣੇ ਗ੍ਰਾਹਕ **ਘੱਟ** ਅਨੁਕੂਲ ਸੰਭਾਵਨਾਵਾਂ (less favourable odds) ਪੇਸ਼ ਕਰਦੀ ਹੈ। ਚਿੱਤਰ 29.2 ਵਿੱਚ ਦਿਖਾਇਆ ਗਿਆ ਹੈ। ਬਿੰਦੂ P ਤੋਂ ਸ਼ੁਰੂ ਕਰੋ ਜੋ ਉਸ ਦਾ ਧਨ ਜਾਂ **ਬਿਨਾਂ** ਬੀਮੇ ਦੇ ਘਰ ਦਾ ਮੁੱਲ ਪ੍ਰਦਰਸ਼ਿਤ ਕਰਦਾ ਹੈ। ਅੱਗ ਦੀ ਸਥਿਤੀ ਵਿੱਚ ਉਸ ਦਾ ਧਨ OF ਤੱਕ ਘੱਟ ਹੋ ਜਾਵੇਗਾ। ਇਹ ਮੰਨ ਲਿਆ ਜਾਂਦਾ ਹੈ ਕਿ **ਅੱਗ ਨਾ ਲਗਾਉਣ** ਦੀ ਸੰਭਾਵਨਾ ਅੱਗ ਦੀ ਸੰਭਾਵਨਾ ਦਾ 3 ਗੁਣਾ ਹੈ ਅਤੇ 3 to 1. ਇਸ ਨੂੰ ਉਸ ਵਿਅਕਤੀ ਦੀ ਬਜਟ ਰੇਖਾ ਦੀ ਢਲਾਣ B_1 ਨਾਲ ਦਿਖਾਇਆ ਗਿਆ ਹੈ ਜੋ 1/3 (3 to 1) ਸੰਭਾਵਨਾ ਪ੍ਰਦਰਸ਼ਿਤ ਕਰਦੀ ਹੈ। ਹੁਣ ਮੰਨਿਆ ਕਿ ਘਰ ਦਾ ਮਾਲਿਕ ਬੀਮਾ ਪਾਲਿਸੀ ਲੈਂਦਾ ਹੈ। ਇਹ ਮੰਨ ਕੇ ਕਿ ਅੱਗ 1 ਤੋਂ 3 (1 to 3) ਸੰਭਾਵਨਾ ਨਾਲ ਲੱਗਦੀ ਹੈ, ਉਹ ਬਿੰਦੂ E ਚੁਣਦਾ ਹੈ, ਜਿਸ 'ਤੇ ਉਸ ਦੀ ਬਜਟ ਰੇਖਾ B_1 ਅਤੇ ਉਦਾਸੀਨਤਾ ਵਕ੍ਰ I_1 ਛੂੰਹਦੇ ਹਨ। ਬਿੰਦੂ E ਘਰ ਦੇ ਮਾਲਿਕ ਦੇ ਲਈ ਇਕ ਖਤਰਾ–ਮੁਕਤ ਬਿੰਦੂ ਹੈ ਜੋ 45° ਡਿਗਰੀ ਰੇਖਾ ਦੇ ਨਾਲ ਹੈ ਕਿਉਂਕਿ $a_1 = NN_1$ ਬੀਮਾ ਪ੍ਰੀਮੀਅਮ ਭੁਗਤਾਨ ਕਰਨ ਦੇ ਬਾਅਦ ਉਸ ਦਾ ਧਨ $W_1 = W - \propto_1$, ਜਾਂ $ON_1 = OF_1$ ਰਹਿ ਜਾਂਦਾ ਹੈ, ਅੱਗ ਲੱਗੇ ਜਾਂ ਨਾ ਲੱਗੇ ਅਤੇ ਉਹ ਘਰ ਦੀ ਅੱਗ ਦੇ ਵਿਰੁੱਧ ਧਿਆਨ ਨਹੀਂ ਦਿੱਤਾ ਅਤੇ ਅੱਗ ਲੱਗਣ ਦੀ ਸੰਭਾਵਨਾ ਸਭ ਤੋਂ ਜ਼ਿਆਦਾ ਹੁੰਦੀ ਹੈ। ਧਿਆਨ ਦਿਓ ਕਿ 45° ਡਿਗਰੀ ਰੇਖਾ ਦੇ W_2 =W ਜਾਂ W-d + $\propto_2$ = W-$\propto_1$ ਹੈ, ਇਸ ਲਈ ਬੀਮਾ ਕੰਪਨੀ ਕਦੀ ਉਸ ਨੂੰ 3 ਤੋਂ 1 ਦੀ ਸੰਭਾਵਨਾ ਪੇਸ਼ ਨਹੀਂ ਕਰੇਗੀ। ਖਤਰਾ ਅਣਇਛੁੱਕ ਹੋਣ ਨਾਲ ਬੀਮਾ ਕੰਪਨੀ ਬੀਮਾ ਪਾਲਿਸੀ ਨੂੰ ਨੈਤਿਕ ਦੇ ਵਿਰੁੱਧ ਆਪਣੀ ਸੁਰੱਖਿਆ ਅਤੇ ਪਾਲਿਸੀ ਵਿੱਚ ਕੁਝ ਸ਼ਰਤਾਂ ਰੱਖ ਕੇ ਘਰ ਦੀ ਪੂਰੇ ਮੁੱਲ ਨਾਲ ਬਹੁਤ ਘੱਟ 'ਤੇ ਬੀਮਾ ਪਾਲਿਸੀ ਵਿਕਰੀ ਕਰਦੀ ਹੈ। ਅਜਿਹੀ ਸਥਿਤੀ ਚਿੱਤਰ 29.2 ਵਿੱਚ ਦਿਖਾਈ ਗਈ ਹੈ। ਜਿੱਥੇ ਘਰ ਦੇ ਮਾਲਿਕ ਦਾ ਸੰਤੁਲਨ ਬਿੰਦੂ R ਹੈ, ਜਿਸ 'ਤੇ ਉਸ ਦੀ ਬਜਟ ਰੇਖਾ B_2 ਅਤੇ ਉਦਾਸੀਨਤਾ ਵਕ੍ਰ I_2 ਇਕ ਦੂਸਰੇ ਨੂੰ ਛੂੰਹਦੀਆਂ ਹਨ। ਇਸ R ਬਿੰਦੂ 'ਤੇ ਉਹ NN_1 ਪ੍ਰੀਮੀਅਮ ਦਾ ਭੁਗਤਾਨ ਕਰਦਾ ਹੈ ਪਰ ਅੱਗ ਲਗਾਉਣ ਦੀ ਸਥਿਤੀ ਵਿੱਚ ਉਸ ਨੂੰ ਪਿਛਲੀ ਬੀਮਾ ਧਾਰਕ ਰਾਸ਼ੀ OF_1 ਦੇ ਬਜਾਏ ਘੱਟ ਬੀਮਾ ਧਾਰਕ ਰਾਸ਼ੀ OF_2 ਦਾ ਭੁਗਤਾਨ ਕੀਤਾ ਜਾਵੇਗਾ।



ਚਿੱਤਰ 29.2

2. ਪ੍ਰਤੀਕੂਲ ਚੋਣ (Adverse Selection)

ਜਦੋਂ ਬੀਮਾ ਕੰਪਨੀ ਹੋਣ ਵਾਲੀ ਘਟਨਾ ਦੀ ਸੰਭਾਵਨਾ ਦੇ ਬਾਰੇ ਗ੍ਰਾਹਕ ਤੋਂ ਘੱਟ ਜਾਣਦੀ ਹੈ ਤਾਂ ਪ੍ਰਤੀਕੂਲ ਚੋਣ ਪੈਦਾ ਹੁੰਦਾ ਹੈ, ਵੈਸੇ ਕਿ ਵਿਅਕਤੀਗਤ ਸਿਹਤ ਬੀਮੇ ਦਾ ਬਾਜ਼ਾਰ। ਇਸ ਵਿੱਚ ਵਿਅਕਤੀ ਆਪਣੀ ਸਿਹਤ ਦੀ ਸਥਿਤੀ ਦੇ ਵਿਸ਼ੇ ਵਿੱਚ ਜਿੰਨਾ ਬੀਮਾ ਕੰਪਨੀ ਉਸ ਦਾ ਬੀਮਾ ਕਰਦੇ ਸਮੇਂ ਮੈਡੀਕਲ ਪ੍ਰੀਖਣ ਤੋਂ ਜਾਣ ਸਕਦੀ ਹੈ, ਉਸ ਤੋਂ ਜ਼ਿਆਦਾ ਜਾਣਦਾ ਹੈ ਅਤੇ ਬੀਮਾ ਕੰਪਨੀ ਰਾਸ਼ਟਰੀ ਔਸਤ 'ਤੇ ਅਧਾਰਿਤ ਪ੍ਰੀਮੀਅਮ ਲੈਂਦੀ ਹੈ। ਇਹ ਸਿਹਤ ਲੋਕਾਂ ਨੂੰ ਬੀਮਾ ਕਰਵਾਉਣ ਦੇ ਲਈ ਸਿਹਤ ਲੋਗਾਂ ਤੋਂ ਜ਼ਿਆਦਾ ਪ੍ਰੇਰਿਤ ਕਰੇਗੀ। ਦੂਸਰੇ ਪਾਸੇ ਸਿਹਤ ਵਿਅਕਤੀ ਸਮਝਦੇ ਹਨ ਕਿ ਉਨ੍ਹਾਂ ਦੇ ਘੱਟ ਵਿਅਕਤੀਗਤ ਖਤਰੇ ਦੀ ਤੁਲਨਾ ਵਿੱਚ ਉਚਾ ਬੀਮਾ ਪ੍ਰੀਮੀਅਮ ਦਾ ਭੁਗਤਾਨ ਕਰਨ ਦੇ ਲਈ ਕਿਹਾ ਜਾ ਰਿਹਾ ਹੈ। ਦੂਸਰੇ ਪਾਸੇ ਸਿਹਤਮੰਦ ਵਿਅਕਤੀ ਸਮਝਦੇ ਹਨ ਕਿ ਉਨ੍ਹਾਂ

ਨੋਟ

ਨੂੰ ਉਨ੍ਹਾਂ ਦੇ ਉਚੇ ਵਿਅਕਤੀਗਤ ਖਤਰੇ ਨਾਲ ਸਬੰਧਿਤ ਇਕ ਘੱਟ ਪ੍ਰੀਮੀਅਮ ਦਾ ਪ੍ਰਸਤਾਵ ਦਿੱਤਾ ਜਾ ਰਿਹਾ ਹੈ। ਨਤੀਜੇ ਵਜੋਂ ਉਚੇ ਖਤਰੇ ਵਾਲੇ ਲੋਕ ਜ਼ਿਆਦਾ ਬੀਮਾ ਕਰਵਾਉਂਦੇ ਹਨ ਅਤੇ ਉਹ ਜਿਨ੍ਹਾਂ ਦਾ ਖਤਰਾ ਘੱਟ ਹੈ, ਬੀਮਾ ਮਨਜ਼ੂਰ ਕਰ ਦਿੰਦੇ ਹਨ। ਇਹ **ਪ੍ਰਤੀਕੂਲ ਚੋਣ** ਦੀ ਸਮੱਸਿਆ ਹੈ ਜੋ ਬੀਮਾ ਕੰਪਨੀ ਨੂੰ ਦੀਵਾਲੀਆ ਕਰ ਦੇਵੇਗੀ ਕਿਉਂਕਿ ਇਸ ਨੂੰ ਸਿਹਤਮੰਦ ਵਿਅਕਤੀਆਂ ਨੂੰ ਉਨ੍ਹਾਂ ਦੀ ਸਿਹਤ ਖਰਚ ਦੇ ਲਈ ਕੁਲ ਬੀਮਾ ਪ੍ਰੀਮੀਅਮ ਤੋਂ ਜ਼ਿਆਦਾ ਭੁਗਤਾਨ ਕਰਨਾ ਹੋਵੇਗਾ। ਇਹ ਬੀਮਾ ਕੰਪਨੀ ਨੂੰ ਬੀਮੇ ਦੀ ਦਰ ਇੰਨੀ ਉਚੀ ਰੱਖਣ ਦੇ ਲਈ ਮਜ਼ਬੂਰ ਕਰ ਦਿੰਦਾ ਹੈ ਕਿ ਬਿਮਾਰ ਲੋਕ ਵੀ ਬੀਮਾ ਕਰਵਾਉਣਾ ਬੰਦ ਕਰ ਦਿੰਦੇ ਹਨ, ਜਦੋਂ ਉਹ ਪਾਉਂਦੇ ਹਨ ਕਿ ਕਿਸੇ ਬਿਮਾਰੀ ਦੇ ਲਈ ਵਿਅਕਤੀਗਤ ਭੁਗਤਾਨ ਬੀਮਾ ਪ੍ਰੀਮੀਅਮ ਤੋਂ ਘੱਟ ਹੈ।

ਪ੍ਰਤੀਕੂਲ ਚੋਣ ਦੀ ਸਮੱਸਿਆ ਨੂੰ ਹੱਲ ਕਰਨ ਲਈ ਬੀਮਾ ਕੰਪਨੀਆਂ ਵੱਖ-ਵੱਖ ਸਮੂਹਾਂ ਕਾਰੋਬਾਰਾਂ ਦੇ ਲਈ ਹਰੇਕ ਸਮੂਹ ਵਿੱਚ ਖਤਰੇ ਦੀ ਪ੍ਰਕਿਰਤੀ 'ਤੇ ਅਧਾਰਿਤ ਵੱਖ-ਵੱਖ ਪ੍ਰੀਮੀਅਮ ਲੈਂਦੀਆਂ ਹਨ। ਇਸ ਤਰ੍ਹਾਂ ਬਦਲੇ 'ਚ ਘੱਟ ਖਤਰਾ ਸਮੂਹ ਵਿੱਚ ਖਤਰੇ ਦੀ ਤੁਲਨਾ ਵਿੱਚ ਉਚੇ ਖਤਰੇ ਸਮੂਹ ਤੋਂ ਵੱਖ ਪ੍ਰੀਮੀਅਮ ਲਿਆ ਜਾਂਦਾ ਹੈ। ਪਹਿਲਾਂ ਸਮੂਹ ਤੋਂ ਘੱਟ ਪ੍ਰੀਮੀਅਮ ਅਤੇ ਦੂਸਰੇ ਸਮੂਹ ਤੋਂ ਉਚੀ ਪ੍ਰੀਮੀਅਮ ਦਰ ਲਈ ਜਾਂਦੀ ਹੈ। ਵਿਵਹਾਰ ਵਿੱਚ ਵੱਖ-ਵੱਖ ਆਮਦਨ ਸਮੂਹਾਂ ਦੇ ਵਿਅਕਤੀਆਂ ਤੋਂ ਬੀਮਾ ਦਾ ਸਮਾਂ ਅਤੇ ਪਏ ਜਾਣ ਵਾਲੇ ਖਤਰੇ 'ਤੇ ਅਧਾਰਿਤ ਵੱਖ-ਵੱਖ ਦਰਾਂ ਲਈਆਂ ਜਾਂਦੀਆਂ ਹਨ। ਬੀਮਾ ਕੰਪਨੀ ਪ੍ਰਤੀਕੂਲ ਚੋਣ ਦੀ ਸਮੱਸਿਆ ਦਾ ਹੱਲ ਲੋਗਾਂ ਦੇ ਦੋਨਾਂ ਸਮੂਹਾਂ ਦੇ ਲਈ ਵੱਖ-ਵੱਖ ਦਰਾਂ ਨਿਰਧਾਰਿਤ ਕਰਕੇ ਕਰਦੀਆਂ ਹਨ, ਜਿਵੇਂ ਕਿ ਚਿੱਤਰ 29.3 ਵਿੱਚ ਦਿਖਾਇਆ ਗਿਆ ਹੈ। ਹਰੇਕ ਦੇ ਕੋਲ OM ਧਨ ਰਾਸ਼ੀ ਹੈ ਜੋ ਬਿਮਾਰੀ ਦੀ ਸਥਿਤੀ ਵਿੱਚ ਮੈਡੀਕਲ ਖਰਚੇ ਦੇ ਲਈ OA ਤੱਕ ਘੱਟ ਹੋ ਜਾਂਦੀ ਹੈ। ਸਿਹਤਮੰਦ ਵਿਅਕਤੀਆਂ ਦੀ 3 ਤੋਂ 1 ਜਾਂ 0.25 ਬਿਮਾਰੀ ਦੀ ਸੰਭਾਵਨਾ ਅਤੇ ਬਿਮਾਰ ਵਿਅਕਤੀਆਂ ਦੀ 1 ਤੋਂ 1 (0.50) ਬਿਮਾਰੀ ਦੀ ਸੰਭਾਵਨਾ ਹੁੰਦੀ ਹੈ। ਇਸ ਮਾਨਤਾ 'ਤੇ ਸਿਹਤਮੰਦ ਵਿਅਕਤੀਆਂ ਦੀ ਬਜਟ ਰੇਖਾ B_H ਹੈ ਜੋ ਬਿੰਦੂ E 'ਤੇ ਉਨ੍ਹਾਂ ਦੇ ਉਦਾਸੀਨਤਾ ਵਕ੍ਰ I_H ਨੂੰ ਛੂੰਹਦੀ ਹੈ ਅਤੇ ਸਿਹਤਮੰਦ ਵਿਅਕਤੀਆਂ ਦੀ B_U ਰੇਖਾ ਹੈ ਜੋ ਬਿੰਦੂ T 'ਤੇ ਉਨ੍ਹਾਂ ਦੇ I_U ਵਕ੍ਰ ਨੂੰ ਛੂੰਹਦੀ ਹੈ। ਬੀਮਾ ਨਿਯਮ ਦੇ ਅਨੁਸਾਰ ਕੰਪਨੀ ਨੂੰ ਸਿਹਤਮੰਦ ਵਿਅਕਤੀਆਂ ਨੂੰ 3.1 ਦੀ ਸੰਭਾਵਨਾ ਦੇ ਅਨੁਸਾਰ T ਬਿੰਦੂ 'ਤੇ ਬੀਮਾ ਲੈਣਾ ਚਾਹੀਦਾ ਹੈ ਅਤੇ ਬਿਮਾਰ ਵਿਅਕਤੀਆਂ ਨੂੰ 1:1 ਦੀ ਸੰਭਾਵਨਾ ਦੇ ਅਨੁਸਾਰ ਬਿੰਦੂ E 'ਤੇ ਬੀਮਾ ਲੈਣਾ ਚਾਹੀਦਾ ਹੈ ਪਰ ਬੀਮਾ ਕੰਪਨੀ ਇਹ ਦੋ ਅਲੱਗ-ਅਲੱਗ ਪਾਲਿਸੀ ਨਹੀਂ ਕਰ ਸਕਦੀ ਕਿਉਂਕਿ ਇਹ ਦੋਨੋਂ ਸਮੂਹਾਂ ਵਿੱਚ ਅੰਤਰ ਨਹੀਂ ਕਰ ਸਕਦੀ ਅਤੇ ਇਹ



ਚਿੱਤਰ 29.3

ਦੋਨੋਂ ਸਮੂਹਾਂ ਨਾਲ ਬਰਾਬਰ ਪ੍ਰੀਮੀਅਮ ਵਸੂਲ ਕਰਦੀ ਹੈ। ਨਤੀਜੇ ਵਜੋਂ ਬਿਮਾਰ ਵਿਅਕਤੀ ਬਿੰਦੂ E 'ਤੇ 3:1 ਦੀ ਅਨੁਕੂਲ ਸੰਭਾਵਨਾ 'ਤੇ ਬੀਮਾ ਕਰਵਾਉਣਗੇ ਅਤੇ ਜਦੋਂ ਕੰਪਨੀ ਵੱਲੋਂ OC ਰਾਸ਼ੀ ਦੇ ਬਿਮਾਰੀ ਦੇ ਦਾਅਵਿਆਂ ਦਾ ਭੁਗਤਾਨ ਕਰਨਾ ਪਵੇਗਾ ਤਾਂ ਕੰਪਨੀ ਨੂੰ ਦੀਵਾਲੀਆ ਕਰ ਦੇਣਗੇ। ਇਸ ਸਥਿਤੀ ਵਿੱਚ ਕੰਪਨੀ ਦੋ ਪਾਲਿਸੀਆਂ ਦਾ ਪ੍ਰਸਤਾਵ ਰੱਖਦੀ ਹੈ। ਇਸ ਸਿਹਤਮੰਦ ਲੋਕਾਂ ਦੇ 3:1 ਸੰਭਾਵਨਾ MP ਪ੍ਰੀਮੀਅਮ ਦਾ। ਉਹ ਵਕ੍ਰ I_{H1} ਦੇ ਬਿੰਦੂ S 'ਤੇ ਹੋਣਗੇ ਜੋ ਉਨ੍ਹਾਂ ਦੀ ਬਜਟ ਰੇਖਾ B_H ਨੂੰ ਛੂੰਹਦੀ ਹੈ। ਬਿਮਾਰੀ ਦੀ ਸਥਿਤੀ ਵਿੱਚ ਕੰਪਨੀ ਦਾਅਵੇ ਦੇ ਰੂਪ ਵਿੱਚ ਇਸ ਸਮੂਹ ਨੂੰ OB ਭੁਗਤਾਨ ਕਰੇਗੀ। ਬਿਮਾਰ ਵਿਅਕਤੀਆਂ ਦੇ ਲਈ ਇਹ 1:1 ਸੰਭਾਵਨਾ 'ਤੇ ਬਿੰਦੂ T 'ਤੇ MP_1 ਪ੍ਰੀਮੀਅਮ ਲਵੇਗੀ ਅਤੇ ਇਸ ਸਮੂਹ ਨੂੰ ਕੰਪਨੀ OC ਭੁਗਤਾਨ ਕਰੇਗੀ। ਇਹ ਨਤੀਜਾ ਸਿਰਫ ਇਕ ਸੰਭਵ ਸੰਤੁਲਨ ਹੈ। ਇਹ ਸੰਭਵ ਹੈ ਜੇਕਰ ਬੀਮਾ ਕੰਪਨੀ ਵਾਰ-ਵਾਰ ਦੇ ਮੈਡੀਕਲ ਪ੍ਰੀਖਣ ਅਤੇ ਪਿਛਲਾ ਸਿਹਤਮੰਦ ਇਤਿਹਾਸ (past health history) ਦੇ ਨਾਲ ਸਿਹਤਮੰਦ ਅਤੇ ਬਿਮਾਰ ਲੋਕਾਂ ਦੇ ਬਾਰੇ ਜਾਣ ਸਕਣ ਦੀ ਸਮਰਥਾ ਰੱਖਦੀ ਹੈ।

ਨੋਟ

ਕੀ ਤੁਸੀਂ ਜਾਣਦੇ ਹੋ	ਬੀਮਾ ਕੰਪਨੀ ਦਾ ਕੰਮ ਕਿਸੇ ਅਨਿਸ਼ਚਿਤ ਘਟਨਾ ਦੇ ਕਾਰਨ ਹਾਨੀ ਦੀ ਘਟਨਾ ਵਿੱਚ ਨਿਸ਼ਚਿਤ ਪ੍ਰਦਾਨ ਕਰਨਾ ਹੁੰਦਾ ਹੈ।

29.2 ਬੀਮਾ ਅਤੇ ਜੂਏ ਵਿੱਚ ਚੋਣ : ਫ੍ਰੀਡਮੈਨ-ਸੈਵੇਜ ਪਰਿਕਲਪਨਾ (Choice between Insurance and Gambling : Friedman-Savage Hypothesis)

ਕੁਝ ਖਤਰੇ ਅਣਇਛੁੱਕ ਵਿਅਕਤੀ ਹੁੰਦੇ ਹਨ ਜੋ ਆਪਣਾ ਸਮਾਂ ਬੀਮਾ ਸੁਰੱਖਿਆ ਦਾ ਪੁਨਰਾਵਲੋਕਨ ਕਰਦੇ ਹੋਏ ਬਿਤਾਉਂਦੇ ਹਨ ਅਤੇ ਕੈਸੀਨੋ ਵਿੱਚ ਜੂਏ ਵਿੱਚ ਰੁੱਝੇ ਰਹਿੰਦੇ ਹਨ। ਇਹ ਇਕ ਵਿਰੋਧ ਦੀ ਭਾਵਨਾ ਮਹਿਸੂਸ ਹੁੰਦੀ ਹੈ ਕਿਉਂਕਿ ਇਹ ਵਿਵਹਾਰ ਸੰਕੇਤ ਦਿੰਦਾ ਹੈ ਕਿ ਲੋਕ ਇਕੱਠਾ ਖਤਰਾ ਅਣਇਛੁੱਕ (risk averse) ਅਤੇ ਖਤਰਾ ਪਸੰਦ (risk loving) ਹੁੰਦੇ ਹਨ। ਅਸਲ ਵਿੱਚ ਕੋਈ ਵਿਰੋਧ ਦੀ ਭਾਵਨਾ ਨਹੀਂ ਹੈ ਕਿਉਂਕਿ ਅਜਿਹਾ ਵਿਵਹਾਰ ਬੀਮਾ ਜੋ ਖਰੀਦਿਆ ਜਾ ਸਕਦਾ ਹੈ ਉਸ ਦੀ ਪ੍ਰਕਿਰਤੀ ਅਤੇ ਲਾਗਤ 'ਤੇ ਅਤੇ ਜੂਏ ਦੇ ਖੇਡ 'ਤੇ ਨਿਰਭਰ ਕਰਦਾ ਹੈ।

ਜਦੋਂ ਇਕ ਵਿਅਕਤੀ ਇਕ ਬੀਮਾ ਪਾਲਿਸੀ ਲੈਂਦਾ ਹੈ ਤਾਂ ਉਹ ਖਤਰੇ ਤੋਂ ਬਚਣ ਜਾਂ ਉਸ ਤੋਂ ਦੂਰ ਰਹਿਣ ਦਾ ਯਤਨ ਕਰਦਾ ਹੈ, ਪਰ ਜਦੋਂ ਉਹ ਲਾਟਰੀ ਦਾ ਟਿਕਟ ਲੈਂਦਾ ਹੈ ਤਾਂ ਉਸ ਨੂੰ ਇਕ ਵੱਡੇ ਲਾਭ ਦਾ ਛੋਟਾ ਮੌਕਾ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਉਹ ਖਤਰੇ ਚੁੱਕਦਾ ਹੈ। ਕੁਝ ਲੋਕ ਬੀਮਾ ਅਤੇ ਜੂਏ ਦੋਨਾਂ ਵਿੱਚ ਸ਼ਾਮਿਲ ਹੁੰਦੇ ਹਨ ਇਸ ਤਰ੍ਹਾਂ ਉਹ ਖਤਰੇ ਲੈਂਦੇ ਹਨ ਅਤੇ ਉਸ ਤੋਂ ਬਚਦੇ ਵੀ ਹਨ। ਕਿਉਂਕਿ? ਉਤਰ **ਫ੍ਰੀਡਮੈਨ-ਸੈਵੇਜ ਪ੍ਰੀਕਲਪਨਾ** ਨਾਲ ਦਿੱਤਾ ਗਿਆ ਹੈ। ਇਹ ਦੱਸਦੀ ਹੈ ਕਿ ਮੁਦਰਾ ਦੀ ਆਮਦਨ ਦੇ ਲਈ ਸੀਮਿਤ ਉਪਯੋਗਤਾ ਕਿਸੇ ਪੱਧਰ ਤੋਂ ਹੇਠਾਂ ਘੱਟਦੀ ਹੈ। ਇਹ ਆਮਦਨ ਦੇ ਉਸ ਪੱਧਰ ਅਤੇ ਕਿਸੇ ਉਚੇ ਪੱਧਰ ਦੇ ਮੱਧ ਵਿੱਚ ਵੱਧਦੀ ਹੈ ਅਤੇ ਪੁਨਰ ਉਸ ਉਚੇ ਪੱਧਰ ਦੇ ਉਪਰ ਸਾਰੀ ਆਮਦਨ ਦੇ ਲਈ ਘੱਟ ਹੋ ਜਾਂਦੀ ਹੈ। ਇਹ ਚਿੱਤਰ 29.4 ਵਿੱਚ ਕੁੱਲ ਉਪਯੋਗਤਾ



ਚਿੱਤਰ 29.4

ਵਕ੍ਰ TU ਦੇ ਰੂਪ ਵਿੱਚ ਦਿਖਾਇਆ ਗਿਆ ਹੈ ਜਿਸ ਵਿੱਚ ਉਪਯੋਗਤਾ ਅਨੁਲੰਬ ਅਕਸ਼ 'ਤੇ ਅਤੇ ਆਮਦਨ ਕਸ਼ੈਤਿਜ ਅਕਸ਼ 'ਤੇ ਦਿਖਾਈ ਗਹੀ ਹੈ। ਮੰਨਿਆ ਇਕ ਵਿਅਕਤੀ ਆਪਣੇ ਘਰ ਦੇ ਲਈ ਅੱਗ ਲਾਲ ਭਾਰੀ ਨੁਕਸਾਨ ਦੇ ਇਕ ਛੋਟੇ ਮੌਕੇ ਦੇ ਵਿਰੁੱਧ ਬੀਮਾ ਕਰਵਾਉਂਦਾ ਹੈ ਅਤੇ ਇਕ ਲਾਟਰੀ ਟਿਕਟ ਵੀ ਖਰੀਦਦਾ ਹੈ ਜੋ ਇਕ ਵੱਡੀ ਜਿੱਤ ਦਾ ਛੋਟਾ ਮੌਕਾ ਪ੍ਰਦਾਨ ਕਰਦਾ ਹੈ। ਇਕ ਵਿਅਕਤੀ ਦਾ ਜੋ ਅਜਿਹਾ ਵਿਰੋਧ ਦੀ ਭਾਵਨਾ ਦਾ ਵਿਵਹਾਰ ਫ੍ਰੀਡਮੈਨ ਅਤੇ ਸੈਵੇਜ ਵੱਲੋਂ ਇਕ ਕੁੱਲ ਉਪਯੋਗਤਾ ਵਕ੍ਰ ਨਾਲ ਦਿਖਾਇਆ ਗਿਆ ਹੈ। ਅਜਿਹਾ ਇਕ ਵਕ੍ਰ ਪਹਿਲਾਂ ਇਕ ਘੱਟਦੀ ਹੋਈ ਦਰ 'ਤੇ ਉਪਰ ਜਾਂਦਾ ਹੈ ਜਿਸ ਨਾਲ ਕਿ ਮੁਦਰਾ ਦੀ ਸੀਮਿਤ ਉਪਯੋਗਤਾ ਘੱਟ ਹੁੰਦੀ ਜਾਂਦੀ ਹੈ ਅਤੇ ਉਦੋਂ ਇਹ ਇਕ ਵੱਧਦੀ ਦਰ 'ਤੇ ਉਪਰ ਵੱਲ ਜਾਂਦਾ ਹੈ ਜਿਸ ਨਾਲ ਕਿ ਆਮਦਨ ਦੀ ਸੀਮਿਤ ਉਪਯੋਗਤਾ ਵੱਧਦੀ ਹੈ ਚਿੱਤਰ 29.4 ਵਿੱਚ ਵਕ੍ਰ TU ਪਹਿਲਾਂ ਬਿੰਦੂ F_1 ਤੱਕ ਹੇਠਾਂ ਵੱਲ ਝੁਕਦੇ ਹੋਏ ਵੱਧਦਾ ਹੈ ਅਤੇ ਉਦੋਂ ਬਿੰਦੂ K_1 ਤੱਕ ਉਪਰ ਵੱਲ ਝੁਕਦੇ ਹੋਏ ਵੱਧਦਾ ਹੈ। ਮੰਨਿਆ ਇਕ ਵਿਅਕਤੀ ਦੀ ਆਪਣੇ ਘਰ ਨਾਲ ਆਮਦਨ, **ਅੱਗ ਤੋਂ ਬਿਨਾਂ** FF_1 ਉਪਯੋਗਤਾ ਦੇ ਨਾਲ OF ਹੈ। ਹੁਣ ਉਹ ਅੱਗ ਦੇ ਖਤਰੇ ਤੋਂ ਬਚਣ ਦੇ ਲਈ ਬੀਮਾ ਕਰਵਾਉਂਦਾ ਹੈ। ਜੇਕਰ ਅੱਗ ਨਾਲ ਘਰ ਸੜ ਜਾਂਦਾ ਹੈ ਤਾਂ ਉਸ ਦੀ ਆਮਦਨ AA_1 ਉਪਯੋਗਤਾ ਦੇ ਨਾਲ OA ਤੱਕ ਘੱਟ ਜਾਂਦੀ ਹੈ। ਬਿੰਦੂ A_1 ਅਤੇ F_1 ਨੂੰ ਮਿਲਾ

ਨੋਟ ਕੇ ਅਸੀਂ ਦੋ ਨਿਸ਼ਚਿਤ ਆਮਦਨ ਸਥਿਤੀਆਂ ਦੇ ਮੱਧ ਉਪਯੋਗਤਾ ਬਿੰਦੂਆਂ ਨੂੰ ਪ੍ਰਾਪਤ ਕਰਦੇ ਹਨ। ਜੇਕਰ **ਅੱਗ ਨਾ** ਲੱਗਣ ਦੀ ਸੰਭਾਵਨਾ P ਹੈ, ਤਾਂ ਇਸ ਵਿਅਕਤੀ ਦੀ ਤੁਲਨਾ ਵਿੱਚ ਆਮਦਨ ਹੈ,

$$Y= P (OF) + (1 – P) (OA)$$

ਮੰਨ ਲਓ ਕਿ ਵਿਅਕਤੀ ਦੀ ਜ਼ਰੂਰੀ ਆਮਦਨ (Y), OE ਹੈ, ਤਾਂ A_1F_1 ਬਿੰਦੂਕਿਤ ਰੇਖਾ 'ਤੇ ਇਸ ਦੀ ਉਪਯੋਗਤਾ EE_1 ਹੈ। ਹੁਣ ਮੰਨਿਆ ਕਿ ਬੀਮਾ ਦੀ ਲਾਗਤ (ਬੀਮਾ ਪ੍ਰੀਮੀਅਮ) FD ਹੈ। ਇਸ ਤਰ੍ਹਾਂ ਉਸ ਵਿਅਕਤੀ ਦੀ ਬੀਮਾ ਦੇ ਨਾਲ ਨਿਸ਼ਚਿਤ ਆਮਦਨ OD (=OF – FD) ਹੈ ਜੋ ਉਸ ਨੂੰ ਅੱਗ ਨਾ ਲੱਗਣ ਦੀ ਸੰਭਾਵਨਾ ਵਾਲੀ ਜ਼ਰੂਰੀ ਆਮਦਨ OE ਤੋਂ EE_1 ਉਪਯੋਗਤਾ ਤੋਂ ਜ਼ਿਆਦਾ ਉਪਯੋਗਤਾ DD_1 ਹੁੰਦੀ ਹੈ। ਇਸ ਲਈ ਉਹ ਵਿਅਕਤੀ ਖਤਰੇ ਤੋਂ ਬਚਣ ਅਤੇ ਮਕਾਨ ਨੂੰ ਅੱਗ ਲੱਗਣ ਦੀ ਸਥਿਤੀ ਵਿੱਚ FD ਪ੍ਰੀਮੀਅਮ ਦੇ ਕੇ ਨਿਸ਼ਚਿਤ ਆਮਦਨ OD ਪਾਉਣ ਦੇ ਲਈ ਬੀਮਾ ਕਰਵਾਉਂਦਾ ਹੈ।

ਅੱਗ ਦੇ ਵਿਰੁੱਧ ਮਕਾਨ ਦਾ ਬੀਮਾ ਕਰਵਾਉਣ ਦੇ ਬਾਅਦ ਉਹ ਵਿਅਕਤੀ ਆਮਦਨ OD ਦੇ ਨਾਲ ਇਕ ਲਾਟਰੀ ਖਰੀਦਣ ਦਾ ਫੈਸਲਾ ਲੈਂਦਾ ਹੈ ਜਿਸ ਦੀ ਕੀਮਤ DB ਹੈ। ਜੇਕਰ ਉਹ ਨਾ ਜਿੱਤੇ ਤਾਂ ਉਸ ਦੀ ਆਮਦਨ BB_1 ਉਪਯੋਗਤਾ ਦੇ ਨਾਲ OB ਤੱਕ ਡਿੱਗ ਜਾਵੇਗੀ। ਜੇਕਰ ਉਹ ਜਿੱਤ ਜਾਵੇ ਤਾਂ ਉਸ ਦੀ ਆਮਦਨ KK_1 ਉਪਯੋਗਤਾ ਦੇ ਨਾਲ OK ਤੱਕ ਵੱਧ ਜਾਵੇਗੀ। ਇਸ ਤਰ੍ਹਾਂ ਉਸ ਦੀ ਜ਼ਰੂਰੀ ਆਮਦਨ, ਲਾਟਰੀ ਨਾ ਜਿੱਤਣ ਦੀ P^1 ਸੰਭਾਵਨਾ ਦੇ ਨਾਲ ਹੈ–

$$Y_1 = P^1 (OB) + (1 – P^1) (OK)$$

ਮੰਨਿਆ ਵਿਅਕਤੀ ਦੀ ਜ਼ਰੂਰੀ ਆਮਦਨ (Y1), OC ਹੈ ਤਾਂ ਇਸ ਦੀ ਉਪਯੋਗਤਾ ਉਪਰੀ ਬਿੰਦੂਕਿਤ ਰੇਖਾ B_1K_1 CC_1 ਹੈ ਜੋ ਉਸ ਨੂੰ ਲਾਟਰੀ ਟਿਕਟ ਖਰੀਦਣ 'ਤੇ ਜ਼ਿਆਦਾ ਉਪਯੋਗਤਾ (CC_1) ਦਿੰਦੀਆਂ ਹਨ ਜੋ ਲਾਟਰੀ ਨਾ ਖਰੀਦਣ ਦੀ DD_1 ਤੋਂ ਜ਼ਿਆਦਾ ਹੈ ਜੇਕਰ ਉਹ ਲਾਟਰੀ ਟਿਕਟ ਨਾ ਖਰੀਦਦਾ। ਇਸ ਲਈ ਉਹ ਆਪਣੀ ਮੁਦਰਾ ਲਾਟਰੀ 'ਤੇ ਲਗਾਏਗਾ।

ਹੁਣ ਅਸੀ TU ਵਕਰ ਉਠਦੇ ਹੋਏ ਭਾਗ F_1K_1 ਵਿੱਚ ਲੋੜ ਕਮਾਈ OG ਲੈਦੇ ਹਾਂ, ਜਦੋਂ ਕਮਾਈ ਦੀ ਸੀਮਾਂਤ ਉਪਯੋਗਿਤਾ ਵੱਧ ਰਹੀ ਹੁੰਦੀ ਹੈ । ਇਸ ਮਾਮਲੇ ਵਿੱਚ, ਲਾਟਰੀ ਟਿਕਟ ਖਰੀਦਣ ਦੀ ਉਪਯੋਗਿਤਾ GG_1 ਹੈ ਜੋ DD_1 ਵਲੋ ਜਿਆਦਾ ਹੈ ਜੇਕਰ ਉਹ ਲਾਟਰੀ ਟਿਕਟ ਨਹੀ ਖਰੀਰਦਾ। ਇਸਲਈ ਉਹ ਆਪਣੀ ਮੁਦਰਾ ਲਾਟਰੀ ਉੱਤੇ ਲਗਾਵੇਗਾ ।

ਅੰਤਿਮ ਚਰਣ ਵਿੱਚ ਜਦੋਂ TU ਵਕ੍ਰ 'ਤੇ K_1T_1 ਖੇਤਰ ਵਿੱਚ ਵਿਅਕਤੀ ਦੀ ਜ਼ਰੂਰੀ ਆਮਦਨ OK ਤੋਂ ਜ਼ਿਆਦਾ ਹੈ ਤਾਂ ਸੀਮਿਤ ਉਪਯੋਗਤਾ ਘੱਟ ਹੋ ਰਹੀ ਹੈ ਅਤੇ ਨਤੀਜੇ ਵਜੋਂ ਉਹ ਅਨੁਕੂਲ ਸੰਭਾਵਨਾਵਾਂ (favourable odds) ਤੋਂ ਇਲਾਵਾ ਲਾਟਰੀ ਟਿਕਟ ਖਰੀਦਣ ਵਿੱਚ ਜਾਂ ਹੋਰ ਖਤਰੇ ਵਾਲੇ ਨਿਵੇਸ਼ਾਂ ਵਿੱਚ ਖਤਰਾ ਲੈਣ ਦਾ ਇਛੁੱਕ ਨਹੀਂ ਹੁੰਦਾ।

ਸਵੈ ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions)–

4. ਬੀਮਾ ਕੰਪਨੀ ਖਤਰੇ ਵਿੱਚ ਅਪਣਾਉਂਦੀ ਹੈ–
   (ਅ) ਭਾਗੀਦਾਰੀ (ਬ) ਹਿੱਸੇਦਾਰੀ (ਸ) ਖਰੀਦਦਾਰੀ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ
5. ਹਰੇਕ ਕੰਪਨੀ ਨੂੰ ਪ੍ਰੀਮੀਅਮ ਦਾ ਮਿਲਦਾ ਹੈ–
   (ਅ) ਦੋ ਹਿੱਸੇ (ਬ) ਇਕ ਹਿੱਸਾ (ਸ) ਤਿੰਨ ਹਿੱਸੇ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ
6. ਖਤਰੇ ਵਿੱਚ ਭਾਗੀਦਾਰੀ ਦਾ ਸਭ ਤੋਂ ਪਹਿਲੀ ਪ੍ਰਸਿੱਧ ਉਦਾਹਰਣ ਲੰਡਨ ਵਿੱਚ ਲਾਅਡ ਦਾ ਹੈ–
   (ਅ) ਹਿੱਸਾ (ਬ) ਬਾਜ਼ਾਰ (ਸ) ਬੀਮਾ ਬਾਜ਼ਾਰ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ
7. ਉਚੇ ਖਤਰੇ ਵਾਲੇ ਲੋਕ ਬੀਮਾ ਕਰਵਾਉਂਦੇ ਹਨ–
   (ਅ) ਜ਼ਿਆਦਾ (ਬ) ਘੱਟ (ਸ) ਬਿਲਕੁਲ ਨਹੀਂ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

29.3 ਪਰਿਸੰਪਤੀ ਪੋਰਟਫੋਲੀਓ ਚੋਣ (Asset Portfolio Selection)

ਇਕ ਨਿਵੇਸ਼ਕ ਕੇਵਲ ਆਪਣੀ ਪ੍ਰੀ-ਸੰਪਤੀ ਦੀ ਸੁਰੱਖਿਆ ਹੀ ਨਹੀਂ ਸਗੋਂ ਆਪਣੀ ਪ੍ਰੀ-ਸੰਪਤੀ 'ਤੇ ਜ਼ਰੂਰੀ ਪ੍ਰਾਪਤੀ ਦਾ ਵਾਧਾ ਅਤੇ ਉਸ ਪ੍ਰਾਪਤੀ ਦੇ ਖਤਰੇ ਨੂੰ ਘੱਟ ਕਰਨ ਵਿੱਚ ਵੀ ਰੁਚੀ ਲੈਂਦਾ ਹੈ। ਉਹ ਆਪਣੀ ਉਨ੍ਹਾਂ ਪ੍ਰੀ-ਸੰਪਤੀਆਂ ਦੇ ਬਾਜ਼ਾਰ ਪੋਰਟਫੋਲੀਓ 'ਤੇ ਨਿਰਭਰ ਕਰਦਾ ਹੈ, ਜਿਨ੍ਹਾਂ ਨੂੰ ਉਹ ਆਪਣੇ ਕੋਲ ਰੱਖਦਾ ਹੈ ਜਾਂ ਜਿਨ੍ਹਾਂ ਦੀ ਚੋਣ ਕਰਦਾ ਹੈ। ਇਕ ਪੋਰਟਫੋਲੀਓ ਦਾ ਸਮੂਹ ਜਾਂ ਕਈ ਸਟਾਕਾਂ ਜਿਵੇਂ ਸ਼ੇਅਰ, ਬਾਂਡ, ਸਕਿਓਰਿਟੀ, ਟ੍ਰੇਜਰੀ ਬਿੱਲ ਆਦਿ ਦਾ ਸੰਗ੍ਰਹਿ ਹੁੰਦਾ ਹੈ। ਜਿਨ੍ਹਾਂ ਦਾ ਸਟਾਕ ਜਾਂ ਵਿੱਤ ਬਾਜ਼ਾਰ ਵਿੱਚ ਵਪਾਰ ਕੀਤਾ ਜਾ ਸਕਦਾ ਹੈ। ਅਜਿਹੀਆਂ ਸਾਰੀਆਂ ਪ੍ਰੀ-ਸੰਪਤੀਆਂ ਖਤਰੇ ਵਾਲੀਆਂ ਹਨ ਕਿਉਂਕਿ ਉਨ੍ਹਾਂ ਦੇ ਭਵਿੱਖ ਦੇ

ਨੋਟ

ਨਤੀਜੇ ਨਿਸ਼ਚਿਤ ਹੁੰਦੇ ਹਨ। ਦੂਸਰੇ ਸ਼ਬਦਾਂ ਵਿੱਚ ਉਨ੍ਹਾਂ ਦੇ ਅਸਲੀ ਨਤੀਜਿਆਂ ਜਾਂ ਪ੍ਰਾਪਤੀਆਂ ਦੀ ਸੰਭਾਵਨਾ ਬਰਾਬਰ ਨਹੀਂ ਹੋ ਸਕਦੀ ਜਿਵੇਂ ਕਿ ਅੰਦਾਜਾ ਲਗਾਇਆ ਜਾਂਦਾ ਹੈ। ਅਸਲੀ ਨਤੀਜੇ ਅੰਦਾਜੇ ਤੋਂ ਵੱਖ ਹੋ ਸਕਦੇ ਹਨ ਅਤੇ ਖਤਰੇ ਨੂੰ ਪਰਿਵਰਤਨ ਜਾਂ ਹਾਨੀ ਦਾ ਮੌਕਾ ਮੰਨਿਆ ਜਾ ਸਕਦਾ ਹੈ। ਪਰਿਵਰਤਨ ਜਾਂ ਹਾਨੀ ਦੇ ਉਚੇ ਮੌਕੇ ਵਾਲੇ ਨਿਵੇਸ਼ ਨੂੰ ਪਰਿਵਰਤਨ ਦੇ ਘੱਟ ਮੌਕੇ ਵਾਲੇ ਨਿਵੇਸ਼ ਤੋਂ ਜ਼ਿਆਦਾ ਖਤਰੇ ਵਾਲਾ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਖਤਰਾ, **ਪਰਿਵਰਤਨ** (variability) ਦੇ ਬਿਖਰਾਵ (dispersion) ਨਾਲ ਸਬੰਧਿਤ ਹੈ।

ਇਕ ਨਿਵੇਸ਼ਕ ਦੇ ਲਈ ਉਸ ਦੀਆਂ ਸੰਪਤੀਆਂ ਤੋਂ ਪ੍ਰਾਪਤੀ, ਲਾਭ ਅੰਸ਼, ਵਿਆਜ, ਬੋਨਸ, ਪ੍ਰੀ-ਸੰਪਤੀਆਂ ਦੇ ਮੁੱਲ ਵਿੱਚ ਵਾਧੇ ਦੇ ਰੂਪ ਵਿੱਚ **ਜ਼ਰੂਰੀ ਨਕਦੀ ਅੰਤਪ੍ਰਵਾਹ** (expected cash inflow) ਹੁੰਦੇ ਹਨ। ਪ੍ਰਾਪਤੀ ਮੂਲ ਨਿਵੇਸ਼ ਰਾਸ਼ੀ 'ਤੇ ਪ੍ਰਤੀਸ਼ਤ ਦੇ ਰੂਪ ਵਿੱਚ ਲਾਭ ਜਾਂ ਹਾਨੀ ਹੋ ਸਕਦੀ ਹੈ। ਇਕਿਵਟੀ ਸ਼ੇਅਰਾਂ ਵਿੱਚ ਨਿਵੇਸ਼ ਦੇ ਸਬੰਧ ਵਿੱਚ ਪ੍ਰਾਪਤੀ ਵਿੱਚ ਲਾਭ ਅੰਸ਼ਾਂ ਅਤੇ ਇਨ੍ਹਾਂ ਸ਼ੇਅਰਾਂ ਦੀ ਵਿਕਰੀ ਦੇ ਸਮੇਂ ਪੂੰਜੀ ਹਾਨੀ ਜਾਂ ਲਾਭ ਸ਼ਾਮਿਲ ਹਨ। ਇਨ੍ਹਾਂ ਪ੍ਰਾਪਤੀਆਂ ਦੇ ਜ਼ਰੂਰੀ ਵਰਤਮਾਨ ਮੁੱਲ ਸਟਾਕ (ਜਾਂ ਸ਼ੇਅਰ) ਦੇ ਧਾਰਕ ਦੀ ਜ਼ਰੂਰੀ ਪ੍ਰਾਪਤੀ ਕਹਾਉਂਦੀ ਹੈ।

ਮੱਧ ਪ੍ਰਸਾਰ ਵਿਸ਼ਲੇਸ਼ਣ (Mean Variance Analysis)

ਨਿਵੇਸ਼ ਦੇ ਇਕ ਪੋਰਟਫੋਲੀਓ ਦੀ ਜ਼ਰੂਰੀ ਦਰ ਉਸ ਪੋਰਟਫੋਲੀਓ ਵਿੱਚ ਵਿਅਕਤੀਗਤ ਨਿਵੇਸ਼ਾਂ ਦੇ ਲਈ ਪ੍ਰਾਪਤੀ ਦੀਆਂ ਜ਼ਰੂਰੀ ਦਰਾਂ ਦਾ ਭਾਰਿਤ ਔਸਤ ਹੁੰਦਾ ਹੈ। ਭਾਰ ਕੁੱਲ ਪੋਰਟਫੋਲੀਓ ਦੇ ਪ੍ਰਤੀਸ਼ਤ ਹੁੰਦੇ ਹਨ। ਪੋਰਟਫੋਲੀਓ ਦੇ ਲਈ ਜ਼ਰੂਰੀ ਪ੍ਰਾਪਤੀ ਦਰ ਇਸ ਤਰ੍ਹਾਂ ਦਿੱਤੀ ਜਾ ਸਕਦੀ ਹੈ।

$$E_{Ri} = \sum_{i=1}^{n} W_i R_i$$

ਜਿੱਥੇ W_i = ਪ੍ਰੀ-ਸੰਪਤੀ i ਵਿੱਚ ਪੋਟਰਫੋਲੀਓ ਦਾ ਭਾਰ ਜਾਂ ਪ੍ਰਤੀਸ਼ਤ

R_i = ਪ੍ਰੀ-ਸੰਪਤੀ i ਦੇ ਲਈ ਪ੍ਰਾਪਤੀ ਦੀ ਜ਼ਰੂਰੀ ਦਰ

ਚਾਰ ਖਤਰੇ ਭਰਪੂਰ ਪ੍ਰੀ-ਸੰਪਤੀਆਂ ਦੇ ਲਈ ਪ੍ਰਾਪਤੀ ਦੀ ਜ਼ਰੂਰੀ ਦਰ ਦੀ ਗਣਨਾ ਤਾਲਿਕਾ 3 ਵਿੱਚ ਦਿਖਾਈ ਗਈ ਹੈ। ਨਿਵੇਸ਼ਾਂ ਦੇ ਇਸ ਪੋਰਟਫੋਲੀਓ ਦੇ ਲਈ ਪ੍ਰਾਪਤੀ ਦੀ ਜ਼ਰੂਰੀ ਦਰ 12 ਪ੍ਰਤੀਸ਼ਤ ਹੈ।

ਜੇਕਰ ਪ੍ਰਾਪਤੀ ਦੀ ਜ਼ਰੂਰੀ ਦਰ (ਮੱਧ) ਦਿੱਤੀ ਗਈ ਹੋਵੇ, ਤਾਂ ਇਕ ਪ੍ਰੀ-ਸੰਪਤੀ ਨਾਲ ਖਤਰੇ ਮਾਨਕ ਵਿਚਲਨ ਜਾਂ ਜ਼ਰੂਰੀ ਪ੍ਰਾਪਤੀਆਂ ਦੇ ਪ੍ਰਸਾਰਣ (standard deviation or variance of expected return) ਨਾਲ ਨਾਪਿਆ ਜਾ ਸਕਦਾ ਹੈ। ਜੇਕਰ ਜ਼ਰੂਰੀ ਦਰਾਂ (ER_i) ਨਾਲ ਦੂਰ ਪ੍ਰਾਪਤੀਆਂ ਦੀ ਸੰਭਵ (R_i) ਦਾ ਪਰਿਵਰਤਨ ਹੁੰਦਾ ਹੈ।

ਮਾਨਕ ਵਿਚਲਨ (σ) ਇਸ ਸਮੀਕਰਨ ਵੱਲੋਂ ਦਿੱਤਾ ਜਾਂਦਾ ਹੈ।

$$\text{Standard Deviation } (\sigma) = \sqrt{\sum_{i=1}^{n} (R_i - E_{Ri})^2 P_i}$$

ਜਿੱਥੇ P_i ਪ੍ਰਾਪਤੀ ਦੀ ਸੰਭਵ ਦਰਾਂ R_i ਦੀ ਸੰਭਾਵਨਾ ਹੈ। ਪ੍ਰਸਾਰ (variance) ਮਾਨਕ ਵਿਚਲਨ ਦਾ ਵਰਗ ਹੁੰਦਾ ਹੈ,

$$\text{ਪ੍ਰਸਾਰਣ (Variance) } (\sigma)^2 = \sum_{i=1}^{n} (R_i - E_{Ri})^2 P_i$$

ਤਾਲਿਕਾ 3: ਇਕ ਪੋਰਟਫੋਲੀਓ ਦੇ ਲਈ ਪ੍ਰਾਪਤੀ ਦੀ ਜ਼ਰੂਰੀ ਦਰਾਂ (Expected Rate of Return for a Portfolio)

ਪ੍ਰੀ-ਸੰਪਤੀਆਂ ਦੀ ਸੰਖਿਆ (1)	W_i (2)	R_i (3)	$W_i \times R_i$ (4)
1	.10	.10	(.10×.10) = .010
2	.20	.11	(.20×.11) = .022
3	.30	.12	(.30×.12) = .036
4	.40	.13	(.40×.13) = .052
			E_{Ri} = 0.120

ਨੋਟ ਖਤਰੇ ਵਾਲੇ ਪ੍ਰੀਸੰਪਤੀ ਦੇ ਪੋਰਟਫੋਲੀਓ ਦੇ ਮਾਨਕ ਵਿਚਲਣ ਅਤੇ ਪ੍ਰਸਾਰਣ ਦੀਆਂ ਪ੍ਰਾਪਤੀਆਂ ਦੀ ਤਾਲਿਕਾ 4 ਵਿੱਚ ਇਸ ਮਾਨਤਾ ਦੇ ਅਧਾਰ 'ਤੇ ਗਿਣਤੀ ਕੀਤੀ ਗਈ ਹੈ ਕਿ (1) ਬਰਾਬਰ ਸੰਭਾਵਨਾਵਾਂ ਹਨ, Pi = .20 ਅਤੇ (2) ਪ੍ਰਾਪਤੀ ਦੀ ਜ਼ਰੂਰੀ ਦਰ R_i = .12.

ਤਾਲਿਕਾ ਇਹ ਦਰਸਾਉਂਦੀ ਹੈ ਕਿ ਪ੍ਰਾਪਤੀ ਦੀ ਪ੍ਰਤੀਸ਼ਤ ਦਰ .12 ਅਤੇ ਸੰਭਾਵਨਾ .20 ਦਿੱਤੀ ਹੋਣ 'ਤੇ ਇਕ ਖਤਰੇ ਭਰਪੂਰ ਪ੍ਰੀਸੰਪਤੀ ਵਾਲੇ ਪੋਰਟਫੋਲੀਓ ਦਾ ਨਾਮਕ ਵਿਚਲਣ (standard deviation) .2 ਹੈ ਅਤੇ ਇਸ ਦਾ ਪ੍ਰਸਾਰਣ (Variance) .0004 ਹੈ।

ਇਕ ਦਕਸ਼ ਪੋਰਟਫੋਲੀਓ ਦੀ ਚੋਣ-ਮਾਰਕੋਵਿਟਜ਼ ਪੋਰਟਫੋਲੀਓ ਸਿਧਾਂਤ (Selection of an Efficient Portfolio- The Markowitz Portfolio Theory)

ਇਕ ਦਕਸ਼ ਪੋਰਟਫੋਲੀਓ ਦੀ ਚੋਣ ਦਾ ਅਰਥ ਹੈ ਕਿ ਇਕ ਨਿਵੇਸ਼ਕ ਨੂੰ ਇਕ ਅਜਿਹਾ ਪੋਰਟਫੋਲੀਓ ਪ੍ਰਾਪਤ ਅਤੇ ਕਾਇਮ ਕਰਨਾ ਚਾਹੀਦਾ ਹੈ ਤਾਂ ਕਿ ਉਹ ਨਿਊਨਤਮ ਖਤਰੇ ਤੋਂ ਸਰਵੋਤਮ ਸੰਭਵ ਪ੍ਰਾਪਤੀ ਕਰ ਸਕੇ। ਮਾਕੋਵਿਟਜ਼ ਪੋਰਟਫੋਲੀਓ ਸਿਧਾਂਤ ਇਹ ਦਰਸਾਉਂਦਾ ਹੈ ਕਿ ਇਕ ਨਿਵੇਸ਼ਕ ਕਿਸ ਤਰ੍ਹਾਂ ਖਤਰੇ ਅਧੀਨ ਇਕ ਇਸ਼ਟਤਮ ਪੋਰਟਫੋਲੀਓ ਦੀ ਚੋਣ ਕਰ ਸਕਦਾ ਹੈ। ਪ੍ਰੋ. **ਹੈਰੀ ਮਾਰਕੋਵਿਟਜ਼** 1952 ਵਿੱਚ ਮੂਲ ਪੋਰਟਫੋਲੀਓ ਮਾਡਲ ਵਿਕਸਿਤ ਕਰਨ ਵਾਲਾ ਪਹਿਲਾ ਅਰਥ ਸ਼ਾਸਤਰੀ ਸੀ। ਉਸ ਨੇ ਆਪਣੇ ਮਾਡਲ ਵਿੱਚ ਪ੍ਰੀਸੰਪਤੀਆਂ ਦੇ ਇਕ ਪੋਰਟਫੋਲੀਓ ਦੇ ਲਈ ਪ੍ਰਾਪਤੀ ਦੀ ਜ਼ਰੂਰੀ ਦਰ ਅਤੇ ਪ੍ਰਾਪਤੀ ਦੀ ਜ਼ਰੂਰੀ ਦਰ ਮਾਨਕ ਵਿਚਲਨ (ਜਾਂ ਪ੍ਰਸਾਰਣ) ਜ਼ਰੂਰੀ ਖਤਰੇ ਦੀ ਇਕ ਨਾਪ ਦੇ ਰੂਪ ਵਿੱਚ ਉਤਪੰਨ ਕੀਤਾ। ਇਕ ਪੋਰਟਫੋਲੀਓ ਦਾ ਮਾਨਕ ਵਿਚਲਨ (standard deviation) ਵਿਅਕਤੀਗਤ ਨਿਵੇਸ਼ਾਂ ਦੇ ਮਾਨਕ ਵਿਚਲਨਾਂ ਦਾ ਸਿਰਫ ਇਕ ਫਲਨ ਨਹੀਂ ਹੈ ਪਰ ਪੋਰਟਫੋਲੀਓ ਵਿੱਚ ਪ੍ਰੀ-ਸੰਪਤੀਆਂ ਦੇ ਸਾਰੇ ਜੋੜਾਂ (Pairs) ਦੇ ਲਈ ਪ੍ਰਾਪਤੀਆਂ ਦੀਆਂ ਦਰਾਂ ਵਿਚਕਾਰ ਸਹਿ ਪ੍ਰਸਾਰਣ (covariance) ਵੀ ਹੁੰਦਾ ਹੈ। ਮਾਰਕੋਵਿਟਜ਼ ਨੇ ਇਕ ਪੋਰਟਫੋਲੀਓ ਦੇ ਵਿਵਿਧੀਕਰਣ ਦੇ ਮਹੱਤਵ ਨੂੰ ਦਰਸਾਇਆ, ਜਿਸ ਨਾਲ ਉਸ ਦਾ ਕੁੱਲ ਖਤਰਾ ਘੱਟ ਕੀਤਾ ਜਾ ਸਕੇ ਅਤੇ ਉਸ ਨੂੰ ਕਿਵੇਂ ਦਕਸ਼ਤਾ ਨਾਲ ਵਿਵਿਧੀਕ੍ਰਿਤ ਕਰ ਸਕਦੇ ਹਾਂ।

ਇਸ ਦੀਆਂ ਮਾਨਤਾਵਾਂ (Its Assumptions)

ਮਾਰਕੋਵਿਟਜ਼ ਮਾਡਲ ਹੇਠ ਲਿਖੀਆਂ ਮਾਨਤਾਵਾਂ 'ਤੇ ਅਧਾਰਿਤ ਹੈ–

1. ਇਕ ਨਿਵੇਸ਼ਕ, ਖਤਰਾ ਅਣਇਛੁੱਕ (Risk averse) ਹੁੰਦਾ ਹੈ।

ਤਾਲਿਕਾ 4

ਇਕ ਖਤਰੇ ਵਾਲੀ ਪ੍ਰੀ-ਸੰਪਤੀ ਦੇ ਪੋਰਟਫੋਲੀਓ ਦਾ ਪ੍ਰਸਾਰਣ (Variance of a Portfolio of One Risky Asset)

ਪ੍ਰਾਪਤੀ ਦੀਆਂ ਸੰਭਵ ਦਰਾਂ (Possible Rates of Return)	**ਪ੍ਰਾਪਤੀ ਦੀਆਂ ਜ਼ਰੂਰੀ ਦਰ** (Expected Rate of Return)	R_i-E_{Ri}	$(R_i-E_Ri)2$	Pi $(R_i-E_Ri)2$ P_i
.09	.12	–.03	.0009	.20 .000180
.11	.12	–.01	.0001	.20 .000020
.13	.12	.01	.0001	.20 .00000
.15	.12	.03	.0009	.20 .000180
				.000400

Standard Deviation = $\sqrt{.00040}$ = .02

Variance $(\sigma)^2 = (.20)^2$ = .0004

2. ਉਹ ਜ਼ਰੂਰੀ ਪ੍ਰਾਪਤੀਆਂ ਦੀ ਤਬਦੀਲੀ ਦੇ ਅਧਾਰ 'ਤੇ ਪੋਰਟਫੋਲੀਓ ਦੇ ਖਤਰੇ ਦਾ ਅੰਦਾਜ਼ਾ ਲਗਾਉਂਦਾ ਹੈ। ਨੋਟ
3. ਉਹ ਹਰੇਕ ਨਿਵੇਸ਼ ਵਿਕਲਪ ਨੂੰ ਧਾਰਨ (holding) ਦੇ ਕਿਸੇ ਸਮੇਂ ਵਿੱਚ ਜ਼ਰੂਰੀ ਪ੍ਰਾਪਤੀਆਂ ਦੇ ਇਕ ਸੰਭਵ ਤੌਰ 'ਤੇ ਵੇਰਵੇ ਨਾਲ ਪ੍ਰਦਰਸ਼ਿਤ ਕੀਤਾ ਗਿਆ ਮੰਨਦਾ ਹੈ।
4. ਉਹ ਸੰਭਾਵਿਤ ਉਪਯੋਗਤਾ ਦੇ ਇਕ ਸਮੇਂ ਨੂੰ ਜ਼ਿਆਦਾ ਕਰਦਾ ਹੈ।
5. ਇਕ ਨਿਵੇਸ਼ਕ ਦਾ ਉਪਯੋਗਤਾ ਵਕ੍ਰ ਧਨ ਦੀ ਘੱਟਦੀ ਹੋਈ ਸੀਮਿਤ ਉਪਯੋਗਤਾ ਦਰਸਾਉਂਦਾ ਹੈ।
6. ਇਕ ਨਿਵੇਸ਼ਕ ਦਾ ਪੋਰਟਫੋਲੀਓ ਚੋਣ ਸਬੰਧੀ ਫੈਸਲੇ, ਜ਼ਰੂਰੀ ਪ੍ਰਾਪਤੀਆਂ ਅਤੇ ਖਤਰੇ 'ਤੇ ਅਧਾਰਿਤ ਹੁੰਦਾ ਹੈ।
7. ਨਿਵੇਸ਼ਕ ਦਾ ਉਪਯੋਗਤਾ ਵਕ੍ਰ, ਜ਼ਰੂਰੀ ਪ੍ਰਾਪਤੀਆਂ ਅਤੇ ਜ਼ਰੂਰੀ ਪ੍ਰਸਰਣ (Variance) ਅਤੇ ਪ੍ਰਾਪਤੀਆਂ ਦੇ ਮਾਨਕ ਵਿਚਲਨ (standard deviation) ਦਾ ਫਲਨ ਹੁੰਦਾ ਹੈ।
8. ਖਤਰੇ ਦੇ ਇਕ ਦਿੱਤੇ ਹੋਏ ਪੱਧਰ 'ਤੇ ਇਕ ਨਿਵੇਸ਼ਕ ਘੱਟ ਪ੍ਰਾਪਤੀ ਨਾਲੋਂ ਉਚੀ ਪ੍ਰਾਪਤੀ ਨੂੰ ਜ਼ਿਆਦਾ ਅਧਿਮਾਨ ਦਿੰਦਾ ਹੈ।
9. ਉਹ ਜ਼ਰੂਰੀ ਪ੍ਰਾਪਤੀਆਂ ਦੇ ਇਕ ਦਿੱਤੇ ਗਏ ਪੱਧਰ ਦੇ ਜ਼ਿਆਦਾ ਖਤਰੇ ਨਾਲੋਂ ਘੱਟ ਖਤਰੇ ਨੂੰ ਅਧਿਮਾਨ ਦਿੰਦਾ ਹੈ।

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚੋਂ ਸਹੀ/ਗਲਤ ਲੱਭੋ

(State whether the following statements are True/False)-

8. ਇਕ ਪੋਰਟਫੋਲੀਓ ਦਾ ਸਮੂਹ ਜਾਂ ਅਨੇਕਾਂ ਸਟਾਕਾਂ ਜਿਵੇਂ ਸ਼ੇਅਰ, ਬਾਂਡ, ਸਕਿਓਰਿਟੀ, ਟ੍ਰੇਜਰੀ ਬਿੱਲ ਆਦਿ ਦਾ ਸੰਗ੍ਰਹਿ ਨਹੀਂ ਹੁੰਦਾ।
9. ਖਤਰਾ, ਤਬਦੀਲੀ ਜਾਂ ਜ਼ਰੂਰੀ ਪ੍ਰਾਪਤੀਆਂ ਦੇ ਖਲਾਰਣ ਨਾਲ ਸਬੰਧਿਤ ਹੈ।
10. ਭਾਰ ਕੁੱਲ ਪੋਰਟਫੋਲੀਓ ਦੇ ਪ੍ਰਤੀਸ਼ਤ ਹੁੰਦੇ ਹਨ।

ਮਾਡਲ (The Model)

ਇਹ ਮਾਨਤਾਵਾਂ ਦਿੱਤੀਆਂ ਹੋਣ 'ਤੇ ਮੰਨ ਲਓ ਕਿ ਇਕ ਨਿਵੇਸ਼ਕ ਦੇ ਲਈ ਕਈ ਪ੍ਰੀ-ਸੰਪਤੀਆਂ ਉਪਲੱਬਧ ਹਨ, ਜਿਨ੍ਹਾਂ ਵਿੱਚ ਉਹ ਨਿਵੇਸ਼ ਕਰ ਸਕਦਾ ਹੈ। ਪੋਰਟਫੋਲੀਓ ਦੇ ਵੱਖ-ਵੱਖ ਦੋ ਪ੍ਰੀ-ਸੰਪਤੀ ਸੰਜੋਗ ਸੰਭਵ ਹਨ। ਹਰੇਕ ਅਜਿਹੇ ਸੰਜੋਗ ਦੀ ਪ੍ਰਾਪਤੀ ਦੀ ਪ੍ਰਤੀਸ਼ਤ ਦਰ ਅਤੇ ਖਤਰੇ ਦਾ ਇਕ ਪੱਧਰ ਹੈ। ਇਕ ਨਿਵੇਸ਼ਕ ਨਿਊਨਤਮ ਖਤਰਾ ਜਾਂ ਜ਼ਿਆਦਾ ਖਤਰੇ ਦਾ ਪੋਰਟਫੋਲੀਓ ਚੁਣਦਾ ਹੈ। ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਹ ਕਿੰਨਾ ਖਤਰਾ ਲੈਣ ਦਾ ਇਛੁੱਕ ਹੈ ਅਤੇ ਆਪਣੇ ਨਿਵੇਸ਼ਾਂ ਤੋਂ ਕਿੰਨੀ ਹੇਠਲੀ ਪ੍ਰਾਪਤੀ ਦੀ ਸੰਭਾਵਨਾ ਕਰਦਾ ਹੈ ਅਤੇ ਦੋ ਪ੍ਰੀ-ਸੰਪਤੀ ਪੋਰਟਫੋਲੀਓ ਦੇ ਵੱਖ-ਵੱਖ ਸੰਜੋਗਾਂ ਦੀ ਸੰਖਿਆ ਦਿੱਤੀ ਹੋਣ 'ਤੇ ਨਿਵੇਸ਼ਕ ਸਰਵੋਤਮ ਪੋਰਟਫੋਲੀਓ ਦੀ ਚੋਣ ਕਰਦਾ ਹੈ। ਸਰਵੋਤਮ ਪੋਰਟਫੋਲੀਓ ਦੀ ਚੋਣ ਦੇ ਲਈ ਨਿਵੇਸ਼ਕ ਦੇ ਕੋਲ ਦੋ ਫੈਸਲੇ ਹੁੰਦੇ ਹਨ-**ਇਕ**, ਪੋਰਟਫੋਲੀਓ ਦੇ **ਦਕਸ਼** ਸਮੂਹ (efficient set) ਦਾ ਨਿਰਧਾਰਣ ਅਤੇ **ਦੋ**, ਇਸ **ਦਕਸ਼** ਸਮੂਹ ਵਿੱਚੋਂ ਸਰਵੋਤਮ ਜਾਂ ਅਨੁਕੂਲ ਪੋਰਟਫੋਲੀਓ ਦੀ ਚੋਣ।

ਟਾਸਕ ਬੀਮਾ ਅਤੇ ਜੂਏ ਵਿੱਚ ਚੋਣ 'ਤੇ ਆਪਣੇ ਵਿਚਾਰ ਪ੍ਰਗਟ ਕਰੋ।

ਦਕਸ਼ ਸਮੂਹ ਅਤੇ ਦਕਸ਼ ਹੱਦ (The Efficient Set and Efficient Frontier)

ਪ੍ਰੀ-ਸੰਪਤੀਆਂ ਦਾ ਇਕ ਪੋਰਟਫੋਲੀਓ **ਦਕਸ਼** ਮੰਨਿਆ ਜਾਂਦਾ ਹੈ। ਜੇਕਰ ਇਹ ਉਚ ਜ਼ਰੂਰੀ ਪ੍ਰਾਪਤੀ ਦਿੰਦਾ ਹੈ ਅਤੇ ਦਿੱਤੀ ਗਈ ਜ਼ਰੂਰੀ ਪ੍ਰਾਪਤੀ ਲਈ ਹੇਠਲਾ ਖਤਰਾ ਦਿੰਦਾ ਹੈ। ਦੂਸਰੇ ਸ਼ਬਦਾਂ ਵਿੱਚ ਇਕ ਪੋਰਟਫੋਲੀਓ **ਦਕਸ਼** ਹੁੰਦਾ ਹੈ, ਜੇਕਰ ਕੋਈ ਹੋਰ ਪੋਰਟਫੋਲੀਓ ਜੋ ਬਰਾਬਰ ਖਤਰੇ 'ਤੇ ਉਚ ਪ੍ਰਾਪਤੀ ਜਾਂ ਬਰਾਬਰ ਜ਼ਰੂਰੀ ਪ੍ਰਾਪਤੀ ਲਈ ਹੇਠਲਾ ਖਤਰਾ ਦਿੰਦਾ ਹੈ। ਇਸ ਨੂੰ ਚਿੱਤਰ 29.5 ਵਿੱਚ ਦਿਖਾਇਆ ਗਿਆ ਹੈ, ਜਿਸ ਵਿੱਚ ਪ੍ਰੀ-ਸੰਪਤੀਆਂ ਦੇ ਇਕ ਪੋਰਟਫੋਲੀਓ ਦਾ ਮਾਨਕ ਵਿਚਲਨ (σ) ਖਤਰੇ ਦਾ ਨਾਪ ਕਰਦਾ ਹੈ, ਉਸ ਨੂੰ ਕਸ਼ੈਤਿਜ ਅਕਸ਼ 'ਤੇ ਲਿਆ ਗਿਆ ਹੈ ਅਤੇ ਪੋਰਟਫੋਲੀਓ ਦੇ ਲਈ ਪ੍ਰਾਪਤੀ ਦੀ ਜ਼ਰੂਰੀ ਦਰ (E_R) ਅਨੁਲੰਬ ਅਕਸ਼ 'ਤੇ।

ਨੋਟ ਚਿੱਤਰ ਵਿੱਚ ਛਾਂਦਾਰ ਬਿੰਦੂ ਇਕ ਦਿੱਤੇ ਗਏ ਸਮੇਂ 'ਤੇ ਵੱਖ-ਵੱਖ ਉਪਲੱਬਧ ਪੋਰਟਫੋਲੀਓ ਦਰਸਾਉਂਦੇ ਹਨ। ਜੋ ਬਿੰਦੂ ਹੱਦ ENMF ਦੇ ਨਾਲ ਸਥਿਰ ਹਨ, ਉਹ ਦਕਸ਼ ਪੋਰਟਫੋਲੀਓ ਹਨ ਅਤੇ ਇਹ ਹੱਦ EF **ਦਕਸ਼ ਸੀਮਾ** (Efficient Frontier) ਅਖਵਾਉਂਦੀ ਹੈ। ਪੋਰਟਫੋਲੀਓ ਦਾ ਇਕ ਸਮੂਹ ਜਿਸ ਦੀ ਹਰੇਕ ਦਿੱਤੇ ਗਏ ਖਤਰੇ ਦੇ ਪੱਧਰ ਲਈ ਪ੍ਰਾਪਤੀ ਦੀ ਦਰ ਜ਼ਿਆਦਾ ਹੁੰਦੀ ਹੈ ਜਾਂ ਪ੍ਰਾਪਤੀ ਦੇ ਹਰੇਕ ਪੱਧਰ ਦਾ ਖਤਰਾ ਨਿਊਨਤਮ ਹੁੰਦਾ ਹੈ, ਉਹ **ਦਕਸ਼ ਸਮੂਹ** (Efficient Set) ਅਖਵਾਉਂਦਾ ਹੈ। **ਦਕਸ਼** ਸਮੂਹ ਵਿੱਚ ਪੋਰਟਫੋਲੀਓ **ਦਕਸ਼ ਪੋਰਟਫੋਲੀਓ** ਹੁੰਦੇ ਹਨ। ਇਹ ਸਿਰਫ ਪੋਰਟਫੋਲੀਓ ਹਨ ਜੋ **ਖਤਰਾ ਅਣਇਛੁੱਕ** (risk averse) ਵਿਅਕਤੀ ਧਾਰਨ ਕਰੇਗਾ। ਮੰਨ ਲਓ ਕਿ ਖਤਰੇ ਦੇ ਲਈ ਦਿੱਤੇ ਗਏ ਪੱਧਰ r_2, ਦੇ ਲਈ K ਅਤੇ M ਦੋ ਪੋਰਟਫੋਲੀਓ ਹਨ, ਜਿਨ੍ਹਾਂ ਵਿੱਚੋਂ M ਇਕ **ਦਕਸ਼** ਪੋਰਟਫੋਲੀਓ ਹੈ, ਕਿਉਂਕਿ ਖਤਰੇ ਦੇ ਇਕ ਦਿੱਤੇ ਹੋਏ ਪੱਧਰ r_2, ਦੇ ਲਈ ਇਸ ਦੀ ਪ੍ਰਾਪਤੀ ਦੀ ਜ਼ਰੂਰੀ ਦਰ r_2M ਉਚੀ ਹੈ ਅਤੇ ਇਹ **ਦਕਸ਼** ਹੱਦ EF 'ਤੇ ਹੈ। ਇਸ ਤਰ੍ਹਾਂ N ਅਤੇ K ਦੋ ਪੋਰਟਫੋਲੀਓ ਵਿੱਚੋਂ N **ਦਕਸ਼** ਪੋਰਟਫੋਲੀਓ ਹੈ, ਕਿਉਂਕਿ ਇਸ ਦਾ ਖਤਰਾ r_1 ਘੱਟ ਹੈ, ਜਦੋਂ ਕਿ ਪੋਰਟਫੋਲੀਓ K ਦਾ r_2 ਖਤਰਾ ਜ਼ਿਆਦਾ ਹੈ ਪਰ ਦੋਵਾਂ ਦੀ ਪ੍ਰਾਪਤੀ ਦਾ ਪੱਧਰ OR ਹੈ, ਇਸ ਲਈ ਉਹ N ਪੋਰਟਫੋਲੀਓ ਦੀ ਚੋਣ ਕਰੇਗਾ।



ਚਿੱਤਰ 29.5

ਇਸ਼ਟਤਮ ਪੋਰਟਫੋਲੀਓ (The Optimal Portfolio)

ਦਕਸ਼ ਹੱਦ 'ਤੇ ਸਥਿਤ ਵੱਖ-ਵੱਖ ਸੰਭਵ ਪੋਰਟਫੋਲੀਓ ਵਿੱਚੋਂ ਨਿਵੇਸ਼ਕ ਉਸ ਦੀ ਚੋਣ ਕਰੇਗਾ, ਜਿਸ ਦੇ ਖਤਰਾ-ਪ੍ਰਾਪਤੀ ਅਧਿਮਾਨ (Risk-Return preferences) ਦੇ ਸਬੰਧ ਵਿੱਚ ਉਚ ਉਪਯੋਗਤਾ ਹੁੰਦੀ ਹੈ, ਕਿਉਂਕਿ ਖਤਰਾ ਅਣਇਛੁੱਕ ਨਿਵੇਸ਼ਕ ਜ਼ਰੂਰੀ ਪ੍ਰਾਪਤੀਆਂ ਨੂੰ "ਚੰਗਾ" ਅਤੇ ਖਤਰੇ (σ) ਨੂੰ "ਮਾੜਾ" ਮੰਨਦੇ ਹਨ, ਵੱਖ-ਵੱਖ ਪੋਰਟਫੋਲੀਓ ਵਿੱਚੋਂ ਉਸ ਦੇ ਅਧਿਮਾਨ, ਉਦਾਸੀਨਤਾ ਵਕ੍ਰਾਂ ਨਾਲ ਪ੍ਰਦਰਸ਼ਿਤ ਹੁੰਦੇ ਹਨ। ਇਕ ਨਿਵੇਸ਼ਕ ਦੇ ਉਦਾਸੀਨਤਾ ਵਕ੍ਰ ਜ਼ਰੂਰੀ ਪ੍ਰਾਪਤੀ ਅਤੇ ਖਤਰੇ ਵਿਚਕਾਰ ਉਸ ਦੇ ਵੀਨਿਯਮ (tradeoff) ਕਰਨ ਦੀ ਇੱਛਾ ਪ੍ਰਗਟ ਕਰਦੇ ਹਨ। **ਦਕਸ਼ ਹੱਦ** ਦੇ ਨਾਲ-ਨਾਲ ਇਹ ਉਦਾਸੀਨਤਾ ਵਕ੍ਰ ਇਹ ਨਿਰਧਾਰਿਤ ਕਰਦੇ ਹਨ ਕਿ ਕਿਹੜਾ ਵਿਸ਼ੇਸ਼ **ਦਕਸ਼** ਪੋਰਟਫੋਲੀਓ ਉਹ ਚੁਣਦਾ ਹੈ। ਇਹ **ਸਰਵੋਤਮ** ਜਾਂ **ਇਸ਼ਟਤਮ ਪੋਰਟਫੋਲੀਓ** ਹੈ।

ਚਿੱਤਰ 29.6 ਤਿੰਨ ਉਦਾਸੀਨਤਾ ਵਕ੍ਰ I_1, I_2 ਅਤੇ I_3 ਦਰਸਾਉਂਦਾ ਹੈ। ਉਨ੍ਹਾਂ ਦੇ ਉਪਰ ਵੱਲ ਖੱਬੇ ਤੋਂ ਸੱਜੇ ਢਲਾਣ ਖਤਰਾ ਪ੍ਰਾਪਤੀ ਵੀਨਿਮਯ ਪ੍ਰਦਰਸ਼ਿਤ ਕਰਦੀ ਹੈ। ਵਕ੍ਰ I_2 ਵਕ੍ਰ I_1 ਤੋਂ ਜ਼ਿਆਦਾ ਅਧਿਮਾਨ ਅਤੇ ਵਕ੍ਰ I_3 ਵਕ੍ਰ I_2 ਤੋਂ ਜ਼ਿਆਦਾ ਅਧਿਮਾਨ ਪ੍ਰਦਰਸ਼ਿਤ ਕਰਦਾ ਹੈ। **EF ਦਕਸ਼** ਹੱਦ ਹੈ। P **ਇਸ਼ਟਤਮ ਪੋਰਟਫੋਲੀਓ** ਜਿਸ ਵਿੱਚ ਵਕ੍ਰ EF ਵਕ੍ਰ I_2 ਨੂੰ ਛੂੰਹਦਾ ਹੈ। ਬਿੰਦੂ A ਵੀ I_2 ਵਕ੍ਰ 'ਤੇ ਹੈ ਪਰ ਇਹ ਸਰਵੋਤਮ ਪੋਰਟਫੋਲੀਓ ਦਾ ਬਿੰਦੂ ਨਹੀਂ ਹੈ, ਕਿਉਂਕਿ ਇਹ **ਦਕਸ਼** ਹੱਦ ਤੋਂ ਬਾਹਰ ਹੈ। ਪੂਰਨ ਤੌਰ 'ਤੇ I_1 ਵਕ੍ਰ 'ਤੇ ਬਿੰਦੂ B ਇਸ਼ਟਤਮ ਪੋਰਟਫੋਲੀਓ ਨਹੀਂ ਹੈ, ਕਿਉਂਕਿ ਇਹ ਨਿਵੇਸ਼ਕ ਨੂੰ ਨਿਮੰਤਰ ਖਤਰਾ ਪ੍ਰਾਪਤੀ ਅਧਿਮਾਨ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ P ਇਸ਼ਟਤਮ ਪੋਰਟਫੋਲੀਓ ਹੈ, ਕਿਉਂਕਿ ਇਹ ਨਿਵੇਸ਼ਕ ਦੇ ਲਈ ਉਚ ਖਤਰਾ ਪ੍ਰਾਪਤੀ ਅਧਿਮਾਨ ਵਾਲੇ I_2 ਵਕ੍ਰ ਅਤੇ ਦਕਸ਼ ਹੱਦ EF ਦੇ ਵਿਚਕਾਰ ਛੂਹਣ ਬਿੰਦੂ 'ਤੇ ਪੈਂਦਾ ਹੈ।

ਨੋਟ



ਚਿੱਤਰ 29.6

ਪੋਰਟਫੋਲੀਓ ਵਿਵਿਧੀਕਰਣ ਨਾਲ ਖਤਰੇ ਵਿੱਚ ਕਮੀ
(Risk Reduction through Portfolio Diversification)

ਇਹ ਨਿਵੇਸ਼ਕ ਸਟਾਕ ਬਾਜ਼ਾਰ ਵਿੱਚ ਆਪਣੇ ਨਿਵੇਸ਼ ਦਾ ਖਤਰਾ ਵਿਵਿਧੀਕਰਣ ਨਾਲ ਘੱਟ ਕਰ ਸਕਦਾ ਹੈ। ਵਿਵਿਧੀਕਰਣ ਦਾ ਅਰਥ ਹੈ, ਆਪਣੇ ਨਿਵੇਸ਼ ਨੂੰ ਦੋ ਜਾਂ ਜ਼ਿਆਦਾ ਪ੍ਰੀ-ਸੰਪਤੀਆਂ ਜਾਂ ਸ਼ੇਅਰਾਂ ਵਿੱਚ ਫੈਲਾਉਣਾ। ਇਹ ਬਿਲਕੁਲ "ਇਕ ਹੀ ਟੋਕਰੀ ਵਿੱਚ ਸਾਰੇ ਆਂਡੇ ਨਾ ਰੱਖਣ" ਦੇ ਬਰਾਬਰ ਹੁੰਦਾ ਹੈ। ਖਤਰੇ ਨੂੰ ਘੱਟ ਕਰਨ ਲਈ ਨਿਵੇਸ਼ਕ ਆਪਣੇ ਪੋਰਟਫੋਲੀਓ ਚੋਣ ਵਿੱਚ ਵਿਵਿਧੀਕਰਣ ਨੂੰ ਇਕ ਨਿਰਦੇਸ਼ਕ ਸਿਧਾਂਤ ਬਣਾਉਂਦਾ ਹੈ। ਉਹ ਆਪਣੇ ਪੋਰਟਫੋਲੀਓ 'ਤੇ ਔਸਤ ਪ੍ਰਾਪਤੀ ਘੱਟ ਕੀਤੇ ਬਿਨਾਂ ਖਤਰਾ ਘੱਟ ਕਰਨ ਦੇ ਯੋਗ ਹੁੰਦਾ ਹੈ। ਪੋਰਟਫੋਲੀਓ ਵਿਵਿਧੀਕਰਣ ਨੂੰ ਸਮਝਣ ਲਈ ਮੰਨ ਲਓ ਕਿ ਇਕ ਨਿਵੇਸ਼ਕ ਦੇ ਕੋਲ ਦੋ ਖਤਰੇ ਵਾਲੀਆਂ ਪ੍ਰੀ-ਸੰਪਤੀਆਂ BP (ਭਾਰਤ ਪੈਟਰੋਲੀਅਮ) ਸ਼ੇਅਰਾਂ ਅਤੇ SAIL (ਸਟੀਲ ਅਥਾਰਟੀ ਆਫ ਇੰਡੀਆ ਲਿਮਟਿਡ) ਸ਼ੇਅਰਾਂ 'ਤੇ ਨਿਵੇਸ਼ ਕਰਨ ਲਈ 100 ਰੁ. ਹਨ। ਹਰੇਕ ਸ਼ੇਅਰ ਦੀ ਕੀਮਤ 1 ਰੁ. ਹੈ। ਹਰੇਕ ਕੰਪਨੀ ਦੇ ਸ਼ੇਅਰ ਨਾਲ ਤੇਜ਼ੀ (boom) ਵਿੱਚ ਲਾਭ ਪਾਉਣ ਦੀ 50 ਪ੍ਰਤੀਸ਼ਤ ਸੰਭਾਵਨਾ ਹੈ ਅਤੇ ਮੰਦੀ ਵਿੱਚ ਵੀ ਲਾਭ ਦੀ 50 ਪ੍ਰਤੀਸ਼ਤ ਸੰਭਾਵਨਾ ਹੈ।

ਹੁਣ ਮੰਨੋ ਕਿ ਉਹ ਆਪਣੇ ਪੂਰੇ 100 ਰੁ. BP ਦੇ ਸ਼ੇਅਰ ਖਰੀਦਣ ਵਿੱਚ ਨਿਵੇਸ਼ ਕਰ ਦਿੰਦਾ ਹੈ। ਤੇਲ ਉਦਯੋਗ ਦੀ ਇਕ ਤੇਜ਼ੀ ਵਿੱਚ ਇਹ ਨਿਵੇਸ਼ ਉਸ ਨੂੰ 10 ਰੁ. ਦੀ ਪ੍ਰਾਪਤੀ ਅਤੇ ਮੰਦੀ ਵਿੱਚ 2 ਰੁ. ਦੀ ਪ੍ਰਾਪਤੀ ਹੁੰਦੀ ਹੈ। ਤੇਜ਼ੀ ਅਤੇ ਮੰਦੀ ਦੇ 50-50 ਪ੍ਰਤੀਸ਼ਤ ਮੌਕੇ ਦਿੱਤੇ ਜਾਣ 'ਤੇ ਇਸ ਸ਼ੇਅਰ ਤੋਂ ਉਸ ਦੀ ਜ਼ਰੂਰੀ ਔਸਤ ਪ੍ਰਾਪਤੀ ਹੋਵੇਗੀ,

$$E_R = .5\,(10 \text{ ਰੁ.}) + .4\,(2 \text{ ਰੁ.}) = 6 \text{ ਰੁ.}$$

ਇਸ ਦਾ ਪ੍ਰਸਰਣ (Variance) $(\sigma)^2 = .5\,(10 - 6)^2 + .5\,(2 - 6)^2 = 16$ ਰੁ.

ਮੰਨੋ ਕਿ ਇਹ ਕੇਵਲ SAIL ਦੇ ਸ਼ੇਅਰਾਂ ਵਿੱਚ 100 ਰੁ. ਦਾ ਨਿਵੇਸ਼ ਕਰਦਾ ਹੈ। ਉਹ ਤੇਜ਼ੀ ਦੇ ਦੌਰਾਨ 2 ਰੁ. ਅਤੇ ਮੰਦੀ ਦੇ ਦੌਰਾਨ 10 ਰੁ. ਦੀ ਉਮੀਦ ਕਰਦਾ ਹੈ। ਤੇਜ਼ੀ ਅਤੇ ਮੰਦੀ ਦੋਵਾਂ ਦੀ 50-50 ਪ੍ਰਤੀਸ਼ਤ ਸੰਭਾਵਨਾ ਹੋਣ 'ਤੇ ਇਸ ਸ਼ੇਅਰ ਤੋਂ ਜ਼ਰੂਰੀ ਔਸਤ ਪ੍ਰਾਪਤੀ ਹੋਵੇਗੀ,

$$E_R = .5\,(2 \text{ ਰੁ.}) + .5\,(10 \text{ ਰੁ.}) = 6 \text{ ਰੁ.}$$

ਇਸ ਦਾ ਪ੍ਰਸਰਣ $(\sigma^2) = .5\,(2 - 6)^2 + .5\,(10 - 6)^2 = 16$ ਰੁ.

ਇਸ ਤਰ੍ਹਾਂ ਦੋਵਾਂ ਸ਼ੇਅਰਾਂ ਦੀ ਔਸਤ ਜ਼ਰੂਰੀ ਪ੍ਰਾਪਤੀ 6 ਰੁ. ਹਰੇਕ ਸ਼ੇਅਰ ਹੈ ਅਤੇ ਪ੍ਰਸਰਣ 16 ਰੁ. ਹਰੇਕ ਸ਼ੇਅਰ ਹੈ। ਇਹ ਦਿਖਾਉਂਦਾ ਹੈ ਕਿ ਦੋ ਸ਼ੇਅਰਾਂ ਵਿੱਚ ਦੋ ਸੁਤੰਤਰ ਨਿਵੇਸ਼ਾਂ ਦੇ ਵਿਵਿਧੀਕਰਣ ਪੋਰਟਫੋਲੀਓ ਤੋਂ ਖਤਰਾ ਅਤੇ ਪ੍ਰਾਪਤੀ ਇਕ ਬਰਾਬਰ ਹੈ ਪਰ ਇਨ੍ਹਾਂ ਦੋ ਨਿਵੇਸ਼ਾਂ ਵਿੱਚ ਇਕ ਮਹੱਤਵਪੂਰਨ ਅੰਤਰ ਹੈ। BP ਸ਼ੇਅਰ ਦੀ ਜ਼ਰੂਰੀ ਪ੍ਰਾਪਤੀਆਂ ਤੇਜ਼ੀ ਦੇ ਦੌਰਾਨ ਉਚੀ ਹੁੰਦੀ ਹੈ ਪਰ ਮੰਦੀ ਦੇ ਦੌਰਾਨ ਘੱਟ ਹੁੰਦੀ ਹੈ। SAIL ਸ਼ੇਅਰਾਂ ਦਾ ਮਾਮਲਾ ਇਸ ਦੇ ਉਲਟ ਹੈ।

ਸ਼ੇਅਰਾਂ ਦਾ ਇਹ ਸੰਜੋਗ ਨਿਵੇਸ਼ਕ ਦੇ ਲਈ ਲਾਭਦਾਇਕ ਨਹੀਂ ਹੈ, ਕਿਉਂਕਿ ਖਤਰਾ ਅਤੇ ਜ਼ਰੂਰੀ ਪ੍ਰਾਪਤੀਆਂ ਦੋਵੇਂ ਸ਼ੇਅਰਾਂ ਦੇ ਲਈ ਇਕ ਬਰਾਬਰ ਹੈ। ਅਜਿਹਾ ਇਸ ਲਈ ਹੈ ਕਿਉਂਕਿ ਉਨ੍ਹਾਂ ਦੀਆਂ ਪ੍ਰਾਪਤੀਆਂ **ਸੁਤੰਤਰ ਨਹੀਂ** ਹਨ, ਕਿਉਂਕਿ ਉਨ੍ਹਾਂ ਵਿੱਚ ਇਕ ਪੂਰਨ **ਰਣਾਤਮਕ ਸਹਿ ਸਬੰਧ** (negative correlation) ਹੈ, ਜਦ ਕਿ ਇਕ ਪ੍ਰਾਪਤੀ ਜ਼ਿਆਦਾ ਹੁੰਦੀ ਹੈ ਤਾਂ ਇਹ ਦੂਸਰੇ ਤੋਂ ਘੱਟ ਹੁੰਦੀ ਹੈ ਅਤੇ ਇਸ ਤੋਂ ਉਲਟ।

ਨੋਟ ਇਕ ਨਿਵੇਸ਼ਕ ਔਸਤ ਜ਼ਰੂਰੀ ਪ੍ਰਾਪਤੀ ਵਿੱਚ ਪਰਿਵਰਤਨ ਕੀਤੇ ਬਿਨਾਂ ਹਰੇਕ ਸ਼ੇਅਰ ਵਿੱਚੋਂ ਥੋੜ੍ਹੇ ਸ਼ੇਅਰ ਲੈ ਕੇ ਖਤਰਾ ਘੱਟ ਕਰ ਸਕਦਾ ਹੈ। ਇਸ ਨੂੰ **ਖਤਰਾ ਏਕਤਰੀਕਰਣ ਨਾਲ ਵਿਵਿਧੀਕਰਣ** (diversification through risk pooling) ਕਹਿੰਦੇ ਹਨ। ਮੰਨ ਲਓ ਕਿ ਇਕ ਨਿਵੇਸ਼ਕ BP ਸ਼ੇਅਰਾਂ ਵਿੱਚ 50 ਰੁ. ਅਤੇ SAIL ਸ਼ੇਅਰਾਂ ਵਿੱਚ ਵੀ 50 ਰੁ. ਦਾ ਨਿਵੇਸ਼ ਕਰਦਾ ਹੈ ਅਤੇ ਇਸ ਤਰ੍ਹਾਂ ਆਪਣੇ ਕੁੱਲ ਨਿਵੇਸ਼ ਦਾ ਵਿਵਿਧੀਕਰਣ ਕਰ ਲੈਂਦਾ ਹੈ। ਉਸ ਨੂੰ ਹੁਣ BP ਸ਼ੇਅਰਾਂ ਤੋਂ 5 ਰੁ. ਅਤੇ SAIL ਸ਼ੇਅਰਾਂ ਤੋਂ 1 ਰੁ. ਤੇਜ਼ੀ ਦੇ ਦੌਰਾਨ ਮਿਲਣਗੇ। ਔਸਤ ਜ਼ਰੂਰੀ ਪ੍ਰਾਪਤੀ ਦੇ ਰੂਪ ਵਿੱਚ ਇਹ 6 ਰੁ. ਹੈ। ਮੰਦੀ ਦੇ ਦੌਰਾਨ ਉਸ ਨੂੰ BP ਸ਼ੇਅਰਾਂ ਤੋਂ 1 ਰੁ. ਅਤੇ SAIL ਸ਼ੇਅਰਾਂ ਤੋਂ 5 ਰੁ. ਮਿਲਣਗੇ ਜੋ ਉਸ ਨੂੰ ਪੂਰਨ ਤੌਰ 'ਤੇ 6 ਰੁ. ਦੀ ਜ਼ਰੂਰੀ ਪ੍ਰਾਪਤੀ ਦੇਣਗੇ। ਇਸ ਤਰ੍ਹਾਂ ਤੇਜ਼ੀ ਹੋਵੇ ਜਾਂ ਮੰਦੀ, ਸ਼ੇਅਰਾਂ ਤੋਂ ਜ਼ਰੂਰੀ ਪ੍ਰਾਪਤੀ ਹੁਣ ਵੀ 6 ਰੁ. ਹੈ ਪਰ ਉਨ੍ਹਾਂ ਦੀਆਂ ਪ੍ਰਾਪਤੀਆਂ ਦੀ ਪਰਿਵਰਤਨਸ਼ੀਲਤਾ ਜ਼ੀਰੋ ਤੱਕ ਡਿੱਗ ਗਈ ਹੈ। 2 ਰੁ. ਜਾਂ 10 ਰੁ. ਪ੍ਰਾਪਤ ਕਰਨ ਦੀ ਬਰਾਬਰ ਸੰਭਾਵਨਾ ਦੀ ਥਾਂ, ਹੁਣ ਉਸ ਦੇ ਹਰੇਕ ਜ਼ਿਆਦਾ ਨਤੀਜੇ ਪ੍ਰਾਪਤ ਕਰਨ ਦੀ ਕੇਵਲ 25 ਪ੍ਰਤੀਸ਼ਤ ਸੰਭਾਵਨਾ ਹੈ ਅਤੇ 6 ਰੁ. ਔਸਤ ਜ਼ਰੂਰੀ ਪ੍ਰਾਪਤੀ ਦੇ 50 ਪ੍ਰਤੀਸ਼ਤ ਮੌਕਾ ਹੈ।

ਖਤਰਾ ਏਕਤਰੀਕਰਣ ਕੇਵਲ ਤਾਂ ਹੀ ਕੰਮ ਕਰਦਾ ਹੈ, ਜਦੋਂ ਪ੍ਰੀ-ਸੰਪਤੀਆਂ (ਸ਼ੇਅਰਾਂ) ਦੀਆਂ ਪ੍ਰਾਪਤੀਆਂ ਇਕ-ਦੂਸਰੇ ਤੋਂ ਸੁਤੰਤਰ ਅਤੇ ਧਨਾਤਮਕ ਰੂਪ ਵਿੱਚ (positively) ਸਹਿ ਸਬੰਧਿਤ (correlated) ਹੁੰਦੀ ਹੈ ਅਤੇ ਜਦੋਂ **ਇਕ ਹੀ ਦਿਸ਼ਾ** ਵਿੱਚ ਦੋ ਪ੍ਰੀ-ਸੰਪਤੀਆਂ ਦੀ ਪ੍ਰਾਪਤੀ ਦੀ ਗਤੀ ਹੁੰਦੀ ਹੈ। ਪ੍ਰੀ-ਸੰਪਤੀਆਂ ਦੇ ਅਜਿਹੇ ਸੰਜੋਗ ਨਾਲ ਜੁੜੇ ਖਤਰੇ ਰਣਾਤਮਕ ਰੂਪ ਵਿੱਚ ਸਹਿ ਸਬੰਧਿਤ ਪ੍ਰਾਪਤੀਆਂ ਵਾਲੀਆਂ ਪ੍ਰੀ-ਸੰਪਤੀਆਂ ਦੇ ਵਿਅਕਤੀਗਤ ਖਤਰਿਆਂ ਦੇ ਯੋਗ (sum) ਤੋਂ ਘੱਟ ਹੁੰਦੇ ਹਨ।

ਬਾਜ਼ਾਰ ਖਤਰਾ ਅਤੇ ਵਿਸ਼ੇਸ਼ ਖਤਰਾ ਨਾਪਣਾ
(Measuring Market Risk and Specific Risk)

ਇਕ ਪੋਰਟਫੋਲੀਓ ਧਾਰਕ ਦੇ ਲਈ ਦੋ ਤਰ੍ਹਾਂ ਦੇ ਖਤਰੇ ਹੁੰਦੇ ਹਨ ਬਾਜ਼ਾਰ ਖਤਰਾ ਅਤੇ ਵਿਸ਼ੇਸ਼ ਖਤਰਾ। **ਬਾਜ਼ਾਰ ਖਤਰਾ** ਇਕ ਵਿਸ਼ੇਸ਼ ਸ਼ੇਅਰ ਦੀ ਪ੍ਰਾਪਤੀ ਨਾਲ ਸਬੰਧਿਤ ਹੁੰਦਾ ਹੈ, ਜਦੋਂ ਪੂਰਾ ਸਟਾਕ ਮਾਰਕੀਟ ਸਮੇਂ ਅਨੁਸਾਰ ਉਪਰ ਅਤੇ ਥੱਲੇ ਗਤੀ ਕਰਦਾ ਹੈ। **ਵਿਸ਼ੇਸ਼ ਖਤਰਾ** ਅਨੇਕਾਂ ਕੰਪਨੀਆਂ ਦੇ ਸ਼ੇਅਰ ਲੈਣ ਨਾਲ ਸਬੰਧਿਤ ਹੁੰਦਾ ਹੈ ਜੋ ਖਤਰਾ ਏਕਤਰੀਕਰਣ (risk pooling) ਨਾਲ ਵਿਵਿਧੀਕ੍ਰਿਤ (diversified) ਹੁੰਦੇ ਹਨ, ਜਦੋਂ ਕਿ ਬਾਜ਼ਾਰ ਖਤਰਾ ਵਿਵਿਧੀਕ੍ਰਿਤ ਨਹੀਂ ਹੋ ਸਕਦੇ, ਕਿਉਂਕਿ ਸਟਾਕ ਮਾਰਕੀਟ ਦੇ ਸ਼ੇਅਰਾਂ 'ਤੇ ਪ੍ਰਾਪਤੀਆਂ ਇਕੱਠੀਆਂ ਪੂਰਨ ਤੌਰ 'ਤੇ ਚੜ੍ਹਦੀਆਂ ਜਾਂ ਡਿੱਗਦੀਆਂ ਹਨ ਜਾਂ ਸਥਿਰ ਰਹਿੰਦੀਆਂ ਹਨ।

ਅਰਥ ਸ਼ਾਸਤਰੀ ਇਕ ਗੁਣਾਂਕ (coefficient) **Beta** ਦਾ ਇਸਤੇਮਾਲ ਉਸ ਮਾਤਰਾ ਦੇ ਨਾਪਣ ਲਈ ਕਰਦੇ ਹਨ, ਜਿਸ ਤੱਕ ਇਕ ਵਿਸ਼ੇਸ਼ ਸ਼ੇਅਰ ਦੀ ਪ੍ਰਾਪਤੀ ਸੰਪੂਰਨ ਸਟਾਕ ਬਾਜ਼ਾਰ ਵਿੱਚ ਗਤੀਆਂ ਦੇ ਸਬੰਧ ਵਿੱਚ ਗਤੀ ਕਰਦੀ ਹੈ। ਜੇਕਰ ਇਕ ਸ਼ੇਅਰ ਦੀ ਕੀਮਤ ਠੀਕ ਉਸੇ ਦਿਸ਼ਾ ਵਿੱਚ ਗਤੀ ਕਰਦੀ ਹੈ ਜਿਸ ਵਿੱਚ ਕਿ ਬਾਜ਼ਾਰ ਸੂਚਕ (market index) ਤਾਂ ਇਸ ਦਾ Beta = 1 ਹੋਵੇਗਾ। ਇਕ ਉਚਾ **Beta** ਸ਼ੇਅਰ (**Beta > 1**) ਦਾ ਅਰਥ ਹੈ ਕਿ ਇਹ ਉਸੇ ਦਿਸ਼ਾ ਵਿੱਚ ਗਤੀ ਕਰਦਾ ਹੈ, ਜਿਸ ਵਿੱਚ ਬਾਜ਼ਾਰ ਕੇਵਲ ਇਹ ਹੋਰ ਵੀ ਬਿਹਤਰ ਹੋ ਜਾਂਦਾ ਹੈ, ਜਦੋਂ ਬਾਜ਼ਾਰ ਵਿੱਚ ਤੇਜ਼ੀ ਹੁੰਦੀ ਹੈ ਅਤੇ ਹੋਰ ਵੀ ਬੱਦਤਰ ਹੁੰਦਾ ਹੈ, ਜਦੋਂ ਬਾਜ਼ਾਰ ਵਿੱਚ ਮੰਦੀ ਹੁੰਦੀ ਹੈ। 1 ਅਤੇ 0 ਦੇ ਵਿਚਕਾਰ ਸ਼ੇਅਰ ਦੇ **Beta** ਦਾ ਅਰਥ ਹੈ ਕਿ ਸ਼ੇਅਰ ਉਸੇ ਦਿਸ਼ਾ ਵਿੱਚ ਗਤੀ ਕਰਦਾ ਹੈ, ਜਿਸ ਵਿੱਚ ਕਿ ਬਾਜ਼ਾਰ ਪਰ ਬਾਜ਼ਾਰ ਤੋਂ ਜ਼ਿਆਦਾ ਸੁਸਤ ਗਤੀ ਨਾਲ। ਇਕ ਰਣਾਤਮਕ **Beta** ਸ਼ੇਅਰ ਬਾਜ਼ਾਰ ਦੀ ਪ੍ਰਵਿਰਤੀ ਨਾਲ ਉਲਟ ਦਿਸ਼ਾ ਵਿੱਚ ਗਤੀ ਕਰਦਾ ਹੈ।

ਜ਼ਿਆਦਾਤਰ ਸ਼ੇਅਰ ਬਾਜ਼ਾਰ ਦੀ ਹੀ ਦਿਸ਼ਾ ਵਿੱਚ ਗਤੀ ਕਰਦੇ ਹਨ ਅਤੇ ਉਨ੍ਹਾਂ ਦਾ **Beta** ਇਕ (1) ਦੇ ਨਜ਼ਦੀਕ **Beta** ਹੁੰਦਾ ਹੈ ਪਰ ਰਣਾਤਮਕ **Beta** ਨੂੰ ਨਿਵੇਸ਼ਕਾਂ ਵੱਲੋਂ ਅਧਿਮਾਨ ਦਿੱਤਾ ਜਾਂਦਾ ਹੈ, ਕਿਉਂਕਿ ਉਹ ਪੋਰਟਫੋਲੀਓ ਦੇ ਖਤਰੇ ਵਿੱਚ ਕਮੀ ਲਿਆਉਂਦੇ ਹਨ। ਇਸੇ ਤਰ੍ਹਾਂ ਘੱਟ **Beta** ਵਾਲੇ ਸ਼ੇਅਰਾਂ ਨੂੰ ਉਚੇ **Beta** ਵਾਲੇ ਸ਼ੇਅਰਾਂ ਨੂੰ ਉਪਰ ਅਧਿਮਾਨ ਮਿਲਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਦੀ ਖਰੀਦ ਪੂਰੇ ਪੋਰਟਫੋਲੀਓ ਦਾ ਖਤਰਾ ਘੱਟ ਕਰ ਦੇਵੇਗੀ। ਘੱਟ **Beta** ਅਤੇ ਰਣਾਤਮਕ **Beta** ਸ਼ੇਅਰ ਵੀ ਪੋਰਟਫੋਲੀਓ ਖਤਰੇ ਦਾ ਏਕਤਰੀਕਰਣ ਕਰਦੇ ਹਨ ਪਰ ਉਚੇ **Beta** ਵਾਲੇ ਸ਼ੇਅਰਾਂ ਨੂੰ ਟਾਲਣਾ ਚਾਹੀਦਾ ਹੈ, ਕਿਉਂਕਿ ਉਹ ਬਾਜ਼ਾਰ ਦੀ ਹੀ ਦਿਸ਼ਾ ਵਿੱਚ ਗਤੀ ਕਰਦੇ ਹਨ, ਉਨ੍ਹਾਂ ਦੀਆਂ ਪ੍ਰਾਪਤੀਆਂ ਜ਼ਿਆਦਾ ਹੁੰਦੀਆਂ ਹਨ ਅਤੇ ਉਹ ਪੋਰਟਫੋਲੀਓ ਖਤਰੇ ਨੂੰ ਇਕੱਠਾ ਕਰਨ ਦੇ ਲਈ ਪ੍ਰਯੁਕਤ ਨਹੀਂ ਹੋ ਸਕਦੇ।

ਸਿੱਟਾ (Conclusions)- ਇਕ ਪੋਰਟਫੋਲੀਓ ਵਿੱਚ ਸ਼ੇਅਰਾਂ ਦੇ ਖਤਰੇ ਦੀਆਂ ਵਿਸ਼ੇਸ਼ਤਾਵਾਂ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਜ਼ਾਰ ਦੀ ਪ੍ਰਵਿਰਤੀ ਤੋਂ ਅਲੱਗ ਨਹੀਂ ਕੀਤੇ ਜਾ ਸਕਦੇ। ਇਹੀ ਕਾਰਨ ਹੈ ਕਿ ਅਰਥ ਸ਼ਾਸਤਰੀ **Beta** ਦਾ ਇਸਤੇਮਾਲ ਕਰਦੇ ਹਨ। ਜੇਕਰ ਇਕ ਸ਼ੇਅਰ ਦਾ **Beta** ਇਕ (1) ਤੋਂ **ਘੱਟ** ਹੈ ਤਾਂ ਇਹ ਖਤਰੇ ਵਾਲੇ ਸ਼ੇਅਰਾਂ ਦੇ ਪੋਰਟਫੋਲੀਓ ਦਾ ਖਤਰਾ **ਘੱਟ** ਕਰ ਦੇਵੇਗਾ। ਚਾਹੇ ਘੱਟ **Beta** ਸ਼ੇਅਰ ਵਿਅਕਤੀਗਤ ਰੂਪ ਵਿੱਚ ਖਤਰੇ ਵਾਲੇ ਹੋਣ ਪਰ ਜੇਕਰ ਉਹ ਹੋਰ ਸ਼ੇਅਰਾਂ ਦੇ ਨਾਲ ਇਕੱਠੇ ਕੀਤੇ ਜਾਂਦੇ ਹਨ ਤਾਂ ਉਹ ਪੋਰਟਫੋਲੀਓ ਖਤਰੇ ਨੂੰ ਘੱਟ ਕਰ ਦੇਣਗੇ ਅਤੇ ਉਨ੍ਹਾਂ ਨੂੰ ਖਤਰਾ ਅਣਇਛੁੱਕ (risk averse) ਨਿਵੇਸ਼ਕਾਂ ਵੱਲੋਂ ਉਚੇ **Beta** ਸ਼ੇਅਰਾਂ ਤੋਂ ਜ਼ਿਆਦਾ ਅਧਿਮਾਨ ਦਿੱਤਾ ਜਾਣਾ ਚਾਹੀਦਾ ਹੈ।

ਇਸ ਤਰ੍ਹਾਂ ਸਟਾਕ ਮਾਰਕੀਟ ਸੰਤੁਲਨ ਵਿੱਚ ਘੱਟ **Beta** ਸ਼ੇਅਰਾਂ ਦੀ ਉਚੀ ਕੀਮਤ ਅਤੇ ਔਸਤ ਤੋਂ ਘੱਟ ਪ੍ਰਾਪਤੀ ਹੋਣੀ ਚਾਹੀਦੀ ਹੈ। ਦੂਸਰੇ ਪਾਸੇ ਉਚੇ **Beta** ਸ਼ੇਅਰ ਪੋਰਟਫੋਲੀਓ ਖਤਰੇ ਵਿੱਚ ਵਾਧਾ ਕਰਦੇ ਹਨ ਅਤੇ ਕੇਵਲ ਉਦੋਂ ਹੀ ਖਰੀਦੇ ਜਾਣਗੇ, ਜਦੋਂ ਉਨ੍ਹਾਂ ਦੀ ਘੱਟ ਕੀਮਤ ਅਤੇ ਉਚੇ ਖਤਰੇ ਦੀ ਨੁਕਸਾਨ ਦੀ ਭਰਵਾਈ ਦੇ ਲਈ ਉਚੀ ਔਸਤ ਪ੍ਰਾਪਤ ਦਰ ਹੋਵੇ।

ਨੋਟ

29.4 ਸਾਰੰਸ਼ (Summary)

- ਬੀਮਾ ਕੰਪਨੀ ਦਾ ਕੰਮ ਕਿਸੇ ਅਨਿਸ਼ਚਿਤ ਘਟਨਾ ਦੇ ਕਾਰਨ ਹੋਈ ਹਾਨੀ ਦੀ ਘਟਨਾ ਵਿੱਚ ਨਿਸ਼ਚਿਤਤਾ ਪ੍ਰਦਾਨ ਕਰਨਾ ਹੁੰਦਾ ਹੈ। ਇਹ ਆਪਣੇ ਗ੍ਰਾਹਕ ਕੋਲੋਂ ਪ੍ਰੀਮੀਅਮ ਦੀ ਇਕ ਘੱਟ ਰਾਸ਼ੀ ਲੈ ਕੇ ਹਾਨੀ ਦੇ ਖਤਰੇ ਨੂੰ ਘੱਟ ਕਰਦੀ ਹੈ ਅਤੇ ਉਸ ਘਟਨਾ, ਜਿਸ ਦੇ ਲਈ ਬੀਮਾ ਪਾਲਿਸੀ ਲਈ ਗਈ ਹੈ, ਦੇ ਹੋਣ ਦੇ ਮਾਮਲੇ ਵਿੱਚ ਇਕ ਬਹੁਤ ਵੱਡੀ ਰਾਸ਼ੀ ਦਾ ਭੁਗਤਾਨ ਕਰਨ ਦਾ ਵਚਨ ਦਿੰਦੀ ਹੈ, ਕਿਉਂਕਿ ਲੋਕ ਜ਼ਿਆਦਾ ਖਤਰਾ ਅਣਇਛੁੱਕ ਹੁੰਦੇ ਹਨ। ਉਹ ਪ੍ਰਤੀਕੂਲ ਸੰਭਾਵਨਾ (odds) 'ਤੇ ਵੀ ਪ੍ਰੀਮੀਅਮ ਦਾ ਭੁਗਤਾਨ ਕਰਨ ਲਈ ਤਿਆਰ ਹੁੰਦੇ ਹਨ। ਇਸੇ ਤਰ੍ਹਾਂ ਬੀਮਾ ਕੰਪਨੀਆਂ ਵੀ ਖਤਰਾ ਅਣਇਛੁੱਕ ਹੁੰਦੀਆਂ ਹਨ। ਫਰਮਾਂ ਵਾਂਗ ਉਨ੍ਹਾਂ ਦਾ ਉਦੇਸ਼ ਵੀ ਲਾਭ ਕਮਾਉਣਾ ਹੁੰਦਾ ਹੈ। ਖਤਰਾ ਟਾਲਣ ਅਤੇ ਲਾਭ ਕਮਾਉਣ ਲਈ ਉਹ ਖਤਰਾ ਏਕਤਗੀਕਰਣ (risk-pooling) ਅਤੇ ਖਤਰਾ ਪ੍ਰਸਾਰ (risk-spreading) ਅਪਣਾਉਂਦੀਆਂ ਹਨ।

29.5 ਸ਼ਬਦਕੋਸ਼ (Keywords)

1. **ਪ੍ਰਤੀਫਲ** (Return)- ਵਾਪਸੀ।
2. **ਪੋਰਟਫੋਲੀਓ** (Portfolio)- ਕਾਗਜ਼ਾਤ ਰੱਖਣ ਦਾ ਬਸਤਾ।
3. **ਵਿਤਰਣ** (Distribution)- ਵੰਡਣਾ।

29.6 ਅਭਿਆਸ ਪ੍ਰਸ਼ਨ (Review Questions)

1. ਬੀਮਾ ਤੋਂ ਤੁਸੀਂ ਕੀ ਸਮਝਦੇ ਹੋ? ਸਪੱਸ਼ਟ ਕਰੋ।
2. 'ਜੂਆ' 'ਤੇ ਇਕ ਟਿੱਪਣੀ ਲਿਖੋ।
3. ਪ੍ਰੀ-ਸੰਪਤੀ ਪੋਰਟਫੋਲੀਓ ਚੋਣ ਨੂੰ ਸਮਝਾਓ।

ਉਤਰ : ਸਵੈ ਮੁਲਾਂਕਣ (Answers : Self Assessment)

1. ਦੋ ਵਿਕਲਪ	2. ਖਤਰਾ	3. ਪ੍ਰੀਮੀਅਮ	4. (ਅ)
5. (ਬ)	6. (ਸ)	7. (ਅ)	8. ਗਲਤ
9. ਸਹੀ	10. ਸਹੀ		

29.7 ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕਰੋਇਕਨੋਮਿਕਸ-ਰਾਬਰਟ ਐਸ ਪਿੰਡਿਕ, ਡੈਨੀਅਲ ਐਲ ਰੂਬਿਨਫੇਲਡ ਐਂਡ ਪ੍ਰੇਮ ਐਲ. ਮਹਿਤਾ, ਪੀਅਰਸੰਨ ਐਜੂਕੇਸ਼ਨ, 2009 ਪੀ. ਵੀ. ਕੇ. 7ਵਾਂ ਐਡੀਸ਼ਨ।
2. ਮਾਈਕ੍ਰੋਇਕਨੋਮਿਕਸ- ਡੇਵਿਡ ਬੇਸੈਨਕੋ ਐਂਡ ਰੋਨਾਲਡ ਬਰੂਟੀਗੈਮ, ਵਿਲੇ ਇੰਡੀਆ, 2011, ਪੀ. ਵੀ. ਕੇ. ਚੌਥਾ ਐਡੀਸ਼ਨ।
3. ਮਾਈਕ੍ਰੋਇਕਨੋਮਿਕਸ-ਸਿਪਰਾ ਮੁੱਖ ਉਪਾਧਿਆਇ, ਐਨੀ ਬੁਕਸ, 2011।

ਨੋਟ

ਇਕਾਈ–30 : ਸੂਚਨਾ ਦਾ ਅਰਥਸ਼ਾਸਤਰ (Economics of Information)

ਵਿਸ਼ੇ ਵਸਤੂ (Contents)

ਉਦੇਸ਼ (Objectives)

ਪ੍ਰਸਤਾਵਨਾ (Introduction)

30.1 ਖੋਜ ਦਾ ਸਿਧਾਂਤ (The Theory of Search)

30.2 ਅਸੰਮਤੀ (ਜਾਂ ਅਪੂਰਨ) ਸੂਚਨਾ [Asymmetric (or imperfect) Information]

30.3 ਦਕਸ਼ ਬਾਜ਼ਾਰ ਦੀ ਕਲਪਨਾ (The Efficient Market Hypothesis)

30.4 ਸਾਰੰਸ਼ (Summary)

30.5 ਸ਼ਬਦਕੋਸ਼ (Keywords)

30.6 ਅਭਿਆਸ ਪ੍ਰਸ਼ਨ (Review Questions)

30.7 ਸਬੰਧਿਤ ਪੁਸਤਕਾਂ (Further Readings)

ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਖੋਜ ਦਾ ਸਿਧਾਂਤ ਜਾਨਣ ਸਬੰਧੀ।
- ਅਸੰਮਤੀ ਸੂਚਨਾ ਦਾ ਅਧਿਐਨ ਕਰਨ ਸਬੰਧੀ।
- ਦਕਸ਼ ਬਾਜ਼ਾਰ ਦੀ ਕਲਪਨਾ ਜਾਨਣ ਸਬੰਧੀ।
- ਬਾਜ਼ਾਰ ਸੰਕੇਤ ਜਾਨਣ ਸਬੰਧੀ।

ਪ੍ਰਸਤਾਵਨਾ (Introduction)

ਉਪਭੋਗਤਾ ਉਤਪਾਦਕ ਅਤੇ ਸਾਧਨਾਂ ਦੇ ਮਾਲਕਾਂ ਨੂੰ ਪੂਰਨ ਪ੍ਰਤੀਯੋਗਤਾ ਦੇ ਅਧੀਨ ਬਾਜ਼ਾਰ ਦੀ ਸਥਿਤੀ ਦਾ ਪੂਰਨ ਗਿਆਨ ਹੁੰਦਾ ਹੈ। ਇਸ ਮਾਨਤਾ ਦੇ ਅਧਾਰ 'ਤੇ ਕਿ ਉਹ ਵਿਵੇਕਸ਼ੀਲ ਹਨ। ਇਹ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਨੂੰ ਬਾਜ਼ਾਰ ਦੀ ਕਿਰਿਆ ਵਿਧੀ ਦੀ ਸੂਚਨਾ ਹੁੰਦੀ ਹੈ। **ਜੋਸੇਫ ਸਟਿਗਲਿਜ਼** (Joseph Stiglitz) **ਮਾਈਕਲ ਸਪੇਂਸ** (Micheal Spence) ਅਤੇ **ਜਾਰਜ ਏਕਰਲੋਫ** (George Akerlof), ਜਿਨ੍ਹਾਂ ਸੂਚਨਾ ਅਰਥ ਸ਼ਾਸਤਰ (Information Economics) ਦੇ ਖੇਤਰ ਵਿੱਚ ਆਪਣੇ ਕੰਮ ਦੇ ਲਈ ਸਾਲ 2001 ਵਿੱਚ ਅਰਥ ਸ਼ਾਸਤਰ 'ਚ ਨੋਬਲ ਪੁਰਸਕਾਰ ਮਿਲਿਆ ਸੀ, ਨੇ ਸਥਾਪਿਤ ਕੀਤਾ ਕਿ ਬਾਜ਼ਾਰ ਦੀ ਸੂਚਨਾ ਅਸਲੀ ਸੰਸਾਰ ਵਿੱਚ ਅਪੂਰਨ ਜਾਂ ਦੋਸ਼ ਮੁਕਤ ਜਾਂ ਅਸੰਮਤੀ ਹੁੰਦੀ ਹੈ ਪਰ ਇਸ ਖੇਤਰ ਵਿੱਚ ਮਹੱਤਵਪੂਰਨ ਕੰਮ ਪ੍ਰੋ. **ਸਟਿਗਲਰ** (Prof. Stigler) ਨੇ ਆਪਣੇ ਲੇਖ "The Economics of Information" ਵਿੱਚ ਸਾਲ 1961 ਵਿੱਚ ਕੀਤਾ ਸੀ, ਜਿਸ ਦੀ ਪ੍ਰਗਤੀ ਖੋਜ ਦੇ ਅਰਥ ਸ਼ਾਸਤਰ ਦੀ ਦਿਸ਼ਾ ਵਿੱਚ ਹੋਈ ਹੈ। ਇਸ ਅਧਿਆਇ ਵਿੱਚ ਅਸੀਂ ਅਸੰਮਤੀ ਸੂਚਨਾ ਖੋਜ ਦਾ ਸਿਧਾਂਤ ਅਤੇ ਦਕਸ਼ ਬਾਜ਼ਾਰਾਂ ਦਾ ਅਧਿਐਨ ਕਰਾਂਗੇ।

30.1 ਖੋਜ ਦਾ ਸਿਧਾਂਤ (The Theory of Search)

ਖੋਜ ਦਾ ਸਿਧਾਂਤ ਜੋ ਸਾਲ 1961 ਵਿੱਚ **ਸਟਿਗਲਰ** ਨੇ ਪ੍ਰਸਤਾਵਿਤ ਕੀਤਾ ਸੀ, ਜਿਸ ਵਿੱਚ ਅਨੇਕਾਂ ਅਰਥ ਸ਼ਾਸਤਰੀਆਂ ਜਿਵੇਂ

ਨੋਟ

ਰੋਥਸਚਾਈਲਡ (Rothschild), **ਨੇਲਸਨ** (Nelson), **ਸੈਲਪ** (Salop), **ਸਟਿਗਲਿਜ਼** (Stiglitz), **ਵੇਰੀਅਨ** (Varian) ਅਤੇ ਹੋਰ ਅਰਥ ਸ਼ਾਸਤਰੀਆਂ ਨੇ ਸੁਧਾਰ ਕੀਤੇ ਹਨ। ਕੁਝ ਮਾਡਲਾਂ ਦੀ ਵਿਆਖਿਆ ਹੇਠ ਲਿਖੀ ਹੈ-

ਸਟਿਗਲਰ ਦਾ ਮਾਡਲ (Stigler's Model)

ਪ੍ਰੋ. **ਸਟਿਗਲਰ** ਨੇ ਸਾਲ 1961 ਵਿੱਚ ਪ੍ਰਕਾਸ਼ਿਤ ਆਪਣੇ ਮਹੱਤਵਪੂਰਨ ਲੇਖ The Economics of Information ਵਿੱਚ ਦਿਖਾਇਆ ਸੀ ਕਿ ਬਾਜ਼ਾਰ ਵਿੱਚ ਇਕ ਵਸਤੂ ਸਬੰਧੀ ਸੂਚਨਾ ਦੋਸ਼ ਪੂਰਨ ਜਾਂ ਅਪੂਰਨ ਹੁੰਦੀ ਹੈ। ਉਪਭੋਗਤਾ ਦੇ ਵਿਵਹਾਰ ਦੇ ਕਲਾਸਿਕੀ ਮਾਡਲ ਇਹ ਮੰਨਦੇ ਹਨ ਕਿ ਬਾਜ਼ਾਰ ਸਬੰਧੀ ਸੂਚਨਾ ਪੂਰੀ ਹੁੰਦੀ ਹੈ ਅਤੇ ਉਪਭੋਗਤਾ ਉਹ ਨਿਊਨਤਮ ਕੀਮਤ ਜਾਣਦਾ ਹੈ ਜੋ ਉਸ ਨੂੰ ਹਰੇਕ ਵਸਤੂ ਦੇ ਲਈ ਜ਼ਰੂਰ ਦੇਣੀ ਚਾਹੀਦੀ ਹੈ ਪਰ ਅਸਲੀਅਤ ਹੈ, ਕਿਉਂਕਿ ਉਪਭੋਗਤਾ ਨੂੰ ਅਕਸਰ ਅਜਿਹੀ ਪ੍ਰਸਤਾਵਨਾ ਨਹੀਂ ਹੁੰਦੀ। **ਸਟਿਗਲਰ** ਦੇ ਅਨੁਸਾਰ ਇਕ ਵਿਸ਼ੇਸ਼ ਵਸਤੂ ਦੇ "ਅਸੂਚਿਤ ਖਰੀਦਦਾਰ" (uninformed Buyers) ਹੁੰਦੇ ਹਨ। ਉਦਾਹਰਣ ਦੇ ਤੌਰ 'ਤੇ ਜੇਕਰ ਉਪਭੋਗਤਾ ਇਕ ਵਿਸ਼ੇਸ਼ ਕੈਮਰਾ ਖਰੀਦ ਰਿਹਾ ਹੈ ਤਾਂ ਉਹ ਨਹੀਂ ਜਾਣਦਾ ਕਿ ਕਿਹੜੀ ਦੁਕਾਨ ਉਸ ਨੂੰ ਨਿਊਨਤਮ ਕੀਮਤ 'ਤੇ ਵੇਚ ਰਹੀ ਹੈ, ਜਦੋਂ ਤੱਕ ਉਹ ਨੇੜੇ-ਤੇੜੇ ਦੀਆਂ ਦੁਕਾਨਾਂ ਵਿੱਚ ਨਹੀਂ ਜਾਂਦਾ ਜਾਂ ਬਾਜ਼ਾਰ ਵਿੱਚ ਖੋਜ ਨਹੀਂ ਕਰਦਾ, ਉਹ ਨਿਸ਼ਚਿਤ ਨਹੀਂ ਕਰ ਸਕਦਾ ਕਿ ਬਾਜ਼ਾਰ ਵਿੱਚ ਕਿਹੜੀ ਦੁਕਾਨ ਨਿਊਨਤਮ ਕੀਮਤ ਲੈ ਰਹੀ ਹੈ ਜਾਂ ਨਿਊਨਤਮ ਕੀਮਤ ਕਿੰਨੀ ਹੈ।

ਪ੍ਰੋ. **ਸਟਿਗਲਰ** ਆਪਣਾ ਵਿਸ਼ਲੇਸ਼ਣ ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਆਰੰਭ ਕਰਦਾ ਹੈ ਕਿ **ਕੀਮਤ ਭਿੰਨਕਰਣ** (Price Dispersion) ਬਾਜ਼ਾਰ ਵਿੱਚ 'ਅਨਪੜ੍ਹਤਾ ਦਾ ਨਾਪ' ਹੈ। ਅੱਗੇ ਕੀਮਤ ਭਿੰਨਕਰਣ ਸਮਰੂਪ ਵਸਤੂਆਂ ਦੇ ਲਈ ਵੀ ਹੁੰਦਾ ਹੈ। ਇਸ ਤੋਂ ਇਕ ਅਸੂਚਿਤ ਅਤੇ ਅਣਜਾਣ ਖਰੀਦਦਾਰ ਦੇ ਬਾਜ਼ਾਰ ਵਿੱਚ ਇਕ ਵਸਤੂ ਦੀ ਨਿਊਨਤਮ ਕੀਮਤ ਦੀ ਖੋਜ ਕਰਨ ਦੀ ਜ਼ਰੂਰਤ ਹੋ ਜਾਂਦੀ ਹੈ।

ਇਸ ਦੀਆਂ ਮਾਨਤਾਵਾਂ (Its Assumptions)

ਸਟਿਗਲਰ ਦਾ ਖੋਜ ਦਾ ਸਿਧਾਂਤ ਹੇਠ ਲਿਖੀਆਂ ਮਾਨਤਾਵਾਂ 'ਤੇ ਅਧਾਰਿਤ ਹੈ-

1. ਬਾਜ਼ਾਰ ਵਿੱਚ ਅਸੰਮਤੀ ਸੂਚਨਾ ਹੈ। ਵਸਤੂ ਦੇ ਖਰੀਦਦਾਰਾਂ ਨੂੰ ਅਪੂਰਨ ਅਤੇ ਵੇਚਣ ਵਾਲਿਆਂ ਨੂੰ ਪੂਰੀ ਪ੍ਰਸਤਾਵਨਾ ਹੁੰਦੀ ਹੈ।
2. ਖਰੀਦਦਾਰ ਨੂੰ ਬਾਜ਼ਾਰ ਦੇ ਇਕ ਖੇਤਰ ਦੀਆਂ ਸਾਰੀਆਂ ਦੁਕਾਨਾਂ ਦੀ ਪ੍ਰਸਤਾਵਨਾ ਹੁੰਦੀ ਹੈ।
3. ਉਹ ਜਾਣਦਾ ਹੈ ਕਿ ਕੀਮਤਾਂ ਕਿਸ ਤਰ੍ਹਾਂ ਵੰਡੀਆਂ ਹੋਈਆਂ ਹਨ ਅਤੇ ਉਹ ਕੀ ਸਕਦੀਆਂ ਹਨ ਪਰ ਇਹ ਨਹੀਂ ਜਾਣਦਾ ਕਿ ਕਿਹੜੀ ਦੁਕਾਨ ਕਿੰਨੀ ਕੀਮਤ ਲੈਂਦੀ ਹੈ।
4. ਖਰੀਦਦਾਰ ਕੋਲ ਖੋਜ ਤੋਂ ਇਲਾਵਾ ਨਿਊਨਤਮ ਕੀਮਤ ਲੈਣ ਵਾਲੀ ਦੁਕਾਨ ਦੀ ਸੂਚਨਾ ਪਾਉਣ ਦਾ ਕੋਈ ਸਾਧਨ ਨਹੀਂ ਹੁੰਦਾ।
5. ਉਹ ਇਕ ਨਿਸ਼ਚਿਤ ਸੰਖਿਆ ਵਿੱਚ ਦੁਕਾਨਾਂ 'ਚ ਜਾਂਦਾ ਹੈ ਅਤੇ ਉਸ ਦੁਕਾਨ ਤੋਂ ਖਰੀਦ ਲੈਂਦਾ ਹੈ ਜੋ ਨਿਊਨਤਮ ਕੀਮਤ ਲੈਂਦੀ ਹੈ।
6. ਸਮੇਂ ਅਤੇ ਆਉਣ-ਜਾਣ ਦੀ ਦ੍ਰਿਸ਼ਟੀ ਨਾਲ ਖੋਜ ਦੀ ਲਾਗਤ ਸਥਿਰ ਹੁੰਦੀ ਹੈ।

ਮਾਡਲ (The Model)

ਇਨ੍ਹਾਂ ਮਾਨਤਾਵਾਂ ਦੇ ਦਿੱਤੇ ਹੋਣ 'ਤੇ ਸਮੱਸਿਆ ਇਹ ਹੈ ਕਿ ਖਰੀਦਦਾਰ ਖਰੀਦਦਾਰੀ ਕਰਨ ਤੋਂ ਪਹਿਲਾਂ ਕਿੰਨੀਆਂ ਦੁਕਾਨਾਂ ਵਿੱਚ ਜਾਵੇਗਾ ਜਾਂ ਖੋਜ ਕਰੇਗਾ।

ਸਟਿਗਲਰ ਦੇ ਮਾਡਲ ਵਿੱਚ ਦੁਕਾਨ ਜੋ ਬਾਜ਼ਾਰ ਦੇ ਇਕ ਵਿਸ਼ੇਸ਼ ਖੇਤਰ ਵਿੱਚ ਨਿਊਨਤਮ ਕੀਮਤ ਲੈਂਦੀ ਹੈ, "ਸੰਸਾਰ ਦੀਆਂ ਅਣਜਾਣ ਸੱਚ ਸਥਿਤੀ" ਹੈ। ਬਹੁਤ ਸਾਰੀਆਂ ਦੁਕਾਨਾਂ ਵਿੱਚ ਜਾਣ ਤੋਂ ਬਾਅਦ ਖਰੀਦਦਾਰ ਵੱਲੋਂ ਪਤਾ ਲਗਾਈ ਗਈ ਕੀਮਤ ਇਕ "ਸੰਕੇਤ" ਹੈ। ਸੱਚ ਸਥਿਤੀ (ਦੁਕਾਨ) ਅਤੇ ਸੰਕੇਤ (ਕੀਮਤ) ਇਸ ਸੰਭਾਵਨਾ (probability) ਨਾਲ ਪ੍ਰਸਪਰ ਸਬੰਧਿਤ ਹੁੰਦੇ ਹਨ ਕਿ ਸੰਕੇਤ (ਕੀਮਤ) ਕਿਸੇ ਨਿਊਨਤਮ (ਕੀਮਤ) ਤੋਂ ਘੱਟ ਹੁੰਦਾ ਹੈ। ਇਸ ਤਰ੍ਹਾਂ ਖਰੀਦਦਾਰ ਕੇਵਲ ਇਹ ਸੰਭਵ ਤੌਰ 'ਤੇ ਜਾਣਦਾ ਹੈ ਕਿ ਇਕ ਪਤਾ ਲਗਾਈ ਗਈ ਕੀਮਤ ਕਿਸੇ ਨਿਊਨਤਮ ਤੋਂ ਘੱਟ ਹੁੰਦੀ ਹੈ। ਅਜਿਹਾ ਬਾਜ਼ਾਰ ਦੀ ਅਨਿਸ਼ਚਿਤਤਾ ਦੇ ਕਾਰਨ ਹੁੰਦਾ ਹੈ ਅਤੇ ਖਰੀਦਦਾਰ ਵੱਖ-ਵੱਖ ਦੁਕਾਨਾਂ ਵੱਲੋਂ ਲਈਆਂ ਗਈਆਂ ਕੀਮਤਾਂ ਸਬੰਧੀ ਅਨਿਸ਼ਚਿਤ ਹੁੰਦਾ ਹੈ। ਜਦੋਂ ਖਰੀਦਦਾਰ ਵੱਲੋਂ ਇਕ ਕੀਮਤ ਪਤਾ ਲਗਾਈ ਜਾਂਦੀ ਹੈ ਤਾਂ ਉਹ ਉਨ੍ਹਾਂ ਦੁਕਾਨਾਂ ਦੀ ਸੰਖਿਆ ਨਿਸ਼ਚਿਤ ਕਰਦਾ ਹੈ, ਜਿਨ੍ਹਾਂ ਦੀ ਖੋਜ ਕਰਨੀ ਹੈ ਜੋ ਕਿ ਹੋਰ ਗੱਲਾਂ ਤੋਂ ਇਲਾਵਾ ਖੋਜ ਵਿੱਚ ਆਉਣ ਵਾਲੀ ਲਾਗਤ (ਖਰਚ) 'ਤੇ ਨਿਰਭਰ ਕਰਦੀ ਹੈ। ਖੋਜ ਦੀ ਲਾਗਤ ਖੋਜ ਵਿੱਚ ਲੱਗਾ ਸਮਾਂ। ਖੋਜ ਦੀ ਲਾਗਤ ਬਾਜ਼ਾਰ ਦਾ ਭੂਗੋਲਿਕ ਅਕਾਰ ਤੋਂ ਵੀ ਪ੍ਰਭਾਵਿਤ ਹੁੰਦਾ ਹੈ। ਜੇਕਰ ਬਾਜ਼ਾਰ ਵੱਡਾ ਹੈ ਤਾਂ ਖੋਜ ਦੀ

ਨੋਟ ਲਾਗਤ ਜ਼ਿਆਦਾ ਹੋਵੇਗੀ। ਇਕ ਖਰੀਦਦਾਰ ਜੋ ਇਕ ਵੱਡੇ ਬਾਜ਼ਾਰ ਵਿੱਚ ਕੀਮਤ ਦੀ ਖੋਜ ਵਿੱਚ ਜ਼ਿਆਦਾ ਸਮਾਂ ਲੈਂਦਾ ਹੈ, ਉਸ ਦੀ ਖੋਜ ਦੀ ਲਾਗਤ ਜ਼ਿਆਦਾ ਹੋਵੇਗੀ ਅਤੇ ਉਹ ਘੱਟ ਦੁਕਾਨਾਂ ਵਿੱਚ ਜਾਵੇਗਾ, ਜੇਕਰ ਬਾਜ਼ਾਰ ਛੋਟਾ ਹੈ ਅਤੇ ਖੋਜ ਲਈ ਘੱਟ ਸਮੇਂ ਦੀ ਜ਼ਰੂਰਤ ਹੈ ਤਾਂ ਖੋਜ ਦੀ ਲਾਗਤ ਘੱਟ ਹੋਵੇਗੀ ਅਤੇ ਉਹ ਜ਼ਿਆਦਾ ਦੁਕਾਨਾਂ ਵਿੱਚ ਜਾਵੇਗਾ।

ਇਸ਼ਟਤਮ ਖੋਜ ਖਰੀਦਦਾਰ ਨੂੰ ਖੋਜ ਨਾਲ ਪ੍ਰਾਪਤ ਸੰਭਾਵਿਤ ਲਾਭ (ਜਾਂ ਪ੍ਰਤੀਫਲ) 'ਤੇ ਵੀ ਨਿਰਭਰ ਕਰਦੀ ਹੈ। ਸੰਭਾਵਿਤ ਲਾਭ ਕੀਮਤ ਤੋਂ ਸੰਭਾਵਿਤ (Expected) ਕਟੌਤੀ ਹੈ। ਸਧਾਰਣ ਤੌਰ 'ਤੇ ਜੇਕਰ ਖਰੀਦਦਾਰ ਆਪਣੀ ਆਮਦਨ ਦਾ ਵੱਡਾ ਭਾਗ ਵਿਸ਼ੇਸ਼ ਵਸਤੂ 'ਤੇ ਖਰਚ ਕਰਦਾ ਹੈ ਤਾਂ ਉਸ ਦੀ ਖੋਜ ਨਾਲ ਸਬੰਧਿਤ ਲਾਭ ਜ਼ਿਆਦਾ ਹੋਵੇਗਾ। ਉਹ ਖੋਜ ਵਿੱਚ ਜ਼ਿਆਦਾ ਸਮਾਂ ਲਗਾਏਗਾ।

ਇਸ ਤਰ੍ਹਾਂ **ਸਟਿਗਲਰ** ਦਾ ਨਿਸ਼ਚਿਤ ਖੋਜ ਦੀ ਕੂਟਨੀਤੀ ਦੇ ਲਈ **ਫੈਸਲਾ ਨਿਯਮ** (decision rule) ਇਹ ਹੈ ਕਿ ਖਰੀਦਦਾਰ ਹੋਰ ਖੋਜ ਤੋਂ ਹੋਣ ਵਾਲੇ ਸੰਭਾਵਿਤ ਲਾਭ ਦੀ ਇਸ ਦੀ ਲਾਗਤ ਨਾਲ ਤੁਲਨਾ ਕਰਕੇ ਕੀਮਤ ਦੀ ਸੂਚਨਾ ਪ੍ਰਾਪਤ ਕੀਤੀਆਂ ਜਾਣ ਵਾਲੀਆਂ ਦੁਕਾਨਾਂ ਦੀ ਸੰਖਿਆ ਨਿਰਧਾਰਿਤ ਕਰਦਾ ਹੈ। ਖਰੀਦਦਾਰ ਉਦੋਂ ਤੱਕ ਖੋਜ ਕਰਦਾ ਰਹੇਗਾ, ਜਦੋਂ ਤੱਕ ਕਿ ਇਕ ਹੋਰ ਖੋਜ ਨਾਲ ਸਬੰਧਿਤ ਕੀਮਤ ਵਿੱਚ ਸੰਭਾਵਿਤ ਕਮੀ ਹੋਰ ਖੋਜ ਦੀ ਲਾਗਤ ਦੇ ਬਰਾਬਰ ਨਾ ਹੋ ਜਾਵੇ। ਦੂਸਰੇ ਸ਼ਬਦਾਂ ਵਿੱਚ ਖੋਜ ਉਸ ਬਿੰਦੂ ਤੱਕ ਜਾਰੀ ਰਹੇਗੀ, ਜਿਸ 'ਤੇ ਖਰੀਦਦਾਰ ਘੱਟ ਤੋਂ ਘੱਟ ਸੀਮਿਤ ਲਾਭ ਉਸ ਦੀ ਸੀਮਿਤ ਲਾਗਤ ਦੇ ਬਰਾਬਰ ਹੋਵੇਗਾ।

ਸਟਿਗਲਰ ਮੰਨਦਾ ਹੈ ਕਿ ਖਰੀਦਦਾਰ ਦੁਕਾਨਾਂ ਦੀ ਨਿਸ਼ਚਿਤ ਸੰਖਿਆ, n, ਵਿੱਚ ਜਾਵੇਗਾ ਅਤੇ ਉਦੋਂ ਨਿਊਨਤਮ ਕੀਮਤ ਵਾਲੀ ਦੁਕਾਨ ਤੋਂ ਖਰੀਦੇਗਾ। ਖੋਜ ਕਰਨ ਨਾਲ ਸੰਭਾਵਿਤ ਲਾਭ, n, ਖੋਜਾਂ ਦਾ ਇਕ ਘਟਦਾ ਹੋਇਆ ਫਲਨ (Function) ਹੈ। ਲੰਮੇ ਸਮੇਂ ਤੱਕ ਖੋਜ ਕਰਨ ਨਾਲ ਸੰਭਾਵਿਤ ਲਾਭ ਘੱਟ ਹੋ ਜਾਂਦਾ ਹੈ। ਖੋਜ ਦੀ ਵੱਧਦੀ ਹੋਈ ਲਾਗਤ ਦੇ ਨਾਲ ਖਰੀਦਦਾਰ ਕਿਸੇ ਧਨਾਤਮਕ ਮੁੱਲ 'ਤੇ ਸੰਤੁਲਨ ਵਿੱਚ ਹੋਵੇਗਾ ਜੋ ਸੰਭਵ ਤੌਰ 'ਤੇ ਜ਼ੀਰੋ ਹੋਵੇ। ਇਹ ਉਹ ਬਿੰਦੂ ਹੈ, ਜਿਸ 'ਤੇ ਖੋਜ ਦਾ ਸੰਭਾਵਿਤ ਲਾਭ, ਖੋਜ ਦੀ ਲਾਗਤ ਦੇ ਬਰਾਬਰ ਹੁੰਦਾ ਹੈ। **ਸਟਿਗਲਰ** ਵਰਨਣ ਕਰਦਾ ਹੈ ਕਿ ਖੋਜ ਨਾਲ ਹੋਣ ਵਾਲੇ ਸੰਭਾਵਿਤ ਅਤੇ ਖੋਜ ਦੀ ਲਾਗਤ ਨੂੰ ਬਰਾਬਰ ਕਰਨਾ ਇਕ ਸਪੱਸ਼ਟ ਨਿਯਮ ਹੈ। ਜਦੋਂ ਕਿ ਇਕ ਖਰੀਦਦਾਰ ਇਕ ਦੂਸਰੀ ਵਸਤੂ ਜਿਵੇਂ ਕਿ ਇਕ ਕੈਮਰਾ, ਪਿਆਨੋ ਆਦਿ ਖਰੀਦ ਰਿਹਾ ਹੁੰਦਾ ਹੈ। ਅਰਥ ਸ਼ਾਸਤਰੀ ਇਸ ਨੂੰ ਸਥਿਰ **ਸੈਂਪਲ ਆਕਾਰ ਨਿਯਮ** (fixed sample size rule) ਕਹਿੰਦੇ ਹਨ।

ਇਸ ਨਿਯਮ ਦੀ ਵਿਆਖਿਆ ਕਰਨ ਦੇ ਲਈ ਮੰਨ ਲਓ ਕਿ n ਖੋਜਾਂ ਤੋਂ ਬਾਅਦ ਸੰਭਾਵਿਤ ਨਿਊਨਤਮ ਕੀਮਤ E (P_n) ਹੈ ਅਤੇ n+1 ਖੋਜਾਂ ਤੋਂ ਬਾਅਦ E (P_{n+1}) ਹੈ। ਮੰਨ ਲਓ ਖਰੀਦਦਾਰ ਵਸਤੂ ਦੀ ਇਕ ਹੀ ਇਕਾਈ ਖਰੀਦਣਾ ਚਾਹੁੰਦਾ ਹੈ। **ਸਟਿਗਲਰ** ਦਾ ਨਿਯਮ ਖਰੀਦਦਾਰ ਤੋਂ ਉਸ ਦੁਕਾਨ ਤੋਂ ਖਰੀਦਣ ਦੀ ਉਮੀਦ ਕਰਦਾ ਹੈ, ਜਿਸ ਦੇ ਨਤੀਜੇ ਵਜੋਂ ਕੀਮਤ ਵਿੱਚ ਸੰਭਾਵਿਤ ਕਮੀ ਇਕ ਹੋਰ ਦੁਕਾਨ ਦੀ ਖੋਜ ਦੀ ਸੀਮਿਤ ਲਾਗਤ ਦੇ ਬਰਾਬਰ ਹੁੰਦੀ ਹੈ ਅਤੇ

$$E(P_n) - E(P_{n+1}) = C$$

ਇੱਥੇ C ਇਕ ਹੋਰ ਖੋਜ ਦੀ ਸੀਮਿਤ ਲਾਗਤ ਹੈ ਜੋ ਕਿ ਦੁਕਾਨ ਵਿੱਚ ਜਾਣ 'ਤੇ ਲੱਗਾ ਸਮਾਂ ਅਤੇ ਆਉਣ-ਜਾਣ ਦਾ ਖਰਚਾ ਹੁੰਦੀ ਹੈ। ਇਸ ਨੂੰ ਸਥਿਰ ਮੰਨਿਆ ਜਾਂਦਾ ਹੈ।

ਹਰ ਵਾਰ ਜਦੋਂ ਇਕ ਦੁਕਾਨ 'ਤੇ ਜਾਇਆ ਜਾਂਦਾ ਹੈ ਤਾਂ ਖੋਜ ਲਾਗਤ (ਖਰਚ) ਕੀਤੀ ਜਾਂਦੀ ਹੈ। ਜਦੋਂ ਇਕ ਵਾਰ ਨਿਊਨਤਮ ਕੀਮਤ ਵਾਲੀ ਦੁਕਾਨ ਪਾਈ ਜਾਂਦੀ ਹੈ ਤਾਂ ਉਸ ਵਸਤੂ ਨੂੰ ਖਰੀਦਣ ਲਈ ਉਸ ਦੁਕਾਨ 'ਤੇ ਦੁਬਾਰਾ ਜਾਣ ਲਈ ਹੋਰ ਖਰਚ ਕਰਨਾ ਪੈਂਦਾ ਹੈ। ਜੇਕਰ ਇਹ ਆਖਰੀ ਦੁਕਾਨ ਹੈ ਤਾਂ ਉਸ ਨੂੰ **ਪਰਤਣ ਦੀ ਲਾਗਤ** (cost of recall) ਕਹਿੰਦੇ ਹਨ। ਖਰੀਦਦਾਰ ਵਾਪਸ ਕਰਨ ਦੀ ਲਾਗਤ ਦੇਵੇਗਾ, ਜੇਕਰ ਇਹ ਇਹ ਆਖਰੀ ਪਾਈ ਗਈ ਕੀਮਤ ਅਤੇ ਨਿਊਨਤਮ ਕੀਮਤ ਦੇ ਅੰਤਰ ਨਾਲੋਂ ਘੱਟ ਹੈ।

ਸਵੈ ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks)–

1. ਸਮਾਂ ਅਤੇ ਆਉਣ-ਜਾਣ ਦੀ ਦ੍ਰਿਸ਼ਟੀ ਨਾਲ ਖੋਜ ਦੀ ਲਾਗਤ ..... ਹੁੰਦੀ ਹੈ।
2. ਬਾਜ਼ਾਰ ਵਿੱਚ ਅਸੰਮਤੀ ..... ਹੈ।
3. ਖੋਜ ਦੀ ਲਾਗਤ ਖੋਜ ਵਿੱਚ ਲੱਗਾ ..... ਹੈ।

ਇਸ ਦੀਆਂ ਆਲੋਚਨਾਵਾਂ (Its Criticisms)

ਸਟਿਗਲਰ ਦੇ ਸਿਧਾਂਤ ਦੇ ਹੇਠ ਲਿਖੇ ਅਧਾਰਾਂ 'ਤੇ ਆਲੋਚਨਾ ਕੀਤੀ ਗਈ ਹੈ–

1. **ਖਰੀਦਦਾਰ ਕੀਮਤਾਂ ਦੀ ਵੰਡ ਨਹੀਂ ਜਾਣਦਾ** (Buyer does not know Distribution of Prices)– ਇਹ ਮਾਨਤਾ ਕਿ ਖਰੀਦਦਾਰ ਕੀਮਤਾਂ ਦੀ ਵੰਡ ਜਾਣਦਾ ਹੈ, ਸਵੀਕਾਰ ਨਹੀਂ ਕੀਤੀ ਜਾ ਸਕਦੀ। ਅਸਲ ਵਿੱਚ ਖਰੀਦਦਾਰ ਕੀਮਤਾਂ ਦੀ ਵੰਡ ਸਬੰਧੀ ਜਾਂ ਬਾਜ਼ਾਰ ਵਿੱਚ ਕੀ ਹੋ ਸਕਦੀ ਹੈ, ਨਹੀਂ ਜਾਣਦਾ ਜਦੋਂ ਤੱਕ ਉਹ ਦੁਕਾਨ ਵਿੱਚ ਨਹੀਂ ਆਉਂਦਾ।

ਨੋਟ

2. **ਖਰੀਦਦਾਰ ਨੂੰ ਮਹਿੰਗੀਆਂ ਅਤੇ ਸਸਤੀਆਂ ਦੁਕਾਨਾਂ ਦਾ ਗਿਆਨ** (Knowledge of Cheap and Dear Shops)– ਇਹ ਸਿਧਾਂਤ ਮੰਨਦਾ ਹੈ ਕਿ ਖਰੀਦਦਾਰ ਨਹੀਂ ਜਾਣਦਾ ਕਿ ਕਿਹੜੀ ਦੁਕਾਨ ਕਿਸ ਕੀਮਤ 'ਤੇ ਇਕ ਵਸਤੂ ਵਿਸ਼ੇਸ਼ ਨੂੰ ਵੇਚਦੀ ਹੈ। ਆਲੋਚਕਾਂ ਦੇ ਅਨੁਸਾਰ ਹੋ ਸਕਦਾ ਹੈ ਕਿ ਖਰੀਦਦਾਰ ਨੂੰ ਇਕ ਦੁਕਾਨ ਵੱਲੋਂ ਲਈ ਜਾਣ ਵਾਲੀ ਕੀਮਤ ਦਾ ਗਿਆਨ ਨਾ ਹੋਵੇ ਪਰ ਉਹ ਜਾਣਦਾ ਹੈ ਕਿ ਬਾਜ਼ਾਰ ਵਿੱਚ ਕਿੱਥੇ ਕਿਹੜੀਆਂ ਮਹਿੰਗੀਆਂ ਅਤੇ ਸਸਤੀਆਂ ਦੁਕਾਨਾਂ ਹਨ, ਜਿਨ੍ਹਾਂ ਵਿੱਚ ਉਹ ਖਰੀਦਦਾਰੀ ਲਈ ਅਕਸਰ ਜਾਇਆ ਕਰਦਾ ਹੈ।

3. **ਕੀਮਤ ਭਿੰਨਕਰਣ ਦੀ ਵਿਆਖਿਆ ਨਹੀਂ** (No Explanation of Price Dispersion)– **ਸਟਿਗਲਰ** ਕੀਮਤ ਭਿੰਨਕਰਣ ਨੂੰ ਬਾਜ਼ਾਰ ਵਿੱਚ ਅਗਿਆਨਤਾ ਦਾ ਨਾਪ ਮੰਨਦਾ ਹੈ ਪਰ ਉਹ ਇਹ ਨਹੀਂ ਦੱਸਦਾ ਕਿ ਕੀਮਤ ਭਿੰਨਕਰਣ ਕੀ ਹੈ ਅਤੇ ਇਹ ਅਪੂਰਨ ਸੂਚਨਾ ਨਾਲ ਕਿਵੇਂ ਸਬੰਧਿਤ ਹੈ।

4. **ਖੋਜਾਂ ਦੀ ਸੰਖਿਆ ਦਾ ਫੈਸਲਾ ਅਵਾਸਤਵਿਕ** (Unrealistic Decision to determine the Number of Searches)– **ਸਟਿਗਲਰ** ਦਾ ਖੋਜ ਦਾ ਸਿਧਾਂਤ ਇਹ ਮੰਨਦਾ ਹੈ ਕਿ ਖਰੀਦਦਾਰ ਦੁਕਾਨਾਂ ਵਿੱਚ ਅਸਲ 'ਚ ਜਾਣ ਤੋਂ ਪਹਿਲਾਂ ਖੋਜਾਂ ਦੀ ਸੰਖਿਆ ਨਿਰਧਾਰਿਤ ਕਰ ਲੈਂਦਾ ਹੈ। ਇਹ ਅਵਾਸਤਵਿਕ ਹੈ। ਇਹ ਸੰਭਵ ਹੈ ਕਿ ਕੁਝ ਦੁਕਾਨਾਂ ਵਿੱਚ ਜਾਣ 'ਤੇ ਉਪਭੋਗਤਾ ਵਸਤੂ ਦੀ ਕੀਮਤ ਦੇ ਵਿਸ਼ੇ ਵਿੱਚ ਨਵੀਂ ਸੂਚਨਾ ਪ੍ਰਾਪਤ ਕਰਦਾ ਹੋਵੇ ਜੋ ਉਸ ਦੀ ਖੋਜ ਦੀ ਯੋਜਨਾ ਦਾ ਪੁਨਰ ਨਿਰੀਖਣ ਕਰਨ ਵਿੱਚ ਮਦਦ ਕਰੇ।

5. **ਫੈਸਲਾ ਨਿਯਮ ਇਸ਼ਟਤਮ ਨਹੀਂ** (Decision Rule not Optimal)– **ਰੋਥਸਚਾਈਲਡ** (Rothschild) ਦੇ ਅਨੁਸਾਰ **ਸਟਿਗਲਰ** ਦਾ ਫੈਸਲਾ ਨਿਯਮ ਦਾ ਖਰੀਦਦਾਰ ਇਕ ਹੋਰ ਖੋਜ ਦੇ ਲਾਭ ਨੂੰ ਉਸ ਦੀ ਲਾਗਤ ਦੇ ਬਰਾਬਰ ਕਰਨ ਤੋਂ ਬਾਅਦ ਖੋਜੀਆਂ ਜਾਣ ਵਾਲੀਆਂ ਦੁਕਾਨਾਂ ਦੀ ਸੰਖਿਆ ਨਿਰਧਾਰਿਤ ਕਰਦਾ ਹੈ, ਇਸ਼ਟਤਮ ਨਹੀਂ ਹੈ। ਉਹ ਦੱਸਦਾ ਹੈ ਕਿ **ਇਸ਼ਟਤਮ ਨਿਯਮ ਕ੍ਰਮਿਕ** ਹੈ (Optimal Rule is sequential)। ਜਿਸ ਦਾ ਅਰਥ ਹੈ ਕਿ ਹਰੇਕ ਦੁਕਾਨ ਤੋਂ ਕੀਮਤ ਜਾਨਣ ਤੋਂ ਬਾਅਦ ਉਪਭੋਗਤਾ ਦੱਸੀ ਗਈ ਕੀਮਤ ਨੂੰ ਸਵੀਕਾਰ ਕਰਨ ਅਤੇ ਅੱਗੇ ਰੁਕ ਜਾਣ ਜਾਂ ਖੋਜ ਨੂੰ ਜਾਰੀ ਰੱਖਣ ਦਾ ਫੈਸਲਾ ਲੈਂਦਾ ਹੈ।

6. **ਫੈਸਲਾ ਨਿਯਮ ਸੂਚਨਾ ਦੀ ਉਮੀਦ ਕਰਦਾ ਹੈ** (Decision Rule ignores Information)- ਆਲੋਚਕਾਂ ਦਾ ਵਿਚਾਰ ਹੈ ਕਿ **ਸਟਿਗਲਰ** ਦਾ ਫੈਸਲਾ ਨਿਯਮ ਖੋਜ ਕਰਦੇ ਹੋਏ ਪ੍ਰਾਪਤ ਕੀਤੀ ਗਈ ਸੂਚਨਾ ਦੀ ਉਮੀਦ ਕਰਦਾ ਹੈ। ਅਜਿਹੀ ਸੂਚਨਾ ਖਰੀਦਦਾਰ ਦੇ ਨਿਯਮ ਨੂੰ ਬਦਲ ਸਕਦੀ ਹੈ। ਮੰਨ ਲਓ ਕਿ ਪਹਿਲੀ ਦੁਕਾਨ ਵਿੱਚ ਕੀਮਤ ਨਿਊਨਤਮ ਹੈ, **ਸਟਿਗਲਰ** ਦਾ ਨਿਯਮ ਖਰੀਦਦਾਰ ਨੂੰ ਇਸ ਨੂੰ ਯਾਦ ਰੱਖਣ ਅਤੇ ਖੋਜ ਜਾਰੀ ਰੱਖਣ ਦੀ ਉਮੀਦ ਕਰਦਾ ਹੈ। ਇਹ ਅਸਲੀ ਹੈ, ਕਿਉਂਕਿ ਇਕ ਵਾਰ ਜਦੋਂ ਉਸ ਨੂੰ ਨਿਊਨਤਮ ਕੀਮਤ ਦੱਸੀ ਗਈ ਹੈ ਤਾਂ ਦੂਸਰੀਆਂ ਦੁਕਾਨਾਂ ਵਿੱਚ ਜਾਣ ਦਾ ਕੋਈ ਲਾਭ ਨਹੀਂ ਹੈ।

ਰੋਥਸਚਾਈਡ ਦਾ ਮਾਡਲ (Rothschild's Model)

ਰੋਥਸਚਾਈਡ ਦੱਸਦਾ ਹੈ ਕਿ **ਸਟਿਗਲਰ** ਦਾ ਫੈਸਲਾ ਨਿਯਮ ਇਸ਼ਟਤਮ ਨਹੀਂ ਹੈ, ਕਿਉਂਕਿ ਇਹ ਇਸ 'ਤੇ ਵਿਚਾਰ ਨਹੀਂ ਕਰਦਾ, ਜਦੋਂ ਖਰੀਦਦਾਰ ਖੋਜ ਨਾਲ ਕੀਮਤ ਸਬੰਧੀ ਪ੍ਰਸਤਾਵਨਾ ਪ੍ਰਾਪਤ ਕਰਦਾ ਹੈ ਅਤੇ ਇਸ ਸੂਚਨਾ ਦਾ ਇਸਤੇਮਾਲ ਨਹੀਂ ਕਰਦਾ। ਇਸ ਲਈ ਉਹ ਇਕ **ਕ੍ਰਮਿਕ ਖੋਜ ਮਾਡਲ** (Sequential Search Model) ਬਣਾਉਂਦਾ ਹੈ ਅਤੇ ਇਸ਼ਟਤਮ ਨਿਯਮ ਪ੍ਰਸਤਾਵਿਤ ਕਰਦਾ ਹੈ ਕਿ ਹਰੇਕ ਖੋਜ ਨਾਲ ਕੀਮਤ ਦੀ ਪ੍ਰਸਤਾਵਨਾ ਪ੍ਰਾਪਤ ਕਰਨ ਤੋਂ ਬਾਅਦ ਖਰੀਦਦਾਰ ਦੱਸੀ ਗਈ ਕੀਮਤ ਨੂੰ ਸਵੀਕਾਰ ਕਰਨ ਜਾਂ ਖੋਜ ਨੂੰ ਜਾਰੀ ਰੱਖਣ ਦਾ ਫੈਸਲਾ ਲੈਂਦਾ ਹੈ। ਜਦੋਂ ਖਰੀਦਦਾਰ ਵੰਡ ਕੀਮਤ (**ਸਟਿਗਲਰ** ਦੀ ਮਾਨਤਾ ਦੇ ਅਨੁਸਾਰ) ਜਾਣਦਾ ਹੈ, ਉਦੋਂ ਉਹ ਦੁਕਾਨ ਦੱਸੀ ਗਈ ਕੀਮਤ ਨੂੰ ਪਹਿਚਾਣ ਸਕਦਾ ਹੈ। ਉਹ ਵੰਡ ਕੀਮਤ ਨੂੰ ਦੇਖੀ ਗਈ (Observed) ਨਿਊਨਤਮ ਕੀਮਤ, P_R ਮੰਨਦਾ ਹੈ ਜੋ ਕਿ ਉਸ ਦੇ ਲਈ ਸੁਰੱਖਿਅਤ ਕੀਮਤ (reservation price) ਹੈ। ਇਕ ਹੋਰ ਖੋਜ ਤੋਂ ਸੰਭਾਵਿਤ ਲਾਭ E(G) ਹੈ। ਜਦੋਂ ਤੱਕ G (ਲਾਭ), ਖੋਜ ਦੀ ਲਾਗਤ C ਤੋਂ ਜ਼ਿਆਦਾ ਹੁੰਦਾ ਹੈ ਤਾਂ ਖਰੀਦਦਾਰ ਖੋਜ ਕਰਦਾ ਰਹੇਗਾ। ਉਹ ਖੋਜ ਕਰਨਾ ਖਤਮ ਕਰ ਦੇਵੇਗਾ, ਜਦੋਂ ਉਸ ਨੂੰ P_R ਤੋਂ ਜ਼ਿਆਦਾ ਕੀਮਤ ਲੱਗਦੀ ਹੈ। ਉਹ P_R ਤੋਂ ਘੱਟ ਜਾਂ P_R ਦੇ ਬਰਾਬਰ ਵੀ ਕੀਮਤ ਸਵੀਕਾਰ ਕਰ ਲੈਂਦਾ ਹੈ ਪਰ P_R ਤੋਂ ਜ਼ਿਆਦਾ ਕੋਈ ਕੀਮਤ ਸਵੀਕਾਰ ਨਹੀਂ ਕਰਦਾ। ਅਸਲ ਵਿੱਚ $E(G) = C$.

ਰੋਥਸਚਾਈਲਡ ਦਾ ਕ੍ਰਮਿਕ ਨਿਯਮ (Sequential rule), **ਸਟਿਗਲਰ** ਦੇ ਫੈਸਲਾ ਨਿਯਮ ਦੇ ਬਰਾਬਰ ਹੈ। ਇਹ ਦੱਸਦਾ ਹੈ ਕਿ ਇਕ ਉਪਭੋਗਤਾ ਦਾ ਖੋਜ ਵਿਵਹਾਰ ਖੋਜ ਦੀ ਲਾਗਤ ਕੀਮਤਾਂ ਦੀ ਵੰਡ 'ਤੇ ਅਧਾਰਿਤ ਹੁੰਦਾ ਹੈ। ਜੇਕਰ ਕੀਮਤਾਂ ਜ਼ਿਆਦਾ ਵੰਡੀਆਂ ਜਾਂਦੀਆਂ ਹਨ ਤਾਂ ਖੋਜ ਦੀ ਸੰਭਾਵਿਤ ਲਾਗਤ ਵਿੱਚ ਵਾਧਾ ਹੁੰਦਾ ਹੈ ਪਰ ਖੋਜ ਦੀ ਲਾਗਤ ਵਿੱਚ ਵਾਧੇ ਦੇ ਨਾਲ ਖੋਜ ਦੀ ਮਾਤਰਾ ਘੱਟ ਹੁੰਦੀ ਹੈ। ਖਰੀਦਦਾਰ ਦਾ ਇਹ ਖੋਜ ਵਿਵਹਾਰ **ਸਟਿਗਲਰ** ਦੀ ਇਸ ਮਾਨਤਾ 'ਤੇ ਅਧਾਰਿਤ ਹੈ ਕਿ ਇਹ ਕੀਮਤਾਂ ਦੀ ਵੰਡ ਜਾਣਦਾ ਹੈ। **ਰੋਥਸਚਾਈਡ** ਇਸ ਮਾਨਤਾ ਨੂੰ ਸਵੀਕਾਰ ਨਹੀਂ ਕਰਦਾ, ਕਿਉਂਕਿ ਇਕ ਖਰੀਦਦਾਰ ਨੂੰ ਕੀਮਤਾਂ ਦੀ ਅਸਲੀ ਵੰਡ ਦੀ ਕੋਈ ਪ੍ਰਸਤਾਵਨਾ ਨਹੀਂ ਹੁੰਦੀ। ਇਸ ਲਈ ਉਹ ਆਪਣੇ ਮਾਡਲ ਵਿੱਚ ਅਗਿਆਨ ਵੰਡ ਨਾਲ **ਇਸ਼ਟਤਮ ਖੋਜ ਨਿਯਮ** (optimal search rules) ਕੱਢਦਾ ਹੈ।

ਨੋਟ ਮੰਨ ਲਓ ਕਿ ਹਰੇਕ ਖੋਜ ਦੀ ਲਾਗਤ C ਹੈ ਅਤੇ ਉਹ ਵਸਤੂ ਦੀ ਕੇਵਲ ਇਕ ਇਕਾਈ ਖਰੀਦਣਾ ਚਾਹੁੰਦਾ ਹੈ, ਜਦੋਂ ਕਿ ਉਸ ਦੀ ਆਮਦਨ ਅਤੇ ਅਧਿਮਾਨ (Preferences) ਦਿੱਤੇ ਹੋਏ ਹਨ। ਉਹ ਵਸਤੂ ਦੇ ਲਈ ਜੋ ਜ਼ਿਆਦਾ ਕੀਮਤ (maximum price) ਦੇਣ ਨੂੰ ਤਿਆਰ ਹੈ, ਉਹ P_M ਹੈ। ਕੀਮਤ ਦੀ ਇਸ ਜ਼ਿਆਦਾ ਹੱਦ ਦੇ ਪਤਾ ਲੱਗਣ 'ਤੇ ਜੋ ਉਸ ਨੂੰ ਸਵੀਕਾਰ ਹੈ, ਉਹ P_M ਜਾਂ ਇਸ ਤੋਂ ਘੱਟ ਕੀਮਤ ਵੇਚਣ ਵਾਲੀਆਂ ਸਾਰੀਆਂ ਦੁਕਾਨਾਂ ਦੀ ਔਸਤ ਦੀ ਗਣਨਾ ਕਰ ਸਕਦਾ ਹੈ। ਜਦੋਂ P_M ਜ਼ਿਆਦਾ ਕੀਮਤ ਹੈ ਜੋ ਖਰੀਦਦਾਰ ਦੇਣ ਲਈ ਤਿਆਰ ਹੈ ਅਤੇ ਉਹ ਖੋਜ ਕਰਨਾ ਆਰੰਭ ਕਰਦਾ ਹੈ, ਇਸ ਤੋਂ ਲਾਭ P_M ਤੋਂ ਹੇਠਾਂ ਕੀਮਤ ਵਿੱਚ ਕਮੀ ਸਮਝਿਆ ਜਾ ਸਕਦਾ ਹੈ। ਕੀਮਤ ਵਿੱਚ ਅਜਿਹੀ ਕਮੀ ਪਾਏ ਜਾਣ ਦੀ ਸੰਭਾਵਨਾ $\propto (P_M)$ ਕੀਮਤ ਦੇ ਬਰਾਬਰ ਹੈ ਅਤੇ P_M ਤੋਂ ਘੱਟ ਸੰਭਾਵਿਤ ਕੀਮਤ E (P_M) ਹੈ ਅਤੇ ਪਹਿਲੀ ਖੋਜ ਤੋਂ ਸੰਭਾਵਿਤ ਲਾਭ ਹੈ,

$$E(G) = \alpha (P_M) [P_M - E (P_M)]$$

ਜੇਕਰ ਸੰਭਾਵਿਤ ਲਾਭ ਖੋਜ ਦੀ ਲਾਗਤ ਤੋਂ ਜ਼ਿਆਦਾ ਹੈ E (G) > C, ਤਾਂ ਪਹਿਲੀ ਖੋਜ ਸਹੀ ਹੈ। ਜੇਕਰ ਇਹ ਘੱਟ ਹੈ ਤਾਂ E (G) < C, ਤਾਂ ਖੋਜ ਕਰਨ ਦਾ ਕੋਈ ਲਾਭ ਨਹੀਂ ਹੈ। ਮੰਨ ਲਓ ਕਿ ਪਹਿਲੀ ਖੋਜ ਵਿੱਚ ਖਰੀਦਦਾਰ PM ਦੇ ਬਰਾਬਰ ਜਾਂ ਜ਼ਿਆਦਾ ਕੀਮਤ ਪਾਉਂਦਾ ਹੈ। ਇਹ ਸਹੀ ਨਹੀਂ ਹੈ, ਕਿਉਂਕਿ ਦੂਸਰੀ ਖੋਜ ਦਾ ਸੰਭਾਵਿਤ ਲਾਭ ਪਹਿਲੀ ਖੋਜ ਦੇ ਬਰਾਬਰ ਹੋਵੇਗਾ। ਫਿਰ ਵੀ ਜੇਕਰ ਉਹ ਪਹਿਲੀ ਖੋਜ ਕੀਮਤ P_1 ਪਾਉਂਦਾ ਹੈ ਜੋ P_M ਤੋਂ ਘੱਟ ਹੈ। ਦੂਸਰੀ ਖੋਜ ਤੋਂ ਲਾਭ ਪਹਿਲੀ ਖੋਜ ਤੋਂ ਘੱਟ ਹੋਵੇਗਾ, $P_M - P_1$ ਅਤੇ ਕੀਮਤ ਨਿਯਮ ਕਹਿੰਦਾ ਹੈ ਕਿ ਦੂਸਰੀ ਖੋਜ ਦਾ ਸੰਭਾਵਿਤ ਲਾਭ ਇਸ ਤੋਂ ਪਹਿਲਾਂ ਵਾਲੀ ਖੋਜ ਦੇ ਸੰਭਾਵਿਤ ਲਾਭ ਤੋਂ ਜ਼ਿਆਦਾ ਨਹੀਂ ਹੋ ਸਕਦਾ।

ਰੋਥਸਚਾਈਡ ਦੇ ਅਨੁਸਾਰ, ਇਹ ਸੁਰੱਖਿਅਤ ਕੀਮਤ (reservation price) P_R ਹੈ ਜੋ ਹੋਰ ਖੋਜ ਦੇ ਸੰਭਾਵਿਤ ਲਾਭ ਨੂੰ ਹੋਰ ਲਾਗਤ ਦੇ ਬਰਾਬਰ ਬਣਾਉਂਦਾ ਹੈ। ਜੇਕਰ ਖਰੀਦਦਾਰ ਨੂੰ ਅਜਿਹੀ ਕੀਮਤ ਮਿਲਦੀ ਹੈ ਜੋ P_R ਦੇ ਬਰਾਬਰ ਜਾਂ ਘੱਟ ਹੈ ਤਾਂ ਉਹ ਅੱਗੇ ਖੋਜ ਨਹੀਂ ਕਰੇਗਾ, ਕਿਉਂਕਿ ਇਸ ਕੀਮਤ 'ਤੇ ਹੋਰ ਖੋਜ ਦਾ ਸੰਭਾਵਿਤ ਲਾਭ ਹੋਰ ਕੀਮਤ ਦੇ ਬਰਾਬਰ ਜਾਂ ਘੱਟ ਹੋਵੇਗਾ ਅਤੇ ਖੋਜ ਸ਼ੁਰੂ ਕਰਨ ਤੋਂ ਪਹਿਲਾਂ ਖਰੀਦਦਾਰ P_R ਨਿਸ਼ਚਿਤ ਕਰ ਲੈਂਦਾ ਹੈ ਅਤੇ P_R ਤੋਂ ਜ਼ਿਆਦਾ ਸਾਰੀਆਂ ਕੀਮਤਾਂ ਅਸਵੀਕਾਰ ਕਰਕੇ ਅੱਗੇ ਵੱਧਦਾ ਹੈ ਅਤੇ ਖੋਜ ਕਰਨਾ ਬੰਦ ਕਰ ਦਿੰਦਾ ਹੈ, ਜਦੋਂ ਉਸ ਨੂੰ P_R ਤੋਂ ਘੱਟ ਜਾਂ ਉਸ ਦੇ ਬਰਾਬਰ ਕੀਮਤ ਮਿਲਦੀ ਹੈ।

ਰੋਥਸਚਾਈਡ ਦੇ ਅਨੁਸਾਰ, ਕੁਝ ਖਰੀਦਦਾਰਾਂ ਦੀ ਖੋਜ ਲਾਗਤ ਦੂਸਰਿਆਂ ਤੋਂ ਜ਼ਿਆਦਾ ਹੁੰਦੀ ਹੈ। ਇਸ ਲਈ ਖੋਜ ਦਾ ਵਿਵਹਾਰ ਇਕ ਖਰੀਦਦਾਰ ਦਾ ਦੂਸਰੇ ਖਰੀਦਦਾਰ ਨਾਲੋਂ ਵੱਖ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਇਕ ਅਮੀਰ ਖਰੀਦਦਾਰ ਦੀ ਖੋਜ ਲਾਗਤ ਅਤੇ ਸੁਰੱਖਿਅਤ ਕੀਮਤ ਜ਼ਿਆਦਾ ਹੁੰਦੀ ਹੈ। ਇਕ ਗਰੀਬ ਖਰੀਦਦਾਰ ਜਿਸ ਦੀ ਖੋਜ ਕੀਮਤ ਲਾਗਤ ਅਤੇ ਸੁਰੱਖਿਅਤ ਕੀਮਤ ਘੱਟ ਹੁੰਦੀ ਹੈ, ਉਸ ਦੀ ਤੁਲਨਾ ਵਿੱਚ ਉਹ ਘੱਟ ਦੁਕਾਨਾਂ ਵਿੱਚ ਜਾਵੇਗਾ।

ਸਵੈ ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions)–

4. ਬਹੁਤ ਸਾਰੀਆਂ ਦੁਕਾਨਾਂ ਵਿੱਚ ਜਾਣ ਤੋਂ ਬਾਅਦ ਖਰੀਦਦਾਰ ਵੱਲੋਂ ਪਤਾ ਲਗਾਈ ਗਈ ਕੀਮਤ ਹੈ–

   (ਅ) ਇਕ ਸੰਕੇਤ (ਬ) ਖਰਚ (ਸ) ਲਾਗਤ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

5. ਜੇਕਰ ਬਾਜ਼ਾਰ ਵੱਡਾ ਹੈ ਤਾਂ ਖੋਜ ਦੀ ਲਾਗਤ ਹੋਵੇਗੀ–

   (ਅ) ਘੱਟ (ਬ) ਜ਼ਿਆਦਾ (ਸ) ਬਿਲਕੁਲ ਨਹੀਂ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

6. ਸਟਿਗਲਰ ਕੀਮਤ ਭਿੰਨਕਰਣ ਨੂੰ ਬਾਜ਼ਾਰ ਵਿੱਚ ਮੰਨਦਾ ਹੈ–

   (ਅ) ਗਿਆਨ ਦਾ ਮਾਪ (ਬ) ਅਗਿਆਨਤਾ ਦਾ ਨਾਪ (ਸ) ਨਾਪ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

ਸੈਲਪ ਦਾ ਮਾਡਲ (Salop's Model)

ਆਪਣੇ ਮਾਡਲ ਵਿੱਚ **ਸੈਲਪ, ਰੋਥਸਚਾਈਡ** ਦੇ ਕ੍ਰਮਿਕ ਸਿਧਾਂਤ (sequential theory) ਨੂੰ ਅੱਗੇ ਵਧਾਉਂਦਾ ਹੈ, ਕਿਉਂਕਿ ਇਕ ਗ੍ਰਾਹਕ ਦਾ ਖੋਜ ਦਾ ਵਿਵਹਾਰ ਦੂਸਰੇ ਗ੍ਰਾਹਕ ਨਾਲੋਂ ਵੱਖ ਹੁੰਦਾ ਹੈ। ਵਿਕਰੇਤਾ ਬਾਜ਼ਾਰ ਨੂੰ ਵੰਡਣ ਅਤੇ ਕੀਮਤ ਵਿੱਚ ਅੰਤਰ ਲਿਆਉਣ ਲਈ ਕੀਮਤ ਵਿਭੇਦ ਦਾ ਇਸਤੇਮਾਲ ਕਰਦੇ ਹਨ। ਉਹ ਉਚੀ ਖੋਜ ਲਾਗਤਾਂ ਵਾਲੇ ਖਰੀਦਦਾਰਾਂ ਕੋਲੋਂ ਉਚੀ ਕੀਮਤ ਲੈਂਦੇ ਹਨ ਜੋ ਘੱਟ ਕੀਮਤ ਰੱਖਣ ਵਾਲੀਆਂ ਦੁਕਾਨਾਂ ਦੀ ਖੋਜ ਨਹੀਂ ਕਰਦੇ ਪਰ ਉਹ ਘੱਟ ਖੋਜ ਲਾਗਤਾਂ ਵਾਲੇ ਖਰੀਦਦਾਰਾਂ ਕੋਲੋਂ ਘੱਟ ਕੀਮਤ ਲੈਂਦੇ ਹਨ ਜੋ ਕਿ ਘੱਟ ਕੀਮਤ ਰੱਖਣ ਵਾਲੀਆਂ ਦੁਕਾਨਾਂ ਦੀ ਖੋਜ ਕਰਦੇ ਹਨ। ਅਜਿਹੀ ਕੀਮਤ ਨੀਤੀ ਵਿਕਰੇਤਾਵਾਂ ਦੇ ਲਾਭ ਵਧਾਵੇਗੀ, ਜੇਕਰ ਉਚੀ ਖੋਜ ਲਾਗਤ ਦੇ ਖਰੀਦਦਾਰਾਂ ਦਾ ਬਾਜ਼ਾਰ ਘੱਟ ਕੀਮਤ ਲੋਚਦਾਰ ਹੈ। ਕਿਉਂਕਿ ਅਮੀਰ ਖਰੀਦਦਾਰ ਜੋ ਘੱਟ ਖੋਜ ਕਰਦੇ ਹਨ, ਉਹ ਉਚੀ ਕੀਮਤ 'ਤੇ ਅੱਗੇ ਖੋਜ ਕਰਨਾ ਖਤਮ ਕਰ ਦੇਣਗੇ। ਦੂਸਰੇ ਪਾਸੇ ਗਰੀਬ ਖਰੀਦਦਾਰ ਖੋਜ

ਜਾਰੀ ਰੱਖਣਗੇ, ਜਦੋਂ ਤੱਕ ਕਿ ਕੀਮਤ ਸੁਰੱਖਿਅਤ ਕੀਮਤ ਤੋਂ ਹੇਠਾਂ ਨਹੀਂ ਪਾਈ ਜਾਂਦੀ। **ਸੈਲਪ** ਇਸ ਨੂੰ **ਖਤਮ ਕਰਨਾ ਨਿਯਮ** (stopping rule) ਕਹਿੰਦਾ ਹੈ। ਨੋਟ

ਉਚੀ ਕੀਮਤ ਦੇਣ ਵਾਲੇ ਖਰੀਦਦਾਰ ਨੂੰ ਘੱਟ ਕੀਮਤ ਦੇਣ ਵਾਲੇ ਖਰੀਦਦਾਰ ਤੋਂ ਅਲੱਗ ਕਰਨ ਲਈ ਅਤੇ ਦੂਸਰੇ ਖਰੀਦਦਾਰ ਤੋਂ ਘੱਟ ਕੀਮਤ ਲੈਣ ਦੇ ਲਈ, ਇਕ ਵਿਕਰੇਤਾ ਇਸ਼ਟਤਮ ਕੰਟਰੋਲ ਦੇ ਰੂਪ ਵਿੱਚ 'ਸ਼ੋਰ' (noise) ਦਾ ਇਸਤੇਮਾਲ ਕਰਦਾ ਹੈ। **ਸੈਲਪ** ਅਜਿਹੇ ਵਿਕਰੇਤਾ ਨੂੰ 'ਸ਼ੋਰ ਮਚਾਉਣ ਵਾਲਾ ਏਕਾਧਿਕਾਰੀ' (the noisy monopolist) ਕਹਿੰਦਾ ਹੈ। ਪੈਦਾ ਕੀਤਾ ਜਾਣ ਵਾਲਾ ਸ਼ੋਰ, ਇਕ ਖਰੀਦਦਾਰ ਵੱਲੋਂ ਕੀਤੀਆਂ ਜਾਣ ਵਾਲੀਆਂ ਖੋਜਾਂ ਦੀ ਸੰਖਿਆ ਨਾਲ ਨਾਪਿਆ ਜਾਂਦਾ ਹੈ। ਅਜਿਹਾ ਕੀਮਤ ਅੰਤਰ ਵਿਵਹਾਰ ਵਿੱਚ ਦੇਖਿਆ ਜਾਂਦਾ ਹੈ, ਜਦੋਂ ਦੁਕਾਨਾਂ ਆਕਸਮਿਕ ਵਿਕਰੀ (randomsale) ਦੀ ਵਿਵਸਥਾ ਕਰਦੀਆਂ ਹਨ।

ਸੈਲਪ ਆਪਣੇ ਕ੍ਰਮਿਕ ਸਿਧਾਂਤ ਨੂੰ ਖਤਮ ਕਰਨਾ ਨਿਯਮ (stopping rule) ਤੋਂ ਆਰੰਭ ਕਰਦਾ ਹੈ, ਜਿਸ ਵਿੱਚ ਇਕ ਇਸ਼ਟਤਮ ਸੁਰੱਖਿਅਤ ਕੀਮਤ R ਦੀ ਜ਼ਰੂਰਤ ਹੁੰਦੀ ਹੈ, ਜਿਸ ਨਾਲ ਕਿ R ਤੋਂ ਘੱਟ ਜਾਂ R ਦੇ ਬਰਾਬਰ ਕੋਈ ਵੀ ਕੀਮਤ ਉਸ ਖਰੀਦਦਾਰ ਵੱਲੋਂ ਸਵੀਕਾਰ ਕੀਤੀ ਜਾਂਦੀ ਹੈ ਜੋ ਅੱਗੇ ਕੋਈ ਵੀ ਖੋਜ ਨਹੀਂ ਕਰਦਾ। ਸੁਰੱਖਿਅਤ ਕੀਮਤ ਅਜਿਹੀ ਹੋਣੀ ਚਾਹੀਦੀ ਹੈ ਕਿ ਖੋਜ ਦਾ ਸੰਭਾਵਿਤ ਸੀਮਿਤ ਲਾਭ ਖੋਜ ਦੀ ਸੀਮਿਤ ਲਾਗਤ ਦੇ ਬਰਾਬਰ ਹੋਵੇ। ਦੂਸਰੇ ਸ਼ਬਦਾਂ ਵਿੱਚ ਸੁਰੱਖਿਅਤ ਕੀਮਤ ਵਿੱਚ ਇਕ ਥੋੜ੍ਹਾ ਪਰਿਵਰਤਨ ਸੰਭਾਵਿਤ ਖਰੀਦ ਕੀਮਤ ਨੂੰ ਘੱਟ ਕਰ ਦਿੰਦਾ ਹੈ ਅਤੇ ਖੋਜ ਦੀ ਲਾਗਤ ਉਂਨੀ ਹੀ ਰਕਮ ਤੋਂ ਵਧਾ ਦਿੰਦਾ ਹੈ।

ਸੁਰੱਖਿਅਤ ਕੀਮਤ ਖੋਜਾਂ ਦੀ ਸੰਖਿਆ (ਪੈਦਾ ਕੀਤਾ ਜਾਣ ਵਾਲਾ ਸ਼ੋਰ) ਅਤੇ ਖਰੀਦ ਦੀ ਕੁੱਲ ਲਾਗਤ, ਪ੍ਰਤੀ ਇਕਾਈ ਖੋਜ ਲਾਗਤਾਂ 'ਤੇ ਨਿਰਭਰ ਕਰਦੇ ਹਨ। ਵਿਕਰੇਤਾ ਉਹ ਕੀਮਤ ਲਵੇਗਾ, ਜਿਸ ਨਾਲ ਉਸ ਦਾ ਲਾਭ ਜ਼ਿਆਦਾ ਹੋਵੇ। ਅਜਿਹੀ ਕੀਮਤ ਖੋਜਾਂ ਦੀ ਸੰਖਿਆ ਅਤੇ ਖਰੀਦਦਾਰ ਦੀ ਖਰੀਦ ਦੀ ਕੁੱਲ ਲਾਗਤ 'ਤੇ ਨਿਰਭਰ ਕਰਦੀ ਹੈ। ਜਿੱਥੋਂ ਤੱਕ ਵਸਤੂ ਦੀ ਮੰਗ ਦਾ ਸਬੰਧ ਹੈ, ਇਹ ਪ੍ਰਤੀ ਇਕਾਈ ਖੋਜ ਲਾਗਤ ਦੇ ਨਾਲ ਵੱਧਦੀ ਹੈ। ਜੇਕਰ ਇਕਾਈ ਖੋਜ ਦੀ ਲਾਗਤ ਉਚੀ ਹੋਵੇ ਤਾਂ ਮੰਗ ਦੀ ਕੀਮਤ ਲੋਚ ਘੱਟ ਹੋਵੇਗੀ ਅਤੇ ਉਚੀ ਖੋਜ ਲਾਗਤ ਵਾਲੇ (ਅਮੀਰ) ਖਰੀਦਦਾਰ ਘੱਟ ਖੋਜ ਲਾਗਤ ਵਾਲੇ (ਗਰੀਬ) ਖਰੀਦਦਾਰਾਂ ਤੋਂ ਜ਼ਿਆਦਾ ਹੋਣਗੇ, ਜਦੋਂ ਵਿਕਰੇਤਾ ਅਮੀਰ ਖਰੀਦਦਾਰਾਂ ਤੋਂ ਉਚੀ ਕੀਮਤ ਲਵੇਗਾ, ਕਿਉਂਕਿ ਵਸਤੂ ਦੇ ਲਈ ਉਨ੍ਹਾਂ ਦੀ ਮੰਗ ਘੱਟ ਲੋਚਦਾਰ ਹੁੰਦੀ ਹੈ, ਜਦੋਂ ਕਿ ਉਹ ਗਰੀਬ ਖਰੀਦਦਾਰਾਂ ਤੋਂ ਘੱਟ ਕੀਮਤ ਲਵੇਗਾ, ਜਿਸ ਦੀ ਮੰਗ ਲੋਚਦਾਰ ਹੋਵੇਗੀ।

ਨੋਟਸ ਇਕ ਉਪਭੋਗਤਾ ਦਾ ਖੋਜ ਵਿਵਹਾਰ ਖੋਜ ਦੀਆਂ ਲਾਗਤ ਕੀਮਤਾਂ ਦੀ ਵੰਡ 'ਤੇ ਅਧਾਰਿਤ ਹੁੰਦਾ ਹੈ।

30.2 ਅਸੰਮਤੀ (ਜਾਂ ਅਪੂਰਨ) ਸੂਚਨਾ (Asymmetric (or Imperfect) Information)

ਜੋਸਫ ਸਟਿਗਲਿਜ਼ (Joseph Stiglitz), **ਸਪੇਨਸ** (Michael Spence) ਅਤੇ **ਜੋਸਫ ਏਕਰਲਾਫ** (George Akerlof) ਨੂੰ ਸਾਲ 2001 ਵਿੱਚ ਅਰਥ ਸ਼ਾਸਤਰ ਦਾ ਨੋਬਲ ਪੁਰਸਕਾਰ ਸੂਚਨਾ ਅਰਥ ਸ਼ਾਸਤਰ ਦੇ ਖੇਤਰ ਵਿੱਚ ਉਨ੍ਹਾਂ ਦੇ ਅਨਵੇਸ਼ਣ ਲਈ ਸੰਯੁਕਤ ਰੂਪ ਵਿੱਚ ਦਿੱਤਾ ਗਿਆ ਸੀ। ਉਨ੍ਹਾਂ ਨੇ ਕਲਾਸਿਕੀ ਅਤੇ ਨਵ-ਕਲਾਸਿਕੀ ਅਰਥ ਸ਼ਾਸਤਰੀਆਂ ਦੇ ਦ੍ਰਿਸ਼ਟੀਕੋਣ ਨੂੰ ਚੁਣੌਤੀ ਦਿੱਤੀ ਕਿ ਬਾਜ਼ਾਰ ਸੂਚਨਾ ਪੂਰਨ ਹੁੰਦੀ ਹੈ ਅਤੇ ਇਹ ਇਕ ਵਿਸ਼ੇਸ਼ ਨਿਸ਼ਚਾਤਮਕ ਰੂਪ ਲੈਂਦੀ ਹੈ। ਕੁਝ ਵਿਸ਼ੇਸ਼ ਸਥਿਤੀਆਂ ਵਿੱਚ ਇਹ ਮਾਨਤਾ ਵਿਸ਼ਲੇਸ਼ਣ ਨੂੰ ਬਹੁਤ ਅਸਾਨ ਬਣਾ ਦਿੰਦੀ ਹੈ ਪਰ ਅਜਿਹਾ ਅਵਾਸਤਵਿਕ ਹੁੰਦਾ ਹੈ ਅਤੇ ਹਮੇਸ਼ਾ ਸੱਚ ਨਹੀਂ ਹੁੰਦਾ। ਅਸਲੀ ਬਾਜ਼ਾਰ ਸਥਿਤੀਆਂ ਤੋਂ ਉਦਾਹਰਣ ਲੈਂਦੇ ਹੋਏ, ਉਨ੍ਹਾਂ ਨੇ ਬਾਜ਼ਾਰ ਤੰਤਰ ਵਿੱਚ ਅਸੰਮਤੀ ਜਾਂ ਪੂਰਨ ਸੂਚਨਾ ਦੇ ਕਾਰਨ ਹੋਣ ਵਾਲੀਆਂ ਕਮੀਆਂ ਜਾਂ ਅਪੂਰਨਤਾਵਾਂ ਦਾ ਅਧਿਐਨ ਕੀਤਾ। ਬਾਜ਼ਾਰ ਦੀਆਂ ਅਸੰਮਤੀਆਂ ਸਾਧਨਾਂ ਦਾ ਕੁਸ਼ਲਤਾ ਨਾਲ ਵੰਡ ਕਰਨ ਵਿੱਚ ਅਸਫਲ ਹੁੰਦੀ ਹੈ। ਸਾਨੂੰ ਹੇਠਾਂ ਅਪੂਰਨ ਸੂਚਨਾ ਦਾ ਸਿਧਾਂਤ ਅਤੇ ਇਸ ਨਾਲ ਸਬੰਧਿਤ ਸਮੱਸਿਆਵਾਂ ਅਤੇ ਹੱਲ ਦਾ ਅਧਿਐਨ ਕਰਨਗੇ।

ਅਸੰਮਤੀ ਸੂਚਨਾ ਦਾ ਸਿਧਾਂਤ (The Theory of Asymmetric Information)

ਅਸੰਮਤੀ ਸੂਚਨਾ ਇਕ ਅਜਿਹੀ ਸਥਿਤੀ ਹੈ ਜਦੋਂ ਇਕ ਪੱਖ (party) ਦੇ ਕੋਲ ਇਕ ਟਿਕਾਊ ਵਸਤੂ ਦੀ ਪ੍ਰਕਿਰਤੀ, ਗੁਣ ਅਤੇ ਹੋਰ ਵਿਸ਼ੇਸ਼ਤਾਵਾਂ ਦੀ ਦੂਸਰੇ ਪੱਖ ਤੋਂ ਜ਼ਿਆਦਾ ਪ੍ਰਸਤਾਵਨਾ ਹੁੰਦੀ ਹੈ ਅਤੇ ਇਸ ਲਈ ਉਹ ਇਸ ਸੌਦੇ ਦੇ ਨਤੀਜੇ ਨੂੰ ਪ੍ਰਭਾਵਿਤ ਕਰਦਾ ਹੈ। ਇਹ ਪ੍ਰਤੀਕੂਲ ਚੋਣ (adverse selection) ਅਤੇ ਨੈਤਿਕ ਸੰਕਟ (moral hazards) ਦੀਆਂ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ ਜੋ ਹੇਠ ਲਿਖੇ ਹਨ-

ਨੋਟ

ਪ੍ਰਤੀਕੂਲ ਚੋਣ: ਲੇਮਨਸ ਦੀ ਸਮੱਸਿਆ (Adverse Selection : The Lemons Problems)

ਜਦੋਂ ਇਕ ਪੱਖ ਦੇ ਕੋਲ ਦੂਸਰੇ ਤੋਂ ਜ਼ਿਆਦਾ ਸੂਚਨਾ ਉਪਲੱਬਧ ਹੋਵੇ ਤਾਂ ਪ੍ਰਤੀਕੂਲ ਚੋਦ ਦੀ ਸਮੱਸਿਆ ਪੈਦਾ ਹੁੰਦੀ ਹੈ ਜਿਸ ਨਾਲ ਹੈਰਾਨ ਕਰਨ ਵਾਲੇ ਨਤੀਜੇ ਪੈਦਾ ਹੁੰਦੇ ਹਨ। ਪ੍ਰੋ. **ਏਕਰਲਾਫ** (Akerlof) ਨੇ ਆਪਣੇ ਪ੍ਰਸਿੱਧ ਲੇਖ The Market for Lemons ਵਿੱਚ ਇਨ੍ਹਾਂ ਨਤੀਜਿਆਂ ਦੀ ਵਿਆਖਿਆ ਪੁਰਾਣੀਆਂ ਕਾਰਾਂ ਦੇ ਬਾਜ਼ਾਰ ਦੇ ਉਦਾਹਰਣ ਨਾਲ ਕੀਤੀ ਹੈ। ਦੋ ਤਰ੍ਹਾਂ ਦੀਆਂ ਪੁਰਾਣੀਆਂ ਕਾਰਾਂ ਹੁੰਦੀਆਂ ਹਨ–ਇਕ ਚੈਰੀਜ (Cherries) ਹਨ, ਜਿਨ੍ਹਾਂ ਨੂੰ ਚੰਗਾ ਮੰਨਿਆ ਜਾਂਦਾ ਹੈ ਅਤੇ ਦੂਸਰੀ **ਲੈਮਨਸ** (Lemons), ਜਿਨ੍ਹਾਂ ਨੂੰ ਮਾੜਾ ਮੰਨਿਆ ਜਾਂਦਾ ਹੇ। ਮੰਨ ਲਓ ਕਿ ਇਕ ਵਿਅਕਤੀ ਇਕ ਨਵੀਂ ਕਾਰ ਖਰੀਦਦਾ ਹੈ । ਉਹ ਇਸ ਦੇ ਕੰਮ (performance) ਨਾਲ ਸੰਤੁਸ਼ਟ ਨਹੀਂ ਹੈ ਅਤੇ ਉਸ ਨੂੰ ਕੁਝ ਮਹੀਨਿਆਂ ਦੇ ਬਾਅਦ ਵੇਚਣਾ ਚਾਹੁੰਦਾ ਹੈ ਜਦ ਕਿ ਇਹ ਚੰਗੀ ਸਥਿਤੀ ਵਿੱਚ ਹੈ। ਜਦੋਂ ਉਹ ਉਸ ਨੂੰ ਵੇਚਣ ਦਾ ਯਤਨ ਕਰਦਾ ਹੈ, ਜੋ ਕਿ ਇਕ ਨਵੀਂ ਕਾਰ ਦੇ ਬਰਾਬਰ ਹੀ ਹੈ ਤਾਂ ਉਸ ਨੂੰ ਸੰਭਾਵਨਾ ਗ੍ਰਾਹਕਾਂ ਵੱਲੋਂ ਇਕ ਬਹੁਤ ਘੱਟ ਕੀਮਤ ਦਾ ਪ੍ਰਸਤਾਵ ਦਿੱਤਾ ਜਾਵੇਗਾ। **ਏਕਰਲਾਫ** ਦੇ ਅਨੁਸਾਰ ਕਾਰਨ ਇਹ ਹੈ ਕਿ ਸੰਭਾਵਨਾ ਗ੍ਰਾਹਕਾਂ ਦੇ ਮੰਨ ਵਿੱਚ ਇਕ ਅਸੰਮਤੀ ਸੂਚਨਾ ਵਿਕਸਿਤ ਹੋ ਗਈ ਹੈ ਕਿ ਕਾਰ ਵਿੱਚ ਗੜਬੜ ਹੈ। ਇਸ ਲਈ ਕਾਰ ਦਾ ਮਾਲਕ ਕੁਝ ਹੀ ਮਹੀਨਿਆਂ ਦੇ ਖਰੀਦਣ ਦੇ ਬਾਅਦ ਇਸ ਨੂੰ ਵੇਚਣਾ ਚਾਹੁੰਦਾ ਹੈ ਅਤੇ ਉਸ ਨੂੰ ਪੁਰਾਣੀਆਂ ਕਾਰਾਂ ਦਾ ਔਸਤ ਬਾਜ਼ਾਰ ਕੀਮਤ 'ਤੇ ਇਸ ਨੂੰ ਵੇਚਣਾ ਪਵੇਗਾ ਕਿਉਂਕਿ ਇਹ ਪੁਰਾਣੀਆਂ ਕਾਰਾਂ ਦੇ ਬਾਜ਼ਾਰ ਵਿੱਚ ਸੰਭਾਵਿਤ ਗ੍ਰਾਹਕਾਂ ਦੇ ਲਈ ਇਕ ਲੈਮਨ (ਖਰਾਬ ਕਾਰ) ਹੈ ਪਰ ਕਾਰ ਦਾ ਮਾਲਕ ਜਾਣਦਾ ਹੈ ਕਿ ਉਸ ਦੀ ਕਾਰ 'ਚੋਰੀ' ਹੈ ਜੋ ਨਵੀਂ ਕਾਰ ਜਿੰਨੀ ਹੀ ਚੰਗੀ ਹੈ ਅਤੇ ਉਹ ਉਸ ਨੂੰ ਵੇਚਣ ਤੋਂ ਇਨਕਾਰ ਕਰ ਦਿੰਦਾ ਹੈ ਕਿਉਂਕਿ ਉਸ ਨੂੰ ਉਸ ਦੇ ਲਈ ਠੀਕ ਕੀਮਤ ਨਹੀਂ ਮਿਲਦੀ।

ਇਸ ਤਰ੍ਹਾਂ ਪੁਰਾਣੀਆਂ ਚੰਗੀਆਂ ਕਾਰਾਂ (ਚੇਰੀਜ) ਦੇ ਮਾਲਕ ਆਪਣੀਆਂ ਕਾਰਾਂ ਨਹੀਂ ਵੇਚਦੇ ਅਤੇ ਬਾਜ਼ਾਰ ਵਿੱਚ ਕੇਵਲ ਮਾੜੀਆਂ ਕਾਰਾਂ (ਲੈਮਨਸ) ਹੀ ਵਿਕਦੀਆਂ ਹਨ। ਇਹ ਗ੍ਰੇਸ਼ਮ ਦੇ ਨਿਯਮ (Gresham's Law) ਦੇ ਬਰਾਬਰ ਹੈ ਜੋ ਕਹਿੰਦਾ ਹੈ ਕਿ "ਮਾੜਾ ਪੈਸਾ ਚੰਗੇ ਪੈਸੇ ਨੂੰ ਬਾਜ਼ਾਰ ਤੋਂ ਬਾਹਰ ਕਰ ਦਿੰਦਾ ਹੈ।" ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਪੁਰਾਣੀ ਕਾਰ ਮਾਰਕੀਟ ਵਿੱਚ ਮਾੜੀਆਂ ਕਾਰਾਂ ਚੰਗੀਆਂ ਕਾਰਾਂ ਨੂੰ ਬਾਹਰ ਕਰ ਦਿੰਦੀਆਂ ਹਨ।

ਹੁਣ ਅਸੀਂ ਇਕ ਉਦਾਹਰਣ ਦੀ ਸਹਾਇਤਾ ਨਾਲ ਇਸ ਦੀ ਵਿਆਖਿਆ ਕਹਿੰਦੇ ਹਾਂ। ਮੰਨ ਲਓ ਕਿ ਪੁਰਾਣੀਆਂ ਕਾਰਾਂ ਦੇ ਬਾਜ਼ਾਰ ਵਿੱਚ ਸੰਭਾਵਨਾ ਗ੍ਰਾਹਕ ਚੰਗੀ ਕਾਰ ਦੀ ਕੀਮਤ 1,20,000 ਰੁ. ਲਗਾਉਂਦੇ ਹਨ ਅਤੇ ਮਾੜੀ ਕਾਰ (ਲੈਮਨ) ਦੀ 60,000 ਰੁ.। ਬਾਜ਼ਾਰ ਵਿੱਚ ਹਰੇਕ ਕਾਰ ਦੇ ਚੰਗੇ ਕਾਰ ਜਾਂ ਲੈਮਨ ਹੋਣ ਦੀ 50–50 ਸੰਭਾਵਨਾ ਹੁੰਦੀ ਹੈ ਅਤੇ ਗ੍ਰਾਹਕ ਇਕ ਪੁਰਾਣੀ ਕਾਰ ਦੇ ਦੋਨੋਂ ਤਰ੍ਹਾਂ ਦੀਆਂ ਕਾਰਾਂ ਦੀ ਔਸਤ ਕੀਮਤ ਦੇਣ ਦੇ ਲਈ ਤਿਆਰ ਹੋ ਜਾਵੇਗਾ ਜੋ 90,000 ਰੁ. (= 1,20,000+60,000/2) ਹੈ। ਦੂਸਰੇ ਪਾਸੇ ਮਾਲਕ (ਵਿਕਰੇਤਾ) ਚੰਗੀ ਕਾਰ ਦੀ ਕੀਮਤ 1,00,000 ਰੁ. ਅਤੇ ਲੈਮਨ ਦੀ ਕੀਮਤ 50,000 ਰੁ. ਲਗਾਉਂਦੇ ਹਨ। ਇਹ ਸਥਿਤੀ **ਪ੍ਰਤੀਕੂਲ ਚੋਣ** (adverse selection) ਦੀ ਸਮੱਸਿਆ ਨੂੰ ਜਨਮ ਦਿੰਦੀ ਹੈ। ਪ੍ਰਤੀਕੂਲ ਚੋਣ ਇਸ ਲਈ ਹੁੰਦੀ ਹੈ ਕਿਉਂਕਿ ਵਿਕਰੇਤਾਵਾ ਦੇ ਕੋਲ ਗ੍ਰਾਹਕਾਂ ਤੋਂ ਬਿਹਤਰ ਪ੍ਰਸਤਾਵਨਾ ਹੁੰਦੀ ਹੈ। ਗ੍ਰਾਹਕ ਦੇ ਲਈ ਪੁਰਾਣੀ ਕਾਰ ਬਾਜ਼ਾਰ ਵਿੱਚ ਖਰੀਦਣ ਤੋਂ ਪਹਿਲਾਂ ਚੰਗੀ ਤਰ੍ਹਾਂ ਖਰਾਬ ਕਾਰ ਵਿੱਚ ਫਰਕ ਕਰਨਾ ਮੁਸ਼ਕਿਲ ਹੁੰਦਾ ਹੈ।

ਮੰਨ ਲਓ ਕਿ ਲੈਮਨ ਦੀ ਕੀਮਤ 60,000 ਰੁ. ਅਤੇ 90,000 ਰੁ. ਦੇ ਵਿੱਚ ਹੈ। ਉਦੋਂ ਚੰਗੀ ਕਾਰ ਦੇ ਵਿਕਰੇਤਾ ਉਸ ਨੂੰ ਨਹੀਂ ਵੇਚਣਗੇ ਕਿਉਂਕਿ ਉਨ੍ਹਾਂ ਨੂੰ ਆਪਣੀ ਕਾਰ ਦੀ ਕੀਮਤ 1,00,000 ਰੁ. ਲਗਾਈ ਹੈ। ਕਿਉਂਕਿ ਮਾੜੀ ਕਾਰ ਦੇ ਵਿਕਰੇਤਾਵਾਂ ਨੂੰ ਇਕ ਬਿਹਤਰ ਕੀਮਤ ਮਿਲ ਰਹੀ ਹੁੰਦੀ ਹੈ ਜੋ ਕਿ 50,000 ਰੁ. ਤੋਂ ਜ਼ਿਆਦਾ ਹੈ, ਉਹ ਆਪਣੀਆਂ ਕਾਰਾਂ ਨੂੰ ਵੇਚਣ ਦੇ ਲਈ ਪੇਸ਼ ਕਰਨਗੇ। ਨਤੀਜੇ ਵਜੋਂ ਚੰਗੀਆਂ ਕਾਰਾਂ ਦੀ ਵਿਕਰੀ ਨਹੀਂ ਹੋ ਪਾਏਗੀ ਅਤੇ ਗ੍ਰਾਹਕਾਂ ਨੂੰ ਮਹਿਸੂਸ ਹੋਵੇਗਾ ਕਿ ਮਾੜੀਆਂ ਕਾਰਾਂ ਦੇ ਮਿਲਣ ਦੀ ਸੰਭਾਵਨਾ ਜ਼ਿਆਦਾ ਹੈ। ਇਸ ਲਈ ਪੁਰਾਣੀ ਕਾਰ ਦੇ ਬਾਜ਼ਾਰ ਵਿੱਚ ਪੁਰਾਣੀਆਂ ਕਾਰਾਂ ਦੀ ਕੀਮਤ 60,000 ਰੁ. ਤੱਕ ਘੱਟ ਹੋ ਜਾਵੇਗੀ ਅਤੇ ਕੇਵਲ ਮਾੜੀਆਂ ਕਾਰਾਂ ਹੀ ਵਿਕਣਗੀਆਂ। ਚਿੱਤਰ 30.1 ਲੇਮਨ ਅਤੇ ਪ੍ਰਤੀਕੂਲ ਚੋਦ ਸਮੱਸਿਆਵਾਂ ਦੀ ਵਿਆਖਿਆ ਕਰਦਾ ਹੈ। ਚਿੱਤਰ ਦਾ ਪੈਨਲ (A) ਚੰਗੀਆਂ ਕਾਰਾਂ ਪ੍ਰਦਰਸ਼ਿਤ ਕਰਦਾ ਹੈ ਜਿੱਥੇ S_G ਉਨ੍ਹਾਂ ਦੀ ਪੂਰਤੀ ਵਕ੍ਰ ਹੈ ਅਤੇ D_G ਮੰਗ ਵਕ੍ਰ ਹੈ। ਇਸ ਤਰ੍ਹਾਂ ਪੈਨਲ (B) ਵਿੱਚ S_B ਮਾੜੀਆਂ ਕਾਰਾਂ ਦੀ ਪੂਰਤੀ ਵਕ੍ਰ ਹੈ ਅਤੇ D_B ਉਨ੍ਹਾਂ ਦੀ ਮੰਗ ਵਕ੍ਰ ਹੈ।

ਮੰਨ ਲਓ ਕਿ ਪੁਰਾਣੀਆਂ ਕਾਰਾਂ ਦੇ ਬਾਜ਼ਾਰ ਵਿੱਚ ਪੂਰੀ ਸੂਚਨਾ ਹੈ ਜਦੋਂ ਵਿਕਰੇਤਾ ਅਤੇ ਖਰੀਦਦਾਰ ਦੋਨੋਂ ਕਾਰਾਂ ਦੀ ਗੁਣਵਤਾ (quality) ਜਾਣਦੇ ਹਨ ਜਿਨ੍ਹਾਂ ਨੂੰ ਉਹ ਵੇਚਣਾ ਜਾਂ ਖਰੀਦਣਾ ਚਾਹੁੰਦੇ ਹਨ। ਪੈਨਲ (A) ਵਿੱਚ ਚੰਗੀਆਂ ਕਾਰਾਂ ਦੀ ਸੰਖਿਆ OQ ਕੀਮਤ 'ਤੇ ਵੇਚਿਆ ਜਾਂਦਾ ਹੈ ਅਤੇ ਪੈਨਲ (B) ਵਿੱਚ ਮਾੜੀਆਂ ਕਾਰਾਂ ਦੀ OQ_B ਸੰਖਿਆ ਨੂੰ OP_B ਕੀਮਤ 'ਤੇ ਵੇਚਿਆ ਜਾਂਦਾ ਹੈ। ਅਸੰਮਤੀ ਸੂਚਨਾ ਨਾਲ ਪ੍ਰਤੀਕੂਲ ਚੋਣ ਹੋਣ 'ਤੇ ਗ੍ਰਾਹਕਾਂ ਦੇ ਕੋਲ ਕਾਰਾਂ ਦੀ ਗੁਣਵਤਾ (quality) ਦੀ ਕੋਈ ਸੂਚਨਾ ਨਹੀਂ ਹੈ ਇਸ ਲਈ ਚੰਗੀਆਂ ਕਾਰਾਂ ਦੇ ਵਿਕਰੇਤਾ OP_G ਕੀਮਤ ਪ੍ਰਸਤਾਵਿਤ ਕਰਦੇ ਹਨ ਜਿਸ 'ਤੇ ਚੰਗੀਆਂ ਕਾਰਾਂ ਦੀ ਮੰਗ OP'_G ਤੱਕ ਡਿੱਗ ਜਾਂਦੀ ਹੈ, ਜਿਵੇਂ ਕਿ ਹੇਠਾਂ ਦੇ ਮੰਗ ਵਕ੍ਰ D'_G ਅਤੇ ਪੂਰਤੀ ਵਕ੍ਰ S_G ਦੇ ਕਟਾਨ ਬਿੰਦੂ E_1 ਤੋਂ ਪਤਾ ਲਗਦਾ ਹੈ। ਪੈਨਲ (B) ਦਿਖਾਇਆ ਹੈ ਕਿ ਪ੍ਰਤੀਕੂਲ ਚੋਣ ਨਾਲ OP'_B ਕੀਮਤ 'ਤੇ ਮਾੜੀਆਂ ਕਾਰਾਂ ਦੀ ਮੰਗ ਵਿੱਚ OQ'_B ਤੱਕ ਵਾਧਾ ਹੁੰਦਾ ਹੈ। ਇਹ ਕੀਮਤ ਖਰੀਦਦਾਰ ਅਤੇ ਵਿਕਰੇਤਾ ਦੋਨਾਂ ਦੇ ਲਈ ਤਿਆਰ ਹੈ ਅਤੇ ਪੁਰਾਣੀਆਂ ਕਾਰਾਂ ਦੇ ਬਾਜ਼ਾਰ ਵਿੱਚ ਇਸ ਕੀਮਤ 'ਤੇ ਕੇਵਲ ਮਾੜੀਆਂ ਕਾਰਾਂ ਹੀ ਵਿਕਦੀਆਂ ਹਨ।

ਨੋਟ



ਚਿੱਤਰ 30.1

ਏਕਤਰੀਕਰਨ ਅਤੇ ਗਾਰੰਟੀ (Pooling and Guarantees)

ਉਪਰੋਕਤ ਵਿਸ਼ਲੇਸ਼ਣ ਨੂੰ **ਏਕਤਰੀਕਰਨ ਸੰਤੁਲਨ** (Pooling Equilibrium) ਕਿਹਾ ਜਾਂਦਾ ਹੈ ਕਿਉਂਕਿ ਚੰਗੀਆਂ ਕਾਰਾਂ ਅਤੇ ਮਾੜੀਆਂ ਕਾਰਾਂ ਪੁਰਾਣੀਆਂ ਕਾਰਾਂ ਦੇ ਬਾਜ਼ਾਰ ਵਿੱਚ ਇਕੱਠੀਆਂ ਹੁੰਦੀਆਂ ਹਨ। ਨਤੀਜੇ ਵਜੋਂ ਚੰਗੀਆਂ ਕਾਰਾਂ ਦੇ ਮਾਲਕ, ਘਾਟੇ ਵਿੱਚ ਰਹਿੰਦੇ ਹਨ ਕਿਉਂਕਿ ਉਹ ਆਪਣੀਆਂ ਕਾਰਾਂ ਨਹੀਂ ਵੇਚ ਸਕਦੇ। ਇਸ ਸਮੱਸਿਆ ਨੂੰ ਹੱਲ ਕਰਨ ਦੇ ਲਈ ਵਿਕਰੇਤਾ ਗ੍ਰਾਹਕ ਨੂੰ ਕਾਰ ਦੇ ਖਰਾਬ ਹੋ ਜਾਣ ਦੀ ਸਥਿਤੀ ਵਿੱਚ ਭੁਗਤਾਨ ਦੇ ਰੂਪ ਵਿੱਚ ਗ੍ਰਾਹਕ ਨੂੰ ਗਾਰੰਟੀ ਦਿੰਦੇ ਹਨ। ਮੰਨ ਲਓ ਕਿ ਔਸਤ ਇਕ ਮਾੜੀ ਕਾਰ ਦੀ ਮੁਰੰਮਤ ਦੀ ਲਾਗਤ 5,000 ਰੁ. ਹੈ। ਇਸ ਲਈ ਗ੍ਰਾਹਕ 60,000 ਰੁ. −55,000 ਰੁ. ਹਰੇਕ ਕਾਰ ਨੂੰ ਖਰੀਦਦੇ ਸਮੇਂ ਦੇਣ ਨੂੰ ਤਿਆਰ ਹੋਵੇਗਾ। ਪਰ ਜੇਕਰ ਔਸਤ ਮੁਰੰਮਤ ਲਾਗਤ 10,000 ਰੁ. ਹੈ ਤਾਂ ਗ੍ਰਾਹਕ ਕੇਵਲ 60,000 ਰੁ. −10,000 ਰੁ. = 50,000 ਰੁ. ਦੇਣਾ ਚਾਹੇਗਾ। ਪਰ ਇਸ ਕੀਮਤ 'ਤੇ ਕੋਈ ਵੀ ਮਾੜੀ ਕਾਰ ਨਹੀਂ ਵੇਚੀ ਜਾਂਦੀ। ਜਿੱਥੋਂ ਤੱਕ ਚੰਗੀਆਂ ਕਾਰਾਂ ਦਾ ਸਬੰਧ ਹੈ, ਗ੍ਰਾਹਕ ਜਾਣਦੇ ਹਨ ਕਿ ਉਨ੍ਹਾਂ ਦੇ ਵਿਕਰੇਤਾ ਉਚੀਆਂ ਕੀਮਤਾਂ ਲੈਣਗੇ ਅਤੇ ਵਰੰਟੀ ਦੀ ਕੋਈ ਜ਼ਰੂਰਤ ਨਹੀਂ ਹੈਂਦੀ। ਫਿਰ ਵੀ ਇਕ ਚੰਗੀ ਕਾਰ ਦੇ ਵਿਕਰੇਤਾ, ਖਰੀਦਦਾਰ ਨੂੰ ਵਰੰਟੀ (warranty) ਦੇ ਸਕਦੇ ਹਨ। ਇਕ ਵਰੰਟੀ ਵਿਕਰੇਤਾ ਨਾਲ ਕੀਤਾ ਗਿਆ ਲਿਖਤੀ ਭਰੋਸਾ ਹੁੰਦਾ ਹੈ ਕਿ ਕਾਰ ਵਿੱਚ ਇਕ ਨਿਸ਼ਚਿਤ ਸਮੇਂ ਵਿੱਚ ਕੋਈ ਖਰਾਬੀ ਆਉਣ 'ਤੇ ਉਹ ਉਸ ਦੀ ਮੁਰੰਮਤ ਆਪਣੇ ਖਰਚ 'ਤੇ ਕਰਵਾਏਗਾ। ਇਸ ਲਈ ਕਰੇਤਾ ਚੰਗੀਆਂ ਕਾਰਾਂ ਦੇ ਲਈ ਉਚੀ ਕੀਮਤ ਦੇਣ ਦੇ ਲਈ ਤਿਆਰ ਰਹਿੰਦੇ ਏਲ। ਇਹ ਇਕ **ਪ੍ਰਤੱਖਕਾਰੀ ਸੰਤੁਲਨ** (separating equilibrium) ਦਾ ਮਾਮਲਾ ਹੇ ਜੋ ਮਾੜੀਆਂ ਅਤੇ ਚੰਗੀਆਂ ਕਾਰਾਂ ਦੇ ਬਾਜ਼ਾਰ ਨੂੰ ਅਲੱਗ ਕਰਦਾ ਹੈ।

ਕੀ ਤੁਸੀਂ ਜਾਣਦੇ ਹੋ	ਇਕ ਗਰੀਬ ਕ੍ਰੇਤਾ ਜਿਸ ਦੀ ਖੋਜ ਕੀਮਤ ਲਾਗਤ ਅਤੇ ਸੁਰੱਖਿਅਤ ਕੀਮਤ ਘੱਟ ਹੁੰਦੀ ਹੈ, ਉਸ ਦੀ ਤੁਲਨਾ ਵਿੱਚ ਘੱਟ ਦੁਕਾਨਾਂ ਵਿੱਚ ਜਾਵੇਗਾ।

ਨੈਤਿਕ ਡਰ (Moral Hazard)

ਅਸਲ ਵਿੱਚ ਬਹੁਤ ਘੱਟ ਚੰਗੀਆਂ ਕਾਰਾਂ ਦੇ ਮਾਲਕ ਉਨ੍ਹਾਂ ਨੂੰ ਵੇਚਦੇ ਸਮੇਂ ਵਿਸਥਾਰ ਵਰੰਟੀ ਦੇਣਾ ਚਾਹੁੰਦੇ ਹਨ। ਇਸ ਦੇ ਦੋ ਕਾਰਨ ਹਨ-**ਪਹਿਲਾ**, ਨੈਤਿਕ ਡਰ ਦੀ ਸਮੱਸਿਆ ਹੈ। ਨੈਤਿਕ ਡਰ ਉਦੋਂ ਹੁੰਦਾ ਹੈ ਜਦੋਂ ਖਰੀਦਦਾਰ ਆਪਣੇ ਵਿਵਹਾਰ ਦੀ ਲਾਗਤ ਕਾਰ ਦੇ ਵਿਕਰੇਤਾ ਨਾਲ ਲੈਣਾ ਚਾਹੀਦਾ ਹੈ। ਜਦੋਂ ਇਕ ਵਿਕਰੇਤਾ ਕਾਰ ਇਕ ਵਰੰਟੀ ਦੇ ਨਾਲ ਵੇਚਦਾ ਹੈ ਤਾਂ ਨਵਾਂ ਮਾਲਕ ਕਾਰ ਨੂੰ ਲਾਪ੍ਰਵਾਹੀ ਨਾਲ ਚਲਾ ਸਕਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਸਾਰੀਆਂ ਮੁਰੰਮਤਾਂ ਦੀ ਕੀਮਤ ਵਿਕਰੇਤਾ ਨੂੰ ਦੇਣੀ ਹੋਵੇਗੀ। ਇਸੇ ਕਾਰਨ ਕੋਈ ਵਿਕਰੇਤਾ ਕਿਸੇ ਤਰ੍ਹਾਂ ਦੀ ਗਰੰਟੀ ਦੇਣ ਨੂੰ ਤਿਆਰ ਨਹੀਂ ਹੁੰਦਾ।

ਦੂਸਰਾ, ਗਰੰਟੀ ਨੂੰ ਲਾਗੂ ਕਰਨ ਦੀ ਸਮੱਸਿਆ ਹੈ। ਵਰੰਟੀ ਲੈਣ ਦੇ ਬਾਅਦ ਖਰੀਦਦਾਰ ਨੂੰ ਵਿਕਰੇਤਾ ਅਸਾਨੀ ਨਾਲ ਨਹੀਂ ਮਿਲ ਸਕਦਾ ਅਤੇ ਆਪਣੇ ਸੁਧਾਰ ਕੰਮ ਦਾ ਬਿੱਲ ਵਸੂਲ ਨਹੀਂ ਸਕਦਾ। ਵਿਕਰੇਤਾ ਇਸ ਅਧਾਰ 'ਤੇ ਪੈਸਾ ਦੇਣ ਤੋਂ ਮਨ੍ਹਾ ਕਰ ਸਕਦਾ ਹੈ ਕਿ ਗ੍ਰਾਹਕ ਨੇ ਕਾਰ ਦੀ ਚੰਗੀ ਦੇਖਭਾਲ ਨਹੀਂ ਕੀਤੀ।

ਇਸ ਤਰ੍ਹਾਂ ਨੈਤਿਕ ਡਰ ਅਤੇ ਵਰੰਟੀ ਲਾਗੂ ਕਰਨ ਦੀ ਸਮੱਸਿਆ ਚੰਗੀਆਂ ਕਾਰਾਂ ਅਤੇ ਮਾੜੀਆਂ ਕਾਰਾਂ ਦੇ ਪ੍ਰਤੱਖਕਾਰੀ ਸੰਤੁਲਨ ਹੋਣ ਨੂੰ ਰੋਕਦੇ ਹਨ। ਇਹੀ ਕਾਰਨ ਹੈ ਕਿ ਉਹ ਇਕ ਹੀ ਬਾਜ਼ਾਰ ਵਿੱਚ ਇੱਕਠੀਆਂ ਹੁੰਦੀਆਂ ਹਨ।

ਨੋਟ

ਬਾਜ਼ਾਰ ਸੰਕੇਤਨ (Market Signalling)

ਪ੍ਰਤੀਕੂਲ ਚੋਣ ਅਤੇ ਨੈਤਿਕ ਡਰ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਲਈ **ਮਾਈਕਲ ਸਪੇਨਸ** (Micheal Spence), ਇਕ ਨੋਬਲ ਅਰਥਸ਼ਾਸਤਰੀ ਨੇ ਬਾਜ਼ਾਰ ਸੰਕੇਤਨ ਦਾ ਸੁਝਾਅ ਦਿੱਤਾ। ਉਸ ਨੇ ਦਿਖਾਇਆ ਕਿ ਜਦੋਂ ਸੂਚਨਾ ਅਪੂਰਨ ਹੁੰਦੀ ਹੈ ''ਸੰਕੇਤਨ'' ਰੋਜ਼ਗਾਰ ਬਾਜ਼ਾਰ (Job market) ਵਿੱਚ ਵਿਅਕਤੀਆਂ ਦੀਆਂ ਵਿਸ਼ੇਸ਼ਤਾਵਾਂ ਦੇ ਬਾਰੇ ਸੂਚਨਾ ਪੈਦਾ ਕਰਦਾ ਹੈ। ਮੂਲ ਵਿਚਾਰ ਇਹ ਹੈ ਕਿ ਪ੍ਰਾਰਥੀ (applicants) ਇਕ ਵਿਸ਼ੇਸ਼ ਰੋਜ਼ਗਾਰ ਦੇ ਲਈ ਆਪਣੀਆਂ ਯੋਗਤਾਵਾਂ ਦੀ ਸੂਚਨਾ ਦੇਣ ਦੇ ਲਈ ਨਿਯੋਕਤਾ (employer) ਨੂੰ ਸੰਕੇਤ ਭੇਜਦਾ ਹੈ। ਸਪੇਨਸ ਦੇ ਵਿਚਾਰ ਅਨੁਸਾਰ ਇਕ ਸੰਕੇਤ ਸਿੱਖਿਆ ਨਾਲ ਦਿੱਤਾ ਜਾਂਦਾ ਹੈ ਅਤੇ ਉਪਾਧੀ (degree) ਨੂੰ ਨਿਯੋਕਤਾ ਮੂਲ ਯੋਗਤਾਵਾਂ ਦਾ ਇਕ ਟੈਸਟ ਮੰਨਦੇ ਹਨ। ਸਿੱਖਿਆ ਦੇ ਉਹ ਪੱਧਰ ਵਾਲੇ ਪ੍ਰਾਰਥੀਆਂ ਨੂੰ ਉਹ ਜ਼ਿਆਦਾ ਉਤਪਾਦਨ ਮੰਨਦੇ ਹਨ ਅਤੇ ਉਨ੍ਹਾਂ ਨੂੰ ਉਚੇ ਵੇਤਨ ਦਿੰਦੇ ਹਨ। ਦੂਸਰੇ ਪਾਸੇ ਜਿਨ੍ਹਾਂ ਦਾ ਸਿੱਖਿਆ ਦਾ ਪੱਧਰ ਹੇਠਾਂ ਹੈ ਉਹ ਘੱਟ ਉਤਪਾਦਨ ਹੁੰਦੇ ਹਨ ਅਤੇ ਉਨ੍ਹਾਂ ਨੂੰ ਘੱਟ ਤਨਖਾਹ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਨਿਯੋਕਤਾ ਸਿੱਖਿਆ ਨੂੰ ਉਤਪਾਦਕਤਾ ਦਾ ਸੰਕੇਤ ਮੰਨਦੇ ਹਨ। ਸੰਕੇਤਨ ਦੀ ਵਿਆਖਿਆ ਕਰਨ ਦੇ ਲਈ ਸਪੇਨਸ ਨੇ ਰੋਜ਼ਗਾਰ ਬਾਜ਼ਾਰ ਦਾ ਇਕ ਮਾਡਲ ਵਿਕਸਿਤ ਕੀਤਾ ਜੋ ਰੋਜ਼ਗਾਰ ਪ੍ਰਾਰਥੀਆਂ ਦੀ ਸਿੱਖਿਆ ਦੇ ਪੱਧਰ 'ਤੇ ਅਧਾਰਿਤ ਹੈ।

ਸਵੈ ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚੋਂ ਸਹੀ/ਗਲਤ ਲੱਭੋ

(State whether the following statements are True/False)–

7. ਸੁਰੱਖਿਅਤ ਕੀਮਤ ਵਿੱਚ ਇਕ ਥੋੜ੍ਹਾ ਪਰਿਵਰਤਨ ਸੰਭਾਵਿਤ ਖਰੀਦ ਕੀਮਤ ਨੂੰ ਘੱਟ ਕਰ ਦਿੰਦਾ ਹੈ।
8. ਸੁਰੱਖਿਅਤ ਕੀਮਤ, ਖੋਜਾਂ ਦੀ ਸੰਖਿਆ ਅਤੇ ਖਰੀਦ ਦੀ ਕੁੱਲ ਲਾਗਤ, ਪ੍ਰਤੀ ਇਕਾਈ ਖੋਜ ਲਾਗਤਾਂ 'ਤੇ ਨਿਰਭਰ ਕਰਦੇ ਹਨ।
9. ਜਦੋਂ ਇਕ ਪੱਖ ਦੇ ਕੋਲ ਦੂਸਰੇ ਤੋਂ ਜ਼ਿਆਦਾ ਸੂਚਨਾ ਉਪਲੱਬਧ ਹੋਵੇ ਤਾਂ ਅਨੁਕੂਲ ਚੋਣ ਦੀ ਸਮੱਸਿਆ ਪੈਦਾ ਹੁੰਦੀ ਹੈ।
10. ਅਰਥਸ਼ਾਸਤਰੀ ਅਤੇ ਆਰਥਿਕ ਵਿਸ਼ਲੇਸ਼ਕਾਂ ਨੇ ਸਟਾਕ ਬਾਜ਼ਾਰ ਵਿੱਚ ਕੀਮਤਾਂ ਦੇ ਵਿਵਹਾਰ ਦਾ ਅਧਿਐਨ ਕੀਤਾ ਹੈ।

ਮਾਨਤਾਵਾਂ (Assumptions)

ਇਹ ਮਾਡਲ ਹੇਠ ਲਿਖੀਆਂ ਮਾਨਤਾਵਾਂ 'ਤੇ ਅਧਾਰਿਤ ਹੈ–

1. ਸਿੱਖਿਆ ਦੇ ਪੱਧਰ ਅਤੇ ਉਤਪਾਦਕਤਾ ਵਿੱਚ ਧਨਾਤਮਕ ਸਹਿ-ਸਬੰਧ ਹੈ।
2. ਕਾਲਜ ਜਾਂ ਸੰਸਥਾ, ਨਿਯੋਕਤਾ ਤੋਂ ਜ਼ਿਆਦਾ ਸਸਤਾ ਕਾਰਜ ਸਮਰੱਥਾ ਦਾ ਟੈਸਟ ਕਰ ਸਕਦੇ ਹਨ।
3. ਜ਼ਿਆਦਾ ਯੋਗਤਾ ਦਾ ਅਰਥ ਹੈ, ਸਿੱਖਿਆ ਦੀ ਘੱਟ ਲਾਗਤ।

ਮਾਡਲ (The Model)

ਇਹ ਮਾਨਤਾਵਾਂ ਹੋਣ 'ਤੇ ਮੰਨ ਲਓ ਕਿ ਇਕ ਨਿਯੋਕਤਾ ਇਕ ਪ੍ਰਤੀਯੋਗੀ ਮਿਹਨਤ ਬਾਜ਼ਾਰ ਵਿੱਚ ਨੌਕਰੀ ਦੇ ਇਛੁੱਕ ਲੋਕਾਂ ਦੇ ਦੋ ਸਮੂੰਹ (group) ਪਾਉਂਦਾ ਹੈ। **ਸਮੂਹ-I** ਘੱਟ ਉਤਪਾਦਕਤਾ ਮਜ਼ਦੂਰ ਹਨ ਜਿਨ੍ਹਾ ਦਾ ਸੀਮਿਤ ਉਤਪਾਦਨ 1 ਹੈ, ਜਿਨ੍ਹਾਂ ਦੇ ਕੋਲ ਕਾਲਜ ਦੀ ਡਿਗਰੀ ਨਹੀਂ ਹੈ ਅਤੇ **ਸਮੂਹ-II** ਜਿਨ੍ਹਾਂ ਦੇ ਕੋਲ ਡਿਗਰੀ ਹੈ ਉਨ੍ਹਾਂ ਦਾ ਸੀਮਿਤ ਉਤਪਾਦਨ 2 ਹੈ ਕਿਉਂਕਿ ਉਨ੍ਹਾਂ ਦੀ ਸਿੱਖਿਆ ਦੇ ਪੱਧਰ ਵਿੱਚ ਅੰਤਰ ਹਨ।

ਸਪੇਨਸਰ ਸਾਲਾਂ ਨੂੰ ਇਕ ਸੰਯੁਕਤ ਸੂਚਕ (Composite index) ਅਤੇ ਸਿੱਖਿਆ ਦੇ ਪੱਧਰ ਨਾਲ ਪਾਉਂਦਾ ਹੈ ਜਿਸ ਨੂੰ Y ਨਾਲ ਦਿਖਾਇਆ ਗਿਆ ਹੈ। **ਸਮੂਹ-I** ਵਿੱਚ ਇਕ ਵਿਅਕਤੀ ਦੀ ਸਿੱਖਿਆ ਦੀ ਲਾਗਤ Y ਹੇ ਅਤੇ **ਸਮੂਹ-II** ਵਿੱਚ Y/2 ਹੈ। ਇਸ ਦਾ ਅਰਥ ਹੈ ਕਿ ਘੱਟ-ਉਤਪਾਦਕਤਾ ਸਮੂਹ ਦੀ ਸਿੱਖਿਆ ਦੀ ਲਾਗਤ ਜ਼ਿਆਦਾ-ਉਤਪਾਦਕ ਸਮੂਹ ਦੀ ਸਿੱਖਿਆ ਦੀ ਲਾਗਤ ਤੋਂ ਜ਼ਿਆਦਾ ਹੈ। ਮੰਨ ਲਓ C_1 =Y **ਸਮੂਹ -I** ਦੀ ਸਿੱਖਿਆ ਦੀ ਲਾਗਤ ਹੈ ਅਤੇ C_2 =Y/2 **ਸਮੂਹ-II** ਦੀ ਸਿੱਖਿਆ ਦੀ ਲਾਗਤ ਹੈ। ਜੇਕਰ C_1Y ਰੁ. 60,000 ਹੈ ਤਾਂ C_2 =Y/2 ਰੁ. 30,000। ਹੁਣ ਮੰਨ ਲਓ ਕਿ ਨਿਯੋਕਤਾ ਸਮੂੰਹ -I ਦੇ ਵਿਅਕਤੀਆਂ ਨੂੰ ਉਨ੍ਹਾਂ ਦੇ ਮਜ਼ਦੂਰ ਜੀਵਨ ਸਮੇਂ ਦੇ ਲਈ ਰੋਜ਼ਗਾਰ ਦੇ ਕੇ ਸੰਭਾਵਨਾ ਉਤਪਾਦਕਤਾ (ਜਾਂ ਆਮਦਨ) 50,000 ਰੁ. ਅਤੇ ਸਮੂਹ-II ਦੇ ਵਿਅਕਤੀਆਂ ਤੋਂ 1,00,000 ਰੁ. ਉਤਪਾਦਕਤਾ ਨਿਰਧਾਰਿਤ ਕਰਦਾ ਹੈ। ਦੋਨੋਂ ਤਰ੍ਹਾ ਦੇ ਰੋਜ਼ਗਾਰ ਦੇ ਇਛੁੱਕ ਲੋਕਾਂ ਦੀ ਪਹਿਚਾਣ ਕਰਕੇ ਨਿਯੋਕਤਾ ਮਜ਼ਦੂਰੀ ਅਨੁਸੂਚੀ (wage schedule) w(Y) ਦਾ w_1 d = 50,000 ਰੁ. ਅਤੇ ਸਮੂਹ-I ਦੇ ਲਈ ਅਤੇ w_2 1,00,000 ਰੁ. ਸਮੂਹ -II ਦੇ ਲਈ ਉਨ੍ਹਾਂ ਦੇ ਜੀਵਨ ਦੇ ਲਈ ਪ੍ਰਸਤਾਵਿਤ ਕਰਦਾ ਹੈ।

ਨੋਟ

ਸਿੱਖਿਆ ਦਾ ਪੱਧਰ ਕੇਵਲ ਇਕ ਸੰਕੇਤ (signalling) ਜਾਂ ਛਟਨੀ (screening) ਦੀ ਪ੍ਰਕਿਰਿਆ ਹੈ ਜੋ ਭਾਵੀ ਨਿਯੋਜਕਤਾ ਨਾਲ ਦੋਨਾਂ ਸਮੂਹਾਂ ਦੇ ਲੋਕਾਂ ਦੇ ਲਈ ਰੋਜ਼ਗਾਰ ਪ੍ਰਸਤਾਵਿਤ ਕਰਨ ਦੇ ਲਈ ਪ੍ਰਯੁਕਤ ਕੀਤੀ ਜਾਂਦੀ ਹੈ। ਅਸਲ ਵਿੱਚ ਸਿੱਖਿਆ ਦਾ ਪੱਧਰ ਦੋਨੋਂ ਸਮੂਹਾਂ ਵਿੱਚ ਵਕ੍ਰਾਂ ਦੀ ਉਤਪਾਦਕਤਾ ਨਾਪਣ ਦੇ ਲਈ ਇਕ ਸੰਕੇਤ ਦੇ ਰੂਪ ਵਿੱਚ ਪ੍ਰਯੁਕਤ ਕੀਤਾ ਜਾਂਦਾ ਹੈ।

ਸਪੇਂਸ ਦੇ ਅਨੁਸਾਰ ਸੰਤੁਲਨ ਉਪਲੱਬਧ ਬਾਜ਼ਾਰ ਅੰਕੜਿਆਂ ਦੇ ਰੂਪ ਵਿੱਚ ਹੋਵੇਗਾ। ਉਪਰੋਕਤ ਬਾਜ਼ਾਰ ਅੰਕੜਿਆਂ ਦੇ ਅਧਾਰ 'ਤੇ ਸੰਕੇਤ ਸੰਤੁਲਨ ਦੀ ਵਿਆਖਿਆ ਹੇਠਾਂ ਕੀਤੀ ਗਈ ਹੈ।

ਮੰਨ ਲਓ ਕਿ ਨਿਯੋਕਤਾ ਫੈਸਲਾ ਲੈਂਦਾ ਹੈ ਕਿ ਇਕ $\bar{y}$ ਤੋਂ **ਘੱਟ** ਸਿੱਖਿਆ ਪੱਧਰ ਵਾਲੇ ਵਿਅਕਤੀ ਸਮੂਹ-I ਨਾਲ ਸਬੰਧਿਤ ਹੈ ਅਤੇ $\bar{y}$ ਪੱਧਰ ਜਾਂ ਉਸ ਤੋਂ ਜ਼ਿਆਦਾ ਸਿੱਖਿਆ ਵਾਲੇ ਵਿਅਕਤੀ ਸਮੂਹ II ਪੱਧਰ ਜਾਂ ਉਸ ਤੋਂ ਜ਼ਿਆਦਾ ਸਿੱਖਿਆ ਵਾਲੇ ਵਿਅਕਤੀ ਸਮੂਹ-II ਨਾਲ ਸਬੰਧਿਤ ਹੈ। ਸਿੱਖਿਆ ਦਾ Y ਪੱਧਰ ਨਿਯੋਕਤਾ ਵੱਲੋਂ ਮਨਮਰਜ਼ੀ ਚੁਣਿਆ ਗਿਆ ਹੈ।

ਇਕ ਦਿੱਤੀ ਗਈ ਮਜ਼ਦੂਰੀ ਅਨੁਸੂਚੀ w (y) ਅਤੇ ਸਿੱਖਿਆ ਦੀ ਲਾਗਤ (c=y) ਦੇ ਲਈ, ਇਕ ਨੌਕਰੀ ਦੇ ਇਛੁੱਕ ਵਿਅਕਤੀ ਦੇ ਲਈ ਸਿੱਖਿਆ ਦੀ ਅਨੁਕੂਲ ਚੋਣ, ਸਿੱਖਿ ਆਦਾ ਉਹ ਮੁੱਲ y ਪੱਧਰ ਹੈ, ਜਿਸ 'ਤੇ ਪ੍ਰਸਤਾਵਿਤ ਮਜ਼ਦੂਰੀ ਅਤੇ ਸਿੱਖਿਆ ਦੀ ਲਾਗਤ ਵਿੱਚ ਅੰਤਰ ਜ਼ਿਆਦਾ ਹੈ।

ਇਹ ਨਿਸ਼ਚਿਤ ਕਰਨ ਲਈ ਕਿ ਕੀ ਕਾਲਜ ਦੀ ਡਿਗਰੀ ਪ੍ਰਾਪਤ ਕਰਨੀ ਚਾਹੀਦੀ ਹੈ, ਰੋਜ਼ਗਾਰ ਦੇ ਇਛੁੱਕ ਸਿੱਖਿਆ ਨਾਲ ਪ੍ਰਾਪਤੀ (ਜਾਂ ਲਾਭ) ਅਤੇ ਇਸ ਦੀ ਲਾਗਤ ਦੀ ਤੁਲਨਾ ਕਰਦੇ ਹਨ। ਇਕ ਡਿਗਰੀ ਲੈਣ ਦੀ ਪ੍ਰਾਪਤੀ 50,000 ਰੁ. (– ਰੁ. 1,00,000–50,000) ਹੈ। ਇਹ ਨਿਯੋਜਕਤਾ ਵੱਲੋਂ ਦੋ ਸਮੂਹਾਂ ਲਈ ਪ੍ਰਸਤਾਵਿਤ ਮਜ਼ਦੂਰੀ ਦਾ ਅੰਤਰ ਹੈ। (w_2-w_1 = ਰੁ. 10,00,000–ਰੁ. 50,000)। ਇਕ ਸਮੂਹ -I ਦੇ ਲਈ ਸਿੱਖਿਆ ਦੀ ਲਾਗਤ C_1=y = 60,000 ਰੁ. ਹੈ ਅਤੇ ਸਮੂਹ -II ਦੇ ਲਈ C_2=y/2 = 30,000 ਰੁ. ਹੈ।

ਸਮੂਹ -II ਦੀ ਸਿੱਖਿਆ ਤੋਂ ਪ੍ਰਾਪਤੀ, ਸਿੱਖਿਆ ਦੀ ਲਾਗਤ ਤੋਂ ਜ਼ਿਆਦਾ ਹੈ। 50,000 ਰੁ. > 30,000 ਰੁ. ਅਤੇ ਸਮੂਹ ਵਿੱਚ ਰੋਜ਼ਗਾਰ ਦੇ ਸਾਰੇ ਇਛੁੱਕ ਕਸ਼ੈਤਿਜ ਪੱਧਰ $\bar{y}$ ਪ੍ਰਾਪਤ ਕਰਨਗੇ, ਜਦੋਂ ਤੱਕ $\bar{y}$ < 1.6

ਸਮੂਹ I ਦੇ ਲਈ ਸਿੱਖਿਆ ਦੀ ਲਾਗਤ ਉਸ ਦੀ ਪ੍ਰਾਪਤੀ ਤੋਂ ਜ਼ਿਆਦਾ ਹੈ– 60,000 ਰੁ. > 50,000 ਰੁ.। ਇਸ ਸਮੂਹ ਦੇ ਸਾਰੇ ਰੋਜ਼ਗਾਰ ਦੇ ਇਛੁੱਕ ਕਸ਼ੈਤਿਕ ਪੱਧਰ $\bar{y}$ ਪ੍ਰਾਪਤ ਕਰ ਲੈਣਗੇ, ਜਦੋਂ ਤੱਕ $\bar{y}$ > 0.8।

ਇਹ ਸਾਨੂੰ ਸੰਤੁਲਨ ਸਥਿਤੀ ਵੱਲ ਲਿਜਾਂਦਾ ਹੈ, ਜਦੋਂ ਤੱਕ 0.8 ਅਤੇ 1.6 ਦੇ ਵਿਚਕਾਰ ਹੁੰਦਾ ਹੈ।

ਮੰਨ ਲਓ ਕਿ ਭਾਵੀ ਨਿਯੋਕਤਾ ਭਰਤੀ ਦੇ ਲਈ ਸਿੱਖਿਆ ਦਾ ਪੱਧਰ $\bar{y}$ 1.2 ਨਿਸ਼ਚਿਤ ਕਰਦਾ ਹੈ, ਕਿਉਂਕਿ I ਦੇ ਰੋਜ਼ਗਾਰ ਇਛੁੱਕਾਂ ਦੀ ਸਿੱਖਿਆ ਦਾ ਪੱਧਰ $\bar{y}$ ਹ(= 0.8) ਤੋਂ ਘੱਟ ਹੈ ਅਤੇ ਉਹ ਡਿਗਰੀ ਧਾਰਕ ਨਹੀਂ ਹੈ, ਨਿਯੋਜਕਤਾ ਇਸ ਘੱਟ ਉਤਪਾਦਕਤਾ ਸਮੂਹ ਨੂੰ ਮਜ਼ਦੂਰੀ ਦੇ ਰੂਪ ਵਿੱਚ 50,000 ਰੁ. ਪ੍ਰਸਤਾਵਿਤ ਕਰਦਾ ਹੈ। ਸਮੂਹ -I ਦੇ ਲਈ ਇਸ਼ਟਤਮ ਵਿਕਲਪ ਜਾਂ ਤਾਂ ਸਿੱਖਿਆ ਗ੍ਰਹਿਣ ਨਾ ਕਰਨਾ, y=0 ਹੈ ਜਾਂ ਠੀਕ $\bar{y}$ ਸਿੱਖਿਆ ਲੈਣਾ ਹੈ ਉਹ $\bar{y}$ ਨੂੰ ਨਹੀਂ ਚੁਣ ਸਕਦੇ, ਕਿਉਂਕਿ ਸਿੱਖਿਆ ਦੀ ਲਾਗਤ (60,000 ਰੁ.) ਉਨ੍ਹਾਂ ਦੀ ਆਮਦਨੀ ਵਿੱਚ ਵਾਧੇ (50,000) ਤੋਂ ਜ਼ਿਆਦਾ ਹੈ, ਜੇਕਰ ਉਹ ਡਿਗਰੀ ਲੈਂਦੇ ਹਨ ਅਤੇ ਉਹ ਕੋਈ ਡਿਗਰੀ ਨਹੀਂ ਲੈਣਗੇ ਸਮੂਹ -II ਦੇ ਰੋਜ਼ਗਾਰ ਇਛੁੱਕ ਸਿੱਖਿਆ ਪੱਧਰ $\bar{y}$ = 1.2 ਪ੍ਰਾਪਤ ਕਰਨਗੇ, ਕਿਉਂਕਿ ਉਨ੍ਹਾਂ ਦੀ ਆਮਦਨੀ ਵਿੱਚ ਵਾਧਾ, ਸਿੱਖਿਆ ਦੀ ਲਾਗਤ (30,000 ਰੁ.) ਤੋਂ ਜ਼ਿਆਦਾ ਹੈ।

ਅਤੇ ਰੋਜ਼ਗਾਰ ਵਿੱਚ ਸੰਤੁਲਨ ਸਥਾਪਿਤ ਹੋ ਜਾਂਦਾ ਹੈ। ਜਦੋਂ ਸਮੂਹ -I ਦਾ ਹਰੇਕ ਜ਼ੀਰੋ ਸਿੱਖਿਆ ਪੱਧਰ ($\bar{y}$ = 0) ਚੁਣ ਲੈਂਦਾ ਹੈ ਅਤੇ ਸਮੂਹ -II ਦਾ ਹਰੇਕ ਸਿੱਖਿਆ ਪੱਧਰ $\bar{y}$ ਚੁਣਦਾ ਹੈ, ਸਿੱਖਿਆ ਪੱਧਰ $\bar{y}$ ਦੋਵਾਂ ਸਮੂਹਾਂ ਦੀ ਹੇਠਲੀ ਅਤੇ ਉਚ ਉਤਪਾਦਕਤਾਵਾਂ ਦੇ ਵਿਅਕਤੀਆਂ ਦਾ ਸੰਕੇਤ ਹੈ।

ਚਿੱਤਰ 30.2 (A) ਅਤੇ (B) ਕ੍ਰਮ ਅਨੁਸਾਰ ਦੋਵਾਂ ਸਮੂਹਾਂ ਦੇ ਸੰਕੇਤ ਦੀ ਵਿਆਖਿਆ ਕਰਦੇ ਹਨ। ਅਨੁਲੰਬ ਅਕਸ਼ w_1= 50,000 ਰੁ. ਅਤੇ w_2 = 1,00,000 ਰੁ. ਪ੍ਰਸਤਾਵਿਤ ਮਜ਼ਦੂਰੀ ਅਨੁਸੂਚੀ ਨੂੰ ਨਾਪਦਾ ਹੈ। ਕਸ਼ੈਤਿਕ ਅਕਸ਼ ਸਿੱਖਿਆ ਦਾ ਪੱਧਰ y ਦਿਖਾਉਂਦਾ ਹੈ। C_1 = y_1 ਸਮੂਹ -I ਦਾ ਸਿੱਖਿਆ ਦਾ ਲਾਗਤ ਵਕ੍ਰ ਹੈ ਅਤੇ C_2=y, ਸਮੂਹ -II ਦਾ ਸਿੱਖਿਆ ਦਾ ਲਾਗਤ ਵਕ੍ਰ ਹੈ। C_1 ਅਤੇ C_2 ਦਿੱਤੇ ਹੋਣ 'ਤੇ, ਮਜ਼ਦੂਰੀ ਅਨੁਸੂਚੀ ਸਮੂਹ -I ਨੂੰ $\bar{y}$ = 1.2 ਤੋਂ ਘੱਟ ਸਿੱਖਿਆ ਪੱਧਰ ਤੋਂ ਸੰਤੁਸ਼ਟ ਹੋਣ ਦਾ ਉਤਸ਼ਾਹ ਦਿੰਦੀ ਹੈ, ਕਿਉਂਕਿ C_1 > w_1। ਅਤੇ ਉਨ੍ਹਾਂ ਦੇ ਲਈ ਇਸ਼ਟਤਮ ਚੋਣ ਡਿਗਰੀ ਨਾ ਲੈਣਾ ਹੈ, ਜਿਸ ਦਾ ਭਾਵ ਹੈ $\bar{y}$ = 0 ਜਿਸ ਤੋਂ ਚਿੱਤਰ ਦਾ ਪੈਨਲ (A) ਦਿਖਾਉਂਦਾ ਹੈ। ਪੈਨਲ (B) ਸਮੂਹ -II ਦੇ ਲਈ ਇਸ਼ਟਤਮ ਚੋਣ ਦਿਖਾਉਂਦਾ ਹੈ ਜੋ ਸਿੱਖਿਆ ਦਾ ਪੱਧਰ $\bar{y}$ = 1.2 ਪ੍ਰਾਪਤ ਕਰਦਾ ਹੈ ਅਤੇ ਜਿਸ ਨੂੰ ਮਜ਼ਦੂਰੀ w_1 = 50,000 ਰੁ. ਦੀ ਜਗ੍ਹਾ 'ਤੇ 1,00,000 ਰੁ. ਪ੍ਰਸਤਾਵਿਤ ਕੀਤੀ ਜਾਂਦੀ ਹੈ।

30.3 ਦਕਸ਼ ਬਾਜ਼ਾਰ ਦੀ ਕਲਪਨਾ (The Efficient Market Hypothesis)

ਅਰਥ ਸ਼ਾਸਤਰੀ ਅਤੇ ਆਰਥਿਕ ਵਿਸ਼ਲੇਸ਼ਕਾਂ ਨੇ ਸਟਾਕ ਬਾਜ਼ਾਰ (stock market) ਵਿੱਚ ਕੀਮਤਾਂ ਦੇ ਵਿਵਹਾਰ ਦਾ ਅਧਿਐਨ ਕੀਤਾ ਹੈ। ਇਸ ਨਾਲ ਸਟਾਕ ਕੀਮਤਾਂ ਦੇ ਆਰਥਿਕ ਸਿਧਾਂਤ ਵਿਕਸਿਤ ਹੋਏ ਹਨ, ਜਿਨ੍ਹਾਂ ਦਾ ਦਕਸ਼ ਬਾਜ਼ਾਰ ਕਲਪਨਾ (EMH) ਦੇ ਅਧੀਨ ਸਮੂਹਨ ਕੀਤਾ ਗਿਆ ਹੈ।

ਨੋਟ



ਚਿੱਤਰ 30.2

ਟਾਸਕ ਅਸੰਮਤੀ ਸੂਚਨਾ ਦੇ ਸਿਧਾਂਤ 'ਤੇ ਆਪਣੇ ਵਿਚਾਰ ਪ੍ਰਗਟ ਕਰੋ।

ਅਰਥ (Meaning)

ਦਕਸ਼ ਬਾਜ਼ਾਰ ਦੀ ਕਲਪਨਾ ਦੱਸਦੀ ਹੈ ਕਿ ਦਕਸ਼ ਬਾਜ਼ਾਰ ਉਹ ਬਾਜ਼ਾਰ ਹੈ, ਜਿਸ ਵਿੱਚ ਸਟਾਕ (ਸ਼ੇਅਰ ਜਾਂ ਪ੍ਰਤੀਭੂਤੀ) ਕੀਮਤਾਂ ਨਵੀਂ ਸੂਚਨਾ ਦੇ ਅਨੁਸਾਰ ਤੇਜ਼ੀ ਨਾਲ ਸਮਾਯੋਜਿਤ ਹੁੰਦੀਆਂ ਹਨ ਅਤੇ ਉਨ੍ਹਾਂ ਦੀਆਂ ਵਰਤਮਾਨ ਕੀਮਤਾਂ ਸਾਰੀ ਉਪਲੱਬਧ ਸੂਚਨਾ ਨੂੰ ਪ੍ਰਤੀਬੰਧਿਤ ਕਰਦੀਆਂ ਹਨ।

EMH ਨੂੰ ਸੂਚਨਾਤਮਕ ਰੂਪ ਵਿੱਚ ਦਕਸ਼ ਬਾਜ਼ਾਰ ਵੀ ਕਹਿੰਦੇ ਹਨ ਜੋ ਇਹ ਨਾਪ ਕਰਦਾ ਹੈ ਕਿ ਕਿੰਨੀ ਤੇਜ਼ੀ ਅਤੇ ਸਹੀ ਢੰਗ ਨਾਲ ਬਾਜ਼ਾਰ ਨਵੀਂ ਸੂਚਨਾ 'ਤੇ ਪ੍ਰਤੀਕਿਰਿਆ ਕਰਦਾ ਹੈ ਜੋ ਕਿ ਜਲਦੀ ਹੀ ਸ਼ੇਅਰਾਂ ਕੀਮਤਾਂ ਵਿੱਚ ਸ਼ਾਮਿਲ ਹੋ ਜਾਂਦੀਆਂ ਹਨ। ਨਵੀਂ ਸੂਚਨਾ, ਪੂੰਜੀ ਬਾਜ਼ਾਰ ਵਿੱਚ ਕੰਪਨੀ ਦੀਆਂ ਘੋਸ਼ਣਾਵਾਂ, ਰਿਪੋਰਟਾਂ, ਆਰਥਿਕ ਸਰਵੇਖਣਾਂ ਅਤੇ ਭਵਿੱਖਵਾਣੀਆਂ, ਰਾਜਨੀਤਿਕ ਕਥਨਾਂ, ਅੰਤਰਰਾਸ਼ਟਰੀ ਘਟਨਾਵਾਂ ਜਿਵੇਂ ਯੁੱਧ, ਸੰਕਟ ਆਦਿ ਦੇ ਰੂਪ ਵਿੱਚ ਲਗਾਤਾਰ ਪ੍ਰਵੇਸ਼ ਕਰਦੀ ਹੈ। ਅਜਿਹੀ ਸਾਰੀ ਸੂਚਨਾ ਸ਼ੇਅਰਾਂ ਦੀਆਂ ਵਰਤਮਾਨ ਕੀਮਤਾਂ ਵਿੱਚ ਪ੍ਰਤੀਬੰਧਿਤ ਹੁੰਦੀਆਂ ਹਨ। ਉਦਾਹਰਣ ਦੇ ਤੌਰ 'ਤੇ ਸਾਲ 2002 ਦੇ ਅਖੀਰਲੇ ਮਹੀਨਿਆਂ ਵਿੱਚ ਆਂਧਰਾ ਤੱਟ ਦੇ ਨੇੜੇ ਰਿਲਾਇੰਸ ਉਦਯੋਗ ਨੇ ਤੇਲ ਲੱਭਿਆ ਸੀ। ਇਹ ਸੂਚਨਾ ਤੁਰੰਤ ਇਸ ਦੀ ਸ਼ੇਅਰ ਕੀਮਤ ਵਿੱਚ ਪ੍ਰਤੀਬੰਧਿਤ ਹੋਈ ਸੀ ਜੋ ਕਿ ਉਸੇ ਦਿਨ ਵੱਧ ਗਈ ਸੀ। ਇਸੇ ਤਰ੍ਹਾਂ ਖਾੜੀ ਯੁੱਧ ਦੇ ਸ਼ੱਕ ਦੀ ਖ਼ਬਰ ਨੇ ਹਮੇਸ਼ਾ ਤੇਜ਼ੀ ਨਾਲ ਤੇਲ ਕੰਪਨੀਆਂ ਦੀਆਂ ਸ਼ੇਅਰ ਕੀਮਤਾਂ ਨੂੰ ਪੂਰੇ ਵਿਸ਼ਵ ਵਿੱਚ ਉਪਰ ਵੱਲ ਵਧਾਇਆ ਹੈ, ਕਿਉਂਕਿ ਤੇਲ ਦੀ ਕਮੀ ਦੀ ਸੰਭਾਵਨਾ ਹੁੰਦੀ ਹੈ।

ਇਸ ਦੀਆਂ ਮਾਨਤਾਵਾਂ (Its Assumptions)

EMH ਹੇਠ ਲਿਖੀਆਂ ਮਾਨਤਾਵਾਂ 'ਤੇ ਅਧਾਰਿਤ ਹੈ–

1. ਬਾਜ਼ਾਰ ਵਿੱਚ ਬਹੁਤ ਸਾਰੇ ਹਿੱਸੇਦਾਰ ਹਨ, ਉਹ ਇਕ-ਦੂਸਰੇ ਨਾਲ ਸੁਤੰਤਰ ਸਟਾਕ ਦਾ ਵਿਸ਼ਲੇਸ਼ਣ ਅਤੇ ਮੁਲਾਂਕਣ ਕਰਦੇ ਹਨ।
2. ਸਟਾਕ ਦੇ ਵਿਸ਼ੇ ਵਿੱਚ ਪੂੰਜੀ ਬਾਜ਼ਾਰ ਵਿੱਚ ਨਵੀਂ ਸੂਚਨਾ ਆਕਸਮਿਕ ਰੂਪ ਵਿੱਚ ਆਉਂਦੀ ਹੈ ਅਤੇ ਹਰੇਕ ਸੂਚਨਾ, ਹੋਰ ਸੂਚਨਾਵਾਂ ਤੋਂ ਸੁਤੰਤਰ ਹੁੰਦੀਆਂ ਹਨ।
3. ਬਾਜ਼ਾਰ ਵਿੱਚ ਹਿੱਸੇਦਾਰ (ਵਿਕਰੇਤਾ ਅਤੇ ਖਰੀਦਦਾਰ) ਨਵੀਂ ਸੂਚਨਾ ਦੇ ਅਨੁਸਾਰ ਸਟਾਕ ਕੀਮਤਾਂ ਨੂੰ ਤੇਜ਼ੀ ਨਾਲ ਸਮਾਯੋਜਿਤ ਕਰਦੇ ਹਨ।

4. ਪ੍ਰਚੱਲਿਤ ਸਟਾਕ ਕੀਮਤਾਂ ਤੁਰੰਤ ਉਪਲੱਬਧ ਸੂਚਨਾ ਨੂੰ ਪ੍ਰਤੀਬੰਧਿਤ ਕਰਦੀਆਂ ਹਨ। ਨੋਟ

5. ਪ੍ਰਚੱਲਿਤ ਕੀਮਤਾਂ ਵਿੱਚ ਪਾਈਆਂ ਜਾਣ ਵਾਲੀਆਂ ਸੰਭਾਵਿਤ ਪ੍ਰਾਪਤੀਆਂ (returns) ਇਸ ਦੇ ਖਤਰੇ ਨੂੰ ਪ੍ਰਤੀਬੰਧਿਤ ਕਦੀਆਂ ਹਨ।

30.4 ਸਾਰਾਂਸ਼ (Summary)

- ਇਸ਼ਟਤਮ ਖੋਜ, ਖਰੀਦਦਾਰ ਨੂੰ ਖੋਜ ਨਾਲ ਪ੍ਰਾਪਤ ਸੰਭਾਵਿਤ ਲਾਭ (ਜਾਂ ਪ੍ਰਤੀਫਲ) 'ਤੇ ਵੀ ਨਿਰਭਰ ਕਰਦੀ ਹੈ। ਸੰਭਾਵਿਤ ਲਾਭ ਕੀਮਤ ਵਿੱਚ ਸੰਭਾਵਿਤ (expected) ਕਟੌਤੀ ਹੈ। ਸਧਾਰਣ ਤੌਰ 'ਤੇ ਜੇਕਰ ਖਰੀਦਦਾਰ ਆਪਣੀ ਆਮਦਨ ਦਾ ਵੱਡਾ ਹਿੱਸਾ ਵਿਸ਼ੇਸ਼ ਵਸਤੂ 'ਤੇ ਖਰਚ ਕਰਦਾ ਹੈ ਤਾਂ ਉਸ ਦੀ ਖੋਜ ਨਾਲ ਸੰਭਾਵਿਤ ਲਾਭ ਜ਼ਿਆਦਾ ਹੋਵੇਗਾ। ਉਹ ਖੋਜ ਵਿੱਚ ਜ਼ਿਆਦਾ ਸਮੇਂ ਲਗਾਏਗਾ।

30.5 ਸ਼ਬਦਕੋਸ਼ (Keywords)

1. **ਸੰਭਵਤਾ** (Probability)- ਸੰਭਾਵਨਾ।
2. **ਕ੍ਰੇਤਾ** (Buyer)- ਖਰੀਦਦਾਰ।
3. **ਅਸੰਮਤੀ** (Asymmetric)- ਵਿਸ਼ਮ।

30.6 ਅਭਿਆਸ ਪ੍ਰਸ਼ਨ (Review Questions)

1. ਖੋਜ ਸਿਧਾਂਤ ਤੋਂ ਕੀ ਭਾਵ ਹੈ? ਸਪੱਸ਼ਟ ਕਰੋ।
2. 'ਸੈਲਪ ਦਾ ਮਾਡਲ' 'ਤੇ ਇਕ ਟਿੱਪਣੀ ਲਿਖੋ।
3. ਅਸੰਮਤੀ ਸੂਚਨਾ ਤੋਂ ਤੁਸੀਂ ਕੀ ਸਮਝਦੇ ਹੋ?
4. ਬਾਜ਼ਾਰ ਸੰਕੇਤ ਕੀ ਹੈ? ਸਮਝਾਓ।

ਉਤਰ : ਸਵ ਮੁਲਾਂਕਣ (Answers : Self Assessment)

1. ਸਥਿਰ	2. ਸੂਚਨਾ	3. ਸਮੇਂ
4. (ਅ)	5. (ਬ)	6. (ਬ)
7. ਸਹੀ	8. ਸਹੀ	9. ਗਲਤ
10. ਸਹੀ		

30.7. ਸਬੰਧਿਤ ਪੁਸਤਕਾਂ (Further Readings)

ਬੁਕਸ

1. ਮਾਈਕ੍ਰੋਇਕਨੋਮਿਕਸ ਫ੍ਰੈਂਕ ਕਾਵੇਲ-ਆਕਸਫੋਰਡ ਯੂਨੀਵਰਸਿਟੀ ਪ੍ਰੈਸ, 2007।
2. ਮਾਈਕ੍ਰੋਇਕਨੋਮਿਕਸ-ਰਾਬਰਟ ਐਸ ਪਿੰਡਿਕ, ਡੈਨੀਅਲ ਐਲ ਰੂਬਿਨਫੇਲਡ ਐਂਡ ਪ੍ਰੇਮ ਐਲ. ਮਹਿਤਾ, ਪੀਅਰਸੰਨ ਐਜੂਕੇਸ਼ਨ, 2009, ਪੀ. ਬੀ. ਕੇ., ਸੱਤਵਾਂ ਐਡੀਸ਼ਨ।
3. ਮਾਈਕ੍ਰੋਇਕਨੋਮਿਕਸ-ਡੇਵਿਡ ਬੇਸੈਂਕੋ ਐਂਡ ਰੋਨਾਲਡ ਬਰੂਟੀਗੈਮ, ਵਿਲੇ ਇੰਡੀਆ, 2011, ਪੀ. ਬੀ. ਕੇ., ਚੌਥਾ ਐਡੀਸ਼ਨ

LOVELY PROFESSIONAL UNIVERSITY
Jalandhar-Delhi G.T. Road (NH-1)
Phagwara, Punjab (India)-144411
For Enquiry: +91-1824-300360
Fax.: +91-1824-506111
Email: odl@lpu.co.in